ਜੁਲਾਈ-ਸਤੰਬਰ, 2024

# ਕਹਾਣੀ ਧਾਰਾ

ਅੰਕ:74

80/-



ਸਿਰੋਂ ਹੌਲਾ ਤੇਰੀ ਗੁਰਦੱਸ਼ਣਾ ਦਾ ਭਾਰ ਕਰਦਾ ਹਾਂ, ਮੈਂ ਇਸ ਵਾਰੀ ਅੰਗੂਠਾ ਦੇਣ ਤੋਂ ਇਨਕਾਰ ਕਰਦਾ ਹਾਂ
ਮੇਰੀ ਆਵਾਜ਼ ਨੇ ਪੱਥਰ ਬਣੇ ਪਾਣੀ ਹਿਲਾਏ ਨੇ, ਅਦਾਲਤ ਸਾਮ੍ਹਣੇ ਅਪਣਾ ਗੁਨਾਹ ਸਵੀਕਾਰ ਕਰਦਾ ਹਾਂ

– ਜਗਵਿੰਦਰ ਜੋਧਾ

74 ਕਹਾਣੀ ਧਾਰਾ ਜੁਲਾਈ-ਸਤੰਬਰ, 2024

# ਕਹਾਣੀ ਧਾਰਾ

ਜੁਲਾਈ-ਸਤੰਬਰ, 2024

ਸਾਲ 19 ; ਅੰਕ:74



**ਸੰਪਾਦਕ**

ਭਗਵੰਤ ਰਸੂਲਪੁਰੀ

94170-764350

**ਮੁੱਖ ਸਲਾਹਕਾਰ**

ਡਾ. ਪ੍ਰੇਮ ਮਾਨ

+1(860) 983-5002

email:

premmann@yahoo.com

**ਸਲਾਹਕਾਰ ਬੋਰਡ**

ਡਾ. ਸਰਬਜੀਤ ਸਿੰਘ

ਡਾ. ਮਨਜਿੰਦਰ ਸਿੰਘ

ਡਾ. ਰਵੀ ਰਵਿੰਦਰ

ਡਾ. ਕੁਲਦੀਪ ਸਿੰਘ

ਡਾ. ਸੁਖਪਾਲ ਕੌਰ



e-mail:

kahanidhara@gmail.com

bhagwantrasulpuri@gmail.com

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ :

Editor *KAHANI DHARA*

V. Dharampura, P.O:. Khambra,

Distt. JALANDHAR-144026(Pb.)



ਚੰਦੇ : ਇੱਕ ਅੰਕ 80/- (ਸਧਾਰਨ ਡਾਕ)

100/-(ਰਜਿ. ਡਾਕ), 10 ਅੰਕ 800/-

10 ਅੰਕ : ਡਾਲਰ 150/ ਪੌਂਡ 120


ਤੁਸੀਂ ਚੰਦਾ ਏਥੇ ਵੀ

ਜ਼ਮਾ ਕਰਵਾ ਸਕਦੇ ਹੋ

G Pay

UPI

@94170-64350

ਡਾ. ਪ੍ਰੇਮ ਮਾਨ ਨੇ 'ਕਹਾਣੀ ਧਾਰਾ' ਦਾ ਮੁੱਖ ਸਲਾਹਕਾਰ ਬਣਨ ਦੀ ਸਹਿਮਤੀ ਦਿੱਤੀ ਹੈ। ਪ੍ਰੇਮ ਮਾਨ ਨੇ ਪੰਜਾਬ ਯੂਨੀਵਰਸਿਟੀ ਤੋਂ ਅਰਥ ਸ਼ਾਸਤਰ ਦੀ ਐੱਮ. ਏ. ਕਰ ਕੇ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਵਿਖੇ ਚਾਰ ਸਾਲ ਪੜ੍ਹਾਇਆ। ਫਿਰ ਯੂਨੀਵਰਸਿਟੀ ਆਫ਼ ਮਾਨਚੈਸਟਰ ਅਤੇ ਲੰਡਨ ਸਕੂਲ ਆਫ਼ ਇਕਨਾਮਿਕਸ ਤੋਂ ਪੜ੍ਹਾਈ ਕਰ ਕੇ ਯੂਨੀਵਰਸਿਟੀ ਆਫ਼ ਕੈਲੇਫੋਰਨੀਆ ਲਾਸ ਐਂਜਲਜ਼ ਤੋਂ ਅਰਥ ਸ਼ਾਸਤਰ ਦੀ ਪੀ. ਐੱਚ. ਡੀ. ਕੀਤੀ। ਉਸ ਨੇ ਪੀ. ਐੱਚ. ਡੀ. ਕਰਦਿਆਂ ਛੇ ਸਾਲ ਕੈਲੇਫੋਰਨੀਆ ਸਟੇਟ ਯੂਨੀਵਰਸਿਟੀ ਵਿਚ ਪੜ੍ਹਾਇਆ ਅਤੇ ਫਿਰ ਈਸਟਰਨ ਕਨੈਟੀਕਟ ਸਟੇਟ ਯੂਨੀਵਰਸਿਟੀ ਵਿੱਚ 29 ਸਾਲ ਪੜ੍ਹਾਇਆ। ਆਪਣੇ ਵਿਸ਼ੇ ਵਿਚ ਕਈ ਅੰਗਰੇਜ਼ੀ ਦੀਆਂ ਕਿਤਾਬਾਂ ਲਿਖਣ ਦੇ ਨਾਲ਼-ਨਾਲ਼ ਉਸ ਨੇ ਪੰਜਾਬੀ ਵਿਚ ਕਹਾਣੀਆਂ, ਗ਼ਜ਼ਲਾਂ, ਵਾਰਤਕ ਅਤੇ ਰੇਖਾ ਚਿੱਤਰ ਦੀਆਂ ਕਿਤਾਬਾਂ ਵੀ ਛਪਵਾਈਆਂ। ਉਹ ਦੋ ਸਾਲ ਢਾਹਾਂ ਇਨਾਮ ਦਾ ਚੇਅਰਮੈਨ ਵੀ ਰਿਹਾ। ਅੱਜ ਕੱਲ੍ਹ ਉਹ ਨਿਊ ਯਾਰਕ ਸ਼ਹਿਰ ਵਿਚ ਰਹਿੰਦਾ ਹੈ। -ਸੰਪਾਦਕ


Title Painting Pawan Kumar

98154-26869

ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ Bright Printing Press, Mohalla Krihanpura, Jalandhar ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ : ਭਗਵੰਤ ਰਸੂਲਪੁਰੀ (ਪ੍ਰਕਾਸ਼ਨ ਮਿਤੀ : 10 ਜੁਲਾਈ, 2024)

# ਕਹਾਣੀ ਧਾਰਾ

*ਅੰਕ:74 ਜੁਲਾਈ-ਸਤੰਬਰ,2024*

**ਸੰਪਾਦਕੀ**
**NCERT ਦੇ ਸਿਲੇਬਸਾਂ ਦਾ ਭਗਵਾਂਕਰਨ**/ ਭਗਵੰਤ ਰਸੂਲਪੁਰੀ–2

**ਗੋਸ਼ਟੀ-7**
**ਆਲੋਚਨਾ ਦਾ ਸੰਕਟ**
ਡਾ. ਸੁਖਦੇਵ ਸਿੰਘ ਸਿਰਸਾ, ਡਾ. ਸਰਬਜੀਤ ਸਿੰਘ, ਡਾ. ਗੁਰਮੇਲ ਸਿੰਘ ਤੇ ਬਲੀਜੀਤ, ਸੂਤਰਧਾਰ : ਭਗਵੰਤ ਰਸੂਲਪੁਰੀ–3

**ਰੂਸੀ ਕਹਾਣੀ**
**ਕ੍ਰਿਸਮਿਸ ਰੁੱਖ ਤੇ ਵਿਆਹ**
ਫ਼ਿਓਦੋਰ ਦੋਸਤੋਵਸਕੀ
**ਉਲਥਾਕਾਰ :**
ਮਕਸੂਦ ਸਾਕਿਬ
**ਲਿੱਪੀਅੰਤਰ :**
ਜੋਗਿੰਦਰ ਪਾਲ ਮਾਨ–33

**ਜਨ ਬੋਧ**
**ਬੋਧਾਂ ਦੇ ਜਨਵਿਮਰਸ਼ਾਂ ਦਾ ਬ੍ਰਾਹਮਣੀਕਰਨ**
ਮੂਲ : ਡਾ. ਸੇਵਾ ਸਿੰਘ
ਅਨੁਵਾਦ : ਪ੍ਰਕਾਸ਼ ਕੌਰ ਸੰਧੂ–105

**ਸੰਵਾਦ**
**ਕਹਾਣੀ ਧਾਰਾ**
ਡਾ. ਬਲਵੀਰ ਕੌਰ ਰੀਹਲ–157

**ਪੰਜਾਬੀ ਕਹਾਣੀਆਂ**
**ਨਾ ਖਿਜ਼ਰ ਨਾ ਖਵਾਜ਼ਾ**
ਸੁਰਿੰਦਰ ਨੀਰ–39
**ਅਣਪਛਾਤਾ ਖਾੜਕੂ**
ਆਗਾਜ਼ਬੀਰ–51
**ਚਾਨਣ**
ਅਮਰਜੀਤ ਸਿੰਘ ਮਾਨ–65
**ਜ਼ੁਬਾਨ**
ਜਸਪਾਲ ਕੌਰ –72
**ਲੰਘੀਆਂ ਘੜੀਆਂ, ਨਹੀ ਜਾਂਦੀਆਂ ਫੜੀਆਂ**
ਚਰਨਜੀਤ ਸਿੰਘ ਮਿਨਹਾਸ–81
**ਮੈਨੂੰ ਕੌਣ ਰੋਕ ਰਿਹਾ ਸੀ?**
ਐੱਚ ਐੱਸ ਡਿੰਪਲ –93
**ਪਤੰਗੇ**
ਗੁਰਵਿੰਦਰ ਸਿੰਘ–99

**ਸਮੀਖਿਆ**
**ਲੂਣਦਾਨੀ**
ਡਾ. ਜਸਵਿੰਦਰ ਕੌਰ ਬਿੰਦਰਾ–138
**ਮੈਨੂੰ ਬੰਦਾ ਪਸੰਦ ਏ**
–ਨਿਰੰਜਣ ਬੋਹਾ–142
**ਬਲੈਕ ਆਈਸ**
ਡਾ. ਸੰਦੀਪ ਰਾਣਾ–147
**ਅੰਦਰਲੇ ਯੁੱਧ**
ਡਾ. ਕੁਲਵਿੰਦਰ ਸਿੰਘ–152
**ਹਸਮਤ ਚਾਚਾ**
ਡਾ. ਸੁਖਪਾਲ ਕੌਰ –155
**ਗੱਲਾਂ ਕਰਨ ਕਹਾਣੀਆਂ**
ਡਾ. ਸੁਖਪਾਲ ਕੌਰ–157

Photography: Geet Art@Sukhjiwan

ਸੰਪਾਦਕੀ

# NCERT ਦੇ ਸਿਲੇਬਸਾਂ ਦਾ ਭਗਵਾਂਕਰਨ

ਜਦੋਂ ਵੀ ਸੱਤਾ ਪਲਟ ਕੇ ਇਕ ਤੋਂ ਦੂਜੇ ਦੇ ਹੱਥਾਂ ’ਚ ਆਉਂਦੀ ਏ ਤਾਂ ਉਹ ਆਪਣੀ ਵਿਚਾਰਧਾਰਾ ਨੀਤੀਆਂ ਅਨੁਸਾਰ ਸਰਕਾਰੀ ਤੰਤਰ ਦੇ ਸੰਦਾਂ ਨੂੰ ਆਪਣੇ ਹਿੱਤਾਂ ਲਈ ਵਰਤਣ ਲੱਗ ਪੈਂਦੀ ਏ। ਪਿਛਲੇ ਕੁਝ ਸਾਲਾਂ ਤੋਂ ਦੇਸ਼ ਦੀ ਸੱਤਾ ਉਨ੍ਹਾਂ ਲੋਕਾਂ ਕੋਲ ਆ ਗਈ ਏ ਕਿ ਜੋ ਮਹੱਤਵ ਪੂਰਨ ਅਦਾਰਿਆ ਦਾ ਭਗਵਾਂਕਰਨ ਕਰਨ ਲੱਗ ਪਏ ਨੇ। NCERT ਸਿੱਖਿਆ ਦਾ ਅਜਿਹਾ ਅਦਾਰਾ ਏ ਜੋ ਵਿਦਿਆਰਥੀਆਂ ਦਾ ਬਰੇਨ ਘੜਨ ’ਚ ਅਹਿਮ ਰੋਲ ਅਦਾ ਕਰਦਾ ਏ। ਪਿਛਲੇ ਲੰਮੇ ਸਮੇਂ ਤੋਂ NCERT ਦੇ ਸਿਲੇਬਸਾਂ ਨੂੰ ਸੱਤਾ ਆਪਣੀ ਵਿਚਾਰਧਾਰਾ ਨਾਲ ਬਦਲਣ ਲੱਗੀ ਹੋਈ ਏ ਤਾਂ ਕਿ ਨਵੀਂ ਪੀੜ੍ਹੀ ਦੇਸ਼ ਦੇ ਅਸਲ ਇਤਿਹਾਸ ਤੋਂ ਜਾਣੂ ਨਾ ਹੋ ਸਕੇ। ਉਹ ਬੜੀ ਚਲਾਕੀ ਨਾਲ ਸੱਚ ਨੂੰ ਹਾਸ਼ੀਏ ’ਤੇ ਸੁੱਟਣ ਤੇ ਵਿਗਾੜਨ ਦੀ ਕੋਸ਼ਿਸ਼ ਕਰ ਰਹੀ ਏ।

NCERT ਦੀਆਂ ਪੁਸਤਕਾਂ ’ਚ ਬਾਬਰੀ ਮਸਜਿਦ ਦਾ ਇਤਿਹਾਸ ਹਟਾ ਦਿੱਤਾ ਗਿਆ ਏ। ਇਸ ਨੂੰ ਹੁਣ ‘ਤਿੰਨ ਗੁੰਬਦ ਵਾਲੀ ਇਮਾਰਤ’ ਦਾ ਨਾਂ ਦੇ ਦਿੱਤਾ ਗਿਆ ਏ। ਅੱਗੇ 12 ਜਮਾਤ ਦੀਆਂ ਦੋ ਪਾਠ ਪੁਸਤਕਾਂ ’ਚੋਂ ਗੁਜਰਾਤ ਦੰਗਿਆਂ ਦੇ ਵੇਰਵੇ ਹਟਾ ਦਿੱਤੇ ਨੇ। ਅਯੁੱਧਿਆ ਸੈਕਸ਼ਨ ਨੂੰ ਚਾਰ ਤੋਂ ਘਟਾ ਕੇ ਦੋ ਸਫ਼ੇ ਦਾ ਕੀਤਾ ਗਿਆ ਏ। ਇਹ ਵੇਰਵਾ ਵੀ ਹਟਾ ਦਿੱਤਾ ਗਿਆ ਕਿ ਕਿਵੇਂ ਫਿਰਕਾਪ੍ਰਸਤੀ ਲੋਕਾਂ ਨੂੰ ਆਪਣੇ ਸਵਾਭਿਮਾਨ ਦੀ ਰੱਖਿਆ ਕਰਨ ਅਤੇ ਆਪਣੇ ਘਰ ਦੀ ਜ਼ਮੀਨ ਦੀ ਰੱਖਿਆ ਕਰਨ ਲਈ ਦੂਜੇ ਭਾਈਚਾਰਿਆਂ ਦੇ ਲੋਕਾਂ ਨੂੰ ਮਾਰਨ, ਜ਼ਬਰ-ਜ਼ਨਾਹ ਕਰਨ ਅਤੇ ਲੁੱਟਣ ਲਈ ਪ੍ਰੇਰਿਤ ਕਰਦੀ ਏ। ਚਿਪਕੋ ਅੰਦੋਲਨ, ਭਾਰਤੀ ਕਿਸਾਨ ਸੰਘ ਵੱਲੋਂ ਅੰਦੋਲਨ, ਨਰਮਦਾ ਬਚਾਓ ਅੰਦੋਲਨ, ਨਕਸਲਵਾਦ ਅਤੇ ਸੂਚਨਾ ਦੇ ਅਧਿਕਾਰ ਲਈ ਅੰਦੋਲਨ ਵਰਗੇ ਵਿਰੋਧ ਤੇ ਸਮਾਜਿਕ ਅੰਦੋਲਨਾਂ ਦੇ ਵੇਰਵੇ ਵੀ ਹਟਾ ਦਿੱਤੇ ਗਏ ਨੇ।

ਸਕੂਲ ਪਾਠ ਪੁਸਤਕਾਂ ਦੇ ਭਗਵਾਂਕਰਨ ਕੀਤੇ ਜਾਣ ਵਾਲੇ ਦੋਸ਼ਾਂ ਤੋਂ ਇਨਕਾਰ ਕਰਦਿਆਂ NCERT ਦੇ ਨਿਰਦੇਸ਼ਕ ਦਿਨੇਸ਼ ਪ੍ਰਸਾਦ ਸਕਲਾਨੀ ਕਹਿੰਦੇ ਨੇ, “ਸਾਨੂੰ ਸਕੂਲ ਪਾਠਕ੍ਰਮ ਵਿੱਚ ਦੰਗਿਆਂ ਬਾਰੇ ਕਿਉਂ ਪੜ੍ਹਾਉਣਾ ਚਾਹੀਦਾ ਹੈ? ਅਸੀਂ ਹਾਂ ਪੱਖੀ ਨਾਗਰਿਕ ਬਣਾਉਣਾ ਚਾਹੁੰਦੇ ਹਾਂ ਨਾ ਕਿ ਹਿੰਸਕ ਤੇ ਨਿਰਾਸ਼ ਵਿਅਕਤੀ...ਕੀ ਅਸੀਂ ਆਪਣੇ ਵਿਦਿਆਰਥੀਆਂ ਨੂੰ ਇਸ ਢੰਗ ਨਾਲ ਪੜ੍ਹਾਈਏ ਕਿ ਉਹ ਹਮਲਾਵਰ ਹੋ ਜਾਣ, ਸਮਾਜ ਵਿੱਚ ਨਫ਼ਰਤ ਪੈਦਾ ਕਰਨ ਜਾਂ ਨਫ਼ਰਤ ਦਾ ਸ਼ਿਕਾਰ ਬਣਨ? ਕੀ ਇਹ ਸਿੱਖਿਆ ਦਾ ਮਕਸਦ ਹੈ? ਕੀ ਸਾਨੂੰ ਛੋਟੇ ਬੱਚਿਆ ਨੂੰ ਦੰਗਿਆਂ ਬਾਰੇ ਪੜ੍ਹਾਉਣਾ ਚਾਹੀਦਾ ਹੈ, ਜਦੋਂ ਉਹ ਵੱਡੇ ਹੋ ਜਾਣਗੇ ਉਹ ਇਸ ਸੰਬੰਧੀ ਜਾਣ ਸਕਦੇ ਹਨ ਪਰ ਸਕੂਲ ਪਾਠ ਕ੍ਰਮ ’ਚ ਕਿਉਂ।” ਸਮਾਜਿਕ ਵਿਗਿਆਨ ਦੀ ਪਾਠ ਪੁਸਤਕ’ਤੇ ਸੀ. ਆਈ. ਇਸਾਕ ਅਧੀਨ ਕੰਮ ਕਰ ਰਹੀ ਉੱਚ ਪੱਧਰੀ ਕਮੇਟੀ ਵੱਲੋਂ ਇਹ ਸਿਫਾਰਸ਼ ਕੀਤੀ ਗਏ ਹੈ ਕਿ “ਸਾਰੀਆਂ ਪਾਠ ਪੁਸਤਕਾਂ ’ਚ ‘ਇੰਡੀਆ’ ਦੀ ਥਾਂ ‘ਭਾਰਤ’ ਸ਼ਬਦ ਹੋਣਾ ਚਾਹੀਦਾ ਏ। ‘ਪ੍ਰਾਚੀਨ ਇਤਿਹਾਸ’ ਦੀ ਥਾਂ ‘ਸ਼ਾਸਤਰੀ ਇਤਿਹਾਸ’ ਨੂੰ ਸ਼ਾਮਲ ਕਰਨ ਤੇ ਸਾਰੇ ਵਿਸ਼ਿਆਂ ਦੇ ਸਿਲੇਬਸ ’ਚ ਭਾਰਤੀ ਗਿਆਨ ਪ੍ਰਣਾਲੀ ਨੂੰ ਸ਼ਾਮਲ ਕਰਨ।” ਆਦਿ ਆਦਿ। ਪਰ ਡਾਇਰੈਕਟਰ ਦਿਨੇਸ਼ ਹੁਰਾਂ ਕਿਹਾ ਕਿ ਪਹਿਲਾਂ ਵਾਂਗ ਇਨ੍ਹਾਂ ਦੋਹਾਂ ਸ਼ਬਦਾਂ ਦੀ ਵਰਤੋਂ ਹੋਣੀ ਚਾਹੀਦੀ ਏ। ਪਾਠ ਪੁਸਤਕਾਂ ’ਚ ਤਬਦੀਲੀਆਂ ਪਿਛਲੇ 10 ਸਾਲਾਂ ’ਚ ਅਨੇਕਾਂ ਵਾਰ ਹੋਈਆਂ ਨੇ। ਸਕੂਲਾਂ ਦੇ ਸਲੇਬਸਾਂ ਦੇ ਭਗਵਾਂਕਰਨ ਦਾ ਵਿਰੋਧ ਨਿਰਪੱਖ ਲੋਕਾਂ ਵੱਲੋਂ ਵਾਰ ਵਾਰ ਹੁੰਦਾ ਆ ਰਿਹਾ ਏ। - **ਭਗਵੰਤ ਰਸੂਲਪੁਰੀ**

ਗੋਸ਼ਟੀ-7

# ਆਲੋਚਨਾ ਦਾ ਸੰਕਟ



ਸਰਬਜੀਤ ਸਿੰਘ ਸੁਖਦੇਵ ਸਿਰਸਾ, ਗੁਰਮੇਲ ਸਿੰਘ ਬਲੀਜੀਤ ਭਗਵੰਤ ਰਸੂਲਪੁਰੀ

*(ਗੋਸ਼ਟੀ ਵਿੱਚ ਭਾਗ ਲੈਣ ਵਾਲੇ ਵਿਦਵਾਨ : ਡਾ. ਸੁਖਦੇਵ ਸਿੰਘ ਸਿਰਸਾ, ਡਾ. ਸਰਬਜੀਤ ਸਿੰਘ, ਡਾ. ਗੁਰਮੇਲ ਸਿੰਘ ਤੇ ਬਲੀਜੀਤ, ਸੂਤਰਧਾਰ ਭਗਵੰਤ ਰਸੂਲਪੁਰੀ। ਇਹ ਗੋਸ਼ਟੀ ਪੰਜਾਬ ਕਲਾ ਪਰਿਸ਼ਦ ਚੰਡੀਗੜ੍ਹ ਵਿਖੇ 15 ਜੂਨ, 2024 ਨੂੰ ਅਤਿ ਦੀ ਗਰਮੀ ਵਿੱਚ ਕੀਤੀ ਗਈ।)*

**ਰਸੂਲਪੁਰੀ :** ਦੋਸਤੋ ! ਜਿਵੇਂ ਕਿ ਤੁਹਾਨੂੰ ਪਤਾ ਹੀ ਹੈ ਕਿ 'ਕਹਾਣੀ ਧਾਰਾ' ਵਿੱਚ ਅਸੀਂ ਹਰ ਵਾਰ ਇਕ ਗੋਸ਼ਟੀ ਦੀ ਸਕ੍ਰਿਪਟ ਬਣਾ ਕੇ ਛਾਪਦੇ ਹਾਂ। ਇਸ ਵਾਰ ਅਸੀਂ ਸੋਚਿਆ ਕਿ 'ਆਲੋਚਨਾ ਦੇ ਸੰਕਟ 'ਤੇ ਗੋਸ਼ਟੀ ਕੀਤੀ ਜਾਵੇ। ਆਲੋਚਨਾ ਦਾ ਅਤੀਤ ਤੇ ਸਮਕਾਲ ਵੀ ਸਮਝਿਆ ਜਾਵੇ। ਇਸ ਮੁੱਦੇ ਉੱਤੇ ਅੱਜ ਆਪਾਂ ਸਭ ਨੇ ਗੱਲ ਕਰਨੀ ਹੈ। ਪੰਜਾਬੀ ਆਲੋਚਨਾ ਦਾ ਸਮਕਾਲ ਵਿੱਚ ਗੰਭੀਰ ਸੰਕਟ ਹੈ। ਸਾਨੂੰ ਨਿੱਠ ਕੇ ਇਸ ਪਾਸੇ ਕੰਮ ਕਰਨ ਵਾਲੇ ਲੱਭਦੇ ਨਹੀਂ। ਗਲਪ ਦੇ ਆਲੋਚਕ ਸਾਨੂੰ ਦੀਵਾ ਲੈ ਕੇ ਲੱਭਣੇ ਪੈਂਦੇ ਨੇ। ਜੋ ਨਵੇਂ ਚਿਹਰੇ ਆਲੋਚਨਾ ਦੇ ਖੇਤਰ ਵਿੱਚ ਆ ਰਹੇ ਹਨ ਉਨ੍ਹਾਂ ਦੀ ਜੇਕਰ ਬਹੁਤੀ ਆਲੋਚਨਾ ਪੜ੍ਹੀਏ ਤੇ ਉਹ ਵਧੇਰੇ ਕਰਕੇ ਵਿਆਖਿਆਮੂਲਕ ਰਹਿੰਦੀ ਏ। ਉਹ ਪ੍ਰਸੰਗ ਸਹਿਤ ਵਿਆਖਿਆ ਕਰਦੇ ਨੇ ਜਾਂ ਰਚਨਾ ਦਾ ਸਾਰ ਦੱਸਣ ਲੱਗ ਪੈਂਦੇ ਨੇ। ਸਿਧਾਂਤਕ ਟੂਲਜ਼ ਅਤੇ ਤਰਕ ਨਾਲ ਰਚਨਾ ਦਾ ਵਿਸ਼ਲੇਸ਼ਣ ਕਰਨ ਵਾਲੇ ਸਾਨੂੰ ਲੱਭਦੇ ਨਹੀਂ। ਬਿਲਕੁਲ ਨਵੇਂ ਚਿਹਰੇ ਜੋ ਆਲੋਚਨਾ ਉੱਤੇ ਕੰਮ ਕਰਦੇ ਪਏ ਨੇ ਉਨ੍ਹਾਂ ਦੀ ਆਲੋਚਨਾ ਅਕੈਡਮਕ ਲੋੜਾ ਤੋਂ ਨਿਕਲੀ ਹੋਈ ਏ। ਮੈਂ ਡਾ. ਸੁਖਦੇਵ ਸਿਰਸਾ ਜੀ ਤੋਂ ਇਸ ਗੋਸ਼ਟੀ ਦਾ ਆਰੰਭ ਕਰਨਾ ਚਾਹੁੰਦਾ ਹਾਂ। ਕਿ ਪੰਜਾਬੀ ਆਲੋਚਨਾ ਦੇ ਪਿਛੋਕੜ ਦਾ ਦ੍ਰਿਸ਼ ਕਿਸ ਕਿਸਮ ਦਾ ਸੀ। ਵਿਧੀਬੱਧ ਤਰੀਕੇ ਨਾਲ ਪੰਜਾਬੀ ਵਿੱਚ ਵੱਖ-ਵੱਖ ਵਿਧਾਵਾਂ ਵਿੱਚ ਕਦੋਂ ਕੁ ਆਲੋਚਨਾ ਹੋਣੀ ਸ਼ੁਰੂ ਹੋਈ। ਇਹ ਪਰੰਪਰਾ ਕਦੋਂ ਤੋਂ ਸ਼ੁਰੂ ਹੋਈ। ਕੀ ਅਸੀਂ ਸੰਤ ਸਿੰਘ ਸੇਖੋਂ ਤੋਂ ਪੰਜਾਬੀ ਆਲੋਚਨਾ ਦਾ ਆਰੰਭ ਮੰਨ ਲਈਏ ਜਾਂ ਇਹਦੇ ਬੀਜ਼ ਪਹਿਲਾਂ ਵੀ ਸਾਹਿਤ ਵਿੱਚ ਪਏ ਸਨ। ਸਾਡੇ ਮੁੱਢਲੇ ਚਿੰਤਕ... ਜਿਨ੍ਹਾਂ ਵਿੱਚ ਡਾ. ਕੇਸਰ ਸਿੰਘ ਕੇਸਰ, ਡਾ. ਕਿਸ਼ਨ ਸਿੰਘ, ਡਾ. ਹਰਿਭਜਨ ਸਿੰਘ, ਡਾ. ਟੀ. ਆਰ ਵਿਨੋਦ, ਜੋਗਿੰਦਰ ਸਿੰਘ ਰਾਹੀ, ਹਰਭਜਨ ਸਿੰਘ ਭਾਟੀਆ, ਡਾ. ਧਨਵੰਤ ਕੌਰ, ਜਸਵਿੰਦਰ ਸਿੰਘ ਤੋਂ ਹੁੰਦੇ ਹੋਏ ਤੁਹਾਡੀ ਪੀੜ੍ਹੀ... ਤੱਕ ਪੁੱਜਦੇ ਹਾਂ। ਡਾ. ਗੁਰਲਾਲ ਸਿੰਘ, ਡਾ. ਧਨਵੰਤ ਕੌਰ, ਡਾ. ਰਜਨੀਸ਼ ਬਹਾਦਰ ਸਿੰਘ ਤੇ ਬਲਦੇਵ ਸਿੰਘ ਧਾਲੀਵਾਲ ਵੱਲੋਂ ਕਹਾਣੀ ਵਿਧਾ ਤੇ ਅੱਛਾ ਕੰਮ ਕੀਤਾ ਮਿਲ

ਜਾਂਦਾ ਏ। ...ਤੁਸੀਂ ਸਾਨੂੰ ਦੱਸੋ ਕਿ ਪੰਜਾਬੀ ਆਲੋਚਨਾ ਦੀ ਪਰੰਪਰਾ ਕਿਸ ਤਰ੍ਹਾਂ ਦੀ ਰਹੀ ਏ... ਉਨ੍ਹਾਂ ਦੇ ਚਿੰਤਨ ਦੀ ਵਿਚਾਰਧਾਰਾ ਕਿਸ ਤਰ੍ਹਾਂ ਦੀ ਸੀ... ਮੁੱਢਲੀ ਪੰਜਾਬੀ ਆਲੋਚਨਾ ਵਿੱਚ ਕਿਹੜੀਆਂ ਕਿਹੜੀਆਂ ਵਿਚਾਰਧਾਰਾਵਾਂ ਹਾਵੀ ਰਹੀਆ। ਇਸ ਪ੍ਰਸੰਗ ਵਿੱਚ ਗੱਲ ਕਰਦਿਆ ਇਤਿਹਾਸਕ ਹਵਾਲਿਆਂ ਨਾਲ ਗੋਸ਼ਟੀ ਦਾ ਮੁੱਢ ਵੀ ਬੰਨੋ...

**ਡਾ. ਸੁਖਦੇਵ ਸਿਰਸਾ :** ਤੁਸੀਂ ਵੇਖੋਂ ਆਲੋਚਨਾ ਦੀ ਪਰੰਪਰਾ ਉਦੋਂ ਹੀ ਸ਼ੁਰੂ ਹੋ ਜਾਂਦੀ ਹੈ ਜਦੋਂ ਸਾਹਿਤ ਰਚਿਆ ਜਾਣਾ ਸ਼ੁਰੂ ਹੋ ਜਾਂਦਾ ਹੈ। ਇਹ ਵੀ ਧਾਰਨਾ ਹੈ ਕਿ ਹਰ ਲੇਖਕ ਦੇ ਅੰਦਰ ਕਿਤੇ ਨਾ ਕਿਤੇ ਆਲੋਚਕ ਵੀ ਪਿਆ ਹੁੰਦਾ ਹੈ। ਇਸੇ ਕਰਕੇ ਸਾਡੇ ਪੰਜਾਬੀ ਦੇ ਇਤਿਹਾਸਕਾਰ ਪੰਜਾਬੀ ਆਲੋਚਨਾ ਦਾ ਆਰੰਭ ਮੱਧਕਾਲ ਤੋਂ ਸ਼ੁਰੂ ਕਰ ਦਿੰਦੇ ਹਨ। ਖਾਸ ਕਰਕੇ ਜਿਹੜੇ ਮੱਧਕਾਲ ਦੇ ਕਿੱਸਾਕਾਰ ਨੇ ਉਹ ਇਹ ਮੰਨ ਕੇ ਚੱਲਦੇ ਹਨ। ਗੁਰਬਾਣੀ ਵਿੱਚ ਵੀ ਬਹੁਤ ਸਾਰੀਆਂ ਸੱਤਰਾਂ ਪਈਆਂ ਨੇ ਜਿਹੜੀਆਂ ਸੰਕੇਤ ਕਰਦੀਆਂ ਹਨ ਕਿ ਕਵਿਤਾ ਹੁੰਦੀ ਕੀ ਹੈ? ਕਵੀ ਦਾ ਕੰਮ ਕੀ ਹੈ? ਮਸਲਨ...ਜੇ ਆਪਾਂ ਬਾਬਾ ਨਾਨਕ ਨੂੰ ਹੀ ਲੈ ਲਈਏ, ਜਦੋਂ ਗੁਰੂ ਨਾਨਕ ਦੇਵ ਜੀ ਕਹਿੰਦੇ ਨੇ ਕਿ 'ਕਾਇਆ ਕਪੜੁ ਟੁਕੁ ਟੁਕੁ ਹੋਸੀ, ਹਿਦੁ ਸਤਾਨੁ ਸਮਾਲਸੀ ਬੋਲਾ॥ ਜਾਂ ਨਾਨਕੁ ਸਾਇਰੁ ਏਹ ਕਹਤੁ ਹੈ ਸਚੇ ਪਰਵਦਗਾਰਾ' ਸੋ ਸ਼ਾਇਰ ਹੋਣ ਦੀ ਚੇਤਨਾ ਬਾਬਾ ਨਾਨਕ ਕੋਲ ਵੀ ਹੈ...ਗੁਰੂ ਨਾਨਕ ਇਹ ਵੀ ਤਹਿ ਕਰਦਾ ਹੈ ਕਿ ਇਕ ਲੇਖਕ ਦਾ ਇਕ ਇਤਿਹਾਸਕ ਦੌਰ ਵਿੱਚ ਰੋਲ ਕੀ ਹੁੰਦਾ ਹੈ। ਜਦੋਂ ਨਾਨਕ ਕਹਿ ਰਿਹਾ ਕਿ 'ਲੋਗੁ ਜਾਨੈ ਇਹੁ ਗੀਤੁ ਹੈ, ਇਹੁ ਤਉ ਬ੍ਰਹਮ ਬੀਚਾਰ॥ ਜਿਉ ਕਾਸੀ ਉਪਦੇਸੁ ਹੋਇ ਮਾਨਸ ਮਰਤੀ ਬਾਰ॥' ਇਕ ਸਮਾਂ ਇਹ ਹੀ ਜਦੋਂ ਗੁਰੂ ਨਾਨਕ ਨੇ ਕਵਿਤਾ ਨੂੰ ਗੰਭੀਰ ਆਰਟ ਮੰਨਿਆ। ਗੁਰੂ ਨਾਨਕ ਨੇ ਕਿਹਾ ਕਿ ਕਵਿਤਾ ਕੇਵਲ ਭਾਵਾਂ ਦਾ ਪ੍ਰਗਟਾਵਾ ਨਹੀਂ। ਕਵਿਤਾ ਆਪਣੇ ਆਪ ਵਿੱਚ ਇਕ ਗੰਭੀਰ ਚਿੰਤਨ ਦਾ ਮੁੱਦਾ ਹੈ। ਤੇ ਕਵੀ ਜਿਹੜਾ ਹੈਗਾ ਹੈ ਉਹ ਆਪਣੇ ਦੌਰ ਦੇ ਸੱਚ ਨੂੰ ਸਿੱਧਾ ਅੱਖਾਂ ਵਿੱਚ ਅੱਖਾਂ ਪਾ ਕੇ ਦੇਖ ਰਿਹਾ ਹੁੰਦਾ ਹੈ। ਸਾਡੇ ਕੋਲ ਇਹ ਪਰੰਪਰਾ ਕਬੀਰ ਤੇ ਗੁਰੂ ਨਾਨਕ ਵਿੱਚ ਵੀ ਪਈ ਹੈ। ਉਸ ਤੋਂ ਬਾਅਦ ਜਦੋਂ ਅਸੀਂ ਕਿੱਸਾਕਾਰਾਂ ਨੂੰ ਵੇਖਦੇ ਹਾਂ। ਅਹਿਮਦ ਯਾਰ ਤੇ ਮੀਆਂ ਮੁਹੰਮਦ ਬਖ਼ਸ਼...ਮੁਹੰਮਦ ਬਖ਼ਸ਼ ਵਿਚ ਤਾਂ ਪੂਰੀ ਦੀ ਪੂਰੀ ਪੰਜਾਬੀ ਦੀ ਇਕ ਪਰੰਪਰਾ ਪਈ ਹੈ। ਉਹ ਤਾਂ ਸਾਰੇ ਮੱਧਕਾਲ ਦੇ ਕਵੀਆਂ ਬਾਰ ਟਿੱਪਣੀਆਂ ਕਰਦੇ ਹਨ। ਇਕੱਲੇ ਕਵੀਆਂ ਬਾਰੇ ਹੀ ਨਹੀਂ ਬਲਕਿ ਕਵੀਆਂ ਦੇ ਇਤਿਹਾਸਕ ਰੋਲ ਬਾਰੇ ਵੀ ਟਿੱਪਣੀਆਂ ਕਰਦੇ ਹਨ। ਜਦੋਂ ਉਹ ਕਹਿੰਦੇ ਹਨ ... ਸ਼ਕਰਗੰਜ ਨੇ ਆਣ ਮੁਕਾਮ ਕੀਤਾ, ਦੁਖ ਦਰਦ ਪੰਜਾਬ ਦਾ ਦੂਰ ਹੈ ਜੀ। ਨਾਲ ਉਹ ਕਹਿ ਰਿਹਾ ਕਿ ਜਦੋਂ ਬਾਬਾ ਫਰੀਦ ਕਵਿਤਾ ਲਿਖਣੀ ਸ਼ੁਰੂ ਕਰਦਾ ਉਸ ਵੇਲੇ ਪੰਜਾਬ ਦੇ ਚਿੰਤਨ ਦੇ ਮਸਲਿਆਂ ਨੂੰ ਲੈਣਾ ਸ਼ੁਰੂ ਕਰਦਾ ਹੈ। ਬਾਬਾ ਫਰੀਦ ਦੀ ਕਵਿਤਾ ਪੰਜਾਬ ਦੇ ਦਰਦ ਦੀ ਗੱਲ ਕਰ ਰਹੀ ਹੈ। ਉਹ ਪੰਜਾਬ ਦੇ ਦਰਦ ਦੇ ਨਿਵਾਰਣ ਦੇ ਨੁਕਤੇ ਵੀ ਦੱਸ ਰਿਹਾ ਹੈ। ਇਸੇ ਤਰ੍ਹਾਂ ਉਹ ਆਪਣੇ ਸਮਕਾਲੀ ਕਿੱਸਾਕਾਰਾਂ ਉੱਤੇ ਟਿਪਣੀਆਂ ਕਰਦਾ ਹੈ। ਉਹ ਸ਼ਾਹ ਹੁਸੈਨ, ਦਮੋਦਰ, ਬੁੱਲ੍ਹੇ ਸ਼ਾਹ ਆਦਿ ਦਾ ਨਾਂ ਲੈ ਲੈ ਕੇ ਟਿੱਪਣੀਆਂ ਕਰ ਰਿਹਾ ਹੈ। ਪਰ ਇਹ ਆਲੋਚਨਾ ਦਾ ਬੱਝਵਾ ਸਰੂਪ ਨਹੀਂ ਹੈ। ਇਹਦੇ ਵਿੱਚ ਸਾਨੂੰ ਆਲੋਚਨਾ ਦੇ ਸੰਕੇਤ ਜ਼ਰੂਰ ਮਿਲਦੇ ਹਨ। ਕਿਸੇ ਵੀ ਸਾਹਿਤ ਪਰੰਪਰਾ ਵਿੱਚ ਜਦੋਂ ਸਾਹਿਤ ਦੀ ਸਿਰਜਣਾ ਹੋਣੀ ਸ਼ੁਰੂ ਹੁੰਦੀ ਹੈ। ਉਹਦੇ ਵਿੱਚ ਵੀ ਆਲੋਚਨਾ ਦੇ ਬੀਜ਼ ਪਏ ਹੁੰਦੇ ਹਨ। ਕਿ ਕਵਿਤਾ ਹੈ ਕੀ?... ਕਵਿਤਾ ਕਿਵੇਂ ਲਿਖੀ ਜਾਂਦੀ ਹੈ? ਕਵੀ ਦਾ ਕੀ ਰੋਲ ਹੁੰਦਾ? ... ਕਵਿਤਾ ਦਾ ਕੀ ਮਕਸਦ ਹੁੰਦਾ? ਇਸੇ ਕਰਕੇ ਜਦੋਂ ਹਰਨਾਮ ਸਿੰਘ ਸ਼ਾਨ ਹੁਰੀਂ 'ਪਰਖ ਪੜਚੋਲ' ਕਿਤਾਬ ਵਿੱਚ ਪੰਜਾਬੀ ਆਲੋਚਨਾ




***ਪੰਜਾਬ ਕਲਾ ਪਰਿਸ਼ਦ ਚੰਡੀਗੜ੍ਹ 'ਚ ਗੋਸ਼ਟੀ ਵਿੱਚ ਭਾਗ ਲੈਣ ਵਾਲੇ ਵਿਦਵਾਨ ਡਾ. ਸੁਖਦੇਵ ਸਿੰਘ ਸਿਰਸਾ, ਡਾ. ਸਰਬਜੀਤ ਸਿੰਘ, ਡਾ. ਗੁਰਮੇਲ ਸਿੰਘ, ਬਲੀਜੀਤ ਤੇ ਭਗਵੰਤ ਰਸੂਲਪੁਰੀ***

ਬਾਰੇ ਇਕ ਲੇਖ ਲਿਖਦੇ ਹਨ। ਇਨ੍ਹਾਂ ਸਾਰੀਆਂ ਟਿੱਪਣੀਆਂ ਨੂੰ ਆਲੋਚਨਾ ਦੀ ਸ਼ੁਰੂਆਤ ਵਜੋਂ ਲੈਂਦੇ ਹਨ। ਇਸੇ ਤਰ੍ਹਾਂ ਡਾ. ਰਵਿੰਦਰ ਸਿੰਘ ਰਵੀ ਵੀ ਆਪਣੇ ਲੇਖ ਵਿੱਚ ਇਹ ਗੱਲ ਕਹਿੰਦੇ ਹਨ ਕਿ ਸੰਤ ਸਿੰਘ ਸੇਖੋਂ ਤੋਂ ਪਹਿਲਾਂ ਪੰਜਾਬੀ ਵਿੱਚ ਕੁਝ ਇਸ ਕਿਸਮ ਦੀਆਂ ਟਿੱਪਣੀਆਂ, ਜਿਹੜੀਆਂ ਸਾਡੇ ਉਸ ਵੇਲੇ ਦੇ ਸਾਹਿਤ ਨੂੰ ਸਮਝਣਾ ਸ਼ੁਰੂ ਕਰਦੇ ਹਨ। ਜੇ ਆਪਾਂ ਆਲੋਚਨਾ ਦੇ ਮੁੱਢ ਦੀ ਗੱਲ ਕਰੀਏ ਤਾਂ ਆਲੋਚਨਾ ਦੀ ਮਾੜੀ ਮੋਟੀ ਪਛਾਣ ਬਣਨੀ ਸ਼ੁਰੂ ਹੁੰਦੀ ਹੈ...ਜਦੋਂ ਪੰਜਾਬ ਵਿੱਚ ਅੰਗਰੇਜ਼ ਵੱਲੋਂ ਨਵੀਂ ਸਿੱਖਿਆ ਨੀਤੀ ਆਉਂਦੀ ਹੈ। ਤਾਂ ਉਸੇ ਵੇਲੇ ਇਕ ਪਾਸੇ ਬਾਵਾ ਬੁੱਧ ਸਿੰਘ ਵਰਗੇ ਲੋਕ ਨੇ...ਪੰਜਾਬੀ ਦੇ ਆਲੋਪ ਹੋ ਰਹੇ ਸਾਹਿਤ ਨੂੰ ਸਾਂਭਣ ਤੇ ਇਕੱਠਾ ਕਰਨ ਦਾ ਕੰਮ ਕਰ ਰਹੇ ਹਨ। ਦੂਜੇ ਪਾਸੇ ਅਸੀਂ ਵੇਖਦੇ ਹਾਂ ਉਰਦੂ ਵਿੱਚ ਤਜਕਰਿਆ ਦੀ ਪਰੰਪਰਾ ਸੀ। ਪੰਜਾਬੀ ਵਿੱਚ ਜਿਹੜਾ ਮਹੱਤਪੂਰਨ ਤਜਕਰਾ ਸੀ ਉਹ ਲਿਖਿਆ ਸੀ ਮੌਲਾ ਬਖ਼ਸ਼ ਕੁਸ਼ਤਾ ਨੇ। ਮੌਲਾ ਬਖ਼ਸ਼ ਕੁਸ਼ਤਾ ਤੋਂ ਪਹਿਲਾਂ ਵੀ ਸਾਡੇ ਕੋਲ ਕਰਾਮਤ ਓਲਾ ਦੀ ਲਿਖਤ ਪਈ ਹੈ ਜਿਹਨੂੰ ਬਹੁਤ ਦੇਰ ਤੱਕ ਅਸੀਂ ਮੌਲਾ ਬਖ਼ਸ਼ ਕੁਸ਼ਤਾ ਦੇ ਨਾਂ ਲਾਉਂਦੇ ਰਹੇ। ਕਰਾਮਤ ਓਲਾ ਦਾ ਇਕ ਤਜਕਰਾ ਹੈ ਪੰਜਾਬੀ ਸ਼ਾਇਰਾ ਬਾਰੇ। ਮੌਲਾ ਬਖ਼ਸ਼ ਕੁਸ਼ਤਾ ਉਸੇ ਤਰਜ਼ ਤੇ ਆਪਣਾ ਇਕ ਪੰਜਾਬੀ ਸ਼ਾਇਰਾ ਬਾਰੇ ਤਜਕਰਾ ਲਿਖਣਾ ਸ਼ੁਰੂ ਕਰਦਾ ਹੈ। ਏਸੇ ਵੇਲੇ ਬਾਵਾ ਬੁੱਧ ਸਿੰਘ ਆਉਂਦਾ ਹੈ। ਬਾਵਾ ਬੁੱਧ ਸਿੰਘ ਨੇ ਮੁੱਖ ਕੰਮ ਇਹ ਕੀਤਾ ਕਿ ਉਹ ਸਾਡੇ ਗੁੰਮ ਗਵਾਚ ਗਏ ਸ਼ਾਇਰਾ ਨੂੰ ਇਕੱਠਾ ਕਰਨ ਦਾ ਕੰਮ ਕਰ ਰਿਹਾ ਸੀ। ਪਰ ਬਾਬਾ ਬੁੱਧ ਸਿੰਘ ਤਿੰਨ ਲੇਖ ਵੀ ਲਿਖ ਰਿਹਾ ਹੈ। ਇਕ ਲੇਖ ਕੋਮਲ ਹੁਨਰਾ ਬਾਰੇ ਹੈ। ਮਤਲਬ ਬਾਵਾ ਬੁੱਧ ਸਿੰਘ ਕੋਲ ਭਾਵੇਂ ਸਿਧਾਂਤਕ ਚੇਤਨਾ ਨਹੀਂ ਸੀ। ਪਰ ਉਹ ਇਸ ਕਿਸਮ ਦੇ ਸੰਕੇਤ ਜ਼ਰੂਰ ਦੇ ਰਿਹਾ ਆ ਕਿ ਮੈਂ ਪੰਜਾਬੀ ਸਾਹਿਤ ਨੂੰ ਇਕੱਠਾ ਹੀ ਨਹੀਂ ਕਰ ਰਿਹਾ ਨਾਲ ਨਾਲ, ਸਾਨੂੰ ਸਾਹਿਤ ਹੁੰਦਾ ਕੀ ਹੈ ? ਉਸ ਦੀ ਚੇਤਨਾ ਵੀ ਦੇ ਰਿਹਾ ਹੈ। ਉਸ ਤੋਂ ਅੱਗੇ ਅਸੀਂ ਪ੍ਰਿੰਸੀਪਲ ਤੇਜਾ ਸਿੰਘ ਉੱਤੇ ਆ ਜਾਂਦੇ ਹਾਂ। ਉਹ ਕੀ ਕੰਮ ਕਰ ਰਿਹਾ ਕਿ ਨਵੇਂ ਲੇਖਕਾਂ ਦੀਆਂ ਭੂਮਿਕਾਵਾਂ ਲਿਖ ਰਿਹਾ ਹੈ। ਪਰ ਉਨ੍ਹਾਂ ਭੂਮਿਕਾਵਾਂ ਵਿੱਚ ਬਹੁਤ ਸਾਰੇ ਆਲੋਚਨਾ ਦੇ ਸੰਕੇਤ ਪਏ ਹਨ ਕਿ ਕਵਿਤਾ ਕੀ ਹੁੰਦੀ ਹੈ? ਸਾਹਿਤ ਕੀ ਹੁੰਦਾ ਹੈ? ਕਵੀ ਦਾ ਕੀ ਕੰਮ ਹੁੰਦਾ ਹੈ? ਕਵਿਤਾ ਕਿਉਂ ਲਿਖੀ ਜਾਂਦੀ ਹੈ? ਔਰ ਏਸੇ ਸਮੇਂ ਪੰਜਾਬੀ ਸਾਹਿਤ ਦੇ ਇਤਿਹਾਸ ਲਿਖਣੇ ਸ਼ੁਰੂ ਹੋ ਜਾਂਦੇ ਹਨ। ਜਿਹੜੇ ਸਾਡੇ ਓਸ ਵੇਲੇ ਦੇ ਸਾਹਿਤ ਦੇ ਇਤਿਹਾਸ ਹਨ ਉਨ੍ਹਾਂ ਵਿੱਚ ਸਾਡੇ ਕੋਲ ਡਾਟਾ ਕੁਲੈਕਸ਼ਨ ਵੀ ਹੈ ਪਰ ਡਾਟਾ ਕੁਲੈਕਸ਼ਨਾ ਦੇ ਨਾਲ ਨਾਲ ਸਾਡੇ ਕੋਲ ਲੇਖਕਾਂ ਬਾਰੇ ਟਿੱਪਣੀਆਂ ਵੀ ਹਨ। ਫਿਰ ਦੂਜੇ ਪਾਸੇ 1931 ਵਿੱਚ ਪ੍ਰੋ. ਪੂਰਨ ਸਿੰਘ ਖੁੱਲ੍ਹੇ ਲੇਖ ਲਿਖ ਰਹੇ ਹਨ। ਉਨ੍ਹਾਂ ਲੇਖਾਂ

ਵਿੱਚ ਕੁਝ ਲੇਖ ਅਜਿਹੇ ਹਨ ਜਿਹੜੇ ਕਲਾਵਾਂ ਬਾਰੇ ਹਨ। ਕਵਿਤਾ ਬਾਰੇ ਹਨ। ਜਾਂ ਜਦੋਂ ਉਹ ਅੰਗਰੇਜ਼ੀ ਵਿੱਚ "The Spirit of Oriental Poetry" ਲਿਖ ਰਹੇ ਨੇ।ਸੋ ਮੈਂ ਕਹਿਣਾ ਤਾਂ ਇਹ ਚਾਹੁੰਦਾ ਹਾਂ ਕਿ ਇਹ ਉਹ ਦੌਰ ਸੀ ਜਦੋਂ ਸਾਡੇ ਲੇਖਕਾਂ ਵਿੱਚ ਥੋੜ੍ਹੀ ਥੋੜ੍ਹੀ ਇਹ ਸਮਝ ਬਣ ਰਹੇ ਸੀ ਕਿ ਉਹ ਸੋਚਣ ਲੱਗ ਪਏ ਸਨ ਕਿ ਸਾਹਿਤ ਕੀ ਹੁੰਦਾ ਹੈ? ਕਲਾਵਾਂ ਕੀ ਹੁੰਦੀਆਂ ਹਨ। ਸੋ ਸਾਡੇ ਕੋਲ ਬ੍ਰਿਟਿਸ਼ ਕਾਲ ਤੋਂ ਬਾਅਦ ਇਹ ਚੇਤਨਾ ਪੰਜਾਬੀ ਵਿੱਚ ਆਉਣੀ ਸ਼ੁਰੂ ਹੋ ਜਾਂਦੀ ਹੈ। ਕਿਉਂਕਿ ਬ੍ਰਿਟਿਸ਼ਾਂ ਕੋਲੋਂ ਲਿਟਰੇਚਰ ਨੂੰ ਸਮਝਣ ਦਾ ਇਕ ਸਿਸਟਮ ਸੀ।ਔਰ ਸਾਡੇ ਏਥੇ ਕਵੀ ਦਰਬਾਰਾਂ ਦੀ ਪਰੰਪਰਾ ਸ਼ੁਰੂ ਹੁੰਦੀ ਹੈ।ਸੋ ਇਸ ਸਾਰੇ ਕੁਝ ਕੁ ਤੋਂ ਸੰਤ ਸਿੰਘ ਸੇਖੋਂ ਹੁਰੀਂ ਆਲੋਚਨਾ ਦੀ ਪ੍ਰੇਰਨਾ ਲੈਂਦੇ ਹਨ। ਸਾਡੇ ਮੁੱਢਲੇ ਦੌਰ ਦੇ ਬਹੁਤ ਸਾਰੇ ਜਿਹੜੇ ਪੰਜਾਬੀ ਇਤਿਹਾਸ ਹਨ। ਉਹ ਸਾਨੂੰ ਤੱਥ ਤੇ ਤਰੀਕਾਂ ਦਿੰਦੇ ਹਨ। ਪਰ ਮੋਹਨ ਸਿੰਘ ਦੀਵਾਨਾ ਸਾਡੇ ਕੋਲ ਇਕ ਅਜਿਹਾ ਲੇਖਕ ਹੈ ਜਿਹੜਾ ਬਹੁਤ ਸਾਰੇ ਪੁਰਾਣੇ ਸਾਹਿਤ ਨੂੰ ਲੱਭ ਰਿਹਾ, ਉਨ੍ਹਾਂ ਦਾ ਸਮਾਂ ਤਹਿ ਕਰ ਰਿਹਾ, ਪਰ ਨਾਲ ਦੀ ਨਾਲ ਉਹ ਕਰਟੀਕ ਵੀ ਕਰ ਰਿਹਾ ਹੈ। ਅੰਗਰੇਜ਼ੀ ਵਿੱਚ ਉਨ੍ਹਾਂ ਪੰਜਾਬੀ ਸਾਹਿਤ ਦੇ ਇਤਿਹਾਸ ਦੀ ਕਿਤਾਬ ਲਿਖੀ 'ਪੰਜਾਬੀ ਅਦਬ ਦੀ ਮੁਖ਼ਤਸਰ ਤਵਾਰੀਖ਼'...ਇਸੇ ਸਮੇਂ ਥੋੜ੍ਹਾ ਬਹੁਤਾ ਕੰਮ ਬਨਾਰਸੀ ਦਾਸ ਜੈਨ ਦਾ ਵੀ ਹੈ।ਸੋ ਸਾਡੇ ਪੰਜਾਬੀ ਦੇ ਲੇਖਕ ਪੰਜਾਬੀ ਸਾਹਿਤ ਦੇ ਸਿਧਾਂਤ ਬਾਰੇ ਥੋੜ੍ਹਾ ਬਹੁਤਾ ਚੇਤਨ ਹੋਣਾ ਸ਼ੁਰੂ ਹੋ ਜਾਂਦੇ ਹਨ।

**ਰਸੂਲਪੁਰੀ :** ਡਾ. ਸਿਰਸਾ ਹੁਰਾਂ ਨੇ ਮੁੱਢਲੀ ਆਲੋਚਨਾ ਬਾਰੇ ਬੜੀਆਂ ਸਪੱਸ਼ਟ ਗੱਲਾਂ ਕੀਤੀਆਂ ਹੁਣ ਮੈਂ ਸੇਖੋਂ ਤੇ ਉਸ ਤੋਂ ਬਾਅਦ ਦੀ ਪੰਜਾਬੀ ਆਲੋਚਨਾ ਬਾਰੇ ਡਾ. ਸਰਬਜੀਤ ਹੁਰਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਉਹ ਕਿਸ ਕਿਸਮ ਦੀ ਅਲੋਚਨਾ ਸੀ?

**ਡਾ. ਸਰਬਜੀਤ :** ਪਰ ਮੈਂ ਮੁੱਢਲੀ ਆਲੋਚਨਾ ਉੱਤੇ ਕੁਝ ਗੱਲਾਂ ਕਰਨੀਆਂ ਚਾਹੁੰਦਾ... ਸੇਖੋਂ ਤੋਂ ਬਾਅਦ ਦੀ ਆਲੋਚਨਾ ਬਾਰੇ ਬਾਅਦ ਵਿੱਚ ਗੱਲਾਂ ਕਰਾਂਗੇ... ਕਿਉਂਕਿ ਜਿਵੇਂ ਡਾ. ਸੁਖਦੇਵ ਹੁਰਾਂ ਨੇ ਵਿਸਥਾਰ ਨਾਲ ਆਲੋਚਨਾ ਦੇ ਦ੍ਰਿਸ਼ ਬਾਰੇ ਚਾਨਣਾ ਪਾਇਆ...ਸਾਡੇ ਸਾਹਮਣੇ ਇਕ ਇਤਿਹਾਸਕ ਦ੍ਰਿਸ਼ ਲੈ ਆਂਦਾ...ਉਹਦੇ ਵਿੱਚ ਦੋ ਗੱਲਾਂ ਬਹੁਤ ਅਹਿਮ ਹਨ...ਸੇਖੋਂ ਤੋਂ ਪਹਿਲਾਂ ਦੀ ਜਿਹੜੀ ਇਸ ਕਿਸਮ ਦੀ ਆਲੋਚਨਾ ਸਾਡੇ ਸਾਹਮਣੇ ਆਈ ਹੈ ਉਹ ਨੂੰ ਅਸੀਂ ਸਵੀਕਾਰ ਨਹੀਂ ਕਰਦੇ ਜਿਸ ਕਿਸਮ ਦੀ ਆਲੋਚਨਾ ਸਾਡੇ ਅਕੈਡਮਕ ਹਲਕਿਆਂ ਵਿੱਚ ਅੱਜ ਪ੍ਰਵਾਨਤ ਹੈ। ਇਸੇ ਕਰਕੇ ਅਸੀਂ ਸੰਤ ਸਿੰਘ ਸੇਖੋਂ ਨੂੰ ਪਹਿਲਾਂ ਆਲੋਚਕ ਕਹਿਣ ਲੱਗ ਪੈਂਦੇ ਹਾਂ। ਜਿਵੇਂ ਸੁਖਦੇਵ ਹੁਰੀਂ ਇਹ ਗੱਲ ਕਰ ਰਹੇ ਸਨ ਕਿ ਬ੍ਰਿਸ਼ਟ ਦੇ ਪ੍ਰਭਾਵ ਕਾਰਨ ਜਾਂ ਪੱਛਣ ਦੇ ਗਿਆਨ ਦੇ ਪ੍ਰਭਾਵ ਕਾਰਨ ਜਿਹੜੀ ਸਾਡੇ ਵਿੱਚ ਚੇਤਨਾ ਪੈਦਾ ਹੋਈ। ਜਿਹੜੀ ਬਾਵਾ ਬੁੱਧ ਸਿੰਘ ਤੇ ਪ੍ਰੋ. ਪੂਰਨ ਸਿੰਘ ਦੇ ਹਵਾਲੇ ਨਾਲ ਉਨ੍ਹਾਂ ਗੱਲ ਕੀਤੀ ਹੈ। ਉਨ੍ਹਾਂ ਦੋਹਾਂ ਦੀ ਆਲੋਚਨਾ ਪਿੱਛੇ ਸਿਧਾਂਤ ਕੋਈ ਨਹੀਂ ਹੈ।ਜਾਂ ਕਹਿ ਲਓ ਕਿ ਸਿਧਾਂਤਕ ਮਾਡਲ ਨਹੀਂ ਹੈ।ਇਸੇ ਕਰਕੇ ਉਨ੍ਹਾਂ ਦੀ ਆਲੋਚਨਾ ਪ੍ਰਭਾਵਵਾਦੀ ਜਾਂ ਪ੍ਰਸ਼ੰਸ਼ਾਵਾਦੀ ਕਹਿ ਲਈ ਜਾਂਦੀ ਹੈ। ਪਰ ਉਹਦਾ ਮਹੱਤਵ ਬਹੁਤ ਵੱਡਾ ਹੈ। ਜਿਹਦੇ ਵੱਲ ਮੈਂ ਸੰਕੇਤ ਕਰਨਾ ਚਾਹੁੰਦਾ ਹਾਂ। ਜ਼ਰੂਰੀ ਨਹੀਂ ਹੁੰਦਾ ਕਿ ਆਲੋਚਨਾ ਦਾ ਬਹੁਤ ਵੱਡਾ ਮਹੱਤਵ ਵੀ ਹੋਵੇ। ਬਾਵਾ ਬੁੱਧ ਸਿੰਘ ਦੇ ਕੰਮ ਦਾ ਸੱਭਿਆਚਾਰਕ ਮਹੱਤਵ ਬਹੁਤ ਵੱਡਾ ਹੈ। ਜਿਸ ਨੂੰ ਸਾਡੀ ਆਲੋਚਨਾ ਜਾਂ Meta-Criticism ਨੇ ਪਛਾਣਿਆ। ਉਹ ਇਹ ਕਿ ਇਕ ਪਾਸੇ ਸਿੰਘ ਸਭਾ ਲਹਿਰ ਹੈ...ਜਿਹੜੀ ਸਿੱਖੀ ਨਾਲ ਜੋੜ ਕੇ ਪੰਜਾਬੀ ਭਾਸ਼ਾ ਬਣਾ ਰਹੀ ਹੈ। ਕਿਉਂਕਿ ਜਦੋਂ 1885-86 ਵਿੱਚ ਲਾਹੌਰ ਤੋਂ ਪੰਜਾਬੀ ਯੂਨੀਵਰਸਿਟੀ ਸ਼ੁਰੂ ਹੁੰਦੀ ਹੈ...ਜਿਵੇਂ ਗਿਆਨੀ ਹੈ... ਬੁੱਧੀਮਾਨੀ

ਹੈ... ਉਹ ਸਾਰਾ ਕੁੱਝ ਗੁਰੂ ਗ੍ਰੰਥ ਸਾਹਿਬ ਦੇ ਇਰਦ ਗਿਰਦ ਹੈ। ਇਸੇ ਕਰਕੇ ਉਸ ਲਹਿਰ ਦੇ ਨਾਲ ਪੰਜਾਬੀ ਸਿੱਖਾ ਨਾਲ ਜੁੜਨੀ ਸ਼ੁਰੂ ਹੁੰਦੀ ਹੈ ਅਤੇ ਉਰਦੂ ਮੁਸਲਮਾਨਾਂ ਨਾਲ ਜੁੜਨੀ ਸ਼ੁਰੂ ਹੋ ਜਾਂਦੀ ਹੈ। ਤੇ ਹਿੰਦੀ ਹਿੰਦੂਆਂ ਨਾਲ ਜੁੜਨੀ ਸ਼ੁਰੂ ਹੁੰਦੀ ਹੈ। ਕਿਉਂਕਿ ਆਰੀਆ ਸਮਾਜੀ ਲਹਿਰ ਨੇ ਹਿੰਦੀ ਭਾਸ਼ਾ ਤੇ ਵੀ ਬਹੁਤ ਜ਼ੋਰ ਦਿੱਤਾ। ਖਾਸ ਕਰਕੇ ਜੇ ਤੁਸੀਂ ਸੰਤ ਰਾਮ ਬੀ. ਏ. ਦੀ ਸਵੈ ਜੀਵਨੀ ਵੇਖੋ ਉਹ ਇਸ ਗੱਲ ਉੱਤੇ ਬਹੁਤ ਜ਼ੋਰ ਦਿੰਦੇ ਹਨ ਲੇਕਿਨ ਬਾਵਾ ਬੁੱਧ ਸਿੰਘ ਇਨ੍ਹਾਂ ਪਰੰਪਰਾਵਾਂ ਦੇ ਨਾਲ ਉਹ ਸਾਹਿਤ ਇਕੱਠਾ ਕਰ ਰਿਹਾ ਹੈ ਜਿਹਦਾ ਸੰਬੰਧ ਕਲਚਰ ਨਾਲ ਵੀ ਹੈ।... ਸਾਡੀਆਂ traditions ਨਾਲ ਵੀ ਤੇ ਸਾਡੀ ਫੋਕਲੋਰ ਨਾਲ ਵੀ ਹੈ। ਜਦੋਂ 1916-17 ਵਿੱਚ ਬਾਵਾ ਬੁੱਧ ਸਿੰਘ ਦੀ ਉਸ ਵੇਲੇ ਗਿਆਨੀ ਵਿੱਚ ਕਿਤਾਬ 'ਕੋਇਲ ਕੂ' ਲਾਈ ਜਾਂਦੀ ਹੈ ਤਾਂ ਉਸ ਕਿਤਾਬ ਨੂੰ ਇਹ ਕਹਿ ਕੇ ਹਟਾ ਦਿੱਤਾ ਜਾਂਦਾ ਕਿ ਇਸ ਵਿੱਚ ਕਿੱਸੇ ਕਹਾਣੀਆਂ ਹਨ। ਇਨ੍ਹਾਂ ਨੂੰ ਪੜ੍ਹ ਕੇ ਸਾਡੇ ਮੁੰਡੇ ਕੁੜੀਆਂ ਖਰਾਬ ਹੋ ਜਾਣਗੇ। ਬਾਵਾ ਬੁੱਧ ਸਿੰਘ ਦਾ ਸਾਰਾ ਕੰਮ literary tradition ਦਾ ਹੈ। ਬਾਵਾ ਬੁੱਧ ਸਿੰਘ ਦੀ ਇਹ ਮਹੱਤਤਾ ਹੈ ਕਿ ਉਹ ਪੰਜਾਬੀ ਨੂੰ ਸਿੱਖੀ ਦੇ ਦਾਇਰੇ 'ਚੋਂ ਕੱਢ ਕੇ ਪੰਜਾਬ ਦੇ ਕਲਚਰ ਦੀ ਭਾਸ਼ਾ ਬਣਾਉਣੀ ਚਾਹੁੰਦਾ ਹੈ ਤੇ ਉਸ ਸਾਰੇ ਸਾਹਿਤ ਨੂੰ ਉਸ ਵਿੱਚ ਸ਼ਾਮਿਲ ਕਰਦਾ ਹੈ ਜਿਹੜਾ ਸਾਹਿਤ ਸਿੱਖੀ ਤੋਂ ਬਾਹਰ ਪਿਆ ਹੈ। ...ਕਿਉਂਕਿ ਸਿੰਘ ਸਭਾ ਲਹਿਰ ਉਸੇ ਨੂੰ ਸਾਹਿਤ ਮੰਨ ਰਹੀ ਹੈ ਜਿਹੜਾ ਸਾਹਿਤ ਸਿੱਖੀ ਨਾਲ ਸੰਬੰਧਤ ਹੈ। ਓਸੇ ਕਰਕੇ ਭਾਈ ਵੀਰ ਸਿੰਘ ਨੂੰ ਆਧੁਨਿਕ ਕਵੀ ਵਜੋਂ ਸਥਾਪਤ ਕਰ ਦਿੱਤਾ ਜਾਂਦਾ ਹੈ ਤੇ ਬਾਕੀ ਸਾਰੀ tradition ਸਕੈਂਡਰੀ ਹੋ ਜਾਂਦੀ ਹੈ। ਦੂਜਾ ਜਿਹੜਾ ਮਸਲਾ ਜਿਹਦੇ ਵੱਲ ਡਾ. ਸੁਖਦੇਵ ਹੁਰਾਂ ਨੇ ਸੰਕੇਤ ਕੀਤਾ...ਬ੍ਰਿਟਿਸ਼ ਦੇ ਆਉਣ ਨਾਲ ਸਾਰਾ ਕੁਝ ਹੋਇਆ... ਇਹਦੇ ਵਿੱਚ ਕੋਈ ਦੋ ਰਾਵਾਂ ਨਹੀਂ। ਪ੍ਰੋ. ਪੂਰਨ ਸਿੰਘ ਦੋ ਲੇਖ ਲਿਖਦੇ ਹਨ... ਪੰਜਾਬੀ ਸਾਹਿਤ ਪਰ ਕਟਾਕਸ਼... ਕਵਿਤਾ ਅਤੇ politics...ਕਵਿਤਾ ਦਾ ਸੰਬੰਧ ਕੋਮਲ ਹੁਨਰਾ ਨਾਲ...ਉਹ ਕੀ ਕਰ ਰਹੇ ਹਨ ਕਿ ਉਸ ਸਮੇਂ ਜਿਹੜੇ ਪੰਜਾਬੀ ਬੰਦੇ ਦਾ ਵਾਹ...ਬ੍ਰਿਟਿਸ਼ ਕਰਕੇ ਅੰਗਰੇਜ਼ੀ ਭਾਸ਼ਾ ਦੇ ਰਾਹੀ ਬਾਕੀ ਸਾਹਿਤ, ਸਾਹਿਤਕਾਰਾਂ ਅਤੇ ਆਲੋਚਨਾ ਨਾਲ ਪੈਂਦਾ, ਇਹ ਸਾਡੀ ਪੜ੍ਹੀ ਲਿਖੀ ਪੀੜ੍ਹੀ ਉਸ ਨੂੰ ਸਵੀਕਾਰ ਕਰਦੀ ਹੈ। ਔਰ ਸਵੀਕਾਰ ਕਰਕੇ ਆਪਣੇ ਸਾਹਿਤ ਨੂੰ ਸਮਰਿਧ ਕਰਨਾ ਚਾਹੁੰਦੀ ਹੈ। ਜਿਹਦੇ ਕਰਕੇ ਪ੍ਰਿੰ. ਤੇਜਾ ਸਿੰਘ ਜਿਨ੍ਹਾਂ ਨੂੰ ਆਪਾਂ ਸਾਹਿਤ ਦੇ ਰਸੀਏ ਕਹਿੰਨੇ ਆ..ਉਨ੍ਹਾਂ ਨੂੰ ਅੰਗਰੇਜ਼ੀ ਸਾਹਿਤ ਦੀ ਪੂਰੀ ਦੀ ਪੂਰੀ ਸਮਝ ਹੈ। ਜੇ ਅਸੀਂ ਮੋਹਨ ਸਿੰਘ ਦੀਵਾਨਾ ਦੀ ਗੱਲ ਕਰੀਏ ਤਾਂ ਉਨ੍ਹਾਂ ਦਾ ਕੰਮ ਉਸ ਦੌਰ ਵਿੱਚ ਉਰੇਜ਼ਿਨਲ ਕਿਸਮ ਦਾ ਹੈ। ਲੇਕਿਨ ਉਸ ਦੇ ਪਿੱਛੇ ਵੀ ਜਿਹੜਾ ਮਾਡਲ ਹੈ ਉਹ ਬ੍ਰਿਟਿਸ਼ ਚੇਤਨਾ ਦਾ ਹੀ ਪਿਆ ਹੋਇਆ ਹੈ। ਉਦੋਂ ਸਿਧਾਂਤਕ ਤੌਰ 'ਤੇ ਅਸੀਂ ਅਜੇ ਉੱਸਲ-ਵੱਟੇ ਹੀ ਲੈ ਰਹੇ ਸਾਂ... ਉਸ ਦੌਰ ਦੇ ਵਿੱਚ... ਕਿਉਂਕਿ ਸਾਡੀ ਹੋਂਦ ਦਾ ਮਸਲਾ...ਸਾਡੀਆਂ ਧਾਰਮਿਕ ਲਹਿਰਾਂ ਦਾ ਮਸਲਾ...ਬ੍ਰਿਟਿਸ਼ ਸਮਰਾਜ ਦੇ ਦਾਬੇ ਦਾ ਮਸਲਾ ਤੇ ਆਪਣੀ tradition ਨੂੰ ਇਕੱਠਾ ਕਰਨ ਦਾ ਮਸਲਾ...ਬਹੁਤ ਕੁਝ ਹੈ... ਔਰ ਮੈਨੂੰ ਇਸ ਗੱਲ ਦੀ ਹੈਰਾਨੀ ਹੋਈ ਕਿ ਕਈ ਵਾਰੀ ਅਸੀਂ ਓਧਰ ਜਾਂਦੇ ਨਹੀਂ... ਮੈਂ ਪੜ੍ਹ ਰਿਹਾ ਸੀ ਸੰਤ ਰਾਮ ਬੀ. ਏ. ਦੀ ਕਿਤਾਬ...ਸਵੈ ਜੀਵਨੀ ਉਹਦੇ ਵਿੱਚ ਉਹ ਜ਼ਿਕਰ ਕਰਦਾ ਕਿ ਉਹ 1926 ਵਿੱਚ ਪੰਜਾਬੀ ਦੇ ਲੋਕ ਗੀਤਾਂ ਦੀ ਪਹਿਲੀ ਕਿਤਾਬ ਦਾ ਸੰਗ੍ਰਹਿ ਕਰਦਾ...ਔਰ ਕੀਤੀ ਉਹਨੇ ਹਿੰਦੀ ਵਿੱਚ। ਕਿਉਂਕਿ ਉਹ ਆਰੀਆ ਸਮਾਜੀ ਸੀ ਤੇ ਜਾਤਪਾਤ ਤੋੜਕ ਮੰਡਲ ਦਾ ਉਹ ਕਰਤਾ ਧਰਤਾ ਸੀ ਤੇ ਉਹਨੇ ਹਿੰਦੀ ਵਿੱਚ ਉਹ ਕਿਤਾਬ ਤਿਆਰ ਕੀਤੀ... ਔਰ ਜਾਤ-ਪਾਤ ਦੇ ਬੀਜ ਨਾਸ ਦਾ ਮਸਲਾ... ਸਿੱਧੇ ਰੂਪ ਵਿੱਚ ਅੰਬੇਡਕਰ

ਤੇ ਮਹਾਤਮਾ ਗਾਂਧੀ ਨਾਲ ਜੁੜਿਆ ਹੋਇਆ ਸੀ। ਕਿਉਂਕਿ ਉਹ ਸਾਹਿਤ ਸਾਡੇ ਸਾਹਮਣੇ ਹੁਣ ਆ ਰਿਹਾ ...ਜਿਵੇਂ ਭਾਈ ਵੀਰ ਸਿੰਘ ਦਾ ਬਹੁਤ ਸਾਰਾ ਸਾਹਿਤ ਹੁਣ ਸਾਹਮਣੇ ਆ ਰਿਹਾ...ਜਿਹੜਾ ਓਸ ਵੇਲੇ ਛਪਿਆ ਨਹੀਂ... ਇਸ ਕਰਕੇ ਓਸ ਸਾਰੀ ਸਥਿਤੀ ਬਾਰੇ ਸਵੀਪਿੰਗ ਸਟੇਟਮੈਂਟ ਨਾਲੋਂ ਓਸ ਵੇਲੇ ਦੀ ਸਮੱਗਰੀ ਦੇ ਇਕੱਤਰੀਕਰਨ ਵੱਲ ਜ਼ੋਰ ਦਈਏ...ਜਿਹੜਾ ਆਪਣਾ ਆਲੋਚਨਾ ਦਾ ਮਸਲਾ ਐ... ਤਾਂ ਉਹਦੇ ਵਿੱਚੋਂ ਸਾਡਾ ਕੋਈ ਸਹੀ ਦ੍ਰਿਸ਼, ਸਹੀ prospective ਬਣੇਗਾ ਜਿਹਦੇ ਵੱਲ ਡਾ. ਸੁਖਦੇਵ ਨੇ ਇਸ਼ਾਰਾ ਕੀਤਾ ਹੈ।

**ਰਸੂਲਪੁਰੀ :** ਡਾ. ਗੁਰਮੇਲ ... ਸਾਡੇ ਪ੍ਰਯੋਗਵਾਦੀ/ਪ੍ਰਗਤੀਵਾਦੀ ਆਲੋਚਕ ਆਪਣੀਆਂ ਆਪਣੀਆਂ ਧਾਰਨਾਵਾਂ ਨੂੰ ਲੈ ਕੇ ਅਕਸਰ ਲੜ ਪੈਂਦੇ ਸਨ। ਅਜਿਹਾ ਕਿਉਂ?

**ਡਾ. ਗੁਰਮੇਲ :** ਮੈਨੂੰ ਇਹ ਤੁਹਾਡੀ ਗੱਲ ਦਰੁਸਤ ਨਹੀਂ ਲੱਗਦੀ। ਕਿਉਂਕਿ ਪ੍ਰਯੋਗਵਾਦ ਸੁਚੇਤ ਤੌਰ ਤੇ ਸਾਹਿਤ ਦੇ ਖੇਤਰ ਵਿਚ ਕੀਤੇ ਗਏ ਨਵੇਂ ਤਜ਼ਰਬੇ ਦਾ ਨਾਂ ਹੈ ਜਦਕਿ ਇਹ ਕੋਈ ਆਲੋਚਨਾ ਦੀ ਟਰਮ ਨਹੀਂ ਹੈ। ਕਿਉਂਕਿ ਕੋਈ ਵੀ ਆਲੋਚਨਾ ਦੇ ਪਿਛੇ ਇਕ ਸਿਧਾਂਤ ਪਿਆ ਹੁੰਦਾ ਹੈ ਜਿਵੇਂ ਪ੍ਰਗਤੀਵਾਦ ਦੇ ਪਿਛੇ ਮਾਰਕਸਵਾਦੀ ਸਾਹਿਤ ਸਿਧਾਂਤ। ਪੰਜਾਬੀ ਸਾਹਿਤ ਆਲੋਚਨਾ ਦੇ ਖੇਤਰ ਵਿਚ ਪ੍ਰਯੋਗਸ਼ੀਲ ਸਾਹਿਤ ਦੀ ਆਲੋਚਨਾ ਤਾਂ ਦੇਖੀ ਜਾ ਸਕਦੀ ਹੈ। ਵਿਚਾਰਾਂ ਦੇ ਭੇੜ ਵਿਚ ਤਲਖੀ ਤਾਂ ਹੋ ਸਕਦੀ ਹੈ। ਇਹ ਵੀ ਸੁਭਾਵਿਕ ਹੈ ਕਿ ਜਿਸ ਕੋਲ ਵਿਚਾਰਧਾਰਕ ਪਰਪੱਕਤਾ ਹੋਵੇਗੀ ਉਸਦਾ ਪਲੜਾ ਭਾਰੂ ਹੋਣਾ ਸੁਭਾਵਿਕ ਹੈ।

**ਰਸੂਲਪੁਰੀ :** ਸਿਰਸਾ ਜੀ...ਸੇਖੋਂ ਦੇ ਸਮੇਂ ਜਾਂ ਬਾਅਦ ਵਿੱਚ ਜਿਹੜੇ ਨਾਵਲਕਾਰ ਸੁਰਿੰਦਰ ਨਰੂਲਾ...ਨਾਨਕ ਸਿੰਘ ਵਗੈਰਾ ਵਗੈਰਾ ਨਾਵਲ ਲਿਖਦੇ ਨੇ ਜਾਂ ਕਹਾਣੀਕਾਰ ਕਰਤਾਰ ਸਿੰਘ ਦੁੱਗਲ, ਸੇਖੋਂ... ਧੀਰ... ਪ੍ਰੀਤ ਲੜੀ... ਮਹਿੰਦਰ ਸਿੰਘ ਸਰਨਾ ਕਹਾਣੀਆਂ ਲਿਖਦੇ ਸਨ...ਬਾਵਾ ਬਲਵੰਤ... ਨੂਰਪੁਰੀ ਵਰਗੇ ਕਵੀ ਆਉਂਦੇ ਨੇ ਇਨ੍ਹਾਂ ਦੇ ਸਾਹਿਤ ਦਾ ਜਦੋਂ ਆਲੋਚਕ ਵਿਸ਼ਲੇਸ਼ਣ ਕਰਦੇ ਸਨ ਉਹ ਕਿਹੜੇ ਸਿਧਾਂਤਕ ਟੂਲ ਵਰਤਦੇ ਨੇ...ਉਨ੍ਹਾਂ ਕੋਲ ਆਲੋਚਨਾ ਦੇ ਕਿਸ ਕਿਸਮ ਦੇ ਮਾਡਲ ਹੁੰਦੇ ਨੇ...

**ਡਾ. ਸੁਖਦੇਵ ਸਿਰਸਾ :** ਇਨ੍ਹਾਂ 'ਤੇ ਬਾਅਦ ਵਿੱਚ ਆਉਂਦੇ ਹਾਂ... ਥੋੜ੍ਹਾ ਜਿਹਾ ਰੁਕ ਜਾ... ਅਜੇ ਮੈਂ ਸੇਖੋਂ ਤੋਂ ਪਹਿਲੇ ਦੌਰ ਦੀ ਥੋੜ੍ਹੀ ਜਿਹੀ ਗੱਲ ਕਰਨਾ ਚਾਹੁੰਦਾ...ਹੁਣ ਪ੍ਰਿੰ. ਤੇਜਾ ਸਿੰਘ ਪ੍ਰੋਫੈਸਰ ਇਤਿਹਾਸ ਦਾ ਏ... ਖਾਲਸਾ ਕਾਲਜ ਅੰਗਰੇਜ਼ੀ 'ਚ ਡਰਾਮਾ ਪੜ੍ਹਾਉਂਦਾ ਏ...ਔਰ ਉਹਦੇ ਕੋਲ ਵਿਦਿਆਰਥੀ ਪੜ੍ਹਨ ਕਿੱਥੋਂ ਆਉਂਦੇ ਨੇ ਐਫ. ਸੀ. ਲਾਹੌਰ ਕਾਲਜ ਦੇ ਵਿਦਿਆਰਥੀ...ਮੋਹਨ ਸਿੰਘ ਦੀਵਾਨਾ ਵੀ ਅੰਗਰੇਜ਼ੀ ਦਾ ਪ੍ਰੋਫੈਸਰ ਸੀ। ਪੀਐੱਚ. ਡੀ. ਉਸਦੀ ਉਰਦੂ ਲਿਟਰੇਚਰ ਉੱਤੇ ਆ...ਔਰ ਜਿਹੜਾ ਬਨਾਰਸੀ ਦਾਸ ਜੈਨ ਆ ਉਹਦਾ ਕੰਮ ਵੀ linguistic ਦਾ ਆ ਪ੍ਰੋਫੈਸਰ ਉਹ ਹਿੰਦੀ ਦਾ ਆ...Oriental College Lohore ਵਿਚ ਪੜ੍ਹਾ ਰਿਹਾ ਹੈ। ਦੂਜਾ ਪੀਐਚ. ਡੀ. ਦਾ ਥੀਸਿਸ ਲੁਧਿਆਣੇ ਦੀ ਭਾਸ਼ਾ ਉੱਤੇ ਆ a Phonology of Punjabi as spoken about Ludhina...ਉਹ ਬਾਅਦ ਵਿੱਚ ਕਿਤੇ ਜਾ ਕੇ ਪੰਜਾਬੀ ਜ਼ੁਬਾਨ ਉੱਤੇ ਕਿਤਾਬ ਲਿਖਦਾ ਆ। ਹੁਣ ਰੌਲਾ ਕਿੱਥੇ ਆ... ਜਿਹੜੀ ਗੱਲ ਡਾ. ਸਰਬਜੀਤ ਕਰ ਰਿਹਾ ਸੀ.. ਇਕ ਪਾਸੇ ਸਾਡੇ ਉਹ ਆਲੋਚਕ ਨੇ ਜਿਹੜੀ ਪੰਜਾਬੀ ਨੂੰ ਸਿੱਖੀ ਤੱਕ ਸੀਮਤ ਕਰ ਰਹੇ ਨੇ। (ਰਸੂਲਪੁਰੀ–(ਵਿਚੋਂ ਟੋਕ ਕੇ) ਉਹ ਕਿਹੜੇ ਨੇ?) ...ਖਾਸ ਤੌਰ ਤੇ ਜਿਹੜੀ ਸਿੰਘ ਸਭਾ ਲਹਿਰ ਦੀ ਸਾਰੀ ਦੀ ਸਾਰੀ ਸਟਰੀਮ ਸੀ। ਉਹ ਗੁਰਬਾਣੀ ਅਤੇ ਸਿੱਖ Literature ਤੇ ਹੀ ਕੇਂਦਰਤ ਕਰਦੀ ਸੀ। ਬਾਅਦ ਵਿੱਚ, ਮੀਰ

ਕਰਾਮਤ ਜਦੋਂ ਪੰਜਾਬੀ ਦਾ ਤਤਕਰਾ ਲਿਖਦਾ ਔਰ ਮੌਲਾ ਬਖ਼ਸ਼ ਦੀ ਹੀਰ ਵਿੱਚ ਉਹ ਪਿੱਛੇ ਛਾਪ ਦਿੱਤਾ ਜਾਂਦਾ। ਇਹ 1903 ਵਿੱਚ ਛਪਦੀ ਹੈ। ਔਰ ਮੌਲਾ ਬਖ਼ਸ਼ ਐਨਾ ਸੁਚੇਤ ਹੈ ਉਹ ਕਹਿ ਰਿਹਾ ਕਿ ਸਾਨੂੰ ਅੰਗਰੇਜ਼ਾਂ ਦੇ ਬਸਤੀਵਾਦੀ ਪ੍ਰਬੰਧ ਨੂੰ ਸਮਝਣਾ ਪਵੇਗਾ। ਉਹ ਤਿੰਨ ਗੱਲਾਂ ਕਹਿੰਦਾ... ਜਿਹੜੀ ਕੌਮ ਦੀ ਆਪਣੀ ਮੰਡੀ ਨਹੀਂ ਹੋਵੇਗੀ...ਆਪਣਾ ਬਜ਼ਾਰ ਨਹੀਂ ਹੋਵੇਗਾ...ਜਿਸ ਕੌਮ ਦੀ ਆਪਣੀ ਭਾਸ਼ਾ ਤੇ ਆਪਣਾ ਸੱਭਿਆਚਾਰ ਨਹੀਂ ਹੋਵੇਗਾ ਉਹ ਬਚ ਨਹੀਂ ਪਏਗੀ। ਇਹ ਗੱਲਾਂ 1903 ਵਿੱਚ ਕਰ ਰਿਹਾ। ਜਦੋਂ ਭਾਈ ਵੀਰ ਸਿੰਘ ਕੋਲ ਇਹ ਚੇਤਨਾ ਨਹੀਂ ਸੀ। ਮੈਂ ਉਸ ਗੱਲ ਤੇ ਆਉਂਦਾ ਕਿ ਸੇਖੋਂ ਤੋਂ ਪਹਿਲਾਂ ਇਕ ਪਿੜ ਬੱਝ ਰਿਹਾ ਸੀ ਉਸ ਪਿੜ ਵਿੱਚ ਦੋ ਗੱਲਾਂ ਹੋ ਰਹੀਆਂ ਸਨ, ਕਿ ਪੰਜਾਬੀ ਕਿਹਦੀ ਜ਼ੁਬਾਨ ਐ...ਪ੍ਰਿੰ. ਤੇਜਾ ਸਿੰਘ ਇਕ ਕਿਤਾਬ ਲਿਖ ਰਿਹਾ ਕਿ 'ਪੰਜਾਬੀ ਕਿਵੇਂ ਪੜ੍ਹੀਏ' ...'ਸਾਹਿਤ ਦਰਸ਼ਨ' ਕਿਤਾਬ ਇੰਝ ਲੱਗਦਾ ਕਿ ਸਿਧਾਂਤਕ ਕਿਤਾਬ ਹੋਵੇਗੀ। ਉਹ ਸਿਰਫ ਭੂਮਿਕਾਵਾਂ ਨੇ... ਉਹਦੇ 'ਚ ਕੁਝ ਵੀ ਨਹੀਂ। ਪਰ ਜੇਕਰ ਪ੍ਰਿੰ. ਤੇਜਾ ਸਿੰਘ ਦਾ 'ਸਾਹਿਤ ਸਿਧਾਂਤ' ਪੜ੍ਹਨਾ ਹੋਵੇ ਤਾਂ ਉਹ ਗੱਲਾਂ ਉਹਦੇ ਵਿੱਚ ਆ...ਜਿਹਦੇ ਵਿੱਚ ਉਹ ਸਾਹਿਤ ਦੇ ਵੱਖ ਵੱਖ Zanar ਬਾਰੇ ਜ਼ਿਕਰ ਹੈ। ਪ੍ਰਿੰ. ਤੇਜਾ ਸਿੰਘ ਲਿਖਦਾ ਆ। ਜਿਹੜੀ ਗੱਲ ਤੁਸੀਂ ਸਵਾਲ ਵਿੱਚ ਕੀਤੀ ...ਪਰ ਕਿਤਾਬ ਦਾ ਨਾਂ ਬੜਾ ਅਜੀਬ ਕਿਸਮ ਦਾ ਆ. ਨਾਂ ਐ 'ਪੰਜਾਬੀ ਕਿਵੇਂ ਸਿਖੀਏ' ਸਵਾਲ ਸਿਰਫ ਇਹ ਸੀ ਸੇਖੋਂ ਤੋਂ ਪਹਿਲਾਂ ਇਕ ਪਿੜ ਬੱਝ ਰਿਹਾ ਸੀ। ਇਕ ਪਿੱਠਭੂਮੀ ਤਿਆਰ ਹੋ ਰਹੀ ਸੀ...ਲਿਟਰੇਚਰ ਨੂੰ ਸਮਝਣ ਲਈ। ਇਕ ਪਾਸੇ ਸਾਡੇ ਕੋਲ ਯੂਰਪ ਵੱਲੋਂ ਚੇਤਨਾ ਆ ਰਹੀ ਸੀ...ਸਾਡੇ ਕਾਲਜਾਂ ਵਿੱਚ ਉਦੋਂ ਅੰਗਰੇਜ਼ੀ ਦੇ ਅਧਿਆਪਕ ਬ੍ਰਿਟਸ਼ ਦੇ ਸਨ। ਚਾਹੇ ਉਹ ਐਫ. ਸੀ. ਕਾਲਜ ਲਾਹੌਰ ਸੀ ਜਾਂ Oriental College Lohore ਸੀ। ਲਾਜਵੰਤੀ ਰਾਮ ਕ੍ਰਿਸ਼ਨ ਦੇ ਥੀਸਿਸ ਦੀ ਭੂਮਿਕਾ ਜਿਹੜਾ ਬੰਦਾ ਲਿਖ ਰਿਹਾ ਉਹ ਪੰਜਾਬ ਦਾ ਅੰਗਰੇਜ਼ ਅਧਿਕਾਰੀ ਡੀ ਪੀ ਆਈ ਆ। ਸੋ ਇਸ ਸਾਰੇ ਵਰਤਾਰੇ ਨੂੰ ਸਮਝਣਾ ਪਵੇਗਾ ਕਿ ਸੇਖੋਂ ਤੱਕ ਆਉਂਦਿਆਂ ਆਉਂਦਿਆਂ ਸਾਡੀ ਆਲੋਚਨਾ ਕਿਸ ਕਿਸਮ ਦੀ ਸ਼ੁਰੂ ਹੋ ਜਾਂਦੀ ਆ। ਆਪਾਂ ਕਹਿ ਦਿੰਦੇ ਆ ਕਿ ਜੇ ਕਿਸੇ ਕੋਲੋਂ ਆਲੋਚਨਾ ਦਾ ਬੱਝਵਾਂ ਮੁਹਾਵਰਾ ਸੀ ਉਹ ਸੇਖੋਂ ਕੋਲ ਸੀ। ਇਸੇ ਕਰਕੇ ਉਹਨੂੰ ਪੰਜਾਬੀ ਦਾ ਪਹਿਲਾ ਆਲੋਚਕ ਮੰਨ ਲੈਂਦੇ ਆ। ਸਹੀ ਮਆਨਿਆ ਵਿੱਚ ਸਹੀ ਅਕਾਦਮਿਕ ਆਲੋਚਨਾ ਦਾ ਮੁਹਾਵਰਾ ਤੇ concept ਨੇ । ਉਹ ਜੋ ਕੋਈ ਤਿਆਰ ਕਰ ਰਿਹਾ ਤਾਂ ਉਹ ਸੇਖੋਂ ਕਰ ਰਿਹਾ।

**ਰਸੂਲਪੁਰੀ :** ਸਾਡੇ ਕੋਲ ਸੇਖੋਂ ਤੋਂ ਬਾਅਦ ਜੋ ਆਲੋਚਕ ਆਉਂਦੇ ਨੇ ਉਨ੍ਹਾਂ ਦੀ ਦ੍ਰਿਸ਼ਟੀ ਕਿਸ ਤਰ੍ਹਾਂ ਦੀ ਰਹੀ ਏ?... ਕੇਸਰ ਸਿੰਘ ਕੇਸਰ ਹੈ... ਰਵਿੰਦਰ ਰਵੀ ਐ... ਟੀ. ਆਰ ਵਿਨੋਦ ਆ... ਹਰਿਭਜਨ ਸਿੰਘ ਜਾਂ ਜੋਗਿੰਦਰ ਸਿੰਘ ਰਾਹੀ ਆ...ਸੇਖੋਂ ਨੂੰ ਮਾਰਕਸਵਾਦੀ ਦ੍ਰਿਸ਼ਟੀ ਦਾ ਆਲੋਚਕ ਮੰਨਿਆ ਜਾਂਦਾ ਆ... ਉਹ ਜਦੋਂ ਕਿਸੇ ਵਿਧਾ ਤੇ ਆਲੋਚਨਾ ਕਰਦਾ ਸੀ ਤੇ ਆਪਣੀ ਓਸੇ ਦ੍ਰਿਸ਼ਟੀ ਨਾਲ ਕਰਦਾ ਸੀ...

**ਡਾ. ਸਰਬਜੀਤ :** ਵੇਖੋ ਇਸ ਗੱਲ ਨੂੰ ਇਤਿਹਾਸਕ ਤੌਰ ਤੇ ਨਹੀਂ ਭੁੱਲਿਆ ਜਾ ਸਕਦਾ ਕਿ 1936 ਵਿੱਚ ਜਦੋਂ ਪ੍ਰਗਤੀਸ਼ੀਲ ਲੇਖਕ ਸੰਘ ਬਣਦਾ ਹੈ। ਉਹ ਹਿੰਦੋਸਤਾਨ ਦੀਆਂ ਸਾਰੀਆਂ ਭਾਸ਼ਾਵਾਂ ਦੇ ਸਾਹਿਤ ਤੇ ਅਸਰ ਕਰਦਾ ਹੈ। ਉਸ ਵੇਲੇ ਜਿਹੜੀ ਸਾਡੀ ਪੰਜਾਬੀ ਦੀ ਪੀੜ੍ਹੀ ਸੀ। ਜੇ ਮੈਂ ਕਰਿਏਟਿਵ ਸਾਹਿਤ ਦੇ ਹਵਾਲੇ ਨਾਲ ਵੀ ਗੱਲ ਕਰਾਂ ਤਾਂ ਮੋਹਨ ਸਿੰਘ 'ਚਾਰ ਹੰਝੂ' ਕਿਤਾਬ ਲਿਖ ਰਿਹਾ। ਉਹ ਸਾਰੀ romantic poetry ਆ। ਸਾਰਾ ਰੁਦਨ ਤੇ ਮੁਹੱਬਤ ਆ। ਉਸ ਤੋਂ

ਬਾਅਦ ਉਹ ਕ੍ਰਾਂਤੀਕਾਰ ਬਣ ਜਾਂਦਾ ਆ? ਕਿਉਂਕਿ ਪ੍ਰਗਤੀਸ਼ੀਲ ਲੇਖਕ ਸੰਘ ਦੀ ਮੂਵਮੈਂਟ ਦਾ ਪ੍ਰਭਾਵ ਆ। ਔਰ ਸੰਤ ਸਿੰਘ ਸੇਖੋਂ 'ਤੇ ਪ੍ਰਭਾਵ ਆ। ਪਹਿਲੀ ਕਹਾਣੀ ਦੀ ਕਿਤਾਬ ਸੰਪਾਦਤ ਹੋ ਕੇ ਕੇ ਆਉਂਦੀ ਆ 'ਅੰਗਾਰੇ' ਮੇਰਾ ਕਹਿਣ ਦਾ ਭਾਵ ਹੈ ਕਿ 1936 ਤੋਂ ਬਾਅਦ ਜਿਹੜਾ ਸਾਹਿਤ ਦਾ ਮਾਹੌਲ ਬਣਨਾ ਸ਼ੁਰੂ ਹੁੰਦਾ ਹੈ...ਪ੍ਰਗਤੀਸ਼ੀਲ ਲੇਖਕ ਸੰਘ ਦਾ ਜਿਹੜਾ ਆਜੰਡਾ ਸੀ ਜਿਹਦੇ ਚਾਰ ਪੰਜ ਸੂਤਰ ਸਨ ਕਿ ਦਲਿਤਾ ਦੇ ਹੱਕਾਂ ਦੀ ਗੱਲ... ਔਰਤ ਦਾ ਮਸਲਾ ਸੀ...ਬ੍ਰਿਟਸ਼ ਲੋਕਾਂ ਦੇ ਖ਼ਿਲਾਫ਼... ਜਾਤ ਪਾਤ ਦੇ ਖ਼ਿਲਾਫ਼ ਆਦਿ ਆਦਿ... ਇਨ੍ਹਾਂ ਨੇ ਸਾਡੇ ਲੇਖਕਾਂ ਨੂੰ ਵਿਵੇਕਸ਼ੀਲਤਾ ਵੱਲ ਮੋੜਿਆ। ਜਦੋਂ ਲੇਖਕ Criticul ਤੋਂ Creative Literature ਵੱਲ ਜਿੱਥੇ ਮੁੜਿਆ ਤਾਂ ਉਸ Creative ਲਿਟਰੇਚਰ ਨੂੰ Criticul ਰੂਪ ਨਾਲ ਸਮਝਣ ਦੇ ਲਈ ਆਲੋਚਨਾ ਦੀ ਲੋੜ ਪੈਂਦੀ ਆ। ਇਕ ਵੱਡੀ ਗੱਲ ਤਾਂ ਇਹ ਸੀ। ਨੰਬਰ ਦੋ... ਫਿਰ ਸਾਡੀ ਜਿਹੜੀ ਉੱਚ ਅਕਾਦਮਿਕਤਾ ਸੀ ਉਹਦੇ ਵਿੱਚੋਂ ਆਲੋਚਨਾ ਦੀ ਲੋੜ ਪੈਦਾ ਹੋਈ। ਪੰਜਾਬੀ ਦੀ ਐਮ. ਏ. ... ਬੀ. ਏ... ਲਈ ਆਲੋਚਨਾ ਦੀ ਲੋੜ ਪਈ। (ਰਸੂਲਪੁਰੀ-(ਵਿੱਚੋਂ ਟੋਕ ਕੇ)-ਕੀ ਸੇਖੋਂ ਦੀ ਮੁੱਢਲੀ ਆਲੋਚਨਾ ਅਕਾਦਮਿਕ ਲੋੜਾਂ ਦੀ ਪੂਰਤੀ ਲਈ ਸੀ?) ਹਾਂ-ਹਾਂ... ਬਿਲਕੁਲ... ਜਿਹੜੀ ਸੇਖੋਂ ਦੀ ਕਿਤਾਬ 'ਸਾਹਿਤਆਰਥ' ਹੈ। ਉਸ ਕਿਤਾਬ ਵਿੱਚ ਜੋ ਲੇਖ ਹਨ ...ਉਹ ਲੇਖ ਲਾਹੌਰ ਬੁੱਕ ਸ਼ਾਪ ਵੱਲੋਂ ਜਿਹੜਾ ਮੈਗਜ਼ੀਨ ਕੱਢਿਆ ਜਾਂਦਾ ਸੀ ਉਸ ਵਿੱਚ ਉਹ ਲੇਖ ਲੜੀਵਾਰ ਛਪੇ ਸਨ। ਉਹ academic ਲੋੜਾਂ 'ਚ ਨਿਕਲੀ ਹੋਈ ਆਲੋਚਨਾ ਸੀ... ਪਰ ਉਹ ਕੇਵਲ ਤੇ ਕੇਵਲ academic ਲੋੜਾਂ ਦੀ ਪੂਰਤੀ ਕਰਨ ਵਾਲੇ ਲੇਖ ਨਹੀਂ ਸਨ। ਕਿਉਂਕਿ ਸੇਖੋਂ ਇਤਿਹਾਸ ਤੇ ਅਰਥ ਸ਼ਾਸਤਰ ਦਾ ਪੜ੍ਹਿਆ ਲਿਖਿਆ ਬੰਦਾ ਸੀ। ਮਾਰਕਸਵਾਦ ਨਾਲ ਜੁੜਨ ਕਰਕੇ ਉਹ ਨੇ ਆਪਣੀ academic ਖੋਜ ਨੂੰ ਆਲੋਚਨਾ ਨਾਲ ਜੋੜ ਕੇ ਇਕ ਬੇਲੈਂਸ ਪੈਦਾ ਕੀਤਾ। ਇਹ ਕੇਵਲ ਬੀ. ਏ., ਐਮ. ਏ. ਦੇ ਪੇਪਰਾਂ ਦੀਆਂ ਲੋੜਾਂ ਦੀ ਪੂਰਤੀ ਵਾਲੀ ਆਲੋਚਨਾ ਨਹੀਂ ਸੀ। ਤੁਸੀਂ ਉਸ ਦੇ ਦਿੱਤੇ ਸਿਧਾਂਤ ਰਾਹੀਂ ਬਾਕੀ ਸਾਹਿਤ ਨੂੰ ਪੜ੍ਹ ਸਕਦੇ ਹੋ।

**ਰਸੂਲਪੁਰੀ :** ਡਾ. ਗੁਰਮੇਲ ਜੀ...ਕੀ ਸੇਖੋਂ ਉਸ ਸਮੇਂ ਉਸੇ ਸਾਹਿਤ ਦੀ ਹੀ ਗੱਲ ਕਰਦਾ ਸੀ ਜੋ ਮਾਰਕਸਵਾਦੀ ਸੋਚ ਨਾਲ ਲਿਖਿਆ ਗਿਆ ਹੋਵੇ।

**ਡਾ. ਗੁਰਮੇਲ :** ਨਹੀਂ, ਇਸ ਤਰ੍ਹਾਂ ਨਹੀਂ ਹੈ ਕਿ ਸੇਖੋਂ ਨੇ ਆਪਣੇ ਸਮੇਂ ਵਿਚ ਉਸੇ ਸਾਹਿਤ ਦੀ ਗੱਲ ਕੀਤੀ ਜੋ ਮਾਰਕਸਵਾਦੀ ਸੋਚ ਨਾਲ ਲਿਖਿਆ ਗਿਆ ਹੋਵੇ। ਸੇਖੋਂ ਨੇ ਤਾਂ ਸਗੋਂ ਮੱਧਕਾਲੀ ਸਾਹਿਤ ਨੂੰ ਮਾਰਕਸਵਾਦੀ ਨਜ਼ਰੀਏ ਨਾਲ ਸਮਝਣ ਦੀ ਗੱਲ ਕੀਤੀ। ਸੇਖੋਂ ਨੇ ਤਾਂ ਇਹ ਕਹਿਣ ਦੀ ਜ਼ੁਰਅਤ ਕੀਤੀ ਕਿ ਮੱਧਕਾਲੀ ਸਾਹਿਤ ਅਜਿਹੀ ਗੈਬੀ ਸ਼ਕਤੀ ਨਾਲ ਸਬੰਧਤ ਹੈ ਜੋ ਕਿ ਕਾਬਜ ਰਾਜਸੀ ਸੱਤਾ ਦੇ ਹੱਕ ਵਿਚ ਭੁਗਤ ਜਾਂਦਾ ਹੈ। ਮਾਰਕਸਵਾਦੀ ਚਿੰਤਕ ਹੋਣ ਕਾਰਨ ਉਹ ਸਾਹਿਤ ਸਮਾਜ ਤੇ ਇਤਿਹਾਸ ਪ੍ਰਤੀ ਜਮਾਤੀ ਦ੍ਰਿਸ਼ਟੀਕੋਣ ਰੱਖਦਾ ਹੈ। ਇਸੇ ਕਰਕੇ ਉਹ ਹੀਰ ਵਾਰਿਸ ਸ਼ਾਹ ਵਿੱਚੋਂ ਵੀ ਇਨਕਲਾਬੀ ਚੇਤਨਾ ਦੀ ਤਲਾਸ਼ ਕਰ ਲੈਂਦਾ ਹੈ। ਸੇਖੋਂ ਨੇ ਤਾਂ ਭਾਈ ਵੀਰ ਸਿੰਘ ਉੱਤੇ ਲਿਖਿਆ ਅਤੇ ਭਾਈ ਗੁਰਦਾਸ ਜੀ ਬਾਰੇ ਵੀ ਉਨ੍ਹਾਂ ਦਾ ਕੰਮ ਦੇਖਣ ਵਾਲਾ ਹੈ।

**ਰਸੂਲਪੁਰੀ :** ਜੋ ਸਾਡੇ ਮੁੱਢਲੇ ਆਲੋਚਕ ਹਨ... ਜਿਵੇਂ ਸੰਤ ਸਿੰਘ ਸੇਖੋਂ ਆ...ਸੁਰਿੰਦਰ ਸਿੰਘ ਨਰੂਲਾ ਆਇਆ... ਟੀ ਆਰ ਵਿਨੋਦ ਆਉਂਦਾ ਆ... ਇਹ ਸਾਰੇ ਆਲੋਚਕ ਮਾਰਕਸਵਾਦੀ ਸਿਧਾਂਤਕ ਮਾਡਲ ਲੈ ਕੇ ਆਉਂਦੇ ਆ... ਉਸ ਸਮੇਂ ਜਦੋਂ ਸਿਰਜਣਾਤਮਕ ਲੇਖਕ ਪੈਦਾ ਹੁੰਦੇ ਨੇ

ਕੀ ਉਹ ਆਲੋਚਕਾ ਨੂੰ ਵੇਖਕੇ ਲਿਖਦੇ ਸਨ... ਬਈ ਜੇ ਅਸੀਂ ਇਸ ਕਿਸਮ ਦਾ ਲਿਖਾਂਗੇ ਤਾਂ ਉਹ ਸਾਡੀ ਗੱਲ ਕਰਨਗੇ ਨਹੀਂ ਤਾਂ ਸਾਡੀਆਂ ਲਿਖਤਾਂ ਨੂੰ ਨਿੰਦਣਗੇ। ਮਸਲਾ ਕੀ ਸੀ... ਮਾਰਕਸਵਾਦੀ ਸਿਧਾਂਤਕ ਮਾਡਲ ਐਨਾ ਮਸ਼ਹੂਰ ਕਿਵੇਂ ਹੋਇਆ? ਕੀ ਕਾਰਨ ਸਨ। (ਡਾ. ਸੁਖਦੇਵ –(ਵਿਚੋਂ ਟੋਕ ਕੇ) ਇਹ ਕਦੇ ਵੀ ਨਹੀਂ ਹੁੰਦਾ ਕਿ Creative ਲੇਖਕ ਆਲੋਚਕ ਮਗਰ ਲੱਗੇ... )

**ਡਾ. ਸਰਬਜੀਤ :** ਨਹੀਂ...ਨਹੀਂ... ਇਕ ਮਿੰਟ...ਪ੍ਰਗਤੀਸ਼ੀਲ ਲੇਖਕ ਸੰਘ ਨੇ ਉਸ ਦੌਰ ਵਿੱਚ ਐਡਾ ਵੱਡਾ ਪ੍ਰਭਾਵ ਛੱਡਿਆ ਸੀ। ਕਿਉਂਕਿ ਦੇਸ਼ ਦੀ ਆਜ਼ਾਦੀ ਦੀ ਮੂਵਮੈਂਟ ਚੱਲ ਰਹੀ ਸੀ। ਔਰ ਉਸੇ ਸਮੇਂ ਪੰਜਾਬੀਆਂ ਦੇ ਬਹੁਤ ਸਾਰੇ ਸੁਪਨੇ ਸਨ। ਔਰ ਤੁਸੀਂ ਵੇਖੋਂ 1942–43 ਵਿੱਚ ਬਲਵੰਤ ਗਾਰਗੀ 'ਲੋਹਾ ਕੁੱਟ' ਨਾਟਕ ਲਿਖ ਰਿਹਾ ਹੈ। ਉਹ ਓਸ ਵੇਲੇ ਮਹਿਸੂਸ ਕਰ ਰਿਹਾ ਹੈ ਕਿ ਜੋ ਕਾਮਨਾ ਦੀ ਮੁਕਤੀ ਹੈ ਇਹ ਵੀ ਬੁਨਿਆਦੀ ਮਸਲਾ ਹੈ। 1935–36 ਵਿੱਚ ਜਦੋਂ ਗੁਰਬਖ਼ਸ਼ ਸਿੰਘ ਪ੍ਰੀਤਲੜੀ ਆਪਣਾ ਪ੍ਰੀਤ ਫ਼ਲਸਫ਼ਾ ਲੈ ਕੇ ਆਉਂਦਾ ਹੈ। ਉਹ ਆਪਣੀਆਂ ਲਿਖਤਾਂ ਵਿੱਚ ਕਹਿ ਰਿਹਾ ਕਿ ਪਿਆਰ ਕਬਜ਼ਾ ਨਹੀਂ ਪਹਿਚਾਣ ਹੈ। ਉਹ ਪਿਆਰ ਦਾ ਫ਼ਲਸਫ਼ਾ ਲੈ ਕੇ ਆ ਰਿਹਾ। ਮੁਕਤੀ ਦੇ ਲਈ। ਮਾਰਕਸਵਾਦ ਦਾ ਫ਼ਲਸਫ਼ਾ ਉਹ ਜਮਾਤ ਤੋਂ ਮੁਕਤੀ ਦਾ ਫ਼ਲਸਫ਼ਾ ਹੈ। ਔਰ ਇੰਡੀਅਨ ਨੈਸ਼ਨਲ ਕਾਂਗਰਸ ਕੋਲ ਮਾਡਲ ਕੀ ਹੈ? ਕਿ ਅੰਗਰੇਜ਼ਾਂ ਤੋਂ ਮੁਕਤੀ ਦਾ ਫ਼ਲਸਫ਼ਾ...ਇੰਜ ਬਹੁਤ ਸਾਰੇ ਮੁਕਤੀ ਦੇ ਸੁਪਨੇ ਹਨ। ਲੇਕਿਨ ਉਹ ਮੁਕਤੀ ਦੇ ਸੁਪਨਿਆ ਵਿੱਚ ਜਿਹੜੀ ਪ੍ਰਗਤੀਸ਼ੀਲ ਲੇਖਕ ਸੰਘ ਦੀ ਲਹਿਰ ਹੈ ਉਸ ਲਹਿਰ ਨੇ ਅਵਾਮ ਨੂੰ ਬਹੁਤ ਵੱਡੀ ਪੱਧਰ ਤੇ ਪ੍ਰਭਾਵਿਤ ਕੀਤੀ। ਉਸ ਦੇ ਪ੍ਰਭਾਵ ਵਿੱਚੋਂ ਹੀ ਇਹ ਸਾਹਿਤ ਪੈਦਾ ਹੋਇਆ... ਆਲੋਚਕਾ ਨੂੰ ਵੇਖ ਕੇ ਇਹ ਪੈਦਾ ਨਹੀਂ ਹੋਇਆ।

**ਰਸੂਲਪੁਰੀ :** ਮੈਨੂੰ ਲੱਗਦਾ ਆ ਆਲੋਚਕ ਸਾਹਿਤ ਦਾ ਰੁੱਖ ਮੋੜਦੇ ਵੀ ਨੇ ਕਿ ਇਸ ਕਿਸਮ ਦਾ ਸਾਹਿਤ ਲਿਖਿਆ ਜਾਵੇ... ਜਾਂ ਅਸੀਂ ਗੱਲ ਈ ਇਸ ਕਿਸਮ ਦੇ ਸਾਹਿਤ ਦੀ ਕਰਨੀ ਆ।

**ਡਾ. ਸੁਖਦੇਵ ਸਿਰਸਾ :** ਤੁਸੀਂ ਇਕ ਤਾਂ ਇਹ ਭ੍ਰਾਂਤੀ ਦੂਰ ਕਰੋ ਕਿ ਪ੍ਰਗਤੀਵਾਦੀ ਲਹਿਰ ਜਾਂ ਪੰਜਾਬੀ ਦੀ ਪ੍ਰਗਤੀਵਾਦੀ ਲਹਿਰ ਇਕੱਲੇ ਮਾਰਕਸ ਦੇ ਵਿਚਾਰਾਂ ਤੋਂ ਪ੍ਰਭਾਵਿਤ ਨਹੀਂ ਸੀ। ਇਹ ਕੇਵਲ ਮਾਰਸਕਵਾਦ ਦੇ ਵਿਚਾਰਾਂ ਤੋਂ ਪ੍ਰਭਾਵਿਤ ਨਹੀਂ ਬਲਕਿ ਉਸ ਵੇਲੇ ਪ੍ਰਚੱਲਤ ਹੋਈਆਂ ਮਨੋਵਿਗਿਆਨਕ ਲਹਿਰਾਂ ਸਨ ਖਾਸ ਤੌਰ ਤੇ ਫਰਾਇਡ ਦੇ ਸਿਧਾਂਤ ਕਹਿ ਸਕਦੇ ਹਾਂ... ਸੇਖੋਂ ਨੇ ਆਪ ਮੰਨਿਆ ਕਿ ਮੈਂ ਫਰਾਇਡ ਤੋਂ ਪ੍ਰਭਾਵਿਤ ਹਾਂ। ਉਹ ਕਹਿੰਦਾ ਹੈ ਕਿ ਮੈਂ ਤੇ ਕਰਤਾਰ ਸਿੰਘ ਦੁੱਗਲ ਏਥੋਂ ਤੱਕ ਉਹ ਸੁਜਾਨ ਸਿੰਘ ਦੀ ਕਹਾਣੀ 'ਰਾਸ ਲੀਲਾ' ਨੂੰ ਕੋਡ ਕਰਦੇ ਨੇ। ਜਿਹੜਾ ਹਿੰਦੋਸਤਾਨ ਦਾ ਪ੍ਰਗਤੀਵਾਦ ਆ ਉਹ ਬਿਲਕੁਲ ਵੱਖਰੀ ਤਰ੍ਹਾਂ ਦਾ ਪ੍ਰਗਤੀਵਾਦ ਹੈ। ਹਿੰਦੋਸਤਾਨ ਦੇ ਪ੍ਰਗਤੀਵਾਦ ਉੱਤੇ ਓਨਾ ਮਾਰਕਸਵਾਦ ਦਾ ਪ੍ਰਭਾਵ ਨਹੀਂ ਜਿਨ੍ਹਾਂ ਨੈਸ਼ਨਲ ਮੂਵਮੈਂਟ ਦਾ ਪ੍ਰਭਾਵ ਐ। ਸਾਡੇ ਲੋਕਲ ਹੀਰੋ ਦਾ ਪ੍ਰਭਾਵ ਆ। ਦੁਨੀਆ ਦੇ ਵਿਦਰੋਹ ਦੀਆਂ ਲਹਿਰਾਂ ਦਾ ਪ੍ਰਭਾਵ ਵੀ ਹੈ। (ਡਾ. ਸਰਬਜੀਤ–(ਵਿਚੋਂ ਟੋਕ ਕੇ)–ਸੱਜਾਦ ਜ਼ਹੀਰ ਵੀ ਇਹ ਗੱਲ ਸਪੱਸ਼ਟ ਕਰਦਾ ਹੈ)...ਤੀਜੀ ਗੱਲ ਕਿ ਪੰਜਾਬ ਦੀ ਆਪਣੀ ਪ੍ਰੰਪਰਾ... ਨਾਬਰੀ ਦੀ ਪ੍ਰੰਪਰਾ... ਇਹ ਸਾਰੇ ਨੁਕਤੇ ਸਾਡੇ ਕੋਲ ਸਨ। ਇਸ ਕਰਕੇ ਆਪਾਂ ਇਹ ਨਹੀਂ ਕਹਿ ਸਕਦੇ ਕਿ ਸੇਖੋਂ ਇਕੱਲਾ ਮਾਰਕਸਵਾਦ ਤੋਂ ਪ੍ਰਭਾਵਿਤ ਹੈ।

**ਰਸੂਲਪੁਰੀ :** ਹੁਣ ਆਪਾਂ ਉਸ ਤੋਂ ਅਗਲੇ ਪੜ੍ਹਾ ਦੀ ਆਲੋਚਨਾ ਉੱਤੇ ਆਉਂਦੇ ਹਾਂ। ਡਾ. ਰਵਿੰਦਰ ਰਵੀ ਸਾਡਾ ਸੁਲਝਿਆ ਹੋਇਆ ਆਲੋਚਕ ਹੋਇਆ ਏ। ਉਸ ਦੀ ਆਲੋਚਨਾ ਕਿਸ

ਕਿਸਮ ਦੀ ਆਲੋਚਨਾ ਸੀ। ਉਹ ਕੇਹੜੇ ਸਿਧਾਂਤਕ ਮਾਡਲ ਲੈ ਕੇ ਆਉਂਦਾ ਆ। ਉਹਦੀ ਦ੍ਰਿਸ਼ਟੀ ਕਿਸ ਤਰ੍ਹਾਂ ਦੀ ਏ। ਉਹ ਸਾਹਿਤ ਨੂੰ ਕਿਸ ਤਰ੍ਹਾਂ ਵੇਖਦਾ ਸੀ।

**ਡਾ. ਸਰਬਜੀਤ :** ਡਾ. ਰਵੀ ਦੀ ਆਲੋਚਨਾ ਦਾ ਨਿਖੇੜਾ ਮੈਂ ਇਸ ਢੰਗ ਨਾਲ ਕਰਦਾ ਹੁੰਦਾ ਹਾਂ... ਸਾਡੇ ਕੋਲ ਜਿਹੜੀ ਰਵੀ ਤੱਕ ਦੀ ਮਾਰਕਸਵਾਦੀ ਆਲੋਚਨਾ ਮਿਲਦੀ ਹੈ ਉਹ ਆਲੋਚਨਾ ਮਾਰਕਸਵਾਦ ਦੇ ਪ੍ਰਭਾਵ ਦੀ ਮਾਰਕਸਵਾਦ ਦੀ ਸ਼ਬਦਾਵਲੀ ਦੀ ਤੇ ਮਾਰਕਸਵਾਦੀ ਵਿਚਾਰ ਦੀ ਹੈਗੀ ਆ ਪਰ ਜਿਹੜਾ ਮਾਰਕਸਵਾਦੀ ਦਰਸ਼ਨ ਹੈ ਉਸ ਦੀ ਨਹੀਂ ਹੈ। ਕਿਉਂਕਿ ਜੋ ਮਾਰਕਸਵਾਦੀ ਦਰਸ਼ਨ ਹੈ ਉਹ Dialectical Materialsm ਤੇ ਖੜ੍ਹਾ ਹੈ। ਸੇਖੋਂ ਸਾਹਿਤ ਤੇ ਸਮਾਜ ਦੀ dialectic ਨੂੰ ਓਨੀ ਸੂਖ਼ਮਤਾ ਨਾਲ ਨਹੀਂ ਫੜਦਾ ਜਿਨੀ ਸੂਖ਼ਮਤਾ ਨਾਲ ਰਵੀ ਫੜਦਾ ਹੈ। ਹਲਾਂਕਿ ਕਿਸ਼ਨ ਸਿੰਘ ਬਹੁਤ ਸੂਖ਼ਮਤਾ ਨਾਲ ਫੜਦਾ ਹੈ। ਕਿਸ਼ਨ ਸਿੰਘ ਦੀਆਂ ਆਪਣੀਆਂ ਕਈ ਸੀਮਾਵਾਂ ਹਨ ਉਲਾਰ ਹੋ ਜਾਣ ਦੀਆਂ। ਡਾ. ਰਵੀ ਬੁਨਿਆਦੀ ਤੌਰ ਤੇ ਪਹਿਲਾਂ ਮਾਰਕਸਵਾਦੀ ਆਲੋਚਕ ਹੈ ਜਿਸਨੂੰ ਦਵੰਦਆਤਮਿਕਤਾ ਦੇ dialectic ਦੀ ਸਮਝ ਆ ਤੇ ਉਹ dialectic ਵਿੱਚੋਂ ਚੀਜ਼ਾਂ ਵੇਖਦਾ ਆ। ਇਸੇ ਕਰਕੇ ਉਹ ਸਾਡੇ ਸਾਰੇ ਸਾਹਿਤ ਬਾਰੇ ਨਵੀਆਂ Formulation ਬਣਾਉਂਦਾ ਹੈ। ਇਕ ਤਾਂ ਰਵੀ ਦੀ ਆਲੋਚਨਾ ਦਾ ਪੱਖ ਹੈ। ਦੂਜੀ ਜਿਹੜੀ ਗੱਲ ਹੈ ਜਦੋਂ ਰਵੀ ਹੁਰੀਂ ਆਲੋਚਨਾ ਵਿੱਚ ਪ੍ਰਵੇਸ਼ ਕਰਦੇ ਹਨ ਉਦੋਂ ਤੱਕ ਵਿਸ਼ਵ ਚਿੰਤਨ ਵਿੱਚ ਜੋ ਪੈਦਾ ਹੋ ਰਿਹਾ, ਮਾਰਕਸਵਾਦ ਦੇ ਪੈਰਲਰ ...ਉਹ ਉਸ ਨੂੰ ਵੀ ਆਤਮਸਾਤ ਕਰਦਾ ਹੈ। ਜਿਹੜਾ ਚਿਹਨ ਵਿਗਿਆਨ ਦਾ ਮਸਲਾ ਹੈ ਜਿਹਨੂੰ ਅਸੀਂ structuralism, Post-structuralism ਕਹਿੰਦੇ ਹਾਂ। ਉਹ ਦੋਵੇਂ ਰਵੀ ਦੀ ਆਲੋਚਨਾ ਵਿੱਚ ਸਾਨੂੰ ਮਿਲਦੇ ਹਨ। ਹੁਣ ਤੁਸੀਂ ਉਸ ਦੇ ਦੋ ਲੇਖ ਹੀ ਵੇਖ ਲਓ ਜਿਹੜੇ ਰੋਲਾ ਬਾਰਤ ਬਾਰੇ ਹਨ। ਇਕ ਪਾਸੇ ਨੂਰ ਹੁਰੀਂ '31 ਮਾਰਚ' ਦਾ ਅੰਕ ਰੋਲਾ ਬਾਰਤ ਬਾਰੇ ਕੱਢਦੇ ਹਨ। ਉਹ ਰੋਲਾ ਬਾਰਤ ਨੂੰ ਕਿਸ ਢੰਗ ਨਾਲ ਲੈਂਦੇ ਹਨ? ਇਹ ਪਤਾ ਲੱਗਦਾ ਹੈ ਕਿ ਡਾ. ਰਵੀ ਆਪਣੇ ਦੋ ਲੇਖ ਲਿਖ ਕੇ ਰੋਲਾ ਬਾਰਤ ਨੂੰ ਕਿਸ ਢੰਗ ਨਾਲ ਲੈ ਰਿਹਾ ਹੈ। ਕਿਵੇਂ ਉਹਨੂੰ ਆਤਮਸਾਤ ਕਰਦਾ ਹੈ। ਇਹ ਜਿਹੜੀਆਂ ਦੋ ਗੱਲਾਂ ਰਵੀ ਦੀਆਂ ਹਨ... ਇਸ ਨਾਲ ਮਾਰਕਸਵਾਦੀ ਆਲੋਚਨਾ ਦਾ ਜਮੂਦ ਵੀ ਟੁੱਟਦਾ...ਔਰ ਮਾਰਕਸਵਾਦੀ ਆਲੋਚਨਾ ਵਿਸ਼ਵ ਵਿੱਚ ਪੈਦਾ ਹੋ ਰਹੇ ਬਾਕੀ ਗਿਆਨ ਸ਼ਾਸ਼ਤਰ ਨਾਲ ਵੀ ਜੁੜਦੀ ਹੈ। ਇਹ ਦੋਵੇਂ ਗੁਣ ਤੇ ਗੱਲਾਂ ਡਾ. ਰਵੀ ਅਤੇ ਰਾਹੀ ਦੋਹਾਂ ਵਿੱਚ ਪਾਏ ਜਾਂਦੇ ਤੁਹਾਨੂੰ ਮਿਲ ਜਾਣਗੇ। ਰਾਹੀ ਵੀ ਬੁਨਿਆਦੀ ਤੌਰ ਤੇ ਸਮਾਜ ਨੂੰ ਸਮਝਣ ਲਈ ਕਲਚਰ ਦੇ ਮਧਿਆਮ ਰਾਹੀ dialectic ਨੂੰ ਸਮਝਦਾ ਹੈ। ਤਾਂ ਉਹ ਨਾਵਲ ਅਤੇ ਕਹਾਣੀ ਬਾਰੇ ਆਪਣੀਆਂ ਵੱਖਰੀਆਂ Formulation ਬਣਾਉਂਦਾ ਹੈ। ਅਤੇ ਦੂਜੇ ਉਸ ਰੂਪ ਵਿੱਚ ਨਹੀਂ ਬਣਾਉਂਦੇ। ਇਹ ਗੁਣ ਰਵੀ ਵਿੱਚ ਹੈ।

**ਰਸੂਲਪੁਰੀ :** ਮੈਨੂੰ ਕਈ ਵਾਰ ਲੱਗਦਾ ਰਹਿੰਦਾ ਕਿ ਪੰਜਾਬੀ ਆਲੋਚਨਾ ਵਿੱਚ ਮਾਰਕਸਵਾਦੀ ਆਲੋਚਨਾ ਦੀ ਸੁਰ ਹਾਵੀ ਰਹੀ ਹੈ। ਚਾਹੇ ਉਹ ਸੇਖੋਂ ਦੀ ਆਲੋਚਨਾ ਸੀ... ਕੇਸਰ ਸਿੰਘ ਕੇਸਰ ਦੀ ਆਲੋਚਨਾ ਸੀ... ਕਿਸ਼ਨ ਸਿੰਘ ਦੀ ਆਲੋਚਨਾ ਸੀ ਜਾਂ ਟੀ ਆਰ ਵਿਨੋਦ ਦੀ ਆਲੋਚਨਾ ਸੀ... ਅੱਗੇ ਤੁਹਾਡੇ ਤੱਕ ਇਹ ਪਰੰਪਰਾ ਚੱਲੀ ਆਉਂਦੀ ਹੈ। ਤੁਸੀਂ ਇਸ ਮਸਲੇ ਨੂੰ ਕਿਸ ਤਰ੍ਹਾਂ ਵੇਖਦੇ ਹੋ?.. ਡਾ. ਰਾਹੀ ਦੀ ਆਲੋਚਨਾ ਵੀ ਇਸ ਤਰ੍ਹਾਂ ਦੀ ਹੈ...ਹਾਲਾ ਕਿ ਹਰਿਭਜਨ ਸਿੰਘ ਵੱਖਰੀ ਦ੍ਰਿਸ਼ਟੀ ਨਾਲ ਆਲੋਚਨਾ ਕਰਦਾ ਹੈ।

**ਡਾ. ਸੁਖਦੇਵ ਸਿਰਸਾ :** ਵੇਖੋਂ ਆਪਾਂ ਪਹਿਲਾਂ ਦੋ ਗੱਲਾਂ ਸਪੱਸ਼ਟ ਕਰੀਏ... ਸੇਖੋਂ ਤੋਂ ਡਾ. ਰਵੀ

ਤੱਕ ਪਹੁੰਚਣ ਲਈ ਆਲੋਚਨਾ ਦਾ ਲੰਮਾ ਪੀਰੀਅਡ ਹੈ। ਔਰ ਬਹੁਤ ਤਿੱਖਾ ਸੰਵਾਦ ਆ ਪੰਜਾਬੀ ਆਲੋਚਨਾ ਵਿੱਚ। ਜਿਵੇਂ ਡਾ. ਸਰਬਜੀਤ ਕਹਿੰਦਾ ਕਿ ਸੇਖੋਂ ਨੂੰ ਨਾ ਤਾਂ ਡਾਇਲੈਕਟ ਦੀ ਐਨੀ ਬਰੀਕ ਸਮਝ ਹੈ... ਦੂਜੀ ਗੱਲ ਕਿ ਸੇਖੋਂ ਦੀਆਂ ਪੰਜਾਬੀ ਸਾਹਿਤ ਪ੍ਰਤੀ ਧਾਰਨਾਵਾਂ ਕਈ ਵਾਰ ਸਿੱਧੜ ਨੇ। ਜਿਨ੍ਹਾਂ ਨੂੰ ਅਸੀਂ vulgar Marxism ਕਹਿੰਦੇ ਹਾਂ। ਦਰਅਸਲ ਉਦੋਂ ਸੇਖੋਂ ਸਾਹਮਣੇ ਬਹੁਤ ਵੱਡਾ ਮਾਡਲ ਹੈ ਨਹੀਂ ਸੀ। ਜਦੋਂ ਸੇਖੋਂ ਲਿਖ ਰਿਹਾ ਹੁੰਦਾ ਹੈ, ਉਦੋਂ ਉਹ ਗੱਲਾਂ ਪੰਜਾਬੀ ਸਾਹਿਤ ਵਿੱਚ ਅਜੇ ਪਹੁੰਚਿਆ ਹੀ ਨਹੀਂ ਸੀ। ਸੇਖੋਂ ਕੋਲ ਕੁਝ ਕੁ ਬੁਨਿਆਦੀ ਕਿਤਾਬਾਂ ਸਨ। ਸੇਖੋਂ ਇਸ ਮਸਲੇ 'ਤੇ ਗੰਭੀਰ ਗ਼ਲਤੀਆਂ ਕਰਦਾ ਹੈ...ਸੇਖੋਂ ਲੇਖਕ ਦੀ ਸੁਚੇਤ ਵਿਚਾਰਧਾਰਾ ਨੂੰ ਉਹਦੇ ਸਾਹਿਤ ਵਿੱਚੋਂ ਲੱਭਣ ਲੱਗ ਜਾਂਦਾ ਹੈ। ਸੇਖੋਂ ਕਹਿੰਦਾ ਕਿ ਲੇਖਕ ਦੀ ਜਿਹੋ ਜਿਹੀ ਵਿਚਾਰਧਾਰਾ ਹੋਵੇਗੀ ਉਹਦਾ ਸਾਹਿਤ ਉਹੋ ਜਿਹਾ ਹੋਵੇਗਾ। ਏਸੇ ਕਰਕੇ ਸੇਖੋਂ ਮੱਧਕਾਲ ਦੇ ਲਿਟਰੇਚਰ ਤੇ ਕਾਟਾ ਮਾਰ ਦਿੰਦਾ ਆ। ਗੁਰਬਾਣੀ ਨੂੰ ਪਰਾ-ਸਾਹਿਤ ਕਹਿੰਦਾ...ਲੋਕ ਸਾਹਿਤ ਨੂੰ ਅਣਇਤਿਹਾਸਕ ਅ-ਸਾਹਿਤ ਕਹੀ ਜਾਂਦਾ। ਸੇਖੋਂ ਦੀ ਇਹ ਸਮੱਸਿਆ ਸੀ ਕਿ ਸੇਖੋਂ ਲੇਖਕ ਦੇ ਸੁਚੇਤ ਵਿਚਾਰਾਂ ਨੂੰ ਹੀ ਉਹਦੀ ਰਚਨਾ ਦਾ ਪ੍ਰਗਟਾਵਾ ਮੰਨਦਾ ਹੈ। ਇਹ ਗੱਲ ਕਿਸ਼ਨ ਸਿੰਘ ਨੇ ਪਹਿਲੀ ਵਾਰ ਤੋੜੀ। ਕਿਸ਼ਨ ਸਿੰਘ ਨੇ ਕਿਹਾ ਅਸੀਂ ਲੇਖਕ ਦੀ ਵਿਚਾਰਧਾਰਾ ਮਗਰ ਨਹੀਂ ਜਾਣਾ। ਲੇਖਕ ਸਾਹਿਤਕ ਚਿੱਤਰ ਪੇਸ਼ ਕਰਦਾ ਹੈ। ਉਸ ਸਾਹਿਤਕ ਚਿੱਤਰ ਵਿੱਚੋਂ ਲੱਭਣਾ ਹੈ ਕਿ ਲੇਖਕ ਦਾ ਸੱਚ ਕੀ ਹੈ? ਹੁਣ ਜਦੋਂ ਸੇਖੋਂ ਗੁਰਬਾਣੀ ਨੂੰ ਪਰਾ ਸਾਹਿਤ ਕਹਿੰਦਾ ਹੈ ਤੇ ਕਿਸ਼ਨ ਸਿੰਘ ਉਸ ਸਾਹਿਤ ਨੂੰ ਇਨਕਲਾਬੀ ਸਾਹਿਤ ਕਹਿ ਰਿਹਾ। ਜਿਸ ਕਿੱਸਾ ਸਾਹਿਤ ਨੂੰ ਸੇਖੋਂ ਅਣਡਿੱਠ ਕਰ ਜਾਂਦਾ ਹੈ ਉਸ ਕਿੱਸਾ ਸਾਹਿਤ ਨੂੰ ਕਿਸ਼ਨ ਸਿੰਘ ਇਨਕਲਾਬੀ ਸਾਹਿਤ ਕਹਿੰਦਾ ਰਿਹਾ। ਉਹ ਕਹਿ ਰਿਹਾ ਲੇਖਕ ਦੀ ਵਿਚਾਰਧਾਰਾ ਮਗਰ ਨਹੀਂ ਜਾਣਾ ਬਲਕਿ ਉਸ ਦੁਆਰਾ ਪੇਸ਼ ਚਿੱਤਰ ਵਿੱਚੋਂ ਸਮੇਂ ਦੀ dialectic ਲੱਭਣੀ ਆ। ਆਲੋਚਨਾ ਵਿੱਚ ਇਹ ਡਾਇਲਾਗ ਬਹੁਤ ਤਿੱਖੇ ਰੂਪ ਵਿੱਚ ਹੋ ਰਿਹਾ ਸੀ ਸੇਖੋਂ ਤੇ ਕਿਸ਼ਨ ਸਿੰਘ ਦਾ। ਦੂਜੇ ਪਾਸੇ ਉਹਦੇ ਸਮਕਾਲ ਵਿੱਚ ਅਤਰ ਸਿੰਘ ਵੀ ਲਿਖ ਰਿਹਾ। ਤੇ ਉਹਦੇ ਸਮਕਾਲ ਵਿੱਚ ਹਰਿਭਜਨ ਸਿੰਘ ਨੇ ਵੀ ਲਿਖਣਾ ਸ਼ੁਰੂ ਕਰ ਦਿੱਤਾ ਸੀ। ਹਰਿਭਜਨ ਸਿੰਘ ਬਿਲਕੁਲ ਵੱਖਰੇ ਰੂਪਵਾਦੀ ਐਂਗਲ ਤੋਂ ਸਾਹਿਤ ਦੀ ਪਰਖ ਕਰਦਾ ਹੈ। ਲਿਟਰੇਚਰ ਮੈਸੇਜ਼ ਨਹੀਂ ਹੁੰਦਾ ਉਹ ਅਸਥੈਟਿਕ ਭਾਸ਼ਾ ਹੁੰਦੀ ਹੈ। ਲੇਖਕ ਸੁਹਜ ਪੈਦਾ ਕਰਦਾ ਹੈ ਸੁਨੇਹਾ ਨਹੀਂ ਦਿੰਦਾ। ਇਹ ਡਾਇਲਾਗ ਚੱਲ ਰਿਹਾ ਸੀ। ਏਸੇ ਦੌਰ ਵਿੱਚ ਅਤਰ ਸਿੰਘ ਆਉਂਦਾ ਹੈ। ਜਿਹੜਾ ਤੁਰਦਾ ਤਾਂ ਮਾਰਕਸਵਾਦ ਤੋਂ ਹੈ ਪਰ ਹੌਲੀ ਹੌਲੀ ਉਹਦਾ ਰੁਝਾਨ ਅਸਤਿੱਤਵਵਾਦ ਵੱਲ ਹੁੰਦਾ ਜਾਂਦਾ ਹੈ। (ਰਸੂਲਪੁਰੀ-(ਵਿੱਚੋਂ ਟੋਕ ਕੇ)-ਅਸਤਿੱਤਵਾਦ ਦਾ ਰੁਝਾਨ ਕੀ ਮਾੜਾ ਰੁਝਾਨ ਆ?) ...ਮੈਂ ਮਾੜਾ ਨਹੀਂ ਕਹਿ ਰਿਹਾ... ਜਿਸ ਬੁਨਿਆਦ ਉੱਤੇ ਕਿਸ਼ਨ ਸਿੰਘ ਤੇ ਡਾ. ਰਵੀ ਖੜੇ ਐ। ਅਤਰ ਸਿੰਘ ਉਸ ਬੁਨਿਆਦ ਉੱਤੇ ਟਿੱਕਿਆ ਨਹੀਂ। ਅਤਰ ਸਿੰਘ ਕਹਿ ਰਿਹਾ ਕਿ ਵਿਚਾਰਧਾਰਾ ਤੋਂ ਵੱਧ ਕਿਸੇ ਖਿੱਤੇ ਦੇ ਕਲਚਰ ਦੀਆਂ contradiction ਵਿਅਕਤੀ ਦੀ ਹੋਂਦ ਨੂੰ ਲੈ ਕੇ ਕਿਸ ਤਰ੍ਹਾਂ ਦੀਆਂ ਸਨ? ਇਸ ਨੂੰ ਲੱਭਣ ਦੀ ਲੋੜ ਹੈ। ਸੋ ਅਤਰ ਸਿੰਘ ਏਧਰ ਨੂੰ ਚਲਾ ਜਾਂਦਾ। ... ਹੁਣ ਆਪਾਂ ਡਾ. ਰਵੀ ਤੇ ਆਉਂਦੇ ਹਾਂ... ਰਵੀ, ਸੇਖੋਂ ਤੋਂ ਕਿਸ਼ਨ ਸਿੰਘ ਦੇ ਵੱਧ ਨੇੜੇ ਹੈ। ਲੇਖਕ ਇਸ ਗੱਲ ਤੇ ਵੱਧ ਜ਼ੋਰ ਦੇ ਰਿਹਾ ਕਿ ਲੇਖਕ ਦੀ ਵਿਚਾਰਧਾਰਾ ਮਗਰ ਨਹੀਂ ਜਾਣਾ। ਨਾ ਹੀ ਲਿਟਰੇਚਰ ਦੀ ਸ਼ਬਦਾਵਲੀ ਮਗਰ ਜਾਣਾ। ਇਹ ਗੱਲ ਪਹਿਲੀ ਵਾਰ ਡਾ. ਰਵੀ ਕਹਿ ਰਿਹਾ ਕਿ ਪੰਜਾਬੀ ਦੀ ਬਹੁਤੀ ਕਵਿਤਾ ਜਾਂ ਲਿਟਰੇਚਰ ਜਿਹਨੂੰ ਅਸੀਂ ਪ੍ਰਗਤੀਵਾਦੀ ਕਹੀ ਜਾਂਦੇ ਹਾਂ ਉਹਦਾ ਮੁਹਾਵਰਾ ਪ੍ਰਗਤੀਵਾਦੀ ਹੈ

ਉਹਦਾ essence ਸਬਜੈਕਟ ਪ੍ਰਗਤੀਵਾਦੀ ਨਹੀਂ। ਇਹ ਗੱਲ ਕਿਸ਼ਨ ਸਿੰਘ ਨੇ ਨਹੀਂ ਕਹੀ, ਇਹ ਗੱਲ ਰਵੀ ਨੇ ਕਹੀ। ਔਰ ਰਵੀ ਨੇ ਇਹ ਗੱਲ ਸਾਡੀ ਪ੍ਰਗਤੀਵਾਦੀ ਕਵਿਤਾ ਦੇ ਹਵਾਲੇ ਨਾਲ ਕਹੀ। ਉਹਨੇ ਕਿਹਾ ਕਿ ਮੋਹਨ ਸਿੰਘ... ਅੰਮ੍ਰਿਤਾ ਪ੍ਰੀਤਮ ਕੋਲ ਲਫ਼ਾਜ਼ੀ ਪ੍ਰਗਤੀਵਾਦ ਵਾਲੀ ਹੈ। ਇਸ ਕਵਿਤਾ ਦਾ essence ਪ੍ਰਗਤੀਵਾਦੀ ਵਾਲਾ ਨਹੀਂ ਹੈ। ਕਿਉਂਕਿ ਇਹ ਸਾਰੀ ਦੀ ਸਾਰੀ ਕਵਿਤਾ ਰੁਮਾਨੀ ਕਵਿਤਾ ਹੈ। ਔਰ ਅੰਮ੍ਰਿਤਾ ਪ੍ਰੀਤਮ ਦੇ ਹਵਾਲੇ ਨਾਲ ਕਹਿ ਰਿਹਾ ਕਿ ਇਹ ਆਪਣੇ ਸਮੇਂ ਦੇ ਦਵੰਧਾ ਨੂੰ ਨਹੀਂ ਸਮਝ ਰਹੀ। ਅੱਗੇ ਜੁਝਾਰਵਾਦੀ ਕਵਿਤਾ ਬਾਰੇ ਵੀ ਉਹਦੀ ਧਾਰਨਾ ਇਹੀ ਹੈ...ਇਸ ਕਵਿਤਾ ਨੂੰ ਪ੍ਰਗਤੀਵਾਦੀ ਜਾਂ ਨਵ ਪ੍ਰਗਤੀਵਾਦੀ ਕਵਿਤਾ ਨਹੀਂ ਕਹਿਣਾ ਚਾਹੀਦਾ ਬਲਕਿ ਇਹਨੂੰ ਇਤਿਹਾਸਮੁੱਖੀ ਕਵਿਤਾ ਕਹਿਣਾ ਚਾਹੀਦਾ। ਸੋ ਰਵੀ ਆਲੋਚਨਾ ਵਿੱਚ ਬਹੁਤ ਸਾਰੀਆਂ ਧਾਰਨਾਵਾਂ ਨਵੀਆਂ ਐਡ ਕਰਦਾ ਹੈ। ਸਾਹਿਤ ਵਿੱਚੋਂ ਵਿਚਾਰਧਾਰਾ ਨਹੀਂ ਲੱਭੀਦੀ। ਜਾਂ ਲੇਖਕ ਦੀ ਸੁਚੇਤ ਵਿਚਾਰਧਾਰਾ ਮਗਰ ਨਹੀਂ ਜਾਈਦਾ। ਸਾਹਿਤਕਾਰ ਵੱਲੋਂ ਪੇਸ਼ ਚਿੱਤਰ ਵਿੱਚੋਂ ਉਸ ਸਮੇਂ ਦੇ ਦਵੰਧਾ ਨੂੰ ਕਿਵੇਂ ਸਮਝਣਾ ਹੈ। ਖਾਸ ਤੌਰ ਤੇ ਜਦੋਂ ਉਹ ਪੰਜਾਬ ਦੇ ਕਲਚਰ ਉੱਤੇ ਗੱਲ ਕਰਦਾ ਹੈ। ਉਹ ਕਹਿ ਰਿਹਾ ਕਿ ਜੋ ਪੰਜਾਬ ਦੇ ਕਲਚਰ ਦੀਆਂ traduction ਹਨ ਉਨ੍ਹਾਂ ਰਾਹੀਂ ਪੰਜਾਬ ਨੂੰ ਕਿਵੇਂ ਸਮਝਣਾ ਹੈ। ਜਿਵੇਂ ਉਹ ਕਹਿ ਕਿ ਪੰਜਾਬ ਵਿੱਚ ਤੰਤੀ ਸਾਜ਼ ਕਿਵੇਂ ਪਪੂਲਰ ਹੋਏ। ਕਿਉਂਕਿ ਤੰਤੀ ਸਾਜ਼ ਪੰਜਾਬ ਦੇ ਤਿੱਖੇਪਨ ਨੂੰ ਫੜਦੇ ਹਨ। ਉਹ ਫੁਲਕਾਰੀ ਦੀ ਗੱਲ ਕਰਦਾ ਹੈ... ਕਿ ਫੁਲਕਾਰੀ ਦੇ ਰੰਗ ਐਨੇ ਸ਼ੋਖ ਕਿਉਂ ਹਨ? ...ਉਹ ਪੰਜਾਬੀਆਂ ਦੀ ਨਾਬਰੀ ਦੇ ਸਿੰਬਲ ਹਨ। ਉਹ ਕਹਿ ਰਿਹਾ ਕਿ ਪੰਜਾਬੀ ਸੱਭਿਆਚਾਰ ਨੂੰ ਸਤਰਾਂ ਵਿੱਚੋਂ ਨਾ ਲੱਭੋ ਬਲਕਿ ਪੰਜਾਬੀ ਦੀਆਂ ਜੋ ਕਲਚਰ ਕ੍ਰੀਏਸ਼ਨਜ਼ ਹਨ ਚਾਹੇ ਉਹ ਸਾਡੇ ਸਾਜ਼ ਹਨ ਚਾਹੇ ਉਹ ਫੁਲਕਾਰੀ ਦੇ ਰੰਗ ਹਨ, ਚਾਹੇ ਉਹ ਪੰਜਾਬੀ ਦੀਆਂ ਲੋਕ ਕਥਾਵਾਂ ਹਨ ਕਿ ਅਸੀਂ ਪੇਸ਼ ਚਿੱਤਰ ਵਿੱਚੋਂ ਪੰਜਾਬੀਆਂ ਦੀ ਨਬਜ਼ ਨੂੰ ਕਿਵੇਂ ਫੜਨਾ ਹੈ। ਉਸ ਦਾ ਇਕ ਲੇਖ ਹੈ 'ਪੰਜਾਬੀ ਤੇ ਭਾਰਤੀ ਸੱਭਿਆਚਾਰ ਬਾਰੇ' ਉਹਦੀ ਗੱਲ ਕਦੇ ਫੇਰ ਕਰਾਂਗੇ। ਮੋਟੇ ਤੌਰ ਤੇ ਰਵੀ ਉਨ੍ਹਾਂ ਗੱਲਾਂ ਨੂੰ ਨੋਟ ਕਰ ਰਿਹਾ ਸੀ ਕਿ ਪੱਛਮ ਵਿੱਚ ਜੋ ਪੈਦਾ ਹੋ ਰਿਹਾ ਸੀ। ਪੱਛਮ ਵਿੱਚ ਜੋ ਸਕੂਲ ਸਨ...Frankfurt School of Marxism... ਉਹ ਨਵੀਨ ਅਮਰੀਕਨ ਆਲੋਚਨਾ ਉੱਤੇ ਪੂਰੀ ਦੀ ਪੂਰੀ ਕਿਤਾਬ ਲਿਖਦਾ ਹੈ। ਜਾਂ ਇਹ ਕਹਿ ਲਈਏ ਕਿ ਪੱਛਮ ਵਿੱਚ ਮਾਰਕਸਵਾਦੀ ਤੇ ਨਵ ਮਾਰਕਸਵਾਦੀਆਂ ਦਾ ਜਾਂ ਇਹ ਕਹਿ ਲਈਏ ਇਕ ਧਿਰ ਜੋ ਆਰਥਿਕ ਅਧਾਰ ਨੂੰ ਸਭ ਕੁਝ ਮੰਨਦੀ ਸੀ ਜਦੋਂ Walter Benjamin ਵਰਗੇ ਚਿੰਤਕ ਆਉਂਦੇ ਹਨ ਉਹ ਮੰਨਦੇ ਹਨ ਕਿ ਇਕੱਲਾ ਆਰਥਿਕ ਅਧਾਰ ਹੀ ਨਹੀਂ ਕਲਚਰ ਵੀ ਇਕ ਬਰਾਬਰ ਦੀ ਭੂਮਿਕਾ ਨਿਭਾ ਰਿਹਾ ਹੁੰਦਾ ਹੈ। ਜਿਹਨੂੰ ਨਿਓਮਾਰਕਸਵਾਦ ਕਹਿ ਦਿੰਦੇ ਆ... ਕਿ ਆਰਥਿਕ ਅਧਾਰ ਹੀ ਸਮਾਜ ਦੀ ਬੁਨਿਆਦ ਨਹੀਂ ਹੁੰਦੀ ਕਲਚਰ ਦਾ ਵੀ ਆਪਣਾ ਇਕ ਰੋਲ ਹੁੰਦਾ ਹੈ। ਸਾਡੀ ਪੰਜਾਬੀ ਆਲੋਚਨਾ ਵਿੱਚ Adorno ਨੂੰ ਸਭ ਤੋਂ ਪਹਿਲੀ ਵਾਰ ਡਾ. ਰਵੀ ਫੜ ਰਿਹਾ ਹੈ ਤੇ Antonio Gramsci ਨੂੰ ਪਹਿਲੀ ਵਾਰ ਪੇਸ਼ ਡਾ. ਤੇਜਵੰਤ ਗਿੱਲ ਕਰ ਰਿਹਾ ...ਔਰ ਇਹ ਬਿਲਕੁਲ ਨਵੇਂ ਮੁਹਾਵਰੇ ਵਿੱਚ ਗੱਲਾਂ ਕਰਦੇ ਹਨ। ... Louis Althusser ਕਹਿੰਦਾ ਕਿ ਸਟੇਟ ਇਕੱਲੀ ਫੌਜ਼ ਰਾਹੀਂ ਹੀ ਨਹੀਂ ਲੋਕਾਂ ਨੂੰ ਗੁਲਾਮ ਬਣਾਉਂਦਾ ਉਹ ਕਲਚਰ ਰਾਹੀਂ ਵੀ ਬਣਾਉਂਦੀ ਹੈ। Althusser ਅੱਗੇ ਕਹਿੰਦਾ ਕਿ ਸਟੇਟ ਚੰਗੇ ਭਲੇ ਬੰਦੇ ਨੂੰ ਸਬਜੈਕਟ ਵਿੱਚ ਬਦਲ ਦਿੰਦੀ ਹੈ। ਉਹ ਬੰਦਾ ਜਿਹਨੂੰ ਸਮਾਜ ਨੇ ਕਾਬੂ ਕਰ ਲਿਆ ਹੋਵੇ। ਜਿਹਨੂੰ ਇਹ ਕਹਿ ਦਿੱਤਾ ਗਿਆ ਹੋਵੇ ਕਿ ਇਹ ਹੀ ਸੱਚ ਹੈ ਜੋ ਪੇਸ਼ ਕੀਤਾ ਜਾ ਰਿਹਾ ਹੈ।

ਹੁਣ ਇਕ ਔਰਤ ਆਪਣੇ ਉਲਟ ਜਾ ਰਹੀ ਸੋਚ ਨੂੰ ਹੀ ਕਿਉਂ ਮੰਨੀ ਜਾ ਰਹੀ ਹੁੰਦੀ ਹੈ.. ਕਿਉਂਕਿ ਅਸੀਂ ਲੋਕਾਂ ਨੇ ਕਹਿ ਦਿੱਤਾ ਕਿ ਪਤੀ ਪ੍ਰਮੇਸ਼ਵਰ ਹੁੰਦਾ ਹੈ।

**ਰਸੂਲਪੁਰੀ** : ਡਾ. ਗੁਰਮੇਲ...ਕੀ ਸੱਚਮੁੱਚ ਜੋਗਿੰਦਰ ਸਿੰਘ ਰਾਹੀ ਤੇ ਹਰਿਭਜਨ ਸਿੰਘ ਦੇ ਆਉਣ ਨਾਲ ਪੰਜਾਬੀ ਆਲੋਚਨਾ ਆਪਣਾ ਆਸਣ ਬਦਲਦੀ ਹੈ?

**ਡਾ. ਗੁਰਮੇਲ** : ਨਿਸ਼ਚਿਤ ਤੌਰ ਤੇ ਡਾ. ਜੋਗਿੰਦਰ ਸਿੰਘ ਰਾਹੀ ਤੇ ਡਾ. ਹਰਿਭਜਨ ਸਿੰਘ ਨੇ ਪੰਜਾਬੀ ਆਲੋਚਨਾ ਨੂੰ ਇਕ ਨਵੀਂ ਦਿਸ਼ਾ ਦੇਣ ਵਿਚ ਵੱਡੀ ਭੂਮਿਕਾ ਨਿਭਾਈ ਹੈ। ਡਾ ਹਰਿਭਜਨ ਸਿੰਘ ਨੇ ਤਾਂ ਰੂਪਵਾਦੀ ਤੇ ਸੰਰਚਨਾਵਾਦੀ ਆਲੋਚਨਾ ਦ੍ਰਿਸ਼ਟੀਆਂ ਨੂੰ ਪ੍ਰਚਾਰਨ ਤੇ ਪ੍ਰਸਾਰਨ ਦਾ ਕੰਮ ਵੀ ਕੀਤਾ।ਉਸਨੇ ਮਾਰਕਸਵਾਦੀ ਆਲੋਚਨਾ ਦੀ ਜਕੜਬੰਦੀ ਨੂੰ ਤੋੜਨ ਤੇ ਰਚਨਾ ਦੇ ਭਾਸ਼ਾਈ ਪੈਟਰਨ ਨੂੰ ਇਕ ਨਵੇਂ ਜਾਵੀਏ ਤੋਂ ਪਛਾਨਣ ਉਤੇ ਬਲ ਦਿੱਤਾ।ਡਾ. ਰਾਹੀ ਨੇ ਗਲਪ ਦੇ ਮਸਲਿਆਂ ਨੂੰ ਵਿਧਾ ਸ਼ਾਸਤਰੀ ਨੇਮਾਂ ਸਹਿਤ ਸਮਝਣ ਦੀ ਨਵੀਂ ਚੇਤਨਾ ਪ੍ਰਦਾਨ ਕੀਤੀ। ਇਨ੍ਹਾਂ ਆਲੋਚਕਾਂ ਨੇ ਪੂਰਬਲੀ ਆਲੋਚਨਾ ਦੇ ਮੁਕਾਬਲੇ ਤੇ ਸਾਹਿਤ ਨੂੰ ਹੱਠਧਰਮੀ ਵਿਚਾਰਧਾਰਕ ਚੇਤਨਾ ਅਤੇ ਵਿਹਾਰਕ ਸਮਝਦਾਰੀ ਦੀ ਵਲਗਣ ਤੋਂ ਮੁਕਤ ਕਰ ਕੇ ਨਵੇਂ ਚਿੰਤਨ ਵਾਲੇ ਪਾਸੇ ਤੋਰਿਆ।

**ਰਸੂਲਪੁਰੀ** : ਡਾ. ਸਰਬਜੀਤ ਜੀ... ਜਦੋਂ ਮੈਂ ਡਾ. ਜੋਗਿੰਦਰ ਸਿੰਘ ਰਾਹੀ ਦੀ ਕਹਾਣੀ ਨਾਲ ਸੰਬੰਧਤ ਆਲੋਚਨਾ ਵੇਖਦਾ ਹਾਂ ਜਾਂ ਜਦੋਂ ਡਾ. ਹਰਿਭਜਨ ਸਿੰਘ ਨੇ ਪ੍ਰੇਮ ਪ੍ਰਕਾਸ਼ ਤੇ ਤਰਸੇਮ ਨੀਲਗਿਰੀ ਦੀ ਕਹਾਣੀ ਦਾ analisse ਕੀਤਾ ਮੈਂ ਵੇਖਦਾ ਹਾਂ...ਮੈਨੂੰ ਲੱਗਦਾ ਕਿ ਇਨ੍ਹਾਂ ਦੋਹਾਂ ਦੀ ਆਲੋਚਨਾ ਨਾਲ ਪੰਜਾਬੀ ਆਲੋਚਨਾ ਆਪਣਾ ਆਸਣ ਬਦਲਦੀ ਹੈ। ਉਹ ਆਲੋਚਨਾ ਵਿੱਚ ਆਪਣੀਆਂ ਨਵੀਆਂ ਧਾਰਨਾਵਾਂ ਲੈ ਕੇ ਆਉਂਦੇ ਹਨ। ਤੁਸੀਂ ਇਨ੍ਹਾਂ ਦੀ ਆਲੋਚਨਾ ਨੂੰ ਕਿਸ ਤਰ੍ਹਾਂ ਵੇਖਦੇ ਹੋ?

**ਡਾ. ਸਰਬਜੀਤ** : ਬਿਲਕੁਲ... ਬਿਲਕੁਲ... ਕਿਉਂਕਿ ਜਦੋਂ ਕੋਈ ਕ੍ਰਿਟਿਕ ਜਾਂ ਲੇਖਕ ਦਾ ਸਿਧਾਂਤ ਤੇ ਦ੍ਰਿਸ਼ਟੀਕੋਣ ਬਦਲਦਾ ਹੈ.. ਤਾਂ ਉਹਦੀਆਂ Formulation ਵੀ ਬਦਲ ਜਾਂਦੀਆਂ ਹਨ। ਇਕੋ ਕਹਾਣੀ ਬਾਰੇ ਇਕ ਬੰਦਾ ਉਸ ਨੂੰ ਹੋਰ ਤਰ੍ਹਾਂ ਵੇਖ ਰਿਹਾ ਹੁੰਦਾ ਆ ਤੇ ਦੂਜਾ ਹੋਰ ਤਰ੍ਹਾਂ ਵੇਖ ਰਿਹਾ ਹੁੰਦਾ ਹੈ। ਜਦੋਂ ਅਸੀਂ ਹਰਿਭਜਨ ਸਿੰਘ ਦੀ ਆਲੋਚਨਾ ਵੇਖਦੇ ਹਾਂ ਤਾਂ ਉਹ ਸਾਹਿਤ ਨੂੰ ਸ਼ੁੱਧ ਸਾਹਿਤ ਵਜੋਂ ਪਹਿਲੀ ਵਾਰ ਸਵੀਕਾਰ ਕਰਦਾ ਹੈ। ਤਾਂ ਜਦੋਂ ਸੁੱਧ ਸਾਹਿਤ ਵਜੋਂ ਸਵੀਕਾਰ ਕਰਦਾ ਹੈ ਤਾਂ ਉਹ ਬਹੁਤ ਸਾਰੀਆਂ ਧਾਰਨਾਵਾਂ ਛਾਂਟ ਦਿੰਦਾ ਹੈ ਜਿਹੜੀਆਂ ਚੀਜਾਂ ਮਾਰਕਸਵਾਦੀ ਵਿਚਾਰਾ ਰਾਹੀਂ ਜਾਂ ਦੂਜੀਆਂ ਆਲੋਚਨਾ ਪ੍ਰਣਾਲੀਆਂ ਰਾਹੀ ਆਉਂਦੀਆਂ ਹਨ। ਪਰ ਹਰਿਭਜਨ ਸਿੰਘ ਦਾ ਆਪਣੇ ਆਪ ਵਿੱਚ ਇਕ ਸੰਕਟ ਇਹ ਵੀ ਸੀ। ਹਾਲਾਂ ਕਿ Structuralism ਤੇ ਦੂਜੀਆਂ ਚੀਜਾਂ ਸਮਾਜ ਦੇ ਪ੍ਰਸੰਗ ਤੇ ਸੰਦਰਭ ਨੂੰ ਦਰਕਿਨਾਰ ਨਹੀਂ ਕਰਦੀਆਂ ਪਰ ਹਰਿਭਜਨ ਸਿੰਘ ਕਰਦਾ ਹੈ। ਹਰਿਭਜਨ ਸਿੰਘ ਦੀ Problem ਸਭ ਤੋਂ ਵੱਡੀ ਇਹ ਆ ਕਿ ਉਹ ਵੱਖਰੇ ਵੱਖਰੇ ਸਿਧਾਂਤਾਂ 'ਚੋਂ ਕੁਝ ਨੁਕਤੇ ਚੁਣਦਾ ਆ। (ਰਸੂਲਪੁਰੀ-(ਵਿਚੋਂ ਟੋਕ ਕੇ) ਮਤਲਬ ਇਕ ਸਿਧਾਂਤ ਨਾਲ ਨਹੀਂ ਬੱਝਦਾ) ...ਬਿਲਕੁਲ ਨਹੀਂ। ਉਹਦੇ 'ਚ ਰੂਪਵਾਦ ਵੀ ਆ...ਉਹਦੇ 'ਚ ਸੰਰਚਨਾਵਾਦ ਵੀ ਆ...ਉਹਦੇ 'ਚ ਅਵਚੇਤਨ ਦਾ ਕਨਸਪਟ ਵੀ ਆ... ਉਹਦੇ 'ਚ ਸ਼ੈਲੀ ਵਿਗਿਆਨ ਵੀ ਆ... ਉਹਦੇ 'ਚ ਭਾਸ਼ਾ ਵਿਗਿਆਨ ਵੀ ਆ...ਮਤਲਬ ਕਿ ਉਹਨੇ ਬਹੁਤ ਸਾਰੀਆਂ ਧਾਰਨਾਵਾਂ ਵਿੱਚੋਂ ਇਕ ਆਪਣੀ ਤਰ੍ਹਾਂ ਦੇ ਸਾਹਿਤ ਨੂੰ ਸਮਝਣ ਵਾਲਾ ਮਾਡਲ ਬਣਾ

ਲਿਆ। ਉਹ ਮਾਡਲ ਬਣਾ ਲਿਆ, ਜਿਹੜਾ ਮਾਰਕਸਵਾਦ ਦੇ ਪੈਰਲਰ ਸੀ। ਇਸ ਕਰਕੇ ਕੁਦਰਤੀ ਸੀ ਉਹ ਗੱਲਾਂ ਸਾਨੂੰ ਕਈ ਵਾਰ ਨਵੀਆਂ ਤੇ ਚੰਗੀਆਂ ਲੱਗੀਆਂ ਤੇ ਲੱਗਣੀਆਂ ਵੀ ਸਨ। ਜਿੱਥੋਂ ਤੱਕ ਗੱਲ ਡਾ. ਰਾਹੀ ਦੀ ਹੈ...ਰਾਹੀ ਹੁਰਾਂ ਨੇ ਕੀ ਕੀਤਾ ਕਿ ਜਿਹੜੇ ਸਿਧਾਂਤ ਵਿਸ਼ਵ ਵਿੱਚ Fiction ਨੂੰ ਸਮਝਣ ਲਈ ਨਵੇਂ ਸਿਧਾਂਤ ਪੈਦਾ ਹੋਏ...ਉਸ ਨੇ ਉਨ੍ਹਾਂ ਸਿਧਾਂਤਾ ਵਿੱਚੋਂ ਥੌਟ ਲੈ ਕੇ ਜਿਹੜੀ ਸੂਖ਼ਮ ਗੱਲ ਕੀਤੀ ਹੈ...ਜਿਹੜੀ ਡਾ. ਰਾਹੀ ਦੀ ਪੰਜਾਬੀ ਆਲੋਚਨਾ ਵਿੱਚ ਵੱਡੀ ਪ੍ਰਾਪਤੀ ਵੀ ਹੈ...ਉਹ ਇਹ ਆ ਕਿ ਡਾ. ਰਾਹੀ ਪੰਜਾਬੀ ਟੈਕਸਟ ਨੂੰ ਕਲਚਰ ਦੇ ਮਧਿਆਮ ਵੇਖਦਾ। ਸਮਾਜ ਦੇ ਮਧਿਆਮ ਰਾਹੀਂ ਨਹੀਂ ਵੇਖਦਾ। ਇਹ ਗੱਲ ਸਾਨੂੰ ਨਿਖੇੜਨੀ ਪੈਣੀ ਹੈ... ਅਸੀਂ ਕਈ ਵਾਰੀ ਨਿਖੇੜਦੇ ਨਹੀਂ ਹਾਂ। ਡਾ. ਰਾਹੀ ਕਲਚਰ ’ਤੇ ਉਵੇਂ ਵੱਧ ਜ਼ੋਰ ਨਹੀਂ ਦਿੰਦਾ। ਕਿਉਂਕਿ ਉਹ ਇਹ ਗੱਲ ਵੀ ਸਵੀਕਾਰ ਕਰਕੇ ਚੱਲਦਾ ਕਿ ਉਹ ਚਾਹੇ ਨਾਵਲ ਆ ਜਾਂ ਕਹਾਣੀ ਆ...ਉਹ ਕਲਚਰ ਸਿਰਜਦਾ ਆ...ਉਹਨੇ ਕਲਚਰ ਵਿੱਚੋਂ ਆਪਣਾ ਰੂਪ ਤੇ ਸਰੂਪ ਧਾਰਨ ਕਰਨਾ ਹੁੰਦਾ ਹੈ। ਸਮਾਜ ਉੱਤੇ ਉਹਨੇ ਸਿੱਧੇ ਤੌਰ ’ਤੇ ਰਿਐਕਟ ਨਹੀਂ ਕਰਨਾ ਹੁੰਦਾ। ਇਸੇ ਕਰਕੇ ਉਹ ਕਲਚਰ ਵਿੱਚੋਂ ਕੁਝ ਚੀਜਾਂ ਫੜ ਕੇ ਬਹੁਤ ਪਿੱਛੇ ਤੱਕ ਚਲੇ ਜਾਂਦਾ ਆ...ਮੈਂ ਤੁਹਾਨੂੰ ਇਕ ਮਿਸਾਲ ਦਿੰਦਾ ਹਾਂ... ਜਦੋਂ ਉਹ ਗੁਰਦਿਆਲ ਸਿੰਘ ਨੂੰ ਸਭ ਤੋਂ ਵੱਧ ਵਡਿਆਉਂਦਾ ਹੈ...ਕਿ ਗੁਰਦਿਆਲ ਸਿੰਘ ਆਪਣੇ ਨਾਵਲ ’ਚ ਪੰਜਾਬ ਦੇ ਕਲਚਰ ਰਾਹੀ ਪੰਜਾਬੀ ਮਨੁੱਖ ਦੇ ਅਵਚੇਤਨ ਨੂੰ ਪੇਸ਼ ਕਰ ਰਿਹਾ ਹੈ...ਉਹਦਾ ਪਾਤਰ ਮੋਦਨ ਆ.. ਮੋਦਨ ਆਪਣੇ ਬਾਪ ਦਾ ਬਦਲਾ ਲੈਣ ਲਈ ਕਤਲ ਕਰ ਦਿੰਦਾ ਆ...ਉਹ ਸਮਾਜਿਕ ਤੌਰ ਤੇ ਕਤਲ ਆ.. ਪਰ ਸਾਡੇ ਕਲਚਰ ਨੇ ਸਾਨੂੰ ਇਹ ਦੱਸਣਾ ਕਿ ਕਤਲ ਕਿਉਂ ਹੋਇਆ। ਇਹ ਆ ਡਾ. ਰਾਹੀ ਦੀ ਵੱਖਰਤਾ। ਹੁਣ ਕਲਚਰ ਕਿਉਂ ਮਜ਼ਬੂਰ ਕਰਦਾ ਮੋਦਨ ਨੂੰ ਕਤਲ ਕਰਨ ਉੱਤੇ...ਕਿ ਕਲਚਰ ਮੰਗ ਕਰਦਾ ਇਸ ਚੀਜ਼ ਦੀ ਕਿ ਸਮਾਜ ਵਿੱਚ ਉਹੀ ਬੰਦਾ ਸਵੀਕਾਰਨ ਯੋਗ ਹੈ ਜਿਹੜਾ ਆਪਣੇ ਬਾਪ ਦਾ ਬਦਲਾ ਲੈ ਕੇ ਸਮਾਜ ਵਿੱਚ ਵਿਚਰਦਾ ਤੇ ਬਦਲਾ ਇਕ ਕਲਚਰਲ ਵੈਲਯੂ ਬਣਦੀ ਆ। ਮੇਰੇ ਕਹਿਣ ਦਾ ਭਾਵ ਆ ਕਿ ਜਿਹੜਾ ਹਰਿਭਜਨ ਸਿੰਘ ਉਹ ਰੂਪ ਉੱਤੇ, ਭਾਸ਼ਾ ਉੱਤੇ, ਸਟਰੱਕਚਰ ਉੱਤੇ ਤੇ ਜੁਗਤਾ ਉੱਤੇ ਆਪਣੀ ਆਲੋਚਨਾ ਕੇਂਦਰਤ ਕਰਦਾ ਹੈ। ਜਿਹੜਾ ਰਾਹੀ ਹੈ ਉਹ ਕਲਚਰ ਉੱਤੇ ਪੈਂਦੇ ਪ੍ਰਭਾਵਾਂ ਕਰਕੇ ਉਹ ਪੂਰੇ ਦੇ ਪੂਰੇ ਰੂਪ ਨੂੰ ਉਹਦੇ ਵਿੱਚੋਂ ਤਲਾਸ਼ਦਾ। ਭਾਸ਼ਾ ਵਿੱਚੋਂ ਸਿੱਧਾ ਨਹੀਂ ਤਲਾਸ਼ਦਾ।

**ਰਸੂਲਪੁਰੀ :** ਡਾ. ਸਰਬਜੀਤ ਜੀ... ਇਨ੍ਹਾਂ ਦੋ ਵਿਦਵਾਨਾਂ ਡਾ. ਰਾਹੀ ਤੇ ਡਾ. ਹਰਿਭਜਨ ਸਿੰਘ ਦੀ ਆਲੋਚਨਾ ਦੀ ਪਰੰਪਰਾ ਮੈਨੂੰ ਲੱਗਦਾ ਅੱਗੇ ਨਹੀਂ ਤੁਰ ਸਕੀ... ਇਹਦੇ ਕਾਰਨ ਕੀ ਨੇ?

**ਡਾ. ਸਰਬਜੀਤ :** ਨਹੀਂ ਏਸ ਤਰ੍ਹਾਂ ਦੀ ਕੋਈ ਗੱਲ ਨਹੀਂ। ਹਰਿਭਜਨ ਨੇ ਆਪਣੇ ਸਮੇਂ ਵਿੱਚ ਇਕ ਆਪਣੀ ਆਲੋਚਨਾ ਦਾ ਸਕੂਲ ਸ਼ੁਰੂ ਕਰ ਲਿਆ ਸੀ। ਉਹਦਾ ਕਾਰਨ ਇਹ ਪੈਦਾ ਹੋ ਗਿਆ ਕਿ ਕਿਉਂਕਿ ਰੂਪਵਾਦ ਅਤੇ ਸੰਰਚਨਾਵਾਦ ਦੀਆਂ ਸੀਮਾਵਾਂ ਜਦੋਂ ਪੈਦਾ ਹੋਣ ਲੱਗੀਆਂ ਤਾਂ ਅਗਲੀ ਪੀੜ੍ਹੀ ਉਸ ਨੂੰ ਛੱਡ ਕੇ ਦੂਜੇ ਪਾਸੇ ਚਲੇ ਗਈ। ਏਥੋਂ ਤੱਕ ਸੁਤਿੰਦਰ ਸਿੰਘ ਨੂਰ ਉਸ ਨੂੰ ਛੱਡ ਕੇ ਉੱਤਰਆਧੁਨਿਕਵਾਦ ਵੱਲ ਤੁਰ ਪਏ। ਜਿੱਥੋਂ ਤੱਕ ਡਾ. ਰਾਹੀ ਦੀ ਗੱਲ ਆ...ਡਾ. ਰਾਹੀ ਦੀ ਪ੍ਰੰਪਰਾ ਨੂੰ ਜਿਨ੍ਹਾਂ ਨੇ ਅੱਗੇ ਲੈ ਕੇ ਜਾਣਾ ਸੀ... ਹਲਾਂ ਕਿ ਕੁਝ ਬੰਦਿਆਂ ਵਿੱਚ ਇਸ ਦੀਆਂ ਸੰਭਾਵਨਾਵਾਂ ਸਨ...ਉਨ੍ਹਾਂ ਵਿੱਚ ਸੁਖਦੇਵ ਖਾਹਰਾ ਸੀ... ਰਮਿੰਦਰ ਕੌਰ ਵਿੱਚ ਵੀ ਸੰਭਾਵਨਾਵਾਂ ਸਨ ਪਰ ਜਿਸ ਕਿਸਮ ਦੀ ਆਲੋਚਨਾ ਸਾਧਨਾ ਮੰਗਦੀ ਆ... ਅਧਿਐਨ ਮੰਗਦੀ ਆ...ਨਿਰੰਤਰਾ ਤੇ ਕਲੈਰਟੀ ਮੰਗਦੀ ਆ...ਉਹ ਬਾਅਦ ਵਾਲੇ ਆਲੋਚਕ ਸਭ ਕੁਝ ਕਰ ਨਹੀਂ

ਸਕੇ।

**ਰਸੂਲਪੁਰੀ :** ਡਾ. ਸੁਖਦੇਵ ਜੀ ਤੁਹਾਡੇ ਕੋਲ ਕੋਈ ਇਸ ਮਸਲੇ ’ਤੇ ਕੋਈ ਨਵਾਂ ਨੁਕਤਾ ਹੈ?

**ਡਾ. ਸੁਖਦੇਵ ਸਿਰਸਾ :** ਮੈਂ ਡਾ. ਸਰਬਜੀਤ ਦੀ ਗੱਲ ਨਾਲ ਇਕ ਗੱਲ ਜੋੜਨਾ ਚਾਹੁੰਦਾ ਹਾਂ...ਤੁਸੀਂ ਇਕ ਗੱਲ ਦਾ ਨਿਖੇੜਾ ਜ਼ਰੂਰ ਕਰੋ... ਹਰਿਭਜਨ ਸਿੰਘ ਰੂਪਵਾਦ ਤੋਂ ਅੱਗੇ ਤੁਰਦਾ ਹੀ ਨਹੀਂ...ਉਹ ਉਸਦਾ ਮੁੱਖ ਮਾਡਲ ਸੀ। ਹਰਿਭਜਨ ਸਿੰਘ ਗੁਰਦਿਆਲ ਸਿੰਘ ਦੇ ਨਾਵਲ ‘ਅੱਧ ਚਾਨਣੀ ਰਾਤ’ ਤੇ ਲੇਖ ਲਿਖ ਰਿਹਾ ਹੈ। ਤੇ ਸਾਰਾ ਜ਼ੋਰ ਇਸ ਗੱਲ ਤੇ ਦੇ ਰਿਹਾ ਕਿ ਗੁਰਦਿਆਲ ਸਿੰਘ ਚੀਜ਼ਾਂ ਨੂੰ ਇਕ ਵਿੱਥ ’ਤੇ ਖੜ ਕੇ ਵੇਖਦਾ ...ਉਹਨੇ ਰੂਪਵਾਦੀਆਂ ਤੋਂ ਇਹ ਟਰਮ ਹੀ ਲੈ ਲਈ ਕਿ ਡਿਲੇਟ expulsion ਦੀ। ਜਿਹਨੂੰ ਉਹ ਕਹਿੰਦਾ ਕਿ ਚੀਜ਼ਾਂ ਨੂੰ ਹੌਲੀ ਹੌਲੀ ਖੋਲ੍ਹੋ। ਹਰਿਭਜਨ ਜਦੋਂ ਨਾਵਲ ’ਤੇ ਗੱਲ ਕਰਦਾ ਹੈ ਤਾਂ ਉਹ ਨਾਵਲ ਦੇ ਸਟਰੱਕਚਰ ਤੇ ਬੁਣਤੀ ’ਤੇ ਗੱਲ ਕਰਦਾ ਹੈ। ਉਹ ਨਾਵਲ ਦੀ ਕਲਚਰ ਟੈਕਸਟ ਨੂੰ ਨਹੀਂ ਛੋਹਦਾ... ਉਹਦੇ ਆਰਥਿਕ ਪੱਖ ਨੂੰ ਨਹੀਂ ਛੋਹਦਾ ਤੇ ਉਹਦੇ ਇਤਿਹਾਸਕ ਪੱਖ ਨੂੰ ਨਹੀਂ ਛੋਹਦਾ। ਜਦੋਂ ਰੂਪ ਬਾਰੇ ਗੱਲ ਡਾ. ਰਾਹੀ ਕਰਦਾ ਹੈ...ਤੁਸੀਂ ਰਾਹੀ ਦਾ ਉਹ ਲੇਖ ਪੜ੍ਹੋ ਤਾਂ ਉਹ ਕਹਿ ਰਿਹਾ ਕਿ ਪੰਜਾਬੀ ਬਿਰਤਾਂਤ ਪ੍ਰੰਪਰਾ ਦਾ ਰੂਪ ਕਿਵੇਂ ਬਦਲਦਾ ਰਿਹਾ। ਸਾਖੀ ਤੋਂ ਅਸੀਂ ਪ੍ਰਸੰਗ ਤੋਂ ਆਏ। ਪ੍ਰਸੰਗ ਤੋਂ ਅਸੀਂ ਗੁਰਸ਼ੋਭਾ ਦੇ ਇਤਿਹਾਸ ਤੇ ਆਏ। ...ਕਿੱਸਿਆ...ਵਾਰਾਂ... ਮਹਾਂਕਾਵਿ ਤੋਂ ਉਪਰੰਤ ਹੌਲੀ ਹੌਲੀ ਨਾਵਲ ਤੇ ਆਏ। ਜੋਗਿੰਦਰ ਰਾਹੀ ਮਾਰਕਸਵਾਦੀ Terminology ਕਿਤੇ ਨਹੀਂ ਵਰਤਦਾ। ਪਰ ਉਸ ਦੀ ਪਹੁੰਚ ਇਤਿਹਾਸਕ ਆ। ਜੋਗਿੰਦਰ ਰਾਹੀ ਨੂੰ ਅਸੀਂ ਕਿਉਂ ਪ੍ਰਗਤੀਵਾਦੀਆਂ ’ਚ ਗਿਣਦੇ ਆ ਉਹਨੇ ਕਿਤੇ ਵੀ ਕਲਾਸ ਸ਼ਬਦ ਨਹੀਂ ਵਰਤਿਆ। ਕਿਤੇ ਵੀ ਗਰੀਬੀ... ਅਮੀਰੀ ...ਕਿਰਤੀ ਸ਼ਬਦ ਨਹੀਂ ਵਰਤੇ। ਪਰ ਜਦੋਂ ਵੀ ਉਹ ਪੰਜਾਬ ਦੀਆਂ ਬਿਰਤਾਂਤਕ ਪ੍ਰੰਪਰਾਵਾਂ ਕਿਵੇਂ ਬਦਲਦੀਆਂ ਉਹਨੂੰ ਇਤਿਹਾਸ ਨਾਲ ਜੋੜਦਾ ਹੈ। ਜੋ ਪੰਜਾਬੀ ਦੇ ਲਿਟਰੇਚਰ ਦੀਆਂ ਫ਼ਾਰਮ ਹਨ ਉਹ ਪੰਜਾਬ ਦੇ ਇਤਿਹਾਸ ਨਾਲ ਬਦਲਦੀਆਂ ਹਨ। ਇਕ ਤਾਂ ਨਿਖੇੜਾ ਇਹ ਕਰੋ ਕਿ ਹਰਿਭਜਨ ਸਿੰਘ ਇਕੱਲਾ ਰੂਪਵਾਦੀ ਚਿੰਤਕ ਹੈ। ਜੋਗਿੰਦਰ ਰਾਹੀ ਜਦੋਂ ਨਾਵਲ ਦੇ ਰੂਪ ਦੀ ਗੱਲ ਕਰਦਾ ਆ...ਜਦੋਂ ਉਹ ਕਹਿ ਰਿਹਾ ਕਿ ਸਾਡੇ ਕੋਲ ਦੋ ਕਿਸਮ ਦੀ ਫ਼ਿਕਸ਼ਨ ਆ... ਪਹਿਲੀ normative ...ਆਦਰਸ਼ ਪ੍ਰੇਰਕ ਸੀ। ਦੂਜੀ ਰੀਪੈਜਟੇਸ਼ਨ ਫ਼ਿਕਸ਼ਨ ਕਹਿ ਰਿਹਾ। ਭਾਈ ਵੀਰ ਸਿੰਘ ਕੋਲ ਸਿੱਖੀ ਦਾ norm ਆ...ਜਸਵੰਤ ਕੰਵਲ ਕੋਲ ਇਨਕਲਾਬ ਦਾ norm ਆ।

**ਰਸੂਲਪੁਰੀ :** ਡਾ. ਗੁਰਮੇਲ ਜੀ, ਪਹਿਲਾਂ ਜਿਵੇਂ ਪ੍ਰੋਜੈਕਟ ਬਣਾ ਕੇ ਆਲੋਚਨਾ ਕੀਤੀ ਜਾਂਦੀ ਸੀ। ਹੁਣ ਬੰਦ ਹੋ ਗਈ ਹੈ। ਇਸਦਾ ਕੀ ਕਾਰਨ ਹੈ?

**ਡਾ. ਗੁਰਮੇਲ :** ਜਿਥੋਂ ਤੱਕ ਤੁਹਾਡੇ ਸਵਾਲ ਦਾ ਤਾਅਲੁਕ ਹੈ ਉਹ ਬਿਲਕੁਲ ਦਰੁਸਤ ਹੈ ਕਿ ਪੰਜਾਬੀ ਦੀ ਪਹਿਲੀ ਆਲੋਚਨਾ ਵਿਚ ਸਾਨੂੰ ਬੜਾ ਪੁਖਤਾ ਤੇ ਪ੍ਰਮਾਣਿਕ ਕੰਮ ਹੋਇਆ ਮਿਲਦਾ ਹੈ ਪਰ ਹੁਣ ਅਜਿਹਾ ਲਗਭਗ ਬੰਦ ਹੀ ਹੋ ਗਿਆ ਹੈ। ਇਸਦਾ ਵੱਡਾ ਕਾਰਨ ਅੱਜ ਦੀ ਲਾਲਸਾ ਮਈ ਤੇ ਖਪਤਵਾਦੀ ਜ਼ਿੰਦਗੀ ਦਾ ਵਧ ਰਿਹਾ ਰੁਝਾਨ ਹੈ। ਜਿਸ ਵਿਚ ਬਹੁਤੀ ਆਲੋਚਨਾ ਸਾਡੀਆਂ ਅਕਾਦਮਿਕ ਲੋੜਾਂ ਦੀ ਪੂਰਤੀ ਵਿੱਚੋਂ ਸਾਹਮਣੇ ਆ ਰਹੀ ਹੈ। ਦੂਜਾ ਇਹ ਵੀ ਹੈ ਕਿ ਅੱਜ ਪੁਸਤਕਾਂ ਦੀ ਪ੍ਰਕਾਸ਼ਨਾਂ ਦਾ ਬਜ਼ਾਰ ਵੀ ਗਰਮ ਹੈ। ਲੇਖਕ ਹੀ ਨਹੀਂ ਆਲੋਚਕ ਵੀ ਇਸ ਦੌੜ ਵਿਚ ਸ਼ਾਮਿਲ ਹੈ ਕਿ ਉਸ ਦੀਆਂ ਪੁਸਤਕਾਂ ਦੀ ਗਿਣਤੀ ਦੂਜੇ ਦੇ ਮੁਕਾਬਲੇ ਘੱਟ ਨਾ ਰਹੇ। ਇਸੇ ਕਰਕੇ ਹੁਣ ਬੱਝਵੇਂ ਕਾਰਜ ਨਾਲੋਂ ਵਿੱਕੋਲਿਤਰੇ ਲੇਖਾਂ ਨੂੰ ਇਕੱਠਾ ਕਰਕੇ

ਪੁਸਤਕ ਦਾ ਢਿੱਡ ਭਰਿਆ ਜਾਂਦਾ ਹੈ। ਇਸ ਦਾ ਕਾਰਨ ਇਨਾਮ ਸਨਮਾਨ ਵੀ ਵਿੱਚੇ ਹਨ।

**ਰਸੂਲਪੁਰੀ :** ਸੁਖਦੇਵ ਜੀ ਤੁਸੀਂ ਗੁਰਦਿਆਲ ਦੇ ਨਾਵਲ ਦੀ ਗੱਲ ਕੀਤੀ... ਮੈਨੂੰ ਡਾ. ਟੀ. ਆਰ. ਵਿਨੋਦ ਦਾ ਚੇਤਾ ਆ ਰਿਹਾ...ਵਿਨੋਦ ਨੇ ਗੁਰਦਿਆਲ ਦੇ ਨਾਵਲ ਦਾ ਵਿਸ਼ਲੇਸ਼ਣ ਬਹੁਤ ਵਿਸਤ੍ਰਿਤ ਰੂਪ ਨਾਲ ਕੀਤਾ। ਉਹਨੂੰ ਗੁਰਦਿਆਲ ਦਾ ਆਲੋਚਕ ਵੀ ਕਿਹਾ ਜਾਂਦਾ। ਮੈਨੂੰ ਲੱਗਦਾ ਵਿਨੋਦ ਨੇ ਵੀ ਗੁਰਦਿਆਲ ਦੇ ਨਾਵਲਾਂ ਨਾਲ ਇਨਸਾਫ਼ ਨਹੀਂ ਕੀਤੀ... ਉਹ ਇਕ ਬੱਝਵੇਂ ਦ੍ਰਿਸ਼ਟੀਕੋਣ ਨਾਲ ਉਨ੍ਹਾਂ ਨਾਵਲਾਂ ਦਾ ਵਿਸ਼ਲੇਸ਼ਣ ਕਰਦਾ ਰਿਹਾ। ਜਿਸ ਕਾਰਨ ਉਹਦੇ ਨਾਵਲਾਂ ਦੇ ਬਾਕੀ ਪੱਖ ਸਾਡੇ ਸਾਹਮਣੇ ਨਹੀਂ ਆ ਸਕੇ। ਤੁਸੀਂ ਇਸ ਵਰਤਾਰੇ ਨੂੰ ਕਿਵੇਂ ਲੈਂਦੇ ਹੋ।

**ਡਾ. ਸੁਖਦੇਵ ਸਿਰਸਾ :** ਨਹੀਂ... ਜੋ ਟੀ. ਆਰ. ਵਿਨੋਦ ਸੀ... ਉਹਦੇ ਕੋਲ ਜਿਹੜਾ ਆਲੋਚਨਾ ਦਾ ਮਾਡਲ ਸੀ। ਕੁਝ ਲੋਕ ਉਹਦੇ ਉੱਤੇ ਇਹ ਵੀ ਇਲਜ਼ਾਮ ਲਾ ਦਿੰਦੇ ਹਨ ਕਿ ਉਹ classical Marxist ਆ। ਟੀ. ਆਰ. ਵਿਨੋਦ ਵੇਖ ਰਿਹਾ ਕਿ ਸਾਡੇ ਪੰਜਾਬ ਦੀ ਆਰਥਿਕਤਾ ਕਿਵੇਂ ਬਦਲ ਰਹੀ ਆ। ਬਦਲਦੀ ਆਰਥਿਕਤਾ ਦੇ ਨਾਲ ਨਾਲ ਪੰਜਾਬ ਦਾ scenario ਕਿਵੇਂ ਬਦਲ ਰਿਹਾ। ਪੰਜਾਬ ਦੇ ਰਿਸ਼ਤੇ ਕਿਵੇਂ ਬਦਲ ਰਹੇ। ਇਹ ਗੱਲਾਂ ਗੁਰਦਿਆਲ ਸਿੰਘ ਆਪਣੇ ਨਾਵਲਾਂ ਵਿੱਚ ਵੀ ਫੜਦਾ ਹੈ ਪਰ ਗੁਰਦਿਆਲ Marxist Terminology ਨਹੀਂ ਵਰਤਦਾ। ਜੋਗਿੰਦਰ ਸਿੰਘ ਰਾਹੀ ਜਦੋਂ ਗੁਰਦਿਆਲ ਸਿੰਘ ਦੇ ਨਾਵਲ 'ਮੜ੍ਹੀ ਦੇ ਦੀਵੇ' ਦੀ ਗੱਲ ਕਰ ਰਿਹਾ। ਉਹ ਇਹ ਤਾਂ ਕਹਿ ਰਿਹਾ ਕਿ ਸੀਰੀ ਨੂੰ ਸੀਰੀ ਸਮਝਣਾ ਤੇ ਆਪਣੇ ਬਰਾਬਰ ਦਾ ਬੰਦਾ ਸਮਝਣਾ ਸਮੰਤਸ਼ਾਹੀ ਦੀ Value ਟੁੱਟ ਰਹੀ ਦੀ ਨਿਸ਼ਾਨੀ ਆ। ..ਭੰਤਾ... ਰੌਣਕੀ ਨੂੰ ਦਿੱਤੀ ਹੋਈ ਜ਼ਮੀਨ 'ਚੋਂ ਟਾਹਲੀ ਵੱਢਦਾ ਆ ਵਗੈਰਾ ਵਗੈਰਾ...ਗੁਰਦਿਆਲ ਇਹਦਾ ਜ਼ਿਕਰ ਤਾਂ ਕਰਦਾ ਆ ਪਰ ਉਹ ਇਹਨੂੰ ਇਕੌਨਮੀ ਨਾਲ ਨਹੀਂ ਜੋੜ ਰਿਹਾ। ਗੁਰਦਿਆਲ ਕਹਿ ਰਿਹਾ ਕਿ ਪੰਜਾਬੀ ਦੀ ਇਕੌਨਮੀ ਨੇ ਪੰਜਾਬ ਦੀ ਕਲਚਰ ਲੈਵਲ 'ਤੇ ਤਬਦੀਲੀ ਲਿਆਂਦੀ ਆ। ਜਦੋਂ ਅਸੀਂ Feudal production ਰਿਲੇਸ਼ਨ ਵਿੱਚੋਂ ਪੂੰਜੀਵਾਦੀ production ਰਿਲੇਸ਼ਨ ਵਿੱਚ ਆਏ ਤਾਂ Feudal production ਦੇ ਰਿਲੇਸ਼ਨ ਵਿੱਚ ਇਕ ਮਨੁੱਖੀ ਤੱਤ ਹੁੰਦਾ ਆ, ਉਹ ਗੁਵਾਚ ਜਾਂਦਾ ਆ। Mode of production ਵਿੱਚ ਆ ਕੇ ਨਿੱਜ ਕੇਂਦਰਤ ਤੇ ਮੁਨਾਫ਼ਾ ਕੇਂਦਰਤ ਗੱਲਾਂ ਆ ਜਾਂਦੀਆਂ ਹਨ... ਡਾ. ਰਾਹੀ ਇਹਦਾ ਜ਼ਿਕਰ ਸੰਕੇਤ ਮਾਤਰ ਤਾਂ ਕਰਦਾ ਹੈ। ...ਹੁਣ ਜਿਹੜਾ ਟੀ. ਆਰ ਵਿਨੋਦ ਆ...ਉਹ ਜਦੋਂ ਗੁਰਦਿਆਲ ਸਿੰਘ ਦੇ ਨਾਵਲਾਂ ਦੀ ਆਲੋਚਨਾ ਕਰਦਾ ਆ ਤਾਂ ਉਹ ਪੰਜਾਬ ਦੀਆਂ ਆ ਰਹੀਆਂ ਆਰਥਿਕ ਤਬਦੀਲੀਆਂ ਨੂੰ...ਸਾਡੇ ਪ੍ਰੋਡੱਕਟਵ ਵਿੱਚ ਆ ਰਹੀਆਂ ਤਬਦੀਲੀਆਂ ਨੂੰ ਔਰ ਸਾਰੀ ਦੀ ਸਾਰੀ Marxist Terminology ਵਿੱਚ ਕਰਦਾ ਆ।

**ਰਸੂਲਪੁਰੀ :** ਡਾ. ਗੁਰਮੇਲ ਸਿੰਘ ਜੀ... ਤੁਸੀਂ ਪੰਜਾਬੀ ਨਾਵਲ 'ਤੇ ਨਿੱਠ ਕੇ ਕੰਮ ਕੀਤਾ ਆ। ਤੁਸੀਂ ਜਦੋਂ ਨਾਵਲ ਤੇ ਕੰਮ ਕਰ ਰਹੇ ਸੀ। ਨਾਵਲ ਨੂੰ ਸਮਝਣ ਲਈ ਤੁਹਾਡੇ ਕੋਲ ਆਲੋਚਨਾ ਦੇ ਕਿਸ ਕਿਸਮ ਦੇ ਮਾਡਲ ਸਨ। ਤੁਸੀਂ ਕਿਸ ਕਿਸਮ ਦੀਆਂ ਆਲੋਚਨਾ ਪ੍ਰਣਾਲੀਆਂ ਅਪਣਾਈਆਂ। ਕਿਸ ਤਰ੍ਹਾਂ ਵਿਸ਼ਲੇਸ਼ਣ ਕੀਤਾ... ਕਿਹੜੇ ਕਿਹੜੇ ਨਾਵਲ ਲਏ।

**ਡਾ. ਗੁਰਮੇਲ ਸਿੰਘ :** ਵੇਖੋ ਮੈਂ ਪੰਜਾਬੀ ਨਾਵਲ ਵਿੱਚ ਰਾਜਨੀਤਿਕ ਚੇਤਨਾ ਉੱਤੇ ਕੰਮ ਕੀਤਾ ਆ। ਕਿਉਂਕਿ ਨਾਵਲ 1960 ਤੋਂ ਬਾਅਦ ਦਾ ਵਧੇਰੇ ਨਾਵਲ ਰਾਜਨੀਤਿਕ ਚੇਤਨਾ ਵਾਲਾ ਰਿਹਾ ..ਵੱਖ ਵੱਖ ਸਮੇਂ ਰਾਜਨੀਤਿਕ ਚੇਤਨਾ ਜੋ ਨਾਵਲਾਂ ਵਿੱਚ ਆਈ ਉਨ੍ਹਾਂ ਦਾ ਅਧਿਐਨ ਕੀਤਾ। ਨਾਵਲ ਵੇਖਣ ਤੇ ਸਮਝਣ ਦੀ ਮੇਰੀ ਦ੍ਰਿਸ਼ਟੀ ਮਾਰਕਸਵਾਦੀ ਹੀ ਰਹੀ। ਉਸ ਵਿੱਚ ਮੈਂ ਵੱਖ ਵੱਖ

ਕੈਟੇਗਰੀਆਂ ਬਣਾ ਲਈਆਂ... ਚਾਹੇ ਉਹ ਦਲਿਤ ਚੇਤਨਾ ਹੋਵੇ...ਚਾਹੇ ਪੰਜਾਬ ਸੰਕਟ ਨਾਲ ਸੰਬੰਧਤ ਨਾਵਲ ਹੋਣ। ਵੇਖੋ ਪੰਜਾਬੀ ਨਾਵਲਾਂ ਤੇ ਸਾਡੇ ਪਹਿਲੇ ਚਿੰਤਕਾਂ ਨੇ ਜਿਸ ਤਰ੍ਹਾਂ ਕੰਮ ਕੀਤਾ ਸੀ। ਦ੍ਰਿਸ਼ਟੀਆਂ ਤਾਂ ਮੇਰੀਆਂ ਉਨ੍ਹਾਂ ਵਾਲੀਆਂ ਹੀ ਰਹੀਆਂ। ਪਰ ਮੈਂ ਆਪਣੀ ਸਮਰੱਥਾ ਨਾਲ ਉਨ੍ਹਾਂ ਨਾਵਲਾਂ ਵਿੱਚ ਕੁਝ ਵੱਖਰੇ ਨੁਕਤੇ ਵੀ ਕੱਢਣ ਵਿੱਚ ਕਾਮਯਾਬ ਹੋਇਆ। ਵਿਨੋਦ ਜਾਂ ਜੋਗਿੰਦਰ ਸਿੰਘ ਰਾਹੀਂ ਦੇ ਕੰਮ ਨੂੰ ਅਧਾਰ ਬਣਾ ਕੇ ਮੈਂ ਆਪਣਾ ਆਲੋਚਨਾ ਦਾ ਕੰਮ ਅਗਾਂਹ ਤੋਰਿਆ। ਇਸ ਕੰਮ ਵਿੱਚ ਮੈਨੂੰ ਪੰਗਡੰਡੀ ਉੱਤੇ ਡਾ. ਸਰਬਜੀਤ ਹੁਰਾਂ ਨੇ ਪਾਇਆ। ਨਿਸਚੇ ਹੀ ਮੈਂ ਉਨ੍ਹਾਂ ਦੀ ਆਲੋਚਨਾ ਦ੍ਰਿਸ਼ਟੀ ਨੂੰ ਹੀ ਅੱਗੇ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ। ਇਹ ਸਮਝ ਲਿਆ ਜਾਂਦਾ ਕਿ ਰਾਜਨੀਤਿਕ ਚੇਤਨਾ ਵਾਲਾ ਨਾਵਲ ਖਾਸ ਕਰਕੇ ਲਹਿਰਾਂ ਨਾਲ ਸੰਬੰਧਤ ਰਿਹਾ ਆ। ਅਸੀਂ ਸਿੱਧਾ ਕਹਿ ਦਿੰਦੇ ਹਾਂ ਕਿ ਰਾਜਨੀਤਿਕ ਚੇਤਨਾ ਦਾ ਨਾਵਲ ਲਹਿਰਾਂ ਦਾ ਨਾਵਲ ਹੁੰਦਾ ਆ। ਲਹਿਰਾਂ ਵਿੱਚੋਂ ਜੋ ਚਿੰਤਨ ਆਇਆ ਉਸ ਨੂੰ ਵੀ ਤੇ ਖਾਸ ਕਰਕੇ ਨਾਵਲ ਦੀ ਟੈਕਸਟ ਉੱਤੇ ਮੈਂ ਕੇਂਦਰਤ ਰਿਹਾ। ਪਰ ਬਾਅਦ ਵਿੱਚ ਮੈਂ ਵੇਖਿਆ ਕਿ ਇਨ੍ਹਾਂ ਨਾਵਲਾਂ ਨੂੰ ਅਸੀਂ ਰਾਜਨੀਤਿਕ ਲਹਿਰਾਂ ਦੇ ਸੰਦਰਭ ਵਿੱਚ ਹੀ ਨਹੀਂ ਰੱਖ ਕੇ ਵੇਖ ਸਕਦੇ। ਇਹਦੇ ਵਿੱਚ ਸਾਡੀਆਂ ਕਲਚਰ ਵੈਲਯੂ ਵੀ ਹੈਗੀਆਂ ਹਨ।

**ਰਸੂਲਪੁਰੀ :** ਬਲੀਜੀਤ ... ਸਾਡੀਆਂ ਗੱਲਾਂ ਕਾਫੀ ਦੇਰ ਤੋਂ ਸੁਣੀ ਜਾ ਰਹੇ ਨੇ। ਮੈਂ ਉਨ੍ਹਾਂ ਨੂੰ ਪੁੱਛਣਾ ਚਹੁੰਦਾ ਹਾਂ ਕਿ ਜਦੋਂ ਤੁਸੀਂ ਕਹਾਣੀ ਲਿਖਦੇ ਹੋ। ਤੁਸੀਂ ਇਹ ਵੇਖਦੇ ਹੋ ਕਿ ਮੈਂ ਜਿਹੜੀ ਕਹਾਣੀ ਲਿਖ ਰਿਹਾ ਹਾਂ ਉਹਨੂੰ ਆਲੋਚਨਾ ਕਿਵੇਂ ਲਵੇਗਾ। ਜਾਂ ਤੁਸੀਂ ਆਲੋਚਕ ਵੱਲ ਵੇਖ ਕੇ ਕਹਾਣੀ ਲਿਖਦੇ ਹੋ। ਮੈਂ ਇਸ ਕਿਸਮ ਦੀ ਕਹਾਣੀ ਲਿਖਾ ਤਾਂ ਆਲੋਚਕ ਮੇਰੀ ਵਾਹ ਵਾਹ ਕਰੇਗਾ।

**ਬਲੀਜੀਤ :** ਮੈਂ ਕਿਉਂ ਆਲੋਚਕ ਵੱਲ ਵੇਖਾ... ਯਾਰ ਕਹਾਣੀ ਤਾਂ ਮੇਰੇ ਅੰਦਰ ਪਈ ਆ... ਮੈਨੂੰ ਆਲੋਚਕ ਵੱਲ ਵੇਖਣ ਦੀ ਵੇਹਲ ਹੀ ਨਹੀਂ। ਆਲੋਚਕ ਵੱਲ ਵੇਖ ਕੇ ਕਿਤੇ ਕਹਾਣੀ ਲਿਖੀ ਜਾਂਦੀ ਆ? ਮੈਂ ਕਿਓਂ ਕਿਸੇ ਦੀ ਗਾਈਡ ਲਾਇਨ ਹੇਠ ਕਹਾਣੀ ਲਿਖਾਂਗਾ। ਮੇਰਾ ਜਿਹੜਾ ਸਮਾਜ ਹੈ ਉਹ ਮੈਨੂੰ Guidelines ਦੇਵੇਗਾ। ਵੇਖੋਂ ਜਿਹੜੀ ਕਹਾਣੀਕਾਰ ਕੋਲ ਕਹਾਣੀ ਆਉਂਦੀ ਆ... ਉਹ ਆਪਣਾ ਇਕ ਅਕਾਰ ਲੈ ਕੇ ਆਉਂਦੀ ਆ। ਆਲੋਚਕ ਦਾ ਕੰਮ ਤਾਂ ਕਹਾਣੀਕਾਰ ਜਦੋਂ ਕਹਾਣੀ ਲਿਖ ਤੇ ਛਪਵਾ ਲੈਂਦਾ ਉਸ ਵੇਲੇ ਸ਼ੁਰੂ ਹੁੰਦਾ ਆ।

**ਰਸੂਲਪੁਰੀ :** ਮੈਨੂੰ ਯਾਦ ਆਉਂਦਾ ਆ... ਜਦੋਂ ਪ੍ਰਗਤੀਵਾਦ ਦਾ ਦੌਰ ਸੀ... ਉਦੋਂ ਕਹਾਣੀਕਾਰ... ਨਾਵਲਕਾਰ ਜਾਂ ਕਵੀ ਆਲੋਚਕ ਵੱਲ ਵੇਖਦੇ ਸਨ। ਜਿਵੇਂ ਪ੍ਰੇਮ ਗੋਰਖੀ ਦੀਆਂ ਮੁੱਢਲੀਆਂ ਕਹਾਣੀਆਂ ਹਨ...ਜਾਂ ਵਰਿਆਮ ਸੰਧੂ 'ਲੋਹੇ ਦੇ ਹੱਥ' ਲਿਖਦਾ ਆ। ਅਤਰਜੀਤ ਦੀਆਂ ਉਦੋਂ ਦੀਆਂ ਕਹਾਣੀਆਂ ਸਨ... ਜਾਂ ਕਜ਼ਾਕ ਦੀਆਂ ਕਹਾਣੀਆਂ ਸਨ... ਲਾਲ ਸਿੰਘ ਦਿਲ ਦੀ ਕਵਿਤਾ ਸੀ... ਉਸ ਵੇਲੇ ਦੀਆਂ ਜਾਂ ਹੋਰ ਕਹਾਣੀ ਲਿਖੀ ਜਾਂਦੀ ਆ...ਤਾਂ ਕਹਾਣੀਕਾਰ ਜ਼ੁਲਮ ਕਰਨ ਵਾਲਿਆਂ ਨੂੰ ਮਾਰਨ ਲਈ ਜ਼ੁਲਮ ਦਾ ਸ਼ਿਕਾਰ ਹੋਏ ਲੋਕਾਂ ਕੋਲੋਂ ਹਥਿਆਰ ਚੁੱਕਾਉਂਦਾ ਆ। ਲੇਖਕ ਉਦੋਂ ਵੇਖਦਾ ਸੀ... ਬਈ ਜਿਹੜੀ ਪ੍ਰਗਤੀਵਾਦ ਦੀ ਲਹਿਰ ਚੱਲੀ ਆ... ਨਕਸਲਬਾੜੀ ਲਹਿਰ ਚੱਲੀ ਆ... ਮੈਂ ਵੀ ਆਪਣੀ ਰਚਨਾ ਵਿੱਚ ਜ਼ੁਲਮ ਦੇ ਸ਼ਿਕਾਰ ਪਾਤਰਾਂ ਕੋਲੋਂ ਹਥਿਆਰ ਚੁਕਾਵਾਂ। ਲੇਖਕ ਸੋਚਦਾ ਸੀ ਕਿ ਮੈਂ ਪ੍ਰਤੀਬੱਧ ਪਾਤਰ ਘੜਨੇ ਹਨ। ਇਸੇ ਸੰਦਰਭ ਵਿੱਚ ਕਥਾਕਾਰ ਪ੍ਰੇਮ ਪ੍ਰਕਾਸ਼ ਕਹਿੰਦਾ ਆ ਕਿ ਪੰਜਾਬੀ ਸਾਹਿਤ ਦਾ ਪ੍ਰਗਤੀਵਾਦੀਆਂ ਨੇ ਬਹੁਤ ਨੁਕਸਨ ਕੀਤਾ। (ਡਾ. ਸਰਬਜੀਤ-(ਵਿੱਚੋਂ ਟੋਕ ਕੇ) ਬਿਲਕੁਲ)... ਤੁਸੀਂ ਇਸ ਮਸਲੇ ਨੂੰ ਕਿਵੇਂ ਲੈਂਦੇ ਹੋ... ਕੀ

ਸੱਚੀ ਸਾਹਿਤ ਦਾ ਨੁਕਸਾਨ ਹੋਇਆ।

**ਡਾ. ਸਰਬਜੀਤ :** ਬਿਲਕੁਲ... ਮੈਂ ਕਹਿੰਦਾ ਜਦੋਂ ਪ੍ਰੇਮ ਪ੍ਰਕਾਸ਼ ਕਹਿੰਦਾ ਕਿ ਪ੍ਰਗਤੀਵਾਦੀਆਂ ਨੇ ਪੰਜਾਬੀ ਸਾਹਿਤ ਦਾ ਬਹੁਤ ਨੁਕਸਾਨ ਕੀਤਾ ਮੈਂ ਬਿਲਕੁਲ ਇਹਦੇ ਮੁਕਾਬਲੇ ਤੇ ਇਹ ਗੱਲ ਕਹਿੰਦਾ ਕਿ ਪ੍ਰਗਤੀਵਾਦੀਆਂ ਨੇ ਪੰਜਾਬੀ ਸਾਹਿਤ ਦਾ ਭਲਾ ਵੀ ਬਹੁਤ ਕੀਤਾ। ਵੇਖੋਂ ਜੋ ਪ੍ਰਗਤੀਵਾਦ ਹੈ ਇਹ ਨਾ ਤਾਂ ਸੁੱਧ ਸਾਹਿਤ ਸਿਧਾਂਤ ਆ ਨਾ ਹੀ ਪ੍ਰਗਤੀਵਾਦ ਸਾਹਿਤਕ ਕੋਈ ਮਾਡਲ ਆ ਜਾਂ ਟਰੈਂਡ ਆ... ਨਥਿੰਗ... ਪ੍ਰਗਤੀਵਾਦ...ਮਾਰਕਸਵਾਦੀ ਦਰਸ਼ਨ ਨਾਲ ਜੁੜੀ ਹੋਈ ਉਹ ਦ੍ਰਿਸ਼ਟੀ ਆ ਜਿਹੜੀ ਟੋਟਲ ਸਮਾਜਿਕ ਤਬਦੀਲੀ ਦੀ ਗੱਲ ਕਰਦੀ ਆ। ਜਦੋਂ ਸਮਾਜਿਕ ਤਬਦੀਲੀ ਦੀ ਗੱਲ ਕਰਦੀ ਆ ਤਾਂ ਉਹ ਸਾਹਿਤ ਤੇ ਸਮਾਜ ਦੀਆਂ ਕਲਾਵਾ ਨੂੰ ਸਮਾਜ ਨਾਲੋਂ ਟੁੱਟਿਆ ਹੋਇਆ ਮਹਿਸੂਸ ਨਹੀਂ ਕਰਦੀ। ਸਾਹਿਤ ਤੇ ਸਮਾਜ ਦੀਆਂ ਜੋ ਕਲਾਵਾਂ ਨੇ ਉਹ ਵੀ ਸਮਾਜ ਵਿੱਚ ਆਪਣੀ ਬਣਦੀ ਭੂਮਿਕਾ ਨਿਭਾਉਣ। ਸਵਾਲ ਇਹ ਆ ਕਿ ਉਹ ਭੂਮਿਕਾ ਕੀ ਆ। ਇਸ ਭੂਮਿਕਾ ਦੇ ਅਧਾਰ ਉੱਤੇ ਅਸੀਂ ਇਹ ਫੈਸਲਾ ਕਰਨਾ ਕਿ ਪ੍ਰਗਤੀਵਾਦ ਨੇ ਸਾਹਿਤ ਦਾ ਨੁਕਸਾਨ ਕੀਤਾ ਕਿ ਭਲਾ ਕੀਤਾ। ਜਦੋਂ ਤੱਕ ਪ੍ਰਗਤੀਵਾਦ ਮਨੁੱਖ ਨੂੰ ਸੰਵੇਦਨਸ਼ੀਲ ਤੇ ਸੂਖ਼ਮ ਬਣਾਉਂਦਾ... ਆਪਣੇ ਸਮਾਜ ਪ੍ਰਤੀ ਸੋਚਣ ਲਈ ਚਿੰਤਨ ਕਰਨ ਲਈ...ਉਸ ਨੂੰ ਹੁੱਝਾ ਮਾਰਦਾ...ਉਹ ਪ੍ਰਗਤੀਵਾਦੀ... ਭਲੇ ਵਾਲਾ ਸਾਹਿਤ ਆ। ਜਦੋਂ ਅਸੀਂ ਲੇਖਕ ਤੋਂ ਇਹ ਮੰਗ ਕਰਨ ਲੱਗ ਪੈਂਦੇ ਆ ਕਿ ਲੇਖਕ ਜਿਹੜਾ ਆਪੇ ਹੀ ਰਾਤੋ ਰਾਤ ਉਹ ਕ੍ਰਾਂਤੀ ਲਿਆ ਦੇਵੇ ...ਆਪਣੇ ਨਾਵਲਾਂ ਤੇ ਕਹਾਣੀਆਂ ਵਿੱਚ ਕਿ ਉਹਨ੍ਹਾਂ ਨੂੰ ਪੜ੍ਹ-ਵੇਖ ਕੇ ਲੋਕ ਇਕ ਲਹਿਰ ਬਣਾ ਲੈਣਗੇ...ਇਹ ਵੱਡਾ ਭੰਬਲਭੂਸਾ ... ਇਹ ਭਰਮ ਆ... ਇਹਦੇ ਵਿੱਚ ਨਾ ਸਾਹਿਤ ਦਾ ਭਲਾ ਹੋਣਾ ਨਾ ਸਮਾਜ ਦਾ ਕੋਈ ਭਲਾ ਹੋਣਾ ਸੀ, ਨਾ ਹੋਇਆ। ..ਹੁਣ ਜੇ ਪ੍ਰੇਮ ਪ੍ਰਕਾਸ਼ ਏਹੋ ਜਿਹੀਆਂ ਚੀਜ਼ਾਂ ਨੂੰ ਅਧਾਰ ਬਣਾ ਕੇ ਕਹਿੰਦਾ ਤਾਂ ਇਸ ਗੱਲ ਦੀ ਸਮਝ ਆਉਂਦੀ ਆ ਕਿ ਕੁਝ ਲੇਖਕਾਂ ਦਾ ਹਿੱਸਾ ਇਹੋ ਜਿਹਾ ਸੀ ਕਿ ਸਾਹਿਤ ਨਾਲ ਇਸ ਤਰ੍ਹਾਂ ਕੀਤਾ ਜਾ ਸਕਦਾ। ਜੇ ਪ੍ਰੇਮ ਪ੍ਰਕਾਸ਼ ਇਕ ਵੱਢਿਓ ਹੀ ਸਾਰੇ ਸਾਹਿਤ ਨੂੰ ਰੱਦ ਕਰਦਾ ਤਾਂ ਮੈਂ ਉਹਦੇ ਬਿਲਕੁਲ ਖ਼ਿਲਾਫ਼ ਹਾਂ। ਔਰ ਉਹਦੀ ਗੱਲ ਨੂੰ ਏਸ ਕਰਕੇ ਕੱਟਦਾ ਕਿ ਤੁਸੀਂ ਵੇਖੋਗੇ ਕਿ ਪ੍ਰਗਤੀਵਾਦੀਆਂ ਨੇ ਓਸ ਦੌਰ ਵਿੱਚ ਕਿੱਡੇ ਕਿੱਡੇ ਸਾਹਿਤਕਾਰ ਪੈਦਾ ਕੀਤੇ... ਮਾਫ਼ ਕਰਨਾ ਉਸ ਸਮੇਂ ਭਾਈ ਵੀਰ ਸਿੰਘ ਦੀ ਲਹਿਰ ਆ... ਅਧਿਆਤਮਿਕਵਾਦ... ਫਲਾਨਾਵਾਦ...ਤੇ ਉਸੇ ਦੌਰ ਵਿੱਚ ਪ੍ਰੋ. ਮੋਹਨ ਸਿੰਘ ਕਿੱਡਾ ਵੱਡਾ ਪ੍ਰਗਤੀਵਾਦੀ ਕਵੀ ਆ...ਅੰਮ੍ਰਿਤਾ ਪ੍ਰੀਤਮ ਨੇ ਉਸ ਦੌਰ ਵਿੱਚ ਕਿੱਡੀਆਂ ਵੱਡੀਆਂ ਕਵਿਤਾਵਾਂ ਲਿਖੀਆਂ। ਸਾਡੇ ਕੋਲ ਬਾਵਾ ਬਲਵੰਤ ਆ... (ਰਸੂਲਪੁਰੀ-(ਵਿਚੋਂ ਟੋਕ ਕੇ)-ਇਕ ਦੌਰ ਆਇਆ ਲੇਖਕਾਂ ਨੇ ਹਥਿਆਰ ਚਕਾਉਣ ਵਾਲੀਆਂ ਕਾਫੀ ਮਾਤਰਾ ਵਿੱਚ ਰਚਨਾਵਾਂ ਲਿਖੀਆਂ ਇਹ ਮੇਰੀ ਧਾਰਨਾ ਆ... ਬਹੁਤ ਸਾਰੀਆਂ ਕਹਾਣੀਆਂ ਲਿਖੀਆਂ ਗਈਆਂ ਜਿਨ੍ਹਾਂ ਦੇ ਪਾਤਰ ਕਹਾਣੀ ਦੇ ਅੰਤ ਵਿੱਚ ਹਥਿਆਰ ਚੁੱਕਦੇ ਨੇ... ਸਾਰੀਆਂ ਇਕੋ ਪੈਟਰਨ ਵਾਲੀਆਂ ਕਹਾਣੀਆਂ ਵੱਡੀ ਪੱਧਰ 'ਤੇ ਆਈਆਂ)...ਨਹੀਂ ਇਹ ਗੱਲ ਨਹੀਂ... ਪ੍ਰੇਮ ਪ੍ਰਕਾਸ਼ ਨੂੰ ਇਸ ਗੱਲ ਦਾ ਨਿਖੇੜਾ ਕਰਨਾ ਚਾਹੀਦਾ ਕਿ ਇਕੱਲੇ ਪ੍ਰਗਤੀਵਾਦ ਉੱਤੇ ਇਹ ਇਲਜ਼ਾਮ ਨਹੀਂ ਲੱਗਣਾ ਚਾਹੀਦਾ। ਸਾਡਾ ਇਸ ਦੌਰ ਵਿੱਚ ਇਹ ਬਹੁੱਤ ਵੱਡਾ ਮਸਲਾ ਪੈਦਾ ਹੋਇਆ ਕਿ ਅਸੀਂ ਭਾਰਤੀ ਸਮਾਜ ਨੂੰ ਨਾ...ਓਸ ਦੌਰ ਦੇ ਪ੍ਰਗਤੀਵਾਦੀਏ ਚੰਗੀ ਤਰ੍ਹਾਂ ਸਮਝ ਸਕੇ... ਨਾ ਸਰੰਚਨਾਵਾਦੀਏ ਸਮਝ ਸਕੇ...ਨਾ ਰੂਪ ਵਾਦੀਏ ਸਮਝ ਸਕੇ...ਕਿਉਂਕਿ ਭਾਰਤੀ ਸਮਾਜ ਜਿੱਥੇ ਕਲਾਸ ਸੀ ਉੱਥੇ ਕਾਸਟ ਵੀ ਸੀ। ਚਾਹੇ ਪ੍ਰੇਮ ਗੋਰਖੀ

ਹੋਵੇ ਜਾਂ ਅਤਰਜੀਤ ਹੋਵੇ ਜਾਂ ਕਜ਼ਾਕ ਹੋਵੇ ਜਾਂ ਹੋਰ ਹੋਣ...ਇਨ੍ਹਾਂ ਕੋਲ ਜਾਤ ਦੇ ਅਨੁਭਵ ਵੀ ਸਨ।... ਹੁਣ ਲਾਲ ਸਿੰਘ ਦਿਲ ਨਾਲ ਕੀ ਵਾਪਰਿਆ... ਤੁਹਾਡੇ ਸਾਹਮਣੇ ਵਾਪਰਿਆ...ਅੱਜ ਵੀ ਲਾਲ ਸਿੰਘ ਦਿਲ ਦੀ ਕਵਿਤਾ ਬਾਰੇ ਜਦੋਂ ਗੱਲ ਕਰਦੇ ਹਾਂ ਕਿ ਅਸੀਂ ਕਹਿੰਦਾ ਆ ਕਿ ਉਹ ਨਕਸਲੀ ਕਵੀ ਆ। ਪਰ ਜਦੋਂ ਲਾਲ ਸਿੰਘ ਦਿਲ ਦੀ ਕਵਿਤਾ ਦੇ ਵਿੱਚ ਉੱਤਰਦੇ ਹਾਂ ਤਾਂ ਕਈ ਚੀਜ਼ਾਂ ਉਹਦੇ ਵਿੱਚ ਅਜਿਹੀਆਂ ਹਨ ਜਿਨ੍ਹਾਂ ਦਾ ਨਕਸਲੀ ਸਿਧਾਂਤ ਨਾਲ ਕੋਈ ਸੰਬੰਧ ਹੀ ਨਹੀਂ ਆ। ...ਉਹਦੀ ਕਵਿਤਾ ਹੈ...ਜਾਤ...ਮੈਨੂੰ ਪਿਆਰ ਕਰਦੀਏ, ਪਰ ਜ਼ਾਤ ਕੁੜੀਏ ...ਸਾਡੇ ਸੱਕੇ ਮੁਰਦੇ ਵੀ, ਇਕ ਥਾਂ ਨਹੀਂ ਜਲਾਉਂਦੇ'। ਥਾਂ ਥਾਂ ਉਹਦੇ ਕੋਲ ਦਲਿਤ ਅਨੁਭਵ ਆਉਂਦਾ ਆ। ਜੇ ਦਲਿਤ ਅਨੁਭਵ ਬਾਰੇ ਸਾਡੇ ਪ੍ਰਗਤੀਵਾਦੀਆਂ ਨੇ ਨਹੀਂ ਸੋਚਿਆ ਤਾਂ ਸੋਚਿਆ ਦੂਜਿਆ ਨੇ ਵੀ ਨਹੀਂ। ਦੂਜਿਆਂ 'ਤੇ ਓਨਾਂ ਹੀ ਇਲਜ਼ਾਮ ਲੱਗਣਾ ਚਾਹੀਦਾ। ਮੈਂ ਜਿਹੜੀ ਗੱਲ ਤੇ ਜ਼ੋਰ ਦੇਣਾ ਚਾਹੁੰਦਾ... ਹਾਂ ਜਿਸ ਦੌਰ ਤੋਂ ਬਾਅਦ ...ਉਹੀ ਪ੍ਰਗਤੀਵਾਦੀ... ਪ੍ਰੋਗਰੈਸਿਵ ਲੋਕ ਸਨ ਜਿਨ੍ਹਾਂ ਨੇ ਸਭ ਤੋਂ ਵੱਧ ਦਲਿਤ ਮਸਲੇ ਨੂੰ ਪੰਜਾਬ ਵਿੱਚ ਬਾਹਰਮੁੱਖੀ ਰੂਪ ਵਿੱਚ ਸਮਝਣ ਤੇ ਸਮਝਾਉਣ ਦੇ ਵਿੱਚ ਯਤਨ ਕੀਤਾ ਔਰ ਉਹਦੇ ਵਿੱਚ ਬੇਹਤਰੀਨ criticism ਵੀ ਕੀਤਾ। ਉਹ ਪ੍ਰਗੀਤਵਾਦੀ ਹੀ ਸਨ।

**ਰਸੂਲਪੁਰੀ :** ਡਾ. ਸੁਖਦੇਵ ਸਿੰਘ ਜੀ ਤੁਸੀਂ ਇਸ ਮਸਲੇ ਨੂੰ ਕਿਸ ਤਰ੍ਹਾਂ ਲੈਂਦੇ ਹੋ।

**ਡਾ. ਸੁਖਦੇਵ ਸਿਰਸਾ :** ਨੰਬਰ ਇਕ...ਸੰਕਟ...ਇਕੱਲੀ ਮਾਰਕਸਵਾਦੀ ਆਲੋਚਨਾ ਜਾਂ ਪੰਜਾਬੀ ਆਲੋਚਨਾ ਦਾ ਇਹ ਨਹੀਂ...ਸੰਕਟ ਤਾਂ ਸਾਡੇ ਕੋਲ ਇਸ ਤੋਂ ਕਿਤੇ ਵੱਡੇ ਪਏ ਸਨ। ਇਸ ਸਮੇਂ ਸਾਡੇ ਅੱਧ-ਪੜ੍ਹ ਕਿਸਮ ਦੇ ਲੇਖਕ... ਮੈਂ ਇਹ ਸ਼ਬਦ ਪ੍ਰੇਮ ਪ੍ਰਕਾਸ਼ ਲਈ ਵਰਤ ਰਿਹਾ...sweeping ststements ਦਿੰਦੇ ਨੇ। ਮਾਰਕਸਵਾਦੀ ਬਾਰੇ ਮਾਰਕਸਵਾਦੀ ਆਲੋਚਨਾ ਬਾਰੇ। ਦੁਨੀਆ ਦੇ ਕਿਸੇ ਵੀ ਵੱਡੇ ਮਾਰਕਿਸ ਥਿੰਕਰ ਨੇ Marxian Sinology ਅਤੇ aesthetic ਨੂੰ ਰਲਗਡ ਕਰਕੇ ਸਮਝਣ ਦੀ ਗੱਲ ਨਹੀਂ ਕੀਤੀ। ਮਾਰਕਸ ਆਪਣੇ ਸਮੇਂ ਦੇ ਵੱਡੇ ਲੇਖਕਾਂ ਨੂੰ ਖ਼ਤ ਲਿਖ ਰਿਹਾ ਕਿ ਤੇਰਾ ਨਾਟਕ ਨਾਟਕ ਨਹੀਂ ਨਿਰਾ ਪ੍ਰਚਾਰ ਆ। ਮਾਰਕੇਜ਼ ਕਿਸੇ ਨੂੰ ਕਹਿੰਦਾ, ਬੀਬੀ ਤੇਰਾ ਨਾਵਲ ਪੜ੍ਹਿਆ। ਤੇਰਾ ਨਾਵਲ ਪਾਰਟੀ ਦਾ ਪ੍ਰਚਾਰ ਕਰ ਰਿਹਾ, ਉਹ ਨਾਵਲ ਨਹੀਂ। ਸਾਹਿਤਕਾਰ ਨੂੰ ਆਪਣੀ ਰਚਨਾ ਵਿੱਚ ਬਿਲਕੁਲ ਨਹੀਂ ਬੋਲਣਾ ਚਾਹੀਦਾ। ਸਾਹਿਤਕਾਰ ਨੂੰ ਆਪਣੀ ਰਚਨਾ ਵਿੱਚ ਉਂਜ ਰਹਿਣਾ ਚਾਹੀਦਾ ਜਿਵੇਂ ਬ੍ਰਹਿਮੰਡ ਵਿੱਚ ਭਗਵਾਨ ਸਮਾਇਆ ਹੋਇਆ ਪਰ ਨਜ਼ਰ ਨਹੀਂ ਆਉਂਦਾ। ਮਾਰਕਸ, ਏਂਗਲਜ਼, ਲੈਨਨ ਅਤੇ ਟ੍ਰਸਕੀ ਏਗਲਜ਼ ਕਹਿ ਰਿਹਾ ਕਿ Politician ਕਿਤੋਂ ਹੋਰ ਸਰੋਤ ਲੈਂਦਾ ਆ ਪੋਇਟ ਕਿਤੋਂ ਹੋਰ ਸਰੋਤ ਲੈ ਰਿਹਾ। ਟ੍ਰਸਕੀ ਤਾਂ ਇਸ ਮਸਲੇ 'ਤੇ ਲੇਖ ਲਿਖ ਰਿਹਾ ਆ। ਸਾਹਿਤ ਦੀ ਇਕ ਖੁਦਮੁਖਤਿਆਰੀ ਹੁੰਦੀ ਆ। ਉਸ ਦਾ ਇਕ ਆਪਣਾ ਖੁਦਮੁਖਤਿਆਰ ਵਿਧਾਨ ਹੁੰਦਾ ਆ। ਸਾਹਿਤ ਨੇ ਸਮੁੱਚੇ ਸਮਾਜ ਨੂੰ ਪੇਸ਼ ਨਹੀਂ ਕਰਨਾ ਹੁੰਦਾ। ਸਾਹਿਤ ਨੇ ਸਮਾਜ ਦਾ ਨਮੂਨਾ ਪੇਸ਼ ਕਰਨਾ ਹੁੰਦਾ। ਇਸ ਕਰਕੇ ਦੁਨੀਆ ਭਰ ਦੇ ਕਿਸੇ ਵੀ ਮਾਰਕਸਵਾਦੀ ਚਿੰਤਕ ਨੇ, ਇਸ ਗੱਲ 'ਤੇ ਜ਼ੋਰ ਨਹੀਂ ਦਿੱਤਾ ਕਿ ਸਾਹਿਤ ਵਿਚਾਰਾ ਦਾ ਸਿੱਧਾ ਪ੍ਰਗਟਾਵਾ ਹੁੰਦਾ ਹੈ। ਨੰਬਰ ਦੋ...ਪੰਜਾਬੀ ਦੇ ਮਾਰਕਸਵਾਦੀ ਆਲੋਚਕਾ ਵਿੱਚੋਂ ਕਿਸ਼ਨ ਸਿੰਘ, ਡਾ. ਰਵੀ ਤੇ ਡਾ. ਕੇਸਰ ਸਿੰਘ ਤੇ ਮੈਂ ਵਾਰ ਵਾਰ ਇਸ ਗੱਲ ਤੇ ਜ਼ੋਰ ਦੇ ਰਹੇ ਹਾਂ ਕਿ ਸਾਹਿਤ ਵਿਚਾਰਾ ਦਾ ਪ੍ਰਗਟਾਵਾ ਨਹੀਂ ਹੁੰਦਾ। ਸਾਹਿਤ ਕਿਸੇ ਇਕ ਵਿਚਾਰ ਦਾ ਪ੍ਰਗਟਾਵਾ ਵੀ ਨਹੀਂ ਹੁੰਦਾ। ਸਾਹਿਤ ਇਕ ਯੁੱਗ ਵਿੱਚ ਚਲ ਰਹੀਆਂ ਵਿਚਾਰਧਾਰਾਵਾਂ ਦਾ ਭੇੜ ਹੁੰਦਾ ਹੈ। ਸਭ ਤੋਂ ਪਹਿਲਾਂ

ਇਹ ਗੱਲ Mikhail Lifshitz ਨੇ ਕਹੀ ਸੀ। ਇਕੋਂ ਸਮੇਂ ਕਈ ਵਿਚਾਰਧਾਰਾਵਾਂ ਚੱਲ ਰਹੀਆਂ ਹੁੰਦੀਆਂ ਨੇ। ਅੱਜ ਪੰਜਾਬ ਦੇ ਕਿਸਾਨਾਂ ਦਾ ਨੁਮਾਇੰਦਾ ਕੌਣ ਹੈ? ਕਿਸਾਨ ਕਹਿੰਦੇ ਅਸੀਂ ਹਾਂ। ਬਾਦਲ ਕਹਿੰਦਾ ਅਸੀਂ ਹਾਂ। ਤੇ ਜਿਹੜੇ ਪੰਜਾਬ ਤੋਂ ਹੁਣ ਨਵੇਂ ਦੋ ਬੰਦੇ ਜਿੱਤੇ ਹਨ ਉਹ ਕਹਿੰਦੇ ਅਸੀਂ ਹਾਂ। ਪੰਜਾਬ ਵਿੱਚ ਸਿੱਖੀ ਵਿੱਚ ਦੋ ਵਿਚਾਰਧਾਰਵਾਂ ਹਨ ਅਸੀਂ ਕਿਸ ਨੂੰ ਰੀਪਰਜੈਂਟ ਕਰਦੇ ਹਾਂ? ਪ੍ਰੇਮ ਪ੍ਰਕਾਸ਼ ਜਿਹੜੀਆਂ ਇਸ ਕਿਸਮ ਦੀਆਂ ਗੱਲਾਂ ਕਰ ਰਿਹਾ ਏ। ਪ੍ਰੇਮ ਪ੍ਰਕਾਸ਼ ਨੇ ਇਕ Controversy create ਕਰਨੀ ਹੁੰਦੀ ਆ। ਇਹ ਠੀਕ ਆ ਨਕਸਲੀ ਦੌਰ ਵਿੱਚ ਸਾਰੀ ਕਵਿਤਾ ਉੱਚੇ ਮੁਹਾਵਰੇ ਵਾਲੀ ਲਿਖੀ ਗਈ। ਕਵਿਤਾ ਵਿੱਚ ਸਵੇਰ, ਸੂਰਜ ਆਉਣ ਲੱਗੇ... ਮੋਹਨ ਸਿੰਘ ਨੇ ਛੇ ਕਵਿਤਾਵਾਂ ਸਵੇਰ ਨਾਂ ਹੇਠ ਲਿਖੀਆਂ। ਤੁਸੀਂ Lukacs ਦਾ ਲੇਖ ਪੜ੍ਹ ਕੇ ਵੇਖੋ। Lukacs ਇਹ ਕਹਿ ਰਿਹਾ ਕਿ ਇਕ ਜੁੱਗ ਦੀ ਇਕ ਸ਼ੈਲੀ ਵੀ ਹੁੰਦੀ ਆ। ਤੁਸੀਂ ਹੁਣ ਵੇਖੋ ਗੁਰਦਿਆਲ ਸਿੰਘ ਤੋਂ ਪਹਿਲਾਂ ਪੰਜਾਬੀ ਕਹਾਣੀਕਾਰ ਆਪਣੇ ਪਾਤਰ ਤੋਂ ਬਗਾਵਤ ਕਰਾਵਾਉਂਦਾ ਹੈ। ਗੁਰਦਿਆਲ ਸਿੰਘ ਪਹਿਲੀ ਵਾਰ ਇਹ ਮਹਿਸੂਸ ਕਰਦਾ ਹੈ ਕਿ ਪਿੰਡ ਦਾ ਮਜ਼ਹਬੀ ਪਿੰਡ ਦਾ ਕਾਮਾ ਐਨਾ ਦਬਾਇਆ ਹੁੰਦਾ ਹੈ ਕਿ ਉਹ ਜੱਟ ਦੇ ਡਾਂਗ ਨਹੀਂ ਮਾਰ ਸਕਦਾ। ਉਹ ਮੂੰਹ ਭਰ ਕੇ ਗਾਲ੍ਹ ਵੀ ਨਹੀਂ ਕੱਢ ਸਕਦਾ। ਉਹ ਗਾਲ਼ ਵੀ ਮੂੰਹ ਵਿੱਚ ਕੱਢਦਾ ਆ। ਕੁਲਬੀਰ ਸਿੰਘ ਕਾਂਗ ਨੇ ਇਹ ਗੱਲ ਕਹੀ ਸੀ ਕਿ 'ਰੌਣਕੀ' ਪਾਤਰ ਤੋਂ ਗੁਰਦਿਆਲ ਸਿੰਘ ਜੱਟ ਤੋਂ ਦੋ ਡਾਂਗਾ ਹੀ ਮਰਵਾ ਦਿੰਦਾ। ਤਾਂ ਅਤਰ ਸਿੰਘ ਨੇ ਕਿਹਾ ਸੀ ਉਹ ਗੁਰਦਿਆਲ ਸਿੰਘ ਆ। ਸਵਾਲ ਇਹ ਆ ਕਿਸੇ ਦੌਰ ਵਿੱਚ ਕਿਸੇ ਦੌਰ ਨੂੰ ਈਡੀਅਮ ਨੂੰ ਉਹ ਬੰਦਾ ਪਕੜਦਾ ਕਿਵੇਂ ਆ। ਲੇਖਕ ਨੇ ਇਤਿਹਾਸ ਫੜ੍ਹਨਾ ਹੁੰਦਾ ਆ। ਪਰ ਲੇਖਕ ਇਤਿਹਾਸ ਨੂੰ ਇਕ ਇਤਿਹਾਸਕਾਰ ਵਾਂਗ ਨਹੀਂ ਵੇਖ ਰਿਹਾ ਹੁੰਦਾ। ਲੇਖਕ ਇਤਿਹਾਸ ਨੂੰ ਇਕ ਸੁਹਜ ਤੇ ਬਿੰਬ ਨਾਲ ਟ੍ਰਾਂਸਫਾਰ ਕਰਦਾ ਆ। ਪ੍ਰਗਤੀਵਾਦੀਆਂ ਉੱਤੇ ਇਕ ਇਲਜ਼ਾਮ ਰੂਪਵਾਦੀ ਵੀ ਲਾਉਂਦੇ ਨੇ। ਡਾ. ਹਰਿਭਜਨ ਸਿੰਘ ਹੁਰੀ। ਮੈਂ ਇਕ ਵਾਰ ਹਰਿਭਜਨ ਸਿੰਘ ਨੂੰ ਸਵਾਲ ਵੀ ਕੀਤਾ ਸੀ ਕਿ ਤੁਸੀਂ ਕਿਵੇਂ ਕਹਿ ਸਕਦੇ ਹੋ ਕਿ ਕਵਿਤਾ ਦਾ ਕੋਈ Protert ਨਹੀਂ ਹੁੰਦਾ। ਕਵੀ ਇਕ ਭਾਸ਼ਾ ਸਿਰਜਦਾ। ਮੈਂ ਉਹਨੂੰ ਕਿਹਾ ਸੀ ਬਈ ਤੇਰੀ ਕਵਿਤਾ 'ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ' ਦੱਸ ਗ਼ੈਰ ਪੰਜਾਬੀਆਂ ਨੂੰ ਕਿਵੇਂ ਸਮਝਾਈਏ। ਜੇ ਤੂੰ ਗ਼ੈਰ ਪੰਜਾਬੀਆਂ ਨੂੰ ਖਾਲਸੇ ਦਾ ਇਤਿਹਾਸ ਨਹੀਂ ਸਮਝਾਏਂਗਾ ਤੇਰੀ ਇਹ ਕਵਿਤਾ ਕਿਸੇ ਨੂੰ ਸਮਝ ਨਹੀਂ ਆਉਣੀ। ਇਹ ਜਿਹੜਾ ਸਵਾਲ ਉੱਠਦਾ ਕਿ ਪ੍ਰਗਤੀਵਾਦੀ ਆਲੋਚਕ ਕਹਿੰਦੇ ਸਨ ਕਿ ਸਾਹਿਤ ਵਿਚਾਰਾ ਦਾ ਪ੍ਰਚਾਰ ਹੁੰਦਾ। ਕਿਸੇ ਵੀ ਵੱਡੇ ਪੰਜਾਬੀ ਚਿੰਤਕ ਨੇ, ਨਾ ਦੁਨੀਆ ਦੇ, ਨਾ ਭਾਰਤ ਦੇ ਨੇ ਇਸ ਤਰ੍ਹਾਂ ਸਾਹਿਤ ਨੂੰ ਨਹੀਂ ਲਿਆ। ਹੁਣ ਨਾਮਵਰ ਸਿੰਘ ਨੂੰ ਤੁਸੀਂ ਪੜ੍ਹ ਲਓ। ਨਾਮਵਰ ਸਿੰਘ ਵੀ ਇਹ ਗੱਲ ਕਹਿ ਰਿਹਾ ਕਿ ਪ੍ਰਗਤੀਵਾਦੀ ਲਹਿਰ ਕੋਈ ਸਾਹਿਤਕ ਲਹਿਰ ਨਹੀਂ ਸੀ। ਉਹ ਇਕ cultural movement ਸੀ। ਭਗਤੀ ਲਹਿਰ ਵੀ ਇਕ cultural movement ਸੀ। cultural movement ਚੋਂ ਪੈਦਾ ਹੋਇਆ ਸਾਹਿਤ ਹੋਰ ਕਿਸਮ ਦਾ ਹੁੰਦਾ ਆ। ਜਦੋਂ ਪ੍ਰੇਮ ਪ੍ਰਕਾਸ਼ ਇਹ ਕਹਿੰਦਾ ਕਿ ਲੇਖਕ ਅਜ਼ਾਦ ਹੋਣਾ ਚਾਹੀਦਾ। ਲੇਖਕ ਲਿਟਰੇਚਰ ਲਿਖਦਾ ਭਾਸ਼ਾ ਵਿੱਚ। ਤੇ ਭਾਸ਼ਾ ਲੇਖਕ ਦੇ ਪਿਓ ਦੀ ਨਹੀਂ ਹੁੰਦੀ। ਭਾਸ਼ਾ ਦਾ Socale contracts ਹੁੰਦਾ ਹੈ। Socale contracts ਬਿਨਾ ਲੇਖਕ ਲਿਖ ਨਹੀਂ ਸਕਦਾ। ਲੇਖਕ ਦਾ ਮਧਿਆਮ ਹੀ ਸ਼ਬਦ ਆ ਤੇ ਸ਼ਬਦ ਇਕੱਲੇ ਲੇਖਕ ਦੀ ਘਾੜਤ ਨਹੀਂ ਹੁੰਦਾ। ਨਾ ਲੇਖਕ ਸ਼ਬਦ ਨੂੰ ਆਪਣੇ ਅਰਥਾਂ ਵਿੱਚ ਵਰਤ ਸਕਦਾ ਆ। ਭਾਸ਼ਾ ਸ਼ਾਮਲਾਟ ਆ। ਜਿਵੇਂ ਸ਼ਾਮਲਾਟ ਤੇ ਸਾਰਿਆ ਦਾ ਹੱਕ ਆ। ਉਂਝ ਹੀ ਸਾਰਿਆਂ ਦਾ ਸ਼ਬਦਾਂ 'ਤੇ

ਹੱਕ ਆ। ਲੇਖਕ ਕੋਈ ਨਵੀਂ ਭਾਸ਼ਾ ਸਿਰਜ ਹੀ ਨਹੀਂ ਸਕਦਾ। ਲੇਖਕ ਆਪਣੇ ਦੌਰ ਦੀ ਭਾਸ਼ਾ ਵਿੱਚ ਹੀ ਗੱਲ ਕਰਦਾ ਹੈ। ਲੇਖਕ ਸਮਾਜ ਤੋਂ ਮੁਕਤ ਹੋ ਹੀ ਨਹੀਂ ਸਕਦਾ। ਲੇਖਕ ਮਟੀਰੀਅਲ ਕਿੱਥੋਂ ਲੈਂਦਾ? ਲੇਖਕ ਲੈਂਦਾ ਸਮਾਜ ਤੋਂ ਆ ਤੇ ਮੋੜ ਕੇ ਸਮਾਜ ਨੂੰ ਦਿੰਦਾ ਆ। ਹੁਣ ਤੁਸੀਂ ਮੈਨੂੰ ਦੱਸੋ ਕਿ ਰੂਪਵਾਦੀਏ ਗਏ ਕਿੱਥੇ? 1951 ਵਿੱਚ ਲਿਖੀ Meirowsky ਦੀ ਚਿੱਠੀ ਪੜ੍ਹੋ। Jean-Paul Sartre ਵਰਗਾ ਬੰਦਾ 1959 ਵਿੱਚ ਇਹ ਕਹਿ ਰਿਹਾ ਕਿ ਮੈਂ ਮਾਰਕਸਵਾਦ ਤੋਂ ਦੂਰ ਜਾ ਕੇ ਬਹੁਤ ਵੱਡੀ ਭੁੱਲ ਕੀਤੀ ਸੀ। ਹੁਣ ਤੁਸੀਂ ਵੇਖੋ Roland Barthes ਕਿਤਾਬ ਲਿਖ ਰਿਹਾ...ਜਿਹੜਾ Roland Barthes ਕਹਿ ਰਿਹਾ ਸੀ ਕਿ ਸਾਹਿਤ ਦਾ ਆਪਣਾ ਵਿਧਾਨ ਹੁੰਦਾ। ਸਾਹਿਤ ਦੀ ਆਪਣੀ ਖ਼ੁਦਮੁਖਤਿਆਰੀ ਹੁੰਦੀ ਆ। ਉਹੀ Roland Barthes ਕਹਿ ਰਿਹਾ ਕਿ ਸਾਹਿਤ ਦਾ ਇਕ ਆਪਣਾ Cultural context ਵੀ ਹੁੰਦਾ ਇਕ ਇਤਿਹਾਸਕ context ਵੀ ਹੁੰਦਾ। ਔਰ ਇਹੀ ਗੱਲ ਅਸੀਂ ਵੇਖਦੇ ਹਾਂ ਕਿ ਖਾਸ ਕਰਕੇ ਵਿਨੋਦ ਤੋਂ ਬਾਅਦ ਜਦੋਂ ਤੁਸੀਂ ਡਾ. ਕੇਸਰ ਸਿੰਘ ਦੀਆਂ ਲਿਖਤਾਂ ਪੜ੍ਹਦੇ ਹੋ। ਕੇਸਰ ਇਨ੍ਹਾਂ ਨਵੇਂ ਬੰਦਿਆਂ ਨੂੰ ਪੜ੍ਹ ਰਿਹਾ। ਉਹ Goldman ਨੂੰ ਪੜ੍ਹ ਰਿਹਾ।

**ਡਾ. ਸਰਬਜੀਤ :** ਇਹ ਬਹੁਤ ਦੂਰ ਦੀ ਗੱਲ ਆ... ਤੁਸੀਂ Jacques Derrida ਨੂੰ ਪੜ੍ਹੋ... ਜਿਹੜਾ ਆਪਣੀ ਕਿਤਾਬ ਲਿਖਦਾ Specters of Marx ਮਾਰਕਸ ਦੇ ਪ੍ਰੇਤ...ਓਹ ਕਮਿਊਨਿਸਟ ਮੈਨੀਫੈਸਟੋ ਵਾਲੇ ਆਪਣੇ ਲੇਖ ਵਿੱਚ ਕਹਿ ਰਿਹਾ। ਕਿ ਅੱਜ ਯੂਰਪ ਦੇ ਉਪਰ ਮਾਰਕਸ ਦਾ ਪ੍ਰੇਤ ਮੰਡਰਾ ਰਿਹਾ। ਹੁਣ ਉਹੀ ਪ੍ਰੇਤ ਦੀ ਗੱਲ ਜਦੋਂ ਹੁਣ ਆ ਕੇ ਕਰਦਾ ਤਾਂ ਉਹ ਕਹਿੰਦਾ ਦੁਨੀਆ ਦੇ ਅੰਦਰ ਮਾਰਕਸਵਾਦ ਤੋਂ ਬਿਨਾ ਗੁਜਾਰਾ ਨਹੀਂ। ਜਿਸ ਬੰਦੇ ਨੇ Post -Structuralism ਤੇ ਲਿਆ ਕੇ ਗੱਲ ਕੀਤੀ... ਸਾਰੇ ਕੁਝ ਨੂੰ ਰੱਦ ਕਰਕੇ ਨਵਾਂ ਸਿਧਾਂਤ ਪੇਸ਼ ਕੀਤਾ ਉਹ ਆਪ ਆ ਕੇ ਇਹ ਗੱਲ ਨੂੰ ਸਵੀਕਾਰ ਕਰ ਰਿਹਾ ਕਿ ਦੁਨੀਆ ਦੇ ਅੰਦਰ ਇਸ ਤੋਂ ਬਿਨਾ ਗੁਜ਼ਾਰਾ ਨਹੀਂ।

**ਰਸੂਲਪੁਰੀ :** ਮੈਨੂੰ ਲੱਗਦਾ ਜਦੋਂ ਪ੍ਰਗਤੀਵਾਦੀ ਲਹਿਰ ਦੀ ਚੜ੍ਹਤ ਸੀ ਉਸ ਵੇਲੇ ਵਧੇਰੇ ਸਾਹਿਤ ਜੋ ਲਿਖਿਆ ਗਿਆ। ਇਸੇ ਕਰਕੇ ਉੱਚ ਪੱਧਰ ਦਾ ਨਹੀਂ ਬਣ ਸਕਿਆ ਕਿਉਂਕਿ ਉਹ ਸਾਹਿਤ ਲੇਖਕਾਂ ਨੇ ਲਹਿਰਾਂ ਤੋਂ ਪ੍ਰਭਾਵਿਤ ਹੋ ਕੇ ਲਿਖਿਆ। ਤੇ ਵਿਦਰੋਹ ਕਰਨ ਵਾਲੇ ਪਾਤਰ ਘੜੇ। ਇਹ ਸਾਰੇ ਪਾਤਰ ਇਕੋ ਜਿਹੇ ਰਹਿ ਗਏ। ਇਹ ਇਕ ਦੌਰ ਦੇ ਪਾਤਰਾਂ ਦੀ ਮੈਂ ਗੱਲ ਕਰ ਰਿਹਾ। ਜੋ ਵਿਦਰੋਹ ਕਰਦੇ ਹਨ। ਕਿ ਸਾਰੇ ਪਾਤਰ Typid ਕਿਸਮ ਦੇ ਬਣ ਗਏ।

**ਡਾ. ਸੁਖਦੇਵ ਸਿਰਸਾ :** ਤੁਸੀਂ ਵੇਖੋਂ 'ਲੋਹਾ ਕੁੱਟ' ਕਦੋਂ ਲਿਖਿਆ ਗਿਆ। 'ਲੋਹਾ ਕੁੱਟ' ਵਿੱਚ ਗਾਰਗੀ ਕਹਿਣਾ ਕੀ ਚਾਹੁੰਦਾ ਆ... ਉਹ ਇਹ ਤਾਂ ਨਹੀਂ ਕਹਿਣਾ ਚਾਹੁੰਦਾ ਕਿ ਬੁੜੀਆਂ ਆਪਣੀਆਂ ਧੀਆਂ ਨੂੰ ਵੇਖ ਕੇ ਭੱਜ ਜਾਣ। ਗਾਰਗੀ ਇਹ ਕਹਿ ਰਿਹਾ ਕਿ 1942 ਵਿੱਚ ਕੁਇਟ ਇੰਡੀਆ ਮੂਵਮੈਂਟ ਵੇਲੇ। ਜਿਹੜੇ ਮਹਾਤਮਾ ਗਾਂਧੀ ਵਰਗੇ ਸੀ। ਜਿਹੜੀ ਹਿੰਦੁਸਤਾਨ ਦੀ ਬੁਰਜੁਆਜੀ ਸੀ। ਜਿਹੜੀ ਅੰਗਰੇਜ਼ਾਂ ਨੂੰ ਖ਼ਸਮ ਸਮਝੀ ਬੈਠੀ ਸੀ। ਜਿਨ੍ਹਾਂ ਨੇ ਅੰਗਰੇਜ਼ਾਂ ਨੂੰ ਸਿਰ ਤੇ ਬਿਠਾ ਰੱਖਿਆ ਸੀ ਉਨ੍ਹਾਂ ਨੇ ਵੀ ਅੰਗਰੇਜ਼ ਮਾਰਨੇ ਸ਼ੁਰੂ ਕਰ ਦਿੱਤੇ ਸਨ। ਤੇ ਗਾਰਗੀ 1943 ਵਿੱਚ ਇਹ ਗੱਲ ਕਹਿ ਰਿਹਾ। ਜਿਵੇਂ ਸੰਤੀ ਆਪਣੇ ਸਿਰ ਤੋਂ ਇਕ ਖ਼ਸਮ ਦਾ ਜੂਲਾ ਲਾਹ ਦਿੰਦੀ ਆ, ਇਵੇਂ ਹਿੰਦੋਸਤਾਨ ਦਾ ਅਵਾਮ ਤਿਆਰ ਹੋਇਆ ਬੈਠਾ ਉਹਨੇ ਅੰਗਰੇਜ਼ਾਂ ਨੂੰ ਐਂ ਵਗ੍ਹਾ ਕੇ ਮਾਰਨਾ ਜਿਵੇਂ ਸੰਤੀ ਨੇ ਆਪਣੇ ਖ਼ਸਮ ਨੂੰ ਵਗਾ ਕੇ ਮਾਰਿਆ। ਔਰ ਇਹ ਗਾਰਗੀ ਦੀ ਲਿਖਤ ਪ੍ਰਗਤੀਵਾਦ ਚੋਂ ਪੈਦਾ ਹੋਈ ਆ। ਪ੍ਰਗਤੀਵਾਦ ਤੋਂ ਬਿਨਾ ਗਾਰਗੀ ਤੋਂ ਇਹ ਚੇਤਨਾ ਆ ਹੀ ਨਹੀਂ ਸੀ ਸਕਦੀ।

1955 ਵਿੱਚ ਨੇਕੀ ਇਹ ਕਹਿ ਰਿਹਾ ਕਿ 'ਧਰਮ ਦੇ ਬੀਤ ਗਏ ਯੁੱਗ ਚਾਰ'। ਉਹ ਨੇਕੀ ਜਿਹੜਾ ਪੰਜਾਬ ਦੀ ਸਿੱਖ ਸਟੂਡੈਂਟ ਲਹਿਰ ਦਾ ਸਭ ਤੋਂ ਪਹਿਲਾ ਪ੍ਰਧਾਨ ਰਿਹਾ ਸੀ। ਇਹ ਗੱਲ ਪ੍ਰਗਤੀਵਾਦੀਆਂ ਦੇ ਪ੍ਰਭਾਵ ਨਾਲ ਕਹਿ ਰਿਹਾ। ਉਹੀ ਹਰਿਭਜਨ ਸਿੰਘ 1957 ਵਿੱਚ ਕਿਤਾਬ ਲਿਖਦਾ ਆ 'ਤਾਰ ਤੁਪਕਾ' ਉਹਦੇ ਵਿਚ ਕਹਿ ਰਿਹਾ ਕਿ ਸਰਮਾਏਦਾਰੀ ਖ਼ਿਲਾਫ਼ ਜੰਗ ਐਨਾ ਖਤਰਨਾਕ ਆ ਕਿ ਜਿਵੇਂ ਤੱਤੇ ਤਵੇ ਤੇ ਪਾਣੀ ਦੀ ਬੂੰਦ ਡਿੱਗੇ ਤਾਂ ਛੂ ਕਰਕੇ ਉੱਡ ਜਾਵੇ ਉਂਝ ਹੀ ਸਾਡਾ ਵਜ਼ੂਦ ਉੱਡ ਜਾਵੇਗਾ। ਜੇ ਤੇਰਾ ਸਰਮਾਏਦਾਰੀ ਦਾ ਜਿੰਨ ਬਾਹਰ ਨਿਕਲ ਆਇਆ ਤਾਂ ਦੁਨੀਆ ਤਬਾਹ ਹੋ ਜੂ। ਸਾਡੀ ਹੋਂਦ ਤਾਰ 'ਤੇ ਤੁਪਕੇ ਵਰਗੀ ਹੋ ਜਾਵੇਗੀ। ... ਇਹ ਸਾਰੇ ਕਵੀ ਕਿੱਥੋਂ ਪੈਦਾ ਹੋਏ ਸੀ? ਇਹ ਪ੍ਰਗਤੀਵਾਦੀ ਦੇ ਪ੍ਰਭਾਵ ਤੋਂ ਹੀ ਪੈਦਾ ਹੋਏ ਕਵੀ ਹਨ। ਕੀ ਇਹ ਸਾਰੇ ਛੋਟੇ ਕਵੀ ਹਨ?

**ਡਾ. ਸਰਬਜੀਤ** : ਜੇ ਆਪਾਂ ਥੋੜ੍ਹਾ ਜਿਹਾ ਪਿੱਛੇ ਚਲੇ ਜਾਈਏ। ਹਿੰਦੋਸਤਾਨ ਵਿੱਚ ਭਗਤੀ ਮੂਵਮੈਂਟ ਸਭ ਤੋਂ ਕ੍ਰਾਂਤੀਕਾਰੀ ਮੂਵਮੈਂਟ ਮੰਨੀ ਗਈ। ਗੁਰੂ ਨਾਨਕ, ਕਬੀਰ ਤੇ ਰਵਿਦਾਸ ਵੀ ਓਸ ਵੇਲੇ ਆਏ। ਲਿਖ ਰਹੇ ਸਨ ਨਾ...ਉਹ ਵੀ ਇਕ ਮੂਵਮੈਂਟ ਵਿੱਚੋਂ ਆਏ। ਜਦੋਂ ਤੱਕ ਸਮਾਜ ਵਿੱਚ ਅਸਾਂਵੇਂ ਸੰਬੰਧ ਰਹਿਣਗੇ। ਸਮਾਜ ਵਿਤਕਰਿਆ ਉੱਤੇ ਖੜ੍ਹਾ ਹੋਵੇਗਾ। ਸਮਾਜ ਵਿੱਚ ਅਨਿਆ ਹੋਵੇਗਾ। ਸਮਾਜ ਵਿੱਚ ਹਿੰਸਾ ਹੋਵੇਗੀ। ਤਾਂ ਇਨ੍ਹਾਂ ਦੇ ਪ੍ਰਤੀ ਹੁੰਘਾਰੇ ਵਿੱਚੋਂ ਲਹਿਰਾ ਪੈਦਾ ਹੋਣਗੀਆਂ। ਇਨ੍ਹਾਂ ਨੂੰ ਦੁਨੀਆ ਦਾ ਕੋਈ ਬੰਦਾ ਨਹੀਂ ਰੋਕ ਸਕਦਾ... ਨੰਬਰ ਇਕ।... ਕੋਈ ਵੀ ਲਹਿਰ ਕਦੇ ਵੀ ਇਕਹਿਰੀ ਨਹੀਂ ਹੁੰਦੀ। ਉਹ ਲਹਿਰ ਜੇ ਸਮਾਜਿਕ ਸੁਧਾਰ ਦੀ ਹੈ ਉਹ ਰਾਜਨੀਤੀ ਨੂੰ ਵੀ ਪ੍ਰਭਾਵਿਤ ਕਰੇਗੀ, ਕਲਚਰ ਨੂੰ ਵੀ ਪ੍ਰਭਾਵਿਤ ਕਰੇਗੀ। ਜੇ ਪੰਜਾਬ ਵਿੱਚ ਮੈਂ ਵੀਹਵੀਂ ਸਦੀ ਦੇ ਪਹਿਲੇ ਦੋ ਦਹਾਕਿਆ ਦੀ ਗੱਲ ਕਰਾਂ, ਜਦੋਂ ਸਮਾਜ ਸੁਧਾਰਕ ਲਹਿਰ ਪੈਦਾ ਹੁੰਦੀ ਤਾਂ ਆਈ. ਸੀ. ਨੰਦਾ ਵਰਗਾ 'ਸੁਭੱਦਰਾ' ਵਰਗਾ ਨਾਟਕ ਵਿਧਵਾ ਵਿਆਹ ਉੱਤੇ ਲਿਖਦਾ ਹੈ। ਇਸੇ ਤਰ੍ਹਾਂ ਤੁਸੀਂ ਭਾਈ ਮੋਹਨ ਸਿੰਘ ਵੈਦ ਦਾ ਸਾਹਿਤ ਪੜ੍ਹ ਲਓ ਵਗੈਰਾ ਵਗੈਰਾ। ਹੁਣ ਪ੍ਰਗਤੀਵਾਦ ਦੀ ਲਹਿਰ ਲੈ ਲਓ... ਇਹਦਾ ਵੱਧ ਪ੍ਰਭਾਵ ਰਾਜਨੀਤਿਕ ਸੀ। ਰਾਜਨੀਤਿਕ ਹੋਣ ਕਰਕੇ ਇਹ ਲਾਊਡ ਦਿਖਾਈ ਦੇਣ ਲੱਗ ਪਈ। ਭਾਈ ਵੀਰ ਸਿੰਘ ਦੀ ਪਹਿਲੀ ਕਿਤਾਬ ਆ 'ਨੰਦ ਭਰਜਾਈ ਦੀ' ਉਹ ਸਾਰੀ ਸਿੱਖਿਆ ਸੁਧਾਰ ਦੀ ਕਵਿਤਾ ਆ। ਸਾਨੂੰ ਉਹ ਮੂਵਮੈਂਟ ਵੇਖਣੀ ਪਵੇਗੀ। ਜੇਕਰ ਉਹ ਮੂਵਮੈਂਟ ਰਾਜਨੀਤਿਕ ਤੇਵਰ ਵਿੱਚੋਂ ਉੱਠਦੀ ਆ। ਫਿਰ ਉਹ ਪ੍ਰਚੰਡ ਵੀ ਹੋਵੇਗੀ ਤੇ ਟਾਇਪਡ ਵੀ ਦਿਖਾਈ ਦੇਵੇਗੀ। ਤੇ ਉਹ ਲਾਊਡ ਵੀ ਹੋਵੇਗੀ। ਨਕਸਲੀ ਕਵਿਤਾ ਨੂੰ ਜੇਕਰ ਅਸੀਂ ਲਾਊਡ ਕਵਿਤਾ ਕਹਿੰਦਾ ਆ ਤਾਂ ਉਹਦੇ ਪਿੱਛੇ ਬੁਨਿਆਦੀ ਕਾਰਨ ਇਹ ਆ ਕਿ ਉਹ ਮੂਵਮੈਂਟ ਰਾਜਨੀਤਿਕ ਮੂਵਮੈਂਟ ਆ। ਅੱਜ ਵਿਸ਼ਵੀਕਰਨ ਦੇ ਦੌਰ ਵਿੱਚ ਰਾਜਨੀਤਿਕ ਮੂਵਮੈਂਟ ਨਹੀਂ ਹੈ। Consumer Culture ਦੀ ਮੂਵਮੈਂਟ ਚੱਲ ਰਹੀ ਆ। ਤੁਸੀਂ ਕਵਿਤਾ ਪੜ੍ਹੋ ਤੁਹਾਡੀ ਕਵਿਤਾ ਵਿੱਚ 'ਦੇਹੀ ਨਾਦ' ਗੂੰਜ ਰਿਹਾ। ਅਸੀਂ ਉਹਨੂੰ ਪਿਆਰ ਦੀ ਕਵਿਤਾ ਨਾ ਕਹਿ ਕੇ ਜਸ਼ਨ ਦੀ ਕਵਿਤਾ ਕਹਿ ਰਹੇ ਹਾਂ। ਪਿਆਰ ਤਾਂ ਹੁੰਦਾ ਵਿਦਰੋਹੀ ਹੈ। (ਰਸੂਲਪੁਰੀ–(ਵਿਚੋਂ ਟੋਕ ਕੇ)–'ਦੇਹੀ ਨਾਦ' ਤਾਂ ਹੁਣ ਕਹਾਣੀ ਵਿੱਚ ਵੀ ਵੱਡੀ ਮਾਤਰਾ ਵਿੱਚ ਆ ਰਿਹਾ। ਖਾਸ ਕਰਕੇ ਨਵੀਆਂ ਲਿਖਣ ਵਾਲੀਆਂ ਔਰਤਾਂ ਦੀ ਕਹਾਣੀ ਵਿੱਚ ਦੇਹ ਦਾ ਜਸ਼ਨ ਚਸਕੇ ਵਾਲਾ ਆ ਰਿਹਾ) ...ਤਾਂ ਜਦੋਂ ਇਹ ਚੀਜਾਂ ਆਉਂਦੀਆਂ ਤਾਂ ਸਾਨੂੰ ਇਹ ਵੇਖਣਾ ਪਵੇਗਾ। ਲਹਿਰ ਹਮੇਸ਼ਾਂ ਹੁੰਦੀ ਆ... ਉਹ ਕਈ ਵਾਰੀ ਦਿਸਦੀ ਹੁੰਦੀ ਆ ਕਈ ਵਾਰੀ ਨਹੀਂ ਦਿਸਦੀ ਹੁੰਦੀ। ਅੱਜ ਦਿਸਦੀ ਨਹੀਂ ਹੈ। capitalism ਨੇ ਬੰਦੇ ਨੂੰ ਐਨਾ...

ਐਨਾ... ਟੁਕੜਿਆਂ ਵਿੱਚ ਕਰ ਦਿੱਤਾ ਹੈ। ਤੁਸੀਂ ਬਲੀਜੀਤ ਦੀਆਂ ਕਹਾਣੀਆਂ ਪੜ੍ਹ ਲਓ... ਤੂੰ ਆਪਣੀਆਂ ਈ ਹੁਣ ਦੀਆਂ ਕਹਾਣੀਆਂ ਪੜ੍ਹ ਲੈ...ਕਹਾਣੀਕਾਰ ਇਕ ਬੰਦੇ ਉੱਤੇ ਕੇਂਦਰਿਤ ਹੋ ਰਿਹਾ ਆ। ਵਿਅਕਤੀ ਤੇ ਕੇਂਦਰਿਤ ਹੋ ਰਹੇ ਹੈ। ਕਿਉਂਕਿ capitalism ਸਾਰਾ ਕੁਝ ਵਿਅਕਤੀ ਤੇ ਕੇਂਦਰਤ ਹੀ ਕਰਦਾ ਹੈ।

**ਰਸੂਲਪੁਰੀ :** ਡਾ. ਗੁਰਮੇਲ ਤੁਸੀਂ ਕੀ ਸੋਚਦੇ ਹੋ ਕਿ ਜਦੋਂ ਮਾਰਕਸਵਾਦੀ ਆਲੋਚਕਾਂ ਦੇ ਕੋਈ ਲੇਖਕ ਫਿੱਟ ਨਹੀਂ ਬੈਠਦਾ ਸੀ ਉਹ ਓਹਨੂੰ ਹਾਸ਼ੀਏ ’ਤੇ ਧੱਕ ਦਿੰਦਾ ਸੀ।

**ਡਾ. ਗੁਰਮੇਲ :** ਮੇਰੀ ਨਜ਼ਰ ਵਿਚ ਤੁਹਾਡਾ ਇਹ ਇਲਜ਼ਾਮ ਠੀਕ ਨਹੀਂ ਹੈ। ਮਾਰਕਸਵਾਦ ਸਾਹਿਤ ਨੂੰ ਸਮਝਣ ਦੀ ਇਕ ਅਜਿਹੀ ਵਿਧੀ ਹੈ ਜੋ ਕਿਸੇ ਸਮਾਜ ਸਭਿਆਚਾਰ ਦੇ ਵਰਤਾਰੇ ਨੂੰ ਵਿਗਿਆਨਕ ਤੇ ਬਾਹਰਮੁਖੀ ਢੰਗ ਨਾਲ ਵਾਚਣ ਦੀ ਵਕਾਲਤ ਕਰਦੀ ਹੈ ਜਿਸ ਸਮਾਜ ਨਾਲ ਲੇਖਕ ਵੀ ਤੇ ਉਸਦੀ ਰਚਨਾ ਵੀ ਜੁੜੀ ਹੁੰਦੀ ਹੈ। ਇਹ ਵਿਧੀ ਰਚਨਾ ਤੇ ਰਚਨਾਕਾਰ ਕੋਲੋਂ ਵੀ ਕੁਝ ਮੰਗ ਕਰਦੀ ਹੈ। ਇਹ ਠੀਕ ਹੈ ਕਿ ਕੋਈ ਰਚਨਾ ਜਾਂ ਰਚਨਾਕਾਰ ਸਮਾਜ ਸਭਿਆਚਾਰ ਦੀ ਦਸ਼ਾ ਤੇ ਦਿਸ਼ਾ ਨੂੰ ਚਿਤਰਨ ਲੱਗਿਆਂ ਇੱਛਤ ਯਥਾਰਥ ਦੀ ਸਿਰਜਣਾ ਕਰਦਾ ਹੋਵੇ ਤਾਂ ਨਿਰਸੰਦੇਹ ਉਸ ਉਤੇ ਕਈ ਕਿਸਮ ਦੇ ਇਲਜ਼ਾਮ ਲੱਗੇ ਮਿਲਦੇ ਹਨ। ਪਰ ਉਝ ਲੇਖਕ ਨੂੰ ਹਾਸ਼ੀਏ ਤੇ ਧੱਕਣ ਵਾਲੀ ਕੋਈ ਗੱਲ ਨਹੀਂ ਲਗਦੀ। ਏਥੇ ਇਹ ਗੱਲ ਕਹਿਣੀ ਵੀ ਬਣਦੀ ਹੈ ਕਿ ਲੇਖਕ ਨੂੰ ਇਕੱਲਾ ਆਲੋਚਕ ਨੇ ਹੀ ਨਹੀਂ ਬਣਾਉਣਾ ਹੁੰਦਾ ਵੱਖੋ ਵੱਖਰੀ ਸਮਝ ਤੇ ਪਸੰਦ ਰੱਖਣ ਵਾਲੇ ਪਾਠਕ ਵਰਗ ਦੀ ਵੀ ਇਸ ਵਿਚ ਵੱਡੀ ਭੂਮਿਕਾ ਹੁੰਦੀ ਹੈ।

**ਰਸੂਲਪੁਰੀ :** ਪਹਿਲਾਂ ਜੋ ਸਾਹਿਤ ਸੀ ਉਹ ਵੀ ਵਿਅਕਤੀ ਕੇਂਦਰਤ ਹੀ ਤਾਂ ਸੀ। ਕੀ ਵਿਅਕਤੀ ਸਮਾਜ ਦਾ ਹਿੱਸਾ ਨਹੀਂ।

**ਡਾ. ਸਰਬਜੀਤ :** ਬਿਲਕੁਲ ਨਹੀਂ... ਸਾਰਾ ਲਿਟਰੇਚਰ ਸਮਾਜ ਕੇਂਦਰਤ ਆ। ਤੁਸੀਂ ਵੇਖੋਂ ਸਾਰੇ ਸਾਹਿਤ ਦਾ ਸੰਬੋਧਿਨ ‘ਅਸੀਂ’ ਵਿੱਚ ਮਿਲਦਾ ਹੈ। ‘ਮੈਂ’ ਵਿੱਚ ਨਹੀਂ।

**ਰਸੂਲਪੁਰੀ :** ਡਾ. ਸਿਰਸਾ ਜੀ ਤੁਸੀਂ ਦੱਸੋ ਹੁਣ ਦਾ ਲਿਟਰੇਚਰ ਵਿਅਕਤੀ ਕੇਂਦਰਿਤ ਆ?

**ਡਾ. ਸੁਖਦੇਵ ਸਿਰਸਾ :** ਲਿਟਰੇਚਰ ਕਦੇ ਵੀ ਵਿਅਕਤੀ ਕੇਂਦਰਤ ਨਹੀਂ ਹੋ ਸਕਦਾ। ਜੇ ਲਿਟਰੇਚਰ ਵਿਅਕਤੀ ਕੇਂਦਰਤ ਹੋਵੇਗਾ ਤਾਂ ਪਾਠਕ ਦਾ ਸਿਰ ਨਹੀਂ ਦੁਖਦਾ ਕਿ ਉਹ ਉਸ ਨੂੰ ਪੜ੍ਹੇ। ਪਾਠਕ ਜੇ ਤੇਰੀ ਕਹਾਣੀ ਪੜ੍ਹਦਾ ਹੈ, ਉਹ ਇਸ ਕਰਕੇ ਨਹੀਂ ਪੜ੍ਹਦਾ ਉਹ ਤੇਰੀ ਕਹਾਣੀ ਹੈ... ਬਲਕਿ ਇਸ ਕਰਕੇ ਪੜ੍ਹਦਾ ਕਿ ਉਹਨੂੰ ਤੇਰੀ ਕਹਾਣੀ ਵਿੱਚ ਆਪਣਾ ਦਰਦ ਵੀ ਦਿਸਦਾ ਹੈ। ਉਹ ਲਿਟਰੇਚਰ ਕਦੇ ਵੀ ਪੜ੍ਹਿਆ ਨਹੀਂ ਜਾਵੇਗਾ ਜਿਹੜਾ ਵਿਅਕਤੀ ਕੇਂਦਰਤ ਹੋਵੇਗਾ। ਭਾਈ ਵੀਰ ਸਿੰਘ ਤਾਂ ਅਧਿਆਤਮਵਾਦੀ ਸੀ। ਉਹ ਸਾਰੀ ਉਮਰ ਅਧਿਆਤਮਵਾਦੀ ਰਿਹਾ? 1935-36 ਤੋਂ ਬਾਅਦ ਭਾਈ ਵੀਰ ਸਿੰਘ ਕੀ ਲਿਖ ਰਿਹਾ?... ਉਹ ਇਹ ਸਵਾਲ ਖੜਾ ਕਰ ਰਿਹਾ ਏ ਰੱਬਾ ਤੈਨੂੰ ਮਿਲ ਕੇ ਭਗਤ ਨੂੰ ਤਾਂ ਬੜੀ ਖੁਸ਼ੀ ਹੁੰਦੀ ਆ ਕੀ ਕਦੇ ਤੈਨੂੰ ਵੀ ਖੁਸ਼ੀ ਹੁੰਦੀ ਆ ਭਗਤ ਨੂੰ ਮਿਲ ਕੇ। ਮੋਹਨ ਸਿੰਘ ਕੀ ਕਹਿ ਰਿਹਾ ਕਿ ਮੈਨੂੰ ਧਰਤੀ ਦਾ ਸਵਰਗ ਦਿਖਾਓ। ਭਾਵੇਂ ਧਰਤੀ ਦਾ ਸੱਚ ਕੌੜਾ ਆ ਪਰ ਸੱਚ ਧਰਤੀ ਦਾ ਹੀ ਸੱਚ ਹੈ। ਬੰਦੇ ਸਮੇਂ ਨਾਲ ਤਬਦੀਲ ਹੁੰਦੇ ਨੇ। ਲਹਿਰਾ ਨੇ ਬੰਦਿਆਂ ਨੂੰ ਵੀ ਤਬਦੀਲ ਕਰਨਾ ਹੁੰਦਾ। ਸ਼ਿਵ ਕੁਮਾਰ ਰੁਮਾਂਟਿਕ ਗੀਤ ਲਿਖਦਾ ਲਿਖਦਾ... ਪਹੁੰਚਿਆ ਕਿੱਥੇ, ‘ਮੈਂ ਤੇ ਮੈਂ’ ਉੱਤੇ ਤੇ ‘ਲੂਣਾ’ ਉੱਤੇ। ਸਮੇਂ ਦੇ ਨਾਲ ਬੰਦੇ ਨੇ ਪ੍ਰਭਾਵਿਤ ਹੋਣਾ ਹੁੰਦਾ ਆ ਤੇ ਉਹਨੇ ਮਚਿਓਅਰ ਵੀ ਹੋਣਾ ਹੁੰਦਾ। ਇਵੇਂ ਲਿਟਰੇਚਰ ਵੀ ਮਚਿਓਅਰ ਹੋਣਾ

ਹੁੰਦਾ। ਜੇ ਆਪਾਂ ਇਹ ਮੰਨ ਲਈਏ ਕਿ ਟਾਈਪਡ ਲਿਟਰੇਚਰ ਲਿਖਿਆ ਗਿਆ। ਪੰਜਾਬੀ ਵਿੱਚ ਅੱਜ ਮੈਂ ਤੁਹਾਨੂੰ ਹਜ਼ਾਰ ਕਵਿਤਾ ਲੱਭ ਦਿੰਦਾ ਜਿਹਦੇ ਉੱਤੋਂ ਲੇਖਕ ਦਾ ਨਾਂ ਮਿਟਾ ਦਿਓ ਤਾਂ ਕਿਸੇ ਹੋਰ ਲੇਖਕ ਦਾ ਨਾਂ ਲਿਖ ਦਿਓ ਤਾਂ ਤੁਸੀਂ ਪਛਾਣ ਨਹੀਂ ਕਰ ਸਕਦੇ ... ਇਹ ਸਾਰੀ ਕਵਿਤਾ ਇਕੋ ਜਿਹੀ ਈ ਆ। ਪਰ ਉਹ ਸਾਰੀ ਦੀ ਸਾਰੀ ਕਵਿਤਾ ਦੀ ਕਿਤੇ ਗਿਣਤੀ ਨਹੀਂ ਹੋਣੀ। ਇੰਜ ਹੀ ਦੇਹੀ ਨਾਦ ਵਾਲੀ ਕਵਿਤਾ। ਮੈਂ ਤੁਹਾਨੂੰ ਪੰਜਾਹ ਬੰਦਿਆਂ ਦੀ ਕਵਿਤਾ ਲੱਭ ਦਿੰਦਾ। ਤੁਸੀਂ ਉਸ 'ਤੇ 'ਸਵੀ' ਦਾ ਨਾਂ ਲਾ ਦਿਓ ਤਾਂ ਲੋਕ ਕਹਿਣਗੇ ਹਾਂ ਇਹ ਕਵਿਤਾ 'ਸਵੀ' ਦੀ ਈ ਹੋਵੇਗੀ। ਉਹ ਕਵਿਤਾ ਬਚਣੀ ਨਹੀਂ। ਕਵਿਤਾ ਉਹੀ ਬਚੇਗੀ ਜਿਹਦੀ ਵਿਅਕਤੀ ਪਛਾਣ ਹੋਵੇਗੀ। ਜਿਹਦੇ ਵਿੱਚ ਕਵੀ ਦਾ ਆਪਣਾ ਰੰਗ ਬੋਲਦਾ ਹੋਵੇ। ਪ੍ਰਗਤੀਵਾਦ ਸਮੇਂ ਵਿੱਚ ਬਹੁਤ ਸਾਰਾ ਐਹੋ ਜਿਹਾ ਲਿਟਰੇਚਰ ਲਿਖਿਆ ਗਿਆ ਕਿ ਉਹ ਕਿਸੇ ਦੇ ਖਾਤੇ ਪਾ ਦਿਓ ਤਾਂ ਲੋਕ ਸੱਚ ਮੰਨ ਲੈਣਗੇ। ਪਰ ਉਹਦਾ ਸਾਰਾ ਲਿਟਰੇਚਰ ਉਸ ਦੌਰ ਦੇ ਨਾਲ ਹੀ ਬੀਤ ਜਾਣਾ ... ਖਤਮ ਹੋ ਜਾਣਾ।

**ਰਸੂਲਪੁਰੀ** : ਬਲੀਜੀਤ ਜੀ... ਵਿਦਵਾਨ ਕਹਿੰਦੇ ਨੇ ਕਿ ਜਿਹੜਾ ਸਾਹਿਤ ਜਾਂ ਕਹਾਣੀ ਵਿਅਕਤੀ ਕੇਂਦਰਤ ਸਾਹਿਤ ਹੁੰਦਾ ਉਹ ਸਾਹਿਤ ਨਹੀਂ ਹੁੰਦਾ। ਕੀ ਵਿਅਕਤੀ ਜੋ ਹੁੰਦਾ ਆ ਉਹ ਸਮਾਜ ਦਾ ਹਿੱਸਾ ਨਹੀਂ ਹੁੰਦਾ? ਤੁਸੀਂ ਜੋ ਕਹਾਣੀ ਦੇ ਪਾਤਰ ਘੜਦੇ ਹੋ ਉਸ 'ਚ ਵਿਅਕਤੀ ਨੂੰ ਲੈਂਦੇ ਓ ਜਾਂ ਸਮਾਜ ਨੂੰ।

**ਬਲੀਜੀਤ** : ਤੁਸੀਂ ਵੇਖੋਂ ਇਹ ਸਾਹਿਤ ਦੀ ਬੜੀ ਬਰੀਕ ਲਾਇਨ ਹੈ ਕਿ ਬੰਦਾ ਸਮਾਜ ਦਾ ਹਿੱਸਾ ਹੁੰਦਾ ਆ। ਜੇ ਅਸੀਂ ਇਕ ਬੰਦੇ ਉੱਤੇ ਕਹਾਣੀ ਫੋਕਸ ਵੀ ਕਰਦੇ ਹਾਂ ਤੇ ਉਹਨੂੰ ਅਸੀਂ ਸਮਾਜ ਦੇ ਪ੍ਰਤੀਨਿੱਧ ਪਾਤਰ ਵੱਜੋਂ ਮਾਨਤਾ ਵੀ ਦਿੰਦੇ ਆ।

**ਡਾ. ਸੁਖਦੇਵ ਸਿਰਸਾ** : ਅਸੀਂ ਇਹ ਕਹਿ ਸਕਦੇ ਹਾਂ ਕਿ ਸਾਹਿਤ ਵਿੱਚ ਵਿਅਕਤੀ ਸਮਾਜ ਦੇ ਸੰਬੰਧ ਵਿੱਚ ਹੀ ਪੇਸ਼ ਹੁੰਦਾ ਹੈ।

**ਡਾ. ਸਰਬਜੀਤ** : ਜਿਹੜੀ ਗੱਲ ਬਲੀਜੀਤ ਹੁਰਾਂ ਨੇ ਕਹੀ ਆ ਮੈਂ ਉਸ ਨੂੰ ਮਾੜਾ ਜਿਹਾ ਵਿਸਥਾਰ ਦੇਣਾ ਚਾਹੁੰਦਾ ਹਾਂ। ਜਿਹੜੀ ਉਨ੍ਹਾਂ ਗੱਲ ਕਹੀ ਆ ਕਿ ਇਕ ਬਰੀਕ ਰੇਖਾ ਹੁੰਦਾ ਆ। ਉਸ ਬਰੀਕ ਰੇਖਾ ਨੂੰ ਲੇਖਕ ਨੇ ਪਾਰ ਕਰਕੇ ਵਿਅਕਤੀ ਨੂੰ ਸਮਾਜ ਦਾ ਪ੍ਰਤੀਨਿੱਧ ਬਣਾ ਦੇਣਾ ਹੁੰਦਾ ਆ। ਜੇ ਉਹ ਵਿਅਕਤੀ ਨੂੰ ਸਮਾਜ ਦਾ ਪ੍ਰਤੀਨਿੱਧ ਨਹੀਂ ਬਣਾਉਂਦਾ ਉਹ ਪਾਤਰ ਨਿੱਜ ਕੇਂਦਰਤ ਹੋ ਜੂ ਤੇ ਨਿੱਜੀ ਪੀੜਾ ਬਣ ਕੇ ਰਹਿ ਜਾਵੇਗੀ। ਉਹ ਦੂਜੇ ਦੀ ਪੀੜਾ ਨਹੀਂ ਬਣੇਗੀ। ਇਕ ਗੱਲ ਮੈਂ ਹੋਰ ਕਹਿਣੀ ਆ... ਕਿਉਂਕਿ ਸਾਨੂੰ ਕਈ ਵਾਰ ਲੱਗਣ ਲੱਗ ਜਾਂਦਾ...ਕਿਉਂਕਿ ਲਿਟਰੇਚਰ ਵਿੱਚ ਲੇਖਕ ਨੇ ਆਪਣੀ ਚੋਣਵਾਂ ਪਾਤਰ ਲੈ ਕੇ ਗੱਲ ਕਹਿਣੀ ਹੁੰਦੀ ਆ। ਉਸ ਚੋਣਵੇਂ ਪਾਤਰ ਬਾਰੇ ਇਹ ਨਹੀਂ ਹੁੰਦਾ ਕਿ ਉਹਦਾ ਸਮਾਜ ਨਾਲ ਕੋਈ ਸੰਬੰਧ ਨਹੀਂ। ਕਿਉਂਕਿ ਲੇਖਕ ਨੇ ਜੋ ਵੀ ਸਮਾਜ ਵਿੱਚ ਵਾਪਰਦਾ ਆ ਉਹ ਸਾਰਾ ਕੁੱਝ ਨਹੀਂ ਲੈਣਾ ਹੁੰਦਾ। ਉਹ ਕਾਫੀ ਕੁੱਝ ਛਾਂਗ ਕੇ ਸੁੱਟ ਦਿੰਦਾ। ਲੇਖਕ ਨੇ ਆਪਣੀ ਕਲਪਨਾ ਨਾਲ ਉਹ ਪਾਤਰ ਵੀ ਨਵਾਂ ਕਰੀਏਟ ਕਰਨਾ ਹੁੰਦਾ ਜਿਹੜਾ ਪਾਤਰ ਕਰੀਏਟ ਕਰਕੇ ਉਹਨੇ ਪ੍ਰਤੀਨਿੱਧ ਦੇ ਤੌਰ ਤੇ ਲੋਕਾਂ ਅੱਗੇ ਰੱਖਣਾ ਹੁੰਦਾ ਆ। ਉਹ ਸਮਾਜ ਦਾ ਬਣਿਆ ਬਣਾਇਆ ਪਾਤਰ ਨਹੀਂ ਹੁੰਦਾ। ਉਹ ਸਮਾਜ ਵਿੱਚ ਬਹੁਤ ਗੱਲਾਂ ਲੈਂਦਾ ਔਰ ਬਹੁਤ ਸਾਰੀਆਂ ਗੱਲਾਂ ਆਪਣੇ ਕੋਲੋਂ ਜੋੜ ਕੇ ਇਕ ਨਵਾਂ ਪਾਤਰ ਬਣਾ ਦਿੰਦਾ।

**ਡਾ. ਸੁਖਦੇਵ ਸਿਰਸਾ** : ਇਸ ਮਸਲੇ ਬਾਰੇ ਡਾ. ਰਾਹੀ ਕਹਿ ਰਿਹਾ। ਉਹ ਕਹਿੰਦਾ ਲੇਖਕ ਕੋਲ ਕੁਝ ਵੀ ਵੱਖਦਾ ਨਹੀਂ ਹੁੰਦਾ। ਲੇਖਕ ਕੋਲ ਇਕ ਕਲਾ ਵਿਵੇਕ ਹੁੰਦਾ। ਸਾਡੇ ਸਾਰਿਆਂ ਕੋਲ ਇਸ

ਸਮਾਜਿਕ ਵਿਵੇਕ ਆ। ਲੇਖਕ ਕੋਲ ਸਮਾਜਿਕ ਵਿਵੇਕ ਵੀ ਆ ਤੇ ਕਲਾ ਵਿਵੇਕ ਵੀ ਆ। ਲੇਖਕ ਗੱਲ ਤਾਂ ਉਹੀ ਕਹਿੰਦਾ ਜੋ ਸਮਾਜ ਵਿੱਚ ਵਾਪਰਦੀ ਆ। ਪਰ ਲੇਖਕ ਕੋਲ ਸਾਡੇ ਨਾਲੋਂ ਇਕ ਗੱਲ ਵਾਧੂ ਹੁੰਦੀ ਆ। ਜਿਹੜੀ ਗੱਲ ਸਾਨੂੰ ਕਹਿਣੀ ਨਹੀਂ ਆਉਂਦੀ ਲੇਖਕ ਨੂੰ ਉਹ ਗੱਲ ਕਹਿਣੀ ਆਉਂਦੀ ਆ। ਲੇਖਕ ਨੂੰ ਸਮਾਜਿਕ ਵਿਵੇਕ ਵੀ ਚਾਹੀਦਾ ਤੇ ਕਲਾ ਵਿਵੇਕ ਵੀ ਚਾਹੀਦਾ।

**ਡਾ. ਸਰਬਜੀਤ** : ਉਹਦੇ 'ਚ ਭਗਵੰਤ ਇਕ ਗੱਲ ਹੋਰ ਵੀ ਆ। ਕਿਉਂਕਿ ਲੇਖਕ ਵੱਖਰਾ ਇਸ ਕਰਕੇ ਲੱਗਣ ਲੱਗ ਪੈਂਦਾ ਕਿ ਉਹਦਾ ਗੱਲ ਕਹਿਣ ਦਾ ਅੰਦਾਜ਼ ਵੱਖਰਾ। ਹੁਣ ਵੇਖੋਂ ਤੁਸੀਂ ਦੋਵੇਂ ਜਣੇ ਏਥੇ ਬੈਠੇ ਹੋ... ਕਹਾਣੀ ਬਲੀਜੀਤ ਵੀ ਲਿਖਦਾ ਆ... ਕਹਾਣੀ ਤੂੰ ਵੀ ਲਿਖ ਰਿਹਾ ਆ...ਮਨ ਲਓ ਦੋਵਾਂ ਦੀ ਦਲਿਤ Fenomena ਉੱਤੇ ਕਹਾਣੀ ਆ। Fenomena ਇਕੋ ਆ। ਪਰ ਜਿਸ ਢੰਗ ਨਾਲ ਬਲੀਜੀਤ ਹੁਰੀਂ ਕਹਾਣੀ ਬਿਆਨ ਕਰਦੇ ਨੇ ਇਨ੍ਹਾਂ ਦਾ ਅੰਦਾਜ਼ ਵੱਖਰਾ ਆ। ਰਸੂਲਪੁਰੀ ਦਾ ਅੰਦਾਜ਼ ਵੱਖਰਾ ਆ। ਜਿਵੇਂ ਗਾਲਿਬ ਕਹਿੰਦਾ ਆ ਨਾ ਹੈ ਤੋ ਔਰ ਵੀ ਸੁਖ਼ਨਵਰ ਬਹੁਤ... ਪਰ ਗਾਲਿਬ ਦਾ ਅੰਦਾਜ-ਏ-ਬਿਆ ਵੱਖਦਾ। ਹੁਣ ਮੈਂ ਬਲੀਜੀਤ ਦੀ ਕਹਾਣੀ ਦਾ ਇੱਕ ਸੰਕੇਤ ਦੇ ਰਿਹਾ। ਇਨ੍ਹਾਂ ਦੀ ਕਹਾਣੀ 'ਨੂਣ' ਆ। ਇਹ ਸ਼ਬਦ ਲੂਣ ਨਹੀਂ ਵਰਤ ਰਹੇ। ਏਥੇ ਹੀ ਬਲੀਜੀਤ ਦਾ ਕਲਾ ਤੇ ਸਮਾਜ ਨੂੰ ਵੇਖਣ ਦਾ ਫ਼ਰਕ ਪੈਂਦਾ ਆ।

**ਰਸੂਲਪੁਰੀ** : ਹੁਣ ਆਪਾਂ ਗੱਲ ਸਮਕਾਲ ਵਿੱਚ ਆਲੋਚਨਾ ਦੇ ਸੰਕਟ ਦੀ ਕਰਨੀ ਆ। ਤੁਹਾਡੀ ਪੀੜ੍ਹੀ ਤੋਂ ਬਾਅਦ ਪੰਜਾਬੀ ਦੀ ਆਲੋਚਨਾ 'ਚ ਐਹੋ ਜਿਹੇ ਆਲੋਚਕ ਉੱਭਰ ਨਹੀਂ ਰਹੇ ਜਿਹੜੇ ਪ੍ਰੋਜੈਕਟ ਬਣਾ ਕੇ ਕਿਸੇ ਵਿਧਾ ਉੱਤੇ ਕੰਮ ਕਰਨ ਲੱਗ ਹੋਣ। ਆਲੋਚਨਾ ਵਿੱਚ ਨਵੇਂ ਚਿਹਰੇ ਆ ਨਹੀਂ ਰਹੇ।

**ਡਾ. ਗੁਰਮੇਲ** : ਮੈਨੂੰ ਲੱਗਦਾ ਹੁੰਦਾ ਕਿ ਜਿਹੜੀ ਸਾਡੀ ਪ੍ਰਗਤੀਵਾਦੀ ਲਹਿਰ ਆ ਉਹਨੇ ਇਕ ਖਾਸ ਕਿਸਮ ਦਾ ਆਲੋਚਕ ਵੀ ਪੈਦਾ ਕੀਤਾ ਆ। ਹੁਣ ਉਸ ਤੋਂ ਬਾਅਦ ਜਿਹੜੀ ਗੱਲ ਸ਼ਾਇਦ ਭਗਵੰਤ ਦੇ ਮਨ ਵਿੱਚ ਆ ਰਹੀ ਆ। ਹੁਣ ਸਾਹਿਤ ਬਹੁ ਸੁਰੀ ਹੋ ਗਿਆ ਆ। ਜਿਹਨੂੰ ਟਾਈਪਡ ਲਿਟਰੇਚਰ ਕਿਹਾ ਗਿਆ ਉਹ ਹੁਣ ਹੈ ਨਹੀਂ। ਬਹੁ ਸੁਰੀ ਕਹਾਣੀ ਜਾਂ ਨਾਵਲ ਨੂੰ ਫੜਨ ਵਾਲਾ ਆਲੋਚਕ ਅੱਜ ਨਹੀਂ ਰਿਹਾ ਜਿਹੜਾ ਪਹਿਲਾ ਆਲੋਚਕ ਹੁੰਦਾ ਸੀ। ਸਾਡੇ ਕੋਲ ਐਨੀ ਪ੍ਰਤਿਭਾ ਦਾ ਨਵਾਂ ਆਲੋਚਕ ਆ ਨਹੀਂ ਰਿਹਾ। ਜੋ ਸਮਕਾਲ ਵਿੱਚ ਲਿਖੇ ਸਾਹਿਤ ਨੂੰ ਫੜ ਸਕੇ।

**ਡਾ. ਸੁਖਦੇਵ ਸਿਰਸਾ** : ਵੇਖੋ ਸੰਕਟ ਇਕੱਲੀ ਆਲੋਚਨਾ ਦਾ ਨਹੀਂ। ਸੰਕਟ ਸਮਾਜ ਦਾ ਹੈ। ਇਸ ਸਮੇਂ ਲੇਖਕ ਉਸ ਕਿਸਮ ਦਾ ਨਹੀਂ ਰਿਹਾ ਜਿਸ ਕਿਸਮ ਦਾ ਲੇਖਕ ਪੰਜ੍ਹਾਵੇਂ ਜਾਂ ਸੱਠਵਿਆਂ ਵਿੱਚ ਸੀ। ਨੈਸ਼ਨਲ ਮੂਵਮੈਂਟ ਨੇ ਇਕ ਖਾਸ ਕਿਸਮ ਦਾ ਮਨੁੱਖ ਘੜਿਆ ਸੀ। ਉਸ ਸਮੇਂ ਸਾਡੇ ਨੈਸ਼ਨਲ ਲੀਡਰ ਵੀ ਹੋਰ ਸਨ। ਸਾਡੀਆਂ ਫਿਲਮਾ ਦੇ ਹੀਰੋ ਵੀ ਹੋਰ ਸਨ। ਲਿਟਰੇਚਰ ਵੀ ਹੋਰ ਤਰ੍ਹਾਂ ਦਾ ਹੁੰਦਾ ਸੀ। ਪੰਜਾਬੀ ਨੈਸ਼ਨਲ ਮੂਵਮੈਂਟ ਵਿੱਚ ਪੈਦਾ ਹੋਇਆ ਮਨੁੱਖ ਸੀ। ਇਕ ਮਨੁੱਖ ਉਹ ਸੀ ਜਿਹੜਾ ਦੁਨੀਆ ਭਰ ਦੀਆਂ ਬਸਤੀਵਾਦ ਵਿਰੋਧੀ ਲਹਿਰਾ ਨੇ ਪੈਦਾ ਕੀਤਾ ਸੀ। ਉਹ ਬੰਦਾ ਸਮਾਜ ਵਿੱਚੋਂ ਹੌਲੀ ਹੌਲੀ ਖਤਮ ਹੁੰਦਾ ਜਾ ਰਿਹਾ। ਹੁਣ ਲੇਖਕ ਵੀ ਏਸ ਕਿਸਮ ਦਾ ਪੈਦਾ ਹੋਣ ਲੱਗ ਪਿਆ ਜਿਹੜਾ ਇਕ ਕਿਤਾਬ ਲਿਖ ਕੇ ਰਾਤੋ ਰਾਤ 'ਗਿਆਨ ਪੀਠ' ਐਵਾਰਡ ਲੈਣਾ ਚਾਹੁੰਦਾ ਆ। ਹੁਣ ਸਾਡੇ ਨਵੇਂ ਆਲੋਚਕ ਇਸ ਕਿਸਮ ਦੇ ਆ ਗਏ ਉਹ ਆਪਣੇ ਵਿਵੇਕ ਨਾਲ ਗੱਲ ਕਰਨ ਦੀ ਬਜਾਇ, ਮਾਰਕੀਟ ਤੇ ਬਜ਼ਾਰ ਦਾ ਮੂੰਹ ਵੇਖ ਕੇ ਆਲੋਚਨਾ ਕਰ ਤੇ ਲਿਖ ਰਹੇ ਹਨ। ਕਿ ਫਲਾਣੇ ਵੱਡੇ ਲੇਖਕ ਬਾਰੇ ਲਿਖਾਂਗਾ... ਕਿਉਂਕਿ ਫਲਾਣੇ ਥਾਂ ਮੇਰੀ ਇੰਟਰਵਿਊ ਹੋਣੀ

ਆ। ਮੈਂ ਫਲਾਣੇ ਨੂੰ ਚੁੱਕਾਗਾ ਤਾਂ ਉਹ ਮੈਨੂੰ ਚੁੱਕੇਗਾ। ਸੰਕਟ ਆਲੋਚਨਾ ਅਤੇ ਸਾਹਿਤ ਦਾ ਨਹੀਂ ਸੰਕਟ ਸਮਾਜ ਦੇ ਹਨ। ਇਸ ਸੰਕਟ ਦੇ ਇਤਿਹਾਸਕ ਕਾਰਨ ਹਨ। ਉਨ੍ਹਾਂ ਸੰਕਟਾਂ ਨੂੰ ਸਮਝ ਕੇ ਹੀ ਪੰਜਾਬੀ ਆਲੋਚਨਾ ਦੇ ਸੰਕਟ ਸਮਝੇ ਜਾਣਗੇ।

**ਡਾ. ਸਰਬਜੀਤ** : ਇਹਦੇ ਵਿੱਚ ਮੈਂ ਇਕ ਸੰਕਟ ਹੋਰ ਜੋੜਨਾ ਚਾਹੁੰਦਾ ਹਾਂ। ਜਿਹੜੀ ਗੱਲ ਭਗਵੰਤ ਕਰ ਰਿਹਾ ਆ। ਆਲੋਚਨਾ ਦੇ ਜੋ ਖੇਤਰ ਆ ਇਹ ਬਹੁਤਾ ਅਕਾਦਮਕਤਾ ਵਿੱਚੋਂ ਨਿਕਲਦਾ ਆ। ਜਿਹੜੀ ਏਸ ਸਮੇਂ ਪੰਜਾਬ ਤੇ ਪੂਰੇ ਹਿੰਦੋਸਤਾਨ ਦੀ ਅਕਾਦਮਕਤਾ ਦੀ ਸਥਿਤੀ ਆ ਉਹ ਬਹੁਤ ਤਰਸਯੋਗ ਆ। 1998 ਤੋਂ ਬਾਅਦ ਪੰਜਾਬ ਦੇ ਕਾਲਜਾਂ ਵਿੱਚ ਕੋਈ ਵੀ ਰੈਗੂਲਰ ਪੋਸਟ ਨਹੀਂ। ਹੁਣ 26 ਸਾਲ ਹੋ ਗਏ। ਤੁਸੀਂ ਯੂਨੀਵਰਸਿਟੀਆਂ 'ਚ ਨਜ਼ਰ ਮਾਰੋਗੇ ਤਾਂ ਤੁਹਾਨੂੰ ਕੋਈ ਚੋਣਵਾਂ ਬੰਦਾ ਲੱਭ ਜਾਵੇਗਾ ਆਲੋਚਨਾ 'ਚ ਨਿੱਠ ਕੇ ਕੰਮ ਕਰਨ ਵਾਲਾ। ਅੱਵਲ ਤਾਂ ਉਥੇ ਨਵੀਂ ਭਰਤੀ ਹੀ ਨਹੀਂ। ਜੇ ਭਰਤੀ ਹੋਈ ਤਾਂ ਘਰ ਪਰਿਵਾਰ ਦੀ ਰਾਜਨੀਤੀ ਨਾਲ ਜਿਹੜੀ ਭਰਤੀ ਹੋਈ ਆ...ਕਿ ਹੁਣ ਮੈਂ ਆ ਗਿਆ ਤਾਂ ਮੇਰੀ ਘਰਵਾਲੀ ਨੂੰ ਏਥੇ ਨੌਕਰੀ ਮਿਲ ਜਾਵੇ ਜਾਂ ਮੇਰੇ ਭਤੀਜੇ ਨੂੰ ਨੌਕਰੀ ਮਿਲ ਜਾਵੇ। ਉਹਨੇ ਚਿੰਤਨ ਤੇ ਆਲੋਚਨਾ ਦਾ ਬੇੜਾ ਗਰਕ ਕਰ ਦਿੱਤਾ। ਇਹ ਯੂਨੀਵਰਸਿਟੀਆਂ ਵਿੱਚ ਸਾਰਾ ਕੁਝ ਵਾਪਰਿਆ। ਫਿਰ ਹੋਰ ਕੀ ਵਾਪਰਿਆ ਕਿ ਜਿਵੇਂ ਜਿਸ ਤਰ੍ਹਾਂ ਨਾਲ ਪਿਛਲੇ 25−30 ਸਾਲ ਵਿੱਚ Consumer Culture ਨੇ ਬੰਦੇ ਨੂੰ ਵਸਤੂਆਂ ਦਾ ਗੁਲਾਮ ਬਣਾ ਦਿੱਤਾ। ਉਹਨੇ ਪੜ੍ਹਨ ਲਿਖਣ ਵਾਲੇ ਪਾਸੇ ਤੋਂ ਬੰਦੇ ਨੂੰ ਤੋੜਿਆ ਹੈ। ਅੱਜ ਕਿਸੇ ਬੰਦੇ ਨੂੰ ਨੌਕਰੀ ਮਿਲ ਵੀ ਜਾਂਦੀ ਆ ਤਾਂ ਉਹ ਕੀ ਸੋਚਦਾ ਕਿ ਮੇਰੇ ਕੋਲ ਵੱਡੇ ਸ਼ਹਿਰ ਵਿੱਚ ਵਧੀਆ ਕੋਠੀ ਹੋਵੇ। ਵਧੀਆ ਕਾਰ ਹੋਵੇ। ਏ. ਸੀ. ਲੱਗੇ ਹੋਣ...ਉਹ ਇਨ੍ਹਾਂ ਸੁੱਖ ਸਹੂਲਤਾਂ ਵੱਲ ਖਿਸਕ ਗਿਆ। ਉਹ ਹੁਣ ਨਹੀਂ ਸੋਚਦਾ ਕਿ ਮੇਰੇ ਕੋਲ ਇਕ ਚੰਗੀ ਕਿਤਾਬ ਵੀ ਹੋਵੇ। ਨਿੱਜੀ ਲਾਇਬਰੇਰੀ ਹੋਵੇ। ਹੌਲੀ ਹੌਲੀ ਇਨ੍ਹਾਂ ਲਿਖਣ ਪੜ੍ਹਨ ਵਾਲੀਆਂ ਚੀਜਾਂ ਤੋਂ ਬਹੁਤ ਦੂਰ ਚਲਿਆ ਗਿਆ। ਚੌਥਾ ਮਸਲਾ... ਮੈਂ ਇਹ ਪ੍ਰੈਕਟੀਕਲ ਗੱਲ ਕਰ ਰਿਹਾ ਹਾਂ। ਯੂਨੀਵਰਸਿਟੀਆਂ ਵਿੱਚ ਕੀ ਹੋ ਰਿਹਾ। ਇਕ ਵਿਦਿਆਰਥੀ ਜੋ ਪੀਐੱਚ. ਡੀ. ਕਰ ਰਿਹਾ ਉਸਨੂੰ ਪੈਂਤੀ ਹਜ਼ਾਰ ਪੀਐੱਚ. ਡੀ. ਕਰਨ ਦਾ ਸਕਾਲਰਸਿੱਪ ਮਿਲਦਾ ਹੈ। ਉਹ ਪੀਐੱਚ. ਡੀ. ਕਰ ਗਿਆ। ਉਪਰੰਤ ਕਾਲਜ ਵਿੱਚ ਲੱਗਣ ਤੇ ਉਹਨੂੰ 21 ਹਜ਼ਾਰ 500 ਰੁਪਏ ਮਿਲ ਰਿਹਾ। ਫਿਰ ਉਹ ਆਪਣਾ ਘਰ ਪਰਿਵਾਰ ਚਲਾਉਣ ਲਈ ਕੋਈ ਹੋਰ ਕੰਮ ਧੰਦਾ ਦੇਖੇਗਾ। ਉਹ ਸ਼ੇਅਰ ਬਜ਼ਾਰ ਵੱਲ ਨੂੰ ਵੇਖੇਗਾ। ਉਹ ਕੋਈ ਦੁਕਾਨ ਵੇਖੇਗਾ। ਲਿਖਣ ਪੜ੍ਹਨ ਦੇ ਉਹੀ ਟਾਇਮ ਨੂੰ ਉਹ ਹੋਰ ਪਾਸੇ Consum ਕਰ ਰਿਹਾ। ਤੁਸੀਂ ਉਸ ਤੋਂ ਕਿਵੇਂ ਆਸ ਕਰੋਗੇ ਕਿ ਉਹ ਆਲੋਚਨਾ ਵੱਲ ਆ ਕੇ ਮਿਹਨਤ ਕਰੇ। ਮੈਨੂੰ ਯਾਦ ਆ ਕਿਸੇ ਸਮੇਂ ਕਾਲਜਾਂ ਵਿੱਚ ਬੈਠੇ ਬੰਦੇ ਵੀ ਆਲੋਚਨਾ ਵਿੱਚ ਵਧੀਆ ਕੰਮ ਕਰਦੇ ਹੁੰਦਾ ਸੀ। ਹੁਣ ਤੁਸੀਂ ਯੂਨੀਵਰਸਿਟੀਆਂ ਵਿੱਚ ਦਿਖਾਓ ... ਤੁਹਾਨੂੰ ਕੋਈ ਲੱਭਦਾ ਨਹੀਂ ਆ।

**ਰਸੂਲਪੁਰੀ** : ਚੰਗੇ ਲੇਖਕ ਕੋਲ ਚੰਗਾ ਆਲੋਚਕ ਹੋਣਾ ਜ਼ਰੂਰੀ ਹੈ?

**ਡਾ. ਗੁਰਮੇਲ** : ਦਰਅਸਲ ਚੰਗੇ ਲੇਖਕ ਨੂੰ ਚੰਗਾ ਆਲੋਚਕ ਸਹਿਜੇ ਹੀ ਮਿਲ ਜਾਂਦਾ ਹੈ ਇਸ ਕਰਕੇ ਬਹੁਤੇ ਲੇਖਕਾਂ ਨੂੰ ਇਹ ਸ਼ਿਕਵਾ ਰਹਿੰਦਾ ਹੈ ਕਿ ਉਨ੍ਹਾਂ ਨੂੰ ਚੰਗਾ ਆਲੋਚਕ ਨਹੀਂ ਮਿਲਿਆ। ਪਰ ਇਸ ਗੱਲ ਤੋਂ ਮੁਨਕਰ ਵੀ ਨਹੀਂ ਹੋਇਆ ਜਾ ਸਕਦਾ ਕਿ ਆਲੋਚਕ ਤੇ ਲੇਖਕ ਵਿਚ ਕੋਈ ਰਿਸ਼ਤਾ ਮਾਅਨੇ ਨਹੀਂ ਰੱਖਦਾ। ਖਾਸ ਕਰਕੇ ਹੁਣ ਤਾਂ ਲੇਖਕ ਨੂੰ ਸਾਰਾ ਕੁਝ ਬੜੀ ਪਲੈਨਿੰਗ ਨਾਲ ਕਰਨਾ ਪੈਂਦਾ ਹੈ ਤਾਂ ਜਾ ਕੇ ਉਸਦੀ ਪੁਸਤਕ ਦਾ ਮੁੱਲ ਪੈਂਦਾ ਹੈ। ਇਹ ਮਾਮਲਾ

ਬੜਾ ਪੇਚੀਦਾ ਹੈ ਜਿਸ ਤੋਂ ਲੇਖਕ ਨੂੰ ਕਿਨਾਰਾ ਕਰਨਾ ਮਹਿੰਗਾ ਪੈ ਸਕਦਾ ਹੈ ਕਿਉਂਕਿ ਅੱਜ ਕਾਹਲ ਦਾ ਜ਼ਮਾਨਾਂ ਹੈ ਹੁਣ ਤਾਂ ਸਾਲ ਦੀਆਂ ਬਿਹਤਰ ਰਚਨਾਵਾਂ ਦੇ ਵਿਚ ਕਿਵੇਂ ਸ਼ੁਮਾਰ ਹੋਣਾ ਹੈ ਇਸ ਦੀ ਵੀ ਲੋੜ ਬਣ ਗਈ ਹੈ। ਇਸ ਸਭ ਦੇ ਬਾਵਜੂਦ ਚੰਗੀ ਰਚਨਾ ਨੇ ਚੰਗਾ ਆਲੋਚਕ ਲੱਭ ਹੀ ਲੈਣਾ ਹੁੰਦਾ ਹੈ।

**ਰਸੂਲਪੁਰੀ :** ਹੁਣ ਤਾਂ ਯੂਨੀਵਰਸਿਟੀਆਂ ਵਿੱਚੋਂ ਆਲੋਚਨਾ ਪੈਦਾ ਨਹੀਂ ਹੋ ਰਹੀ। ਉਥੇ ਵੀ ਇਕ ਖੜੋਤ ਆ ਗਈ।

**ਡਾ. ਸਰਬਜੀਤ :** ਮੈਂ ਤੁਹਾਨੂੰ ਆਪਣੀ ਯੂਨੀਵਰਸਿਟੀ ਦੀ ਗੱਲ ਕਰਦਾ ਹਾਂ। ਅਸੀਂ ਉੱਥੇ ਦੋ ਅਧਿਆਪਕ ਹਾਂ ਤੇ ਦੋਵੇਂ ਰਿਟਾਇਰਮੈਂਟ ਉੱਤੇ ਖੜੇ ਆ। ਉੱਥੇ ਤੀਜਾ ਕੋਈ ਬੰਦਾ ਹੀ ਨਹੀਂ ਤੇ ਆਲੋਚਨਾ ਦਾ ਕੰਮ ਕਿਵੇਂ ਚੱਲਣਾ ਆ।

**ਰਸੂਲਪੁਰੀ :** ਯੂਨੀਵਰਸਿਟੀਆਂ ਵਿੱਚੋਂ ਪੀਐੱਚ.ਡੀ. ਕਰਕੇ ਜੋ ਕਾਲਜਾਂ ਵਿੱਚ ਪੜ੍ਹਾਉਣ ਲੱਗੇ ਨੇ... ਮੈਂ ਜਦੋਂ ਉਨ੍ਹਾਂ ਦੀ ਆਲੋਚਨਾ ਵੇਖਦਾ ਆ ਤਾਂ ਮੈਨੂੰ ਉਹ ਆਲੋਚਨਾ ਵਿਆਖਿਆ ਮੂਲਕ ਲੱਗਦੀ ਆ। ਰਚਨਾ ਦੀ ਜਿਵੇਂ ਪ੍ਰਸੰਗ ਸਹਿਤ ਵਿਆਖਿਆ ਹੁੰਦੀ ਆ। ਇਸ ਕਿਸਮ ਦੀ ਆਲੋਚਨਾ 'ਚ ਬੜਾ ਪੇਤਲਾਪਨ ਆ ਰਿਹਾ ਏ। ਇਹਦਾ ਕਾਰਨ ਕੀ ਆ।

**ਡਾ. ਗੁਰਮੇਲ ਸਿੰਘ :** ਤੁਸੀਂ ਵੇਖੋ ਇਹਦਾ ਸਿੱਧਾ ਕਾਰਨ ਤਾਂ ਸਾਡੀਆਂ ਅਕੈਡਮਿਕ ਲੋੜਾ ਨੇ। ਹੋ ਕੀ ਰਿਹਾ। ਕੋਈ ਕਾਲਜ ਵਿੱਚ ਪੜ੍ਹਾਉਣ ਵਾਲਾ ਅਧਿਆਪਕ ਕੋਈ ਕਹਾਣੀ ਚੁੱਕਦਾ... ਜਾਂ ਨਾਵਲ ਚੁੱਕਦਾ... ਉਹਦੀ ਸਰਲ ਕਿਸਮ ਦੀ ਵਿਆਖਿਆ ਕਰਦਾ ਤੇ ਉਹਦੇ ਲਿਖੇ ਲੇਖ ਦੇ ਓਨੇ ਨੰਬਰ ਲੱਗ ਜਾਂਦੇ ਨੇ ਜਿੰਨੇ ਮਿਆਰੀ ਲੇਖ ਦੇ ਲੱਗਦੇ ਨੇ। ਹੁਣ ਇਸ ਕਿਸਮ ਦੀ ਆਲੋਚਨਾ ਬਹੁਤੇ ਬੰਦੇ ਕਰ ਰਹੇ ਨੇ ਜਿਹੜੇ ਮਸਾਂ ਬੁੱਤਾ ਈ ਸਾਰ ਰਹੇ ਨੇ।

**ਡਾ. ਸਰਬਜੀਤ :** ਮੈਂ ਗੁਰਮੇਲ ਦੀ ਗੱਲ ਹੋਰ ਵਿਸਥਾਰ ਨਾਲ ਕਰਨਾ ਚਾਹੁੰਦਾ ਹਾਂ। ਡਾ. ਅਤਰ ਸਿੰਘ, ਸੰਤ ਸਿੰਘ ਸੇਖੋਂ, ਕਿਸ਼ਨ ਸਿੰਘ ਕਿੱਡੇ ਵੱਡੇ ਆਲੋਚਕ ਸਨ। ਜੇ ਇਨ੍ਹਾਂ ਨੇ ਅੱਜ ਆਪਣੀਆਂ ਕਿਤਾਬਾਂ ਦੇ ਅਧਾਰ ਤੇ ਯੂਨੀਵਰਸਿਟੀਆਂ ਵਿੱਚ ਇੰਟਰਵਿਊ ਦੇਣੀ ਹੋਵੇ ਤਾਂ ਉਨ੍ਹਾਂ ਦੀਆਂ ਕਿਤਾਬਾਂ ਦਾ ਕੋਈ ਨੰਬਰ ਉਹਨਾਂ ਨੂੰ ਨਹੀਂ ਮਿਲੇਗਾ। ਕਿਉਂਕਿ ਇਨ੍ਹਾਂ ਦੀਆਂ ਕਿਤਾਬਾਂ ਦਾ ਆਈ. ਐੱਸ. ਬੀ. ਐਨ. ਨੰਬਰ ਹੀ ਨਹੀਂ ਹੈ। ਇਹ ਹਕੀਕਤ ਆ। (ਰਸੂਲਪੁਰੀ-(ਵਿਚੋਂ ਟੋਕ ਕੇ)- ਆਈ. ਐੱਸ. ਬੀ. ਐਨ. ਨੰਬਰਾ ਦਾ ਵਿਧੀ ਵਿਧਾਨ ਤਾਂ ਹੁਣ ਹੀ ਚੱਲਿਆ ਆ। ਉਦੋਂ ਨਹੀਂ ਸੀ।)... ਹੁਣ ਜਿਹੜਾ ਕੰਮ ਹੋ ਰਿਹਾ ਬਹੁਤ ਪੇਤਲੇ ਪੱਧਰ ਦਾ ਹੋ ਰਿਹਾ। ਇੰਟਰਵਿਊ ਵਿੱਚ ਨੰਬਰਾਂ ਦੀ ਗੇਮ ਚੱਲ ਪਈ ਆ। ਆਈ. ਐੱਸ. ਬੀ. ਐਨ. ਨੰਬਰ ਲੱਗੀਆਂ ਕਿਤਾਬਾਂ ਛਪ ਰਹੀਆਂ ਨੇ। ਪਰ ਉਨ੍ਹਾਂ ਵਿੱਚ ਆਲੋਚਨਾ ਦਾ ਇਕ ਵੀ 'ਨੰਬਰ' ਨਹੀਂ ਹੁੰਦਾ।

**ਡਾ. ਗੁਰਮੇਲ ਸਿੰਘ :** ਮੈਨੂੰ ਲੱਗਦਾ ਕਿ ਜਿਹੜਾ ਸਿਰਜਣਾਤਮਿਕ ਲੇਖਕ ਆ ਉਹ ਬਹੁਤ ਤਦਾਦ ਵਿੱਚ ਆ ਰਿਹਾ ਏ। ਉਨ੍ਹਾਂ ਦਾ ਸਾਹਿਤ ਵੀ ਕਮਾਲ ਦਾ ਆ ਰਿਹਾ। ਪਰ ਉਸ ਦੇ ਮੁਕਾਬਲੇ ਉੱਤੇ ਜੋ ਆਲੋਚਕ ਆ ਉਹ ਉਸ ਕਿਸਮ ਦਾ ਪੈਦਾ ਨਹੀਂ ਹੋ ਗਿਆ ਜਿਹੜਾ ਉਸ ਸਾਹਿਤ ਦੀ ਸਿਧਾਂਤ ਨਾਲ ਗੱਲ ਕਰ ਸਕੇ।

**ਡਾ. ਸੁਖਦੇਵ ਸਿਰਸਾ :** ਅੱਜ ਪਬਲੀਕੇਸ਼ਨ ਨੇ ਕਿਤਾਬਾਂ ਛਾਪਣ ਦਾ ਕੰਮ ਸੌਖਾ ਕਰ ਦਿੱਤਾ। ਸਾਡੇ ਤੋਂ ਪਹਿਲੇ ਆਲੋਚਕਾਂ ਦੀਆਂ ਚਾਰ-ਚਾਰ, ਪੰਜ-ਪੰਜ ਕਿਤਾਬਾਂ ਸਨ। ਅਤਰ ਸਿੰਘ ਦੀਆਂ ਮਸਾਂ ਪੰਜ ਕੁ ਕਿਤਾਬਾਂ ਹਨ। ਇਸੇ ਤਰ੍ਹਾਂ ਡਾ. ਰਵੀ ਦੀਆਂ ਚਾਰ ਕਿਤਾਬਾਂ ਹਨ। ਸਾਡੀਆਂ ਛੇ-

ਸੱਤ ਕਿਤਾਬਾਂ ਆਲੋਚਨਾ ਦੀਆਂ ਹੋਣਗੀਆਂ ਤੇ ਸਾਡੇ ਅੱਗੋਂ ਵਿਦਿਆਰਥੀਆਂ ਦੀਆਂ 15-15 ਕਿਤਾਬਾਂ ਛਪੀਆਂ ਹੋਈਆਂ ਸਨ।

**ਰਸੂਲਪੁਰੀ** : ਪਰ ਡਾਕਟਰ ਸਾਬ੍ਹ ਉਨ੍ਹਾਂ ਦੀ ਆਲੋਚਨਾ ਕਿੱਥੇ ਖੜਦੀ ਆ। ਕੋਈ ਰਵੀ ਦੇ ਮੁਕਾਬਲੇ ਦਾ ਉਨ੍ਹਾਂ ਵਿੱਚੋਂ ਆਲੋਚਕ ਪੈਦਾ ਹੋਇਆ? ਬਿਲਕੁਲ ਨਹੀਂ। ਡਿਜੀਟਿਲ ਯੁੱਗ ਆਉਣ ਨਾਲ ਤੁਹਾਡੇ ਇਨ੍ਹਾਂ ਵਿਦਿਆਰਥੀਆਂ ਦੀਆਂ ਗਿਣਤੀ ਵਿੱਚ ਵੀਹ-ਵੀਹ ਕਿਤਾਬਾਂ ਛਪਦੀਆਂ ਹਨ। ਤਕਨੀਕ ਦੇ ਆਉਣ ਨਾਲ ਕਿਤਾਬਾਂ ਦੀ ਗਿਣਤੀ ਬਹੁਤ ਘੱਟ ਗਈ ਏ। ਪਰ ਆਲੋਚਨਾ ਦਾ ਪੱਧਰ ਥੱਲੇ ਡਿੱਗ ਗਿਆ ਏ। ਇਨ੍ਹਾਂ ਵਿੱਚੋਂ 95 % ਕਿਤਾਬਾਂ ਇਨ੍ਹਾਂ ਵਿਦਿਆਰਥੀਆਂ ਨੇ ਕਾਲਜਾਂ ਵਿੱਚ ਲੱਗਣ ਲਈ ਇੰਟਰਵਿਊ ਦੇਣ ਲਈ ਰੱਖੀਆਂ ਹੋਈਆਂ ਨੇ। ਇਹ ਆਲੋਚਨਾ ਦੀਆਂ ਕਿਤਾਬਾਂ ਰੋਜਗਾਰ ਦੀਆਂ ਲੋੜਾਂ ਵਿੱਚੋਂ ਨਿਕਲੀਆਂ ਹੋਈਆਂ ਹਨ। ਜੇ ਤੁਸੀਂ ਇਨ੍ਹਾਂ ਦੀ ਆਲੋਚਨਾ ਦਾ ਪੱਧਰ ਵੇਖੋ ਤਾਂ ਉਹ ਬਹੁਤ ਥੱਲੇ ਚਲੇ ਗਿਆ ਏ।

ਅੱਜ ਦੀ ਜਦੋਂ ਮੈਂ ਆਲੋਚਨਾ ਵੇਖਦਾ ਹਾਂ ਮੈਨੂੰ ਉਹ ਬੜੀ ਪੇਤਲੇ ਪੱਧਰ ਦੀ ਲੱਗਦੀ ਆ। ਕੀ ਕਾਰਨ ਏ ਏਹਦੇ?

**ਡਾ. ਸੁਖਦੇਵ ਸਿਰਸਾ** : ਜਦੋਂ ਖੋਜ ਨੌਕਰੀ ਨਾਲ ਜੁੜ ਜਾਵੇਗੀ। ਫਿਰ ਖੋਜ ਦਾ ਮਿਆਰ ਇਸੇ ਤਰ੍ਹਾਂ ਡਿੱਗੇਗਾ। ਅੱਜ ਦੀ ਖੋਜ ਦਾ ਅਕਲ ਨਾਲ ਕੋਈ ਸੰਬੰਧ ਨਹੀਂ। ਸਾਡੀ ਪੀੜ੍ਹੀ ਤੋਂ ਬਾਅਦ ਕੁਝ ਨਵੇਂ ਮੁੰਡੇ ਆਏ ਹਨ। ਡਾ. ਯੋਗਰਾਜ ਆਇਆ... ਡਾ. ਭੀਮ ਇੰਦਰ ਸਿੰਘ ਆਇਆ ਦਿੱਲੀ ਯੂਨੀਵਰਸਿਟੀ ਤੋਂ ਡਾ. ਯਾਦਵਿੰਦਰ ਐ। ਏਧਰ ਜਗਵਿੰਦਰ ਜੋਧਾ ਹੈ...ਕੁਝ ਨਵੇਂ ਮੁੰਡੇ ਕੰਮ ਵੀ ਕਰ ਰਹੇ ਨੇ... ਆਪਣਾ ਜੇ. ਬੀ. ਸੇਖੋਂ ਆ... ਕਮਲਪ੍ਰੀਤ ਦੀ ਸੂਫੀਵਾਦ ਤੇ ਕਿਤਾਬ ਆਈ ਆ। ਇਸੇ ਤਰ੍ਹਾਂ ਫੋਕ ਲੋਰ ਉੱਤੇ ਵੀ ਕੰਮ ਹੋ ਰਿਹਾ... ਸਾਡੇ ਏਥੇ ਤਜਿੰਦਰ ਮੁੰਡਾ ਇਕ ਨਵਾਂ ਆਇਆ। ਹਰ ਸਮੇਂ ਪੰਜ ਸੱਤ ਬੰਦੇ ਹੀ ਚਮਕ ਕੇ ਬਾਹਰ ਆ ਰਹੇ ਹੁੰਦੇ ਨੇ। ਭੀੜ ਨਹੀਂ ਹੁੰਦੀ।

**ਡਾ. ਸਰਬਜੀਤ** : ਆਲੋਚਨਾ ਦਾ ਮਿਆਰ ਭਵਿੱਖ 'ਚ ਹੋਰ ਵੀ ਡਿੱਗੇਗਾ। ਉਹਦਾ ਮੈਂ ਕਾਰਨ ਦੱਸ ਦਿੰਦਾ ਹਾਂ। ਪਹਿਲਾਂ ਬੰਦਾ ਕਾਲਜਾਂ 'ਚ ਆਮ ਐਮ. ਏ. ਕਰਕੇ ਲੱਗ ਜਾਂਦਾ ਸੀ। ਹੁਣ ਜੇ ਉਹਨੇ ਕਾਲਜ ਲੱਗਣਾ ਆ ਤਾਂ ਉਹਦੇ ਲਈ ਪੀਐੱਚ. ਡੀ. ਜ਼ਰੂਰੀ ਆ। ਔਰ ਉਸੇ ਦਿਨ ਤੋਂ ਖੋਜ ਦਾ ਪੱਧਰ ਹੋਰ ਗਰਕ ਜਾਵੇਗਾ...ਜਿਹੜੀ ਨਵੀਂ ਐਜੂਕੇਸ਼ਨ ਪਾਲਸੀ ਆਈ ਆ। ਉਸ ਨੇ ਸਾਡੀ ਪੜ੍ਹਾਈ ਦਾ ਸਟਰੱਕਚਰ ਐਨਾ ਤਬਦੀਲ ਕਰ ਦਿੱਤਾ। ਉਹਦਾ ਖੋਜ ਨਾਲ ਕੋਈ ਵਾਸਤਾ ਨਹੀਂ।

**ਰਸੂਲਪੁਰੀ** : ਹੁਣ ਤੁਸੀਂ ਵੇਖੋਂ ਪਬਲੀਕੇਸ਼ਨ ਵਿੱਚ ਆਲੋਚਨਾ ਦੀ ਕਿਤਾਬ ਦੀ ਛਪਣ ਗਿਣਤੀ ਘੱਟਣ ਲੱਗ ਪਈ ਏ। ਹੁਣ ਯੂ. ਜੀ. ਸੀ. ਗ੍ਰਾਂਟ ਨਾਲ ਬਲਕ ਪਰਚੇਜ਼ ਬੰਦ ਹੋ ਗਈ ਏ। ਮੈਸੂਰ ਨੇ ਆਲੋਚਨਾ ਦੀਆਂ ਕਿਤਾਬਾਂ ਖਰੀਦਣੀਆਂ ਬੰਦ ਕਰ ਦਿੱਤੀਆਂ ਨੇ। ਪ੍ਰਕਾਸ਼ਕਾਂ ਨੇ ਆਲੋਚਨਾ ਦੀਆਂ ਕਿਤਾਬਾਂ ਛਾਪਣ ਤੋਂ ਹੱਥ ਖੜੇ ਕਰ ਦਿੱਤੇ ਨੇ। ਹੁਣ ਕਰੀਏਟਿਵ ਲੇਖਕਾਂ ਉੱਤੇ ਆਲੋਚਨਾ ਦੀਆਂ ਕਿਤਾਬਾਂ ਸੰਪਾਦਤ ਕਰਨ ਤੇ ਲਿਖਣ ਦਾ ਰੁਝਾਨ ਬਹੁਤ ਵੱਧ ਗਿਆ ਏ। ਕਹਾਣੀਕਾਰ ਦੀ ਪਹਿਲੀ ਕਿਤਾਬ ਛਪਦੀ ਆ ਉਹਦੇ ਉੱਤੇ ਝੱਟ ਆਲੋਚਨਾ ਦੀ ਕਿਤਾਬ ਆ ਜਾਂਦੀ ਆ। ਤੁਸੀਂ ਵੇਖੋਂ ਅਤਰਜੀਤ, ਪ੍ਰੇਮ ਗੋਰਖੀ, ਲਾਲ ਸਿੰਘ ਦਿਲ, ਸੁਖਵੰਤ ਕੌਰ ਮਾਨ 'ਤੇ ਆਲੋਚਨਾ ਦੀ ਕਿਤਾਬ ਅਜੇ ਤੱਕ ਨਹੀਂ। ਹੁਣ ਕਰੀਏਟਿਵ ਲੇਖਕ ਨਿੱਜੀ ਤਰੱਦਦ ਕਰਕੇ ਆਪਣੇ 'ਤੇ ਪਹਿਲਾਂ ਆਲੋਚਨਾ ਕਰਵਾਉਂਦਾ ਆ, ਫਿਰ ਉਹਨੂੰ ਕਿਤਾਬੀ ਸ਼ਕਲ ਦਿੰਦਾ ਏ। ਆਪਣੀ ਜੇਬ 'ਚੋਂ ਪੈਸਾ ਖਰਚਦਾ ਏ। ਜੇ ਤੁਸੀਂ ਉਸ ਆਲੋਚਨਾ ਦਾ ਪੱਧਰ ਵੇਖੋ ਤਾਂ ਉਹ ਬੜਾ

ਪੇਤਲੇ ਕਿਸਮ ਦਾ ਆ।

**ਡਾ. ਸੁਖਦੇਵ ਸਿਰਸਾ :** ਇਹ ਵਿਗਾੜ ਸਾਡੇ ਸਿਸਟਮ ਨੇ ਹੀ ਪਾਇਆ ਹੈ। ਹੁਣ ਅੱਜ ਦੇ ਲੇਖਕ ਬੜਾ ਹੁਬ ਹੁਬ ਕੇ ਕਹਿੰਦੇ ਨੇ ਬਈ ਮੇਰੀ ਤਾਂ ਕਿਤਾਬ ਸਲੇਬਸ ਵਿੱਚ ਲੱਗ ਗਈ। ਪੜ੍ਹਦਾ ਉਥੇ ਕੌਣ ਆ? ਪੜ੍ਹਦੇ ਤਾਂ ਉਥੋਂ ਦੇ ਪ੍ਰੋਫੈਸਰ ਨਹੀਂ। ਸਾਡੇ ਵੇਲੇ ਸਿਲੇਬਸ ਵਿੱਚ 'ਹੀਰ' ਲੱਗੀ ਸੀ। ਮੈਨੂੰ ਹਲਵਾਰਵੀ ਕਹਿੰਦਾ ਤੂੰ ਪਾਗਲ ਐ 'ਹੀਰ' ਪੜ੍ਹਨ ਲੱਗਾ ਹੋਇਆ ਆ। ਹੀਰ 'ਤੇ ਸੇਖੋਂ ਦੇ ਆਰਟੀਕਲ ਪੜ੍ਹ ਲੈ ਤੇ ਪੇਪਰ ਦੇ ਦੇ। ਹਲਵਾਰਵੀ ਨੇ ਬਿਨਾ ਹੀਰ ਪੜ੍ਹੇ ਤੋਂ ਪੇਪਰ ਦਿੱਤੇ।

**ਰਸੂਲਪੁਰੀ :** ਡਾ. ਗੁਰਮੇਲ ਜੀ...ਕੀ ਸੱਚਮੁੱਚ ਸੋਸ਼ਲ ਮੀਡੀਏ ਨੇ ਮਿਆਰੀ ਆਲੋਚਨਾ ਨੂੰ ਢਾਅ ਲਾਈ ਹੈ?

**ਡਾ. ਗੁਰਮੇਲ :** ਇਸਦਾ ਸਿੱਧਾ ਅਸਰ ਤਾਂ ਨਹੀਂ ਹੈ ਕਿਉਂਕਿ ਆਪਾਂ ਉਪਰ ਇਸਦੇ ਬਾਰੇ ਗੱਲ ਕਰ ਲਈ ਹੈ ਕਿ ਮਿਆਰੀ ਆਲੋਚਨਾ ਨੂੰ ਢਾਅ ਲਾਉਣ ਦੇ ਹੋਰ ਕਈ ਕਾਰਨ ਹਨ। ਹਾਂ ਏਨਾ ਜ਼ਰੂਰ ਹੋ ਸਕਦਾ ਹੈ ਕਿ ਸੋਸ਼ਲ ਮੀਡੀਏ ਤੇ ਸਰਗਰਮ ਕੁਝ ਆਲੋਚਕਾਂ ਦੀਆਂ ਟਿੱਪਣੀਆਂ ਜੋ ਬਹੁਤੀ ਵਾਰੀ ਪੱਖਪਾਤੀ ਹੁੰਦੀਆਂ ਹਨ ਕਾਰਨ ਅਸੀਂ ਮੰਨ ਸਕਦੇ ਹਾਂ ਕਿ ਇਸ ਨਾਲ ਮਿਆਰੀ ਆਲੋਚਨਾ ਦਾ ਨੁਕਸਾਨ ਹੁੰਦਾ ਹੈ। ਇਹ ਅਲੱਗ ਵਿਸ਼ਾ ਹੈ ਕਿ ਸੋਸ਼ਲ ਮੀਡੀਏ ਉਤੇ ਕਿਸੇ ਆਲੋਚਕ ਨੂੰ ਸਰਗਰਮ ਰਹਿਣਾ ਚਾਹੀਦਾ ਹੈ ਕਿ ਨਹੀਂ ਜਾਂ ਇਥੇ ਕੀਤੀਆਂ ਟਿੱਪਣੀਆਂ ਫੌਰੀ ਪ੍ਰਤੀਕਰਮ ਬਣ ਕੇ ਰਹਿ ਜਾਂਦੀਆਂ ਹਨ। ਜਿਸ ਨਾਲ ਮਿਆਰੀ ਆਲੋਚਨਾ ਨੂੰ ਢਾਅ ਲੱਗਦੀ ਹੈ। ਪਰ ਜੇ ਦੇਖਿਆ ਜਾਵੇ ਤਾਂ ਸਾਡੇ ਨਾਮੀ ਆਲੋਚਕ ਤਾਂ ਇਸ ਤੋਂ ਬਚਣ ਨੂੰ ਹੀ ਤਰਜੀਹ ਦਿੰਦੇ ਹਨ।

**ਰਸੂਲਪੁਰੀ :** ਹੁਣ ਅਖੀਰ ਵਿੱਚ ਇਹ ਦੱਸ ਕੇ ਗੋਸ਼ਟੀ ਨੂੰ ਸਮਾਪਤ ਕਰੋ ਕਿ ਸਮਕਾਲ ਵਿੱਚ ਆਲੋਚਨਾ ਦਾ ਦ੍ਰਿਸ਼ ਕਿਸ ਤਰ੍ਹਾਂ ਦਾ ਉਭਰਦਾ ਐ?

**ਡਾ. ਸੁਖਦੇਵ ਸਿਰਸਾ :** ਆਲੋਚਨਾ ਵਿੱਚ ਇਕ ਧੜਾ ਉਨ੍ਹਾਂ ਲੋਕਾਂ ਦਾ ਐ ਜਿਹੜੇ ਕਹਿੰਦੇ ਨੇ ਆਲੋਚਨਾ ਕੇਵਲ ਵਿਆਖਿਆ ਜਾਂ ਮੁਲੰਕਣ ਨਹੀਂ ਹੁੰਦੀ। ਆਲੋਚਨਾ ਕਿਸੇ ਦੌਰ ਵਿੱਚ, ਕਿਸੇ ਸਮਾਜ ਵਿੱਚ, ਕਿਸੇ ਖਿੱਤੇ ਵਿੱਚ ਚਲ ਰਹੇ ਵਿਚਾਰਧਾਰਿਕ ਭੇੜ ਦਾ ਇੱਕ ਅੰਗ ਹੁੰਦੀ ਆ। ਆਲੋਚਨਾ ਇਕ ਵਿਚਾਰਧਾਰਕ ਮਸਲਾ ਆ। ਇਹ ਸਮਾਜ ਦੀਆਂ ਵੱਡੀਆਂ ਵੰਗਾਰਾਂ ਨੂੰ ਉੱਤਰ ਦੇਣ ਦੀ ਕੋਸ਼ਿਸ਼ ਕਰ ਰਹੀ ਹੁੰਦੀ ਆ। ਬਹਾਨਾ ਇਹ ਕਿ ਆਲੋਚਕ ਦਾ ਇਸ ਕੰਮ ਲਈ ਮਟ੍ਰੀਅਲ ਸਾਹਿਤ ਹੁੰਦਾ ਹੈ। ਅਸੀਂ ਸਾਹਿਤ ਵਿੱਚੋਂ ਲਿਟਰੇਚਰ ਦੀ ਡੀਬੇਟ ਦਾ ਉੱਤਰ ਲੱਭ ਰਹੇ ਹੁੰਦੇ ਆ। ਪਰ ਅੱਜ ਸਾਡੇ ਆਲੋਚਕਾ ਦਾ ਇੱਕ ਧੜਾ ਉਹ ਆ ਜਿਹੜੇ ਇਹ ਸੋਚ ਰਹੇ ਨੇ ਕਿ ਕਿਸੇ ਵਿਚਾਰ ਨਾਲ ਨੱਥੀ ਨਹੀਂ ਹੋਣਾ ਚਾਹੀਦਾ ਕਿਉਂਕਿ ਬਜ਼ਾਰ ਵਿੱਚ ਇਸ ਤਰ੍ਹਾਂ ਉਨ੍ਹਾਂ ਦੀ ਕੀਮਤ ਘੱਟ ਜਾਂਦੀ ਆ। ਉਹ ਧਿਰ ਨਹੀਂ ਬਣਨਾ ਚਾਹੁੰਦੇ। ਉਹ ਸੋਚਦੇ ਨੇ ਕਿ ਲਿਟਰੇਚਰ ਦੀ ਮਨ ਮਰਜ਼ੀ ਦੀ ਵਿਆਖਿਆ ਕਰਕੇ ਲੇਖਕ ਨੂੰ ਖੁਸ਼ ਕਰ ਦਿਓ। ਇਹ ਧਿਰ ਅਸਲ ਵਿੱਚ ਬਜ਼ਾਰ ਦੀ ਸ਼ਿਕਾਰ ਆ। ਇਹ ਵੀ ਇਸ ਵਿਚਾਰ ਦੇ ਗੁਲਾਮ ਨੇ ਕਿ ਬੰਦੇ ਦੀ ਕੋਈ ਵਿਚਾਰਧਾਰਾ ਨਹੀਂ ਹੋਣੀ ਚਾਹੀਦੀ। Roland Barthes ਕਹਿੰਦਾ ਕਿ ਲੇਖਕ ਦੀ ਕੋਈ ਵਿਚਾਰਧਾਰਾ ਨਹੀਂ ਹੁੰਦੀ। ਇਹ ਆਪਣੇ ਆਪ ਨਾਲ ਧੋਖਾ ਆ।

**ਡਾ. ਸਰਬਜੀਤ :** ਜਿੱਥੋਂ ਤੱਕ ਗਿਆਨ ਦਾ ਮਸਲਾ ਆ। ਗਿਆਨ ਤਾਂ ਕਿਤਾਬਾਂ ਵਿੱਚ ਨਹੀਂ ਹੁੰਦਾ। ਗਿਆਨ ਜ਼ਿੰਦਗੀ ਵਿੱਚੋਂ ਨਿਕਲ ਕੇ ਕਿਤਾਬਾਂ ਤੱਕ ਪਹੁੰਚਦਾ ਆ। ਦੂਜਾ ਤੁਹਾਡਾ ਮਸਲਾ

ਕਿ ਸਮਕਾਲੀ ਦ੍ਰਿਸ਼ ਵਿੱਚ ਆਲੋਚਨਾ ਦਾ ਸੰਕਟ...ਤੁਸੀਂ ਕਹਿੰਦੇ ਹੋ , ਮੈਂ ਨਹੀਂ ਕਹਿੰਦਾ। ਜਦੋਂ ਅਸੀਂ ਸਮਕਾਲ ਦੀ ਗੱਲ ਕਰਾਂਗੇ ਤਾਂ ਫਿਰ ਅਸੀਂ ਸਾਰੇ ਆ ਜਾਂਦੇ ਨੇ ਜੋ ਆਲੋਚਨਾ ਕਰ ਰਹੇ ਨੇ ਜਦੋਂ ਅਸੀਂ ਨਵੀਂ ਆਲੋਚਨਾ ਦੀ ਗੱਲ ਕਰਾਂਗੇ ਤਾਂ ਉਹ ਹੋਰ ਮਸਲਾ ਬਣ ਜਾਵੇਗਾ। ਨਵੀਂ ਆਲੋਚਨਾ ਬਾਰੇ ਮੈਂ ਸੋਚਦਾ ਕਿ ਪਿਛਲੇ 20-25 ਸਾਲ ਤੋਂ, ਕੀ ਸਾਡੀ ਆਲੋਚਨਾ ਦੇ ਪੈਰਾਮੀਟਰ ਬਦਲੇ? ਈਡੀਅਮ ਬਦਲਿਆ। ਜੇ ਤਾਂ ਉਹ ਬਦਲਦੇ ਹਨ ਤਾਂ ਫਿਰ ਤਾਂ ਅਸੀਂ ਕਹਿ ਸਕਦੇ ਆ ਕਿ ਇਹ ਨਵੀਂ ਆਲੋਚਨਾ ਆ। ਮੈਨੂੰ ਤਾਂ ਇਹ ਲੱਗਦਾ ਕਿ ਆਲੋਚਨਾ ਪਹਿਲਾਂ ਨਾਲੋਂ ਸੂਖ਼ਮ ਹੋਈ ਆ। ਤੁਸੀਂ ਵੇਖੋਂ ਕਿ ਦਲਿਤ ਫਿਨੋਮਨੇ ਉੱਤੇ, ਪੰਜਾਬੀ ਚਿੰਤਨ ਉੱਤੇ ਜਿਨੀ ਚਰਚਾ ਹੋਈ ਤੇ ਇਸ ਮਸਲੇ ਨੂੰ ਜਿਨਾ ਸਪੱਸ਼ਟ ਪੰਜਾਬੀ ਆਲੋਚਨਾ ਵਿੱਚ ਕੀਤਾ ਗਿਆ ਅਜੇ ਵੀ ਭਾਰਤੀ ਭਾਸ਼ਾਵਾਂ ਵਿੱਚ ਇਹ ਮਸਲੇ ਨੂੰ ਓਨਾ ਸਪੱਸ਼ਟ ਨਹੀਂ ਕੀਤਾ ਗਿਆ। ਅਜੇ ਵੀ ਭਾਰਤੀ ਭਾਸ਼ਾਵਾਂ ਵਿੱਚ ਦਲਿਤ ਮਸਲੇ ਨੂੰ ਜਾਤ ਨਾਲ ਜੋੜ ਕੇ ਹੀ ਜਾਤ ਤੱਕ ਸੀਮਤ ਕਰ ਦਿੱਤਾ ਜਾਂਦਾ। ਜਦਕਿ ਪੰਜਾਬੀ ਇਸ ਮਸਲੇ ਨੂੰ ਜਮਾਤ ਨਾਲ ਜੋੜ ਕੇ ਔਰ ਡਿਪਰੈਸਡ ਨਾਲ ਜੋੜ ਕੇ ਇਕ Wild prospective ਬਣਾ ਸਕੇ ਹਨ। (ਰਸੂਲਪੁਰੀ-(ਵਿਚੋਂ ਟੋਕ ਕੇ) ਪਰ ਮਰਾਠੀ ਤੇ ਹਿੰਦੀ ਵਿੱਚ ਦਲਿਤ ਸੁਹਜ ਸ਼ਾਸ਼ਤਰ ਵਿੱਚ ਬਹੁਤ ਕੰਮ ਹੋਇਆ)... ਹਾਂ ਬਿਲਕੁਲ ਹੋਇਆ। ਪਰ ਉਸ ਸੁਹਜ ਸ਼ਾਸ਼ਤਰ ਦੀ ਸੀਮਾ ਇਹ ਆ ਕਿ ਉਹ ਸੁਹਜ ਸ਼ਾਸ਼ਤਰ ਕੇਵਲ ਤੇ ਕੇਵਲ ਜਾਤ ’ਤੇ ਖੜਾ ਹੋ ਜਾਂਦਾ। ਉਸ ਦੇ ਆਰ ਪਾਰ ਜਾਣ ਦਾ ਯਤਨ ਨਹੀਂ ਕਰਦਾ। ਪੰਜਾਬੀ ਦੇ ਚਿੰਤਨ ਨੇ ਜਾਤ ਦੇ ਆਰ ਪਾਰ ਜਾਣ ਦਾ ਯਤਨ ਕੀਤਾ। ਇਹ ਗੱਲ ਮੈਂ ਹਵਾਲਿਆ ਨਾਲ ਕਰ ਸਕਦਾ। ਤੀਜੀ ਗੱਲ ਜਿਹੜੇ ਲੋਕ ਅੱਜ ਦੇ ਸਮੇਂ ਵਿੱਚ ਆਲੋਚਨਾ ਵਿੱਚ ਦਸਤਪੰਜਾ ਲੈ ਰਹੇ ਹਨ, ਮੈਨੂੰ ਨਹੀਂ ਲੱਗਦਾ ਉਹ ਪੁਰਾਣੇ ਆਲੋਚਕ ਬਣ ਗਏ ਹਨ। ਅਸੀਂ ਉਨ੍ਹਾਂ ਨੂੰ ਸਮਕਾਲ ਵਿੱਚ ਰੱਖ ਕੇ ਵੇਖਦੇ ਆ। ਤੀਜਾ ਜਿਹੜਾ ਮਸਲਾ ਨਵੇਂ ਆਲੋਚਕ ਆਉਣ ਦਾ। ਜੇ ਉਹ ਮਿਹਨਤ ਕਰਨ ਤਾਂ ਕਾਫੀ ਅੱਗੇ ਨਿਕਲ ਸਕਦੇ ਹਨ। ਜਿਵੇਂ ਯਾਦਵਿੰਦਰ ਸਿੰਘ ਆ। ਜੇ. ਬੀ. ਸੇਖੋਂ ਆ। ਸਤਿੰਦਰ ਰੈਬੀ ਆ। ਸੰਤੋਖ ਸੁੱਖੀ ਆ। ਗੁਰਮੇਲ ਤੁਹਾਡੇ ਸਾਹਮਣੇ ਬੈਠਾ। ਜੇ ਤੁਹਾਨੂੰ ਸੰਕਟ ਲੱਗਦਾ। ਮੈਂ ਉਸ ਸੰਕਟ ਦੀ ਨਵਿਰਤੀ ਤੁਹਾਡੇ ਵਿੱਚੋਂ ਵੇਖਦਾ। ਜਿਹੜਾ ਪੰਜਾਬੀ ਦੀ ਸਾਹਿਤਕ ਪੱਤਰਕਾਰੀ ਨੇ ਰੋਲ ਪਲੇ ਕਰਨਾ ਹੁੰਦਾ। ਸਾਡੀ ਸਾਹਿਤਕ ਪੱਤਰਕਾਰੀ ਉਹ ਰੋਲ ਪਲੇ ਨਹੀਂ ਕਰ ਰਹੀ। ਤੁਸੀਂ ਲੋਕ ਕਿਉਂ ਨਹੀਂ ਨਵੇਂ ਬੰਦਿਆਂ ਨੂੰ ਰਾਹ ਦਿੰਦੇ।

**ਰਸੂਲਪੁਰੀ :** ਵੱਡਾ ਮਸਲਾ ਇਹ ਆ ਕਿ ਨਵੇਂ ਬੰਦੇ ਲਿਖਦੇ ਹੀ ਨਹੀਂ। ਜੋ ਲਿਖਦੇ ਨੇ ਉਹ ਬੜਾ ਪੇਤਲੇ ਪੱਧਰ ਦਾ ਹੁੰਦਾ ਆ। ਅਸੀਂ ਤਾਂ ਹੁੱਝਾ ਮਾਰਦ ਆ। ਚੰਗਾ ਲਿਖਣ ਦਾ ਬੜਾ ਸੰਕਟ ਆ। ਪਹਿਲੀ ਗੱਲ ਤਾਂ ਕਿਤਾਬਾਂ ਡੰਪ ਕਰ ਲੈਂਦੇ ਨੇ। ਜੇ ਲਿਖਦੇ ਨੇ ਤਾਂ ਰਚਨਾ ਦਾ ਸਾਰ ਲਿਖ ਕੇ ਭੇਜ ਦਿੰਦੇ ਨੇ।

**ਡਾ. ਸੁਖਦੇਵ ਸਿਰਸਾ :** ਪੰਜਾਬੀ ਦੇ ਰਸਾਲਿਆ ਦਾ ਸੰਕਟ ਇਹ ਆ ਜੇ ਤਾਂ ਮੈਂ ਜਾਂ ਸਰਬਜੀਤ ਲੇਖ ਲਿਖਦਾ ਆ ਉਹ ਪਰਚੇ ਦਾ ਸੰਪਾਦਕ ਛਾਪ ਦੇਵੇਗਾ ਪਰ ਸਾਡੇ ਕਿਸੇ ਵਿਦਿਆਰਥੀ ਦਾ ਨਹੀਂ ਛਾਪੇਗਾ। ਚਾਹੇ ਉਹ ਸਾਡੇ ਤੋਂ ਵਧੀਆ ਹੀ ਲਿਖਿਆ ਹੋਵੇ। ਪੰਜਾਬੀ ਵਿੱਚ ‘ਸੇਧ’ ਵਰਗਾ ਮੈਗਜ਼ੀਨ ਹੁਣ ਨਹੀਂ ਛਪਦਾ। ਜਦੋਂ ਮੈਗਜ਼ੀਨ ਦੇ ਨਾਲ ਸਿਆਸਤ ਜੁੜ ਜਾਵੇ। ਮੈਗਜ਼ੀਨ ਦਾ ਪੱਧਰ ਗਿਰ ਜਾਂਦਾ ਆ। ਕੁਝ ਵੱਡੇ ਮੈਗਜ਼ੀਨਾ ਦਾ ਪੱਧਰ ਇਸੇ ਕਰਕੇ ਡਿੱਗਿਆ ਵੀ ਆ।

**(ਸਕ੍ਰਿਪਟ ਭਗਵੰਤ ਰਸੂਲਪੁਰੀ ਵੱਲੋਂ ਤਿਆਰ ਕੀਤੀ ਗਈ ਏ)**


ਰੂਸੀ ਕਹਾਣੀ

# ਕ੍ਰਿਸਮਿਸ ਰੁੱਖ ਤੇ ਵਿਆਹ


**ਮੂਲ : ਫ਼ਿਓਦੋਰ ਦੋਸਤੋਵਸਕੀ**

**ਉਲਥਾਕਾਰ : ਮਕਸੂਦ ਸਾਕਿਬ**

**ਲਿੱਪੀਅੰਤਰ : ਜੋਗਿੰਦਰ ਪਾਲ ਮਾਨ**



ਅਗਲੇ ਦਿਨ ਇਕ ਵਿਆਹ ਡਿੱਠਾ... ਪਰ ਨਹੀਂ! ਤੁਹਾਨੂੰ ਇਕ ਕ੍ਰਿਸਮਿਸ ਰੁੱਖ ਦੀ ਸੁਣਾਵਨਾਂ। ਵਿਆਹ ਸ਼ਾਨਦਾਰ ਸੀ। ਬੜਾ ਸਵਾਦ ਆਇਆ। ਪਰ ਏਹ ਦੂਜੀ ਤਾਂ ਹੋਰ ਵੀ ਸਵਾਦੀ ਏ। ਖ਼ਬਰੇ ਕਿਉਂ, ਵਿਆਹ ਨੇ ਕ੍ਰਿਸਮਿਸ ਰੁੱਖ ਚੇਤੇ ਕਰਾ ਦਿੱਤਾ। ਹੋਈ ਇੰਜ...

ਪੂਰੇ ਪੰਜ ਸਾਲ ਪਹਿਲਾਂ ਨਵੇਂ ਵਰ੍ਹੇ ਦੀ ਰਾਤ ਮੈਨੂੰ ਇਕ ਸੇਠ ਦੇ ਘਰ ਬਾਲਾਂ ਦੇ ਨਾਚ ਦਾ ਸੱਦਾ ਸੀ। ਸੇਠ ਬੜਾ ਪੈਸੇ ਤੇ ਕਰਾਂ-ਪੈਰਾਂ ਵਾਲ਼ਾ ਬੰਦਾ ਸੀ। ਓਹਦੀ ਜਾਣੂ ਬੁੱਝੂਆਂ ਦੀ ਆਪਣੀ ਈ ਇਕ ਦੁਨੀਆ ਸੀ ਤੇ ਆਪਣੇ ਈ ਮਤੇ। ਬਾਲਾਂ ਦਾ ਨਾਚ ਤੇ ਐਵੇਂ ਪੱਜ ਸੀ ਸਾਰੇ ਮਿਲਣ ਵਰਤਣ ਵਾਲ਼ਿਆਂ ਨੂੰ ਇਕੱਠਾ ਕਰਕੇ ਇਕ ਦੂਜੇ ਦੇ ਨੇੜੇ ਕਰਨ ਦਾ।

ਮੈਂ ਵਿੱਚ ਓਭੜ ਸਾਂ, ਕਿਸੇ ਨਾਲ ਗ਼ਰਜ਼ -ਗਾਇਤ ਵੀ ਕੋਈ ਨਹੀਂ ਸੀ। ਪਾਸੇ ਰਹਿ ਕੇ ਸ਼ਾਮ ਟਪਾਣਾ ਔਖਾ ਨਹੀਂ ਸੀ ਮੈਨੂੰ। ਇਕ ਭਲਾਮਾਣਸ ਹੋਰ ਵੀ ਸੀ ਮੇਰੇ ਵਾਕਣ ਓਸ ਘਰੋਕੀ ਮਜ਼ੇ-ਮੀਰੀ ਵਿਚ ਫਸਿਆ ਹੋਇਆ। ਪੌਂਦ ਮੇਰਾ ਧਿਆਨ ਓਸੇ ਛਿੱਕਿਆ। ਮੂੰਹ ਮੁਹਾਂਦਰੇ ਤੋਂ ਖ਼ਾਨਦਾਨੀ ਤੇ ਸੌਖਾ ਬੰਦਾ ਨਹੀਂ ਸੀ ਲੱਗਦਾ। ਵਜੂਦੋਂ ਲੰਮਾ ਛਰੈਰਾ, ਗੰਭੀਰ ਤੇ ਵਾਹਵਾ ਕੋਟ-ਪਤਲੂਨ। ਟੱਬਰਦਾਰੀ ਰੌਣਕ ਮੇਲਿਆਂ ਦਾ ਸ਼ੌਂਕੀ ਨਹੀਂ ਸੀ ਜਾਪਦਾ। ਖੂੰਜੇ ਲੱਗਦਿਆਂ ਸਾਰ ਉਹਦਾ ਮੂੰਹ ਫਿੱਕਾ ਪੈ ਗਿਆ ਤੇ ਸੱਖਣੇ ਕਾਲ਼ੇ ਭਰਵੱਟੇ ਕੱਸੇ ਗਏ। ਸੇਠ ਤੋਂ ਬਿਨਾ ਕਿਸੇ ਨਾਲ਼ ਓਹਦੀ ਜਾਣ-ਪਛਾਣ ਨਹੀਂ ਸੀ। ਬੜੀ ਹਿੰਮਤ ਨਾਲ਼ ਉੱਤੋਂ ਉੱਤੋਂ ਚੱਸ ਮਾਣਦਿਆਂ ਓਹਨੇ ਹਰ ਢੰਗ ਨਾਲ਼



*ਫਿਓਦੋਰ ਦਸਤੋਵਸਕੀ-1821 ਵਿਚ ਮਾਸਕੋ, ਇਕ ਡਾਕਟਰ ਦੇ ਘਰ ਜੰਮਿਆ। ਪੀਟਰਸਬਰਗ ਦੇ ਫ਼ੌਜੀ ਇੰਜੀਨੀਅਰ ਕਾਲਜ ਤੋਂ ਪੜ੍ਹਿਆ। ਪਹਿਲੀ ਕਹਾਣੀ ( Poor Folk) 18 46 ਵਿੱਚ ਛਪੀ ਤੇ ਬੜੀ ਧੁੰਮੀ। ਆਪਣੀ ਸਿਆਸੀ ਬਹਿਣੀ ਪਾਰੋਂ ਫੜਿਆ ਗਿਆ। ਮੌਤ ਸਜ਼ਾ ਹੋਇਆ, ਅਸਲੋਂ ਅੰਤਲੇ ਵੇਲੇ ਮੌਤ ਟਲ਼ੀ, ਤਾਂ ਵੀ ਸਾਇਬੇਰੀਆ ਵਿੱਚ ਕੈਦ ਕੱਟਣੀ ਪਈ। ਏਥੋਂ ਦੀਆਂ ਗੱਲਾਂ ਉੱਤੇ, 'ਮੋਇਆਂ ਦੇ ਘਰ ਦੀਆਂ ਯਾਦਾਂ' ਨਾਵਲ ਲਿਖਿਆ। ਜੂਆ ਖੇਡਣ ਲੱਗ ਪਿਆ। ਵਾਲ਼ ਵਾਲ਼ ਕਰਜ਼ੇ ਵਿੱਚ ਬੱਝ ਗਿਆ। ਏਸ ਬਿਪਤਾ ਵਿੱਚੋਂ ਦੂਜੀ ਬੀਵੀ ਕੱਢਿਆ। ਦੁਨੀਆ ਦੇ ਸਿਰਮੌਰ ਨਾਵਲਕਾਰਾਂ ਵਿਚ ਗਿਣਿਆ ਵੈਂਦਾ ਏ। ਕਹਾਣੀ ਕਲਾ ਵਿੱਚ ਵੀ ਆਪਣੀ ਦੂਜ ਆਪ ਏ।*

ਅੰਦਰ ਦੀ ਆਵਾਜ਼ਾਰੀ ਵੀ ਦੱਸ ਛੱਡੀ। ਮਗਰੋਂ ਪਤਾ ਲੱਗਾ, ਕਿਸੇ ਸੂਬਿਉਂ ਕੋਈ ਔਖਾ ਕੰਮ ਨਬੇੜਨ ਆਇਆ ਹੋਇਆ ਸੀ। ਸੇਠ ਦੇ ਨਾਂ ਸਿਫ਼ਾਰਸ਼ੀ ਚਿੱਠੀ ਵੀ ਹੈ ਸਾਸੂ। ਸੇਠ ਨੇ ਆਦਰ ਕੀਤਾ ਤੇ ਪ੍ਰਹੁਣਾਚਾਰੀ ਵਿਚ ਬਾਲਾਂ ਦੇ ਨਾਚ ਤੇ ਸੱਦ ਲਿਆ।

ਉਹਨੂੰ ਨਾ ਤੇ ਕਿਸੇ ਤਾਸ਼ ਤੇ ਬਹਾਇਆ ਨਾ ਕਿਸੇ ਸਗਾਰ ਅੱਗੇ ਕੀਤੇ। ਅਸਲੋਂ ਕਵਾਇਆ ਵੀ ਨਾ। ਹੋ ਸਕਦਾ ਏ ਪੱਖਾਂ ਤੋਂ ਪਖੇਰੂ ਜਾਣ ਲਿਆ ਹੋਣੈਂ। ਵੇਹਲਾ ਵੇਲਾ ਟਪਾਣ ਲਈ ਆਪਣੀਆਂ ਲੰਮੀਆਂ ਲੰਮੀਆਂ ਕਲਮਾਂ ਥਾਪੜੀ ਜਾ ਰਿਹਾ ਸੀ। ਕਲਮਾਂ ਸੱਚੀਂ-ਮੁੱਚੀਂ ਬੜੀਆਂ ਸੋਹਣੀਆਂ ਸਨ ਪਰ ਜੇੜੇ ਆਹਰ ਨਾਲ਼ ਡੜਿਆ ਹੋਇਆ ਸੀ ਓਥੋਂ ਲੱਗਦਾ ਸੀ ਜਿਵੇਂ ਕਲਮਾਂ ਦੁਨੀਆ ਤੇ ਪਹਿਲਾਂ ਆਈਆਂ ਹੋਣ ਤੇ ਓਹ ਮਗਰੋਂ... ਓਹਨਾਂ ਨੂੰ ਥਾਪੜਨ ਕੀਤੇ।

ਹੋਰ ਇਕ ਨਗ ਜਿਹੜਾ ਮੇਰੇ ਧਿਆਨ ਵਿੱਚ ਆਇਆ, ਵੱਖਰੇ ਈ ਰੰਗ-ਢੰਗ ਸਨ ਓਹਦੇ। ਵਾਹਵਾ ਉੱਘਾ ਬੰਦਾ ਸੀ ਕੋਈ। ਸਾਰੇ ਉਹਨੂੰ ਜੋਲੈਨ ਮੀਸਤਾਕੋਵਿਚ ਆਖਕੇ ਬੁਲਾਂਦੇ ਪਏ ਸਨ। ਪੋਲੀ ਨਜ਼ਰ ਈ ਢੇਰ ਉਚੇਚਾ ਪ੍ਰਾਹੁਣਾ ਜਾਪਦਾ ਸੀ। ਸੇਠ ਨਾਲ ਓਹਦਾ ਸਾਂਗਾ ਓਹੋ ਈ ਸੀ ਜੋ ਸੇਠ ਦਾ ਲੰਮੀਆਂ ਕਲਮਾਂ ਵਾਲ਼ੇ ਨਾਲ਼ ਸੀ। ਸੇਠ ਤੇ ਸੇਠਾਣੀ ਓਹਦੇ ਨਾਲ ਗੱਲਾਂ ਕਰਦੇ ਨਹੀਂ ਸਨ ਪਏ ਥੱਕਦੇ। ਹਰ ਕੋਈ ਵਿਸਰਿਆ ਹੋਇਆ ਸਨ ਨੇਂ। ਜਿਵੇਂ ਕਿਵੇਂ ਓਹਨੂੰ ਜਿੱਤ ਲੈਣਾ ਚਾਂਹਦੇ ਸਨ। ਅੱਗੇ ਪਿੱਛੇ ਫਿਰਦਿਆਂ ਕਈਆਂ ਨੂੰ ਫੜ-ਫੜ ਲਿਆਂਦੇ ਤੇ ਉਹਦੇ ਨਾਲ਼ ਮਿਲਾਂਦੇ ਪਰ ਉਹਨੂੰ ਕਿਸੇ ਕੋਲ਼ ਨਾ ਖੜਦੇ। ਜਦੋਂ ਜੋਲੈਕ ਮੀਸਤਾਕੋਵਿਚ ਨੇ ਓਹਨਾਂ ਨੂੰ ਵਡਿਆਉਂਦਿਆਂ ਆਖਿਆ, ਉਹਨੇ ਐਡੀ ਸੋਹਣੀ ਸ਼ਾਮ ਘੱਟ ਈ ਕਿੱਧਰੇ ਲੰਘਾਈ ਹੋਣੀ ਏ ਤਾਂ ਮੈਂ ਵੇਖਿਆ, ਸੇਠ ਦੀਆਂ ਅੱਖਾਂ ਵਿਚ ਗਲੇਡੂ ਆ ਗਏ। ਮੈਨੂੰ ਖਿਝ ਆਵਣ ਲੱਗ ਪਈ। ਮੈਂ ਕੁਝ ਚਿਰ ਬਾਲਾਂ ਨਾਲ਼ ਮਨ ਪਰਚਾਂਦਾ ਰਿਹਾ, ਪੰਜ ਬੱਚੇ ਤਾਂ ਸੇਠ ਦੇ ਈ ਸਨ... ਵਾਹਵਾ ਪਲ਼ੇ ਹੋਏ ਵੱਡੇ ਵੱਡੇ। ਫੇਰ ਮੈਂ ਸਿਟਿੰਗ ਰੂਮ ਵਿਚ ਚਲਾ ਗਿਆ। ਏਹ ਵੇਹਲਾ ਈ ਸੀ। ਅੱਧੇ ਤੋਂ ਚੋਖੇ ਵਿੱਚ ਕੰਜ਼ਰਵੇਟਰੀ ਬਣੀ ਹੋਈ ਸੀ। ਮੈਂ ਕੱਠੇ ਹੋ ਬੈਠਾ।

ਬਾਲ ਬੜੇ ਮਨਮੋਹਣੇ ਸਨ, ਵੱਡਿਆਂ ਵਾਕਣ ਬਹਿਣ ਤੋਂ ਅਸਲੋਂ ਇਨਕਾਰੀ। ਮਾਵਾਂ ਤੇ ਖਡਾਵੀਆਂ ਬਥੇਰੀ ਵਾਹ ਲਾ ਹਟੀਆਂ ਸਨ। ਓਹ ਪਏ ਤੇ ਪਲਕਾਰੇ ਵਿੱਚ ਕ੍ਰਿਸਮਿਸ ਰੁੱਖ ਨੰਗਾ ਕਰ ਦਿੱਤਾ, ਤੋੜ ਮਠਿਆਈ ਦੇ ਉੱਤਲੇ ਦਾਣੇ ਤਾਈਂ। ਏਸ ਤੋਂ ਪਹਿਲਾਂ ਅੱਧਿਉਂ ਬਾਹਲ਼ੇ ਖਿਡੌਣੇ ਭੱਠੀ ਬੈਠੇ ਸਨ ਬਿਨਾ ਸੋਚਿਆਂ ਬਈ ਕਿਹੜਾ ਕੇਹਦੇ ਸੀ।

ਅੜਬਪੁਣੇ ਨਾਲ ਇਕ ਬਾਲ ਨੂੰ ਲੱਕੜੀ ਦੀ ਬੰਦੂਕ ਸੇਧੀ ਖਲ੍ਹਾ, ਕਾਲ਼ੀਆਂ ਅੱਖਾਂ ਤੇ ਘੁੰਗਰਾਲ਼ੇ ਵਾਲ਼ਾਂ ਵਾਲਾ ਮੁੰਡਾ ਤੇ ਰੱਜ ਕੇ ਸੋਹਣਾ ਸੀ ਪਰ ਜੇਹੜਾ ਬਾਲ ਸਭਨਾਂ ਤੋਂ ਚੋਖਾ ਧਿਆਨ ਪਿਆ ਛਿਕਦਾ ਸੀ ਓਸ ਮੁੰਡੇ ਦੀ ਭੈਣ ਸੀ, ਯਾਰਾਂ ਕੁ ਵਰ੍ਹਿਆਂ ਦੀ ਕਿਊਪਡ ਦੇਵਤੇ ਵਾਕਣ ਪਿਆਰੀ ਬਾਲੜਾ... ਵੱਡੀਆਂ ਵੱਡੀਆਂ ਸੁਪਨ ਭਰਪੂਰ ਅੱਖਾਂ... ਚੁੱਪ-ਚਾਣ, ਖ਼ਿਆਲੀਂ ਗੁੰਮ। ਦੂਜਿਆਂ ਬਾਲਾਂ ਨਾਲ਼ ਕਿਸੇ ਗੱਲੋਂ ਖਿਝੀ ਉਹ ਵੀ ਓਥੇ ਈ ਆ ਗਈ ਮੇਰੇ ਵਾਲ਼ੇ ਕਮਰੇ ਵਿੱਚ ਤੇ ਗੁੱਡੀ ਫੜੀ ਨੁੱਕਰੇ ਵੜ ਕੇ ਬਹਿ ਗਈ।

"ਏਹਦੇ ਪਿਓ ਕੋਲ਼ ਢੇਰ ਪੈਸਾ ਏ।" ਪ੍ਰਾਹੁਣੇ ਠਠੰਬਰਦੇ ਹੋਏ ਇਕ ਦੂਜੇ ਨੂੰ ਦੱਸਦੇ ਪਏ ਸਨ।" ਵਿਆਹ ਤੇ ਏਹਨੂੰ ਦੇਣ ਲਈ ਤਿੰਨ ਲੱਖ ਰੂਬਲ ਪਹਿਲਾਂ ਈ ਬੈਂਕ ਵਿਚ ਧਰ ਦਿੱਤੇ ਹੋਏ ਨੇਂ।" ਮੈਂ ਪਰਤ ਕੇ ਏਹ ਖ਼ਬਰ ਨਸ਼ਰ ਕਰਦੇ ਲੋਕਾਂ ਨੂੰ ਵੇਖਿਆ ਤਾਂ ਜੋਲੈਨ ਮੀਸਤਾਕੋਵਿਚ ਨਾਲ਼ ਮੇਰੀਆਂ ਨਜ਼ਰਾਂ ਚਾਰ ਹੋਈਆਂ। ਉਹ ਪਿਛਾਂਹ ਹੱਥ ਬੰਨ੍ਹੀ ਬੁੱਤ ਬਣਿਆ ਸੁਣਦਾ ਪਿਆ ਸੀ। ਓਹਦੇ ਸਿਰ ਇੱਕ ਪਾਸੇ ਢੱਠਾ ਹੋਇਆ ਸੀ।

ਸੇਠ ਨੇ ਜਿਸ ਸਿਆਣਪ ਨਾਲ਼ ਤੁਹਫ਼ਿਆਂ ਦੀ ਵੰਡ ਕੀਤੀ, ਅੰਦਰੇ ਅੰਦਰ ਓਹਦੀ ਸਲਾਹੁਤਾ ਕਰਦਾ ਰਿਹਾ। ਲੜ ਨਾਲ਼ ਢੇਰ ਰੂਬਲ ਬੰਨ੍ਹੀ ਫਿਰਦੀ ਕਾਕੋ ਨੂੰ ਅੱਤ ਸੋਹਣੀ ਗੁੱਡੀ ਮਿਲ਼ੀ। ਬਾਕੀ ਢੋਹੇ (ਤੁਹਫ਼ੇ) ਮਾਪਿਆਂ ਦੀ ਸਮਾਜੀ ਹੈਸੀਅਤ ਨਾਲ਼ ਤੋਲਵੇਂ ਸਨ। ਅੰਤਲਾ ਤੁਹਫ਼ਾ ਕੁਦਰਤ ਕਹਾਣੀਆਂ ਦੀ ਬਿਨ ਮੂਰਤ ਕਿਤਾਬ ਸੀ ਜੇਹੜੀ ਦਸਾਂ ਵਰ੍ਹਿਆਂ ਦੇ ਰੱਤੇ ਵਾਲ਼ਾਂ ਵਾਲੇ ਇੱਕ ਪਤਲੇ ਪਤੰਗ ਛੋਹਰ ਨੂੰ ਢੈਹੀ। ਇਹ ਬੇਵਾ ਖਡਾਵੀ ਦਾ ਪੁੱਤਰ ਸੀ। ਮਾਰਕੀਨ ਦੀ ਇਕ ਭੈੜੀ ਜੇਹੀ ਜੈਕਟ ਵਿੱਚ ਅਸਲੋਂ ਮਿੱਧਿਆ ਮਧੋਲਿਆ ਨਜ਼ਰਦਾ ਸੀ। ਬੇਚੱਸੀ ਕਿਤਾਬ ਫੜ ਕੇ ਉਹਨੇ ਦੂਜਿਆਂ ਬਾਲਾਂ ਦੇ ਖਿਡੌਣਿਆਂ ਲਾਗੇ ਫੇਰੀ ਲਈ। ਕਦੀਂ ਉਹਨੂੰ ਵੀ ਖੇਡਣ ਗੋਚਰੀ ਕੋਈ ਸ਼ੈ ਮਿਲ਼ ਜਾਂਦੀ! ਆਖਣ ਦੀ ਦਿੜਤਾ ਨਹੀਂ ਸੀ ਉਹਨੂੰ! ਸਮਝ ਲਵੋ, ਆਪਣੀ ਹਸਤੀ ਪਛਾਣਦਾ ਸੀ।

ਬਾਲ ਵੇਖਿਆ ਮੈਂ ਰਾਜ਼ੀ ਹੋਨਾਂ। ਆਪਣਾ ਆਪਾ ਮਨਵਾਣ ਲਈ ਘੁਲ਼ਦੇ ਹੋਵਣ ਤਾਂ ਢੇਰ ਸਵਾਦ ਆਂਵਦਾ ਏ। ਹੋਰਨਾਂ ਬਾਲਾਂ ਦੀਆਂ ਸ਼ੈਵਾਂ ਵਿਚ ਰੱਤੇ ਵਾਲ਼ਾਂ ਜੋਗਾ ਮੋਹ ਸਾਫ਼ ਪਿਆ ਦਿਸਦਾ ਸੀ।

"ਖਿਡੌਣੇ ਥੇਵਰ।" ਵਿੱਚ ਉਚੇਚਾ। ਏਹ ਖੇਡਣ ਲਈ ਓਹ ਜਿਵੇਂ ਲੀਸੀਆਂ ਲਾਵਣ ਤੇ ਆ ਗਿਆ। ਆਪਣਾ ਇਕੱਲਾ ਇਕੱਲਾ ਸਿਉ ਇਕ ਮੋਟੇ ਮੁੰਡੇ ਨੂੰ ਦੇ ਦਿੱਤਿ ਉਸ। ਉਸ ਮੁੰਡੇ ਦੇ ਬੋਝੇ ਅਗਦੋਂ ਈ ਗੋਲ਼ੀਆਂ ਟਾਫ਼ੀਆਂ ਨਾਲ਼ ਤੂੜੇ ਪਏ ਸਨ, ਮੋਢਿਆਂ ਉੱਤੇ ਉਹਨੇ ਦੂਜਿਆਂ ਬਾਲਾਂ ਦੀਆਂ ਢੇਰ ਸ਼ੈਵਾਂ ਚਾਈਆਂ ਹੋਈਆਂ ਸਨ। ਮੁੱਕਦੀ, ਰੱਤੇ ਵਾਲ਼ਾਂ ਵਾਲੇ ਨੂੰ ਥੇਟਰ ਖੇਡਣ ਦੀ ਖੁੱਲ੍ਹ ਦੀ ਗਈ। ਉਹ ਨਿੰਮਾ ਮੁਸ਼ਕੜਾ ਕੇ ਖੇਡ ਵਿੱਚ ਰਲ਼ ਗਿਆ।

ਘੜੀ ਨਾ ਪਈ ਤੇ ਇਕ ਫਿੱਟਿਆ ਹੋਇਆ ਮੁੰਡਾ ਓਹਦੇ ਉੱਤੇ ਢੈ ਪਿਆ ਤੇ ਓਹਨੂੰ ਮੁੱਕੀਂ ਕੱਢ ਡੜ੍ਹਾ। ਓਹ ਛੋਹਦਾ ਅੱਖਰ ਵੀ ਨਾ ਕੇਰ ਸਕਿਆ ਅੱਗੋਂ। ਖਿਡਾਵੀ ਭੱਜੀ ਆਈ ਤੇ ਉਹਨੂੰ ਵੀ ਬਾਲਾਂ ਵਿੱਚ ਵੜਨੋਂ ਹਟਕਣ ਲੱਗ ਪਈ। ਓੜਕ ਉਹ ਵੀ ਉਸੇ ਕਮਰੇ ਵਿੱਚ ਟਿਭ ਆਇਆ ਜਿੱਥੇ ਰੂਬਲਾਂ ਵਾਲ਼ੀ ਨਿੱਕੜੋ ਤੇ ਮੈਂ ਬੈਠੇ ਹੋਏ ਸਾਂ। ਕਾਕੀ ਨੇ ਉਹਨੂੰ ਕੋਲ਼ ਬਿਠਾ ਲਿਆ ਤੇ ਦੋਵੇਂ ਰਲ਼ ਕੇ ਵਡਮੁੱਲੀ ਗੁੱਡੀ ਨੂੰ ਪਟੋਲੇ ਪਵਾਣ ਲੱਗ ਪਏ।

ਅੱਧੇ ਘੰਟੇ ਮਗਰੋਂ ਈ ਮੈਂ ਉਂਘਲਾਣ ਲੱਗ ਪਿਆ। ਕੰਜ਼ਰਵੇਟਰੀ ਦੇ ਅਸਲੋਂ ਲਾਗੇ ਹੋਵਣ ਪਾਰੋਂ ਮੈਨੂੰ ਓਹਨਾਂ ਦੀਆਂ ਗੱਲਾਂ ਸੁਣੀਂਦੀਆਂ ਪਈਆਂ ਸਨ। ਅਚਨਚੇਤ ਜੋਲੈਨ ਮੀਸਤਾਕੋਵਿਚ ਉਥੇ ਆਣ ਵੜਿਆ। ਕੁਝ ਚਿਰ ਪਹਿਲਾਂ ਮੈਂ ਉਹਨੂੰ ਬਾਲੜੀ ਦੇ ਪਿਓ ਨਾਲ਼ ਬੜਾ ਭਿੱਜ ਕੇ ਗੱਲਾਂ ਕਰਦਿਆਂ ਵੇਖੀ ਬੈਠਾ ਸਾਂ। ਕਮਰੇ ਵਿਚ ਆ ਕੇ ਉਹ ਸੋਚੀਂ ਡੁੱਬਿਆ, ਮਿਣ ਮਿਣ ਕਰਦਾ ਪੋਟਿਆਂ ਉੱਤੇ ਕੁਝ ਗਿਣੀ ਆਂਵਦਾ ਸੀ, "ਤਿੰਨ ਸੌ, ਤਿੰਨ ਸੌ, ਯਾਰਾਂ ਬਾਰਾਂ ਤੇਰ੍ਹਾਂ ਸੋਲਾਂ... ਪੰਜਾਂ ਵਰ੍ਹਿਆਂ ਵਿੱਚ। ਸੌ ਮਗਰ ਚਾਰ ਆਖ ਲਓ... ਸੱਠ ਤੇ ਸੱਠਾਂ ਉੱਤੇ... ਸਮਝੋ, ਪੰਜਾਂ ਵਰ੍ਹਿਆਂ ਵਿਚ ਏਹ ਚਾਰ ਸੌ ਹੋ ਜਾਸਣ... ਉਸ ਬੁੱਢੜੇ ਲੂੰਬੜ ਨੇ ਸੌ ਪਿੱਛੇ ਚਾਰ ਤੇ ਨਹੀਂ ਖਲੋਣਾ, ਖ਼ਬਰੇ ਅੱਠ ਯਾ ਫੇਰ ਦਸ ਉੱਤੇ ਮੰਨੇ। ਪੰਜ ਈ ਮੰਨ ਲੈਨੇ ਆਂ... ਘੱਟੋ ਘੱਟ ਪੰਜ ਸੌ ਹਜ਼ਾਰ। ਜੇਬ ਖ਼ਰਚ ਅੱਡ।

ਉਹਨੂੰ ਨੱਕ ਸੁਣਕਦਿਆਂ ਕਮਰਿਉਂ ਬਾਹਰ ਜਾਂਦੇ ਨੂੰ ਕੁੜੀ ਦੀ ਮੁਸ਼ਕ ਆਈ। ਉਥੇ ਈ ਮੀਲ ਪੱਥਰ ਵਾਕਣ ਗੱਡਿਆ ਗਿਆ। ਬੂਟਿਆਂ ਦੇ ਓਹਲੇ ਸਦਕਾ ਮੇਰਾ ਪਤਾ ਨਾ ਲੱਗਿਓਸ। ਕੰਬਣੀ ਜੇਹੀ ਛੇੜੀ ਹੋਈ ਸਾ ਸੂ। ਜਮਾਂ ਤਫ਼ਰੀਕ ਨੇ ਭੜਥੂ ਜੇਹਾ ਪਾਇਆ ਹੋਇਆ ਸੀ। ਹੱਥ ਮਲ਼ਦਾ ਹੋਇਆ ਲੁੱਡੀਆਂ ਨਾ ਪਾਵਣ ਲੱਗ ਪਿਆ। ਇੰਜੇ ਅੰਨ੍ਹੇ-ਵਾਹ ਟੱਪਦਿਆਂ ਭੜਕਦਿਆਂ ਕੁਝ ਸੁਰਤ ਆਈ ਤਾਂ ਆਪਣੀ ਥਾਂ ਟਿਕ ਕੇ ਖਲੋ ਗਿਆ। ਹੋਵਣ ਵਾਲ਼ੀ ਵਹੁਟੀ ਨੂੰ ਮਿਣਵੀਆਂ ਨਜ਼ਰਾਂ

ਨਾਲ਼ ਝਾਕਦਾ ਓਹਦੇ ਵੱਲ ਜਾਣਾ ਚਾਂਹਵਦਾ ਸੀ ਪਰ ਪਹਿਲੋਂ ਸੱਜੇ ਖੱਬੇ ਤੱਕਦਿਆਂ ਤਸੱਲੀ ਕੀਤਿਓਸ ਤੇ ਫੇਰ ਪੱਬਾਂ ਪਰਨੇ ਕੁੜੀ ਵੱਲ ਵਧ ਪਿਆ। ਕੋਲ਼ ਅੱਪੜ ਕੇ ਮੁਸ਼ਕੜੀ ਨਾਲ਼ ਨੀਂਵਦਿਆਂ ਓਹਦਾ ਮੱਥਾ ਚੁੰਮ ਲਿਓਸ। ਕੁੜੀ ਦਾ ਤ੍ਰਾਹ ਨਿਕਲ਼ ਗਿਆ।

"ਪਿਆਰੀ ਬੱਚੜੀ, ਕੀ ਕਰਦੇ ਓ?" ਓਹਨੇ ਕੰਨਸੋ ਕੀਤੀ ਤੇ ਫੇਰ ਆਲ਼-ਦਵਾਲ਼ੇ ਨਿਗਾਹ ਫੇਰਦਿਆਂ ਓਹਦੀ ਗੱਲ੍ਹ ਪੁੱਟ ਲਈ।

"ਖੇਡਦੇ ਪਏ ਆਂ।"

"ਏਹਦੇ ਨਾਲ਼?" ਜੋਲੈਨ ਮੀਸਤਾਕੋਵਿਚ ਨੇ ਖਿਡਾਵੀ ਦੇ ਪੁੱਤਰ ਨੂੰ ਹਰਾਨ ਹੌਂਦਿਆਂ ਵੇਖਿਆ ਤੇ ਆਖਣ ਲੱਗਾ, "ਓਏ ਮੁੰਡੇ, ਓਧਰ ਡਾਈਨਿੰਗ ਰੂਮ ਵਿਚ ਜਾ ਕੇ ਖੇਡ। ਚੱਲ।"

ਮੁੰਡਾ ਚੁੱਪ ਕੀਤੀ ਓਹਨੂੰ ਵੇਖਣ ਲੱਗ ਪਿਆ। ਜੋਲੈਨ ਮੀਸਤਾਕੋਵਿਚ ਉਰਾਂਹ ਤੱਕ ਕੇ ਫੇਰ ਕੁੜੀ ਉੱਤੇ ਨਿਉਂ ਪਿਆ, "ਗੁੱਡੀ ਮਿਲ਼ੀ ਏ, ਮੇਰੀ ਜਾਨ ਨੂੰ?"

"ਜੀ।" ਘਾਬਰਨ ਨਾਲ਼ ਕੁੜੀ ਦੇ ਭਰਵੱਟੇ ਕੱਸੇ ਗਏ।

"ਗੁੱਡੀਆਂ ਭਲਾ ਕਾਹਦੀਆਂ ਬਣਦੀਆਂ ਨੇਂ?"

"ਪਤਾ ਨਹੀਂ।" ਉਸ ਨਿੰਮਾ ਜੇਹਾ ਬੋਲ ਕੇ ਸਿਰ ਨਿਵਾਂ ਲਿਆ।"

"ਪੁਰਾਣੀਆਂ ਲੀਰਾਂ ਦੀਆਂ, ਮੇਰੀ ਜਾਨ। ਉਏ ਮੁੰਡੂ, ਤੈਨੂੰ ਮੈਂ ਆਖਿਆ ਸੀ ਡਾਈਨਿੰਗ ਰੂਮ ਵਿੱਚ ਚਲਾ ਜਾ। ਤੂੰ ਸੁਣਦਾ ਨਹੀਂ?" ਜੈਲੋਨ ਮੀਸਤਾਕੋਵਿਚ ਰੱਤੇ ਵਾਲ਼ਾਂ ਵਾਲ਼ੇ ਨੂੰ ਆਨੇ ਕੱਢਦਾ ਬੋਲਿਆ। ਦੋਵੇਂ ਬਾਲ ਮੱਥੇ ਤੀਵੜੀਆਂ ਪਾਈ ਚੰਬੜ ਗਏ।

"ਪਤਾ ਏ ਤੁਹਾਨੂੰ ਏਹ ਗੁੱਡੀ ਕਿਵੇਂ ਮਿਲ਼ੀ ਏ?" ਜੋਲੈਨ ਮੀਸਤਾਕੋਵਿਚ ਅਸਲੋਂ ਨਿੰਮੀ ਵਾਜ ਵਿੱਚ ਪੁੱਛਿਆ।

"ਨਹੀਂ।"

"ਤੁਸੀਂ ਬੜੇ ਚੰਗੇ ਓ ਨਾ। ਏਸ ਲਈ।" ਮੀਸਤਾਕੇਵਿਚ ਕਾਮ ਵਾਸ਼ਨਾ ਨਾਲ਼ ਭਖ ਗਿਆ। ਓਹਦੀ ਵਾਜ ਹੋਰ ਵੀ ਹੌਲ਼ੀ ਹੋ ਗਈ,

"ਤੁਹਾਡੇ ਅੰਮੀ ਅੱਬਾ ਜੀ ਨੂੰ ਮਿਲਣ ਆਵਾਂ ਤੇ ਤੁਸੀਂ ਮੈਨੂੰ ਪਿਆਰ ਕਰੋਗੇ ਨਾ, ਜਾਨ ਜੀ?"

ਮੀਸਤਾਕੋਵਿਚ ਨੇ ਬਾਲੜੀ ਦੀ ਚੁੰਮੀ ਲੈਣੀ ਚਾਹੀ। ਰੱਤੇ ਵਾਲ਼ਾਂ ਵਾਲ਼ੇ ਮੁੰਡੇ ਨੇ ਉਹਨੂੰ ਤੱਕ ਲਿਆ। ਕਾਕੀ ਰੋਣ ਹਾਕੀ ਹੋਈ ਪਈ ਸੀ।

ਛੋਹਰ ਉਹਦਾ ਹੱਥ ਫੜਕੇ ਫਿੱਸ ਪਿਆ। ਬੰਦੇ ਨੂੰ ਤੇ ਜਿਵੇਂ ਅੱਗ ਲੱਗ ਗਈ, "ਉਏ ਤੂੰ ਜਾਨਾ ਏਂ ਕਿ ਨਹੀਂ ਏਥੋਂ? ਚੱਲ ਫੁੱਟ ਜਾ ਏਥੋ।"

"ਨਹੀਂ ਜਾਵੇਗਾ ਏਹ। ਏਥੇ ਮੇਰੇ ਨਾਲ਼ ਈ ਖੇਡੇਗਾ। ਤੁਸੀਂ ਚਲੇ ਜਾਓ ਏਥੋਂ।" ਬਾਲੜੀ ਉੱਚੀ ਸਾਰੀ ਬੋਲੀ, "ਛੱਡੋ ਏਹਨੂੰ ਛੱਡੋ।" ਉਹ ਹਾਲੀਂ ਵੀ ਰੋਂਦੀ ਪਈ ਸੀ। ਓਹਨੇ ਕੁੜੀ ਦਾ ਹੱਥ ਛੱਡ ਦਿੱਤਾ ਤੇ ਕੰਧ ਨਾਲ਼ ਘਸਰਦਾ ਹੋਇਆ ਡਾਈਨਿੰਗ ਰੂਮ ਵਿੱਚ ਚਲਾ ਗਿਆ।

ਜੋਲੈਨ ਮੀਸਤਾਕੋਵਿਚ ਵੀ ਸਭ ਦੀ ਅੱਖ ਬਚਾ ਕੇ ਡਾਈਨਿੰਗ ਰੂਮ ਨੂੰ ਤਿਲ੍ਹਕ ਗਿਆ। ਉਹ ਸੂਹਾ ਹੋਇਆ ਪਿਆ ਸੀ ਤੇ ਸਾਹਮਣੇ ਹੋਵਣ ਤੋਂ ਭੈੜਾ ਪਿਆ ਪੈਂਦਾ ਸੀ। ਜਿਵੇਂ ਆਪਣੀ ਕਾਹਲ ਤੇ ਬੇਸਬਰੀ ਤੋਂ ਛਿੱਥਾ ਪਈ ਜਾਂਦਾ ਸੀ। ਜਮ੍ਹਾਂ ਤਫ਼ਰੀਕ ਨੇ ਉਹਨੂੰ ਭਾਰੇ-ਗੌਰੇ ਬੰਦੇ ਤੋਂ ਹਾਬੜੇ ਹੋਏ ਮੁੰਡਿਆਂ ਵਾਲ਼ੀ ਥਾਂ ਲਿਆ ਖਲ੍ਹਿਆਰਿਆ ਸੀ। ਹਾਲਾਂ ਪੰਜ ਵਰ੍ਹਿਆਂ ਤਾਈਂ ਕੁਝ ਨਹੀਂ ਸੀ ਹੋ

ਸਕਦਾ। ਮੈਂ ਵੀ ਆਪਣੀ ਥਾਂ ਛੱਡ ਕੇ ਮੀਸਤਾਕੋਵਿਚ ਦੇ ਮਗਰ ਈ ਡਾਈਨਿੰਗ ਰੂਮ ਵਿੱਚ ਜਾ ਅੱਪੜਿਆ। ਏਥੇ ਇਕ ਅਚਰਜ ਈ ਨਾਟਕ ਹੋਇਆ।

ਉਹ ਰੱਤੇ ਵਾਲ਼ਾਂ ਵਾਲ਼ੇ ਮੁੰਡੇ ਨੂੰ ਕਚੀਚੀਆਂ ਵੱਟਦਾ ਘੂਰੀਆਂ ਪਾਵਣ ਲੱਗ ਪਿਆ। ਮੁੰਡਾ ਪਿਛਾਂਹ ਹਟਦਾ-ਹਟਦਾ ਅਸਲੋਂ ਈ ਇਕ ਖੂੰਜੇ ਵਿੱਚ ਜਾ ਲੱਗਾ।

"ਭੱਜ ਜਾ, ਏਥੇ ਤੇਰਾ ਕੀ ਕੰਮ ਏ? ਜਾ ਦਫ਼ਾ ਹੋ ਜਾ। ਉਏ ਫਲ਼ ਚੋਰੀ ਕਰਨਾ ਏਂ! ਉੱਥੇ ਈ ਟੁਰ ਜਾ ਜਿੱਥੋਂ ਦਾ ਹੈਂ ਵੇਂ।"

ਛੋਹਰ ਨੂੰ ਬਚਣ ਦਾ ਕੋਈ ਰਾਹ ਨਾ ਦਿਸਿਆ ਤਾਂ ਉਹ ਮੇਜ਼ ਥੱਲੇ ਵੜ ਗਿਆ। ਮੀਸਤਾਕੋਵਿਚ ਨੇ ਭਾਂਬੜ ਵਾਕਣ ਭੜਕਦਿਆਂ ਵੱਡਾ ਸਾਰਾ ਲਿਲਨ ਦਾ ਰੁਮਾਲ ਕੱਢਿਆ ਤੇ ਮਾਰ ਮਾਰ ਕੇ ਮੁੰਡੇ ਨੂੰ ਮੇਜ਼ ਹੇਠੋਂ ਕੱਢਣ ਲੱਗ ਪਿਆ। ਮੈਂ ਤੁਹਾਨੂੰ ਮੀਸਤਾਕੋਵਿਚ ਦਾ ਡੀਲ-ਡੌਲ ਵੀ ਦੱਸ ਛੱਡਾਂ ਏਥੇ। ਉਹ ਫੁੱਲੀਆਂ ਗੱਲ੍ਹਾਂ ਵਾਲ਼ਾ ਇਕ ਧੱਧ ਈ ਧੱਧ ਸੀ। ਭੜੋਲੇ ਜੇਡਾ ਢਿੱਡ ਤੇ ਗਿੱਟੇ ਜਿਵੇਂ ਮੋਟੀਆਂ ਮੋਟੀਆਂ ਡਿੱਬਰੀਆਂ ਹੋਵਣ। ਰੱਤੇ ਵਾਲ਼ਾਂ ਵਾਲੇ ਮੁੰਡੇ ਦੇ ਖੈਹੜੇ ਪਿਆ ਉਹ ਮੁੜ੍ਹਕੋ-ਮੁੜ੍ਹਕੀ ਹੋ ਕੇ ਹੱਸਣ ਲੱਗ ਪਿਆ। ਬਾਲ ਨਾਲ਼ ਕਰੈਹਤ ਆਖ ਲਓ ਜਾਂ ਸ਼ਰੀਕਾ ਕਿ ਉਹਦੀਆਂ ਹਰਕਤਾਂ ਸ਼ੁਦਾਈਆਂ ਵਾਲ਼ੀਆਂ ਹੋ ਗਈਆਂ ਸਨ।

ਮੈਂ ਠੱਠਾ ਮਾਰ ਕੇ ਹੱਸ ਪਿਆ। ਮੀਸਤਾਕੋਵਿਚ ਨੇ ਪਰਤ ਕੇ ਮੇਰੇ ਵੱਲ ਵੇਖਿਆ। ਉਹਦੀ ਅਸਲੋਂ ਹੋਸ਼ ਵੱਜੀ ਪਈ ਸੀ। ਉਹਨੂੰ ਆਪਣਾ ਉੱਚੇਚਾ ਪ੍ਰਾਹੁਣਾ ਹੋਵਣ ਵੀ ਚੇਤੇ ਨਹੀਂ ਸੀ ਰਹਿ ਗਿਆ ਹੋਇਆ। ਏਨੇ ਵਿਚ ਸਾਹਮਣਲੇ ਬੂਹਿਉਂ ਸਾਡੇ ਮਿਜਮਾਨ ਆਣ ਵਖਾਲ਼ੀ ਦਿੱਤੀ। ਮੁੰਡਾ ਮੇਜ਼ ਥੱਲਿਉਂ ਨਿੱਕਲ਼ ਕੇ ਅਰਕਾਂ ਗੋਡੇ ਝਾੜਨ ਲੱਗ ਪਿਆ ਸੀ। ਜੋਲੈਨ ਮੀਸਤਾਕੋਵਿਚ ਛੇਤੀ ਨਾਲ਼ ਰੁਮਾਲ ਨੱਕ ਉੱਤੇ ਧਰ ਲਿਆ। ਸੇਠ ਕੁਝ ਵਸਵਾਸੀਆਂ ਨਜ਼ਰਾਂ ਨਾਲ਼ ਸਾਨੂੰ ਤੱਕਿਆ ਤੇ ਫੇਰ ਪੱਕਾ ਜੇਹਾ ਹੋ ਕੇ ਜੋਲੈਨ ਨਾਲ ਗੱਲਾਂ ਕਰਨ ਲੱਗ ਪਿਆ,

"ਏਸ ਮੁੰਡੇ ਦਾ ਮੈਂ ਤੁਹਾਨੂੰ ਆਖਿਆ ਸੀ।" ਉਸ ਰੱਤੇ ਵਾਲ਼ਾਂ ਵਾਲ਼ੇ ਵੱਲ ਇਸ਼ਾਰਾ ਕੀਤਾ, "ਬੜਾ ਮਾਣ ਸੀ ਮੈਨੂੰ।"

ਜੋਲੈਨ ਮੀਸਤਾਕੋਵਿਚ ਅਜੇ ਤਾਈਂ ਸੰਭਲ਼ਿਆ ਨਹੀਂ ਸੀ। "ਏਹ ਸਾਡੀ ਖਿਡਾਵੀ ਦਾ ਪੁੱਤਰ ਏ। ਬੜੀ ਗ਼ਰੀਬ ਏ, ਬਹੁੰ ਭਲੇਮਾਣਸ ਅਹਿਲਕਾਰ ਦੀ ਬੇਵਾ। ਹੋ ਸਕੇ ਤਾਂ ਤੁਸੀਂ...।"

"ਨਹੀਂ ਨਹੀਂ। ਏਹ ਨਹੀਂ ਹੋ ਸਕਦਾ।" ਜੋਲੈਨ ਮੀਸਤਾਕੋਵਿਚ ਉੱਚੀ-ਉੱਚੀ ਬੋਲਣ ਲੱਗ ਪਿਆ, "ਫ਼ਿਲਿਪ ਅਲੈਕਸੇਵਿਚ ਮੁਆਫ਼ ਕਰਨਾ, ਏਹ ਨਹੀਂ ਕਰ ਸਕਦਾ। ਕੋਈ ਥਾਂ ਵੇਹਲੀ ਨਹੀਂ, ਮੈਂ ਪਤਾ ਕਰਵਾਇਆ ਸੀ। ਦਸ ਅਰਜ਼ੀਆਂ ਆਈਆਂ ਪਈਆਂ ਨੇ ਪਹਿਲੋਂ ਈ। ਮੁਆਫ਼ ਕਰਿਆ ਜੇ।"

" ਏਹ ਤੇ ਚੰਗਾ ਨਹੀਂ ਹੋਇਆ।" ਸਾਡਾ ਮਿਜਮਾਨ ਬੋਲਿਆ, "ਬੜਾ ਬੀਬਾ ਤੇ ਸਾਊ ਬੱਚਾ ਏ ਏਹ।"

"ਏਹ?! ਮੈਂ ਆਹਨਾਂ ਬੜਾ ਬਦਮਾਸ਼ ਏ।" ਜੋਲੈਨ ਮੀਸਤਾਕੋਵਿਚ ਮੂੰਹ ਵਗਾੜਦਾ ਆਖਣ ਲੱਗਾ, "ਚੱਲ ਫੁੱਟ ਕਾਕਾ, ਅਜੇ ਏਥੇ ਈ ਏਂ। ਉਥੇ ਬਾਲਾਂ ਵਿਚ ਖੇਡ ਜਾ ਕੇ।"

ਉਹ ਮੈਨੂੰ ਤੱਕਣੋ ਰਹਿ ਨਾ ਸਕਿਆ ਤੇ ਮੈਂ ਵੀ। ਮੈਂ ਫੇਰ ਹੱਸ ਪਿਆ। ਉਹ ਪਰਾਂਹ ਜਾ ਕੇ ਸੇਠ ਨੂੰ ਮੇਰਾ ਪੁੱਛਣ ਲੱਗ ਪਿਆ ਜੋ ਏਹ ਰੇਲੂ-ਕੱਟਾ ਕਿੱਥੋਂ ਆ ਵੜਿਆ ਏ? ਸੇਠ ਨੇ ਜਵਾਬ ਵਿਚ ਕੁਝ ਆਖਿਆ ਤੇ ਦੋਵੇਂ ਉਥੋਂ ਟੁਰ ਗਏ।

ਹਾਸੇ ਨਾਲ਼ ਮੈਨੂੰ ਵਲ਼ ਜੇਹਾ ਪੈ ਗਿਆ ਜਿਵੇਂ। ਮੈਂ ਵੀ ਡਰਾਇੰਗ ਰੂਮ ਵਿੱਚ ਚਲਾ ਗਿਆ। ਉਥੇ ਉਹਦੇ ਦਵਾਲ਼ੇ ਲੋਕਾਂ ਦਾ ਮਜਮਾ ਲੱਗਾ ਹੋਇਆ ਸੀ। ਉਹ ਬੜੇ ਆਦਰ ਭਾ ਨਾਲ਼ ਇਕ ਬੇਗਮ ਸਾਹਿਬਾ ਨਾਲ਼ ਗੱਲੀਂ ਜੁੱਟਿਆ ਹੋਇਆ ਸੀ। ਏਹਦੇ ਨਾਲ ਉਹ ਹੁਣੇ ਹੁਣੇ ਈ ਮਿਲ਼ਿਆ ਸੀ। ਬੇਗਮ ਉਸੇ ਬਾਲੜੀ ਦਾ ਹੱਥ ਫੜੀ ਖਲੋਤੀ ਸੀ ਤੇ ਮੀਸਤਾਕੋਵਿਚ ਉਹਦੀਆਂ ਤਾਰੀਫ਼ਾਂ ਦੇ ਪੁਲ਼ ਬੱਧੀ ਆਂਵਦਾ ਸੀ। ਸਾਫ਼ ਸਮਝ ਆਂਵਦੀ ਸੀ ਬਈ ਕੁੜੀ ਦੀ ਮਾਂ ਨੂੰ ਭਰਮਾਂਵਦਾ ਪਿਆ ਸੀ। ਬੇਗਮ ਦੀਆਂ ਅੱਖਾਂ ਉਹਦੇ ਮੂੰਹੋਂ ਆਪਣੀ ਬਾਲੜੀ ਦੀਆਂ ਵਡਿਆਈਆਂ ਸੁਣ ਕੇ ਅੱਥਰੂਆਂ ਨਾਲ਼ ਭਰੀਆਂ ਹੋਈਆਂ ਸਨ। ਪਿਓ ਦੇ ਵੱਖਰੇ ਭੋਇੰ ਉੱਤੇ ਪੈਰ ਨਹੀਂ ਸਨ ਪਏ ਲੱਗਦੇ।

ਖ਼ੁਸ਼ੀ ਛੂਤ ਦੇ ਰੋਗ ਵਾਕਣ ਹਰ ਇਕ ਨੂੰ ਚੰਬੜੀ ਹੋਈ ਸੀ। ਹੋਰ ਤੇ ਹੋਰ ਬਾਲਾਂ ਵੀ ਖੇਡਣਾ ਛੱਡ ਦਿੱਤਾ ਸੀ ਬਈ ਰੌਲ਼ਾ ਨਾ ਪਵੇ। ਕੁੜੀ ਦੀ ਮਾਂ ਡੂੰਘੇ ਆਦਰ ਨਾਲ਼ ਜੈਲੋਨ ਮੀਸਤਾਕੋਵਿਚ ਨੂੰ ਆਪਣੇ ਘਰ ਆਵਣ ਦਾ ਸੱਦਾ ਪਈ ਦੇਂਦੀ ਸੀ। ਓਹਨੇ ਅੱਗੋਂ ਖ਼ੁਸ਼ੀ ਨਾਲ ਏਹ ਸੱਦਾ ਪਰਵਾਨ ਕਰ ਲਿਆ। ਫੇਰ ਸਾਰੇ ਲੋਕ ਕਮਰੇ ਵਿੱਚ ਖਿੱਲਰ ਗਏ। ਹਰ ਕੋਈ ਜੋਲੈਨ ਮੀਸਤਾਕੋਵਿਚ ਦੀਆਂ ਵਡਿਆਈਆਂ ਪਿਆ ਕਰਦਾ ਸੀ, ਕੁੜੀ ਦੇ ਮਾਪੇ ਸੇਠ ਤੇ ਸੇਠਾਣੀ।

"ਏਹ ਵਿਆਹਿਆ ਹੋਇਆ ਏ?" ਮੈਂ ਉਹਦੇ ਅਸਲੋਂ ਨਾਲ਼ ਖਲੋਤੇ ਇਕ ਵਾਕਫ਼ ਤੋਂ ਪੁੱਛਿਆ। ਜੋਲੈਨ ਨੇ ਗੁੱਸੇ ਨਾਲ਼ ਮੈਨੂੰ ਤੱਕਿਆ।

"ਨਹੀਂ।" ਵਾਕਫ਼ਕਾਰ ਨੂੰ ਮੇਰੀ ਬਦਤਮੀਜ਼ੀ ਵਾਹਵਾ ਦੁਖਾਈ ਸੀ।

ਅਗਲੇ ਦਿਹਾੜੇ ਮੇਰਾ ਇਕ ਗਿਰਜੇ ਸਾਹਮਣਿਉਂ ਲੰਘਣ ਹੋਇਆ। ਕੋਈ ਵਿਆਹ ਸੀ। ਬੜੇ ਲੋਕ ਜੁੜੇ ਖਲ੍ਹੋ ਸਨ! ਬੜਾ ਖ਼ਰਾਬਤ ਵਾਲ਼ਾ ਦਿਹਾੜ ਸੀ। ਕਿਣ-ਮਿਣ ਲੱਗੀ ਹੋਈ ਸੀ। ਮੈਂ ਲੋਕਾਂ ਵਿਚੋਂ ਹੋਂਦਾ ਹੋਂਦਾ ਗਿਰਜੇ ਵਿੱਚ ਚਲਾ ਗਿਆ। ਲਾੜਾ ਚੰਗਾ ਚੋਖਾ ਮੋਟਾ ਢਿੱਡਲ਼ ਬੰਦਾ ਸੀ। ਪਸ਼ਾਕ ਜੇਹੀ ਵਿੱਚ ਲਿਪਟਿਆ ਕੱਜਿਆ ਉਹ ਹੁਕਮ ਚਾੜ੍ਹਦਾ ਤੇ ਸ਼ੈਵਾਂ ਸੋਧਦਾ ਨੱਸਦਾ ਭੱਜਦਾ ਪਿਆ ਸੀ। ਏਨੇ ਵਿੱਚ ਕਿਸੇ ਨੇ ਵੌਹਟੀ ਦੇ ਆਵਣ ਦੀ ਦੱਸ ਪਾਈ। ਲੋਕੀਂ ਉਸ ਪਾਸੇ ਉੱਲਰ ਪਏ।

ਮੈਂ ਵੀ ਵਿੱਚੋ-ਵਿੱਚ ਥਾਂ ਬਣਾਵੰਦਾ ਓਥੇ ਅੱਪੜ ਪਿਆ। ਅੰਤਾਂ ਦੀ ਸੋਹਣੀ ਕੁੜੀ ਸੀ। ਉਮਰ ਪਹਿਲਾ ਚੇਤਰ ਆਪਣੇ ਪੌਂਦ ਦੇਹਾੜਿਆਂ ਉੱਤੇ ਸੀ। ਮੈਨੂੰ ਓਹਦੀਆਂ ਅੱਖਾਂ ਰੁੰਨੀਆਂ-ਰੁੰਨੀਆਂ ਜਾਪੀਆਂ। ਮੂੰਹ ਉੱਤੇ ਪਈਆਂ ਤਣੀਣਾਂ ਵਿੱਚੋਂ ਅਜਬ ਸੁਹੱਪਣ ਤੇ ਗੰਭੀਰ ਪਈ ਫੁਟਦੀ ਸੀ, ਪਰ ਮਾਸੂਮੀ ਦੇ ਆਪਣੇ ਝਲਕਾਰੇ ਸਨ ਜੇਹੜੇ ਲੁਕਾਇਆਂ ਨਹੀਂ ਸਨ ਲੁਕਦੇ। ਉਹਦੇ ਨੈਣ ਨਕਸ਼ਾਂ ਵਿੱਚੋਂ ਕੋਈ ਅਜੇਹਾ ਸਜਰੱਪ ਸਿਮਦਾ ਪਿਆ ਸੀ ਜੇਹੜਾ ਬਿਆਨੋਂ ਬਾਹਰ ਸੀ। ਮੈਨੂੰ ਲੱਗਾ ਜਿਵੇਂ ਉਹਦੀ ਤੱਕਣੀ ਵਿੱਚ ਰਹਿਮ ਦੀ ਅਪੀਲ ਛੁਪੀ ਹੋਵੇ।

ਓਹਨਾਂ ਦੱਸਿਆ, ਓਹ ਅਸਲੋਂ ਸੋਲਾਂ ਵਰ੍ਹਿਆਂ ਦੀ ਸੀ। ਮੈਂ ਲਾੜੇ ਨੂੰ ਧਿਆਨ ਨਾਲ਼ ਵੇਖਿਆ ਤੇ ਸਿਆਣ ਲਿਆ... ਓਹ ਜੋਲੈਨ ਮੀਸਤਾਕੋਵਿਚ ਈ ਸੀ। ਪੰਜ ਵਰ੍ਹਿਆਂ ਮਗਰੋਂ ਮੈਂ ਅੱਜ ਪਿਆ ਵੇਖਦਾ ਸਾਂ ਉਹਨੂੰ। ਹੁਣ ਜਦੋਂ ਮੈਂ ਵੌਹਟੀ ਨੂੰ ਤੱਕਿਆ ਤੇ ਮੇਰੇ ਮੂੰਹੋਂ ਹਉਕਾ ਨਿਕਲ਼ ਗਿਆ। ਮੈਥੋਂ ਜਿੰਨੀ ਛੇਤੀ ਹੋ ਸਕਿਆ ਮੈਂ ਭੱਜ ਕੇ ਗਿਰਜਿਉਂ ਬੰਨੇ ਨਿਕਲ਼ ਗਿਆ। ਸਾਰਾ ਮਜਮਾ ਭਿਣ-ਭਿਣ ਕਰਦਾ ਵੌਹਟੀ ਨੂੰ ਮਿਲਣ ਵਾਲ਼ੇ ਪੰਜ ਸੌ ਹਜ਼ਾਰ ਰੂਬਲਾਂ ਤੇ ਜੇਬ ਖ਼ਰਚ ਦੀਆਂ ਗੱਲਾਂ ਈ ਪਿਆ ਕਰਦਾ ਸੀ।

"ਉਹ ਜਮ੍ਹਾਂ ਤਫ਼ਰੀਕ ਠੀਕ ਈ ਨਿਕਲ਼ੀ ਓੜਕ।" ਲੋਕਾਂ ਨਾਲ਼ ਖੈਂਹਦਿਆਂ ਵੱਜਦਿਆਂ ਮੈਂ ਏਹੋ ਸੋਚਦਾ ਗਲ਼ੀ ਵਿਚ ਆਣ ਖਲੋਇਆ। (**ਸੰਪਰਕ ਲਿੱਪੀਅੰਤਰ: 89683-43252**)

ਕਹਾਣੀ

# ਨਾ ਖਿਜ਼ਰ ਨਾ ਖਵਾਜ਼ਾ

**ਸੁਰਿੰਦਰ ਨੀਰ**



ਮੇਰੀ ਮਾਂ ਨੂੰ ਮੇਰੀਆਂ ਸਹੇਲੀਆਂ ਤੋਂ ਚਿੜ ਸੀ ਤੇ ਮੈਨੂੰ ਮੇਰੀ ਮਾਂ ਤੋਂ। ਜਦੋਂ ਵੀ ਮੇਰੀਆਂ ਸਹੇਲੀਆਂ ਜਮੀਲਾ ਤੇ ਅੰਜੂ ਮੇਰੇ ਘਰ ਆਂਦੀਆਂ ਬਸ ਕਲੇਸ਼ ਹੀ ਪੈ ਜਾਂਦਾ।

"ਇਕ ਤਾਂ ਮੁਸਲਮਾਨੀ ਤੇ ਦੂਜੀ ਕ੍ਰਿਸਚੀਅਨ। ਕੋਈ ਪੁੱਛੇ ਖਾਂ ਭਲਾ ਤੂੰ ਰਾਜਪੂਤਾਂ ਦੀ ਇਕ ਉੱਚ ਘਰਾਣੇ ਨਾਲ ਸੰਬੰਧ ਰੱਖਣ ਵਾਲੀ, ਕੀ ਤੈਨੂੰ ਆਪਣੀ ਜਾਤ ਬਰਾਦਰੀ ਵਿੱਚੋਂ ਕੋਈ ਚੱਜ ਦੀ ਕੁੜੀ ਨਹੀਂ ਲੱਭਦੀ ਦੋਸਤੀਆਂ ਵਧਾਣ ਲਈ? ਲੈ ਆਉਂਦੀ ਹੈ ਇਹ...ਪਤਾ ਨਹੀਂ ਕਿੱਥੋਂ-ਕਿੱਥੋਂ ਚੁੱਕ ਕੇ।'

ਮਾਂ ਬੁੜ-ਬੁੜ ਕਰਦੀ ਇਹ ਵੀ ਨਾ ਸੋਚਦੀ ਕਿ ਨਾਲ ਦੇ ਕਮਰੇ ਵਿਚ ਸਾਹ ਰੋਕ ਕੇ ਬੈਠੀਆਂ ਮੇਰੀਆਂ ਸਹੇਲੀਆਂ ਇਹ ਸਭ ਸੁਣ ਰਹੀਆਂ ਹੁੰਦੀਆਂ ਸਨ। ਮੈਂ ਮਾਂ ਨੂੰ ਰੋਕਣ ਲਈ ਜਦ ਕਮਰੇ 'ਚੋਂ ਬਾਹਰ ਆ ਕੇ ਆਖਦੀ -

"ਮਾਂ ਕੁਝ ਤਾਂ ਸੋਚ, ਉਹ ਅੰਦਰ ਸਭ ਸੁਣ ਰਹੀਆਂ ਹਨ।" ਤਾਂ ਮਾਂ ਹੋਰ ਵੀ ਖਿੱਝ ਕੇ ਸੁਣਾ ਦੇਂਦੀ-

"ਹੂੰਹ...ਉਨ੍ਹਾਂ ਦਾ ਕੀ ਹੈ? ਨਾ ਖਿਜ਼ਰ ਨਾ ਖਵਾਜਾ" ਆਖ ਕੇ ਉਹ ਰਸੋਈ ਵੱਲ ਤਾਂ ਚਲੀ ਜਾਂਦੀ ਪਰ ਉਸ ਦਾ ਹਮੇਸ਼ਾ ਦਾ ਇਹ ਡਾਇਲਾਗ ਅਸਾਂ ਤਿੰਨਾਂ ਨੂੰ ਉਸ ਸਥਿਤੀ ਵਿਚ ਵੀ ਹਸਾ ਦੇਂਦਾ।

ਇਹ 'ਨਾ ਖਿਜ਼ਰ ਨਾ ਖਵਾਜਾ' ਵਾਲੀ ਕਹਾਵਤ ਖ਼ਾਸ ਤੌਰ 'ਤੇ ਜਮੀਲਾ ਲਈ ਵਰਤੀ ਜਾਂਦੀ ਕਿਉਂਕਿ ਉਸਨੇ ਆਪਣੇ ਬਚਪਨ ਦੇ ਮੰਗੇਤਰ ਆਪਣੇ ਚਾਚੇ ਦੇ ਪੁੱਤਰ ਸਲੀਮ ਨਾਲ ਵਿਆਹ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਤੇ ਮਾਂ ਲਈ ਇਹ ਨਾ ਕਾਬਲਿ-ਮਾਫ਼ੀ ਗੁਨਾਹ ਸੀ। ਜਮੀਲਾ ਮੇਰੀ ਮਾਂ ਦੇ ਤਾਅਨਿਆਂ ਨੂੰ ਸੁਣ ਕੇ ਉਦਾਸ ਹੋ ਕੇ ਆਖਦੀ—

"ਅੜੀਏ ਨਾ ਉਹ ਮਰਦੂਦ ਬਚਪਨ ਤੋਂ ਮਰੇ ਸੱਪ ਵਾਂਗ ਮੇਰੇ ਖਾਨਦਾਨ ਵਾਲਿਆਂ ਨੇ ਮੇਰੇ ਗਲ ਵਿਚ ਲਟਕਾਇਆ ਹੁੰਦਾ ਤੇ ਨਾ ਮੈਨੂੰ ਮੂੰਹ ਫਾੜ ਕੇ ਉਸ ਨਾਲ ਵਿਆਹ ਕਰਨੋਂ ਇਨਕਾਰੀ ਹੋਣਾ ਪੈਂਦਾ। ਹੁਣ ਆਂਟੀ ਵਾਂਗ ਮੈਂ ਆਪਣੀ ਅੰਮੀ, ਚਾਚੀ, ਦਾਦੀ, ਭੂਆ, ਭਤੀਜੀਆਂ, ਭੈਣਾਂ ਨੂੰ ਕਿਵੇਂ ਸਮਝਾ ਸਕਦੀ ਹਾਂ ਕਿ ਮੈਂ ਸਲੀਮ ਨਾਲ ਤਾਂ ਕੀ ਸਲੀਮ ਵਰਗੇ ਕਿਸੇ ਵੀ ਮੁੰਡੇ ਨਾਲ ਵਿਆਹ ਕਰ ਹੀ ਨਹੀਂ ਸਕਦੀ।" ਉਸ ਦੀਆਂ ਅੱਖਾਂ ਭਰ ਗਈਆਂ ਤਾਂ ਮੈਂ ਤੇ ਅੰਜੂ ਨੇ ਉਸ ਦਾ ਮੂਡ ਬਦਲਣ ਲਈ ਉਸ ਨੂੰ ਹੋਰ ਗੱਲਾਂ ਵੱਲ ਲਗਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਅੱਖਾਂ ਪੂੰਝਦੀ ਉੱਠ ਖੜ੍ਹੀ ਹੋਈ।

"ਬਸ ਅੜੀਓ। ਮੈਂ ਚਲਦੀ ਹਾਂ। ਘਰੇ ਵੀ ਤਾਂ ਇਹੀ ਸਭ ਸੁਣਨਾ ਹੈ। ਸੋ ਕੀ ਫਰਕ ਪੈਂਦਾ, ਉੱਥੇ, ਇੱਥੇ ਜਾਂ ਹੋਰ ਕਿਤੇ।" ਉਹ ਆਪਣਾ ਬੈਗ ਚੁੱਕ ਤੁਰ ਪਈ। ਮੇਰੀ ਵੀ ਹਿੰਮਤ ਨਾ ਪਈ

ਉਸਨੂੰ ਰੋਕਣ ਦੀ। ਅੰਜੂ ਵੀ ਉਸਦੇ ਨਾਲ ਹੀ ਚਲੀ ਗਈ। ਪਿੱਛੇ ਰਹਿ ਗਈ ਮੈਂ। ਉਸ ਖਾਲੀ ਕਮਰੇ ਦੀਆਂ ਦੀਵਾਰਾਂ ਤੋਂ ਆਪਣੇ ਵਜੂਦ ਦੇ ਤਿੜਕੇ ਅਕਸ ਭਾਲਦੀ। ਆਖਰ ਮਾਂ ਹਰ ਵੇਲੇ ਮੇਰੇ ਨਾਲ ਏਨੇ ਗੁੱਸੇ ਵਿੱਚ ਕਿਉਂ ਰਹਿੰਦੀ ਹੈ। ਇਸ ਸੁਆਲ ਦਾ ਜੁਆਬ ਮੈਂ ਉਦੋਂ ਤੋਂ ਲੱਭਣਾ ਸ਼ੁਰੂ ਕਰ ਦਿੱਤਾ ਸੀ ਜਦੋਂ ਹੋਸ਼ ਸੰਭਾਲਿਆ ਸੀ। ਹਾਲਾਂਕਿ ਮੈਂ ਆਪਣੇ ਮਾਪਿਆਂ ਦੀ ਇਕਲੌਤੀ ਔਲਾਦ ਹਾਂ ਤੇ ਮੈਂ ਸੁਣਿਆ ਸੀ ਕਿ ਇਕਲੌਤੀ ਔਲਾਦ ਮਾਂ-ਬਾਪ ਦੀਆਂ ਅੱਖੀਆਂ ਦੀ ਜੋਤ ਹੁੰਦੀ ਹੈ। ਪਰ ਇਥੇ ਕਹਾਣੀ ਹੀ ਉਲਟ ਸੀ। ਮਾਂ ਨੂੰ ਮੇਰੇ ਨਾਲ ਹੀ ਨਹੀਂ ਸਗੋਂ ਆਪਣੇ ਆਪ ਨਾਲ ਵੀ ਜਿਵੇਂ ਨਫ਼ਰਤ ਸੀ ਤੇ ਪਾਪਾ ਨਾਲ? ਪਾਪਾ ਤਾਂ ਖੈਰ ਇਨ੍ਹਾਂ ਫਿਕਰਾਂ ਤੋਂ ਬਹੁਤ ਦੂਰ ਆਪਣੀ ਹੀ ਫਿਕਰਾਂ ਵਾਲੀ ਜ਼ਿੰਦਗੀ ਵਿਚ ਮਸਤ ਸਨ ਜਿਥੇ ਸ਼ਰਾਬ ਸੀ, ਸ਼ਿਕਾਰ ਸੀ, ਮੌਜ ਸੀ ਤੇ ਦੋਹਾਂ ਹੱਥਾਂ ਨਾਲ ਲੁਟਾਈ ਖਾਨਦਾਨੀ ਦੌਲਤ ਦੇ ਬਾਅਦ ਹੁਣ ਫੋਕੀ ਰਾਜਪੂਤਾਨਾ ਸ਼ਾਨ ਦੀ ਅੱਧੋਰਾਣੀ ਜਹੀ ਚਾਦਰ ਸੀ। ਬਸ ਉਹੀ ਚਾਦਰ ਓੜ ਪਾਪਾ ਹਰ ਤਰ੍ਹਾਂ ਦੇ ਨਸ਼ਿਆਂ ਵਿਚ ਗਲਤਾਨ ਨਸ਼ੀਲੀ ਨੀਂਦਰ ਵਿਚ ਸੌਂਦਿਆਂ ਤਾਂ ਕੀ ਜਾਗਦਿਆਂ ਹੀ ਘੁਰਾੜੇ ਮਾਰਦੇ ਰਹਿੰਦੇ ਸਨ।

"ਸਾਡਾ ਖਾਨਦਾਨ ਰਜਵਾੜਿਆਂ ਨਾਲ ਸੰਬੰਧ ਰੱਖਦਾ ਸੀ। ਮੇਰੀ ਮਾਂ ਨੇ ਮੈਨੂੰ ਸੋਨੇ ਦੀਆਂ ਤਾਰਾਂ ਨਾਲ ਕਢਾਈ ਕੱਢੀ ਹੋਈ ਜਾਮਾਵਾਰ ਸ਼ਾਲ ਮੇਰੇ ਵਿਆਹ ਵਿਚ ਦਿੱਤੀ ਸੀ ਤੇ ਦਾਜ ਵਿੱਚ ਸੋਨੇ ਦੀ ਥਾਲੀ, ਸੋਨੇ ਦੀ ਕਟੋਰੀ, ਤੇ ਇਕ ਚਮਚ ਦਿੱਤਾ ਸੀ। ਚਾਂਦੀ ਦੇ ਭਾਂਡਿਆਂ ਦਾ ਤਾਂ ਪੂਰਾ ਸੈੱਟ ਸੀ। ਸੁੱਚੇ ਮੋਤੀਆਂ ਦੇ ਹਾਰ ਤੇ ਸੇਰ ਭਰ ਸੋਨੇ ਦੇ ਗਹਿਣੇ।" ਦਾਦੀ ਆਪਣੇ ਖਾਨਦਾਨੀ ਵੱਕਾਰ ਦੀਆਂ ਗੱਲਾਂ ਕਰਦੀ ਤਾਂ ਉਸਦੀਆਂ ਅੱਖਾਂ ਵਿੱਚ ਹੀ ਨਹੀਂ ਸਗੋਂ ਚਿਹਰੇ ਦੀਆਂ ਝੁਰੜੀਆਂ ਵਿਚੋਂ ਵੀ ਸੋਨੇ ਅਤੇ ਚਾਂਦੀ ਦੀਆਂ ਤਾਰਾਂ ਲਿਸ਼ਕਾਂ ਮਾਰਦੀਆਂ ਦਿਸਦੀਆਂ। ਪਰ ਮਾਂ ਨੂੰ ਦਾਦੀ ਦੀਆਂ ਇਨ੍ਹਾਂ ਗੱਲਾਂ ਤੋਂ ਚਿੜ ਚੜ ਜਾਂਦੀ। ਉਹ ਪਾਣੀ ਦਾ ਗਿਲਾਸ ਫੜ ਝੱਟ ਰਸੋਈ 'ਚੋਂ ਬਾਹਰ ਆ ਦਾਦੀ ਨੂੰ ਆਖਦੀ।

"ਅੰਮਾ ਜੀ ਲੈ ਪਾਣੀ ਪੀ ਲਓ। ਆਪਣੇ ਖਾਨਦਾਨ ਦੀਆਂ ਸਿਫਤਾਂ ਕਰ ਕਰ ਕੇ ਸੰਘ ਸੁੱਕ ਗਿਆ ਹੋਵੇਗਾ। ਬਸ ਕਰੋ। ਖੰਘ ਛਿੜ ਜਾਵੇਗੀ।" ਉਹ ਜਬਰਦਸਤੀ ਪਾਣੀ ਦਾ ਗਲਾਸ ਅੰਮਾ ਦੇ ਮੂੰਹ ਨਾਲ ਲਗਾਣ ਦੀ ਕੋਸ਼ਿਸ਼ ਕਰਦੀ ਤਾਂ ਅੰਮਾ ਵੀ ਗੁੱਸੇ ਵਿੱਚ ਆ ਜਾਂਦੀ।

"ਨੀ ਚੰਦਰੀਏ, ਤੈਨੂੰ ਤਾਂ ਸਾੜਾ ਮੱਚੇਗਾ ਹੀ ਨਾ ਸਾਡੇ ਖਾਨਦਾਨ ਦੀਆਂ ਸਿਫਤਾਂ ਸੁਣ ਸੁਣ। ਮੇਰੇ ਪੁੱਤਰ ਨੇ ਸਾਡੇ ਨਾਲ ਕਹਿਰ ਹੀ ਤਾਂ ਕਮਾਇਆ ਸੀ ਜੋ ਸਾਡੇ ਮੁਲਾਜ਼ਮ ਦੀ ਧੀ ਨੂੰ ਸਾਡੀ ਨੂੰਹ ਬਣਾ ਕੇ ਸਾਡੇ ਮੱਥੇ ਮੜ ਦਿੱਤਾ।"

ਹੁਣ ਮਾਂ ਅਤੇ ਦਾਦੀ ਦੀ ਜ਼ੁਬਾਨੀ ਜੰਗ ਤਾਅਨਿਆਂ-ਮਿਹਣਿਆਂ ਵਿਚ ਬਦਲ ਜਾਂਦੀ। ਦਰਅਸਲ ਮਾਂ ਨੇ ਆਪਣੀ ਖੁਸ਼ੀ ਨਾਲ ਪਾਪਾ ਨਾਲ ਵਿਆਹ ਨਹੀਂ ਸੀ ਕੀਤਾ ਹੋਇਆ। ਸਗੋਂ ਮਾਂ ਦੀ ਖੂਬਸੂਰਤੀ 'ਤੇ ਮੋਹਿਤ ਹੋ ਪਾਪਾ ਨੇ ਜ਼ਬਰਦਸਤੀ ਮੇਰੇ ਨਾਨਾ ਤੋਂ ਮਾਂ ਨਾਲ ਵਿਆਹ ਕਰਾਉਣ ਦੀ ਰਜ਼ਾਮੰਦੀ ਲਈ ਹੋਈ ਸੀ। ਜਿਸਦਾ ਰੰਜ ਮਾਂ ਨੇ ਸਾਰੀ ਉਮਰ ਦਿਲ ਵਿਚ ਪਾਲ ਕੇ ਰੱਖਿਆ। ਪਾਪਾ ਦੇ ਉੱਚੇ ਰੁਤਬੇ ਵਾਲੇ ਖਾਨਦਾਨ ਤੋਂ ਮਾਂ ਨੂੰ ਨਫ਼ਰਤ ਸੀ।

"ਉਹ ਵੀ ਦੱਸੋ ਨਾ ਆਪਣੇ ਖਾਨਦਾਨ ਦਾ ਇਤਿਹਾਸ ਜਿਸ ਵਿੱਚ ਸੋਨੇ ਦੀਆਂ ਚਾਦਰਾਂ ਵਿਚ ਲਪੇਟ ਘਰ ਦੀਆਂ ਨੂੰਹਾਂ ਤੇ ਧੀਆਂ ਨੂੰ ਅਧਮਰਿਆਂ ਹੀ ਸਮਾਧੀਆਂ ਵਿੱਚ ਕੈਦ ਕਰ ਦਿੱਤਾ ਗਿਆ ਹੈ। ਕਦੀ ਲੈ ਜਾਓ ਨਾ ਆਪਣੀ ਇਸ ਲਾਡਲੀ ਪੋਤਰੀ ਨੂੰ ਅਖਨੂਰ ਦਰਿਆ

ਦੇ ਦਰਸ਼ਨ ਕਰਾਣ, ਜਿਸਦੇ ਕੰਿਡਆਂ ਉੱਤੇ ਗੁੰਬਦਾਂ ਵਾਲੇ ਚਬੂਤਰੇ ਤੇ ਮੜੀਆਂ ਵਿੱਚੋਂ ਬਦਰੂਹਾਂ ਰਾਤਾਂ ਦੇ ਹਨੇਰਿਆਂ ਵਿੱਚ ਨਿਕਲ ਉਜਾੜਾਂ ਵਿਚ ਭਟਕਦੀਆਂ ਵਿਰਲਾਪ ਕਰਦੀਆਂ ਹਨ। ਮੈਂ ਤਾਂ ਸੁਣਿਆ ਹੈ ਉਨ੍ਹਾਂ ਦੇ ਸਿਰਹਾਣੇ ਵੀ ਸੋਨੇ ਦੀਆਂ ਤਾਰਾਂ ਦੀ ਕਢਾਈ ਵਾਲੇ ਸਨ ਜਿਨ੍ਹਾਂ ਉੱਤੇ ਉਨ੍ਹਾਂ ਨੂੰ ਅਧਮਰਿਆ ਹੀ ਲਿਟਾ ਕੇ ਸੁਆ ਦਿੱਤਾ ਗਿਆ ਸੀ।"

ਮਾਂ ਦਾ ਬੋਲਿਆ ਇਕ-ਇਕ ਸ਼ਬਦ ਮੇਰੇ ਸੀਨੇ ਵਿੱਚ ਉਵੇਂ ਵੱਜਿਆ ਜਿਵੇਂ ਪਾਪਾ ਜਦੋਂ ਲੋਰ ਵਿੱਚ ਹੁੰਦੇ ਤਾਂ ਆਪਣੀਆਂ ਬਹਾਦਰੀ ਦੀਆਂ ਕਹਾਣੀਆਂ ਸੁਣਾਉਂਦੇ ਦਸਦੇ—

"ਮੈਂ ਝਾੜੀਆਂ ਪਿਛੇ ਲੁਕੇ ਸਹੇ ਨੂੰ (ਕਦੀ ਸਹਾ ਹੁੰਦਾ, ਕਦੀ ਹਿਰਨ, ਕਦੀ ਜੰਗਲੀ ਸੂਰ ਤੇ ਅਗਰ ਕਦੀ ਵਾਧੂ ਹੀ ਲੋਰ ਹੁੰਦੀ ਤਾਂ ਸ਼ੇਰ ਚੀਤਾ ਵੀ) ਇਕੋ ਨਿਸ਼ਾਨਾ ਲਗਾਂਦਾ ਹਾਂ ਤਾਂ ਗੋਲੀ ਠਾਹ ਕਰਦੀ ਸਿੱਧੀ ਉਸਦੇ ਸੀਨੇ ਵਿੱਚ।" ਮੈਨੂੰ ਜਾਪਿਆ ਜਿਵੇਂ ਪਾਪਾ ਦੀ ਥਾਂ ਅੱਜ ਮਾਂ ਨੇ ਗੋਲੀਆਂ ਚਲਾ ਦਿੱਤੀਆਂ ਸਨ ਜਿਹੜੀਆਂ ਠਾਹ-ਠਾਹ ਮੇਰੇ ਸੀਨੇ ਵਿੱਚ ਵੱਜੀਆਂ ਸਨ। ਮੈਂ ਬੇਯਕੀਨੀ ਜਹੀ ਨਾਲ ਅੰਮਾ ਵੱਲ ਵੇਖਿਆ ਪਰ ਅੰਮਾ ਦਾ ਸਿਰ ਝੁਕਿਆ ਹੋਇਆ ਸੀ।

ਮਾਂ ਨੇ ਕਦੀ ਮੈਨੂੰ ਉਨ੍ਹਾਂ ਸਮਾਧੀਆਂ ਦਾ ਇਤਿਹਾਸ ਨਹੀਂ ਦੱਸਿਆ, ਪਰ ਉਨ੍ਹਾਂ ਸਮਾਧੀਆਂ ਦੇ ਰਾਜ ਨੇ ਮੈਨੂੰ ਬੇਚੈਨ ਕਰ ਦਿੱਤਾ ਸੀ। ਮੈਂ ਉਡੀਕ ਵਿਚ ਸਾਂ ਕਿ ਮੇਰੀ ਦਾਦੀ ਕਦੋਂ ਮੇਰੀ ਜ਼ਿੱਦ ਅੱਗੇ ਹਾਰਦੇ ਹਨ ਤੇ ਆਖਿਰ ਇਕ ਦਿਨ ਉਹ ਹਾਰ ਹੀ ਗਏ ਤੇ ਉਨ੍ਹਾਂ ਦੀ ਚੁੱਪ ਨੇ ਸਮਾਧੀਆਂ ਤੇ ਗੁੰਬਦਾਂ ਨੂੰ ਇਕ ਇਕ ਕਰਕੇ ਢਾਹ ਦਿੱਤਾ। ਜਿਨ੍ਹਾਂ 'ਚੋਂ ਸਾਡੀਆਂ ਤਿੰਨ ਪੜਦਾਦੀਆਂ ਤੇ ਇਕ ਭੂਆ ਭੂਤਾਂ ਵਾਂਗ ਦਾਦੀ ਦੇ ਲਫਜ਼ਾਂ ਰਾਹੀਂ ਮੌਤ ਦਾ ਨ੍ਰਿਤ ਕਰਨ ਲੱਗ ਪਈਆਂ।

ਦਾਦੀ ਅਨੁਸਾਰ ਸਾਡੇ ਪੜਦਾਦਾ ਜੀ ਦਾ ਪਹਿਲਾ ਵਿਆਹ ਸਿਰਫ ਤਿੰਨ ਸਾਲ ਚੱਲਿਆ ਪਰ ਕੋਈ ਔਲਾਦ ਨਾ ਹੋਈ। ਫਿਰ ਅਚਾਨਕ ਉਨ੍ਹਾਂ ਦੀ ਉਹ ਰਾਜਪੁਤਾਣੀ ਵਹੁਟੀ ਦੀ ਮੌਤ ਦੀ ਖਬਰ ਫੈਲ ਗਈ। ਪਰ ਇਸ ਤੋਂ ਪਹਿਲਾਂ ਕਿ ਬਦਨਸੀਬ ਔਰਤ ਦੇ ਪੇਕਿਆਂ ਤੱਕ ਖਬਰ ਪੁੱਜਦੀ ਤੇ ਉਹ ਆ ਕੇ ਆਪਣੀ ਮਰੀ ਹੋਈ ਧੀ ਦਾ ਨੀਲਾ ਪੈ ਗਿਆ ਚਿਹਰਾ ਵੇਖਦੇ, ਉਸ ਨੂੰ ਜਲਦੀ-ਜਲਦੀ ਸਾੜ-ਫੂਕ ਦਿੱਤਾ ਗਿਆ। ਜਿਸ ਦੀ ਸਮਾਧੀ ਦਾ ਗੋਲ ਗੁੰਬਦ ਸੁਨਹਿਰੇ ਰੰਗ ਦਾ ਬਾਕੀ ਸਮਾਧੀਆਂ ਤੋਂ ਸਭ ਤੋਂ ਉੱਚਾ ਬਣਾਇਆ ਗਿਆ ਹੈ।

ਉਸ ਤੋਂ ਬਾਅਦ ਪੜਦਾਦੇ ਦਾ ਦੂਜਾ ਵਿਆਹ ਛੇ ਕੁ ਮਹੀਨੇ ਬਾਅਦ ਹੀ ਹੋ ਗਿਆ ਸੀ ਪਰ ਉਹ ਬੀਵੀ ਵੀ ਦੋ ਕੁ ਸਾਲ ਬਾਅਦ ਇਕ ਹੋਰ ਸਮਾਧੀ ਵਿੱਚ ਕੈਦ ਹੋ ਗਈ ਤੇ ਫਿਰ ਅਗਲੇ ਡੇਢ ਕੁ ਸਾਲ ਵਿੱਚ ਤੀਜੀ ਵੀ। ਪੜਦਾਦੇ ਘਰ ਔਲਾਦ ਨਾ ਹੋਈ ਤੇ ਸਮਾਧੀਆਂ ਦੀ ਗਿਣਤੀ ਵਧਦੀ ਗਈ। ਫਿਰ ਚੰਬੇ ਤੋਂ ਇਕ ਕੱਚੀ ਕਲੀ ਲਿਆ ਕੇ ਉਸ ਅੱਧਖੜ ਹੋ ਚੁੱਕੇ ਸਾਡੇ ਪੜਦਾਦੇ ਨਾਲ ਵਿਆਹੀ ਗਈ। ਪਤਾ ਨਹੀਂ ਕਿਹੜੇ ਵੈਦ ਹਕੀਮ ਦੀਆਂ ਜੜ੍ਹੀ-ਬੂਟੀਆਂ ਨੇ ਕ੍ਰਿਸ਼ਮਾ ਕਰ ਵਿਖਾਇਆ ਕਿ ਉਨ੍ਹਾਂ ਦੇ ਘਰ ਮੇਰੇ ਦਾਦਾ ਜੀ ਨੇ ਅਵਤਾਰ ਧਾਰ ਲਿਆ।

"ਲੋਕ ਆਖਦੇ ਹਨ ਕਿ ਉਹ ਚੰਬਾਲਣ ਪਾਗਲ ਹੋ ਗਈ ਸੀ।" ਦਾਦੀ ਨੇ ਰਾਜ਼ਦਾਰੀ ਨਾਲ ਕਿਹਾ।

"ਕਿਉਂ ਅੰਮਾ?" ਮੈਂ ਡਰ ਕੇ ਪੁੱਛਿਆ।

"ਉਹ ਰਾਤਾਂ ਨੂੰ ਉੱਠ ਕੇ ਚੀਖ ਪੈਂਦੀ। ਵਾਲ ਪੁੱਟਣ ਲੱਗ ਪੈਂਦੀ। ਉਸਨੂੰ ਉਹ ਪਹਿਲੀਆਂ ਤਿੰਨੋਂ ਸੌਂਕਣਾਂ ਛਾਤੀ 'ਤੇ ਬੈਠਦੀਆਂ ਦਿਸਦੀਆਂ। ਉਹ ਆਪਣੀਆਂ ਛਾਤੀਆਂ ਪਿੱਟਦੀਆਂ ਤੇ ਆਪਣੇ ਨੋਹਾਂ ਨਾਲ ਚੰਬਾਲਣ ਦਾ ਮੂੰਹ ਮੱਥਾ ਨੋਚਦੀਆਂ। ਸਵੇਰੇ ਉਸਦੇ ਬਦਨ ਉੱਤੇ ਜ਼ਖ਼ਮਾਂ

ਵਿਚੋਂ ਲਹੂ ਫੁੱਟਿਆ ਹੁੰਦਾ। ਬੜੇ ਸ਼ੌਕਣ ਮੋਹਰੇ ਵੀ ਪਵਾਏ ਗਏ ਪਰ ਉਹ ਉਨ੍ਹਾਂ ਸਦਮਿਆਂ ਨਾਲ ਮਰ ਗਈ।''

''ਤੇ ਭੂਆ ਜਿਸ ਦੀ ਸਮਾਧੀ ਬਾਰੇ ਮਾਂ ਕਹਿ ਰਹੀ ਸੀ?'' ਮੇਰੀ ਉਤਸੁਕਤਾ ਚਰਮ ਸੀਮਾ ਉੱਤੇ ਪੁੱਜ ਗਈ ਸੀ। ਪਰ ਭੂਆ ਬਾਰੇ ਦਾਦੀ ਨੇ ਗੋਲ-ਮੋਲ ਜਿਹੀ ਗੱਲ ਸੁਣਾ ਕੇ ਮੈਨੂੰ ਟਾਲ ਦਿੱਤਾ ਸੀ।

''ਭੂਆ ਜਾਣੀ ਤੇਰੇ ਪਾਪਾ ਦੀ ਭੂਆ ਦੀ ਕਿਸੇ ਦੂਜੀ ਜਾਤ ਦੇ ਬੰਦੇ ਨਾਲ ਗੱਲਬਾਤ ਹੋ ਗਈ ਸੀ। ਤੇਰੇ ਦਾਦੇ ਨੇ ਹੀ ਆਪਣੇ ਹੱਥੀਂ ਆਪਣੀ ਭੈਣ ਦਾ ਗਲ ਘੋਟ ਦਿੱਤਾ ਸੀ। ਉਹ ਵੀ ਸ਼ਰੇਆਮ। ਕੁਵਾਰੀ ਕੁੜੀ ਨੂੰ ਸੋਨੇ ਦੇ ਗਹਿਣਿਆਂ ਵਿਚ ਮੜ ਕੇ ਤੇ ਤਿਲੇ ਤੇ ਗੋਟੇ ਕਿਨਾਰੀਆਂ ਵਾਲੇ ਸ਼ਗਨਾਂ ਦੇ ਸੂਟ ਪਵਾ ਕੇ ਚਿਖਾ 'ਤੇ ਰੱਖ ਕੇ ਸਾੜ ਦਿੱਤਾ ਸੀ।'' ਅੰਮਾ ਨੇ ਗੱਲ ਮੁਕਾ ਦਿੱਤੀ ਪਰ ਮਾਂ ਕਿਥੇ ਚੁੱਪ ਰਹਿਣ ਵਾਲੀ ਸੀ। ਉਹ ਝੱਟ ਬੋਲ ਪਈ।

''ਪੂਰੀ ਗੱਲ ਦੱਸੋ ਨਾ ਅੰਮਾ ਜੀ ਕਿ ਉਸ ਅਭਾਗਣ ਦੀ ਚਿਖਾ ਠੰਢੀ ਹੋਣ ਦਾ ਵੀ ਇੰਤਜ਼ਾਰ ਨਹੀਂ ਸੀ ਕੀਤਾ ਕਿਸੇ ਨੇ ਤੇ ਉਸੇ ਦਿਨ ਸੂਰਜ ਢਲਣ ਤੋਂ ਪਹਿਲਾਂ ਹੀ ਬਲਦੇ ਕੋਇਲੇ ਤੇ ਸੜਦੀਆਂ ਹੱਡੀਆਂ ਬਾਲਟੀ ਵਿਚ ਪਾ ਅਖਨੂਰ ਦਰਿਆ ਵਿੱਚ ਰੋੜ ਆਏ ਸਨ। ਉੱਥੇ ਉਸਦੀ ਸਮਾਧੀ ਬਣਾ ਇਨ੍ਹਾਂ ਉੱਚ ਰੁਤਬੇ ਵਾਲੇ ਖਾਨਦਾਨੀ ਲੋਕਾਂ ਨੂੰ ਲੱਗਾ ਹੋਵੇਗਾ ਕਿ ਇਨ੍ਹਾਂ ਦੇ ਸਾਰੇ ਪਾਪ ਧੁਲ ਗਏ ਪਰ ਉਹ ਜਿਹੜੀਆਂ ਰਾਤਾਂ ਨੂੰ ਸਮਾਧੀਆਂ 'ਚੋਂ ਨਿਕਲ-ਨਿਕਲ ਰਾਹ ਚਲਦੇ ਰਾਹੀਆਂ ਦੇ ਗਲ ਪੈ ਜਾਂਦੀਆਂ ਹਨ, ਦਰਿਆ ਦੀਆਂ ਲਹਿਰਾਂ ਉਤੇ ਨੱਚਦੀਆਂ ਤੇ ਉਜਾੜਾਂ ਵਿਚ ਵਿਰਲਾਪ ਕਰਦੀਆਂ ਹਨ, ਭਲਾ ਉਨ੍ਹਾਂ ਦੇ ਸਰਾਪਾਂ ਤੋਂ ਕਿਵੇਂ ਮੁਕਤਿ ਹੋਣਗੇ ਇਹ ਖਾਨਦਾਨੀ ਲੋਕ।''

''ਚੁੱਪ ਕਰ ਚੰਦਰੀਏ। ਚੁਪ ਕਰ। ਤੇਰੀ ਆਪਣੀ ਵੀ ਧੀ ਹੀ ਹੈ। ਉਸਦੀ ਖੈਰ ਮਨਾ। ਤੇਰੇ ਖਸਮ ਦਾ ਨਿਸ਼ਾਨਾ ਅਜੇ ਖੁੰਝਿਆ ਨਹੀਂ ਕਦੀ। ਉਹ ਹਿਰਨ ਸਹੇ, ਸੂਰ ਹੀ ਨਹੀਂ ਮਾਰਦਾ ਆਕਾਸ਼ ਵਿੱਚ ਉਡਦੀਆਂ ਅਬਾਬੀਲਾਂ ਅਤੇ ਚਿੜੀਆਂ ਨੂੰ ਵੀ ਫੁੰਡ ਦੇਂਦਾ ਹੈ। ਰੱਬ ਕੋਲੋਂ ਖੈਰ ਮੰਗ। ਇਸ ਧੀ ਦੀ ਚੰਗੀ ਕਿਸਮਤ ਦੀ ਖੈਰ ਮੰਗਿਆ ਕਰ...।''

ਦਾਦੀ ਚਾਦਰ ਦੀ ਬੁੱਕਲ ਮੂੰਹ 'ਤੇ ਧਰ ਰੋਣ ਬੈਠ ਗਈ ਜਿਵੇਂ ਆਪਣੇ ਵਡੇਰਿਆਂ ਦੇ ਪਾਪਾਂ ਦਾ ਪ੍ਰਾਸ਼ਚਿਤ ਕਰ ਰਹੀ ਹੋਵੇ। ਪਹਿਲੀ ਵਾਰ ਅੱਜ ਮਾਂ ਦੇ ਚਿਹਰੇ ਉੱਤੇ ਹਰ ਵੇਲੇ ਫੈਲੀ ਨਫ਼ਰਤ ਦੀ ਪਰਤ ਹੇਠੋਂ ਉਸ ਦੇ ਖੌਫ਼ ਅਤੇ ਫ਼ਿਕਰ ਦਾ ਝਾਉਲਾ ਮੈਨੂੰ ਦਿਸਿਆ ਸੀ। ਮੇਰੇ ਪ੍ਰਤੀ ਮਾਂ ਦੀ ਚਿੜ ਕਿਸੇ ਗੁੱਸੇ ਕਾਰਨ ਨਹੀਂ ਬਲਕਿ ਉਸ ਦਹਿਸ਼ਤ ਤੇ ਵਹਿਸ਼ਤ ਕਾਰਨ ਸੀ ਜਿਸ ਨੇ ਸਾਡੇ ਖਾਨਦਾਨ ਦਾ ਹੁਣ ਤੱਕ ਇਤਿਹਾਸ ਲਿਖਿਆ ਸੀ। ਖ਼ੂਨੀ ਇਤਿਹਾਸ।

ਤੇ ਮੇਰੀ ਮਾਂ ਵਾਂਗ ਮੇਰੇ ਅੰਦਰ ਵੀ ਉਸ ਇਤਿਹਾਸ ਪ੍ਰਤੀ ਬਗਾਵਤ ਦੀ ਅੱਗ ਭੜਕ ਉੱਠੀ ਸੀ। ਮੈਂ ਸਮਾਧੀ ਨਹੀਂ ਬਣਾਂਗੀ। ਨਾ ਸੋਨੇ ਦੀਆਂ ਚਾਦਰਾਂ ਵਿੱਚ ਦਫ਼ਨ ਹੋਵਾਂਗੀ। ਸਾਡੇ ਵਡੇਰੇ ਜਿਨ੍ਹਾਂ ਸਹਿਆਂ ਦਾ ਸ਼ਿਕਾਰ ਕਰਦੇ ਸਨ, ਮੈਨੂੰ ਲੱਗਾ ਕਿ ਉਨ੍ਹਾਂ ਸਹਿਆਂ ਨੂੰ ਆਪਣੇ ਸਰੀਰ ਦੇ ਵਾਲ ਉਨ੍ਹਾਂ ਤੀਰਾਂ ਨੇਜ਼ਿਆਂ ਵਾਂਗ ਨੁਕੀਲੇ ਕਰ ਲੈਣੇ ਚਾਹੀਦੇ ਹਨ ਜਾਂ ਉਨ੍ਹਾਂ ਸ਼ਿਕਾਰੀਆਂ ਦੀ ਪਕੜ ਤੋਂ ਦੂਰ ਭੱਜ ਜਾਣਾ ਚਾਹੀਦਾ ਹੈ।

ਮਾਂ ਨੂੰ ਮੇਰੇ ਪ੍ਰਤੀ ਗੁੱਸਾ ਇਸ ਗੱਲ ਦਾ ਸੀ ਕਿ ਮੈਂ ਵਿਦ੍ਰੋਹੀ ਤਬੀਅਤ ਦੀ ਮਾਲਕ ਸਾਂ। ਉਸਨੂੰ ਪਾਪਾ 'ਤੇ ਗੁੱਸਾ ਸੀ ਕਿ ਉਸ ਨੇ ਆਪਣੀ ਸ਼ਰਾਬ, ਕਬਾਬ ਤੇ ਸ਼ਬਾਬ ਦੀਆਂ ਮਹਿਫ਼ਿਲਾਂ

ਵਿਚ ਗਲਤਾਨ ਰਹਿ ਕੇ ਨਾ ਘਰ ਗ੍ਰਹਿਸਥੀ ਵੱਲ ਕਦੀ ਧਿਆਨ ਦਿੱਤਾ ਤੇ ਨਾ ਹੀ ਜੁਆਨ ਹੋ ਰਹੀ ਧੀ ਵੱਲ। ਪਾਪਾ ਨੂੰ ਤਾਂ ਏਹੀ ਗ਼ਮ ਮਾਰ ਗਿਆ ਕਿ ਉਨ੍ਹਾਂ ਦੀ ਰਾਜਪੂਤਾਨਾ ਖਾਨਦਾਨੀ ਸ਼ਾਨ ਨੂੰ ਅੱਗੇ ਵਧਾਉਣ ਵਾਲਾ ਕੋਈ ਫਰਜ਼ੰਦ ਕਿਉਂ ਨਹੀਂ ਪੈਦਾ ਹੋਇਆ ਉਨ੍ਹਾਂ ਦੇ ਘਰ। ਤੇ ਜਿਹੜੀ ਫਰਜ਼ੰਦੀ ਪੈਦਾ ਹੋ ਗਈ ਸੀ, ਉਸ ਦਾ ਹੋਣਾ ਜਾਂ ਨਾ ਹੋਣਾ ਉਨ੍ਹਾਂ ਲਈ ਕੋਈ ਮਾਅਨੇ ਨਹੀਂ ਸੀ ਰੱਖਦਾ। ਉਹ ਤਾਂ ਕਈ ਵਾਰ ਮਾਂ ਨੂੰ ਗੁੱਸੇ ਵਿੱਚ ਕਹਿ ਦੇਂਦੇ—

"ਚੰਗਾ ਹੁੰਦਾ ਜੇ ਉਨ੍ਹਾਂ ਦੋਹਾਂ ਵਾਂਗ ਇਸਦਾ ਵੀ...।" ਪਰ ਉਨ੍ਹਾਂ ਗੱਲ ਕਦੀ ਪੂਰੀ ਨਹੀਂ ਸੀ ਕੀਤੀ ਤੇ ਨਾ ਹੀ ਮੈਨੂੰ ਪਹਿਲਾਂ ਕਦੀ ਇਸਦਾ ਮਤਲਬ ਸਮਝ ਆਇਆ ਸੀ। ਪਰ ਹੁਣ ਜਿਵੇਂ ਆਪਣੇ-ਆਪ ਹੀ ਕੁੜੀਆਂ ਜੁੜ-ਜੁੜ ਮੈਨੂੰ ਡਰਾਉਣ ਲੱਗ ਪਈਆਂ ਸਨ।

ਅਚਾਨਕ ਹੀ ਇਕ ਘਟਨਾ ਵਾਪਰ ਗਈ। ਸਾਡੀ ਕ੍ਰਿਸ਼ਚੀਅਨ ਸਹੇਲੀ ਅੰਜੂ ਨੇ ਆਪਣੇ ਘਰ ਦਿਆਂ ਤੋਂ ਚੋਰੀ ਇਕ ਕੋਇਲੇ ਦੀ ਦੁਕਾਨ ਕਰਨ ਵਾਲੇ ਮੁੰਡੇ ਨਾਲ ਭੱਜ ਕੇ ਵਿਆਹ ਕਰਾ ਲਿਆ। ਸਾਰੇ ਪਾਸੇ ਤਰਥੱਲੀ ਮੱਚ ਗਈ। ਖਾਸ ਤੌਰ 'ਤੇ ਸਾਡੇ ਘਰ ਵਿੱਚ। ਮੇਰੀ ਸਹੇਲੀ ਹੋਣ ਕਰਕੇ ਅੰਜੂ ਦੀ ਖਬਰ ਸਾਡੀਆਂ ਗੁਆਂਢੀ ਔਰਤਾਂ ਨੇ ਮਾਂ ਅਤੇ ਦਾਦੀ ਨੂੰ ਮਸਾਲੇ ਲਾ ਲਾ ਕੇ ਆਣ ਸੁਣਾਈ।

"ਵੇਖਿਆ ਮੈਂ ਆਖਦੀ ਸਾਂ ਨਾ ਕਿ ਸਾਡੀ ਵਾਲੀ ਨੇ ਵੀ ਕਿਸੇ ਦਿਨ ਕੋਈ ਚੰਨ ਚੜ੍ਹਾਣਾ ਹੀ ਚੜ੍ਹਾਣਾ ਹੈ। ਲੱਛਣ ਇਸ ਦੇ ਵੀ ਉਨ੍ਹਾਂ ਵਰਗੇ ਹੀ ਹਨ। ਇਸਦੇ ਜੰਮਦਿਆਂ ਤੋਂ ਹੀ ਮੈਨੂੰ ਇਸ ਦੀ ਡੋਲੀ ਦੀ ਥਾਂ ਸਮਾਧੀ ਹੀ ਨਜ਼ਰੀਂ ਪੈਂਦੀ ਰਹੀ ਹੈ। ਇਸਦਾ ਪਿਓ ਵੀ ਕਿਹੜਾ ਆਪਣੇ ਪਿਓ ਤੋਂ ਵੱਖਰਾ ਹੈ। ਇਸ ਨੇ ਵੀ ਆਪਣੀ ਧੀ ਨਾਲ ਓਹੀ ਕਰਨਾ ਜੋ ਉਸਦੇ ਪਿਓ ਨੇ ਆਪਣੀ ਭੈਣ ਨਾਲ ਕੀਤਾ ਸੀ।" ਮਾਂ ਅੰਜੂ ਨੂੰ ਨਹੀਂ ਸਗੋਂ ਉਸਦੀ ਥਾਂ ਮੈਨੂੰ ਕੋਸ ਰਹੀ ਸੀ।

"ਪਰ ਮਾਂ ਇਸ ਵਿੱਚ ਮੇਰੀ ਕੀ ਕਸੂਰ ਹੈ? ਮੈਨੂੰ ਕੀ ਪਤਾ ਸੀ ਕਿ ਅੰਜੂ ਇਸ ਤਰ੍ਹਾਂ ਕਰੇਗੀ?"

"ਤੇਰੀ ਸਹੇਲੀ ਤੇ ਤੈਨੂੰ ਪਤਾ ਨਹੀਂ? ਹੋਰ ਤੁਸੀਂ ਕਰਦੀਆਂ ਕੀ ਹੋ ਸਾਰਾ ਦਿਨ ਸਿਰ ਜੋੜ-ਜੋੜ ਕੇ? ਤੇ ਉਹ ਜਮੀਲਾ? ਬਚਪਨ ਦੀ ਮੰਗੀ ਹੋਈ ਆਪਣੇ ਚਾਚੇ ਦੇ ਪੁੱਤ ਨਾਲ। ਜਵਾਨ ਹੋਈ, ਨਿਕਾਹ ਦਾ ਵੇਲਾ ਆਇਆ ਤਾਂ ਮੁੱਕਰ ਗਈ। ਉਨ੍ਹਾਂ ਨਾਲ ਰਹਿ-ਰਹਿ ਤੂੰ ਕਿਹੜੀ ਉਨ੍ਹਾਂ ਤੋਂ ਵੱਖ ਹੈਂ? ਚਾਲ-ਚਲਣ ਤਾਂ ਤੇਰਾ ਵੀ ਉਨ੍ਹਾਂ ਵਰਗਾ ਹੀ ਹੈ। ਮੈਂ ਤਾਂ ਸਾਰੀ ਉਮਰ ਤੇਰੇ ਪਿਓ ਨੂੰ ਨਫ਼ਰਤ ਕਰਦੀ ਰਹੀ ਕਿ ਉਸ ਨੇ ਮੇਰੀਆਂ ਦੋ ਧੀਆਂ ਇਕ ਜੰਮਣ ਤੋਂ ਪਹਿਲਾਂ ਤੇ ਦੂਜੀ ਜੰਮਦਿਆਂ ਸਾਰ ਹੀ ਕਤਲ ਕਰ ਦਿੱਤੀਆਂ। ਮੈਂ ਉਸ ਨੂੰ ਕਦੀ ਮੁਆਫ ਨਹੀਂ ਕਰ ਸਕੀ। ਪਰ ਅੱਜ ਸੋਚਦੀ ਹਾਂ ਕਿ ਜੇ ਧੀਆਂ ਨੇ ਇਸੇ ਤਰ੍ਹਾਂ ਮਾਂ-ਪਿਓ ਦੇ ਸਿਰ ਖੇਹ ਪਾਣੀ ਹੁੰਦੀ ਹੈ ਤਾਂ ਚੰਗਾ ਹੀ ਹੁੰਦਾ ਜੇ...।"

ਮਾਂ ਗੱਲ ਪੂਰੀ ਨਹੀਂ ਕਰ ਸਕੀ ਸਗੋਂ ਇਕ ਨਫ਼ਰਤ ਭਰੀ ਨਜ਼ਰ ਮੇਰੇ ਵੱਲ ਮਾਰ ਚੁੰਨੀ ਦੀ ਕੰਨੀ ਮੂੰਹ ਵਿਚ ਤੁੰਨ ਅੰਦਰ ਜਾ ਵੜੀ। ਸ਼ਾਇਦ ਉਹ ਆਪਣੀਆਂ ਹਿਚਕੀਆਂ ਚੁੰਨੀ ਵਿਚ ਜਜ਼ਬ ਕਰ ਰਹੀ ਸੀ। ਪਰ ਮਾਂ ਜੋ ਕਹਿ ਗਈ ਸੀ ਉਸ ਨੇ ਮੈਨੂੰ ਕੰਬਾ ਦਿੱਤਾ ਸੀ। ਕੀ ਮੇਰੇ ਬਾਪ ਨੇ ਮੇਰੀਆਂ ਦੋ ਭੈਣਾਂ ਦਾ ਕਤਲ ਕਰ ਦਿੱਤਾ ਹੋਇਆ ਸੀ? ਮਾਂ ਦੇ ਮੂੰਹੋਂ ਤਾਂ ਅਚਾਨਕ ਹੀ ਰਾਜ਼ ਖੁੱਲ ਗਿਆ ਸੀ। ਪਰ ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਸੀ।

ਮੈਨੂੰ ਕੁੱਝ ਸਮਝ ਨਹੀਂ ਸੀ ਆ ਰਿਹਾ ਕਿ ਮੇਰਾ ਕਸੂਰ ਕੀ ਹੈ। ਅਗਲੇ ਦਿਨ ਮੈਂ ਜਮੀਲਾ

ਨੂੰ ਲੈ ਕੇ ਕਾਲਜ ਦੀ ਨੁੱਕਰ ਵਿੱਚ ਪਿੱਪਲ ਦੇ ਬੁੱਢੇ ਰੁੱਖ ਹੇਠਾਂ ਬੈਠੀ ਰੋ ਰਹੀ ਸਾਂ। ਕਾਲਜ ਵਿੱਚ ਲੱਗੇ ਇਸ ਪਿੱਪਲ ਦੁਆਲੇ ਵੀ ਕਾਲਜ ਦੀਆਂ ਕੁੜੀਆਂ ਨੇ ਲਾਲ ਧਾਗੇ ਦੇ ਜਾਲ ਵੱਲ ਦਿੱਤੇ ਹੋਏ ਸਨ। ਕੁੜੀਆਂ ਦੀਆਂ ਮੰਨਤਾਂ ਵੀ ਤਾਂ ਗੁੰਗੀਆਂ ਬੋਲੀਆਂ ਹੁੰਦੀਆਂ ਹਨ ਇਨ੍ਹਾਂ ਪਿੱਪਲਾਂ ਵਾਂਗ ਹੀ। ਸ਼ਾਇਦ ਇਸੇ ਕਰਕੇ ਉਹ ਆਪਣੀਆਂ ਗੁੰਗੀਆਂ ਬੋਲੀਆਂ ਮੰਨਤਾਂ ਨੂੰ ਗੁੰਗੇ ਬੋਲੇ ਪਿੱਪਲਾਂ ਹਵਾਲੇ ਕਰ ਦੇਂਦੀਆਂ ਹਨ।

ਮੈਂ ਜਮੀਲਾ ਦਾ ਹੱਥ ਫੜ ਹਿਚਕੀਆਂ ਲੈ ਲੈ ਕੇ ਰੋ ਰਹੀ ਸਾਂ। ਜਮੀਲਾ ਨੇ ਮੈਨੂੰ ਚੁੱਪ ਨਹੀਂ ਕਰਾਇਆ ਸਗੋਂ ਉਹ ਆਪ ਵੀ ਮੋਢੇ ’ਤੇ ਸਿਰ ਧਰ ਹਟਕੋਰੇ ਲੈਂਦੀ ਡੁਸਕਦੀ ਰਹੀ। ਕਿੰਨਾ ਚਿਰ ਬੀਤ ਗਿਆ। ਆਖਰ ਮੈਂ ਸਿਰ ਚੁੱਕ ਜਮੀਲਾ ਨੂੰ ਪੁੱਛਿਆ–

“ਜਮੀਲਾ ਤੂੰ ਸਲੀਮ ਨਾਲ ਨਿਕਾਹ ਕਰਨ ਤੋਂ ਕਿਉਂ ਇਨਕਾਰ ਕੀਤਾ ਸੀ। ਤੈਨੂੰ ਤਾਂ ਪਤਾ ਸੀ ਕਿ ਤੂੰ ਬਚਪਨ ਤੋਂ ਹੀ ਉਸ ਨਾਲ ਮੰਗੀ ਹੋਈ ਹੈਂ। ਫਿਰ ਅਚਾਨਕ?”

ਜਮੀਲਾ ਨੇ ਦੁਪੱਟੇ ਨਾਲ ਆਪਣੇ ਅੱਥਰੂ ਪੂੰਝੇ ਤੇ ਮਿੱਟੀ ਉੱਤੇ ਉਂਗਲਾਂ ਨਾਲ ਟੇਡੀਆਂ ਮੇਢੀਆਂ ਲਕੀਰਾਂ ਜਹੀਆਂ ਵਾਹੁਣ ਲੱਗ ਪਈ ਜਿਵੇਂ ਉਸ ਨੂੰ ਆਪਣੀ ਗੱਲ ਕਹਿਣ ਲਈ ਲਫ਼ਜ਼ ਹੀ ਨਾ ਤਲਾਸ਼ੇ ਜਾ ਰਹੇ ਹੋਣ। ਫਿਰ ਉਨ੍ਹਾਂ ਲਕੀਰਾਂ ਨੂੰ ਹੋਰ ਡੂੰਘਾ ਕਰਦੀ ਬੋਲੀ—

“ਤੇਰੇ ਇਸ ਸੁਆਲ ਦਾ ਜੁਆਬ ਏਨਾ ਸੌਖਾ ਨਹੀਂ ਅੜੀਏ ਕਿ ਮੈਂ ਕਹਿ ਦਿਆਂਗੀ ਤੇ ਤੂੰ ਸਮਝ ਜਾਏਂਗੀ। ਜਾਂ ਮੇਰੇ ਘਰ ਪਰਿਵਾਰ ਵਾਲੇ ਸਮਝ ਜਾਣਗੇ। ਜਾਂ ਕੋਈ ਵੀ ਸਾਡੇ ਮੁਆਸ਼ਰੇ ਦਾ ਬੰਦਾ ਸਮਝ ਸਕੇਗਾ। ਮੈਂ ਜਦ ਤੋਂ ਹੋਸ਼ ਵਿਚ ਆਈ ਹਾਂ, ਉਦੋਂ ਤੋਂ ਹੀ ਆਪਣੇ ਅਸਤਿਤਵ ਨਾਲ ਇਕ ਜੰਗ ਲੜ ਰਹੀ ਹਾਂ ਪਰ ਮੈਂ ਕਿਸੇ ਨੂੰ ਦੱਸ ਨਹੀਂ ਸਕਦੀ ਕਿ ਮੈਂ ਅੰਦਰੋਂ ਅੰਦਰੀ ਕਿਵੇਂ ਟੁੱਟ–ਭੱਜ ਰਹੀ ਹਾਂ, ਕਿਵੇਂ ਆਪਣੇ–ਆਪ ਦਾ ਹੀ ਤ੍ਰਿਸਕਾਰ ਕਰ ਰਹੀ ਹਾਂ। ਮੈਂ ਤੈਨੂੰ ਕੀ ਦੱਸਾਂ ਤੇ ਕਿਵੇਂ ਸਮਝਾਵਾਂ।” ਉਸ ਦੀਆਂ ਅੱਖਾਂ ’ਚੋਂ ਹੰਝੂਆਂ ਦੇ ਮੋਟੇ–ਮੋਟੇ ਮੋਤੀ ਟੁੱਟ–ਟੁੱਟ ਧਰਤੀ ’ਤੇ ਵਾਹੀਆਂ ਆੜੀਆਂ–ਤਿਰਛੀਆਂ ਰੇਖਾਵਾਂ ਵਿੱਚ ਗੁੰਮ ਹੋ ਗਏ।

ਮੈਨੂੰ ਝਟਕਾ ਜਿਹਾ ਲੱਗਾ। ਅੱਜ ਤੱਕ ਐਸੀ ਕੋਈ ਗੱਲ, ਕੋਈ ਰਾਜ਼ ਐਸਾ ਨਹੀਂ ਸੀ ਜੋ ਮੈਂ ਤੇ ਜਮੀਲਾ ਨੇ ਇਕ ਦੂਜੀ ਨਾਲ ਸ਼ੇਅਰ ਨਾ ਕੀਤਾ ਹੋਵੇ। ਮਾਂ ਤਾਂ ਆਖਦੀ ਸੀ ਕਿ ਅਸੀਂ ਦੇਖਣ ਨੂੰ ਦੋ ਹਾਂ ਪਰ ਅਸਲ ਵਿੱਚ ਇਕ ਹੀ ਹਾਂ। ਫਿਰ ਜਮੀਲਾ ਦੇ ਅੰਦਰ ਅਜਿਹਾ ਕਿਹੜਾ ਰਾਜ਼ ਹੈ ਜੋ ਉਸਨੇ ਮੇਰੇ ਤੋਂ ਵੀ ਓਹਲਾ ਕਰਕੇ ਰੱਖਿਆ ਹੈ। ਮੈਂ ਹੈਰਾਨੀ ਨਾਲ ਉਸ ਵੱਲ ਤੱਕ ਰਹੀ ਸਾਂ। ਉਸਨੇ ਭਰੀਆਂ ਅੱਖਾਂ ਨਾਲ ਮੇਰੇ ਵੱਲ ਵੇਖਿਆ—

“ਮੇਰੇ ਅੰਦਰ ਅਜੀਬ ਜਹੀ ਕਸ਼ਮਕਸ਼ ਹੈ ਰਿਤੂ। ਮੈਂ ਕੁੜੀ ਹੋ ਕੇ ਵੀ ਕਿਸੇ ਮੁੰਡੇ ਜਾਂ ਕਿਸੇ ਮਰਦ ਵੱਲ ਆਕ੍ਰਸ਼ਤ ਨਹੀਂ ਹੁੰਦੀ। ਮੇਰੀ ਦਿਲਚਸਪੀ, ਮੇਰੀ ਮੁਹੱਬਤ ਤੇ ਮੇਰੀ ਖਵਾਹਿਸ਼ ਦਾ ਮਰਕਜ਼ ਇਕ ਕੁੜੀ ਹੀ ਹੈ ਜੋ ਮੈਨੂੰ ਆਕ੍ਰਸ਼ਤ ਅਤੇ ਸੰਤੁਸ਼ਟ ਕਰਦੀ ਹੈ। ਉਹ ਕੁੜੀ ਤੂੰ ਹੈਂ ਰੀਤੂ। ਤੇਰੇ ਵਿੱਚ ਮੈਨੂੰ ਸਾਰੇ ਜਹਾਨ ਦਾ ਸੁੱਖ ਅਤੇ ਪਿਆਰ ਮਿਲ ਰਿਹਾ ਹੈ। ਮੈਂ ਕਦੀ ਸਲੀਮ ਨੂੰ ਸੁਪਨੇ ਵਿੱਚ ਵੀ ਆਪਣੇ ਨੇੜੇ ਨਹੀਂ ਮਹਿਸੂਸ ਕੀਤਾ। ਸਗੋਂ ਅਗਰ ਸੁਪਨੇ ਵਿੱਚ ਵੀ ਕੋਈ ਸ਼ਰਾਰਤ ਕੀਤੀ ਹੋਵੇਗੀ ਤਾਂ ਤੇਰੇ ਨਾਲ ਹੀ ਕੀਤੀ ਹੈ। ਮੈਂ ਕਿਸੇ ਮਰਦ ਦੀ ਛੋਹ ਵੀ ਬਰਦਾਸ਼ਤ ਨਹੀਂ ਕਰ ਸਕਦੀ।”

ਮੈਂ ਜਮੀਲਾ ਦੀਆਂ ਗੱਲਾਂ ਸੁਣ ਅਵਾਕ ਰਹਿ ਗਈ ਸਾਂ। ਨਾ ਜਮੀਲਾ ਏਨੀ ਮਾਸੂਮ ਸੀ ਕਿ ਉਸਨੂੰ ਆਪਣੇ ਅੰਦਰ ਦੀ ਇਸ ਕਸ਼ਮਕਸ਼ ਦੀ ਸਮਝ ਨਹੀਂ ਸੀ ਤੇ ਨਾ ਹੀ ਮੈਂ ਏਨੀ ਭੋਲੀ

ਸਾਂ ਕਿ ਉਸਦੀ ਗੱਲ ਮੈਨੂੰ ਸਮਝ ਨਹੀਂ ਸੀ ਆ ਰਹੀ। ਅਸੀਂ ਦੋਵੇਂ ਕੁੱਝ ਦੇਰ ਇਸ ਤਰ੍ਹਾਂ ਇਕ ਦੂਜੀ ਦੇ ਚਿਹਰਿਆਂ ਵੱਲ ਪੱਥਰ ਬਣੀਆਂ ਵੇਖਦੀਆਂ ਰਹਿ ਗਈਆਂ ਜਿਵੇਂ ਇਕ ਦੂਜੀ ਦਿਆਂ ਨਕਸ਼ਾਂ ਵਿੱਚ ਆਪਣੇ ਅਰਥ ਤਲਾਸ਼ ਕਰ ਰਹੀਆਂ ਹੋਈਏ।

"ਤੂੰ ਲੈਸਬੀਅਨ ਹੈਂ?" ਮੇਰੇ ਮੂੰਹੋਂ ਉਸੇ ਅਵਸਥਾ ਵਿੱਚ ਨਿਕਲਿਆ।

"ਪਤਾ ਨਹੀਂ। ਪਰ ਸ਼ਾਇਦ ਏਹੀ ਸੱਚ ਹੈ। ਇਸੇ ਲਈ ਮੈਂ ਸਲੀਮ ਨਾਲੋਂ ਆਪਣਾ ਰਿਸ਼ਤਾ ਤੋੜ ਦਿੱਤਾ। ਮੈਂ ਸਾਰੀ ਜ਼ਿੰਦਗੀ ਕਿਸੇ ਅਣਚਾਹੇ ਰਿਸ਼ਤੇ ਵਿੱਚ ਬਝ ਕੇ ਨਾ ਆਪਣੇ ਆਪ ਨਾਲ ਜ਼ੁਲਮ ਕਰ ਸਕਦੀ ਸਾਂ ਨਾ ਸਲੀਮ ਨਾਲ। ਆਖਰ ਉਹ ਮੇਰੇ ਚਾਚੇ ਦਾ ਪੁੱਤਰ ਹੈ। ਬਚਪਨ ਤੋਂ ਅਸੀਂ ਇਕੱਠੇ ਇਕ ਦੂਜੇ ਦਾ ਹੱਥ ਫੜ ਖੇਡਦੇ ਸਕੂਲ ਜਾਂਦੇ ਰਹੇ ਹਾਂ।"

"ਜਮੀਲਾ ਤੂੰ ਅਗਰ ਸਲੀਮ ਦਾ ਹੱਥ ਫੜਕੇ ਖੇਡਦੀ ਰਹੀ ਹੈ ਤਾਂ ਉਸਦੇ ਹੱਥ ਫੜਨ ਨਾਲ ਤੇਰੇ ਅੰਦਰ ਕਦੀ ਕੋਈ ਅਹਿਸਾਸ ਨਹੀਂ ਭੜਕਿਆ?" ਮੈਂ ਪੁੱਛਿਆ।

"ਨਾ-ਕਦੀ ਵੀ ਨਹੀਂ। ਉਹ ਤਾਂ ਮੈਨੂੰ ਉਵੇਂ ਹੀ ਲੱਗਦਾ ਜਿਵੇਂ ਮੇਰਾ ਆਪਣਾ ਭਰਾ ਸ਼ਮੀਲ। ਦੋਹਾਂ ਦੀ ਛੋਹ ਮੇਰੇ ਅੰਦਰ ਮੁਹੱਬਤ ਤਾਂ ਜਗਾਉਂਦੀ ਹੈ ਪਰ ਗੁਦਗੁਦਾਹਟ ਨਹੀਂ। ਤੈਨੂੰ ਨਹੀਂ ਪਤਾ ਮੈਂ ਹਰ ਵੇਲੇ ਤੇਰੇ ਕੋਲ ਕਿਉਂ ਭੱਜੀ ਆਉਂਦੀ ਹਾਂ। ਗੱਲ-ਗੱਲ 'ਤੇ ਤੈਨੂੰ ਚੁੰਮਦੀ ਹਾਂ। ਬਹਾਨੇ-ਬਹਾਨੇ ਤੈਨੂੰ ਗਲਵਕੜੀ ਪਾਉਂਦੀ ਹਾਂ। ਮੇਰੀ ਏਹੀ ਸੰਤੁਸ਼ਟੀ ਹੈ ਰੀਤੂ। ਮੈਂ ਕੀ ਕਰਾਂ। ਮੈਂ ਕਿਸੇ ਮਰਦ ਵਿੱਚ ਉਹ ਕੁਝ ਨਹੀਂ ਮਹਿਸੂਸ ਕਰਦੀ ਜੋ ਤੇਰੇ ਵਿੱਚੋਂ ਕਰਦੀ ਹਾਂ। ਮੈਂ ਕਿਸੇ ਹੋਰ ਨਾਲ ਨਿਕਾਹ ਨਹੀਂ ਕਰ ਸਕਦੀ ਮੇਰੀ ਜਾਨ ਮੈਂ ਦੁਨੀਆ ਦੇ ਦਿਖਾਵੇ ਖਾਤਰ ਆਪਣੇ-ਆਪ ਨਾਲ ਜ਼ੁਲਮ ਨਹੀਂ ਕਰ ਸਕਦੀ।" ਉਸਨੇ ਮੁਸਕਰਾ ਕੇ ਮੈਨੂੰ ਚੁੰਮ ਲਿਆ ਤਾਂ ਪਤਾ ਨਹੀਂ ਕਿਉਂ ਮੈਂ ਆਪਣੇ ਅੰਦਰ ਵੀ ਅਜੀਬ ਜਹੀ ਤਰੰਗ ਸਿਰ ਤੋਂ ਪੈਰਾਂ ਤੱਕ ਬਿਜਲੀ ਦੇ ਕਰੰਟ ਵਰਗੀ ਮਹਿਸੂਸ ਕੀਤੀ।

"ਪਰ ਮੈਂ ਤਾਂ ਲੈਸਬੀਅਨ ਨਹੀਂ ਮਾਈ ਡੀਅਰ।" ਮੈਂ ਸ਼ਰਾਰਤ ਨਾਲ ਕਿਹਾ ਤਾਂ ਉਸ ਮੇਰੇ ਗਲ ਬਾਹਾਂ ਪਾ ਲਈਆਂ।

"ਲੈਸਬੀਅਨ ਹੋਣਾ ਹੀ ਜ਼ਰੂਰੀ ਥੋੜ੍ਹਾ ਨਾ ਹੁੰਦਾ ਮੇਰੀ ਜਾਨ। ਆਪਣਾ ਮਨਪਸੰਦ ਸਾਥ ਮਾਣਨਾ ਵੱਡੀ ਗੱਲ ਹੁੰਦੀ ਹੈ। ਪਰ ਕੱਲ ਨੂੰ ਜਦ ਤੇਰਾ ਵਿਆਹ ਹੋ ਜਾਵੇਗਾ ਤਾਂ ਉਦੋਂ ਮੇਰੇ ਲਈ ਜ਼ਰੂਰ ਪ੍ਰੇਸ਼ਾਨੀ ਖੜ੍ਹੀ ਹੋ ਜਾਵੇਗੀ। ਕਿਉਂਕਿ ਤੇਰੇ ਬਿਨਾਂ ਮੈਨੂੰ ਆਪਣੀ ਜ਼ਿੰਦਗੀ ਨਾ ਮੁਮਕਿਨ ਲੱਗਦੀ ਹੈ।"

ਮੇਰੇ ਵਿਆਹ ਦੀ ਗੱਲ ਉਸਦੇ ਮੂੰਹੋਂ ਸੁਣ ਇਕ ਖੌਫ ਦੀ ਤਰੇਲੀ ਮੇਰੇ ਸਾਰੇ ਸਰੀਰ ਨੂੰ ਭਿਉਂ ਗਈ। ਮੇਰੀਆਂ ਅੱਖਾਂ ਮੂਹਰੇ ਗੋਲ ਗੁੰਬਦਾਂ ਵਾਲੀਆਂ ਸਮਾਧੀਆਂ ਆ ਗਈਆਂ। ਜਮੀਲਾ ਨੇ ਤਾਂ ਆਪਣੀ ਪ੍ਰੇਸ਼ਾਨੀ ਦਾ ਹੱਲ ਕੱਢ ਲਿਆ ਸੀ, ਆਪਣੇ ਘਰ ਦੀ ਪਰੰਪਰਾ ਤੋਂ ਬਗਾਵਤ ਕਰਕੇ। ਪਰ ਮੈਂ ਕੀ ਕਰ ਸਕਦੀ ਸਾਂ। ਮੇਰੇ ਮਨ ਵਿਚ ਖਿਆਲ ਆਇਆ ਕਿ ਅਗਰ ਕੱਲ ਨੂੰ ਮੇਰਾ ਕਿਸੇ ਨਾਲ ਇਸ਼ਕ ਹੋ ਗਿਆ ਤਾਂ? ਅਗਰ ਘਰਦਿਆਂ ਦੀ ਮਰਜ਼ੀ ਨਾਲ ਹੀ ਸਹੀ ਪਰ ਮੇਰੇ ਵਿਆਹ ਮਗਰੋਂ ਮੈਨੂੰ ਬੱਚਾ ਨਾ ਹੋਇਆ ਤਾਂ? ਤੇ ਬੱਚਾ ਹੋਇਆ ਵੀ ਤੇ ਜੇ ਮੁੰਡਾ ਨਾ ਹੋ ਕੇ ਕੁੜੀਆਂ ਹੋ ਗਈਆਂ ਤਾਂ? ਕੀ ਮੇਰੀ ਜਾਂ ਮੇਰੀਆਂ ਧੀਆਂ ਦੀ ਵੀ ਉਸੇ ਤਰ੍ਹਾਂ ਅਖਨੂਰ ਦਰਿਆ ਕੰਢੇ ਸਮਾਧੀਆਂ ਬਣਨਗੀਆਂ?

"ਰੀਤੂ...ਰੀਤੂ...ਕੀ ਹੋ ਗਿਆ? ਤੇਰਾ ਚਿਹਰਾ ਪੀਲਾ ਕਿਉਂ ਪੈ ਗਿਆ? ਇਹ ਡਰਿਆ

ਹੋਇਆ ਚਿਹਰਾ, ਇਹ ਫੱਟੀਆਂ-ਫੱਟੀਆਂ ਨਜ਼ਰਾਂ...ਕੀ ਗੱਲ ਹੋ ਗਈ ਤੈਨੂੰ?" ਜਮੀਲਾ ਨੇ ਘਬਰਾ ਕੇ ਪੁੱਛਿਆ ਤਾਂ ਮੈਂ ਡਰੀ ਸਹਿਮੀ ਕਿਸੇ ਹਿਰਨੀ ਵਾਂਗ ਜਮੀਲਾ ਨੂੰ ਲਿਪਟ ਗਈ ਮੈਨੂੰ ਆਪਣੇ ਕੰਨਾਂ ਵਿਚ ਗੋਲੀਆਂ ਦੀ ਠਾਹ-ਠਾਹ ਤੋਂ ਬਿਨਾਂ ਹੋਰ ਕੁੱਝ ਨਹੀਂ ਸੀ ਸੁਣਾਈ ਦੇ ਰਿਹਾ।

"ਜਮੀਲਾ...ਜਮੀਲਾ...ਮੈਨੂੰ ਬਚਾ ਲੈ। ਮੈਨੂੰ ਇੱਥੋਂ ਕਿਤੇ ਦੂਰ ਲੈ ਜਾ। ਮੈਂ ਇਨ੍ਹਾਂ ਵਹਿਸ਼ੀਆਂ ਕੋਲ ਨਹੀਂ ਰਹਿਣਾ ਚਾਹੁੰਦੀ। ਇਨ੍ਹਾਂ ਸਾਹਮਣੇ ਔਰਤ ਅਤੇ ਸੂਰਨੀ ਵਿੱਚ ਕੋਈ ਫਰਕ ਨਹੀਂ। ਮੈਂ ਮਰਨਾ ਨਹੀਂ ਚਾਹੁੰਦੀ। ਮੈਂ ਸਮਾਧੀਆਂ ਵਿੱਚ ਭੂਤ ਬਣ ਕੇ ਕੈਦ ਨਹੀਂ ਹੋਣਾ ਚਾਹੁੰਦੀ। ਮੈਨੂੰ ਇਥੋਂ ਦੂਰ ਲੈ ਜਾ...ਪਲੀਜ਼...।" ਮੈਂ ਜਮੀਲਾ ਦੀ ਗੋਦ ਵਿੱਚ ਕੰਬਦੀ-ਕੰਬਦੀ ਨੀਮ-ਬਹੋਸ਼ ਹੋ ਗਈ ਸਾਂ। ਉਸ ਨੂੰ ਵੀ ਤਾਂ ਮੇਰੇ ਅੰਦਰ ਦੇ ਇਨ੍ਹਾਂ ਰਾਜ਼ਾਂ ਦਾ ਕੋਈ ਪਤਾ ਨਹੀਂ ਸੀ। ਸੱਚ ਹੀ ਤਾਂ ਹੈ ਕਿ ਅਸੀਂ ਕਿਸੇ ਵੀ ਰਾਜ਼ਦਾਰ ਅੱਗੇ ਭਾਵੇਂ ਕਿੰਨੇ ਵੀ ਬੇਪਰਦਾ ਕਿਉਂ ਨਾ ਹੋਈਏ ਪਰ ਫਿਰ ਵੀ ਮਨ ਦੇ ਹਨ੍ਹੇਰੇ ਕੋਨਿਆਂ ਵਿੱਚ ਕੁਝ ਪਰਤਾਂ ਹੇਠ ਕੁਝ ਨਾ ਕੁਝ ਐਸਾ ਛੁਪਿਆ ਹੋਇਆ ਰਹਿ ਹੀ ਜਾਂਦਾ ਹੈ ਜਿਸ ਨੂੰ ਬੇਪਰਦਾ ਕਰਨ ਦਾ ਸਾਹਸ ਸਾਡੇ ਵਿੱਚ ਨਹੀਂ ਹੁੰਦਾ।

ਉਸ ਦਿਨ ਅਸਾਂ ਦੋਹਾਂ ਨੇ ਇਕ ਦੂਜੀ ਨਾਲ ਵਾਅਦਾ ਕਰ ਲਿਆ ਕਿ ਅਸੀਂ ਹਮੇਸ਼ਾ ਇਕੱਠੀਆਂ ਰਹਾਂਗੀਆਂ। ਇੱਕ ਦੂਜੀ ਦਾ ਸਹਾਰਾ ਬਣ ਕੇ। ਅਸੀਂ ਦੁਨੀਆ ਦੀ ਹਰ ਖੁਸ਼ੀ ਇਕ ਦੂਜੀ 'ਚੋਂ ਹੀ ਪ੍ਰਾਪਤ ਕਰਾਂਗੀਆਂ ਤੇ ਹੋਰ ਕਿਸੇ ਨੂੰ ਇਜਾਜ਼ਤ ਹੀ ਨਹੀਂ ਦੇਵਾਂਗੀਆਂ ਕਿ ਉਹ ਸਾਡੇ ਉੱਤੇ ਆਪਣੀ ਧੌਂਸ ਜਮਾਏ। ਸਾਡੀ ਜ਼ਿੰਦਗੀ ਦੇ ਫੈਸਲੇ ਕੋਈ ਹੋਰ ਆਪਣੇ ਹੱਥਾਂ ਵਿਚ ਲੈ ਕੇ ਸਾਡੇ ਤੋਂ ਸਾਡਾ ਜੀਊਣ ਦਾ ਹੱਕ ਹੀ ਖੋਹ ਲਵੇ। ਭਾਵੇਂ ਉਹ ਪਿਓ ਹੋਵੇ ਜਾਂ ਪਤੀ।

"ਵਿਆਹ ਕੀ ਹੁੰਦਾ ਹੈ ਭਲਾ? ਕੁਝ ਮੰਤਰਾਂ ਦੇ ਸਹਾਰੇ ਗਿਣੇ-ਮਿੱਥੇ ਫੇਰੇ ਲੈਣੇ? ਅੰਗੂਠੀਆਂ ਜਾਂ ਫੁੱਲਾਂ ਦੀ ਵਰ ਮਾਲਾ ਵਟਾਉਣੀ। ਇਕ ਦੂਜੇ ਤੋਂ ਪਹਿਲਾਂ ਮਰਨ ਦੇ ਝੂਠੇ ਵਾਅਦੇ ਕਰਨੇ ਤੇ ਹਮੇਸ਼ਾ ਇਕ ਦੂਜੇ ਦਾ ਸਾਥ ਨਿਭਾਉਣ ਦਾ ਪ੍ਰਣ ਕਰਨਾ? ਪਰ ਕੀ ਇਹ ਸਭ ਕੁਝ ਸੱਚਮੁੱਚ ਨਿਭਦਾ ਹੈ ਮਰਦ ਤੇ ਔਰਤ ਵਿਚਾਲੇ? ਅਗਰ ਵਿਆਹ ਵਿੱਚ ਕੀਤੇ ਇਹ ਵਾਅਦੇ ਸੱਚਮੁੱਚ ਏਨੇ ਸਸ਼ੱਕਤ ਹੁੰਦੇ ਤਾਂ ਵਿਆਹ ਕਦੀ ਅੱਧਵਿਚਾਲਿਓਂ ਟੁੱਟਦੇ ਹੀ ਨਾ। ਅਦਾਲਤਾਂ ਵਿਚ ਮੈਰਿਜ ਸਰਟੀਫਿਕੇਟ ਤੋਂ ਵਧ ਅਰਜ਼ੀਆਂ ਤਲਾਕਾਂ ਲਈ ਨਾ ਦਿੱਤੀਆਂ ਜਾਂਦੀਆਂ ਮਰਦਾਂ-ਔਰਤਾਂ ਵੱਲੋਂ।" ਮੈਂ ਸੋਚ ਰਹੀ ਸਾਂ।

ਅਸਾਂ ਦੋਹਾਂ ਨੇ ਇਕ ਦੂਜੀ ਦਾ ਰਿਸ਼ਤਾ ਸਮਾਨਤਾ ਦੇ ਆਧਾਰ 'ਤੇ ਕਬੂਲ ਕਰ ਲਿਆ। ਤੇ ਨੌਕਰੀ ਕਰਨ ਲਈ ਦੋਵਾਂ ਨੇ ਦਿੱਲੀ ਜਾਣ ਲਈ ਆਪੋ-ਆਪਣੇ ਘਰਾਂ ਵਿੱਚ ਬਗਾਵਤ ਕਰ ਦਿੱਤੀ। ਸਾਡਾ ਇਹ ਫੈਸਲਾ ਮੰਨ ਲੈਣਾ ਨਾ ਮੇਰੇ ਘਰ ਵਾਲਿਆਂ ਲਈ ਆਸਾਨ ਸੀ ਤੇ ਨਾ ਹੀ ਜਮੀਲਾ ਦੇ ਘਰ ਵਾਲਿਆਂ ਲਈ। ਪਰ ਅਸੀਂ ਦੋਹਾਂ ਨੇ ਆਪਣੀ ਜ਼ਿੱਦ ਪੁਗਾਈ ਤੇ ਇਕੋ ਕੰਪਨੀ ਵਿੱਚ ਦੋਹਾਂ ਦੀ ਜੌਬ ਦੀ ਸਿਲੈਕਸ਼ਨ ਲੈਟਰ ਆਪੋ-ਆਪਣੇ ਘਰਵਾਲਿਆਂ ਨੂੰ ਦਿਖਾ ਅਸੀਂ ਦੋਵੇਂ ਦਿੱਲੀ ਆ ਗਈਆਂ ਇਕ ਫਲੈਟ ਵਿੱਚ ਇਕੱਠਿਆਂ ਰਹਿਣ ਲਈ।

ਸਾਡੇ ਘਰਦਿਆਂ ਨੂੰ ਤਾਂ ਪਹਿਲਾਂ ਇਸ ਗੱਲ ਤੋਂ ਹੀ ਏਤਰਾਜ਼ ਸੀ ਕਿ ਅਸੀਂ ਦੋਵੇਂ ਦੋ ਵੱਖ-ਵੱਖ ਧਰਮਾਂ ਜਾਤਾਂ ਤੇ ਅਕੀਦਿਆਂ ਨਾਲ ਸੰਬੰਧ ਰੱਖਦੀਆਂ ਹਾਂ। ਪਰ ਉਨ੍ਹਾਂ ਨੂੰ ਇਹ ਕਿੱਥੇ ਪਤਾ ਸੀ ਕਿ ਅਸੀਂ ਹਮੇਸ਼ਾਂ ਇਕ ਦੂਜੇ ਦੇ ਸਾਥ ਵਿੱਚੋਂ ਹੀ ਸਭ ਰਿਸ਼ਤੇ ਜਿਊਣ ਦਾ ਪ੍ਰਣ ਕਰਕੇ ਜ਼ਿੰਦਗੀ ਦਾ ਇਹ ਸਫ਼ਰ ਆਰੰਭ ਕਰਨ ਦਾ ਫੈਸਲਾ ਕਰ ਲਿਆ ਹੈ। ਇਹ ਉਨ੍ਹਾਂ ਨੂੰ ਪਤਾ ਹੁੰਦਾ ਤਾਂ ਮੇਰੇ ਪਾਪਾ ਤਾਂ ਭਰੀ ਬੰਦੂਕ ਲੈ ਕੇ ਮੇਰੇ ਸੀਨੇ ਦਾ ਨਿਸ਼ਾਨਾ ਲਗਾਉਣ ਲਈ ਦਿੱਲੀ ਹੀ

ਆ ਪੁੱਜਦੇ। ਪਰ ਉਨ੍ਹਾਂ ਨੂੰ ਕੁਝ ਨਹੀਂ ਸੀ ਪਤਾ।

ਅਸੀਂ ਦੋਹਾਂ ਨੇ ਉਨ ਾਂ ਰੂੜੀਵਾਦੀ ਜ਼ੰਜੀਰਾਂ ਨੂੰ ਤੋੜ ਕੇ ਆਪਣੀ ਮਰਜ਼ੀ ਦੀ ਜ਼ਿੰਦਗੀ ਜਿਊਣ ਦੀ ਜੋ ਹਿੰਮਤ ਕੀਤੀ, ਉਸ ਨੇ ਸਾਡਾ ਆਤਮਵਿਸ਼ਵਾਸ ਵਧਾ ਦਿੱਤਾ ਸੀ। ਅਸੀਂ ਹੁਣ ਆਜ਼ਾਦ ਸਾਂ। ਹਰ ਤਰ੍ਹਾਂ ਦੇ ਡਰ ਖੌਫ ਅਤੇ ਅੰਦੇਸ਼ਿਆਂ ਤੋਂ ਖਾਸ ਤੌਰ 'ਤੇ ਮਰਦ-ਔਰਤ ਦੇ ਉਸ ਮਾਲਕ ਅਤੇ ਗੁਲਾਮਾਂ ਵਾਲੇ ਅਹਿਸਾਸ ਤੋਂ ਪੂਰੀ ਤਰ੍ਹਾਂ ਮੁਕਤ। ਬਸ ਦੋ ਬਰਾਬਰ ਇਨਸਾਨਾਂ ਵਾਂਗ ਜਿਊਣ ਦੀਆਂ ਚਾਹਵਾਨ।

ਆਜ਼ਾਦੀ ਦਾ ਏਹੀ ਅਹਿਸਾਸ ਸਾਨੂੰ ਦਿੱਲੀ ਨੂੰ ਖੁਲ ਦਿਲੀ ਨਾਲ ਮਾਣਨ ਲਈ ਹਰ ਉਸ ਮੁਕਾਮ ਤੱਕ ਲੈ ਗਿਆ ਜੋ ਅਸੀਂ ਪਾਰੰਪਰਿਕ ਪਤੀਆਂ ਨਾਲ ਮਾਣਨ ਦਾ ਸੁਫਨਾ ਵੀ ਨਹੀਂ ਸਾਂ ਲੈ ਸਕਦੀਆਂ। ਦੇਰ ਰਾਤ ਪਾਰਟੀਆਂ, ਨਾਈਟ ਕਲੱਬਾਂ, ਪੱਬ। ਜਮੀਲਾ ਸਿਗਰਿਟ ਦੇ ਕੱਸ਼ ਲਗਾਉਣੇ ਸਿੱਖ ਗਈ ਸੀ ਤੇ ਮੈਂ ਵੇਹਪ ਦੇ। ਵਾਈਨ ਦੀਆਂ ਦੋਵੇਂ ਸ਼ੁਕੀਨਣਾ। ਨਾਈਟ ਕਲੱਬਾਂ ਵਿੱਚ ਸਾਨੂੰ ਇਕੱਠਿਆਂ ਵੇਖ ਕਦੀ-ਕਦੀ ਮਨਚਲੇ ਜਹੇ ਨੌਜਵਾਨ ਸਾਡੇ ਵੱਲ ਆਕ੍ਰਸਤ ਹੋ ਕੇ ਨੇੜੇ ਆਉਣ ਦੀ ਕੋਸ਼ਿਸ਼ ਕਰਦੇ ਪਰ ਜਮੀਲਾ ਦਾ ਰਿਸ਼ਟ-ਪੁਸ਼ਟ ਕਸਰਤੀ ਬਦਨ ਵੇਖ ਉਹ ਉਸ ਵੱਲੋਂ ਹੱਟ ਮੇਰੇ ਵੱਲ ਆਪਣੀ ਦਿਲਚਸਪੀ ਵਧਾਉਣ ਲੱਗ ਪੈਂਦੇ।

ਹੌਲੀ-ਹੌਲੀ ਜਮੀਲਾ ਫਿਰ ਅਜਿਹੀਆਂ ਪਾਰਟੀਆਂ ਤੋਂ ਖਿੱਝਣ ਲੱਗ ਪਈ। ਅਚਾਨਕ ਹੀ ਉਸਨੇ ਆਪਣੇ  ਮੋਢਿਆਂ ਤੱਕ ਕੱਟੇ ਵਾਲ ਬਿਲਕੁਲ ਮੁੰਡਿਆਂ ਵਾਂਗ ਛੋਟੇ-ਛੋਟੇ ਬੁਆਏ ਕੱਟ ਕਰਵਾ ਲਏ। ਉਸਦਾ ਲਿਬਾਸ ਵੀ ਬਦਲ ਗਿਆ। ਬਿਲਕੁਲ ਮਰਦਾਂ ਵਰਗਾ।

"ਤੂੰ ਆਪਣਾ ਹੁਲੀਆ ਕਿਉਂ ਬਦਲ ਲਿਆ ਡਾਰਲਿੰਗ?" ਇਕ ਦਿਨ ਉਸ ਨੂੰ ਮਰਦਾਵੇਂ ਬੂਟ ਪਾਈ ਵੇਖ ਮੈਂ ਪੁੱਛਿਆ ਤਾਂ ਉਹ ਹੱਸ ਪਈ।

"ਵੇਖ ਮੇਰੀ ਜਾਨ। ਮੈਂ ਤਾਂ ਤੈਨੂੰ ਆਪਣੀ ਫਿਤਰਤ ਦੱਸ ਹੀ ਦਿੱਤੀ ਸੀ ਕਿ ਮੈਨੂੰ ਮਰਦਾਂ ਵਿੱਚ ਜਨਮ ਤੋਂ ਹੀ ਕੋਈ ਦਿਲਚਸਪੀ ਨਹੀਂ। ਇਹ ਮੇਰਾ ਬਾਈਓਲਿਜੀਕਲ ਐਰਰ ਹੈ। ਬਸ ਇਹ ਸਮਝ ਕਿ ਮੈਂ ਅਲਾਹ ਵੱਲੋਂ ਆਪ ਫਿੱਟ ਕਰ ਦਿੱਤੇ ਗਏ ਗਲਤ ਪੁਰਜ਼ਿਆਂ ਕਰਕੇ ਆਪਣੀ ਬਾਡੀ ਤੇ ਆਪਣੇ ਜ਼ਿਹਨ ਵਿੱਚ ਖਲਤ-ਮਲਤ ਹਾਰਮੋਨਜ਼ ਦਾ ਖਮਿਆਜ਼ਾ ਭੁਗਤ ਰਹੀ ਹਾਂ। ਪਰ ਤੂੰ ਤਾਂ ਨਾਰਮਲ ਲੜਕੀ ਹੈਂ। ਤੇਰਾ ਤਾਂ ਕੋਈ ਬਾਈਓਲਿਜੀਕਲ ਪ੍ਰਾਬਲਮ ਨਹੀਂ। ਇਸ ਲਈ ਕਦੀ ਤਾਂ ਐਸਾ ਹੋਵੇਗਾ ਕਿ ਤੇਰੇ ਹਾਰਮੋਨਜ਼ ਤੇਰੇ ਇਮੋਸ਼ਨਜ਼ ਤੋਂ ਬਗਾਵਤ ਕਰਕੇ ਤੈਨੂੰ ਉਸ ਕੁਦਰਤੀ ਰਾਹ ਵੱਲ ਜਾਣ ਲਈ ਉਕਸਾਉਣਗੇ ਜਿਸ ਰਾਹ ਨੂੰ ਤੂੰ ਆਪਣੀ ਜ਼ਿੱਦ ਕਾਰਨ ਬੰਦ ਕਰਕੇ ਰੱਖਿਆ ਹੋਇਆ ਹੈ। ਇਸੇ ਲਈ ਸ਼ਾਇਦ ਇਸ ਡਰ ਕਾਰਨ ਕਿ ਤੂੰ ਕਿਸੇ ਮਰਦ ਲਈ ਮੈਨੂੰ ਛੱਡ ਕੇ ਨਾ ਚਲੀ ਜਾਵੇਂ।" ਮੇਰੇ ਅੰਦਰ ਇਕ ਮਰਦ ਦੀ ਤਰ੍ਹਾਂ ਬਿਹੇਵ ਕਰਨ ਦੇ ਅਹਿਸਾਸ ਭਾਰੂ ਹੋ ਰਹੇ ਹਨ।

ਜਮੀਲਾ ਦੀਆਂ ਗੱਲਾਂ ਸੁਣ ਮੈਨੂੰ ਆਪ ਵੀ ਇਸ ਗੱਲ ਦਾ ਅਹਿਸਾਸ ਹੋਇਆ ਕਿ ਪਾਰਟੀਆਂ ਵਿੱਚ ਜਦ ਕੋਈ ਨੌਜਵਾਨ ਮੇਰੇ ਵੱਲ ਪ੍ਰਸੰਸਾਤਮਕ ਨਜ਼ਰਾਂ ਨਾਲ ਵੇਖਦਾ ਜਾਂ ਆਕ੍ਰਸ਼ਤ ਹੁੰਦਾ ਹੈ ਤਾਂ ਅਜੀਬ ਜਹੀ ਸਿਹਰਨ ਤਾਂ ਮੇਰੇ ਅੰਦਰ ਵੀ ਦੌੜ ਹੀ ਜਾਂਦੀ ਹੈ ਪਰ ਤਦੇ ਮੇਰੀਆਂ ਅੱਖਾਂ ਸਾਹਮਣੇ ਮੇਰੇ ਪਾਪਾ ਅਤੇ ਜ਼ਿਹਨ ਵਿੱਚ ਮੇਰੇ ਦਾਦਾ ਅਤੇ ਪੜਦਾਦਾ ਦੀਆਂ ਛਵੀਆਂ ਉਭਰ ਆਉਂਦੀਆਂ ਸਨ। ਨਜ਼ਰਾਂ ਅੱਗੇ ਲਾਲ ਅੱਖਾਂ ਅਤੇ ਕੁੰਡੀਆਂ ਮੁੱਛਾਂ ਵਾਲੇ ਬੰਦੂਕਧਾਰੀ ਆ ਖੜਦੇ, ਜਿਨ੍ਹਾਂ ਤੋਂ ਮੈਂ ਭੱਜ ਕੇ ਸਾਹੋ-ਸਾਹ ਹੋਈ ਜਮੀਲਾ ਦੀ ਬੁੱਕਲ ਵਿੱਚ

ਸੁਰੱਖਿਆ ਭਾਲਣ ਲਈ ਦੁਬਕ ਜਾਂਦੀ ਸਾਂ।

ਪਰ ਜਮੀਲਾ ਦੇ ਅੰਦਰ ਹੌਲੀ-ਹੌਲੀ ਮਰਦਊਪੁਣਾ ਭਾਰੀ ਹੁੰਦਾ ਜਾ ਰਿਹਾ ਸੀ। ਮੇਰੀ ਭਾਵੁਕਤਾ ਮੇਰੀ ਕਮਜ਼ੋਰੀ ਬਣ ਕੇ ਉਸਨੂੰ ਤਾਕਤਵਰ ਬਣਾ ਮੇਰੇ ਉੱਤੇ ਹਾਵੀ ਕਰਦੀ ਜਾ ਰਹੀ ਸੀ ਪਰ ਇੰਝ ਤਾਂ ਅਸੀਂ ਸੋਚਿਆ ਹੀ ਨਹੀਂ ਸੀ। ਫਿਰ ਐਸਾ ਕਿਵੇਂ ਹੋ ਗਿਆ ਕਿ ਮੈਨੂੰ ਪਤਾ ਹੀ ਨਹੀਂ ਲੱਗਾ ਜਮੀਲਾ ਨੇ ਸਾਰਾ ਕੰਟਰੋਲ ਆਪਣੇ ਹੱਥਾਂ ਵਿੱਚ ਕਿਵੇਂ ਲੈ ਲਿਆ। ਉਸਨੇ ਕੇਵਲ ਮਰਦਾਵਾਂ ਹੁਲੀਆ ਹੀ ਨਹੀਂ ਸੀ ਬਦਲਿਆ ਸਗੋਂ ਮਰਦਾਵੀਂ ਹਉਂ ਵੀ ਅਪਨਾ ਲਈ। ਹਰ ਗੱਲ ਵਿੱਚ ਉਸ ਦੇ ਹੀ ਫੈਸਲੇ ਦੀ ਮੁਹਰ, ਹਰ ਮਸਲੇ ਉੱਤੇ ਉਸੇ ਦੀ ਹੀ ਆਵਾਜ਼ ਭਾਰੂ, ਹਰ ਗੱਲ ਵਿੱਚ ਉਸ ਦੀ ਰਜ਼ਾਮੰਦੀ ਆਖਰੀ। ਇਥੋਂ ਤੱਕ ਕਿ ਮੈਂ ਕਿਸ ਨਾਲ ਬੋਲਣਾ, ਕਿਸ ਨਾਲ ਹੱਸਣਾ, ਕਿਵੇਂ ਵਿਵਹਾਰ ਕਰਨਾ, ਹੌਲੀ-ਹੌਲੀ ਉਸਦੀ ਮਰਜ਼ੀ 'ਤੇ ਨਿਰਭਰ ਹੁੰਦਾ ਚਲਾ ਗਿਆ। ਇਹ ਸ਼ਾਇਦ ਇਸ ਕਰਕੇ ਵੀ ਹੋਇਆ ਕਿ ਉਹ ਜਿਸਮਾਨੀ ਤੌਰ 'ਤੇ ਮੇਰੇ ਤੋਂ ਤਕੜੀ ਸੀ ਜਦ ਕਿ ਮੈਂ ਨਾਜ਼ੁਕ ਜਹੀ ਕਮਜ਼ੋਰ ਤੇ ਦੱਬੂ ਜਹੀ ਸਾਂ। ਬੇਸ਼ੱਕ ਅਸੀਂ ਹਰ ਤਰ੍ਹਾਂ ਦੇ ਰਿਸ਼ਤੇ ਨੂੰ ਇੰਜੋਇ ਕਰ ਰਹੀਆਂ ਸਾਂ ਪਰ ਫਿਰ ਵੀ ਕੁੱਝ ਸੀ ਜੋ ਹੁਣ ਵਿਚਾਲੇ ਰੜਕਣ ਲੱਗ ਪਿਆ ਸੀ।

ਭਾਵੇਂ ਅਸੀਂ ਇਕ ਦੂਜੀ ਨਾਲ ਲੜ ਪੈਂਦੀਆਂ, ਰੁਸਦੀਆਂ ਤੇ ਮਨਾ ਲੈਂਦੀਆਂ। ਜਮੀਲਾ ਤਾਂ ਸਾਫ਼ ਤੌਰ 'ਤੇ ਕਹਿ ਦਿੰਦੀ।

"ਮੈਂ ਕਿਸੇ ਦੀ ਡੋਮੀਨੈਂਸ ਕਬੂਲ ਕਰ ਹੀ ਨਹੀਂ ਸਕਦੀ। ਜੇ ਮੈਂ ਉਸ ਸਾਲੇ ਸਲੀਮ ਦੀ ਬੀਵੀ ਬਣ ਜਾਂਦੀ ਤਾਂ ਇਕ ਤਾਂ ਉਸਨੇ ਸਾਰੀ ਜ਼ਿੰਦਗੀ ਮੈਨੂੰ ਆਪਣੀ ਲੱਤ ਹੇਠਾਂ ਦਬਾ ਕੇ ਰੱਖਣਾ ਸੀ, ਦੂਜਾ ਹਰ ਵੇਲੇ ਸਿਰ ਉੱਤੇ ਦੂਜੀ ਬੀਵੀ ਜਾਂ 'ਤਲਾਕ-ਤਲਾਕ' ਦੀ ਤਲਵਾਰ ਲਟਕਾ ਕੇ ਰੱਖਣੀ ਸੀ। ਫਿਰ ਮੈਨੂੰ ਹਾਸਲ ਵੀ ਕੀ ਹੋਣਾ ਸੀ? ਮੈਂ ਉਸ ਦੇ ਬੱਚੇ ਤਾਂ ਪੈਦਾ ਕਰ ਲੈਂਦੀ ਪਰ ਕੀ ਮੈਂ ਖੁਸ਼ ਹੁੰਦੀ? ਉਵੇਂ-ਜਿਵੇਂ ਤੇਰੇ ਨਾਲ ਖੁਸ਼ ਹਾਂ?" ਉਸ ਮੇਰੇ ਵੱਲ ਵੇਖ ਸੁਆਲ ਕੀਤਾ।

"ਪਰ ਮੈਂ ਤੇਰੇ ਨਾਲ ਖੁਸ਼ ਨਹੀਂ ਹਾਂ ਜਮੀਲਾ।" ਮੇਰਾ ਜੁਆਬ ਸੁਣ ਉਸਦੇ ਜ਼ਿਹਨ ਵਿੱਚ ਜਿਵੇਂ ਕੋਈ ਬੰਬ ਫੱਟ ਗਿਆ। ਉਹ ਇਸ ਤਰ੍ਹਾਂ ਉਛਲੀ ਜਿਵੇਂ ਉਸ ਨੂੰ ਇਸ ਗੱਲ ਦੀ ਕਤਈ ਉਮੀਦ ਨਾ ਰਹੀ ਹੋਵੇ।

"ਤੂੰ ਖੁਸ਼ ਨਹੀਂ ਮੇਰੇ ਨਾਲ? ਕਿਉਂ? ਇਹ ਤਾਂ ਆਪਾਂ ਦੋਹਾਂ ਦਾ ਫੈਸਲਾ ਸੀ। ਕਿਸੇ ਨੇ ਕਿਸੇ ਨਾਲ ਜ਼ਬਰਦਸਤੀ ਨਹੀਂ ਸੀ ਕੀਤੀ। ਫਿਰ...।"

"ਹਾਂ ਜਮੀਲਾ ਪਰ ਉਦੋਂ ਅਸੀਂ ਬਰਾਬਰੀ ਦਾ ਰਿਸ਼ਤਾ ਕਾਇਮ ਕਰਨ ਲਈ ਇਕ ਦੂਜੀ ਦੇ ਸਾਥ ਅਤੇ ਰਿਸ਼ਤੇ ਦੀ ਹਾਮੀ ਭਰੀ ਸੀ। ਪਰ ਅੱਜ ਵੇਖ ਕੀ ਹੋ ਰਿਹਾ? ਕੀ ਫ਼ਰਕ ਰਹਿ ਗਿਆ ਆਮ ਸਾਧਾਰਨ ਔਰਤ-ਮਰਦ ਦੇ ਰਿਸ਼ਤੇ ਜਾਂ ਸਾਡੇ ਰਿਸ਼ਤੇ ਵਿੱਚ। ਕੀ ਅਸੀਂ ਬਰਾਬਰੀ ਦੇ ਰਿਸ਼ਤੇ ਵਿਚ ਜੀਅ ਰਹੀਆਂ ਹਾਂ? ਨਹੀਂ। ਇੱਥੇ ਵੀ ਉਹੀ ਧੌਂਸ ਅਤੇ ਨਾਬਰਾਬਰੀ ਹੈ। ਤੂੰ ਮਰਦਊਪੁਣੇ ਦੇ ਹਊਂ ਵਿੱਚ ਗ੍ਰਸੀ ਹੋਈ ਹੈਂ। ਮੈਨੂੰ ਤੂੰ ਕਿਸੇ ਮਰਦ ਵਾਂਗ ਹੀ ਡੋਮੀਨੇਟ ਕਰਨ ਲੱਗ ਪਈ ਹੈਂ। ਮੇਰਾ ਦਮ ਘੁੱਟਿਆ ਜਾ ਰਿਹਾ ਹੈ। ਮੈਂ ਇਸ ਘੁਟਨ ਵਿੱਚ ਨਹੀਂ ਰਹਿ ਸਕਦੀ ਜਮੀਲਾ। ਮੈਂ ਜਾ ਰਹੀ ਹਾਂ।"

"ਤੂੰ ਜਾ ਰਹੀ ਹੈ? ਕਿੱਥੇ? ਮੈਨੂੰ ਛੱਡ ਕੇ?"

"ਮੈਂ ਕੁੱਝ ਦਿਨਾਂ ਲਈ ਮਾਂ ਕੋਲ ਜਾਣਾ ਚਾਹੁੰਦੀ ਹਾਂ। ਉਸਦੀ ਯਾਦ ਆ ਰਹੀ ਹੈ।"

"ਮੈਨੂੰ ਪਤਾ ਹੈ ਤੂੰ ਮੁੜ ਵਾਪਸ ਨਾ ਆਉਣ ਲਈ ਮਾਂ ਦਾ ਬਹਾਨਾ ਬਣਾ ਕੇ ਜਾ ਰਹੀ ਹੈਂ।" ਉਸਨੇ ਵਿਆਕੁਲ ਹੋ ਕੇ ਮੇਰੇ ਹੱਥ ਫੜ ਲਏ।

"ਵੇਖ ਗੀਤੂ, ਮੈਨੂੰ ਨਹੀਂ ਪਤਾ ਤੈਨੂੰ ਅਜਿਹਾ ਕਿਉਂ ਮਹਿਸੂਸ ਹੋਇਆ। ਸ਼ਾਇਦ ਮੈਂ ਮਰਦ ਬਣੀ ਰਹਿ ਕੇ ਤੇਰੇ ਅੰਦਰਲੀ ਮਰਦ ਦੀ ਚਾਹਤ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰ ਰਹੀ ਸਾਂ। ਮੈਂ ਵੇਖਦੀ ਸਾਂ ਕਲੱਬ ਵਿੱਚ ਜਦ ਤੇਰੇ ਵੱਲ ਕੋਈ ਪ੍ਰਸੰਸਾ ਭਰੀਆਂ ਨਜ਼ਰਾਂ ਨਾਲ ਵੇਖਦਾ ਸੀ ਤਾਂ ਤੇਰੇ ਚਿਹਰੇ ਉੱਤੇ ਕਿੰਨੇ ਖ਼ੂਬਸੂਰਤ ਭਾਵ ਆ ਜਾਂਦੇ ਸਨ। ਮੈਂ ਇਸੇ ਕਰਕੇ ਅਸੁਰੱਖਿਅਤ ਭਾਵਨਾ ਵਿੱਚ ਜਕੜੀ ਗਈ ਸਾਂ। ਪਰ ਗੀਤੂ ਮੈਂ ਵਾਅਦਾ ਕਰਦੀ ਹਾਂ ਹੁਣ ਅਸੀਂ ਕਿਸੇ ਤਰ੍ਹਾਂ ਦੀ ਡੋਮੀਨੈਂਸ ਜਾਂ ਸਬਮਿਸਿਵ ਬਿਹੇਵੀਅਰ ਤੋਂ ਪਾਰ ਜਾ ਕੇ ਆਜ਼ਾਦ ਤੇ ਈਕੁਅਲ ਰਿਲੇਸ਼ਨ ਵਿਚ ਰਹਿ ਕੇ ਇਕ ਦੂਜੀ ਦਾ ਸਾਥ ਨਿਭਾਵਾਂਗੀਆਂ। ਹਰ ਤਰ੍ਹਾਂ ਦੀ ਜੈਂਡਰ, ਸੋਸ਼ਲ, ਰੈਲੀਜੱਸ, ਕਾਸਟ ਅਤੇ ਕੰਪਲੈਕਸ਼ਜ਼ ਤੋਂ ਮੁਕਤ ਹੋ ਕੇ। ਬਸ ਹਿਊਮਨ ਬੀਇੰਗ ਬਣ ਕੇ ਰਹਾਂਗੀਆਂ। ਪਰ ਤੂੰ ਵਾਅਦਾ ਕਰ ਕਿ ਤੂੰ ਵਾਪਸ ਆਵੇਂਗੀ।"

"ਹਾਂ ਮੈਂ ਆਵਾਂਗੀ। ਤੂੰ ਫ਼ਿਕਰ ਨਾ ਕਰ।"

ਮੈਂ ਸੱਚਮੁੱਚ ਮਾਂ ਨੂੰ ਮਿੱਸ ਕਰ ਰਹੀ ਸਾਂ ਤੇ ਅੰਮਾਂ ਦੀਆਂ ਕਿੰਨੀਆਂ ਹੀ ਕਹਾਣੀਆਂ ਤੇ ਅਜੇ ਅਣਸੁਣੀਆਂ ਹੀ ਰਹਿ ਗਈਆਂ ਸਨ।

ਪੂਰੇ ਦੋ ਸਾਲ ਬਾਅਦ ਮੈਂ ਘਰ ਵਾਪਸ ਆਈ ਸਾਂ। ਪਾਪਾ ਕਮਜ਼ੋਰ ਜਹੇ ਹੋ ਕੇ ਹੁਣ ਆਪਣੇ ਕਮਰੇ ਵਿੱਚ ਸਿਮਟ ਗਏ ਸਨ ਬੇਸ਼ੱਕ ਉਨ੍ਹਾਂ ਦੀ ਬੰਦੂਕ ਅਜੇ ਵੀ ਉਨ੍ਹਾਂ ਦੇ ਕਮਰੇ ਦੇ ਕੋਨੇ ਵਿੱਚ ਸਾਵਧਾਨ ਖੜ੍ਹੀ ਸੀ।

ਅੰਮਾਂ ਦੇ ਹੱਥ ਵਿੱਚ ਇਕ ਸੌ ਅੱਠ ਮਣਕਿਆਂ ਵਾਲੀ ਮਾਲਾ ਸੀ ਤੇ ਮਾਂ? ਉਸ ਦੇ ਚਿਹਰੇ ਉੱਤੇ ਡੂੰਘੀ ਚੁੱਪ ਦੇ ਨਾਲ ਅਜੀਬ ਜਿਹਾ ਸਕੂਨ ਪਸਰਿਆ ਸੀ। ਹੈਰਾਨੀ ਮੈਨੂੰ ਇਸ ਗੱਲ ਦੀ ਹੋਈ ਕਿ ਮੇਰੇ ਨਾਲ ਅੱਜ ਨਾ ਉਸਨੇ ਗੁੱਸੇ ਦਾ ਇਜ਼ਹਾਰ ਕੀਤਾ ਤੇ ਨਾ ਕਿਸੇ ਗਿਲੇ-ਸ਼ਿਕਵੇ ਦਾ। ਬਸ ਹੌਲੀ ਜਿਹੀ ਜ਼ੁਬਾਨ ਵਿੱਚ ਬੋਲੀ ਸੀ।

"ਵਿਆਹ ਕਰਾ ਕੇ ਘਰ ਵਸਾ ਲੈ ਧੀਏ। ਉਮਰ ਨਿਕਲਦੀ ਜਾ ਰਹੀ ਹੈ ਤੇਰੀ। ਸਾਡੇ ਸਮਾਜ ਵਿੱਚ ਕੁੜੀਆਂ ਦੀ ਏਨੀ ਉਮਰ ਅੱਖੀਆਂ ਵਿੱਚ ਤੀਲਿਆਂ ਵਾਂਗ ਰੜਕਣ ਲੱਗ ਪੈਂਦੀ ਹੈ। ਇਨ੍ਹਾਂ ਬਨਵਾਸਾਂ ਵਿਚੋਂ ਕੁੱਝ ਨਹੀਂ ਹਾਸਲ ਹੋਣਾ। ਆਖ਼ਰ ਨੂੰ ਤਾਂ ਆਪਣੇ ਧੁਰੇ ਨਾਲ ਬੱਝਣਾ ਹੀ ਪੈਣਾ ਹੈ।"

ਮਾਂ ਵੱਲੋਂ ਅਜਿਹੀਆਂ ਗੱਲਾਂ ਸੁਣ ਮੈਨੂੰ ਹੈਰਾਨੀ ਹੋਈ। ਪਰ ਮੈਂ ਹੱਸਦੇ ਹੋਏ ਬੋਲੀ-

"ਰਹਿਣ ਦੇ ਮਾਂ ਵਿਆਹ ਅਤੇ ਧੁਰਿਆਂ ਨੂੰ. ਤੂੰ ਵੀ ਤਾਂ ਕਰਾਇਆ ਸੀ ਵਿਆਹ। ਫਿਰ ਕੀ ਹਾਸਲ ਹੋ ਗਿਆ ਤੈਨੂੰ? ਮੇਰੇ ਵਾਲਾ ਕੀ ਤੇਰੇ ਵਾਲੇ ਤੋਂ ਕੋਈ ਵੱਖਰਾ ਹੋਵੇਗਾ?"

ਮਾਂ ਨੇ ਕੋਈ ਜੁਆਬ ਨਹੀਂ ਦਿੱਤਾ। ਸ਼ਾਇਦ ਇਸੇ ਲਈ ਉਸਨੇ ਗੱਲ ਟਾਲ ਦਿੱਤੀ।

"ਹਾਂ ਸੱਚ ਉਹ ਤੇਰੀ ਸਹੇਲੀ ਅੰਜੂ ਆਈ ਸੀ ਇਕ ਦਿਨ ਤੈਨੂੰ ਮਿਲਣ। ਉਸ ਦਾ ਤਲਾਕ ਹੋ ਗਿਆ ਉਸ ਕੋਇਲੇ ਵਾਲੇ ਨਾਲੋਂ। ਕੀ ਮਿਲਿਆ ਵਿਚਾਰੀ ਨੂੰ ਕੋਇਲਿਆਂ ਨਾਲ ਮੂੰਹ ਕਾਲਾ ਕਰਕੇ ਵੀ।"

ਅੰਜੂ ਦਾ ਜ਼ਿਕਰ ਸੁਣ ਮੈਂ ਇਸ ਤਰ੍ਹਾਂ ਉਛਲੀ ਜਿਵੇਂ ਕਿਸੇ ਕੀੜੇ ਨੇ ਡੰਕ ਮਾਰ ਦਿੱਤਾ

ਹੋਵੇ। ਉਸਦੇ ਤਲਾਕ ਦੀ ਖ਼ਬਰ ਨੇ ਮੈਨੂੰ ਬਹੁਤਾ ਹੈਰਾਨ ਨਹੀਂ ਕੀਤਾ ਸ਼ਾਇਦ ਹੁਣ ਹਾਦਸਿਆਂ ਨੇ ਮੇਰੇ ਤੋਂ ਹੈਰਾਨ ਹੋ ਜਾਣ ਦੀ ਸੰਵੇਦਨਾ ਖੋਹ ਲਈ ਹੋਈ ਸੀ। ਮਾਂ ਆਪੇ ਹੀ ਬੋਲਦੀ ਗਈ।

"ਦਸਦੀ ਸੀ ਕਿ ਉਸ ਦੀ ਮਾਂ ਬੜੀ ਕੁਪੱਤੀ ਸੀ। ਦੂਜੀ ਜਾਤੀ ਦੀ ਕੁੜੀ ਨੂੰ ਬਿਲਕੁਲ ਕਬੂਲ ਨਹੀਂ ਸੀ ਕਰ ਸਕੀ। ਰਸੋਈ ਵਿਚ ਤਾਂ ਉਸਨੂੰ ਵੜਨ ਹੀ ਨਹੀਂ ਸੀ ਦੇਂਦੀ ਤੇ ਨਾ ਹੀ ਉਸਦੇ ਹੱਥ ਦਾ ਛੋਹਿਆ ਕੁਝ ਖਾਂਦੀ-ਪੀਂਦੀ ਸੀ।"

"ਹੈਂਅ....? ਇਹ ਕੀ ਗੱਲ ਹੋਈ ਭਲਾ? ਦੂਜੀ ਜਾਤੀ ਦਾ ਹੋਣ ਕਰਕੇ ਕੀ ਕੋਈ ਜੂਠਾ ਹੋ ਜਾਂਦਾ?" ਮੇਰੇ ਅੰਦਰੋਂ ਅੰਜੂ ਲਈ ਰੋਹ ਜਿਹਾ ਫੁੱਟ ਪਿਆ। ਮਾਂ ਨੇ ਤਾਂ ਮੇਰੇ ਰੋਹ ਦੀ ਅੱਗ ਨੂੰ ਹੋਰ ਹੀ ਭੜਕਾ ਦਿੱਤਾ- "ਦਸਦੀ ਸੀ ਅੱਖ ਨਵੀਂ ਵਿਆਹੀ ਨੂੰ ਸਹੁਰੇ ਘਰ ਲਾਡਾਂ ਚਾਵਾਂ ਨਾਲ ਸੁਆਗਤ ਕਰਨ ਦੀ ਥਾਂ ਸੱਸ ਉਸ ਦਾ ਅਪਮਾਨ ਕਰਨ ਲਈ ਉਸ ਦੇ ਕਮਰੇ ਵਿਚ ਬੂਹੇ ਵਿਚੋਂ ਰੋਟੀ ਦੀ ਥਾਲੀ ਅੰਦਰ ਖਿਸਕਾ ਦੇਂਦੀ ਸੀ। ਉਹ ਤਾਂ ਆਪਣੇ ਮੁੰਡੇ ਨੂੰ ਵੀ ਵਹੁਟੀ ਨਾਲ ਹੱਸਣ ਬੋਲਣ ਜਾਂ ਉਸ ਦੇ ਨਾਲ ਉੱਠਣ-ਬੈਠਣ ਤੋਂ ਖਾਰ ਖਾਂਦੀ। ਕੋਇਲੇ ਵਾਲਾ ਮੁੰਡਾ ਵੀ ਛੇਤੀ ਹੀ ਮਾਂ ਦੇ ਹੱਥੇ ਚੜ੍ਹ ਗਿਆ ਤੇ ਕੁਝ ਹੀ ਸਮੇਂ ਵਿਚ ਉਸ ਦੇ ਪਿਆਰ ਦਾ ਤਾਪ ਉਤਰ ਗਿਆ ਤੇ ਕੁੜੀ ਦੇ ਹੱਥ ਤਲਾਕ ਦੇ ਕਾਗਜ਼ ਦੇ ਉਸ ਦੇ ਮੂੰਹ 'ਤੇ ਘਰ ਦੇ ਬੂਹੇ ਬੰਦ ਕਰ ਦਿੱਤੇ।"

"ਮਾਂ ਕਿੱਥੇ ਹੈ ਹੁਣ ਉਹ ਅੱਜਕੱਲ੍ਹ?" ਮੈਂ ਜਿਵੇਂ ਖਿਆਲਾਂ ਵਿਚ ਮਾਂ ਨੂੰ ਲੱਭਣ ਨਿਕਲ ਪਈ ਸਾਂ।

"ਮਾਂ ਕਿੱਥੇ ਹੈ ਉਹ ਅੱਜਕੱਲ । ਕਿਵੇਂ ਹੈ ਉਹ?"

"ਆਪਣੀ ਮਾਂ ਕੋਲ ਹੈ ਧੀਏ। ਹੋਰ ਕਿੱਥੇ ਜਾਵੇਗੀ। ਧੀਆਂ ਦਾ ਤਲਾਕ ਹੋ ਜਾਵੇ ਤਾਂ ਫਿਰ ਕਿੱਥੇ ਜਾਣਗੀਆਂ। ਮਾਂ-ਪਿਓ ਦੇ ਘਰ ਤੋਂ ਬਿਨਾਂ। ਸ਼ੁਕਰ ਹੈ ਕੋਈ ਬੱਚਾ ਨਹੀਂ ਸੁ ਹੋਇਆ ਨਹੀਂ ਤਾਂ ਉਹ ਵੀ ਖੱਜਲ-ਖੁਆਰ ਹੁੰਦਾ।"

"ਮੈਂ ਜਾ ਰਹੀ ਹਾਂ ਉਸ ਨੂੰ ਮਿਲਣ।" ਆਖਦਿਆਂ ਮੈਂ ਬਿਨਾਂ ਮਾਂ ਦਾ ਜੁਆਬ ਉਡੀਕੇ ਘਰੋਂ ਨਿਕਲ ਗਈ ਸਾਂ।

ਹਫਤੇ ਕੁ ਬਾਅਦ ਮੈਂ ਵਾਪਸ ਦਿੱਲੀ ਜਾ ਕੇ ਆਪਣੇ ਫਲੈਟ ਦੀ ਡੋਰ ਬੈੱਲ ਵਜਾਈ ਤਾਂ ਜਮੀਲਾ ਨੇ ਅਭੜਵਾਹੇ ਉੱਠ ਕੇ ਦਰਵਾਜ਼ਾ ਖੋਲ੍ਹਿਆ। ਇਕ ਪਾਸੇ ਉਸ ਨੂੰ ਸ਼ਾਇਦ ਮੇਰੇ ਆਉਣ ਦੀ ਉਡੀਕ ਵੀ ਸੀ ਤੇ ਦੂਜੇ ਪਾਸੇ ਡਰ ਵੀ ਸੀ ਕਿ ਸ਼ਾਇਦ ਮੈਂ ਵਾਪਸ ਨਾ ਆਵਾਂ। ਮੈਨੂੰ ਦਰਵਾਜ਼ੇ 'ਤੇ ਵੇਖ ਉਹ ਪਾਗਲਾਂ ਵਾਂਗ ਮੈਨੂੰ ਗਲਵਕੜੀ ਵਿੱਚ ਲੈਣ ਲਈ ਦੌੜੀ। ਪਰ ਅਗਲੇ ਹੀ ਪਲ ਉਹ ਠਿਠਕ ਕੇ ਥਾਏਂ ਰੁਕ ਗਈ। ਮੇਰੇ ਪਿੱਛੇ ਅੰਜੂ ਨੂੰ ਵੇਖ ਉਸ ਨੂੰ ਆਪਣੀਆਂ ਅੱਖਾਂ ਉੱਤੇ ਇਤਬਾਰ ਹੀ ਨਹੀਂ ਸੀ ਆ ਰਿਹਾ ਤੇ ਫਿਰ ਅਚਾਨਿਕ ਅਸੀਂ ਤਿੰਨੋਂ ਇਕ ਦੂਜੀ ਨੂੰ ਗਲਵਕੜੀ ਵਿੱਚ ਲੈ ਕੇ ਉਸੇ ਤਰ੍ਹਾਂ ਝੂਮਣ ਲੱਗ ਪਈਆਂ ਜਿਵੇਂ ਕਾਲਜ ਦੇ ਦਿਨਾਂ ਵਿੱਚ ਕਰਦੀਆਂ ਸਾਂ। ਅਚਾਨਕ ਹੀ ਜਮੀਲਾ ਦੇ ਮੂੰਹੋਂ ਨਿਕਲਿਆ—

"ਆਂਟੀ ਨੂੰ ਆਖ ਕੇ ਆਉਣਾ ਸੀ ਕਿ ਹੁਣ ਸਾਨੂੰ ਨਾ ਕਿਸੇ ਖਿਜ਼ਰ ਦੀ ਲੋੜ ਹੈ ਨਾ ਖਵਾਜੇ ਦੀ। ਹੁਣ ਆਪਣੇ ਹਿੱਸੇ ਦੇ ਪਾਣੀ ਅਸੀਂ ਆਪ ਹੀ ਕਸ਼ੀਦ ਕਰਾਂਗੀਆਂ ਧਰਤ ਪੁੱਟ ਕੇ।" ਸਾਡਾ ਤਿੰਨਾਂ ਦਾ ਮਿਲਿਆ-ਜੁਲਿਆ ਹਾਸਾ ਜ਼ਰੂਰ ਖਵਾਜਾ ਖਿਜਰ ਦੇ ਦਰਬਾਰ ਤੱਕ ਜਾ ਪੁੱਜਾ ਹੋਵੇਗਾ। ਤਾਂ ਹੀ ਅਚਾਨਕ ਬਾਹਰ ਟੁੱਟ ਕੇ ਮੀਂਹ ਬਰਸਣ ਲੱਗ ਪਿਆ ਸੀ। **

(**ਸੰਪਰਕ-96220-06304**)

**ਕਹਾਣੀ**

# ਅਣਪਛਾਤਾ ਖਾੜਕੂ



**ਆ.ਗਾਜ਼ਬੀਰ**

ਬੱਤੀ ਗੁੱਲ ਹੈ ।

ਦਿਨ ਭੱਠ ਵਾਂਗ ਤਪਿਆ ਲੰਘ ਗਿਆ। ਟਿੱਕੀ ਡੁੱਬਦਿਆਂ ਹਨੇਰੀ ਆਉਣ ਦੀ ਸੰਭਾਵਨਾ ਬਣਦੀ ਗਈ। ਰਾਤ ਡਾਹਢੀ ਕਾਲ਼ੀ ਬਣ ਉਤਰਨ ਲੱਗੀ ।

ਅਜੇ ਹਰਜਿੰਦਰ ਨੇ ਮੰਜਾ ਝਲਾਨੀ ਅੱਗਿਓਂ ਚੁੱਕ ਕੇ ਵਿਹੜੇ ਵਿਚ ਡਾਹਿਆ ਹੀ ਸੀ ਕਿ ਹਨੇਰੀ ਚੱਲ ਪਈ। ਰੇਤ ਹੀ ਰੇਤ ਵਿਹੜੇ 'ਚ ਡਿੱਗਣ ਲੱਗਾ। ਹਨੇਰੀ ਹੋਰ ਤੇਜ਼ ਹੁੰਦੀ ਗਈ। ਉਸਨੇ ਆਪਣੀ ਤਾਕਤ ਵਿਖਾਉਂਦਿਆਂ, ਨਿਰੰਜਣ ਦੇ ਵਿਹੜੇ ਵਿਚ ਖੜ੍ਹੇ ਨਿੰਮ ਦਾ ਸਿਰ ਬੰਨਿਉਂ ਕੜਾਕਾ ਪਾ ਦਿੱਤਾ।

ਕੋਠਿਆਂ ਤੋਂ ਆਵਾਜ਼ਾਂ ਆਉਣੀਆਂ ਸ਼ੁਰੂ ਹੋ ਗਈਆਂ, "ਫੜ੍ਹੋ ਬਈ ਮੰਜਾ ...ਪਾ ਲਉ ਹੱਥ ਛੇਤੀ?... ਭਾਂਡੇ ਫੇਰ ਚੱਕ ਲਿਓ...ਪਹਿਲਾਂ ਜਵਾਕ ਸਾਂਭ ਲੋ ਜਵਾਕ।"

ਇੱਧਰ ਹਨੇਰੀ ਰੁਕਣ ਦਾ ਨਾਂ ਨਹੀਂ ਲੈ ਰਹੀ ਸੀ। ਇਨਵਰਟਰ ਅਜੇ ਪਿੰਡਾਂ ਦੀ ਪਕੜ 'ਚ ਨੀਂ ਆਇਆ ਸੀ। ਬੱਤੀ ਦੇ ਆਉਣ-ਜਾਣ ਦਾ ਕੋਈ ਸਮਾਂ ਨਿਸ਼ਚਿਤ ਨਹੀਂ ਸੀ।

ਅਚਾਨਕ ਗਲ਼ੀ ਵਾਲ਼ੇ ਤਖ਼ਤੇ ਖੜ-ਖੜ ਕਰਕੇ ਵੱਜੇ ਤੇ ਖੁੱਲ੍ਹੇ ਵੀ। 'ਉੱਚਾ ਤੇ ਭਾਰੀ ਖੜਾਕ' ਵੀ ਹੋਇਆ। ਉਹ ਤ੍ਰਭਕ ਕੇ ਉੱਠਿਆ। ਪਹਿਲਾਂ ਤਾਂ ਉਸਨੂੰ ਯਾਦ ਨਾ ਰਿਹਾ ਕਿ ਉਹ ਪਿਆ ਕਿੱਥੇ ਹੈ? ਯਾਦ ਆਇਆ ਕਿ ਉਹ ਆਪਣੇ ਘਰ ਵਿੱਚ ਹੀ ਹੈ। ਕਿਤੇ ਹੋਰ ਨਹੀਂ। ਆਪਣੇ ਉੱਖੜੇ ਮਨ ਨੂੰ ਸਮਝਾਇਆ, "ਸ਼ਾਇਦ ਉਹ ਤਖ਼ਤੇ ਦੀ ਕੁੰਡੀ ਲਾਉਣੀ ਭੁੱਲ ਆਇਆ ਹੈ...ਤਾਂਹੀਓ ਠੱਕ-ਠੱਕ ਪਏ ਵੱਜਦੇ ਨੇ।"

ਉਹ ਕੁੰਡੀ ਲਾਉਣ ਲਈ ਮੰਜੇ ਤੋਂ ਉੱਠ ਤੁਰ ਪਿਆ। ਗਲ਼ੀ ਵਾਲ਼ੇ ਦੋਵੇਂ ਤਖ਼ਤੇ ਖਿੱਚ ਕੇ ਬੰਦ ਕੀਤੇ। ਤਖ਼ਤੇ ਲਾਉਂਦਿਆਂ, ਉਸਦੀਆਂ ਅੱਖਾਂ ਰੇਤ ਨਾਲ ਭਰ ਗਈਆਂ। ਜਿਸ ਕਰਕੇ ਦਿਸਣੋਂ ਲਗਭਗ ਬੰਦ ਜਿਹਾ ਹੋ ਗਿਆ। ਉਹ ਆਪਣੀਆਂ ਅੱਖਾਂ ਨੂੰ ਹੱਥ ਨਾਲ ਮਲ਼ਣ ਲੱਗਿਆ। ਅੱਖਾਂ ਵਿੱਚੋਂ ਰੜਕ ਫੇਰ ਵੀ ਨਾ ਗਈ।

ਉਹ ਨਲ਼ਕੇ ਵੱਲ ਅੰਦਾਜ਼ੇ ਨਾਲ ਵਧਿਆ। ਸਬਮਰਸੀਬਲ ਪੰਪ ਦਾ ਉਦੋਂ ਜ਼ਮਾਨਾ ਨਹੀਂ ਸੀ। ਨਲਕੇ ਦੀ ਹੱਥੀ ਫੜ੍ਹ ਜ਼ੋਰ-ਜ਼ੋਰ ਦੀ ਗੇੜਨ ਲੱਗਾ।

"ਲੱਗਦੈ...ਇਹਨੇ ਅੱਜ ਕਾਹਦਾ ਚੜ੍ਹਨੈ...ਨਿੱਤ ਗੇੜਦੇ ਰਹੀਏ ਤਾਂਹੀਓ ਚੰਗੈ।" ਉਹ ਕਸੀਸ ਵੱਟ ਕੇ ਗੇੜਦਾ ਰਿਹਾ। ਗੇੜਦਾ ਰਿਹਾ। ਬੋਕੀ ਭਾਰੀ ਹੁੰਦੀ ਗਈ। ਪਾਣੀ ਧੁਰਲੀ ਮਾਰ ਕੇ ਨਾਲੀ ਰਾਹੀਂ ਬਾਹਰ ਆਇਆ। ਪਾਣੀ ਦੇ ਬੁੱਕ ਭਰਕੇ, ਅੱਖਾਂ ਤੇ ਛਿੱਟੇ ਮਾਰੇ। ਮਾਰਦਾ ਰਿਹਾ। ਮਾਰਦਾ ਰਿਹਾ। ਜਿੰਨ੍ਹਾਂ ਚਿਰ ਅੱਖਾਂ 'ਚੋਂ ਰੜਕ ਨਾ ਚਲੀ ਗਈ।

ਉਸਨੇ ਕੁੜਤੇ ਨਾਲ ਮੂੰਹ ਪੂੰਝ ਲਿਆ। ਮੂੰਹ ਪੂੰਝ ਕੇ ਹਟਿਆ ਤਾਂ ਉਸਨੇ ਕੰਧ ਕੋਲ ਪਛਾਵਾਂ ਵੇਖਿਆ। ਉਸਦੇ ਮਨ ਵਿੱਚ ਡਰ ਦੀ ਤਰੰਗ ਆਰ-ਪਾਰ ਹੋ ਗਈ। ਉਸਨੇ ਅੱਖਾਂ ਅੱਡ ਕੇ ਦੁਬਾਰਾ ਵੇਖਿਆ। ਬੇਪਛਾਣ ਚਿਹਰੇ ਨੂੰ ਪਛਾਨਣ ਲੱਗਾ।

ਅਜੇ ਉਹ ਚਿਹਰੇ ਨੂੰ ਪਛਾਨਣ ਦੀ ਜ਼ੱਦੋ-ਜਹਿਦ 'ਚ ਸੀ। ਅਚਾਨਕ ਅਸਮਾਨੀ ਬਿਜਲੀ ਚਮਕੀ। ਧੁੰਦਲਾ ਚਿਹਰਾ ਦੁੱਧ ਵਾਂਗ ਸਾਫ਼ ਦਿਸਿਆ।

"ਹੈਂਅ !!..ਤ...ਊ...ਅੰ...ਤੂੰ !!...ਏਥੇ !!!"

****

ਜਿੰਦੂ ਕਈ ਸਾਲਾਂ ਤੋਂ ਸਰਦਾਰ ਮੁਖ਼ਤਿਆਰ ਸੁੰਹ ਦੀ ਹਵੇਲੀ ਵਿਚ ਕੰਮ ਕਰਦਾ ਸੀ। ਜਿੱਥੇ ਉਸਦਾ ਦਾਦਾ ਤੇ ਪਿਓ ਵੀ ਸੀਰੀ ਦਾ ਕੰਮ ਧੰਦਾ ਕਰਦੇ ਰਹੇ। ਪਿਤਾ ਪੁਰਖੀ ਧੰਦਾ ਗਲ ਪੈ ਗਿਆ ਸੀ ਉਸਦੇ।

ਜਿੰਦੂ ਦੀ ਮਾਂ ਉਹਨੂੰ ਉਦੋਂ ਪੜ੍ਹਨੋਂ ਹਟਾ ਕੇ ਲਿਆਈ, ਜਦੋਂ ਕਾਗ਼ਜ਼ਾਂ ਵਿਚ ਉਸਦਾ ਨਾਂ ਹਰਜਿੰਦਰ ਬੋਲਦਾ ਸੀ।

ਪੰਜਾਬੀ ਮਾਸਟਰ ਸੁਰਜੀਤ ਸਿੰਘ 'ਪਾਹੁਤਾ ਪਾਂਧੀ' ਪਾਠ ਪੜ੍ਹਾ ਰਿਹਾ ਸੀ। ਬੱਚੇ ਮੰਤਰ-ਮੁਗਧ ਹੋਈ ਸੁਣੀ ਜਾ ਰਹੇ ਸਨ। ਮਾਸਟਰ ਜੀ ਦੱਸ ਰਹੇ ਸਨ , "ਬੱਚਿਓ, ਮੇਜਰ ਸਿੰਘ ਅਜਿਹਾ ਦਿਲਦਾਰ ਤੇ ਖੁਸ਼ਮਿਜਾਜ਼ ਬੰਦਾ ਸੀ , ਜਿਸਨੂੰ ਸਾਰੀ ਟਰੇਨ ਹੀ ਆਪਣਾ ਦੋਸਤ ਕਹਿਣ ਲੱਗ ਪਈ ਸੀ।" ਉਦੋਂ ਹੀ ਧਰਮ ਕੁਰ ਕਲਾਸ ਅੱਗੇ ਜਾ ਖੜ੍ਹੀ ਹੋਈ। ਮਾਸਟਰ ਦਾ ਧਿਆਨ ਪੜ੍ਹਾਉਣ ਬੰਨ੍ਹੀਓਂ ਹਟਿਆ। ਫੇਰ ਕਦ ਧਰਮ ਕੁਰ ਨੇ ਮਾਸਟਰ ਨੂੰ ਦੋਵੇਂ ਹੱਥ ਜੋੜ ਕੇ ਸਸਰੀਕਾਲ ਬੁਲਾਈ ਤੇ ਕਲਾਸ 'ਚੋਂ ਬਾਹਰ ਲਿਜਾ ਕੇ ਗੱਲਾਂ ਕਰਨ ਲੱਗ ਪਈ। ਉਸਦਾ ਗੱਚ ਭਰ ਆਇਆ। ਉਹ ਚੁੰਨੀ ਦੇ ਲੜ ਨਾਲ ਅੱਖਾਂ ਪੂੰਝਦੀ ਵੀ ਗਈ।

ਮਾਸਟਰ ਸੁਰਜੀਤ ਨੇ ਜਿੰਦੂ ਦੀ ਕੰਡ ਪਲੋਸੀ। ਉਸਨੇ ਧਰਮ ਕੁਰ ਨੂੰ ਸਮਝਾਉਂਦਿਆਂ ਕਿਹਾ ਸੀ, "ਤੇਰਾ ਮੁੰਡਾ ਹੁਸ਼ਿਆਰ ਸੀ ਮਾਤਾ ... ਬਾਣੀਏ ਵਰਗਾ ਦਿਮਾਗ਼ ਸੀ ਏਹਦਾ... ਪੜ੍ਹਾ ਲੈਂਦੇ...ਅਫਸਰ ਬਣਨਾ ਸੀ ਏਹਨੇ ਇੱਕ ਦਿਨ ... ਕਾਹਨੂੰ ਹਟਾਉਣ ਲੱਗੈ ਓਂ...।"

ਧਰਮ ਕੁਰ ਨੇ ਕਸੀਸ ਵੱਟੀ। ਉਸਨੇ ਸੌਂ ਦੀ ਇੱਕ ਕਹਿ ਸੁਣਾਈ, "ਮਾਸਟਰ ਜੀ, ਚਿੱਤ ਤਾਂ ਮੇਰਾ ਵੀ ਕਰਦੈ,ਬਈ ਜਿੰਦੂ ਪੜ੍ਹਦਾ ਰਹੇ , ਪਰ ਕਈ ਵਾਰ ਹੱਥੀਂ ਦਿੱਤੀਆਂ ਗੰਢਾਂ ਨਾ , ਮੂੰਹ ਨਾਲ ਖੋਲ੍ਹਣੀਆਂ ਪੈਂਦੀਆਂ ਨੇ ।" ਧਰਮ ਕੁਰ ਹੱਥ ਜੋੜ ਤਰਲੇ ਮਿੰਨਤਾਂ ਕਰਦੀ ਰਹੀ ।ਆਖ਼ਰ ਮਾਸਟਰ ਨੇ ਨਾਲ ਲਿਜਾਣ ਲਈ ਹਾਮੀ ਭਰ ਦਿੱਤੀ ।

ਜਿੰਦੂ ਬਿਨਾਂ ਨਾਂਹ-ਨੁੱਕਰ ਕੀਤੇ , ਝੋਲਾ ਚੁੱਕ ਮਾਂ ਦੀ ਪੈੜ ਵਿਚ ਪੈੜ ਧਰਦਾ ਤੁਰਿਆ ਗਿਆ। ਉਸ ਨੇ ਕਲਾਸ ਨੂੰ ਜਾਂਦੀ ਵਾਰੀ ਫੇਰ ਨਿਹਾਰਿਆ। ਕਿੰਨੀਆਂ ਹੀ ਖ਼ਾਲੀ ਅੱਖਾਂ ਉਸਨੂੰ ਤੱਕ ਰਹੀਆਂ ਸਨ। ਅਣਸੁਲਝੇ ਸਵਾਲਾਂ ਦਾ ਹੱਲ ਪੁੱਛ ਰਹੀਆਂ ਸਨ। ਉਸ ਕੋਲੋਂ ਤਾਂ 'ਪਾਹੁਤਾ ਪਾਂਧੀ ' ਦੇ ਹੀਰੋ ਮੇਜਰ ਸਿੰਘ ਵਾਂਗ ਆਪਣੇ ਕਲਾਸ ਦੇ ਮਿੱਤਰਾਂ ਨੂੰ ਜਾਣ ਦਾ ਪਤਾ ਵੀ ਨਾ ਦੱਸ ਹੋਇਆ।

ਧਰਮ ਕੁਰ ਨੇ ਜਿੰਦੂ ਦਾ ਝੋਲਾ ਘਰੇ ਰਖਵਾਇਆ। ਉਹ ਉਸਨੂੰ ਮੁਖ਼ਤਿਆਰ ਸੁੰਹ ਦੀ ਹਵੇਲੀ ਵੱਲ ਨੂੰ ਲੈ ਤੁਰੀ। ਉਹ ਸਕੂਲ ਵਰਦੀ ਵਿਚ ਹੀ ਮੁਖ਼ਤਿਆਰ ਦੇ ਸਾਹਮਣੇ ਜਾ ਖਲੋਇਆ। ਜਿੰਦੂ ਨੂੰ ਵੇਖ ਸਰਦਾਰ ਦੀਆਂ ਵਾਸ਼ਾਂ ਖਿੜ ਗਈਆਂ।

"ਆਹ ਚੰਗਾ ਕੀਤਾ ਚਾਚੀ ਤੂੰ ...ਹਟਾ ਲਿਆਈ ਏਹਨੂੰ ...ਐਮੇਂ ਔਖੇ ਹੋਈ ਜਾਂਦੇ ਸੀ ਆਪਾਂ। ਲੈ ਹੋਰ ਦੱਸ...ਮੁੰਡੇ ਦਾ ਕੀ 'ਚਾਰ ਪਾਉਣੈ।" ਭਾਵੇਂ ਕਿਹਾ ਤਾਂ ਮੁਖ਼ਤਿਆਰ ਨੇ ਧਰਮ ਕੁਰ ਨੂੰ ਸੀ ਪਰ ਤਲਵਾਰ ਦੇ ਫੱਟ ਵਰਗੇ ਬੋਲ ਹਰਜਿੰਦਰ ਦੇ ਦਿਲ ਵਿਚ ਫਿਰ ਗਏ ਸਨ।



ਉਹ ਖਸਿਆਨੀ ਜਿਹੀ ਮੁਸਕਰਾਹਟ ਚਿਹਰੇ ਉਪਰ ਲਿਆ ਕੇ ਫੇਰ ਬੋਲਿਆ, "ਤੂੰ ਬੇਫ਼ਿਕਰ ਹੋ ਜਾ ਚਾਚੀ...ਚਾਰ ਦਿਨਾਂ 'ਚ ਮੁੰਡਾ ਟਰੇਂਡ ਕਰਦੂੰ। ਦੇਖੀ ਫੇਰ, ਕਿਮੇਂ ਨੜੇ ਮਾਂਗੂੰ ਉਧੜਦੈ।"

ਜਿੰਦੂ ਦੇ ਮੋਢਿਆਂ ਤੇ ਧਰੀ ਪੰਜਾਲੀ ਉਸ ਦਿਨ ਤੋਂ ਬਾਅਦ ਕਦੀ ਨਾ ਉੱਤਰੀ। ਇਹ ਸੱਚ ਸੀ ਕਿ ਉਸਦੇ ਪਿਓ ਦੀਆਂ ਜੇਕਰ ਥਰੈਸ਼ਰ ਵਿਚ ਆ ਕੇ ਬਾਂਹ ਨਾ ਕੱਟੀ ਜਾਂਦੀ ਤਾਂ ਉਹ ਅੱਜ ਸਕੂਲੇ ਪੜ੍ਹਦਾ ਹੁੰਦਾ। ਜਿੰਦੂ ਤੇ ਮਨ ਤੇ ਅਜੇ ਵੀ ਉਸ ਦਿਨ ਦੀਆਂ ਤਾਜੀਆਂ ਝਰੀਟਾਂ ਪਈਆ ਸਨ।

ਜਦੋਂ ਉਸਦੇ ਪਿਓ ਗੁਰਜੰਟ ਨੇ ਵੀ ਉਸਨੂੰ ਹਸਪਤਾਲ ਵਿਚ ਵੇਖ ਲੰਮੀ ਆਂਹ ਭਰੀ ਸੀ, "ਧਰਮ ਕੁਰੇ ! ਇਹਦਾ ਵੀ ਅੱਗਾ ਮਾਰਤਾ ਆਪਾਂ ਏਥੇ ਤਾਂ ਸਾਰੀ ਉਮਰ ਆਹੀ ਬਾਹਾਂ ਆਹੀ ਕੁਹਾੜੀ ਰਹਿਣੀ ਏ।" ਗੁਰਜੰਟ ਹਸਪਤਾਲ ਵਿਚ ਚਿੰਤਾਂਤੁਰ ਹੋਇਆ ਬੈਠਾ ਸੀ , ਉਸ ਦੀਆਂ ਪਾਲੀਆਂ ਸਾਰੀਆਂ ਸੱਧਰਾਂ ਮਲੀਆਮੇਟ ਹੋ ਗਈਆਂ ।

"ਕੋਈ ਨਾ ਚਾਚੀ...ਸਾਰਾ 'ਲਾਜ ਮੈਂ ਕਰਵਾਊ...ਮੈਂ ਬੈਠਾ ਨਾ।" ਸਰਦਾਰ ਨੇ ਗੁਰਜੰਟ ਦੇ ਇਲਾਜ ਸਬੰਧੀ ਧਰਮ ਕੁਰ ਨੂੰ ਦਿਲਾਸਾ ਦਿੱਤਾ ਸੀ ।ਗੁਰਜੰਟ ਦੀ ਹਾਲਤ ਦਿਨੋਂ-ਦਿਨ ਵਿਗੜਦੀ ਗਈ। ਫੇਰ ਸਰਦਾਰ ਲੁਧਿਆਣੇ ਦੇ ਵੱਡੇ ਹਸਪਤਾਲ ਲਿਜਾਣ ਕੰਨੀਉਂ ਵੀ ਪੱਲਾ ਝਾੜ ਗਿਆ।

"ਘਰੇ ਹੀ ਕਰਲੋ ਭਾਈ ...ਸੇਵਾ ਏਹਦੀ ਹੁਣ...।" ਸਰਦਾਰ ਨੇ ਡਾਕਟਰ ਦੀ ਕਹੀ ਗੱਲ ਆਖ ਸੁਣਾਈਂ ਸੀ ।ਉਸਨੇ ਧਰਮ ਕੁਰ ਦੀਆਂ ਅੱਖਾਂ ਵਿੱਚੋਂ ਕਿਰਦੇ ਮੋਤੀਆਂ ਵਰਗੇ ਹੰਝੂਆਂ ਦੀ ਕਦਰ ਵੀ ਨਾ ਪਾਈ ।ਗੁਰਜੰਟ ਦੇ ਫ਼ੈਲਦੀ 'ਇਨਫੈਕਸ਼ਨ' ਡਾਕਟਰ ਰੋਕ ਹੀ ਨਾ ਸਕੇ ।ਉਹ ਦਿਨਾਂ ਵਿਚ ਹੀ ਸੁਆਹ ਦੀ ਢੇਰੀ ਹੋ ਗਿਆ ।

ਸਰਦਾਰ ਕਈ ਮਹੀਨੇ ਤਾਂ ਚੁੱਪ ਰਿਹਾ। ਵਿਸਾਖ ਤੋਂ ਭਾਦੋਂ ਮਹੀਨੇ ਤੱਕ ਆਉਂਦਿਆਂ, ਉਸ ਬੰਦੇ 'ਚੋਂ ਬੰਦਾ ਬੋਲਣ ਲੱਗਿਆ , "ਓ ਮੈਂ ਤਾਂ ਬਈ ਪਾਣੀ ਮਾਂਗੂੰ ਪੈਸੇ ਲਗਾ 'ਤੇ ਸੀ ਜੰਟੇ ਤੇ ...ਮੇਰਾ ਕੀ ਕਸੂਰ ਸੀ ....ਉਹ ਤਾਂ ਕੰਜ਼ਰ ਗੋਲੀਆਂ ਨਾਲ 'ਈ ਬਾਹਲਾ ਟੁੰਨ ਸੀ। ਉਪਰੋਂ ਰੁੱਗ ਲਾਉਂਦਿਆਂ ਬਾਂਹ ਮਸ਼ੀਨ 'ਚ ਦੇ 'ਲੀ। ਜਦੋਂ ਉਹਦੀ ਘਟੀ ਸੀ , ਫ਼ੇਰ ਆਪਾਂ ਕੀ ਕਰ ਸਕਦੇ ਹਾਂ। ਹੁਣ ਮੈਂ ਤਾਂ ਦੋਨੋਂ ਪਾਸੋਂ ਦੁਖੀ ਹਾਂ, ਨਾਲੇ ਮੇਰਾ ਪੈਸਾ ਗਿਆ ਤੇ ਉਪਰੋਂ ਬੰਦਾ ਵੀ ਨੀਂ ਬਚਿਐ..।"

ਮੁਖਤਿਆਰ ਨੇ ਚਾਰ ਬੰਦੇ ਬੁਲਾ ਕੇ ਆਖ਼ਰੀ ਪੈਂਤੜਾ ਖੇਡਿਆ , "ਮੇਰੀ ਤਾਂ ਹੁਣ ਸਿੱਧੀ

ਜਿਹੀ ਗੱਲ ਐ ...ਜਾਂ ਤਾਂ ਧਰਮ ਕੁਰ ਵਿਆਜ ਸਮੇਤ ਰੁਪਏ ਮੋੜੇ ਜਾਂ ਬੰਦੇ ਵੱਟੇ ਬੰਦਾ ਦੇਵੇ।" ਮੁਖਤਿਆਰ ਦੀ ਅੱਖ ਜਿੰਦੂ ਤੇ ਸੀ। ਧਰਮ ਕੁਰ ਨੇ ਭਰੀ ਪੰਚਾਇਤ ਵਿੱਚ ਜਿੰਦੂ ਨੂੰ ਸੀਰੀ ਰਲਾਉਣ ਪ੍ਰਤੀ ਸਹਿਮਤੀ ਦੇ ਦਿੱਤੀ।

"ਮੁੜ ਘੁੜ ਬੋਤੀ ਬੋਹੜ ਥੱਲੇ ਹੀ ਆਊਗੀ...ਹੋਰ ਇਹਨਾਂ ਨੇ ਕਿਹੜਾ ਡੀ. ਸੀ. ਬਣਨੈ, ਬੱਲਿਐ।" ਜਿੰਦੂ ਨੂੰ ਪਾਲੀ ਬਣਿਆ ਵੇਖ ਸਰਦਾਰ ਮੁੱਛ ਨੂੰ ਵੱਟ ਦੇਣ ਲੱਗਿਆ।

ਇਕ ਉਸਰਦਾ ਸੁਫ਼ਨਾ ਮਿੱਟੀ ਵਿੱਚ ਮਿਲ ਜਾ ਮਿਲਿਆ।

ਮੁਖ਼ਤਿਆਰ ਸੂੰਹ ਦੇ ਵਾਹਣ ਦੇ ਦੋ ਟੱਕ ਸਨ। ਇਕ ਨਿਆਈਂ ਚ ਤੇ ਦੂਸਰਾ ਨਹਿਰੋਂ ਪਾਰ। ਜਿੰਦੂ ਹੌਲੀ-ਹੌਲੀ ਦੋਵਾਂ ਟੱਕਾਂ ਨੂੰ ਸਾਂਭਣ ਲੱਗਿਆ। ਉਸਨੇ ਪਹਿਲਾਂ ਪਾਲੀ ਦੇ ਕੰਮ ਕਰ ਲੋਹਾ ਮੰਨਵਾਇਆ ਸੀ ਤੇ ਫੇਰ ਸੀਰੀਪੁਣੇ ਦਾ।

ਸਰਦਾਰ ਦੀਆਂ ਜ਼ਮੀਨਾਂ ਵੀ ਸੋਨਾ ਉਗਲਦੀਆਂ ਸਨ। ਪਰ ਫੇਰ ਵੀ ਸਰਦਾਰ ਮੰਗਤਿਆਂ ਵਰਗੀ ਨੀਅਤ ਰੱਖਦਾ।

ਉਲਟਾ ਸਰਦਾਰ ਹਰ ਸਾਲ ਦਾਬਾ ਮਾਰਦਾ, "ਥੋਡੇ ਬੰਨ੍ਹੀ ਅਜੇ ਅੱਸੀ ਹਜ਼ਾਰ ਟੁੱਟਦੈ ਕਾਕਾ...ਮੈਂ ਹੋਰ ਕਿਹੜੇ ਪਿਓ ਤੋਂ ਪੂਰੇ ਕਰੂੰ । ਉੱਤੋਂ ਨਿੱਤ ਫੜ੍ਹ ਕੇ ਲੈ ਜਾਨਿਓਂ... ਬੰਦਾ ਬਣਕੇ ਕੰਮ ਤੇ ਲੱਗਿਆ ਰਹਿ ...ਈਕਣ ਪੂਰੇ ਹੋਏ ਨਾ; ਮੈਂ ਆਪੇ ਦੱਸ ਦੂੰ।"

"ਵੇਖਲੋ ਕੰਜ਼ਰਾਂ ਦਾ ਭਲਾਈ ਦਾ ਤਾਂ ਜ਼ਮਾਨਾ ਹੀ ਨ੍ਹੀਂ ਰਿਹਾ। ਨਾਲੇ ਪੈਸੇ ਦਿੰਨੇ ਐਂ ...ਤੇ ਉਪਰੋਂ ਇਹ ਅੱਖਾਂ ਵਿਖਾਉਂਦੇ ਨੇ।" ਉਹ ਗਿਣ ਗਿਣ ਕੇ ਡਰਾਵਾ ਵੀ ਦਿੰਦਾ ਰਹਿੰਦਾ।

ਜਿੰਦੂ, ਰਜਨੀ ਤੇ ਧਰਮ ਕੁਰ ਸਰਦਾਰ ਦੀ ਹਵੇਲੀ ਮੂੰਹ ਹਨੇਰੇ ਆ ਵੜਦੇ ਤੇ ਦੀਵਾ ਜਗਣ ਤੇ ਘਰੇ ਮੁੜਦੇ । ਜਿੰਦੂ ਦਾ ਤਾਂ ਖਹਿੜਾ ਤਾਂ ਵੱਡੀ ਰਾਤੇ ਜਾ ਕੇ ਸੁੱਟਦਾ। ਕਦੀਂ ਕਦਾਈਂ ਰਾਤ ਵੀ ਨਹਿਰੀ ਪਾਣੀ ਲਾਉਂਦਿਆਂ ਲੰਘ ਜਾਂਦੀ । ਉਸ ਕੋਲੋਂ ਤਾਂ ਸਰਦਾਰ ਦੇ ਪ੍ਰਨੋਟ ਦੀ ਲਿਖਤ ਕਦੇ ਵੀ ਪਾੜ ਨਾ ਹੋਈ। ਉਹ ਹਰ ਵਿਸਾਖ ਨੂੰ ਨਵਾਂ ਪ੍ਰਨੋਟ ਭਰਕੇ ਦਸਤਖ਼ਤ ਕਰਵਾ ਲੈਂਦਾ। ਖੂਹ ਵਿਚ ਹਿੱਲੇ ਪਾਣੀ ਵਾਂਗ ਉਸਦੀ ਮਿਹਨਤ ਕਿਸੇ ਲੇਖੇ ਨਾ ਲੱਗਦੀ।

ਜਿੰਦੂ ਦਾ ਬਥੇਰਾ ਚਿੱਤ ਕਰਦਾ ਕਿ ਇਸ ਜੰਜਾਲ ਤੋਂ ਮੁਕਤੀ ਪਾਵੇ ।ਆਪਣੀ ਜ਼ਿੰਦਗੀ ਦੇ ਚਾਰ ਸਾਹ ਸੌਖੇ ਲਵੇ । ਜਾਗਰ ਨੰਬਰਦਾਰ ਦੀ ਗੱਲ ਯਾਦ ਕਰਦਿਆਂ ਉਹ ਬੁੜਕ ਉੱਠਦਾ , "ਜਿੰਦ ਸ਼ੇਰਾਂ... ਗ਼ਰੀਬਾਂ ਦੀ ਜ਼ਿੰਦਗੀ ਉਸਦੇ ਸੋਚਣ ਨਾਲ ਥੋੜ੍ਹਾ ਬਦਲਦੀ ਐ ...ਇਥੇ ਤਾਂ ਵਹੀਆਂ ਤੇ ਪ੍ਰਨੋਟ ਹੀ ਤਹਿ ਕਰਦੇ ਨੇ , ਹਲਾ, ਸਮਝਿਐ ।' '


ਇਹਨਾਂ ਪ੍ਰਨੋਟਾਂ ਦੇ ਭਾਰ ਹੇਠ ਉਹ ਡਿੱਗਦਾ ਗਿਆ। ਡਿੱਗਿਆ ਤਾਂ ਉਹ ਉਸ ਦਿਨ ਵੀ ਸੀ ਜਦੋਂ ਪਾਥੀਆਂ ਦੇ ਭਰੇ ਟੋਕਰੇ ਸਮੇਤ ਵਿਹੜੇ ਵਿਚ ਮੂਧੇ ਮੂੰਹ ਜਾ ਵੱਜਿਆ। ਕੋਲ ਖੜ੍ਹੇ ਸਰਦਾਰ ਨੇ ਉਸਨੂੰ ਚੁੱਕਿਆ ਵੀ ਨਹੀਂ । ਸਗੋਂ ਡਰਾਉਣੀਆਂ ਅੱਖਾਂ ਨਾਲ? ਘੂਰਦਾ ਰਿਹਾ।

ਸਰਦਾਰਨੀ ਦੀ ਉਸ ਸਮੇਂ ਪ੍ਰਤੀਕਿਰਿਆ ਸੀ , "ਕਰਲੂ ਜੀ ਏ ... ਖੇਤ ਬੰਨ੍ਹੇ ਦਾ ਕੰਮ ... ਕੱਲ੍ਹ ਦਾ ਟੋਟਰੂ ਐ ।" ਸਰਦਾਰਨੀ ਨੇ ਇਕਹਿਰੀ ਦੇਹ ਨੂੰ ਵੇਖ ਚਿੰਤਾਂ ਜ਼ਾਹਿਰ ਕੀਤੀ ਸੀ ।

"ਲੈ ਹੋਰ ਕੀ ਨੀਂ ਅਲਕ ਵਹਿੜਕਾ ਛੇਤੀ ਛਿੱਟੀ ਨੀਂ ਧਰਨ ਦਿੰਦਾਂ ਤੇ ਜਦੋਂ ਹਾਲੀ ਨਿਕਲਦੈ ਏ ਨਾ ਤਾਂ ਗੱਲਾਂ ਕਰਾ ਦਿੰਦੈ। ਭਾਵੇਂ ਪਰਤਿਆਲੀ ਮੇਰੀ ਗੱਲ ਨੂੰ।" ਜਿੰਦੂ ਵੱਲ ਵੇਖ ਸਰਦਾਰ ਆਸਵੰਦ ਸੀ।

ਪਹਿਲੋਂ ਦਿਨੀਂ ਜਿੰਦੂ ਨੇ ਸਰਦਾਰ ਦੀ ਹਵੇਲੀ ਤੇ ਖੇਤ ਵਿਚ ਹੱਡ ਭੰਨਵਾਂ ਕੰਮ ਕੀਤਾ। ਜਦੋਂ

ਉਹ ਪਾਲੀ ਸੀ ਤਾਂ ਉਸਦਾ ਕੰਮ ਕਰ ਕਰ ਲੱਕ ਕਮਾਣੀ ਵਰਗਾ ਹੋ ਜਾਂਦਾ। ਲਵੇਰੀਆਂ ਤੇ ਬੇਗਿਣਤ ਕੱਟੀਆਂ ਵੱਛੀਆਂ ਸਾਂਭਦਾ। ਉਹਨਾਂ ਦੀਆਂ ਲਿਬੜੀਆਂ ਪੂਛਾਂ ਮੂੰਹ ਤੇ ਵੇੜਾਂ ਵਾਂਗਰਾਂ ਵੱਜਦੀਆਂ। ਅੰਤਾਂ ਦੀ ਕਚਿਆਣ ਵੀ ਆਉਂਦੀ। ਉਹ ਕਸੀਸ ਵੱਟ ਕੇ ਪੱਠੇ ਵੱਢਣ ਤੁਰ ਪੈਂਦਾ ਤੇ ਕਦੇ ਸੰਨੀਆਂ ਰਲਾਉਂਦਾ। ਜਾਂ ਖੇਤਾਂ ਦੀਆਂ ਵੱਟਾਂ ਲਤਾੜਦਾ। ਰਾਤ ਨੂੰ ਰਾਖੀ ਕਰਨ ਖੇਤ ਉਸੇ ਨੂੰ ਜਾਣਾ ਪੈਂਦਾ।



ਉਸ ਲਈ ਉਹ ਦਿਨ ਕਾਲੇ ਦਿਨ ਵਰਗਾ ਚੜ੍ਹ ਆ। ਜਦੋਂ ਉਹ ਖੇਤ ਪੱਠੇ ਵੱਢ ਕੇ ਬੁਰੀ ਤਰ੍ਹਾਂ ਥੱਕ ਗਿਆ। ਹਰੇ ਉੱਤੇ ਹੀ ਲਿਟ ਗਿਆ। ਰਾਤ ਦਾ ਚੜ੍ਹ ਆ ਥਕੇਵਾਂ ਉਤਰ ਆਇਆ। ਉਪਰੋਂ ਨੀਂਦ ਨੇ ਘੇਰਾ ਪਾ ਲਿਆ। ਉਸਨੂੰ ਪਤਾ ਹੀ ਨਾ ਲੱਗਾ, ਕਦ ਉਹ ਲੰਮੀਆਂ ਤਾਣ ਕੇ ਪੈ ਗਿਆ।

ਉਸਦੀ ਅੱਖ ਉਦੋਂ ਖੁੱਲ੍ਹੀ ; ਜਦੋਂ ਸਰਦਾਰ ਤੂਤ ਦੀ ਛਿਟੀ ਲੈ ਕੇ ਉਸਨੂੰ ਛੱਲੀਆਂ ਵਾਂਗਰਾਂ ਕੁੱਟਣ ਲੱਗਿਆ। ਕੁੱਟਦਾ ਰਿਹਾ। ਕੁੱਟ ਪੈਣ ਕਰਕੇ ,ਉਸਦੇ ਪਿੰਡੇ ਤੇ ਨੀਲ ਪੈ ਗਏ।

"ਉਏ ਥੋਡੀ ਭੈਣ ਨੂੰ...ਉਧਰ ਘਰੇ ਡੰਗਰ ਭੁੱਖੇ ਮਰੀ ਜਾਂਦੇ ਨੇ। ਇਹ ਵੱਡਾ ਨਗੋਰੀ ਸੁੱਤਾ ਪਿਐ...ਅੱਖਾਂ ਖੋਲ੍ਹ ਲੈ...।ਔਹ ਵੇਖ!!!...ਬੁੜੀਆਂ ਗੁੱਲੀ ਡੰਡੇ ਨਾਲ ਕਣਕ ਵੀ ਵੱਢੀ ਜਾਂਦੀਆਂ ਨੇ। ਇਹ ਸਾਲੇ ਕੰਜ਼ਰ ਨੂੰ ਪਤਾ ਨੀਂ ਲੱਗਦੈ...।" ਸਰਦਾਰ ਦਾ ਗੁੱਸਾ ਪਰਨਾਲੇ ਹੇਠ ਪਏ ਲੂਣ ਦੇ ਡਲੇ ਵਰਗਾ ਨਹੀਂ ਸੀ , ਜਿਹੜਾ ਛੇਤੀ ਖੁਰ ਜਾਂਦਾ।

ਜਿੰਦੂ ਤੇ ਤਨ ਮਨ ਤੇ ਨੀਲੇ ਜ਼ਖ਼ਮ ਪੈ ਗਏ। ਉਹ ਸ਼ਾਮੀ ਘਰ ਮੁੜਿਆ। ਮਾਂ ਕਿੰਨ੍ਹਾਂ ਚਿਰ ਗਰਮ ਇੱਟ ਕਰ ਟਕੋਰ ਕਰਦੀ ਰਹੀ ਤੇ ਨੀਲ ਉਂਪਰ ਸਰ੍ਹੋਂ ਦਾ ਤੇਲ ਗਰਮ ਕਰ ਝੱਸਦੀ ਰਹੀ।

"ਕਿਸਮਤ ਦੀਆਂ ਗੱਲਾਂ ਨੇ ਪੁੱਤ ਸਾਰੀਆਂ... ਇਹ ਜ਼ਮਾਨਾ ਨਰਮ ਤੇ ਗ਼ਰੀਬ ਨਾਲ ਸ਼ੁਰੂ ਤੋਂ ਇੰਝ ਕਰਦਾ ਆਇਆ...ਏਥੇ ਕਰਦਾ ਕੋਈ ਐ ਤੇ ਭਰਦਾ ਕੋਈ ਐ।" ਮਾਂ ਨੇ ਚੇਤਿਆਂ ਵਿਚ ਅਟਕੀ ਗੱਲ ਛੋਹੀ।

"ਤੇਰਾ ਤਾਇਆ ਵੀ ਗਿਆਨੀਂ ਧਿਆਨੀ ਸੀ ਪੂਰਾ...ਉਹਨੂੰ ਵੀ ਤੇਰੇ ਮਾਂਗੂੰ ਕੁੱਟਿਆ ਸੀ ਵੱਡੇ ਸਰਦਾਰਾਂ ਨੇ 'ਕੇਰਾਂ। ਫੇਰ ਉਹ ਦੇਹਲੀ ਨੀਂ ਚੜ੍ਹਿਆ ਸਰਦਾਰਾਂ ਦੀ। ਸਰਦਾਰ ਨੂੰ ਕਹਿ ਆਇਆ ਸੀ...ਤੈਨੂੰ ਮੈਂ ਜਿਉਂਦਾ ਨੀਂ ਛੱਡਦੈ...ਬਚੀ ਹੁਣ ਮੈਥੋਂ...।"

"ਫਿਰ ਉਸ ਦੇ ਮਨ ਵਿਚ ਪਤਾ ਨੀਂ ਕੀ ਆਈ...ਉਹ ਗੁਰਦੁਆਰੇ ਜਾ ਬੈਠਾ। ਨਿਹੰਗ ਬਣ ਗਿਆ। ਜਪ ਕਰਦਾ ਤੇ ਤਪ ਤੇ ਧਿਆਨ ਲਾਉਂਦਾ ਰਿਹਾ। ਨਾਮ ਜਪਣ ਕਰਕੇ ਉਸਨੇ ਬੜੀ ਮਹਿਮਾ ਖੱਟੀ। ਫੇਰ ਇੱਕ ਦਿਨ ਮਾਖੇ ਆਲੀ ਨਹਿਰ ਕੋਲ ਕੋਈ ਲਾਸ਼ ਮਿਲੀ। ਸਾਰੇ ਕਹਿਣ ਹੱਥ ਨਾ ਲਾਇਓ...ਅਣਪਛਾਤਾ ਖਾੜਕੂ ਐ। ਪੁਲਿਸ ਵਾਲਿਆਂ ਨੇ ਮਾਰਤਾ ਹੋਊ। ਨਾਲੇ ਇਹ ਤਾਂ ਮੁਕਾਬਲਾ ਬਣਾਇਆ ਲੱਗਦੈ।"

"ਮੋਹਤਬਰ ਬੰਦੇ ਗਏ। ਪਹੇ ਤੇ ਕੋਈ ਬੰਦਾ ਮੂਧਾ ਪਿਆ ਸੀ। ਉਲਟਾ ਕੇ ਵੇਖਿਆ ਤੇਰਾ

ਤਾਇਆ ਸੀ। ਮੌਰਾਂ 'ਚ ਚਾਰ ਗੋਲੀਆਂ ਦੇ ਨਿਸ਼ਾਨ ਸੀ ਤੇਰੇ ਤਾਏ ਦੇ।"

"ਕੇਰਾਂ ਤਾਂ ਸਾਰੇ ਕਹਿਣ, ਬਈ ਇਹ ਸਰਦਾਰਾਂ ਨੇ ਮਰਵਾਇਆ। ਪਰ ਫੇਰ ਗਵਾਹੀ ਦੇਣ ਵੇਲੇ...।"

'ਪੁੱਤ ਮੈਨੂੰ ਤੇਰਾ ਫ਼ਿਕਰ ਐ...ਭੰਗ ਦੇ ਭਾਣੇ ਕਿਤੇ ਰਗੜੇ ਨਾ ਜਾਈਏ ਆਪਾਂ । ਮੇਰਾ ਪੁੱਤ ਬਣਕੇ, ਲੋਕਾਂ ਦੀ ਚੁੱਕ ਵਿਚ ਆ ਕੇ...ਕੋਈ ਗ਼ਲਤ ਕੰਮ ਨਾ ਕਰਲੀ।" ਮਾਂ ਦੀਆਂ ਗੱਲਾਂ ਸੁਣ ਉਸਦਾ ਮਨ ਬੋਦੇ ਕੱਪੜੇ ਵਾਂਗ ਪਾਟ ਗਿਆ।

ਉਸਨੂੰ ਮਹਿਸੂਸ ਹੋਇਆ ਕਿ ਉਸਦੇ ਦੋਵੇਂ ਪਾਸੇ ਡੂੰਘੀਆਂ ਖਾਈਆਂ ਨੇ । ਜਾਨ ਦੋਵੇਂ ਪਾਸੇ ਫਸੀ ਏ-ਕੰਮ ਕਰਕੇ ਵੀ ਤੇ ਛੱਡਕੇ ਵੀ।

ਹੁਣ ਉਹ ਸਰਦਾਰ ਦੇ ਪਰ੍ਛਾਵੇਂ ਤੋਂ ਵੀ ਡਰਨ ਲੱਗਿਐ। ਉਹ ਟਿਕ ਕੇ ਨਾ ਬੈਠਦਾ। ਉਸਨੂੰ ਲੱਗਦਾ-ਸਰਦਾਰ ਉਸ ਨਾਲ-ਨਾਲ ਤੁਰਿਆ ਫਿਰਦਾ ਏ। ਉਹ ਸੌਣ ਲੱਗਦਾ । ਝੱਟ ਉੱਠ ਖਲੋਂਦਾ । ਲੱਗਦਾ ਸੀ ਸਰਦਾਰ ਆਪਣੀ ਕਾਲੀ ਘੋੜੀ ਤੇ ਆ ਰਿਹਾ ਏ ਤੇ ਉਸਨੂੰ ਗਲ ਵਿਚ ਰੱਸਾ ਪਾ ਕੇ ਘਸੀਟਦਾ ਤੁਰਿਆ ਜਾ ਰਿਹਾ ਹੈ। ਉਸ ਨਾਲ ਸਰਦਾਰ ਦਾ ਪਰ੍ਛਾਵਾਂ ਹਮੇਸ਼ਾ ਅਲੇਹੇ ਵਾਂਗ ਚਿੰਬੜ ਕੇ ਰਹਿ ਗਿਆ।

ਸਰਦਾਰ ਤੋਂ ਕੌਣ ਨੀਂ ਸੀ ਡਰਦਾ? ਅੱਧੇ ਤੋਂ ਵੱਧ ਪਿੰਡ ਦਾਬੂ ਸੀ ਉਹਦਾ। ਉਹਦੇ ਕਾਲੀ ਘੋੜੀ ਦੀਆਂ ਟਾਪਾਂ ਦੀ ਆਵਾਜ਼ ਸੁਣ ਲੋਕ ਸੁਸਰੀ ਵਾਗੂੰ ਸੌਂ ਜਾਂਦੇ। ਲੰਮਾ ਕੱਦ ਤੇ ਚੌੜੀ ਛਾਤੀ ਵੱਖਰਾ ਰੌਅਬ ਪਾਉਂਦੀ। ਮਾੜਾ ਧੀੜਾ ਤਾਂ ਸਰਦਾਰ ਦੀ ਹਵੇਲੀ ਵੱਲ ਮੂੰਹ ਨਾ ਕਰਦਾ । ਬਹੁਤੇ ਲੋਕ ਹਵੇਲੀ ਦੇ ਵੱਡੇ ਦਰਵਾਜ਼ੇ ਵੇਖ ਕੇ ਹੀ ਤ੍ਰਭਕ ਜਾਂਦੇ। ਸਰਕਾਰੇ ਦਰਬਾਰੇ ਉਹਦੀ ਪੁੱਛ ਗਿੱਛ ਹੁੰਦੀ। ਥਾਣਿਓਂ ਮੁਨਸ਼ੀ ਰਿਪੋਰਟ ਸਰਦਾਰ ਦੇ ਕਹਿਣ ਤੇ ਹੀ ਤਿਆਰ ਕਰਦਾ। ਉਹ ਝੂਠ ਨੂੰ ਸੱਚ ਤੇ ਸੱਚ ਨੂੰ ਝੂਠ ਕਰਨ ਦਾ ਮਾਸਟਰ ਖਿਡਾਰੀ ਸੀ। ਕਚਹਿਰੀਆਂ ਚ ਤਹਿਸੀਲਦਾਰ ਨਾਲ ਉੱਠਣੀ ਬੈਠਣੀ ਹੋਣ ਕਰਕੇ ਵੀ ਸਾਲਮਾਂ ਵੱਜਦੀਆਂ। ਘਰੇਂ ਉਚੇਚਾ ਮੀਟ ਰਿੱਝਦਾ ਤੇ ਉਹ ਦਾਰੂ ਦੇ ਡਰੰਮ ਪਾਉਂਦੇ ਤੇ ਕੱਢਦੇ ਰਹਿੰਦੇ। ਰੱਤੀ ਭਰ ਨਾ ਝਿਜਕਦੇ। ਜਿਸ ਦਿਨ ਦਾਰੂ ਕੱਢਦੇ; ਹਵਾ ਵਿੱਚ ਗੰਧ ਫ਼ੈਲਦੀ। ਸਭ ਨੂੰ ਪਤਾ ਹੁੰਦਾ, ਪਰ ਗੰਧ ਦੀ ਨਿਸ਼ਾਨਦੇਹੀ ਜਾਂ ਮੁਖਬਰੀ ਕੋਈ ਵੀ ਨਾ ਕਰਦਾ। ਧੌਣ ਉੱਚੀ ਕਰਕੇ ਬੋਲਣ ਵਾਲਾ ਬੰਦਾ ਅਜੇ ਪਿੰਡ ਵਿੱਚ ਜੰਮਿਆਂ ਹੀ ਨਹੀਂ ਸੀ।

ਉਹ ਆਪਣੇ ਆਪ ਨੂੰ ਖੱਬੀ ਖਾਨ ਸਮਝਦਾ ਸੀ ਤੇ ਉਹਦੇ ਕੋਲ ਹਜ਼ਾਰਾਂ ਪੈਤੜੇ ਸਨ ਜਿਹੜਾ ਉਹ ਕਿਸੇ ਟਾਂਵੇ ਟੱਲੇ ਨਾਲ ਸਾਂਝੇ ਕਰਦਾ।

ਸਰਦਾਰ ਨੇ ਆਪਣੇ ਰਿਸ਼ਤੇਦਾਰ ਕੋਲ ਸੀਰੀ ਪਾਲੀ ਰੱਖਣ ਬਾਰੇ ਆਪਣਾ ਗੁਰ ਦੱਸਿਆ।

"ਇਕ ਤਾਂ ਇਹ ਕੌਮ ਨੂੰ ਸਵੇਰੇ ਆਉਂਦਿਆਂ ਗਰਮ ਨਾ ਬੋਲੋ। ਘਾਬਰਦੀ ਬਹੁਤ ਛੇਤੀ ਐ। ਦੁਪਹਿਰੇ ਤੋਂ ਬਾਅਦ ਭਾਵੇਂ ਲੱਤਾਂ ਵੱਢ ਦਿਓ ,ਚੂੰ ਨੀਂ ਕਰਦੀ।"

"ਇਹਨਾਂ ਪਤਿਉਰਿਆ ਦੇ ਗਲ ਗੂਠਾ ਦੇਈ ਰੱਖੋ। ਪੰਜ ਦੇ ਕੇ ਪੰਜਾਹ ਲਿਖੋ। ਜਿਹਨਾਂ ਇਹਨਾਂ ਨੂੰ ਦਾਬੂ ਵੱਧ ਤੋਂ ਵੱਧ ਰੱਖੋਗੇ ਨਾ। ਉਹਨੇ ਤੁਸੀਂ ਵੱਧ ਕਾਮਯਾਬ ਰਹੋਗੇ।" ਸਰਦਾਰ ਦੀਆਂ ਇਹ ਸ਼ੈਤਾਨੀਆਂ ਹੀ ਜਿੰਦੂ ਦੀ ਅੰਦਰਲੀ ਬਲਦੀ ਅੱਗ ਉੱਤੇ ਡੁੱਲੀ ਜਾਂਦੀਆਂ ਸਨ।

ਇਹ ਮੱਠੀ ਮੱਠੀ ਅੱਗ ਉਸ ਦਿਨ ਲਾਟ ਬਣ ਬਾਹਰ ਆਈ ਜਦੋਂ ਉਹ ਖੇਤ ਬੰਨ੍ਹੇ ਦੇ ਸਾਰੇ ਕੰਮ ਵੇਖਣ ਲੱਗ ਪਿਆ ਸੀ। ਤੇ ਉਸਦਾ ਸਾਰਾ ਦਿਨ ਹੀ ਖੇਤ ਬੰਨ੍ਹੇ ਹੀ ਗੁਜ਼ਰ ਜਾਂਦਾ ਸੀ ।

ਉਦੋਂ ਜਿੰਦੂ ਚਹੁੰ ਕਿੱਲਿਆਂ ਦੀ ਜੀਰੀ ਵਾਲੀ ਵੱਟ ਘੜ ਕੇ ਪਾਣੀ ਪੀਣ ਬੋਰ ਕੋਲ ਆਇਆ।

ਚੁਬੱਚੇ 'ਚੋਂ ਪਾਣੀ ਪੀ ਕੇ ਕੋਠੇ ਵੱਲ ਵਧਿਆ। ਅਚਾਨਕ ਉਸਦੀ ਸਰਸਰੀ ਜਿਹੀ ਨਿਗਾਹ ਕੋਠੇ ਦੇ ਅੰਦਰ ਗਈ। ਕੋਠੇ ਅੰਦਰੋਂ ਠੰਡੀਆਂ-ਗਰਮ ਆਵਾਜ਼ਾਂ ਆ ਰਹੀਆ ਸਨ, ਉਸਨੇ ਬੂਹੇ ਦੀ ਝੀਥ ਵਿਚੋਂ ਟਿਕਟਿਕੀ ਲਾ ਕੇ ਵੇਖਿਆ। ਕੋਠੇ ਅੰਦਰਲਾ ਸੀਨ ਵੇਖ ਉਸਦੀਆਂ ਅੱਖਾਂ ਅੱਗੇ ਹਨ੍ਹੇਰ ਛਾ ਗਿਆ। ਉਹ ਧਰਤੀ ਵਿੱਚ ਗੱਡਿਆ ਗਿਆ। ਸਾਹਾਂ ਦੀ ਫੜਫੜਾਹਟ ਤੇਜ਼ ਹੋਣ ਲੱਗੀ। ਉਸਦੇ ਹੱਥ ਵਿੱਚ ਫੜ੍ਹੀ ਦਾਤੀ ਛੁੱਟਣ ਲੱਗੀ ਸੀ। ਫੇਰ ਸਰਦਾਰ ਦਾ ਚਿਹਰਾ ਦਿਓ ਬਣ ਸਾਹਮਣੇ ਆ ਗਿਆ । ਉੱਚੀ ਉੱਚੀ ਹੱਸਣ ਲੱਗਿਆ। ਉਸਦੀ ਤਾਕਤ ਬਰਫ਼ ਬਣ ਖੁਰਨ ਲੱਗੀ। ਅੰਦਰੋਂ ਕੁਝ ਤਿੜਕ ਕੇ ਚੂਰ ਚੂਰ ਹੋ ਗਿਆ। ਉਹ ਕਦ ਕੋਠੇ ਤੋਂ ਦੂਰ ਹੋ ਗਿਆ, ਉਸਨੂੰ ਖ਼ੁਦ ਨੂੰ ਵੀ ਪਤਾ ਨਾ ਲੱਗਾ।

ਥੋੜ੍ਹੇ ਸਮੇਂ ਬਾਅਦ ਸਰਦਾਰ ਕੋਠੇ 'ਚੋਂ ਬਾਹਰ ਨਿਕਲਿਆ। ਉਸਨੇ ਆਪਣੇ ਕੱਪੜੇ ਝਾੜੇ। ਅਟਕਿਆ ਖੰਘਾਰ ਗਲ 'ਚੋਂ ਕੱਢਿਐ। ਉਹ ਲੰਮੀਆਂ ਲੰਮੀਆਂ ਪੁਲਾਂਘਾਂ ਭਰਦਾ ਮੋਟਰ ਸਾਈਕਲ ਕੋਲ ਪਹੁੰਚਿਆ ਤੇ ਕਿੱਕ ਮਾਰਕੇ ਚਲਾ ਗਿਆ ਤੇ ਕੋਠੇ ਵਿਚੋਂ ਹੀ ਸਿਸਕੀਆਂ ਭਰਦੀ ਔਰਤ ਬਾਹਰ ਨਿਕਲੀ। ਉਸਨੇ ਆਵਾਜ਼ ਮਾਰੀ। ਉਸ ਕੋਲੋਂ ਆਵਾਜ਼ ਹੀ ਨਾ ਨਿਕਲੀ। ਦਮ ਜਿਹਾ ਭਰ ਹਲਕੀ ਸੁਰ ਵਿਚ ਕਿਹਾ, "ਜਿੰਦੂ ਆ ਜਾ ਪੁੱਤ...ਚਾਹ ਪੀ ਲੈ।" ਹੋਰ ਕੁਝ ਕਹਿਣ ਦਾ ਮਾਦਾ ਬਚਿਆ ਹੀ ਕਿੱਥੇ ਸੀ?

ਹਰਜਿੰਦਰ ਕੋਲੋਂ ਚਾਹ ਪੀਣ ਵੀ ਨਾ ਆਇਆ ਗਿਆ। ਉਹ ਤਾਂ ਅੱਖਾਂ ਬੰਦ ਕਰ ਵੱਟ ਤੇ ਬੈਠਾ ਹੀ ਰਿਹਾ। ਉਸਨੂੰ ਅਜੀਬ ਕਿਸਮ ਦੀ ਘੁਮੱਤਰੀ ਚੜ੍ਹੀ। ਇਸ ਵੇਗ ਵਿਚ ਆ ਕੇ , ਹੱਥ ਵਿਚ ਫੜ੍ਹੀ ਦਾਤੀ ਨਾਲ ਸਾਲ ਕੁ ਦੇ ਸਫ਼ੈਦੇ ਦੇ ਦੋ ਟੋਟੇ ਕਰ ਦਿੱਤੇ।

ਗਰਮ ਚਾਹ ਦੀ ਥਾਂ ਉਸ ਦਿਨ ਦਾਰੂ ਉਸਦੇ ਸੰਘੋਂ ਲੰਘੀ ।

******

ਸਰਦਾਰ ਮੁਖ਼ਤਿਆਰ ਦੀ ਪੂਰੇ ਪਿੰਡ ਵਿੱਚ ਤੂਤੀ ਬੋਲਦੀ ਸੀ। ਪਰ ਉਹ ਇੱਕ ਗੱਲੋਂ ਦੁਖੀ ਸੀ। ਉਹ ਸੀ ਉਸਦਾ ਮੁੰਡਾ-ਬੱਗਾ। ਜਿਸਨੂੰ ਸਾਰੇ ਪਿੰਡ ਵਾਲੇ 'ਛੋਟਾ ਸਰਦਾਰ' ਆਖਣ ਲੱਗ ਪਏ ਸਨ।

ਬੱਗਾ ਆਮ ਜਵਾਕਾਂ ਵਾਂਗ ਹੁਸ਼ਿਆਰ ਨਹੀਂ ਸੀ। ਅਠਾਰਾਂ ਨੂੰ ਢੁੱਕਿਆ ਸੀ, ਪਰ ਮਨ ਨੌਂ ਸਾਲਾਂ ਜਵਾਕ ਵਰਗਾ ਸੀ। ਉਸਦੇ ਮੂੰਹ ਵਿੱਚੋਂ ਸਾਰਾ ਦਿਨ ਲਾਰਾਂ ਨਿਕਲਦੀਆਂ। ਉਹ ਦਿਮਾਗੋਂ ਵੀ ਊਣਾ ਸੀ। ਸਿੱਧੜ ਜਿਹਾ। ਪਰ ਅਮੀਰੀ ਅਜਿਹਾ ਕੱਜਣ ਏ; ਜਿਹੜਾ ਵੱਡੇ ਤੋਂ ਵੱਡਾ ਪਾੜ ਵੀ ਢੱਕ ਲੈਂਦੈ।

ਸਰਦਾਰਨੀ ਵੀ ਸਰਦਾਰ ਦੀ ਪੈੜ ਵਿਚ ਪੈੜ ਧਰਦੀ। ਉਹ ਗਰੂਰ ਤੇ ਮੜ੍ਹਕ ਨਾਲ ਤੁਰਦੀ। ਸਰਦਾਰਨੀ ਦਾ ਨਾਂ ਤਾਂ ਭਾਵੇਂ ਅਜਮੇਲ ਕੁਰ ਸੀ ਪਰ ਸਾਰਾ ਪਿੰਡ ਸੌਖ ਲਈ 'ਵੱਡੀ ਬੀਬੀ ' ਆਖ ਬੁਲਾਉਂਦੇ ਸਨ।

ਸਰਦਾਰਨੀ ਜਿੰਦੂ ਵੱਲ ਇੰਝ ਵਹਿੰਦੀ-ਜਿਵੇਂ ਮੁਸਲਮਾਨਾਂ ਨੂੰ ਸੂਰ। ਮਿੰਟ ਵੀ ਵਿਹਲਾ ਨਾ ਬਹਿਣ ਦਿੰਦੀ। ਜਾਤੀ ਨਿਹੋਰੇ ਕੱਸਦੀ। ਭਰਿੰਡ ਵਾਂਗੂੰ ਸਿਰ ਉੱਤੇ ਮੰਡਰਾਉਂਦੀ। ਛੱਤੀ ਕੰਮ ਕਰਵਾ ਕੇ ਇਕ ਗਿਣਦੀ। ਉਸ ਦਾ ਚੰਡਾਲ ਰੂਪ ਵੇਖਣ ਤੇ ਪ੍ਰਤੀਤ ਹੁੰਦਾ-ਜਿਵੇਂ ਉਹ ਪਿਛਲੇ ਜਨਮਾਂ ਦਾ ਕੋਈ ਬਦਲਾ ਲੈ ਰਹੀ ਹੋਵੇ।

ਉਹ ਅਕਸਰ ਹੀ ਟੋਕਿਆ ਕਰਦੀ ।

"ਵੇ ਨਿੱਖਟੂਆ...ਕਿਧਰ ਮਰ ਗਿਐ ਵੇ। ਆਟਾ ਪਿਹਾ ਕੇ ਲਿਆ ਕੋਹੜੀਆ...ਹੋਰ ਤੇਰਾ ਪਿਓ ਪਿਹਾ ਕੇ ਲਿਹਾ 'ਊ।"

"ਧਾਰਾਂ ਤੇਰੀ ਮਾਂ ਦੀਆਂ ਸਾਰੀਆਂ ਚੋਣ ਆਲੀਆਂ ਪਈਆਂ ਨੇ...ਆਪ ਮਹਾਰਾਜ ਢਾਕਾਂ ਤੇ ਹੱਥ ਰੱਖੀ ਖੜ੍ਹੈ । ਨਾਲੇ ਸੰਨ੍ਹੀ ਰਲਾ ਤੇ ਵਿਹਲਾ ਹੋ ...ਬਥੇਰੇ ਕੰਮ ਕਰਨ ਆਲੇ ਪਏ ਨੇ।"

"ਪਸ਼ੂਆਂ ਥੱਲੇ ਸੁੱਕ ਸਿੱਟ...ਗੋਕਿਆਂ ਨੂੰ ਮਾਰਨ ਆਲੀਆਂ ਕਰ ਰਖਿਐ। ਤੂੰ ਵੀ ਤਾਂ ਐਹੀ ਚਾਹੁੰਨਾਂ ਬਈ ਇਕ ਅੱਧਾ ਪਸ਼ੂ ਮਰੇ ਤੇ ਮੇਰਾ ਕੰਮ ਘਟੇ।"

"ਨਹੀ ਜਾਣਾ ਜੋਗੀਪੀਰ ਦੇ ਮੇਲੇ ... ਲੈ ਉੱਥੇ ਤੇਰਾ ਜਾਣ ਕੰਨੀਓਂ ਗੱਡਾ ਖੜ੍ਹੈ । ਉਈ ਲਗੋੜ ਮੂੰਹ ਚੁੱਕੀ ਤੁਰੀ ਫਿਰਦੀ ਏ...ਕੰਮ ਕਰ ...ਬੰਦਾ ਬਣਕੇ।"

ਸਰਦਾਰਨੀ ਦੀ ਕਿਚ-ਕਿਚ ਕਦੇ ਵੀ ਮੁੱਕਣ 'ਚ ਨਾ ਆਉਂਦੀ। ਉਹ ਤਾਂ ਜਿੰਦੂ ਦੀ ਮਾਂ ਧਰਮ ਕੁਰ ਤੇ ਭੈਣ ਰਜਨੀ ਨੂੰ ਵੀ ਹਲਕੇ ਕੁੱਤੇ ਵਾਂਗ ਪੈਂਦੀ। ਮਾਂ ਨੂੰ ਬੱਠਲਾਂ ਨਾਲ ਮਤਰਾਲ ਚੁੱਕਦਿਆਂ ਦੁਪਹਿਰਾ ਹੋ ਜਾਂਦਾ। ਹਵੇਲੀ ਦੇ 'ਨੀਵੇਂ-ਕੰਮਾਂ' ਨੂੰ ਕਰਨਾ ਉਹਨਾਂ ਦੇ ਹਿੱਸੇ ਆਇਆ। ਅੱਠ ਨੌਂ ਰੋਟੀਆ, ਦਸੇਰ ਦੁੱਧ, ਇਕ ਪੰਡ ਹਰੇ ਦੀ ਜਾਂ ਮਰਨੇ ਜਿਉਣੇ ਤੇ ਮਿਲੇ ਦੋ ਕੱਪੜੇ ਹੀ ਉਹਨਾਂ ਦੀ ਤਨਖਾਹ ਸੀ।

"ਬੰਦਾ ਕੰਮ ਕਰ ਤਾਂ ਲਵੇ ਪਰ੍ਹ ਰੋਜ਼ ਕੁੱਤੇ-ਖਾਣੀ ਤਾਂ ਨਾ ਕਰੇ।" ਜਿੰਦੂ ਨੂੰ ਸਰਦਾਰਨੀ ਤੇ ਬਹੁਤ ਗੁੱਸਾ ਚੜ੍ਹਦਾ। ਸਰਦਾਰਨੀ ਦੀ ਜੀਭ ਵੱਢਣ ਨੂੰ ਚਿੱਤ ਕਰਦਾ; ਜਿਹੜੀ ਬੰਦੇ ਨੂੰ ਬੰਦਾ ਨੀਂ ਜਾਣਦੀ।

ਇਹ ਭਾਵੇਂ ਲੱਖ ਸਾਬਣਾਂ ਨਾਲ ਨਹਾ ਲੈਣ...ਪਰ ਇਨ੍ਹਾਂ ਦੇ ਪਿੰਡੇ ਵਿੱਚੋਂ ਬਦਬੋ ਨ੍ਹੀਂ ਜਾਂਦੀ।" ਸਰਦਾਰਨੀ ਦੇ ਅਜਿਹੇ ਬੋਲ ਤਿੱਖੀਆਂ ਨੋਕਾਂ ਵਰਗੇ ਜਾਪਦੇ।

ਸਰਦਾਰਨੀ ਤੋਂ ਖਹਿੜਾ ਛੁੱਟ ਗਿਆ ਜਦ ਉਹ ਰਾਤ ਨੂੰ ਚੰਗੀ ਭਲੀ ਸੁੱਤੀ ਤੇ ਸਵੇਰੇ ਉੱਠੀ ਹੀ ਨਾ।

ਵੱਡੀ ਬੀਬੀ ਨੂੰ ਸਾਇਲੈਂਟ ਅਟੈਕ ਹੋਇਆ...।" ਲੋਕ ਢਿੱਲੇ ਮੂੰਹਾਂ ਨਾਲ ਆਪਸ ਵਿੱਚ ਗੱਲਾਂ ਕਰਦੇ। ਪਰ ਬੱਗਾ ਤੇ ਸਰਦਾਰ ਭੁੱਬਾਂ ਮਾਰ ਰੋਏ। ਇੱਧਰ ਜਿੰਦੂ ਮਨੋ ਮਨੀ ਬਹੁਤ ਖ਼ੁਸ਼ ਹੋਇਆ। ਉਸਨੂੰ ਲੱਗਿਆ-ਗ਼ਰੀਬ ਦੀ ਦੁਆ ਭਾਵੇਂ ਲੱਗੇ ਨਾ ਲੱਗੇ ਪਰ ਬਦ ਦੁਆ ਇਕ ਨਾ ਇਕ ਦਿਨ ਜ਼ਰੂਰ ਲੱਗਦੀ ਏ।

ਮਰਨੇ ਤੇ ਹਵੇਲੀ ਆਉਣ ਜਾਣ ਵਾਲਿਆਂ ਦਾ ਤਾਂਤਾ ਲੱਗਿਆ ਰਿਹਾ । ਵੱਡੇ ਤੋਂ ਵੱਡਾ ਅਫਸਰ ਗੋਡਾ ਨਿਵਾ ਕੇ ਗਿਆ । ਤਿੰਨ ਕੁ ਵਜੇ ਵੱਡੀ ਬੀਬੀ ਨੂੰ ਸਿਵਿਆਂ ਵਿਚ ਲਿਜਾ ਕੇ ਫ਼ੂਕ ਵੀ ਆਏ।

ਆਥਣ ਵੇਲੇ ਵਲਗਣ ਵਿਚ ਮੇਘੇ ਮੈਂਬਰ ਨੇ ਉਸਨੂੰ ਦੋ ਤਿੰਨ ਹਾੜ੍ਹੇ ਲਵਾਏ। ਉਸਨੇ ਵੀ ਝਕਦਮ ਖਿੱਚ ਲਏ। ਮੋਟੇ ਹਾੜ੍ਹੇ ਲਾ ਉਸਦੇ ਮਨ ਨੂੰ ਸ਼ਾਂਤੀ ਆਈ। ਮੇਘੇ ਨੇ ਉਸਨੂੰ ਬੈਟਰੀ , ਸੋਟੀ ਤੇ ਕੁਹਾੜੀ ਫੜਾਈ। ਉਸਨੂੰ ਸਕੂਟਰ ਦੇ ਮਗਰ ਬਿਠਾ ਲਿਆ।

ਕਿੱਧਰ ਬਾਬਾ ...ਪਾਣੀ ਦੀ ਵਾਰੀ ਤਾਂ ਅੱਜ ਹੈਨੀ।" ਉਸਨੇ ਮੇਘੇ ਮੈਂਬਰ ਤੋਂ ਦੋ ਤਿੰਨ ਵਾਰ ਪੁੱਛਿਆ ਵੀ। ਪਰ ਉਹ ਬੋਲਿਆ ਨਾ-ਜਿਵੇਂ ਦੱਸਣਾ ਹੀ ਨਾ ਚਾਹੁੰਦਾ ਹੋਵੇ। ਉਸਦੇ ਮਨ ਵਿਚ ਮਾਂ ਦੀ ਤਾਏ ਪ੍ਰਤੀ ਦੱਸੀ ਗੱਲ ਘੁੰਮਣ ਲੱਗੀ।

ਸਕੂਟਰ ਸਿਵਿਆਂ ਕੋਲ ਜਾ ਰੁਕਿਆ। ਉਹ ਕੰਬ ਉੱਠਿਆ। ਪੈਰ ਥੰਮ੍ਹ ਗਏ। "ਆਜਾ...ਆਜਾ।

ਤੁਰਿਆ ਆ।''

ਦੋਵਾਂ ਨੇ ਵੱਡੀ ਬੀਬੀ ਦੀ ਅੱਧ ਜਲੀ ਲਾਸ਼ ਕੱਢੀ। ਮੇਘੇ ਨੇ ਉਸਨੂੰ ਦਲੇਰੀ ਦਿੰਦਿਆ ਕਿਹਾ ਸੀ, ''ਪਾਪੀ ਬੰਦਿਆਂ ਨੂੰ ਤਾਂ ਅੱਗ ਵੀ ਆਪਣੇ ਨੇੜੇ ਨੀਂ ਲਾਉਂਦੀ ਤਾਂ ਕਰਕੇ ਇਹ ਇਹ ਪੁੰਨ ਦਾ ਕੰਮ ਕਰਨਾ ਆਪਣੇ ਹਿੱਸੇ ਆਇਆ ਪੋਤਿਆਂ ... ਆਪਾਂ ਟੈਮ ਨਾ ਲਾਈਏ। ਫਟਾਫਟ ਕੰਮ ਨਿਬੇੜੀਏ ਤੇ ਚੱਲੀਏ ਘਰੇ। ਉਤੋਂ ਮੌਸਮ ਵੀ ਖ਼ਰਾਬ ਲੱਗਦੈ।'' ਪਹਿਲਾਂ-ਪਹਿਲ ਤਾਂ ਜਿੰਦੂ ਨਾਂਹ-ਨੁੱਕਰ ਕਰਦਾ ਰਿਹਾ। ਕ੍ਰਿਸ਼ਨ ਜਿਵੇਂ ਅਰਜਨ ਨੂੰ ਕੁਰੂਕਸ਼ੇਤਰ ਵਿੱਚ ਕੌਰਵਾਂ ਵਿਰੁੱਧ ਯੁੱਧ ਕਰਨ ਲਈ ਰਜ਼ਾਮੰਦ ਕਰਕੇ ਮੈਦਾਨ ਵਿੱਚ ਲੈ ਗਿਆ ਸੀ; ਬਿਲਕੁਲ ਉਵੇਂ ਹੀ ਮੇਘੇ ਨੇ ਵੱਡੀ ਬੀਬੀ ਦੀ ਲਾਸ਼ ਦੇ ਟੋਟੇ ਕਰਵਾਉਣ ਲਈ ਤਿਆਰ ਕਰ ਲਿਆ।

''ਵੱਡੀ ਬੀਬੀ...ਤੂੰ ਮੇਰੇ ਹੱਥੋਂ ਹੀ ਏਥੇ ਹੀ ਮਰਨਾ ਸੀ।'' ਉਹ ਵੱਡੀ ਬੀਬੀ ਨੂੰ ਦੱਸ ਦੇਣਾ ਚਾਹੁੰਦਾ ਸੀ। ਕਚੀਚੀ ਵੱਟ ਕੇ ਕੁਹਾੜੀ ਨਾਲ ਆਲੂ ਕੱਟਣ ਵਾਂਗ ਖੋਪੜੀ ਦੀਆਂ ਕਈ ਫਾੜੀਆਂ ਕਰ ਦਿੱਤੀਆਂ। ਬਾਰੀਕ ਤੋਂ ਬਾਰੀਕ। ਕਰਦਾ ਰਿਹਾ । ਕਰਦਾ ਰਿਹਾ ।

''ਬਸ ਪਤੰਦਰਾਂ ....ਬਸ...।'' ਮੇਘਾ ਮੈਂਬਰ ਹਟਾਉਂਦਾ ਰਿਹਾ ਤੇ ਉਹ ਕੁਹਾੜੀ ਅੰਨ੍ਹੇਵਾਹ ਚਲਾਉਂਦਾ ਰਿਹਾ।

ਉਸਦੀਆਂ ਅੱਖਾਂ ਲਾਲ ਹੋ ਗਈਆਂ ਤੇ ਬਲੱਡ ਸੌ ਦੀ ਸਪੀਡ ਤੋਂ ਉੱਪਰ ਹੋ ਗਿਆ। ਬਿਲਕੁਲ ਉਵੇਂ; ਜਿਵੇਂ ਇਕ ਕਾਤਲ ਦਾ ਕਤਲ ਕਰਦਿਆਂ ਹੋਇਆ ਹੋਵੇ। ਅੱਖਾਂ ਵਿਚ ਦਹਿਸ਼ਤ ਵੇਖ ਮੇਘਾ ਮੈਂਬਰ ਵੀ ਡਰ ਗਿਆ।

******

ਵੱਡੀ ਬੀਬੀ ਦੀ 'ਮੁੜਵੀ ਕਾਣ' ਜੁੜੀ। ਬੱਗੇ ਦੇ ਵਿਆਹ ਦੀਆਂ ਤਿਆਰੀਆਂ ਗੁੰਦਣ ਲੱਗੀਆਂ।

ਫੇਰ ਦਿਨਾਂ ਵਿੱਚ ਹੀ ਪੱਕ ਠੱਕ ਹੋਈ। ਜਿਸ ਘਰੇ ਮਹੀਨਾ ਪਹਿਲਾਂ ਸੱਥਰ ਵਿਛੇ ਸਨ। ਜਿੱਥੇ ਵੈਣ ਪੈ ਰਹੇ ਸਨ । ਉੱਥੇ ਟੈਂਟ ਲੱਗਣ ਲੱਗੇ। ਮਰਨਾ ਸਭ ਨੂੰ ਭੁੱਲ ਭੁਲਾ ਗਿਆ ਸੀ। ਕੀਰਨਿਆਂ ਦੀ ਥਾਂ ਸਪੀਕਰਾਂ ਵਿੱਚੋਂ ਗੀਤ 'ਵੱਜਣ ਲੱਗੇ। ਹਲਵਾਈ ਬਿਠਾ ਦਿੱਤੇ ਗਏ । ਚੁੱਲ੍ਹੇ 'ਤੇ ਦੇਗ ਕੜਾਹੀਆਂ ਆਣ ਟਿਕੀਆਂ। ਖੁਸਬੋਆਂ ਨਾਲ ਹਵੇਲੀ ਭਰ ਗਈ ।

ਜਿੰਦੂ ਵਿਆਹ ਚ ਊਰੀ ਵਾਂਗੂੰ ਘੁੰਮਿਐ ।ਉਹਨੂੰ ਇੰਝ ਲੱਗਿਐ; ਜਿਵੇਂ ਉਸੇ ਦਾ ਵਿਆਹ ਹੋ ਰਿਹਾ ਹੋਵੇ। ਕਦੀ ਇੱਧਰ ਤੇ ਕਦੀ ਉੱਧਰ ਭੱਜਦਾ ਰਿਹਾ। ਉਸਨੂੰ ਬੋਲ ਵੱਜਦੇ ਰਹੇ । ਉਹ ਪਹਿਲੇ ਬੋਲ ਤੇ ਝੱਟ ਹਾਜ਼ਰ ਹੁੰਦਾ।

ਵਿਆਹ ਤੋਂ ਪਹਿਲਾਂ ਹਵੇਲੀ ਵਿਚ ਢੋਲਕੀ ਵੱਜਦੀ ਰਹੀ। ਬੁੜੀਆਂ -ਕੁੜੀਆਂ ਦੇ ਮੂੰਹੋਂ ਉਸ ਸੁਣਿਆ, ''ਛੋਟੀ ਬੀਬੀ ਦਾ ਸੁਭਾਅ ਤਾਂ ਜਮਾਂ ਹੀ ਵੱਡੀ ਬੀਬੀ ਵਰਗਾ ਈ ਆ।'' ਗੱਲ ਸੁਣ ਜਿੰਦੂ ਦਾ ਮਨ ਰਿੜਕਨੇ ਵਿੱਚ ਘੁੰਮਦੀ ਮਧਾਣੀ ਵਰਗਾ ਹੋ ਗਿਆ।

''ਫੇਰ ਮੈਨੂੰ ਨ੍ਹੀਂ ਲੱਗਦਾ...ਸਰਦਾਰ ਤੇ ਸਰਦਾਰਨੀ ਵਾਲਾ ਪਾਸਾ ਥੱਲਿਆ ਜਾਊ।'' ਜਿੰਦੂ ਨੇ ਸਿਰ ਨੂੰ ਖੱਬੇ ਸੱਜੇ ਮਾਰਿਆ। ਇਹ ਗੱਲ ਕੁੱਤੇ-ਮੱਖੀ ਵਾਂਗ ਮੁੜ-ਮੁੜ ਉਹਦੇ ਸਿਰ ਦੁਆਲੇ ਭਿਣਕਦੀ ਰਹਿੰਦੀ

''ਜਿੰਦੂ ਆਈਂ ਉਏ...।'' ਨੌਹਰੇ' ਚ ਬੈਠੇ ਬੰਸੀ ਤੇ ਤਾਰੀ ਨੇ ਇਕੱਠਿਆਂ ਨੇ ਬੋਲ ਮਾਰਿਆ। ਖਟਕਦਾ ਸੀ ਜਿਵੇਂ ਉਹ ਕਿਸੇ ਗੁੱਝੀ ਸਾਜ਼ਿਸ਼ ਕਰਨ ਦੀ ਤਾਂਕ ਵਿਚ ਹੋਣ।

ਉਹ ਪਹਿਲੇ ਬੋਲ ਜਾ 'ਲਾਈਨ ਹਾਜ਼ਰ' ਹੋਇਆ। ਉਸਨੇ ਵੇਖਿਆ-ਉਹਨਾਂ ਦੇ ਘਰ ਦਾ ਪਾਲਿਆ ਬੱਕਰਾ ਮੋਟੀਆਂ ਮੋਟੀਆਂ ਅੱਖਾਂ ਰਾਹੀਂ ਹੰਝੂ ਕੇਰ ਰਿਹਾ ਸੀ। ਜਿਸਨੂੰ ਉਹ 'ਬਹਾਦੁਰ' ਕਹਿੰਦਾ ਹੁੰਦਾ ਸੀ। ਉਹਨੂੰ ਪਤਾ ਲੱਗਿਆ-ਸਰਦਾਰ ਭੋਅ ਦੇ ਭਾਅ ਚੁੱਕ ਲਿਆਇਆ। ਉਸ ਨੂੰ ਅੰਤਾਂ ਦਾ ਗੁੱਸਾ ਚੜ੍ਹਿਆ।

ਇੱਧਰ ਬੰਸੀ ਵਰਗੇ ਤਾਂ ਹੋਰ ਹੀ ਮਿਥੀ ਬੈਠੇ ਸਨ। ਬੰਸੀ ਮੋਹਰੀ ਬਣ ਬੋਲਿਆ, "ਤਲਵਾਰ ਚੁੱਕ ਜਵਾਨਾਂ...ਉਡਾ ਦੇ ਇਕ 'ਚ। ਫੇਰ ਮੰਨਾਂਗੇ ਅਸੀਂ ਤੇਰੇ ਜ਼ੋਰ ਨੂੰ।"

ਉਹ ਸਾਹ ਸਤਹੀਣ ਹੋਇਆ ਖੜ੍ਹਿਆ ਰਿਹਾ। ਇਹ ਜ਼ੁਲਮ ਉਸ ਕੋਲੋਂ ਨਹੀਂ ਸੀ ਹੋਣਾ। ਉਸਨੇ ਨਾਂਹ ਵਿੱਚ ਸਿਰ ਮਾਰਿਆ।

ਬੰਸੀ, ਕੰਤਾ ਤੇ ਕਾਕੇ ਹੋਰੀ ਉਸਨੂੰ ਸ਼ਿਸਕਾਰਦੇ ਰਹੇ। ਪੁਚਾਕਰਾਦੇ ਰਹੇ। ਕਦੇ ਡਰਪੋਕ ਤੇ ਕਦੇ ਦਲੇਰ ਦਾ ਖ਼ਤਾਬ ਦਿੰਦੇ ਰਹੇ।

"ਮੱਲਾਂ ਮਾਰ...ਮਾਰ...ਵੇਖੀ ਕੀ ਜਾਨੈ।" ਉਹ ਉਹਨਾਂ ਦੇ ਬੋਲਾਂ ਨੂੰ ਨਾ ਸਹਾਰ ਸਕਿਆ। ਖ਼ੂਨ ਉਬਾਲੇ ਖਾਣ ਲੱਗਾ। ਉਸਨੇ ਤਲਵਾਰ ਚੁੱਕ ਲਈ। ਫੜ੍ਹੀ ਤਲਵਾਰ ਫੜਫੜ ਕਰਨ ਲੱਗੀ। ਅੰਤਾਂ ਦੀ ਘਬਰਾਹਟ ਵੀ ਹੋਈ। ਉਹ ਸਾਰਾ ਤਾਣ ਇਕੱਠਾ ਕਰਨ ਲੱਗਿਆ।

ਅਚਾਨਕ ਉਹਦੀਆਂ ਅੱਖਾਂ ਵਿੱਚ ਚਮਕ ਆ ਪਈ। ਉਸਨੇ ਵੇਖਿਆ:ਇਹ ਤਾਂ ਸਰਦਾਰ ਦੀ ਧੌਣ ਏ ।ਸਰਦਾਰ ਗੋਡਣੀਆਂ ਸਹਾਰੇ ਬੈਠਾ ਸੀ। ਮਜਬੂਰ ਹੋਇਆ। ਬੱਕਰਾ ਉਸਦੀਆਂ ਅੱਖਾਂ ਨੂੰ ਦਿਸਣੋਂ ਬੰਦ ਹੋ ਗਿਆ। ਉਸਨੂੰ ਸਰਦਾਰ ਦੀ ਧੌਣ ਸਾਫ਼ ਦਿਸਣ ਲੱਗ ਪਈ। ਨਸਾਂ ਵਿਚ ਤੇਜ਼ੀ ਨਾਲ ਖ਼ੂਨ ਦੌੜਨ ਲੱਗਾ। ਉਸਨੇ ਤਲਵਾਰ ਅਸਮਾਨ ਵੱਲ ਖਿੱਚ ਲਈ। ਜ਼ੋਰ ਦੀ ਹੱਥਾਂ ਵਿਚ ਲੈ ਕੇ ਵਾਰ ਕੀਤਾ। ਧੌਣ ਇੱਕ ਝਟਕੇ ਨਾਲ ਹੀ ਧੜ ਨਾਲੋਂ ਅਲੱਗ ਹੋ ਗਈ। ਲਹੂ ਦੇ ਸਿੱਟੇ ਉਸਦੇ ਮੂੰਹ ਤੇ ਵੱਜੇ।

ਤਲਵਾਰ ਉਸਦੇ ਹੱਥੋਂ ਛੁੱਟ ਗਈ।

... ਤੇ ਉਹ ਬਾਹਰ ਵੱਲ ਹੋ ਤੁਰਿਆ।

ਉਸਨੇ ਮੁੜਕੇ ਨਾ ਵੇਖਿਆ:ਉਹ ਬੱਕਰਾ ਸੀ ਜਾਂ ਸਰਦਾਰ ।ਉਹ ਮਰ ਗਿਆ ਜਾਂ ਜਿਉਂਦਾ ।

ਉਹ ਕਈ ਦਿਨ ਸੋਚਦਾ ਰਿਹਾ , "ਜੇ ਉਹ ਬੱਕਰਾ ਸਾਡਾ ਸੀ ਤਾਂ ਸਾਲਾ ਉਸ ਦਿਨ ਮੈਨੂੰ ਵੇਖ ਮਿਆਂਕਿਆ ਕਿਉਂ ਨਹੀਂ ?"

ਆਪਣੇ ਆਪ ਨੂੰ ਸਮਝੌਤੀ ਦਿੰਦਾ ਹੋਇਆ ਉਹ ਚਿਤਵਦਾ, "ਸਾਲਾ ਗੂੰਗਾ ਸੀ ਨਾ ਮੇਰੇ ਵਰਗਾ... ਉਪਰੋਂ ਗ਼ਰੀਬ ਦਾ ਹੋਇਆ , ਉਹਨੇ ਐਂਵੇ ਥੋੜ੍ਹਾ ਕਿਥੋਂ ਬੋਲਣਾ ਸੀ?"

******

"ਲੈ ਪੁੱਤ ... ਸੁੱਖ ਨਾਲ ਤਿੰਨ ਜਾਣੇ ਹੈਗੇ ਆ। ਕਮਾਉਣ ਆਲੇ। ਚੌਥੇ ਦੀ ਆਸ ਏ .. ਵਾਹਲਾ ਟੈਮ ਨੀਂ ਜਾਂਦੈ।" ਧਰਮ ਕੁਰ ਮਿੰਨ੍ਹਾ ਜਿਹਾ ਮੁਸਕਰਾਈ ਤੇ ਜਿੰਦੂ ਦੇ ਮਨ ਵਿਚ ਲੱਡੂ ਫੁੱਟਣ ਲੱਗੇ।

ਉਹ ਤਾਂ ਉਸ ਸਮੇਂ ਨੂੰ ਵੀ ਉਡੀਕਦਾ ਸੀ ਕਦ ਉਹ ਸਰਦਾਰ ਦੇ ਲੱਤ ਮਾਰ ਕੇ ਆਖੇ, "ਬਥੇਰਾ ਖ਼ੂਨ ਪੀ ਲਿਆ ਸਾਡਾ ਮੁਖ਼ਤਿਆਰ ਸਿਆਂ...ਆਹ ਪਿਐ ਪਾੜਿਆ ਪ੍ਰਨੋਟ...ਹੁਣ ਨੀਂ ਮੈਂ ਉਂਗਲ ਧਰਾਉਂਦਾ ਕਿਸੇ ਤੋਂ। ਯਾਰ ਘਰ ਚੱਲਿਐ।" ਉਸ ਵਿਚ ਉਸਦਾ ਤਾਇਆ ਬੋਲਣ ਲੱਗਦਾ।

ਇਹ ਪਲ ਤਾਂ ਉਹ ਉਡੀਕਦਾ ਪਿਆ ਸੀ। ਘਰੋਂ ਹਵੇਲੀ ਤੇ ਹਵੇਲੀ ਘਰੋਂ ਆ ਜਾਂਦਾ।

ਛੋਟੀ ਬੀਬੀ ਵੱਡੀ ਬੀਬੀ ਵਰਗੀ ਨਹੀਂ ਸੀ। ਉਸਦਾ ਭਰਮ ਟੁੱਟਿਆ। ਉਸਨੇ ਜਦ ਉਸਦਾ ਚਿਹਰਾ ਵੇਖਿਆ ਤਾਂ ਉਹ ਹੈਰਾਨ ਰਹਿ ਗਿਆ। ਉਹ ਤਾਂ ਨਿਰੀ ਪਰੀਆਂ ਦੀ ਭੈਣ ਲੱਗਦੀ ਸੀ । ਬੱਗਾ ਜਿਸਨੂੰ ਲੋਕ 'ਛੋਟਾ ਸਰਦਾਰ' ਆਂਹਦੇ ਸਨ ਉਹ ਜਵਾਂ ਨਿਖੱਟੂ। ਨਿਖਿੱਧ। ਨਾ ਖਾਣ ਦਾ ਪਤਾ ਨਾ ਬੋਲਣ ਦਾ।

"ਮੁੰਡੇ ਨੂੰ ਕੌਣ ਰਿਸ਼ਤਾ ਕਰਦੈ... ਅਗਲੇ ਤਾਂ ਜ਼ਮੀਨਾਂ ਨੂੰ ਕਰਕੇ ਗਏ ਨੇ।" ਲੋਕ ਭਾਖਿਆ ਸੱਚ ਹੋਈ ਪਈ ਸੀ।

ਛੋਟੀ ਬੀਬੀ ਤਾਂ ਬੜੇ ਨਰਮ ਸੁਭਾਅ ਦੀ ਸੀ। ਉਹ ਸਦਾ ਹੱਸਦੀ ਰਹਿੰਦੀ। ਬੱਗੇ ਨਾਲ ਸ਼ਰਾਰਤਾਂ ਵੀ ਕਰਦੀ। ਨਿੱਕੀਆਂ-ਨਿੱਕੀਆਂ। ਪਿਆਰੀਆਂ-ਪਿਆਰੀਆਂ। ਉਹ ਅਕਸਰ ਹੀ ਗੁਣਗੁਣਾਉਂਦੀ ....

ਮੇਰੀ ਮੁੱਠੀ ਵਿਚ ਕੀ?

ਤੋਤਾ।

ਤੋਤਾ ਕਿੱਥੇ ਬੈਠੂ?

ਟਾਹਲੀ ਤੇ।

ਟਾਹਲੀ ਕੌਣ ਵੱਢੂ?

ਮੁਸਲਮਾਨ।

ਮੁਸਲਮਾਨ ਦੇ ਗਲ? ਵਿਚ ਕੀ?

ਟੱਲੀਆਂ।

ਠਾਹ ! ਠਾਹ !! ਬੰਦੂਕਾਂ ਚੱਲੀਆਂ।

ਛੋਟੀ ਬੀਬੀ ਛੋਟੇ-ਛੋਟੇ ਟੂਕਾਂ ਛੋਹ ਕੇ ਛੋਟੇ ਸਰਦਾਰ ਨਾਲ ਖੇਡਦੀ। ਜਿਸਨੂੰ ਜਿੰਦੂ ਨੇ ਕਈ ਵਾਰ ਤੱਕਿਆ ਸੀ।

ਉਹ ਜਿੰਦੂ ਨੂੰ ਜਦ ਵੀ ਆਵਾਜ਼ ਮਾਰਦੀ। ਉਹ ਉਡਿਆ-ਉਡਿਆ ਜਾਂਦਾ।

"ਜਿੰਦ ਭਰਾ ਬਣਕੇ, ਸਿਲੰਡਰ ਜੜਦੇ। ਮੈਨੂੰ ਤਾਂ ਇਹਤੋਂ ਵਾਲਾਈ ਡਰ ਲੱਗਦੈ।"

"ਜਿੰਦ ਤੇਰੀ ਬੀਬੀ ਤਾਂ ਕੰਮਾਂ ਨੂੰ 'ਨੇਰੀ ਐਂ। ਮੈਨੂੰ ਤਾਂ ਉਹਦਾ ਮੋਹ ਹੀ ਵਾਹਲਾ ਆਉਂਦੈ।"

ਉਸਦੇ ਬੋਲ ਨਿੱਘੇ ਤੇ ਮਿਠਾਸ ਨਾਲ ਭਰੇ ਹੁੰਦੇ। ਹੁਣ ਉਸਨੂੰ ਹਵੇਲੀ ਸੋਹਣੀ ਸੋਹਣੀ ਲੱਗਦੀ। ਹੋਵੇ ਵੀ ਕਿਉਂ ਨਾ ਰੂੰ ਦੇ ਫੰਬੇ ਵਰਗੀ ਸੀ ਉਹ। ਗੁਟਕ ਜਿਹੀ ਨੂੰ ਨਿੱਤ ਤੁਰੀ ਫਿਰਦੀ ਵੇਖਦਾ।

ਛੋਟੀ ਬੀਬੀ ਉਸ ਨਾਲ ਨਿੱਕੀਆਂ ਨਿੱਕੀਆਂ ਗੱਲਾਂ ਵੀ ਕਰ ਲੈਂਦੀ; ਆਵਦੇ ਪੇਕਿਆਂ ਦੀ ; ਬੱਗੇ ਦੀਆਂ ਤੇ ਕਦੇ ਉਸਦੀ ਭੈਣ ਰਜਨੀ ਦੇ ਵਿਆਹ ਦੀਆਂ।

ਗ਼ਰੀਬ ਬੰਦੇ ਦਾ ਜੇਕਰ ਅੰਦਰਲਾ ਦੁੱਖ ਪੁੱਛ ਲਈਏ ਤਾਂ ਉਹ ਤੁਹਾਡੀ ਖ਼ਾਤਰ ਆਪਣੀ ਜਾਨ ਵੀ ਦੇ ਸਕਦਾ ਹੈ। ਤਾਂਹੀਓ ਛੋਟੀ ਬੀਬੀ ਉਸਨੂੰ ਪਿਆਰੀ ਲਗਦੀ ਸੀ।

ਫੇਰ ਉਹ ਦਿਨ ਆਏ ਜਦ ਛੋਟੀ ਬੀਬੀ ਕਈ ਦਿਨਾਂ ਤੋਂ ਗੁੰਮ ਸੁੰਮ ਜਿਹੀ ਰਹਿਣ ਲੱਗ ਪਈ। ਬਸ ਉਹ ਉਸਨੂੰ ਚੌਂਕੇ ਤੋਂ ਹਵੇਲੀ ਤੱਕ ਚੱਕਰ ਲਾਉਂਦੀ ਵੇਖਦਾ। ਉਹ ਹੁਣ ਅੱਖ ਪੁੱਟ ਕੇ ਵੀ ਨਾ ਦੇਖਦੀ। ਇਹ ਚਾਲ ਢਾਲ ਬਦਲਣ ਦਾ ਝੋਰਾ ਜਿੰਦੂ ਨੂੰ ਬਹੁਤ ਮਹਿਸੂਸ ਹੋਇਆ।

ਉਸਦੇ ਮੂੰਹ ਤੇ ਚੜ੍ਹਿਆ ਨੂਰ ਜਿਵੇਂ ਉੱਡ ਗਿਆ ਹੋਵੇ। ਉਸਨੇ ਜਿੰਦੂ ਨੂੰ ਹੁਣ ਕਦੇ ਵੀ ਪਿਆਰ ਨਾਲ ਆਵਾਜ਼ ਨਾ ਮਾਰੀ। ਉਹ ਪੁੱਛਣ ਦੀ ਕੋਸ਼ਿਸ਼ ਕਰ ਹੀ ਨਹੀਂ ਸਕਦਾ ਸੀ।

ਉਹ ਉਸਦੇ ਨਿੱਘ ਭਰੇ ਬੋਲਾਂ ਨੂੰ ਤਰਸਦਾ । ਉਸ ਲਈ ਤਾਂ ਇਹ ਸਾਵਣ ਬਿਨਾਂ ਕਣੀਆਂ ਪਾਏ ਲੰਘ ਚੱਲਿਆ ਸੀ।

ਤੇ ਆਖ਼ਰ ਫ਼ੇਰ ਇੱਕ ਮੌਕਾ ਮਿਲ ਹੀ ਗਿਆ ।

"ਛੋਟੀ ਬੀਬੀ ...ਛੋਟੀ ਬੀਬੀ, ਤੁਸੀਂ ਠੀਕ ਓ?" ਉਸਨੇ ਹਵੇਲੀ ਅੰਦਰ ਆਸਾ-ਪਾਸਾ ਵੇਖ ਬੁਲਾਉਣ ਦੀ ਹਿੰਮਤ ਕੀਤੀ ।

ਛੋਟੀ ਬੀਬੀ ਨੇ ਤਰਸ ਭਰੀਆਂ ਨਿਗਾਹਾਂ ਨਾਲ ਜਿੰਦੂ ਨੂੰ ਤੱਕਿਆ। ਉਸ ਦੀ ਤੱਕਣੀ ਵਿੱਚ ਹਜ਼ਾਰਾਂ ਜਵਾਬ ਸਨ। ਉਹ ਬਹੁਤ ਕੁਝ ਦੱਸਣਾ ਚਾਹੁੰਦੀ ਸੀ । ਉਸਦਾ ਸ਼ਰੀਰ ਇਕੱਠਾ ਜਿਹਾ ਹੋਣ ਲੱਗਿਆ। ਉਸਦੇ ਬੁੱਲ ਹਿੱਲੇ। ਪਰ ਕੰਠ ਨੇ ਉਸਦਾ ਸਾਥ ਨਾ ਦਿੱਤਾ। ਉਹ ਬਿਨਾਂ ਬੋਲੇ ਉਥੋਂ ਤੁਰ ਗਈ। ਜਿੰਦੂ ਉਸ ਥਾਂ ਤੇ ਗੱਡਿਆ ਰਹਿ ਗਿਆ ।

ਫੇਰ ਕਈ ਦਿਨਾਂ ਬਾਅਦ ਵਿਹੜੇ ਵਿਚ ਡਾਂਗ ਜਿੱਡਾ ਸੱਪ ਮਰਿਆ ਪਿਆ ਜਿੰਦੂ ਨੇ ਵੇਖਿਆ। ਉਸਨੇ ਹੈਰਾਨ ਭਰੀਆਂ ਨਜ਼ਰਾਂ ਨਾਲ ਬੱਗੇ ਤੋਂ ਪੁੱਛਿਆ, "ਐਹ ਕਿਸਨੇ ਮਾਰਿਆ ਸੱਪ ਛੋਟੇ ਸਰਦਾਰ?"

"ਹੋਰ ਕੀਹਨੇ ਮਾਰਨਾ ਸੀ...ਛੋਟੀ ਸਰਦਾਰਨੀ ਨੇ ਮਾਰਿਐ।" ਉਹ ਉੱਚੀ ਉੱਚੀ ਰੌਲਾ ਪਾਉਂਦਾ ਰਿਹਾ ।

*****

ਇਕ ਦਿਨ ਤ੍ਰਿਕਾਲਾਂ ਵੇਲੇ ਸਰਦਾਰ ਨੇ ਉਸਨੂੰ ਆਵਾਜ਼ ਮਾਰੀ। ਉਸਨੂੰ ਪਤਾ ਸੀ ਕਿ ਸਰਦਾਰ ਊਲ-ਜ਼ਲੂਲ ਹੀ ਬੋਲੇਗਾ। ਦੋ ਚਾਰ ਉਸਨੂੰ ਮਾਵਾਂ ਭੈਣਾਂ ਦੀਆਂ ਗਾਲ੍ਹਾਂ ਕੱਢੇਗਾ। ਉਹ ਵਫ਼ਾਦਾਰ ਕੁੱਤੇ ਵਾਂਗ ਪੂਛ ਹਿਲਾ ਕੇ ਹਾਮੀ ਭਰੇਗਾ ਤੇ ਚੱਟੇਗਾ ਵੀ। ਮਾਲਕ ਦਾ ਕਿਹਾ, ਨੌਕਰ ਕਿਵੇਂ ਮੋੜ ਸਕਦੈ।

ਜਿੰਦੂ ਅਣਮੰਨੇ ਮਨ ਨਾਲ ਸਰਦਾਰ ਵੱਲ ਗਿਆ। ਸਰਦਾਰ ਦੇ ਅੱਖਾਂ ਵਿਚ ਵਹਿਸ਼ਤ ਸੀ ਤੇ ਉਹ ਨਸ਼ੇ ਪੂਰਾ ਟੁੰਨ ਸੀ। ਉਸਦੀ ਜ਼ੁਬਾਨ ਥਥਲਾਉਂਦੀ ਪਈ ਸੀ "ਜਿੰਦੂ ਉਰ੍ਹੇ ਆ ਉਏ...ਆਹ ਬੋਤਲ ਫ਼ੜ ਤੇ ਗਲਾਸ ਚੁੱਕ। ਪਾ ਮੇਰੇ ਸਾਹਮਣੇ ਗਲਾਸ ਭਰਕੇ,ਕਤੀੜਾ।"

ਮਾਲਕ ਦੇ ਸਾਹਮਣੇ ਕੌਣ ਪੀਂਦਾ ਹੈ ਤੇ ਹਾਮੀ ਭਰ ਸਕਦਾ "ਨਾ ਜੀ ...ਅੱਜ ਨੀਂ ਪੀਣੀ... ਵੀਰਵਾਰ ਏ।" ਉਸਨੇ ਟਾਲਣਾ ਚਾਹਿਆ।

ਸਰਦਾਰ ਨੇ ਧੱਕੇ ਨਾਲ ਉਸਨੂੰ ਦੋ ਹਾੜੇ ਲਵਾਏ ਤੇ ਪੌਣੀ ਬੋਤਲ ਹੱਥ ਵਿਚ ਫੜਾ ਦਿੱਤੀ। ਜਦ ਉਹ ਬੋਤਲ ਫੜ੍ਹਨ ਲੱਗਿਆ ਤਾਂ ਉਸਦੇ ਗੀਝੇ ਵਿਚ ਕਈ ਨੋਟ ਵੀ ਪਾ ਦਿੱਤੇ। ਹਰੇ-ਹਰੇ। ਅਣਗਣਿਤ।

"ਜਾ ਤੈਨੂੰ...ਅੱਜ ਛੁੱਟੀ ਐ...ਐਸ਼ ਕਰ।"

ਜਿੰਦੂ ਘਰ ਵੱਲ ਤੁਰ ਪਿਆ। ਉਸਨੂੰ ਅੱਜ ਸਰਦਾਰ ਵੀ ਚੰਗਾ ਚੰਗਾ ਲੱਗਿਆ। ਉਹ ਆਪਣੇ ਆਪ ਨੂੰ ਵਿਹੜੇ ਵਾਲਿਆਂ ਦਾ ਜਵਾਈ ਸਮਝਣ ਲੱਗਿਆ। ਇਕ ਦੋ ਲਲਕਾਰੇ ਮਾਰਨ ਦੀ ਸੋਚੀ, ਪਰ ਉਸ ਕੋਲੋਂ ਵੱਜੇ ਹੀ ਨਾ। ਉਹ ਲੜਖੜਾਉਂਦਾ ਘਰ ਵੱਲ ਨੂੰ ਤੁਰ ਆਇਆ।

ਘਰ ਦੇ ਤਖ਼ਤੇ ਜ਼ੋਰ ਨਾਲ ਪਾਸੇ ਕੀਤੇ ਜਿਵੇਂ ਉਹ ਉਹਨਾਂ ਨੂੰ ਤੋੜ ਦੇਣਾ ਚਾਹੁੰਦਾ ਹੋਵੇ।

ਝਲਾਨੀ ਕੋਲ ਮਾਂ ਰੋਂਦੀ ਦਿਸੀ। ਉਹ ਜਿੰਦੂ ਨੂੰ ਵੇਖ ਉੱਠ ਪਈ। ਜਿਵੇਂ ਉਹ ਉਸੇ ਨੂੰ ਹੀ ਉਡੀਕਦੀ ਪਈ ਹੋਵੇ। ਮਾਂ ਦੀਆਂ ਅੱਖਾਂ ਵਿਚ ਵਹਿੰਦੇ ਪਰਲ ਪਰਲ ਵੇਖ ਉਸਦੇ ਪੈਰ ਡਗਮਗਾ

ਗਏ।

"ਵੇ ਜਿੰਦੂ ...ਸਰਦਾਰ ਨੇ ਸਾਡਾ ਕੁਛ ਨੀਂ ਛੱਡਿਐ...ਜਮਾਂ ਹੀ ਮਾਰਤਾ...ਸਾਨੂੰ ਵੇ।" ਮਾਂ ਹੁਬਕੀਏਂ ਰੋਈ।

ਉਹ ਮਾਂ ਨੂੰ ਚੁੱਪ ਕਰਵਾ ਹੀ ਨਾ ਸਕਿਆ। ਉਸਨੇ ਬੈਠਕ ਦਾ ਬੂਹਾ ਖੋਲ੍ਹਿਆ। ਗਾਡਰ ਤੇ ਰੱਸੇ ਨਾਲ ਰਜਨੀ ਦੀ ਲਾਸ਼ ਲਟਕਦੀ ਪਈ ਦੇਖੀ। ਉਹ ਦੇਖਦਾ ਹੀ ਰਹਿ ਗਿਆ।

ਭੈਣ ਨਾਲ ਬਲਤਕਾਰ ਜਾਂ ਧੱਕਾ ਹੋਇਆ ਕੌਣ ਬਰਦਾਸ਼ਤ ਕਰ ਸਕਦਾ ਹੈ। ਸ਼ਾਇਦ ਕੋਈ ਨਹੀਂ।

ਜਿੰਦੂ ਨੂੰ ਅੰਤਾਂ ਦਾ ਗੁੱਸਾ ਆਣ ਚੜ੍ਹਿਆ। ਇਹ ਗੁੱਸੇ ਨਾਲ ਉਸਦਾ ਰੰਗ ਲਾਲ ਹੁੰਦਾ ਗਿਆ। ਲਹੂ ਨਸਾਂ ਵਿਚ ਦੌੜਨ ਲੱਗਿਆ। ਉਸਦੇ ਦੰਦਾਂ ਦੀ ਬੀੜ ਜੁੜੀ। ਉਸਨੇ ਸਰਦਾਰ ਦੇ ਪ੍ਰਛਾਵੇਂ ਦਾ ਡਰ ਲਾਹ ਮਾਰਿਆ । ਉਹਦੇ ਲਈ ਸਾਰੀਆਂ ਥਾਵਾਂ ਇਕੋ ਜਿਹੀਆਂ ਹੋਣ ਲੱਗੀਆਂ ਤੇ ਚਿਹਰੇ ਵੀ। ਭਾਵੇਂ ਉਹ ਸਿਵਿਆਂ ਵਿਚ ਵੱਡੀ ਬੀਬੀ ਹੋਵੇ ਜਾਂ ਬੱਗੇ ਦੇ ਵਿਆਹ ਤੇ ਬੱਕਰੇ ਦੀ ਲਾਹੀ ਧੌਣ। ਦਿਲ ਕਰਦਾ ਸੀ ਸਰਦਾਰ ਕੰਧਾਂ ਚੋਂ ਨਿਕਲ ਆਏ ਤੇ ਉਹ ਉਸ ਦਾ ਦੰਦੀਆਂ ਨਾਲ ਮਾਸ ਨੋਚ ਲਵੇ। ਜਾਂ ਕੁਹਾੜੀ ਨਾਲ ਦੇਹ ਦਾ ਪੋਟਾ ਪੋਟਾ ਕਰ ਦੇਵੇ।

ਉਸਦੇ ਮਨ ਵਿਚ ਹਨੇਰੀ ਵਗੀ ਤੇ ਗੁੱਸਾ ਜੇਠ ਦੀ ਗਰਮੀ ਵਾਂਗਰਾਂ ਚੜ੍ਹਨ ਲੱਗਿਆ। ਆਪਣੇ ਅੰਦਰ ਡੱਕੇ ਗੁੱਸੇ ਨੂੰ ਅੰਤਿਮ ਰੂਪ ਦੇਣ ਲਈ ਉਹ ਸਰਦਾਰ ਦੀ ਹਵੇਲੀ ਵੱਲ ਹੋ ਤੁਰਿਆ ਉਸਨੇ ਹਵੇਲੀ ਦੇ ਦਰਵਾਜ਼ੇ ਪਰ੍ਹਾਂ ਕੀਤੇ। ਵਿਹੜਾ ਲੰਘਿਆ। ਪੱਕੀ ਫਰਸ਼ ਤੇ ਜਾ ਚੜਿ ਆ। ਹਵੇਲੀ ਦੇ ਲੱਗੇ ਪੱਲਿਆਂ ਨੂੰ ਖਿੱਚ ਅੰਦਰ ਜਾ ਵੜਿਆ। ਡਰਾਇੰਗ ਰੂਮ ਟੱਪ ਕੇ ਬੈੱਡ ਰੂਮ ਵੱਲ ਜਾ ਦਾਖ਼ਲ ਹੋਇਆ।

ਵੇਖਿਆ ਤਾਂ ਮੁਖਤਿਆਰ ਸੁੰਹ ਦੀ ਧੜ ਬੈੱਡ ਤੇ ਸੀ ਸਿਰ ਫਰਸ਼ ਤੇ ਪਿਆ ਸੀ। ਧੜ ਚੋਂ ਤ੍ਰਿਪ-ਤ੍ਰਿਪ ਕਰਕੇ ਖ਼ੂਨ ਵਗੀ ਜਾ ਰਿਹਾ ਸੀ। ਖ਼ੂਨ ਨਾਲ ਫਰਸ਼ ਤੇ ਲਹੂ ਦੀ ਛੋਟੀ ਜਿਹੀ ਛੱਪੜੀ ਬਣੀ ਪਈ ਸੀ ।

"ਤੂੰ ਵੀ ਆਹੀ ਕਰਨ ਆਇਆ ਸੀ ...ਮੈਂ ਕਰਤਾ ...ਮੇਰਾ ਵੀ ਤੇਰੇ ਮਾਗੂੰ ਆਹੀ ਹਿਸਾਬ ਕਿਤਾਬ ਰਹਿੰਦਾ ਸੀ ।" ਛੋਟੀ ਬੀਬੀ ਵਿੱਚੋਂ ਇਕ ਸਿੰਘਣੀ ਬੋਲੀ। ਛੋਟੀ ਬੀਬੀ ਦੀ ਠੱਕ-ਠੱਕ ਕਰਦੀ ਧੜਕਣ ਬਾਹਰ ਤੱਕ ਸੁਣੀ ਜਾ ਸਕਦੀ ਸੀ ।

ਜਿੰਦੂ ਮੁਖ਼ਤਿਆਰ ਸਿੰਘ ਦੀ ਧੌਣ ਵੇਖ ਧਰਤੀ ਵਿਚ ਗੱਡਿਆ ਗਿਆ। ਉਸਨੂੰ ਕੁੱਝ ਸਮਝ ਨਹੀਂ ਰਿਹਾ ਸੀ ਕਿ ਉਹ ਮੁੜ ਜਾਵੇ ਜਾਂ ਰੁਕੇ। ਉਸਦੇ ਮਨ ਅੰਦਰ ਚੱਲਦੇ ਵਾਵਰੋਲਿਆਂ ਨੇ ਉਸ ਨੂੰ ਖੜ੍ਹਨ ਨਾ ਦਿੱਤਾ।

ਉਸਨੇ ਪਲ ਵੀ ਨਾ ਲਾਇਆ ਤੇ ਛੋਟੀ ਬੀਬੀ ਦੇ ਹੱਥੋਂ ਖਪਰਾ ਫੜ੍ਹ ਲਿਆ ।

"ਓਏ ਪਿੰਡ ਆਲਿਓ!!...ਵੱਡਾ ਸੂਰਮਾ ਮੈਂ ਮਾਰਿਆ!!...ਮੈਂ!!...ਮੈਂ!!!!" ਉਹ ਗਲੀ ਵਿਚ ਆ ਕੇ ਉੱਚੀ ਉੱਚੀ ਸ਼ੇਰ ਵਾਂਗ ਦਹਾੜਨ ਲੱਗਿਆ ।

"ਹੈਂਅ!!...ਬੜਾ ਤਕੜਾ ਵਗਿਐ!!...ਸੱਚੀ ਓਏ!!!" ਦੀਆ ਆਵਾਜ਼ਾਂ ਸੁਣਦਾ ਆਪਣੇ ਘਰ ਵੱਲ ਹੋ ਤੁਰਿਆ ।

ਕੁੱਝ ਬੱਚੇ ਤੇ ਲੋਕ ਜਿੰਦੂ ਦੇ ਮਗਰ ਮਗਰ ਹੋ ਤੁਰੇ ਤੇ ਕੁਝ ਸਰਦਾਰ ਦੀ ਹਵੇਲੀ ਵੱਲ ਨੂੰ ਨੱਸ ਗਏ। ਉਹਨਾਂ ਲਈ ਇਹ ਕੌਤਕ ਹੈਰਾਨ ਕਰਨ ਵਾਲਾ ਸੀ। ਸਰਦਾਰ ਨੂੰ ਮਾਰਨ ਵਾਲਾ ਬੰਦਾ ਪਿੰਡ

ਦੀਆਂ ਅੱਖਾਂ ਸਾਹਮਣੇ ਜਾ ਰਿਹਾ ਸੀ।

ਜਿੰਦੂ ਨੇ ਘਰ ਜਾ ਕੇ ਦੋ ਲਾਸ਼ਾਂ ਲਾਹ ਲਈਆ। ਇਕ ਮਾਂ ਦੀ ਤੇ ਦੂਜੀ ਭੈਣ ਦੀ।

******

ਜਿੰਦੂ ਨੂੰ ਸਜ਼ਾ ਹੋਈ । ਜ਼ੇਲ ਗਿਆ। ਸਜ਼ਾ ਕੱਟ ਘਰ ਪਰਤ ਆਇਆ।

ਜ਼ੇਲ ਤੋਂ ਬਾਅਦ, ਉਸਦੀ ਇਹ ਘਰ ਵਿੱਚ ਪਹਿਲੀ ਰਾਤ ਸੀ।

ਲਗਾਤਾਰ ਹਨੇਰੀ ਵਗੀ ਜਾ ਰਹੀ ਸੀ। ਵਗੀ ਜਾ ਰਹੀ ਸੀ। ਰੁਕਣ ਦਾ ਨਾਮੋਂ-ਨਿਸ਼ਾਨ ਨਹੀਂ ਸੀ।

ਅਚਾਨਕ ਬਾਹਰਲੇ ਤਖ਼ਤੇ ਖੁੱਲ੍ਹੇ । ਉਹ ਤਖ਼ਤਿਆਂ ਨੂੰ ਬੰਦ ਕਰਨ ਲਈ ਉੱਠਿਆ।

ਹਨੇਰੀ ਤੇ ਹਨੇਰੇ ਕਰਕੇ ਉਸ ਕੋਲੋਂ ਵਿਹੜੇ ਵਿਚ ਖੜ੍ਹੀ ਜ਼ਨਾਨੀ ਦੀ ਪਛਾਣ ਨਾ ਹੋਈ। ਪਹਿਲੀ ਵਾਰੀ ਮਾਂ ਜਾਂ ਰਜਨੀ ਭੈਣ ਦੇ ਬਣੇ ਪ੍ਰਛਾਵੇਂ ਦਾ ਭੁਲੇਖਾ ਵੀ ਪਿਆ। ਇਕਦਮ ਬਣੇ ਪ੍ਰਛਾਵੇਂ ਕਰਕੇ ਉਹ ਡਰ ਗਿਆ।

ਜਦ ਅਸਮਾਨੀ ਬਿਜਲੀ ਚਮਕੀ ਤਾਂ ਜਿੰਦੂ ਦੇ ਅੱਗੇ ਖੜ੍ਹਾ ਬੇਪਛਾਣ ਚਿਹਰਾ ਸਾਫ਼ ਦਿਖਿਆ।

"ਛੋਟੀ ਬੀਬੀ ਤੂੰ !!...ਏਥੇ !!"

"ਹਾਂ ਜਿੰਦੂ ....ਤੂੰ ਐਡਾ ਵੱਡਾ ਇਲਜ਼ਾਮ ਆਪਣੇ ਸਿਰ ਲੈ ਲਿਆ । ਮੈਂ ਤੈਨੂੰ ਮਿਲਣ ਵੀ ਨੀਂ ਆ ਸਕਦੀ।" ਛੋਟੀ ਬੀਬੀ ਝਿਜਕਦੀ ਜਿਹੀ ਬੋਲੀ ।

"ਆ ਸਕਦੀ ਏ ਬੀਬੀ ...ਕਿਉਂ ਨੀਂ ?" ਜਿੰਦੂ ਨਿਮਾਣਾ ਜਿਹਾ ਬਣ ਦੁਬਾਰਾ ਬੋਲਿਆ, "ਮੈਨੂੰ ਪਤੈ ...ਤੁਸੀਂ ਤਾਂ ਸਗੋਂ ਮੈਨੂੰ ਜ਼ੇਲ ਤੋਂ ਕਢਵਾਉਣ 'ਚ ਮਦਦ ਕੀਤੀ ਏ।"

"ਹਾਂ ਜਿੰਦੂ... ਇਹਨਾਂ ਕੁ ਤਾਂ ਮੇਰਾ ਵੀ ਫਰਜ਼ ਬਣਦਾ ਸੀ । ਪਰ ਮੈਂ ਜ਼ੇਲ 'ਚ ਤੈਨੂੰ ਮਿਲਣ ਨ੍ਹੀਂ ਆ ਸਕੀ ਕਿਉਂਕਿ ਮੇਰੀਆਂ ਕਈ ਮਜ਼ਬੂਰੀਆਂ ਸੀ।" ਛੋਟੀ ਬੀਬੀ ਨੇ ਆਪਣਾ ਪੱਖ ਰੱਖਿਆ।

ਦੋਹਾਂ ਵਿਚਕਾਰ ਚੁੱਪ ਪਸਰ ਗਈ। ਇਸ ਚੁੱਪ ਦੀ ਕੰਧ ਨੂੰ ਜਿੰਦੂ ਨੇ ਦੁਬਾਰਾ ਤੋੜਿਆ ।

"ਨਾਲੇ ਬੀਬੀ ਮੈਨੂੰ ਸਭ ਨੇ ਕਿਹਾ ... ਤੂੰ ਬਹੁਤ ਵੱਡਾ ਕੰਮ ਕੀਤੈ ।" ਉਹਨੇ ਇਹ ਗੱਲ ਕਹਿਣ ਵਿਚ ਝਿਜਕ ਨਾ ਮੰਨੀ।" ਜੇਲ 'ਚ ਸਾਰੇ ਆਖਦੇ ਸੀ ...ਚੰਗਾ ਹੋਇਆ ਤੂੰ ਮੁਖ਼ਤਿਆਰ ਨੂੰ ਛੇਤੀ ਮਾਰ ਘੱਤਿਐ...ਨਹੀਂ ਤਾਂ ਉਹਨੇ ਥੋਡੀਆਂ ਕਈ ਪੁਸ਼ਤਾਂ ਖਾ ਜਾਣੀਆਂ ਸੀ।" ਉਹ ਬੋਲਦਾ ਅਸਹਿਜ ਹੋ ਗਿਆ ।

"ਪਰ ਬੀਬੀ...।" ਜਿੰਦੂ ਗੱਲ ਕਰਦਾ ਅਟਕ ਗਿਆ।

'ਪਰ ਕੀ ...?" ਛੋਟੀ ਬੀਬੀ ਝੱਟ ਬੋਲ ਪਈ।

"ਇਕ ਗੱਲ ਜੋ ਮੈਨੂੰ ਚਾਰੋਂ ਪਹਿਰ ਟਿਕਣ ਨੀਂ ਦਿੰਦੀ, ਮੇਰੇ ਮਨ ਤੇ ਉਹਦਾ ਭਾਰ ਰਹਿੰਦੈ।"

"ਕਾਹਦਾ ਭਾਰ ਜਿੰਦੂ।"

"ਭਾਰ ਜਿਹੜਾ ਮੇਰੀ ਹਿੱਕ ਤੇ ਪਿਐ...ਉਹ ਸਿਰਫ਼ ਤੈਨੂੰ ਦੱਸ ਕੇ ਹੀ ਚੁੱਕਿਆ ਜਾਣਾ।"

"ਮੈਨੂੰ ਖੁੱਲ੍ਹ ਕੇ ਦੱਸ... ਕਾਹਦਾ ਭਾਰ ..?" ਛੋਟੀ ਬੀਬੀ ਨੇ ਕੰਨ ਚੁੱਕ ਲਏ ।

" ...ਚੰਗਾ ਹੋਇਆ ਬੀਬੀ ... ਮੁਖ਼ਤਿਆਰ ਸੁੰਹ ਨੂੰ ਤੂੰ ਮਾਰਤਾ ... ਮੈਥੋਂ ਤਾਂ ਉਹ ਮਰਨਾ ਵੀ ਨ੍ਹੀਂ ਸੀ।"

ਛੋਟੀ ਬੀਬੀ ਦਾ ਸੁਣ ਕੜ ਪਾਟ ਗਿਆ ਤੇ ਜਿੰਦੂ ਫੁੱਲ ਵਰਗਾ ਹਲਕਾ ਹੋ ਗਿਆ । **

(**ਸੰਪਰਕ: 94174-44202**)

ਕਹਾਣੀ

# ਚਾਨਣ

**ਅਮਰਜੀਤ ਸਿੰਘ ਮਾਨ**



"ਓਏ ਜਲਦੇਵ ਔਂਦਾ। ਛੇੜੀਏ?" ਤ੍ਰਵੇਣੀ ਥੱਲੇ ਬੈਠਿਆਂ ਚੋਂ ਛੋਟੇ ਨੇ ਦੂਜੇ ਦੇ ਕੂਹਣੀ ਮਾਰੀ।

ਦੂਜੇ ਨੇ ਬਿਨਾਂ ਬੋਲਿਆਂ ਅੱਖ ਨਾਲ ਈ ਸਹਿਮਤੀ ਦੇ ਦਿੱਤੀ। ਤੇ ਸਾਰਿਆਂ ਦਾ ਧਿਆਨ ਤੁਰੇ ਆਉਂਦੇ ਬਲਦੇਵ ਸਿੰਘ ਵੱਲ ਹੋ ਗਿਆ।

"ਹੋਰ ਬਈ ਚਾਚੇ... ਗਿਆ ਸੀ ਕਿਸਾਨ ਮੇਲੇ 'ਤੇ?" ਛੋਟੇ ਨੇ ਬਲਦੇਵ ਸਿੰਘ ਦਾ ਮਨਪਸੰਦ ਵਿਸ਼ਾ ਛੋਹ ਲਿਆ, "ਕੀ ਕਹਿੰਦੇ ਡਾਕਟਰ? ਨਾਲੇ ਪਾਣੀ ਪੂਣੀ ਬਾਰੇ ਵੀ ਬੋਲਦੇ ਹੋਣੇ!"

"ਹਾਂ ਗਿਆ ਸੀ ਭਤੀਜ ...ਬੜਾ 'ਕੱਠ ਸੀ ਬੀ ਐਤਕੀਂ।" ਤੁਰਿਆ ਜਾਂਦਾ ਬਲਦੇਵ ਰੁਕ ਗਿਆ ਤੇ ਇੱਕ ਪੈਰੋਂ ਜੋੜਾ ਲਾਹ ਕੇ ਪੈਰ ਪੱਥਰ ਦੇ ਬੈਂਚ 'ਤੇ ਟਿਕਾ ਲਿਆ।

"ਅੱਛਿਆ!" ਸੱਥ ਨੇ ਮਸ਼ਕਰੀ 'ਚ ਤਕੜਾ ਹੁੰਗਾਰਾ ਭਰਿਆ।

"ਭਾਸ਼ਨ ਤਾਂ ਬਈ ਬੜੇ ਸੁਣੇ ਸੀ ਹੁਣ ਤਕ। ਪਰ ਤੋਕੀਂ ਇਕ ਵੱਡਾ ਡਾਕਟਰ ਆਇਆ ਸੀ। ਉਮਰੋਂ ਤਾਂ ਬਜੁਰਗ ਸੀ, ਪਰ ਚਿਹਰਾ ...ਐਨ ਨੂਰੋ -ਨੂਰ।" ਬੋਲਦਾ ਬੋਲਦਾ ਬਲਦੇਵ ਸਿੰਘ ਰੁਕ ਗਿਆ ਜਿਵੇਂ ਸੱਥ ਤੋਂ ਦੁਬਾਰਾ ਹੁੰਗਾਰੇ ਦੀ ਉਡੀਕ ਕਰਦਾ ਹੋਵੇ।

"ਫੇਰ ਤਾਇਆ, ਕੀ ਕਹਿੰਦਾ ਨੂਰੋ -ਨੂਰ ਡਾਕਟਰ?" ਇਕ ਨੇ ਸਵਾਲ ਕਰਕੇ ਨਾਲਦੇ ਵੱਲ ਜੀਭ ਕੱਢੀ।

"ਪਾਣੀ ਬਚਾਉਣ ਬਾਰੇ ਬੋਲਦਾ ਡਾਕਟਰ ਜੌਹਲ ਵਾਲੀ ਗੱਲ ਦੁਹਰਾਉਂਦਾ ਸੀ।"

"ਕਿਹੜੀ ਗੱਲ?"

"ਕਹਿੰਦਾ ਕਿਸਾਨ ਵੀਰੋ ਜੇ ਆਉਣ ਵਾਲੀਆਂ ਨਸਲਾਂ ਤੇ ਪੰਜਾਬ ਨੂੰ ਬਚਾਉਣਾ ਤਾਂ ਝੋਨਾ ਲੌਣੌਂ ਬੰਦ ਕਰ ਦਿਓ।"

"ਹੂੰਅ ...ਝੋਨਾ ਲੌਣੌਂ ਹਟ ਜੀਏ! ਹੋਰ ਕੀ ਬੀਜਾਂਗੇ ...ਓਹਦਾ ਸਿਰ? ਨਾਲੇ ਤੇਰਾ!"

"ਨਾ ਝੋਨਾ ਬੰਦ ਕਰਕੇ ਭੁੱਖੇ ਮਰਨੈ!" ਲਛਮਣ ਨੇ ਵੀ ਪਹਿਲੇ ਦੀ ਗੱਲ ਦੀ ਪ੍ਰੋੜ੍ਹਤਾ ਕੀਤੀ।

"ਆਹੋ, ਸੋਡੇ ਵਰਗੇ ਓਥੇ ਵੀ ਵਥੇਰੇ ਸੀ। ਪੂਰੀ ਗੱਲ ਸੁਣੇ ਬਿਨਾਂ ਉਹ ਵੀ ਐਂਈ ਭੜਕੇ ਸੀ।" ਬਲਦੇਵ ਸਿੰਘ ਦੀ ਗੱਲ ਸੁਣ ਕੇ ਸੱਥ ਚੁੱਪ ਹੋ ਗਈ।

"ਫੇਰ ਚਾਚਾ ...ਗਾਹਾਂ ਦੱਸ ਪੂਰੀ ਗੱਲ।" ਛੋਟੇ ਨੇ ਬਲਦੇਵ ਨੂੰ ਗੱਲ ਅੱਗੇ ਚਲਾਉਣ ਲਈ ਕਿਹਾ ਤੇ ਨਾਲਦਿਆਂ ਨੂੰ ਬੋਲਿਆ, "ਤੁਸੀਂ ਵੀ ਯਰ ਪਹਿਲਾਂ ਪੂਰੀ ਗੱਲ ਤਾਂ ਸੁਣਲੋ ਫੇਰ ਭਜਾ ਲਿਓ ਆਵਦਾ ਘੋੜਾ।"

"ਓਹਨੇ ਜਬਾਵ ਦਿੱਤਾ ਫੇਰ ਕਹਿੰਦਾ ਮੈਂ ਬੜੇ ਸਾਲਾਂ ਤੋਂ ਕਹਿੰਦਾ ਆ ਰਿਹਾਂ ਤੇ ਅੱਜ ਵੀ ਕਹਿਨਾਂ ਬੀ ਉਹ ਫਸਲਾਂ ਹੁਣੇ ਤੋਂ ਬੀਜਣੀਆਂ ਸ਼ੁਰੂ ਕਰ ਦਿਓ, ਜਿਹੜੀਆਂ ਪਾਣੀ ਮੁੱਕੇ ਮਗਰੋਂ ਮਜਬੂਰੀ 'ਚ ਬੀਜਣੀਆਂ ਪੈਣੀਆਂ।"

"ਹੂੰਅ ...ਡਾਕਟਰਾਂ ਨੂੰ ਕੀ ਪਤਾ...ਖ਼ੋਤੜਾ। ਐਂਵੇਂ ਮਾਰੀ ਜਾਂਦੇ ਨੇ ਉੱਘ ਦੀ ਪਤਾਲ...।" ਲਛਮਣ ਦੀ ਗੱਲ ਦੀ ਹੋਰਾਂ ਨੇ ਵੀ ਹਾਮੀ ਭਰੀ।

"ਨਾਂ ਹੋਰ ਸੋਨੂੰ ਪਤੈ। ਆਹ ਸੱਥ 'ਚੋਂ ਬਾਹਰ ਗਏ ਓ ਕਦੇ? ਨਾ ਅਖ਼ਬਾਰ...ਨਾ ਖਬਰਾਂ! ਡਾਕਟਰਾਂ ਦੀ ਪੜ੍ਹਾਈ ਨੂੰ ਟਿੱਚ ਕਹਿੰਨੇ ਓਂ। ਬਣੇ ਫਿਰਦੇ ਆ ਕਿਤੇ...।" ਖੇਤੀਬਾੜੀ ਮਾਹਰਾਂ ਦਾ ਨਿਰਾਦਰ ਸੁਣ ਬਲਦੇਵ ਸਿੰਘ ਥੋੜ੍ਹਾ ਤੈਸ਼ ਵਿਚ ਆ ਗਿਆ।

"ਨਾ ਚਾਚਾ, ਤੂੰ ਦੱਸਿਆ ਨੀਂ ਫੇਰ ਉਹਨੂੰ ...ਬਈ ਮੈਂ ਤਾਂ ਨਰਮਾ ਤੇ ਹੋਰ ਬਰਾਨੀ ਫਸਲਾਂ ਬੀਜਦਾਂ। ਤੇਰੇ ਕਹਿਣ ਤੋਂ ਪਹਿਲਾਂ ਈ ਤੇਰੇ ਮਤਾਬਕ ਚਲਦਾਂ...ਕੀ ਪਤੈ ਕੋਈ ' ਨਾਮ -ਸ਼ਨਾਮ ਈ ਮਿਲ ਜਾਂਦਾ?" ਛੋਟੇ ਨੇ ਚੱਬ ਕੇ ਬੋਲਦਿਆਂ ਗੱਲ ਬਦਲ ਦਿੱਤੀ।

"ਨਾ ਭਤੀਜ ਮੈਨੂੰ 'ਨਾਮ-ਨੂਮ ਨੀਂ ਚਾਹੀਦਾ ਕੁਸ਼। ਬਸ ਮੈਂ ਝੋਨਾ ਨੀਂ ਲੌਣਾ ਆਵਦੇ ਖੇਤ। ਜਿੰਨਾ ਮੇਰੇ ਵੱਸ ਐ ...ਮੈ ਪਿੱਛੇ ਨੀਂ ਹਟਦਾ...ਭੁੱਖਾ ਮਰਦਾਂ ਭਾਮੇ ਵੀਹ ਆਰੀ ਮਰਜਾਂ।" ਬਲਦੇਵ ਸਿੰਘ ਨੇ ਲਛਮਣ ਵੱਲ ਝਾਕਦਿਆਂ ਛੋਟੇ ਨੂੰ ਉੱਤਰ ਦਿੱਤਾ, ਬੈਂਚ ਤੋਂ ਪੈਰ ਚੁਕਿਆ ਤੇ ਜੋੜਾ ਪਾ ਕੇ ਤੁਰ ਗਿਆ।

"ਹੂੰਅ ...ਐਂਵੇਂ ਮਾਰਦੈ ਭਕਾਈ...ਨਰਮੇ ਗੁਆਰੇ ਦੀ ਕਮਾਈ ਨਾਲ ਪੰਜ -ਪਾਂਜੇ ਪੂਰੇ ਹੋਏ ਐ ਕਦੇ। ਕਿੰਨਾ ਮਹਿੰਗਾ ਜ਼ਮਾਨੈ ! " ਇੱਕ ਬੋਲਿਆ।

"ਝੋਨਾ ਯਰ ਗਰੰਟੀ ਆਲੀ ਫ਼ਸਲ ਐ ...ਨਾ ਝਾੜ ਦਾ ਫ਼ਿਕਰ ...ਨਾ ਰੇਟ ਦਾ। ਐਂ ਈ ਆ ਬੀ ਵਿਕਣ-ਵਕੌਣ ਵੇਲੇ ਦੋ ਦਿਨ ਲੇਟ-ਫੇਟ ਹੋ ਜਾਂਦਾ।" ਦੂਜੇ ਨੇ ਹਾਮੀ ਭਰ ਦਿੱਤੀ।

"ਤੇ ਓਹ ਦੋ ਚਾਰ ਦਿਨ ਵੀ ਤੇਰੇ ਜਿਆਂ ਦੇ ਤੀਆਂ ਆਂਗੂ ਲੰਘਦੇ ਨੇ। ਕਿ ਝੂਠ ਐ ਗੱਲ?" ਛੋਟੇ ਦੀ ਝਹੇਡ ਨਾਲ ਸੱਥ ਦਾ ਹਾਸਾ ਛਣਕਿਆ।

"ਤੇ ਏਹੇ ਜਲਦੇਵ ! ਦੇਖਲਾ...ਕਹਿੰਦਾ ਭਾਮੇ ਭੁੱਖਾ ਮਰਜਾਂ...ਝੋਨਾ ਨੀਂ ਲੌਣਾ। ਅਖੇ ਪਾਣੀ ਬਰਬਾਦ ਹੁੰਦਾ।" ਹਾਸਾ ਰੁਕਣ ਮਗਰੋਂ ਕੋਈ ਬੋਲਿਆ।

"ਬਾਹਲਾ ਪਾਣੀ-ਪਾਣੀ ਕਰਦੈ...ਮੈਨੂੰ ਤਾਂ ਲਗਦੈ ਭੁੱਖਾ ਨੀਂ...ਤਿਹਾਇਆ ਮਰੂ।" ਲਛਮਣ ਨੇ ਖੰਘੂਰਾ ਮਾਰਿਆ।

"ਇਹ ਜਿਹੜੀਆਂ ਤੁਸੀਂ ਗੱਲਾਂ ਕਰਦੇ ਓਂ ਨਾ ਤੇ ਮਜਾਕ ਉਡਾਉਣੇ ਓਂ ਬਲਦੇਵ ਸਿੰਘ ਦਾ ਇੱਕ ਦਿਨ ਦੇਣੀਆਂ ਪੈਣਗੀਆਂ। ਮੈਨੂੰ ਦਿਸੀ ਜਾਂਦੈ ਸਾਰਾ ਕੁਸ਼। ਆਖਰ ਨੂੰ ਬਲਦੇਵ ਸਿੰਘ ਨੇ ਸਹੀ ਹੋਣੈ।" ਠਾਕਰ ਬਾਬਾ ਜੋ ਹੁਣ ਤੱਕ ਚੁੱਪ ਬੈਠਾ ਰਿਹਾ ਸੀ, ਬੋਲਿਆ। ਓਹਦੇ ਤਲਖੀ ਭਰੇ ਬੋਲਾਂ ਨਾਲ ਸੱਥ ਚੁੱਪ ਕਰ ਗਈ।

* * *

ਬਲਦੇਵ ਸਿੰਘ ਇਸ ਛੋਟੇ ਜਿਹੇ ਪਿੰਡ ਵਿਚ ਲਗਭਗ ਇਕੱਲਾ ਬੰਦਾ ਹੀ ਸੀ, ਜੋ ਵਾਤਾਵਰਣ ਨੂੰ ਪਿਆਰ ਕਰਦਾ ਸੀ...ਕੁਦਰਤ ਪ੍ਰੇਮੀ। ਪਾਣੀ ਦੀ ਸੰਭਾਲ ਬਾਰੇ ਕੁਝ ਤਾਂ ਉਹ ਪਹਿਲਾਂ ਤੋਂ ਹੀ ਚੇਤੰਨ ਸੀ, ਪਰ ਇਕ ਵਾਰ ਆਵਦੀ ਭਾਣਜੀ ਨਾਲ ਹੋਈ ਛੋਟੀ ਜਿਹੀ ਵਾਰਤਾਲਾਪ ਨੇ ਉਸਨੂੰ ਜਨੂੰਨ ਦੀ ਹੱਦ ਤੱਕ ਗੰਭੀਰ ਬਣਾ ਦਿੱਤਾ ਸੀ।

ਗੱਲ ਇੰਜ ਹੋਈ ਕਿ ਦਸਵੀਂ 'ਚ ਪੜ੍ਹਦੀ ਅਰਸ਼ ਆਪਣੇ ਨਾਨਕੇ ਆਈ ਹੋਈ ਸੀ। ਮਾਮਾ ਬਲਦੇਵ ਸਿੰਘ ਆਥਣੇ ਖੇਤੋਂ ਮੁੜ੍ਹਕੋ ਮੁੜ੍ਹਕੀ ਹੋਇਆ ਘਰ ਆਇਆ।

"ਊਂਅ...ਮਾਮਾ ਜੀ ਕਿੰਨੇ ਗੰਦੇ...। ਕਿੰਨੇ ਲਿੱਬੜੇ ਕੱਪੜੇ...ਇਆ।" ਅਰਸ਼ ਨੇ ਅਲਕਤ

ਮੰਨਦਿਆਂ ਨੱਕ ਚੜ੍ਹਾਇਆ ਸੀ।

ਨਹਾਉਣ –ਧੋਣ ਪਿੱਛੋਂ ਮਾਮਾ ਭਾਣਜੀ ਪਿਆਰ ਭਰੀਆਂ ਗੱਲਾਂ ਕਰਨ ਲੱਗ ਪਏ।

"ਮਾਮਾ ਜੀ ਤੁਸੀਂ ਐਨੇ ਗੰਦੇ ਕਿਓਂ ਹੋਏ ਪਏ ਸੀ?" ਅਰਸ਼ ਦੇ ਬਾਲ ਮਨ ਤੋਂ ਅਜੇ ਤੱਕ ਲਿਬੜੇ ਹੋਏ ਮਾਮੇ ਦੀ ਤਸਵੀਰ ਹਟੀ ਨਹੀਂ ਸੀ।

"ਖੇਤ ਜੀਰੀ ਲੌਣੇ ਆਂ ਪੁੱਤ। ਕੱਦੂ ਕੀਤੇ ਖੇਤ 'ਚ ...ਗਾਰੇ 'ਚ ਗਾਰਾ ਹੋਣੈ ਪੈਂਦਾ! ਸਵੇਰੇ ਦਿਖਾ ਕੇ ਲਿਆਊਂ ਮੇਰੀ ਸ਼ਹਿਰਣ ਭਾਣਜੀ ਨੂੰ। ਚੱਲੇਂਗੀ ਨਾ ਮੇਰੇ ਨਾਲ?" ਮਾਮਾ ਬੱਚਾ ਬਣਨ ਲੱਗ ਪਿਆ ਸੀ।

"ਹਾਏ! ਤੁਸੀਂ ਜੀਰੀ ਲੌਂਦੇ ਓਂ?" ਅਰਸ਼ ਚੀਕੀ ਜਿਵੇਂ ਅਚਾਨਕ ਕੋਈ ਦੈਂਤ ਸਾਹਮਣੇ ਆ ਗਿਆ ਹੋਵੇ। ਉਸਦੇ ਚਿਹਰੇ ਦਾ ਰੰਗ ਬਦਲ ਗਿਆ । ਉਹ ਗੰਭੀਰ ਹੋ ਗਈ।

"ਓ ਕੀ ਹੋ ਗਿਆ ਪੁੱਤ ਮਿੰਟ 'ਚ?" ਅਰਸ਼ ਦਾ ਚਿਹਰਾ ਪੜ੍ਹਦਾ ਬਲਦੇਵ ਹੈਰਾਨ ਰਹਿ ਗਿਆ।

"ਤੁਸੀਂ ਜੀਰੀਆਂ ਲਾਈ ਜਾਂਨੇ ਓ...ਸਾਡਾ ਕੋਈ ਫਿਕਰ ਨੀਂ ਤਹਾਨੂੰ?" ਨਿੱਕੜੀ ਅਰਸ਼ ਅੰਮਾ ਬਣ ਬੈਠੀ।

"ਗੱਲ ਕੀ ਹੋਈ...ਤੇਰਾ ਫਿਕਰ ਕਿਓਂ ਨੀ ਸਾਨੂੰ! ਹੈਂਅ ...ਕਮਲੀ ਨਾ ਹੋਵੇ!" ਬਲਦੇਵ ਸਿੰਘ ਨੇ ਅਰਸ਼ ਨੂੰ ਆਪਣੇ ਨਾਲ ਘੁੱਟ ਲਿਆ।

"ਸਾਡੇ ਸਕੂਲ 'ਚ ਇੱਕ ਅੰਕਲ ਲੈਕਚਰ ਕਰਨ ਆਏ ਸੀ...ਓਹ ਕਹਿੰਦੇ ਸੀ, ਜੀਰੀ ਲਾਉਣ ਨਾਲ ਧਰਤੀ ਹੇਠੋਂ ਪਾਣੀ ਮੁੱਕ ਜਾਣਾ। ਜੇ ਪਾਣੀ ਹੀ ਨਾ ਰਿਹਾ ਫੇਰ ਅਸੀਂ ਵੀ ਕਿਮੇ ਜਿਉਂਦੇ ਰਹਿ ਸਕਾਂਗੇ?" ਗੱਲ ਕਰਦਿਆਂ ਅਰਸ਼ ਰੋਣਹਾਕੀ ਹੋ ਗਈ।

*

ਅਗਲੇ ਸਾਲ ਬਲਦੇਵ ਸਿੰਘ ਨੇ ਅੱਧੇ ਖੇਤ ਵਿੱਚ ਝੋਨਾ ਛੱਡ ਕੇ ਨਰਮਾ ਬੀਜਣ ਦਾ ਫੈਸਲਾ ਕਰ ਲਿਆ। ਪਰ ਨਰਮਾ ਬੀਜਣ ਲਈ ਉਸਦੀ ਪਤਨੀ ਸਹਿਮਤ ਨਹੀਂ ਸੀ।

"ਦੇਖੋ ਬਾਈ ਜੀ ਜਿਹੜਾ ਤੁਸੀਂ ਫੈਸਲਾ ਲਿਆ, 'ਕੇਰਾਂ ਦੁਬਾਰੇ ਨਿਗ੍ਹਾ ਮਾਰੋ ਏਸ 'ਤੇ।" ਆਪਣੀ ਭੈਣ ਦੀ ਹਮਾਇਤ ਵਿੱਚ ਆਇਆ ਬਲਦੇਵ ਸਿੰਘ ਦਾ ਸਾਲਾ ਬੋਲ ਰਿਹਾ ਸੀ।

"ਕੇਹੜਾ ਫੈਸਲਾ?"

"ਆਹੀ ਜਿਹੜਾ ਤੁਸੀਂ ਐਤਕੀਂ ਝੋਨਾ ਨਾ ਲਾਉਣ ਦਾ ਕੀਤਾ। ਮਹਿੰਗਾਈ ਦਾ ਜ਼ਮਾਨਾ ਜੀਰੀ ਤੋਂ ਬਿਨਾਂ ਕਿਸੇ ਹੋਰ ਫ਼ਸਲ ਨੇ ਖਰਚਾ ਪੂਰਾ ਈ ਨੀਂ ਕਰਨਾ।"

"ਨਾਲੇ ਵੀਰੇ ਲੋਕ ਬੋਰਾਂ 'ਤੇ ਵੀ ਜੀਰੀ ਪਾਲ ਜਾਂਦੇ ਨੇ। ਤੇ ਏਹ ਚੰਗੀ ਭਲੀ ਮੋਟਰ ਦੇ ਹੁੰਦੇ ਹੋਏ ਨਰਮਾ ਬੀਜਣ ਨੂੰ ਫਿਰਦਾ। ਕਿਸੇ ਨੂੰ ਵੀ ਪੁੱਛ ਕੇ ਦੇਖ 'ਲੋ ਕਿੰਨੇ ਸਾਲ ਹੋ 'ਗੇ ਨਰਮਾ ਹੋਏ ਨੂੰ। ਕਦੇ ਮਿੱਲੀ ਬੱਗ, ਕਦੇ ਚਿੱਟਾ ਮੱਛਰ ਤੇ ਜਾਂ ਕਦੇ। ਅਜੇ ਤਾਂ ਕਹਿੰਦਾ ਬਾਕੀ ਖੇਤ 'ਚ ਗੁਆਰਾ ਬੀਜਣਾ।" ਭਰਾ ਦੇ ਹੌਂਸਲੇ 'ਚ ਉਸਦੀ ਪਤਨੀ ਨੇ ਵੀ ਆਪਣਾ ਪੱਖ ਸੁਣਾ ਦਿੱਤਾ।

"ਸੋਡੀ ਨਾਸਮਝੀ ਬੋਲਦੀ ਐ। ਸੋਨੂੰ ਭਵਿੱਖ ਦੇ ਖਤਰਿਆਂ ਦਾ ਨੀਂ ਪਤਾ। ਆਪਣਾ ਸੋਹਣਾ ਡੰਗ ਸਰਦਾ ਸੁੱਖ ਨਾਲ ਕਿਹੜੀ ਚੀਜ਼ ਦਾ ਘਾਟਾ? ਅੱਧੇ ਪਿੰਡ ਨਾਲੋਂ ਸੌਖੇ ਆਂ। ਅੱਜ ਵਾਸਤੇ ਏਦੂੰ ਵੱਧ ਪ੍ਰਾਪਤ ਕਰਨ ਲਈ ਮੈਂ ਆਉਣ ਵਾਲੀਆਂ ਨਸਲਾਂ ਦਾ ਹੱਕ ਨਹੀਂ ਖੋਹਣਾ ਚਾਹੁੰਦਾ।" ਕੋਲ ਬੈਠੇ ਆਵਦੇ ਮੁੰਡੇ ਵੱਲ ਝਾਕਦਿਆਂ ਉਸ ਨੇ ਆਪਣੀ ਗੱਲ ਜਾਰੀ ਰੱਖੀ," ਚਾਨਣਾਂ ਤੈਨੂੰ ਤਾਂ ਨੀਂ

ਹੋਸਟਲ ’ਚ ਕੋਈ ਤੋਟ ਜੇ ਕੋਈ ਘਾਟ ਐ ਤਾਂ ਦੱਸ?”

“ਨਾ ਜੀ ਹਾਲੇ ਤੱਕ ਤਾਂ ਕੋਈ ਨੀਂ।”

“ਨਾਲੇ ਵਿਦੇਸ਼ਾਂ ’ਚ ਜਾ ਕੇ ਵੀ ਤਾਂ ਤੇਰੇ ਹਾਣੀ ਲੇਬਰ ਕਰਦੇ ਈ ਆ। ਜੇ ਮਾੜਾ ਮੋਟਾ ਹੱਥ-ਪੱਲਾ ਪੜ੍ਹਾਈ ਦੇ ਨਾਲ ਨਾਲ ਏਧਰ ਹਿਲਾ ’ਲੋਂਗੇ ਮੈਨੂੰ ਤਾਂ ਏਹਦੇ ’ਚ ਵੀ ਕੋਈ ਹਰਜ਼ ਨਹੀਂ ਲਗਦਾ। ਕਿ ਨਈਂ?”

“ਪਾਪਾ ਮੈਂ ਸਮਝਦਾਂ ਸੋਡੀ ਗੱਲ। ਮੈਂ ਤਾਂ ਸਗੋਂ ਡਿਗਰੀ ਕਰਕੇ ਖੇਤੀ ਕਰਨ ਬਾਰੇ ਈ ਸੋਚਦਾਂ। ਸੋਡਾ ਤਜਰਬਾ ਤੇ ਮੇਰੀ ਪੜ੍ਹਾਈ। ਮਿਲਟ ਦਾ ਬੜਾ ਕਰੇਜ਼ ਵਧਣਾ ਆਉਣ ਆਲੇ ਸਮੇਂ ’ਚ ਆਪਾਂ ਮੋਟੇ ਅਨਾਜ਼ ਪੈਦਾ ਕਰਾਂਗੇ।” ਮੁੰਡੇ ਨੇ ਹੁੰਗਾਰਾ ਭਰਿਆ।

“ਮੈਂ ਤਾਂ ਇਹ ਕਹਿੰਦਾ ਸੀ ਬਾਈ ਜੀ, ਕਿ...।” ਚਾਣਨ ਦੇ ਮਾਮੇ ਨੇ ਬੋਲਣਾ ਚਾਹਿਆ।

“ਹੋਰ ਤਾਂ ਯਰ ਕੋਈ ਮਸਲਾ ਈ ਨੀਂ ਰਹਿ ਗਿਆ।” ਕਹਿੰਦਾ ਬਲਦੇਵ ਸਿੰਘ ਕੁਰਸੀ ਤੋਂ ਖੜ੍ਹਾ ਹੋ ਗਿਆ।

“ਚਲ ਭਰਾਵਾ...ਓਹ ਜਾਣੇ। ਏਹਨੇ ਤਾਂ ਜੇਹੜਾ ਮੂੰਹੋਂ ਕਹਿਤਾ ਬੱਸ ਕਹਿਤਾ। ਦੇਖੀ ਜਾਊ ਹੈਗਾ ਲੀਲੀ ਛਤਰੀ ਆਲਾ, ਭਲੀ ਕਰੂ।” ਆਪਣੇ ਪਤੀ ਦੇ ਸੁਭਾਅ ਨੂੰ ਸਮਝਦੀ ਪਤਨੀ ਨੇ ਉਪਰ ਵੱਲ ਹੱਥ ਕਰ ਦਿੱਤੇ।

ਇਸ ਤਰਾਂ ਉਹਦੇ ਖੇਤਾਂ ਦੀ ਸਾਉਣੀ ਦੀ ਫਸਲ ਨਰਮਾ, ਗੁਆਰਾ, ਬਾਜਰਾ, ਹਰਹਰ ਹੋ ਗਈ। ਇਹਨਾਂ ਫਸਲਾਂ ਦੀ ਬੱਚਤ ਨਾਲ ਉਸਦੀ ਕਮਾਈ ਨੂੰ ਭਾਵੇਂ ਸੱਟ ਵੱਜੀ ਸੀ ਪਰ ਉਹ ਅਰਸ਼ ਤੇ ਚਾਨਣ ਹੁਰਾਂ ਦੇ ਭਵਿੱਖ ਲਈ ਪਾਣੀ ਜ਼ਰੂਰ ਬਚਾਉਣ ਲੱਗ ਪਿਆ ਸੀ। ਉਸਨੇ ਹਿੱਕ ਥਾਪੜੀ ਸੀ, ‘ਮੇਰੀ ਮੋਟਰ ਕਦੇ ਵੀ ਜੀਰੀ ਲਈ ਪਾਣੀ ਨਹੀਂ ਕੱਢੇਗੀ!’

ਹਰ ਜਗ੍ਹਾ ਪਾਣੀ ਬਚਾਉਣ ਜਾਂ ਪਾਣੀ ਦੀ ਸੰਭਾਲ ਉਸਦੀ ਗੱਲਬਾਤ ਦਾ ਮੁੱਖ ਵਿਸ਼ਾ ਹੁੰਦਾ। ਤਾਂ ਹੀ ਤ੍ਰਿਵੇਣੀ ਵਾਲੀ ਸੱਥ ਨੇ ਉਸਦੇ ਨਾਂ ‘ਬਲਦੇਵ ’ ਨੂੰ ਵਿਗਾੜ ਕੇ ’ਜਲ ਦੇਵ’ ਬਣਾ ਦਿੱਤਾ ਸੀ, ਜਲ ਦੇਵ -ਪਾਣੀ ਦਾ ਦੇਵਤਾ।

* * *

“ਤਪਾੜ ਤਪਦੈ ਬਾਈ। ਵਰਨੋਂ ਉੱਡਦੀ ਆ। ਸੌਣ ਮ੍ਹੀਨਾ ਪਹਿਲੀ ਵਾਰ ਦੇਖਿਆ ਏਨਾ ਸੁੱਕਾ। ਇੰਦਰ ਦੇਵ ਜਿਆਦਾ ਈ ਕਰੋਪ ਆ ’ਤੋਕੀਂ ...।” ਬਲਦੇਵ ਨੂੰ ਆਉਂਦਾ ਦੇਖ ਛੋਟਾ ਬੋਲ ਰਿਹਾ ਸੀ।

ਖੇਤ ਵੱਲ ਜਾਂਦੇ ਬਲਦੇਵ ਸਿੰਘ ਨੇ ਗੱਲ ਸੁਣਕੇ ਪੈਰ ਮਲ ਲਿਆ।

“ਪਿਛਲੇ ਸਾਲ ਕਿਹੜਾ ਵੱਟਾਂ ਤੋੜਤੀਆਂ ਸੀ? ਕਿਆਰੇ ਭਰਮਾਂ ਮੀਂਹ ਤਾਂ ਕਿੰਨੇ ਸਾਲ ਹੋਗੇ ...ਮੈਨੂੰ ਲਗਦੈ ਪਿਆ ਈ ਨੀਂ?” ਲਛਮਣ ਨੇ ਛੋਟੇ ਦੀ ਗੱਲ ਦੀ ਤਾਈਦ ਕਰ ਦਿੱਤੀ।

ਬਲਦੇਵ ਸਿੰਘ ਤੋਂ ਚੁੱਪ ਨਾ ਰਿਹਾ ਗਿਆ, “ਅਜੇ ਤਾਂ ਕੀ ਹੋਇਆ...ਗਾਹਾਂ ਦੇਖਦੇ ਜਾਇਓ। ਖੇਤਾਂ ’ਚੋਂ ਦਰੱਖਤ ਤਾਂ ’ਕੱਲਾ -’ਕੱਲਾ ਕਰਕੇ ਸਾਰੇ ਪੱਟ ’ਤੇ...ਅਖੇ: ਵ੍ਹੌਣ, ਬੀਜਣ ਤੇ ਵੱਢਣ ਵੇਲੇ ’ ੜਿੱਕਾ ਲੌਂਦੇ ਨੇ। ਨਾਂ ਘਰਾਂ ’ਚ ਛੱਡੇ ਨੇ, ਅਖੇ : ਗੰਦ ਪੈਂਦਾ। ਸੜਕਾਂ ਕਿਨਾਰੇ...ਵਿਕਾਸ ਨੇ ਆਰੇ ਚਲਵਾਤੇ। ਭਾਲਦੇ ਆਂ ਇੰਦਰ ਮੇਹਰ ਕਰੂ!” ਉਸਨੇ ਲਛਮਣ ਵੱਲ ਵੇਖਦਿਆਂ ਤੋੜਾ ਝਾੜਿਆ ਤੇ ਖੇਤ ਵੱਲ ਤੁਰ ਪਿਆ।

ਪਰ ਕੁਝ ਕਦਮ ਜਾ ਕੇ ਫੇਰ ਮੁੜ ਆਇਆ, “ਬਾਬੇ ਦੀ ਬਾਣੀ ਨੇ ਪਾਣੀ ਨੂੰ ਪਿਤਾ ਕਿਹਾ। ਤੇ

ਜਿਹੜਾ ਆਵਦੇ ਪਿਓ ਦੀ ਕਦਰ ਨੀਂ ਕਰਦਾ...ਉਹਨੂੰ ਦੇਖਲੋ ਆਪਾਂ ਕੀ ਕਹਿਨੇ ਹੁੰਨੇ ਆਂ!"

ਬਲਦੇਵ ਸਿੰਘ ਦੇ ਤੁਰਦਿਆਂ ਹੀ ਸੱਥ ਜਾਣ ਵਾਲੇ ਦੀ ਮੈਲ ਧੋਣ ਵਾਲੇ ਆਪਣੇ ਰੰਗ 'ਚ ਆ ਗਈ।

"ਇਹਨੇ ਬੜਾ ਤਪਾਏ ਆਂ ਯਰ। ਕੋਈ ਮਰਜ਼ੀ ਗੱਲ ਕਰਲੋ, ਓਸੇ ਨੂੰ ਦਰਖਤਾਂ ਤੇ ਪਾਣੀ ਨਾਲ ਜੋੜ ਲੈਂਦਾ।" ਇੱਕ ਬੋਲਿਆ।

"ਨਾਂ ਭਲਾਂ ਦਰਖਤਾਂ ਦਾ ਮੀਹ ਨਾਲ ਕੀ ਸੰਬੰਧ...ਕਿੱਧਰ ਬੁੜ੍ਹੀ ਦਾ ਮਰਨਾ, ਕਿੱਧਰ ਹਲ ਓਕੜੂ।" ਛੋਟੇ ਦੇ 'ਗਿਆਨ' ਨਾਲ ਸੱਥ ਤਾਂ ਨਿਹਾਲ ਹੋ ਗਈ ਪਰ ਬਾਬੇ ਠਾਕਰ ਨੂੰ ਨਮੋਸ਼ੀ ਮਾਰ ਗਈ। ਉਹ ਬੋਲਿਆ, "ਨਾਂ ਸੋਨੂ ਸਮਝ ਆ 'ਗੀ ਏਹਦੀ ਗੱਲ? ਦੂਰ ਦੀਆਂ ਸੋਚਦਾ ਏਹੇ। ਸੋਡੀ ਅਕਲੋਂ ਪਰ੍ਹੇ ਦੀਆਂ।"

"ਮੈਨੂੰ ਰੜਕਦਾ ਬਹੁਤ ਆ ਏਹੇ...।" ਲਛਮਣ ਨੇ ਠਾਕਰ ਦੀ ਗੱਲ ਅਣਸੁਣੀ ਕਰਦਿਆਂ ਖੰਘੂਰਾ ਮਾਰਿਆ, "...ਖੇਤ ਫਿਰਦਾ ਐਮੇ ਅੱਖਾਂ ਚੁੰਭਲੀ ਜਾਂਦਾ ਸਾਰਾ ਦਿਨ। ਕਦੇ ਕਸੀਆ ਚੱਕ ਲਿਆ...ਕਦੇ ਖੁਰਪਾ। ਜੀਰੀ ਲਾਈ ਹੋਵੇ...'ਰਾਮਦਾਰੀ ਤਾਂ ਰਹਿੰਦੀ ਆ ਬੰਦੇ ਨੂੰ। ਇਹਤੋਂ ਉਹ 'ਰਾਮ ਵੀ ਨੀ ਕਰਿਆ ਜਾਂਦਾ। "

"ਐਮੇ ਉੱਘ ਦੀ ਪਤਾਲ ਮਾਰੀ ਜਾਨੈਂ, ਚਾਚਾ। ਜਿਹੜੀ ਵਿਚਲੀ ਗੱਲ ਆ, ਉਹ ਘੁੰਢੀ ਖੋਲ੍ਹ...।" ਭਾਵੇਂ ਛੋਟੇ ਨੂੰ ਪਤਾ ਸੀ ਪਰ ਉਹ ਦੁਬਾਰਾ ਲਛਮਣ ਦੇ ਮੂੰਹੋਂ ਸੁਣਨਾ ਚਾਹੁੰਦਾ ਸੀ।

"ਸਾਨੂੰ ਵੀ ਪਤਾ ਲੱਗੇ...।" ਸੱਥ ਬੋਲੀ।

"ਘੁੰਢੀ ਤਾਂ ਕੀ ਆ...।" ਖੰਗੂਰਾ ਮਾਰ ਕੇ ਗਲਾ ਸਾਫ਼ ਕਰਦਾ ਉਹ ਸ਼ੁਰੂ ਹੋ ਗਿਆ,"...ਜਿੱਦੋਂ ਸਾਡੇ ਜੀਰੀ ਲਗਦੀ ਸੀ, ਓਦਣ ਦੀ ਗੱਲ ਆ। ਸਾਡੀ 'ਕੱਲੀ ਮੋਟਰ ਤੋਂ ਪਾਣੀ ਪੂਰਾ ਨੀਂ ਹੋਇਆ ਤੇ ਲੇਬਰ ਪਾਣੀ ਤੋੜੇ ਵਿਹਲੀ ਬੈਠੀ ਸੀ। ਨਾਲ ਲੱਗਮੀਂ ਇਹਦੀ ਮੋਟਰ ਬੰਦ ਪਈ ਸੀ। ਮੈਂ ਜਾ ਕੇ ਓਹਦਾ ਸਟਾਟਰ ਦੱਬ 'ਤਾ।"

"ਫੇਰ ਬਈ...।" ਸੱਥ ਦੀ ਉਤਸੁਕਤਾ ਵਧ ਗਈ।

"ਮੋਟਰ ਹਾਲੇ ਵੀਹ ਕੁ ਮਿੰਟ ਈ ਚੱਲੀ ਸੀ, ਏਹ ਆ ਗਿਆ। ਤੇ ਏਹਨੇ ਆਉਣ ਸਾਰ ਸਟਾਟਰ ਕੱਟ 'ਤਾ।"

"ਕਿਉਂ ਬੰਦ ਪਈ ਕੀ ਦੁੱਧ ਦਿੰਦੀ ਸੀ...ਮੁਖਤ ਦੀ ਲੈਟ ਆ।" ਸੱਥ ਵਾਸਤੇ ਇਹ ਅਲੋਕਾਰੀ ਗੱਲ ਸੀ।

"ਹੋਰ ਸੁਣ ...ਮੈਨੂੰ ਬਣਾ ਸਮਾਰਕੇ ਕੈਂਹਦਾ, ਮੇਰੀ ਮੋਟਰ ਜੀਰੀ ਵਾਸਤੇ ਨਾ ਚਲਾਂਈਂ। ਜੇ ਨਰਮਾ, ਬਾਜਰਾ ਬੀਜਣ ਲੱਗਪੇਂ...ਫ਼ੇਰ ਜਿਮੇ ਮਰਜ਼ੀ ਵਰਤੀ ਜਾਂਈ।"

"ਹੂੰਅ ...ਨਰਮਾ, ਬਾਜਰਾ...!"

"ਚਲ ਅਗਲਾ ਮਾਲਕ ਸੀ...ਆਪਣੀ ਕਾਹਦੀ ਜ਼ਿੱਦ! ਜੀਰੀ ਦੋ ਦਿਨ ਮਗਰੋਂ ਲਾ 'ਗੀ...ਹੋਰ ਕੀ!" ਖੰਗੂਰਾ ਮਾਰ ਕੇ ਗਲ਼ ਸਾਫ਼ ਕਰਦਾ ਲਛਮਣ ਆਪਣੀ ਗੱਲ ਕਹਿ ਤਾਂ ਗਿਆ ਪਰ ਆਵਦੀ ਮਾਨਸਿਕ ਪੀੜ ਨੂੰ ਉਸ ਨੇ ਗਲ਼ 'ਚ ਭਰ ਆਈ ਕੌੜੀ ਘੁੱਟ ਦੇ ਨਾਲ ਅੰਦਰ ਈ ਨਿਗਲ ਲਿਆ।

"ਭਾਵੇਂ ਮੈਂ ਸੋਡੇ ਸਾਰਿਆਂ ਨਾਲੋਂ ਵੱਡਾਂ ਨਵੇਂ ਜ਼ਮਾਨੇ ਬਾਰੇ ਘੱਟ ਪਤਾ ਹੋਊ। ਪਰ ਜਦੋਂ ਬਲਦੇਵ ਸਿੰਘ ਦੀਆਂ ਗੱਲਾਂ ਸੁਣਦਾਂ ਨਾਂ ਤੁਸੀਂ ਸਾਰੇ ਮੈਨੂੰ ਓਹਦੇ ਸਾਹਮਣੇ ਬੂਝੜ ਲਗਦੇ ਓਂ।" ਸੱਥ ਨੂੰ ਮੁਖਾਤਿਬ ਹੁੰਦਾ ਬਾਬਾ ਠਾਕਰ ਸੱਚ ਬੋਲਿਆ।

* * *

"ਚਾਨਣ ਵੀ ਆਜੂ ਕੱਲ ਨੂੰ।" ਇੱਕ ਰਾਤ ਬਲਦੇਵ ਸਿੰਘ ਨੇ ਆਪਣੀ ਪਤਨੀ ਨਾਲ ਗੱਲ ਤੋਰੀ।

"ਹਾਂ, ਮੇਰੀ ਵੀ ਹੋਈ ਸੀ ਗੱਲ। ਤਿੰਨ ਛੁੱਟੀਆਂ ਨੇ ਲਗਾਤਾਰ।" ਉਸਨੇ ਹੁੰਗਾਰਾ ਭਰਿਆ।

"ਪੜ੍ਹਦਾ ਤਾਂ ਵਧੀਆ ਡਟਿਆ ਰਿਹਾ ਤਾਂ ਏ ਡੀ ਓ ਬਣ ਸਕਦਾ।"

"ਓਹ ਕੀ ਹੁੰਦਾ?"

"ਖੇਤੀਬਾੜੀ ਅਫ਼ਸਰ ਨੂੰ ਅੰਗਰੇਜ਼ੀ 'ਚ ਕਹਿੰਦੇ ਨੇ।"

"ਨਾਲੇ 'ਕੇਰਾਂ ਕੋਈ ਮਿਲਟ-ਮੁਲਟ ਦੀ ਗੱਲ ਕਰਦਾ ਸੀ। ਫੇਰ ਆਖੇਂਗਾ ਕੁਸ਼ ਵੀ ਨੀਂ ਪਤਾ! ਭਲਾਂ ਓਹ ਵੀ ਕੀ ਹੁੰਦਾ?"

"ਜਦੋਂ ਪਤਾ ਈ ਨੀਂ ਆਖੂੰਗਾ ਤਾਂ ਹੈਗਾ।" ਪਤੀ ਪਤਨੀ ਨੋਕ-ਝੋਕ ਦੇ ਮੂਡ ਵਿੱਚ ਆ ਗਏ।

"ਨਾ ਫੇਰ ਵੀ?"

"ਜਵਾਰ, ਰਾਗੀ, ਕੋਧਰੇ, ਕੰਗਨੀ ਵਰਗੇ ਮੋਟੇ 'ਨਾਜਾਂ ਨੂੰ ਕਹਿੰਦੇ ਆ।"

"ਅਛਿਆ। ਊਂ ਤਾਂ ਰੇਹ-ਸਪਰੇਹ ਆਲੀਆਂ ਕੰਪਨੀਆਂ ਵੀ ਬਥੇਰੀ ਤਨਖਾਹ ਦੇ ਦਿੰਦੀਆਂ। ਇੱਕ ਦਿਨ ਗੱਲਾਂ ਕਰਦਾ ਸੀ ਮੇਰੇ ਨਾਲ।"

"ਪ੍ਰਾਈਵੇਟ ਕੰਪਨੀਆਂ ਦੀ ਨੌਕਰੀ ਤਾਂ ਨਖਿੱਧ ਚਾਕਰੀ ਆਲੀ ਗੱਲ ਈ ਹੁੰਦੀ ਐ। ਖੇਤੀ ਵਧੀਐ ਉੱਤਮ। ਬਾਕੀ ਜਿਮੇ ਓਹਦਾ ਜੀਅ ਕਰੂ ਕਰਲੂ।"

ਉਹ ਹੋਰ ਵੀ ਨਿੱਕੀਆਂ ਨਿੱਕੀਆਂ ਗੱਲਾਂ ਕਰਦੇ ਰਹੇ। ਛੇਤੀ ਹੀ ਬਲਦੇਵ ਸਿੰਘ ਹੁੰਗਾਰਾ ਭਰਨੋਂ ਹਟ ਗਿਆ।

"ਬੋਲਦੇ ਨੀਂ।"

"...।"

"ਲੈ ਵਧੀਆ ਈ ਐ ਏਹ ਵੀ...ਸੌਣ ਲੱਗਿਆ ਤਾਂ ਮਿੰਟ ਲਾਉਂਦਾ।" ਕਹਿੰਦੀ ਉਸ ਦੀ ਪਤਨੀ ਵੀ ਪਾਸਾ ਮਾਰ ਕੇ ਪੈ ਗਈ, "ਦਿਨੇ ਵੀ ਕੇਹੜਾ ਟਿਕਦਾ, ਕੋਈ ਨਾ ਕੋਈ ਕੰਮ ਭਾਲੀ ਰੱਖਦਾ। ਕੰਮ ਨਾ ਮਿਲੇ ਘੜ੍ਹਮ ਸਹੀ!" ਉਸ ਨੇ ਆਪਣੇ ਆਪ ਨੂੰ ਕਿਹਾ।

"ਸਾਉਣ ਦਾ ਮਹੀਨਾ ਸੁੱਕਾ ਲੰਘ ਗਿਆ -ਬਿਨਾਂ ਵਰ੍ਹੇ। ਅੰਤਾਂ ਦੀ ਗਰਮੀ। ਜੇਠ -ਹਾੜ ਦੇ ਦਿਨਾਂ ਵਾਂਗ ਕਾਂ ਅੱਖ ਨਿਕਲੇ। ਛੱਪੜ ਬਣੇ ਖੇਤਾਂ ਦੀ ਭੜਦਾਹ ਮਾਰੇ। ਬਾਜਰੇ ਦੀ ਗੁਡਾਈ ਕਰਦਿਆਂ ਬਲਦੇਵ ਸਿੰਘ ਨੂੰ ਦੁਪਿਹਰ ਹੋਣ ਲਗ ਪਈ। ਬਾਕੀ ਰਹਿੰਦੇ ਕੰਮ ਦਾ ਹਿਸਾਬ ਲਾਉਂਦਾ ਉਹ ਆਪਣੇ ਆਪ ਨਾਲ ਗੱਲਾਂ ਕਰਨ ਲੱਗ ਪਿਆ, "ਜੇ ਝੁੱਟੀ ਲਾ ਕੇ ਨਬੇੜਾਂ ਤਾਂ ਅੱਧੇ ਘੰਟੇ 'ਚ ਨਿੱਬੜੂ ਸਾਰਾ ਕੰਮ ਤੇਹ ਵੀ ਵਾਹਵਾ ਚਮਕੀ ਪਈ ਆ ...ਤੇ ਪਾਣੀ ਵੀ ਮਿੱਤਰਾ ਬਾਟੀ ਕੁ ਬਚਿਆ ਕੈਂਪਰ 'ਚ ...ਹੁਣੇ ਪੀਵਾਂ ਕਿ...?" ਉਹ ਮੱਥੇ 'ਤੇ ਚਾਰ ਉਂਗਲਾਂ ਦਾ ਓਟਾ ਕਰਕੇ ਸੂਰਜ ਵੱਲ ਝਾਕਿਆ, "ਓਏ ਕੇਹੜੇ ਜਨਮਾਂ ਦਾ ਵੈਰ ਕੱਢਦਾਂ, ਵੈਰੀਆ..." ਉਸਦੀ ਸੋਚ ਅਜੇ ਕੁਦਰਤ ਦੇ ਕਰੋਪ ਵੱਲ ਮੁੜੀ ਹੀ ਸੀ ਕਿ ਮੋਟਰ ਵਾਲੇ ਕੋਠੇ ਕੋਲੋਂ ਲਛਮਣ ਬੋਲ ਪਿਆ, "ਓਏ ਆ ਜਾ ਵੱਡੇ ਭਾਈ ...ਪਾਣੀ ਧਾਣੀ ਪੀ ਲੈ...ਜਾਨ ਤਾਂ ਨੀਂ ਦੇਣੀ!"

ਬਲਦੇਵ ਕੋਠੇ ਵੱਲ ਝਾਕਿਆ। ਪਰ ਲਛਮਣ ਦੀ ਗੱਲ ਅਣਸੁਣੀ ਕਰ ਗਿਆ। ਉਸਨੇ ਮਨ 'ਚ ਪਕਾ ਲਿਆ, "ਰਹਿੰਦਾ ਕੰਮ ਨਬੇੜ ਕੇ ਈ ਤੇਹ ਬੁਝਾਵਾਂਗਾ।" ਤੇ ਕਸੀਏ ਨੂੰ ਪਏ ਉਸਦੇ ਹੱਥ

ਕਰੜੇ ਹੋ ਗਏ।

ਲਛਮਣ ਕੋਠੇ ਅੰਦਰ ਗੇੜਾ ਦੇ ਕੇ ਚੱਕਵੇਂ ਪੈਰੀਂ ਵਾਪਸ ਆਵਦੀ ਮੋਟਰ ਵੱਲ ਤੁਰ ਗਿਆ।

ਕਿਹੜਾ ਅੱਧਾ ਘੰਟਾ! ਇੱਕ ਘੰਟੇ ਦੇ ਲਗਭਗ ਸਮਾਂ ਹੋ ਗਿਆ। ਬਲਦੇਵ ਸਿੰਘ ਕੰਮ ਨੂੰ ਡਟਿਆ ਰਿਹਾ। ਉਸਦੀ ਤੇਹ ਝੱਲਣ ਦੀ ਸੀਮਾ ਖਤਮ ਹੋ ਰਹੀ ਸੀ।

"ਤੇਹ ਲੱਗੀ ਤੋਂ ਪਾਣੀ ਨਾ ਪੀਤਾ ਜਾਵੇ, ਨਿਗ੍ਹਾ ਵਗ ਜਾਂਦੀ ਐ। ਜੇ ਯਕੀਨ ਨੀਂ ਆਉਂਦਾ ਅੰਨ੍ਹਾ ਮਾਘੀ ਸੋਡੇ ਸਾਹਮਣੇ ਐ। ਹਾੜੀ ਵੱਢਦਾ ਅੱਧੀ ਅੱਧੀ ਦਿਹਾੜੀ ਪਾਣੀ ਨੀ ਸੀ ਪੀਂਦਾ। ਭਾਵੇਂ ਪੁੱਛ ਕੇ ਦੇਖ ਲਿਓ।" ਉਸ ਨੂੰ ਇੱਕ ਵਾਰ ਠਾਕਰ ਬਾਬੇ ਦੀ ਸੱਥ ਵਿੱਚ ਕਹੀ ਗੱਲ ਯਾਦ ਆਈ।

'ਬਾਬਾ ਤਾਂ ਕੱਲੀ ਨਿਗ੍ਹਾ ਜਾਣ ਦੀ ਗੱਲ ਕਰਦਾ ਜਿਵੇਂ ਮੇਰੀ ਹਾਲਤ ਆ। ਮੈਨੂੰ ਲਗਦਾ ਜੇ ਤੇਹ ਲੱਗੀ ਤੋਂ ਪਾਣੀ ਨਾ ਪੀਤਾ ਜਾਏ, ਬੰਦੇ ਦੀ ਜਾਨ ਈ ਵਗ 'ਜੇ! ਚਲ ਕੋਈ ਨਾ ਦੇਖੀ ਜਾਊ ਬੱਸ ਹੁਣ ਤਾਂ ਦੰਦਾਂ 'ਚ ਜੀਭ ਆਲੀ ਗੱਲ ਐ। ਆਹ ਨਬੇੜ ਕੇ ਪਾਣੀ ਪੀਣ 'ਤੇ ਈ ਆਂ।'

ਬਾਕੀ ਰਹਿੰਦਾ ਕੰਮ ਦੇਖ ਕੇ ਬਲਦੇਵ ਸਿੰਘ ਨੇ ਆਪਣੇ ਆਪ ਨੂੰ ਹੌਂਸਲਾ ਦੇ ਲਿਆ।

'ਧੰਨ ਗੁਰੂ ਨਾਨਕ' ਕਹਿੰਦਿਆਂ ਉਸ ਨੇ ਕਸੀਏ ਦਾ ਆਖਰੀ ਟੱਕ ਮਾਰਿਆ। 'ਜੀਭ ਤਾਲੂਏ ਲੱਗਣ ਆਲੀ ਗੱਲ ਐਮੀ ਨੀਂ ਬਣੀ ਹੋਈ, ਓਹੀ ਹਾਲ ਹੋ ਚੱਲਿਆ!' ਆਪਣੇ ਆਪ ਨੂੰ ਕਹਿੰਦਾ ਉਹ ਕੋਠੇ ਕੋਲ ਆ ਗਿਆ।

ਕੋਠੇ ਵਿੱਚ ਉਸ ਨੇ ਦੇਖਿਆ ਕਿ ਕੈਂਪਰ ਦਾ ਢੱਕਣ ਪਾਸੇ ਰੱਖਿਆ ਪਿਆ ਸੀ ਤੇ ਉਸ ਵਿੱਚ ਪਾਣੀ ਦੀ ਇੱਕ ਵੀ ਬੂੰਦ ਨਹੀਂ ਸੀ।

"ਓਏ ਤੇਰਾ ਕੱਖ ਨਾ ਰਹੇ ਮੇਰੇ ਹਿੱਸੇ ਦਾ ਪਾਣੀ ਪੀਣ ਆਲਿਆ ਲੱਛੂਆ!" ਬਿਨਾਂ ਬੋਲੇ ਆਪਣੇ ਮਨ ਵਿੱਚ ਹੀ ਲਾਹਨਤ ਪਾਉਂਦਾ ਬਲਦੇਵ ਸਿੰਘ ਧੜੱਮ ਕਰਕੇ ਡਿੱਗ ਪਿਆ। ਤੇ ਨਾਲ ਦੀ ਨਾਲ ਉਸ ਦੀ ਅੱਖ ਖੁੱਲ ਗਈ।

"ਵਾਹਿਗੁਰੂ ਵਾਹਿਗੁਰੂ।" ਮੰਜੇ ਦੀ ਬਾਹੀ 'ਤੇ ਲੱਤਾਂ ਲਮਕਾ ਕੇ ਬਹਿੰਦਾ ਉਹ ਜਾਪ ਕਰਨ ਲੱਗਿਆ।

"ਕੀ ਹੋ ਗਿਆ?" ਨਾਲ ਦੇ ਮੰਜੇ ਉੱਤੇ ਪਈ ਉਸਦੀ ਪਤਨੀ ਦੀ ਵੀ ਨੀਂਦ ਟੁੱਟ ਗਈ।

"ਬਹੁਤ ਡਰਾਉਣਾ ਸੁਪਨਾ ਸੀ ਓ ਹੋ ਹੋ! ਪਾਣੀ ਦਾ ਗਲਾਸ ਭਰੀਂ ਹੈਥੋਂ। ਵਾਹਿਗੁਰੂ ਵਾਹਿਗੁਰੂ!" ਉਸ ਨੇ ਇੱਕ ਲੰਬਾ ਸਾਹ ਲਿਆ ਤੇ ਖੱਬਾ ਹੱਥ ਚਿਹਰੇ ਉੱਤੋਂ ਦੀ ਫੇਰਿਆ।

"ਐਂ ਤਿਹਾਏ ਰਹਿ ਕੇ ਤਾਂ ਨੀਂ ਪਾਣੀ ਬਚਦੇ ਮੇਰੇ 'ਕੱਲੇ ਦੇ ਵੀ ਕੀ ਵੱਸ ਐ? ਕੁਸ਼ ਵੱਡਾ ਸੋਚਣਾ ਪਊ!" ਪਤਾ ਨਹੀਂ ਉਸ ਨੇ ਆਪਣੇ ਆਪ ਨੂੰ ਕਿਹਾ ਜਾਂ ਆਵਦੀ ਘਰਵਾਲੀ ਨੂੰ।

"ਕੀ ਬੋਲੀ ਜਾਨੈਂ?" ਉਹਦੀ ਘਰਵਾਲੀ ਨੇ ਪੁਛਿਆ।

"ਹੈਂਅ!" ਉਸ ਨੂੰ ਕੋਈ ਜਬਾਵ ਨਾ ਆਇਆ।

"ਕੋਈ ਨਾ ਪੈ ਜਾ ਹੁਣ ਕੱਲ ਨੂੰ ਚਾਨਣ ਆਊਗਾ। ਓਹਦੇ ਨਾਲ ਕਰ 'ਲੀਂ ਗੱਲ।"

"ਹਾਂਅ ਸਹੀ ਐ ਤੇਰੀ ਗੱਲ। ਆਊਗਾ ਚਾਨਣ!" ਉਸ ਦੀਆਂ ਅੱਖਾਂ ਵਿੱਚ ਚਮਕ ਆ ਗਈ ਤੇ ਨਾਲ ਦੀ ਨਾਲ ਮਾੜਾ ਸੁਪਨਾ ਮਨ 'ਚੋਂ ਜਾਂਦਾ ਲੱਗਿਆ। **

**(ਸੰਪਰਕ 94634-45092)**

ਕਹਾਣੀ

# ਜ਼ੁਬਾਨ

ਜਸਪਾਲ ਕੌਰ



ਪੇਰੈਂਟ ਟੀਚਰ ਮੀਟ ਤੇ ਹਰਮਨ ਦੀ ਮੰਮੀ ਵਰਿੰਦਰ ਕੌਰ ਨੂੰ ਕੁਝ ਖਾਸ ਹਦਾਇਤਾਂ ਕੀਤੀਆਂ ਗਈਆਂ।

"ਦਾਦੀ ਨਾਲ ਇਸ ਦਾ ਵਕਤ ਬੀਤਦਾ, ਆਈ ਐਮ ਵਰਕਿੰਗ, ਆਈ ਕੈਨ ਓਨਲੀ ਗਿਵ ਮਾਈ ਕੁਆਲਿਟੀ ਟਾਈਮ ਟੂ ਹਿਮ।"

ਵਰਿੰਦਰ ਕੌਰ ਨੇ ਹਰਮਨ ਦੀ ਪੰਜਾਬੀ ਨਾ ਬੋਲਣ ਦੀ ਜ਼ਿੰਮੇਵਾਰੀ ਲੈਂਦਿਆਂ ਅੱਗੇ ਤੋਂ ਖਿਆਲ ਰੱਖਣ ਦਾ ਵਾਅਦਾ ਕੀਤਾ।

ਡਰਾਇੰਗ ਰੂਮ ਵਿੱਚ ਕਾਹਲੇ ਕਦਮੀਂ ਏਧਰ ਓਧਰ ਸੋਫ਼ੇ ਦੇ ਪਿਛਲੇ ਪਾਸੇ ਕੰਧ ਤੋਂ ਦਰਵਾਜ਼ੇ ਤੱਕ ਵਰਿੰਦਰ ਕੌਰ ਚੱਕਰ ਲਾਈ ਜਾਈ ਰਹੀ ਸੀ, ਮੂੰਹ ਤੇ ਗੁੱਸਾ ਤੇ ਅਸੰਤੁਸ਼ਟਤਾ ਸੀ, ਬੁੱਲ ਏਦਾਂ ਦੇ ਹਾਵ ਭਾਵ ਦੇ ਰਹੇ ਸਨ ਕਿ ਕੋਈ ਸਾਹਮਣੇ ਆਵੇ ਤੇ ਕੁਸੈਲੇ ਬੋਲਾਂ ਨੂੰ ਅਗਲੇ ਦੇ ਕੰਨੀਂ ਮੜ੍ਹ ਕੇ ਆਪਣੇ ਚਿਹਰੇ ਦਾ ਰੰਗ ਢੰਗ ਦਰੁਸਤ ਕਰੇ ਜਿਹੜਾ ਲਾਲ ਤੇ ਕਾਲਾ ਰਲ਼ ਕੇ ਮੂੰਹ ਤੇ ਜ਼ੁਬਾਨ ਤੇ ਫੈਲਿਆ ਸੀ।

ਵਿੰਦੂ, ਵਿੰਦੂ... ਕਹਿੰਦਾ ਉਸ ਦਾ ਡਾਕਟਰ ਪਤੀ ਸੁਖਮਨ ਦੀਪ ਸਿੰਘ ਅੰਦਰ ਆਉਂਦਾ ਹੈ, ਪਰ ਉਹ ਕੋਈ ਜਵਾਬ ਨਹੀਂ ਦਿੰਦੀ।

"ਤੂੰ ਕੀ ਦਵਾਈਆਂ ਦਾ ਵੱਡਾ ਬਿੱਲ ਆਉਣ ਵੇਲੇ ਮਰੀਜ਼ ਦੇ ਮੂੰਹ ਵਰਗਾ ਮੂੰਹ ਬਣਾਇਆ ਜਾਂ ਫਿਰ ਟੁੱਟ ਭੱਜ ਗਿਆ ਕੁਝ ਕੰਮ ਵਾਲੀ ਹੱਥੋਂ।"

ਬਿੱਲ ਵਰਗੀ ਵੱਡੀ ਹਿਦਾਇਤ ਸੁਣ ਕੇ ਆਈ ਆਂ ਹਰਮਨ ਦੇ ਸਕੂਲੋਂ। ਟੁੱਟ ਭੱਜ ਗਿਆ ਮੇਰਾ ਦਿਮਾਗ ਤੇ ਸੁਪਨੇ।

"ਐਸਾ ਕੀ ਹੋ ਗਿਆ, ਬੜਾ ਬੀਬਾ ਮੇਰਾ ਪੁੱਤ।"

"ਹਾਂ ! ਪਰ ਸਮਾਰਟ ਨਹੀਂ।"

"ਤੁਹਾਡਾ ਬੱਚਾ ਸਕੂਲ ਵਿੱਚ ਪੰਜਾਬੀ ਬੋਲਦਾ ਹੈ, ਹਿੰਦੀ ਦੀ ਜਮਾਤ ਵਿੱਚ ਕਾ ਨੂੰ ਕੱਕਾ, ਖਾ ਨੂੰ ਖੱਖਾ ਕਹਿੰਦਾ , ਇਹਦਾ ਐਕਸੈਂਟ ਵੀ ਪੰਜਾਬੀ ਵਾਲਾ ਹੈ, ਵਾਟਰਮੈਲਨ ਨੂੰ ਹਦਵਾਣਾ ਕਹਿ ਰਿਹਾ ਸੀ। ਤੁਸੀਂ ਪਲੀਜ਼ ਘਰ ਇਸਦੇ ਨਾਲ ਪੰਜਾਬੀ ਨਾ ਬੋਲਿਆ ਕਰੋ।" ਇਹ ਕਿਹਾ ਬੀਬੇ ਪੁੱਤ ਦੀ ਕਲਾਸ ਇੰਚਾਰਜ ਨੇ।

ਤੇ ਫੇਰ... ਇਹ ਕਿੱਡੀ ਕੁ ਗੱਲ ਏ?

ਮੇਰੇ ਲਈ ਗੱਲ ਵੱਡੀ ਹੈ। ਪਿਓ ਡਾਕਟਰ , ਮਾਂ ਐਮ ਕਾਮ ਪ੍ਰੋਫੈਸਰ ਹੋਵੇ ਤੇ ਮੁੰਡਾ ਬੀਬਾ ਬੱਚਾ ਬਣ ਕੇ ਊੜਾ ਐੜੇ ਵਰਗੀ ਸ਼ਕਲ ਬਣਾ ਕੇ ਸਕੂਲ ਵਿੱਚ ਤੁਰਿਆ ਫਿਰੇ।

"ਅਸੀਂ ਵੀ ਤਾਂ ਇਹੋ ਬੋਲੀ ਬੋਲ ਕੇ ਜਵਾਨ ਹੋਏ ਤੇ ਇਥੋਂ ਤੱਕ ਪਹੁੰਚੇ ਆਂ।"

"ਉਹ ਵੇਲੇ ਹੋਰ ਸੀ ਡਾਕਟਰ ਸਾਹਬ, ਹੁਣ ਹਰ ਕੋਈ ਹਿੰਦੀ ਇੰਗਲਿਸ਼ ਬੋਲਦਾ, ਨਹੀਂ ਤਾਂ ਫੇਰ ਅਨਪੜ੍ਹ ਸਮਝੇ ਜਾਓਗੇ। ਮੈਂ ਤਾਂ ਆਪ ਬੋਲਦੀ ਕਾਲਜ ਹਿੰਦੀ ਜਾਂ ਇੰਗਲਿਸ਼, ਨੋ ਪੰਜਾਬੀ।"

"ਕਿੰਨੀ ਨਫ਼ਰਤ ਤੇ ਖਿਝ ਹੈ ਤੇਰੀ ਬੋਲੀ ਵਿੱਚ।"

ਉੱਠ ਕੇ ਕਮਰੇ 'ਚ ਚਲੇ ਜਾਂਦਾ ਏ।

ਅਫ਼ਸੋਸ ਭਰੀ ਸ਼ਿਕਨ ਚਿਹਰੇ ਤੇ ਫੈਲ ਜਾਂਦੀ ਹੈ। ਫ਼ੈਲ ਜਾਂਦੇ ਨੇ ਉਹ ਪਰਛਾਵੇਂ ਜਿਨ੍ਹਾਂ ਵਿੱਚ ਉਹ ਵੀ ਕਦੇ ਗਵਾਚਾ ਸੀ। ਧੁੰਦਲੇ ਚਿਹਰੇ ਪਰਛਾਵਿਆਂ 'ਚੋਂ ਉਭਰਦੇ ਆਪਣੀ ਪਛਾਣ ਕਰਾਉਣ ਲੱਗੇ। ਸ਼ਹਿਰ ਦੇ ਨਾਮੀ ਇੰਗਲਿਸ਼ ਮੀਡੀਅਮ ਸਕੂਲ ਵਿੱਚ ਵੰਨ ਸੁਵੰਨੇ ਆਧੁਨਿਕ ਪਹਿਰਾਵਿਆਂ ਵਿੱਚ ਸੱਜੀਆਂ ਤੇ ਚੁਸਤ ਤੋਰ ਨਾਲ ਭੱਜੀਆਂ ਫਿਰਦੀਆਂ ਮੈਡਮਾਂ ਦੇ ਚਿਹਰੇ, ਜਿਹੜੀ ਹਰ ਗੱਲ ਅੰਗਰੇਜ਼ੀ ਵਿੱਚ ਹੀ ਕਰਦੀਆਂ, ਜਿਵੇਂ ਉਹ ਇਸ ਧਰਤੀ ਦੀਆਂ ਹੋਣ ਹੀ ਨਾ।

'ਡੋਂਟ ਟਾਕ ਇਨ ਦਿਸ ਚੀਪ ਲੈਂਗੁਏਜ਼' ਅੱਜ ਵੀ ਯਾਦ ਹੈ ਰੇਵਤੀ ਮੈਡਮ ਦੀ ਹਿਮਾਕਤ ਭਰੀ ਫਿਟਕਾਰ, ਜਦੋਂ ਮੈਂ ਆਪਣੇ ਕਲਾਸ ਮੇਟ ਨਾਲ ਗੱਲ ਕਰ ਰਿਹਾ ਸਾਂ।

ਉਸ ਮਗਰੋਂ ਮੈਨੂੰ ਚੁੱਪ ਲੱਗ ਗਈ ਸੀ।

ਵਿੰਦੂ ਤੇ ਰੇਵਤੀ ਦਾ ਚਿਹਰਾ ਰਲਗੱਡ ਹੋਇਆ ਲੱਗਾ।

ਡਾ ਸੁਖਮਨ ਦੀਪ ਨੂੰ ਅੱਜ ਫੇਰ ਉਸੇ ਚੁੱਪ ਵਰਗੀ ਚੁੱਪ ਲੱਗੀ ਸੀ ਤੇ ਖ਼ਾਮੋਸ਼ ਸਫ਼ਰ ਤੇ ਮਨ ਨੇ ਚਾਲ ਫੜ ਲਈ।

"ਸਕੂਲ ਦੀ ਬੱਸ ਵਿੱਚ ਵੀ ਮੈਡਮਾਂ ਪੰਜਾਬੀ ਨਾ ਬੋਲਣ ਦਿੰਦੀਆਂ। ਪਤਾ ਨਹੀਂ ਕਿੱਦਾਂ ਸਕੂਲ 'ਚ ਵੜਦਿਆਂ ਹੀ ਇਹਨਾਂ ਦਾ ਅੰਗਰੇਜ਼ੀ ਹਿੰਦੀ ਵਾਲਾ ਵਾਇਰਸ ਐਕਟਿਵ ਹੋ ਜਾਂਦਾ, ਏਨੀ ਨਫ਼ਰਤ ਕਰਦੇ ਨੇ ਇਹ ਲੋਕ ਪੰਜਾਬੀ ਨੂੰ।"

ਫਿਰ ਵਿੱਚੋਂ ਹੀ ਪਰਛਾਵਿਆਂ ਹੇਠੋਂ ਰੌਸ਼ਨ ਚਿਹਰਾ ਸੁਖਮਨ ਨੂੰ ਦਿਸਦਾ, ਸਿਮਰਨ ਮੈਡਮ....ਸਿਮਰਨ ਮੈਡਮ ਉਹ ਹੌਲੀ ਜਿਹੇ ਮੁਸਕਰਾਉਂਦਿਆਂ ਬੋਲਦਾ ਹੈ, ਧੁੱਪ ਵਰਗੀ ਸ਼ਖ਼ਸੀਅਤ, ਤੇ ਪੂਰਾ ਸਾਫ਼ਗੋਈ ਵਜੂਦ।

ਕਿੱਦਾਂ ਖੜ੍ਹੇ ਰਹਿੰਦੇ ਸੀ ਹਰ ਵੇਲੇ ਆਪਣੀ ਬੋਲੀ ਦੀ ਹਿਫ਼ਾਜ਼ਤ ਕਰਦਿਆਂ।

ਸੁਖਮਨ ਨੂੰ ਆਪਣੇ ਮਰੀਜ਼ ਵੀ ਯਾਦ ਆਉਂਦੇ ਜਿਹੜੇ ਰੋਜ਼ ਆਪਣੇ ਅੰਦਾਜ਼ ਵਿੱਚ ਉਸਨੂੰ ਕਿੰਨੇ ਸ਼ਬਦ ਨਵੇਂ ਸਿਖਾ ਜਾਂਦੇ। ਮਰੀਜ਼ਾਂ ਦੀ ਪੀੜ ਨੂੰ ਉਹਨਾਂ ਦੇ ਸ਼ਬਦਾਂ ਵਿੱਚੋਂ ਹੀ ਤਾਂ ਸਮਝਦਾ ਸੀ ਉਹ।

ਸਿਮਰਨ ਮੈਡਮ ਦੀ ਪਾਈ ਸ਼ਬਦ ਸਾਂਝ ਉਹਨੂੰ ਅੱਜ ਵੀ ਨਾ ਭੁੱਲਦੀ। ਉਸ ਵੇਲੇ ਸਕੂਲ ਸਟੇਜ ਤੇ ਕੀਤੀ ਡਾਕਟਰ ਦੀ ਐਕਟਿੰਗ, ਜਿਸਦਾ ਮਰੀਜ਼ ਕਹਿੰਦਾ, "ਡਾਕਟਰ ਸਾਹਬ, ਕੜੱਲਾਂ ਜਿਹੀਆਂ ਪੈਂਦੀਆਂ, ਸਰੀਰ ਵੱਲ ਜਿਹਾ ਨਹੀਂ। ਚਿੱਤ ਵੀ ਘਾਊਂ ਮਾਊਂ ਹੋਈ ਜਾਂਦਾ।"

ਤੇ ਮੈਂ ਉਹ ਡਾਕਟਰ ਸਾਂ ਜਿਸਨੂੰ ਉਹਦੀ ਗੱਲ ਵਿੱਚੋਂ ਕੋਈ ਮਰਜ਼ ਸਮਝ ਨਾ ਆਈ। ਐਕਟਿੰਗ ਕਰਦਿਆਂ ਨਾਲ ਦੇ ਪਿੰਡ ਦਾ ਡਾਕਟਰ ਬਣਿਆ ਮੁੰਡਾ ਮਰੀਜ਼ ਦਾ ਸਾਰਾ ਮਰਜ਼ ਸਮਝ ਜਾਂਦਾ ਹੈ।

ਤੇ ਨਾਲ ਹੀ ਮੈਨੂੰ ਸਮਝਾਉਂਦਾ , "ਬੋਲੀ ਕੀ ਆ, ਸਾਡਾ ਆਲਾ ਦੁਆਲਾ, ਸਾਡੀ ਸੋਚ, ਸਾਡੇ ਸਾਹ। ਭਾਸ਼ਾ ਦੀ ਰਮਜ਼ ਸਮਝ ਕੇ ਮਰੀਜ਼ ਦਾ ਮਰਜ਼ ਸਮਝ ਆਊ।"

ਕਿੰਨੇ ਸੁਹਣੇ ਅੰਦਾਜ ਵਿੱਚ ਸਿਮਰਨ ਮੈਡਮ ਨੇ ਭਾਸ਼ਾ ਦਾ ਮਹੱਤਵ ਦੱਸ ਦਿੱਤਾ ਸੀ। ਸੁਖਮਨ ਦੇ ਚਿਹਰੇ ਤੇ ਆਦਰ ਭਰੀ ਮੁਸਕਾਨ ਫੈਲ ਗਈ।

ਵਿੰਦੂ ਦੀ ਪੰਜਾਬੀ ਨਾਲ ਨਾਪਸੰਦਗੀ ਉਹਨੂੰ ਕਿੰਨੇ ਸਾਲ ਪਿੱਛੇ ਲੈ ਗਈ। ਵਿੰਦੂ ਵਰਗੇ ਹੀ ਤਾਂ ਸੀ ਰਾਗਨੀ ਮੈਡਮ ਵੀ।

"ਅਰੇ ਯੇ ਲੇ ਲੋ ਪੰਜਾਬੀ ਕਾ ਨਿਊਜ਼ ਪੇਪਰ, ਇਸ ਸੇ ਸਾਫ਼ ਕਰ ਲਓ।" ਜਦੋਂ ਰਿਸੈਪਸ਼ਨ ਤੇ ਖੜੇ ਹੋਏ ਪਾਣੀ ਦੀ ਬੋਤਲ ਮੇਰੇ ਹੱਥੋਂ ਛੁੱਟ ਗਈ ਸੀ ਤੇ ਰਿਸੈਪਸ਼ਨ ਕਾਊਂਟਰ ਤੇ ਪਿਆ ਅੰਗਰੇਜ਼ੀ ਅਖ਼ਬਾਰ ਮੈਡਮ ਦੇ ਕਹਿਣ ਤੇ ਸਾਫ਼ ਕਰਨ ਲਈ ਚੁੱਕਿਆ।

ਛੇਤੀ ਹੀ 'ਯੇ ਰਹਨੇ ਦੋ ਇੰਗਲਿਸ਼ ਕਾ ਪੇਪਰ' ਤੇ ਲਾਗੇ ਪਏ ਰੈਕ ਵਿਚੋਂ ਪੰਜਾਬੀ ਦਾ ਅਖਬਾਰ ਫੜਾ ਦਿੱਤਾ। ਗੱਲ ਭਾਵੇਂ ਛੋਟੀ ਸੀ ਪਰ ਇਹ ਗੱਲ ਬੜੀ ਗ਼ਲੀਜ਼ ਲੱਗੀ ਮੈਨੂੰ।

ਗੱਲ ਨੂੰ ਹਊ ਪਰੇ ਕਰ ਦਿਓ ਤਾਂ ਖ਼ੈਰ ਹੈ...ਪਰ ਇਹਨਾਂ ਲੋਕਾਂ ਦੇ ਜ਼ਿਹਨ 'ਚ ਵੱਸਿਆ ਪੰਜਾਬੀ ਲਈ ਤ੍ਰਿਸਕਾਰ ਮੇਰੀ ਆਤਮਾ ਨੂੰ ਝੰਜੋੜ ਜਿਹਾ ਜਾਂਦਾ ਸੀ।

ਤੇ ਪਲ ਛਿਣ 'ਚ ਹੀ ਉਹ ਮੇਰੇ ਦਿਲ ਤੋਂ ਕਿੰਨੇ ਦੂਰ ਹੋ ਜਾਂਦੇ ਨੇ।

ਬੱਚੇ ਜੇ ਦਿਲ ਦੀਆਂ ਗੱਲਾਂ ਕਰਦੇ ਤਾਂ ਸਿਮਰਨ ਮੈਡਮ ਨਾਲ। ਇਕ ਪਾਸੇ ਸਾਰਾ ਸਕੂਲ ਇਕੋ ਜਿਹੀ ਜ਼ਹਿਨੀਅਤ ਰੱਖਣ ਵਾਲਾ ਤੇ ਦੂਜੇ ਪਾਸੇ 'ਕੱਲੇ ਸਿਮਰਨ ਮੈਡਮ ਇਹਦੀ ਸ਼ਾਨ 'ਚ ਗੁਸਤਾਖੀ ਕਰਨ ਵਾਲਿਆਂ ਨਾਲ ਨਿਪਟਦੇ ਰਹਿੰਦੇ।

"ਮੈਮ ਤੁਸੀਂ ਕਹਿੰਦੇ ਹੋ ਪੰਜਾਬੀ ਸਾਡੀ ਮਾਂ ਬੋਲੀ ਏ, ਪਰ ਸਕੂਲ ਵਾਲੇ ਕਹਿੰਦੇ ਬੋਲੋ ਨਾ।" ਦੋ ਤਿੰਨ ਬੱਚੇ ਪੰਜਾਬੀ ਦੀ ਜਮਾਤ ਵਿੱਚ ਅਵਾਜ਼ ਉਠਾਉਂਦੇ ਹਨ।

ਕਈ ਵਾਰ ਅਜਿਹੇ ਸਵਾਲਾਂ ਦੇ ਜਵਾਬ ਦੇਣੇ ਉਹਨਾਂ ਲਈ ਕਿਸੇ ਚਣੌਤੀ ਤੋਂ ਘੱਟ ਨਾ ਹੁੰਦੇ।

ਬੜੇ ਤੋਲ ਮੋਲ ਨਾਲ ਫੇਰ ਜਵਾਬ ਦਿੰਦੇ, "ਗੱਲ ਏਦਾਂ ਏ ਬੱਚਿਓ ਕਿ ਤੁਸੀਂ ਅੰਗਰੇਜ਼ੀ ਮਾਧਿਅਮ ਸਕੂਲ ਵਿੱਚ ਪੜ੍ਹ ਰਹੇ ਹੋ। ਅੰਗਰੇਜ਼ੀ ਤਹਾਨੂੰ ਚੰਗੀ ਤਰ੍ਹਾਂ ਆ ਜਾਵੇ, ਉਹਨਾਂ ਦਾ ਮਕਸਦ ਸਿਰਫ਼ ਏਨਾ ਏ, ਪੰਜਾਬੀ ਤਾਂ ਤੁਹਾਡੀ ਮਾਂ ਬੋਲੀ ਏ, ਇਹ ਤਾਂ ਤੁਸੀਂ ਸਿੱਖ ਹੀ ਲੈਣੀ।"

"ਮੈਮ ਇਕ ਦਿਨ ਸ਼ਰੁਤੀ ਮੈਮ ਦੀ ਐਡਜਸਟਮੈਂਟ ਲੱਗੀ ਸੀ ਤੁਹਾਡੇ ਪੀਰਡ ਵਿੱਚ ਤੇ ਅਸੀ ਨਾਟਕ ਬਾਰੇ ਗੱਲ ਕਰ ਰਹੇ ਸੀ, ਡਾਇਲਾਗ ਬੋਲ ਰਹੇ ਸੀ।"

ਤੇ ਮੈਮ ਕਹਿੰਦੇ, "ਇਹ ਪੇਂਡੂ ਗੰਵਾਰਾਂ ਦੀ ਭਾਸ਼ਾ ਹੈ, ਸਪੀਕ ਇਨ ਇੰਗਲਿਸ਼ , ਨਹੀਂ ਤੋ ਰੈੱਡ ਕਾਰਡ ਇਸ਼ੂ ਕਰ ਤੀ ਹੂੰ।"

ਬੱਚੇ ਹੁਬ ਹੁਬ ਕੇ ਸਿਮਰਨ ਮੈਡਮ ਨੂੰ ਦੱਸ ਰਹੇ ਸਨ, ਉਹਨਾਂ ਨੂੰ ਪਤਾ ਸੀ ਕਿ ਇਸ ਮਾਮਲੇ 'ਚ ਸਾਡੀ ਸੁਣਵਾਈ ਹੋਰ ਕਿਸੇ ਨੇ ਨਹੀਂ ਕਰਨੀ,

"ਨਹੀਂ ਬੱਚੇ, ਇਹ ਸਾਹਿਤਕਾਰਾਂ ਦੀ ਭਾਸ਼ਾ ਏ, ਸੂਫ਼ੀਆਂ ਦੀ ਕਲਮ ਦੀ ਛੋਹ ਹੈ, ਬਹੁਤ ਅਮੀਰ ਹੈ ਇਹ ਬੋਲੀ।"

ਵਿੰਦੂ ਨੂੰ ਇਹ ਗੱਲਾਂ ਕਿਵੇਂ ਸਮਝਾਈਆਂ ਜਾਣ। ਹਰਮਨ ਤਾਂ ਟੁੱਟ ਜਾਵੇਗਾ, ਦੋਹਰੇ ਮਾਪਦੰਡਾਂ ਵਿੱਚ ਪੀਸਿਆ ਜਾਵੇਗਾ। ਹਰਮਨ ਦੇ ਵਧਣ ਵਿਗਸਣ ਦਾ ਵੇਲਾ ਏ। ਦਾਦੀ ਦੀ ਛਾਂ ਹੇਠ ਉਹ ਖਿੜ ਰਿਹਾ ਹੈ।"

ਡਾ. ਸੁਖਮਨ ਫ਼ਿਕਰਮੰਦ ਸੀ।

ਆਪ ਉਸਦੀਆਂ ਕਾਪੀਆਂ ਕਿਤਾਬਾਂ ਚੈੱਕ ਕਰਦਾ ਹੈ। ਹਰਮਨ ਦੀ ਡਾਇਰੀ ਤੇ ਦੋ ਦਿਨ ਪੁਰਾਣਾ ਨੋਟ ਸੀ ਕਿ ਪੰਜਾਬੀ ਅਤੇ ਫਰੈਂਚ ਵਿੱਚੋਂ ਕੋਈ ਇਕ ਭਾਸ਼ਾ ਸਕੂਲ ਵਿੱਚ ਪੜ੍ਹਾਈ ਜਾਵੇਗੀ। ਵਰਿੰਦਰ ਦੇ ਦਸਤਖ਼ਤ ਹੇਠ ਫਰੈਂਚ ਦੇ ਹੱਕ ਵਿੱਚ ਫੈਸਲਾ ਦਿੱਤਾ ਗਿਆ ਸੀ।

ਹਰਮਨ ਦੀ ਟੀਚਰ ਨੂੰ ਫ਼ੋਨ ਕਰਕੇ ਸੁਖਮਨ ਉਸਦੀ ਆਪਸ਼ਨ ਬਦਲਵਾ ਦਿੰਦਾ ਹੈ।

ਵਰਿੰਦਰ ਫੇਰ ਤਿਲਮਲਾਉਂਦੀ ਹੈ, "ਦੁਨੀਆਂ ਕਿਤੇ ਦੀ ਕਿਤੇ ਪਹੁੰਚ ਗਈ, ਇਹ ਖੂਹ ਦੇ ਡੱਡੂ ਪੰਜਾਬੀ ਪਿਆਰ ਚੋਂ ਈ ਨਹੀਂ ਬਾਹਰ ਨਿਕਲਦੇ।"

"ਜਦੋਂ ਫਰੈਂਚ ਦੀ ਲੋੜ ਪਊ, ਉਹ ਵੀ ਸਿੱਖੀ ਜਾਊ।" ਸੁਖਮਨ ਆਪਣਾ ਪੱਖ ਰੱਖਦਾ।

"ਫ਼ਰੈਂਚ ਦੀ ਹੀ ਲੋੜ ਪੈਣੀ ਆ।" ਵਿੰਦੂ ਆਪਣੀ ਸੋਚ ਨੂੰ ਜ਼ੁਬਾਨ ਦਿੰਦੀ।

"ਦੁਨੀਆ ਕਿਤੇ ਦੀ ਕਿਤੇ ਜਿਹੜੀ ਪਹੁੰਚੀ, ਜ਼ਰਾ ਧਿਆਨ ਨਾਲ ਉਹਨਾਂ ਦੀ ਬਾਇਓਗ੍ਰਾਫੀ ਪੜ੍ਹੋ, ਦੁਨੀਆ ਦੇ ਬਹੁਤੇ ਇਨਟਲੈਕਚੁਅਲ ਆਪਣੀ ਮਾਂ ਬੋਲੀ ਨਾਲ ਲੈ ਕੇ ਚੱਲੇ ਅਤੇ ਜ਼ਿੰਦਗੀ ਦੇ ਬਹੁਤੇ ਤਜ਼ਰਬੇ ਆਪਣੇ ਆਲੇ ਦੁਆਲੇ ਚੋਂ ਸਿੱਖੇ ਅਤੇ ਮੁਸੀਬਤਾਂ ਦੇ ਹੱਲ ਵੀ।"

"ਹੋ ਗਿਆ ਲੈਕਚਰ ਸ਼ੁਰੂ , ਜਦੋਂ ਬਾਹਰ ਜਾਣਾ ਤਾਂ ਓਥੇ ਪੰਜਾਬੀ ਨਾਲ ਚੁੱਕੀ ਫਿਰੂ?" ਤੁਸੀਂ ਨਹੀਂ ਕਿਸੇ ਪਾਸੇ ਲੱਗਣ ਦੇਣਾ। ਰੁਜ਼ਗਾਰ ਤੇ ਨਹੀਂ ਨਾ ਮਿਲਣ ਲੱਗਾ ਤੁਹਾਡੀ ਸੋ ਕਾਲਡ ਮਿੱਠੀ ਬੋਲੀ ਬੋਲ ਪੜ੍ਹ ਕੇ।

"ਰੁਜ਼ਗਾਰ ਤੇ ਭਾਵੇਂ ਮਿਲ ਜਾਵੇ ਪਰ ਕਿਰਦਾਰ ਵੀ ਨਹੀਂ ਬਣਨਾ ਮਾਂ ਬੋਲੀ ਦਾ ਨਿੱਘ ਮਾਣੇ ਬਗੈਰ।" ਸੁਖਮਨ ਭਾਵੁਕਤਾ ਵੱਸ ਤਨਜ਼ ਕਰਦਾ ਹੈ।

ਐਨੀਆਂ ਐਨੀਆਂ ਫੀਸਾਂ ਭਰੀ ਦੀਆਂ, ਪੰਜਾਬੀ ਸਿਖਾਉਣ ਨੂੰ ਕਰ ਰਹੇ ਹਾਂ ਏਨਾ ਖ਼ਰਚ?

ਡਾਕਟਰ ਹੋ ਕੇ ਵੀ ਤੁਸੀਂ ਅੰਗਰੇਜ਼ੀ ਨਹੀਂ ਬੋਲਦੇ , ਨਹੀਂ ਬੋਲਣੀ ਤੇ ਹਿੰਦੀ 'ਚ ਗੱਲ ਕਰਿਆ ਕਰੋ ਬੱਚੇ ਨਾਲ?, ਨਹੀਂ ਤੇ ਨਾ ਕਰਿਆ ਕਰੋ।"

ਮੂੰਹ ਵੱਟ ਕੇ ਵਿੰਦੂ ਬਾਹਰ ਚਲੀ ਜਾਂਦੀ ਹੈ।

"ਜਦੋਂ ਭਿੱਟ ਜਾਏ ਬੁੱਧ ਤੇ ਨਹੀਂ ਰਹਿੰਦੀ ਸੁੱਧ, ਫਜ਼ੂਲ ਬਹਿਸ ਤੋਂ ਦੁਖੀ ਹੋ ਸੁਖਮਨ ਮੱਥੇ ਤੇ ਹੱਥ ਮਾਰਦਾ ਹੈ।

ਹਰਮਨ ਨੂੰ ਵੀ ਸਿਮਰਨ ਮੈਡਮ ਵਰਗੀ ਟੀਚਰ ਦੀ ਲੋੜ ਹੈ। ਸੁਖਮਨ ਆਪਣੇ ਭਵਿੱਖ ਤੋਂ ਸੰਤੁਸ਼ਟ ਅਤੇ ਖੁਸ਼ ਸੀ। ਕਾਮਯਾਬੀ ਦਾ ਸਿਹਰਾ ਸਿਮਰਨ ਮੈਡਮ ਦੇ ਸਿਰ ਬੰਨਦਾ ਸੀ।

ਤੇ ਇਸੇ ਫ਼ਿਕਰ ਵਿਚ ਉਹ ਹਰਮਨ ਦੀ ਪੰਜਾਬੀ ਟੀਚਰ ਹਰਿੰਦਰ ਕੌਰ ਨੂੰ ਮਿਲਦਾ ਹੈ।

****

"ਡਾ ਸੁਖਮਨ, ਸਾਨੂੰ ਤੁਹਾਡੇ ਵਰਗੇ ਪੇਰੈਂਟਸ ਦੀ ਹਰ ਵੇਲੇ ਲੋੜ ਹੈ ਤੇ ਹਰਮਨ ਵਰਗੇ ਬੱਚੇ ਸਾਡਾ ਮਾਣ।"

ਸੁਖਮਨ ਸਿਮਰਨ ਮੈਡਮ ਦਾ ਜ਼ਿਕਰ ਵੀ ਕਰਦਾ ਹੈ ਤੇ ਯੂ ਐਨ ਓ ਰਿਪੋਰਟ ਦੀ ਭਵਿੱਖਬਾਣੀ ਤੇ ਫ਼ਿਕਰ ਵੀ ਜ਼ਾਹਰ ਕਰਦਾ ਹੈ, "ਕੀ ਪੰਜਾਬੀ ਸੱਚਮੁੱਚ ਖਤਮ ਹੋ ਜਾਵੇਗੀ?ਇਹ ਮਰ ਰਹੀਆਂ ਭਾਸ਼ਵਾਂ ਦੀ ਲਿਸਟ ਵਿੱਚ ਸ਼ੁਮਾਰ ਕੀਤੀ ਗਈ ਹੈ।"

ਜਦ ਤੱਕ ਇਹ ਸਕੂਲਾਂ ਵਿੱਚ ਪੜ੍ਹਾਈ ਜਾਂਦੀ ਰਹੇਗੀ, ਕਦੇ ਨਹੀਂ ਮੁੱਕ ਸਕਦੀ।" ਹਰਿੰਦਰ ਮੈਡਮ ਦੀ ਅਵਾਜ਼ ਵਿੱਚ ਸਥਿਰਤਾ ਸੀ, ਤੇ ਹੁਣ ਸਭ ਤੋਂ ਪਹਿਲਾਂ ਫਰੈਂਚ ਵਾਲਾ ਕੀੜਾ ਬਾਹਰ ਕੱਢਣਾ ਹੈ। ਪਹਿਲੀ ਤੋਂ ਦਸਵੀਂ ਤੱਕ ਪੰਜਾਬੀ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਉਣ ਦਾ ਕਨੂੰਨ ਹੈ , ਬੱਸ ਲਾਗੂ ਹੋਣ ਦੀ ਦੇਰ ਹੈ।

ਹਰਿੰਦਰ ਹੁਣ ਸੰਤੁਸ਼ਟ ਸੀ, ਲੋੜ ਤਾਂ ਅਸਲ ਵਾਰਸਾਂ ਦੇ ਜਾਗਣ ਦੀ ਹੈ।

****

ਲੋਹੜੀ ਵਾਲੇ ਦਿਨ ਸਕੂਲ ਵਿੱਚ ਗਿੱਧੇ ਟੱਪੇ ਵਾਲਾ ਮਹੌਲ ਜਿਹਾ ਬਣ ਗਿਆ ਸੀ ਤੇ ਪ੍ਰਿੰਸੀਪਲ ਨੇ ਹਰਿੰਦਰ ਮੈਮ ਨੂੰ ਕਿਹਾ, "ਏਕ ਬੋਲੀ ਇੰਗਲਿਸ਼ ਮੇਂ ਬੀ ਡਾਲ ਦੇਂ।"

ਹਰਿੰਦਰ ਦੀ ਜਵਾਬੀ ਮੁਸਕਰਾਹਟ ਵਿਅੰਗਮਈ ਸੀ।

ਤੇ ਉਹ ਹਊ ਪਰੇ ਕਰਕੇ ਗੱਲ ਨੂੰ ਫੇਰ ਰੌਣਕਾਂ ਵਿੱਚ ਸ਼ਾਮਲ ਹੋ ਗਈ। ਪਰ ਇਹੋ ਜਿਹੇ ਹੁਕਮਾਂ ਨੂੰ ਹਊ ਪਰ੍ਹੇ ਕਰਨਾ ਸਭ ਦੇ ਵੱਸ ਤਾਂ ਨਹੀਂ ਸੀ। ਹੁਕਮ ਅਦੂਲੀ ਮਤਲਬ 'ਬਾਏ ਬਾਏ ਫਾਰ ਐਵਰ' ਵਾਲਾ ਹਿਸਾਬ ਕਿਤਾਬ ਸੀ। ਤਕੜੇ ਦਾ ਸੱਤੀਂ ਵੀਹੀਂ ਸੌ ਦੇ ਹਿਸਾਬ ਨਾਲ ਇਹ ਗਾਜ ਹੋਰ ਕਰਮਚਾਰੀਆਂ ਤੇ ਦਰਜਾ ਚਾਰ ਮੁਲਾਜ਼ਮਾਂ ਤੇ ਵੀ ਡਿੱਗਦੀ ਰਹਿੰਦੀ।

"ਅਸੀਂ ਤਾਂ ਅੱਗੇ ਹੀ ਜ਼ਬਾਨ ਨੂੰ ਵਲ਼ ਪਾ ਪਾ ਔਖੀ ਸੌਖੀ ਮਸਾਂ ਹਿੰਦੀ ਬੋਲਦੀਆਂ ਸੀ ਤੇ ਹੁਣ ਇਹ ਅੰਗਰੇਜ਼ੀ ਸਿੱਖਣ ਵਾਲਾ ਟੰਟਾ।" ਸਕੂਲ ਵਿੱਚ ਕੰਮ ਕਰਦੀਆਂ ਮੇਡਸ ਆਪਸ ਵਿੱਚ ਗੱਲ ਸਾਂਝੀ ਕਰ ਰਹੀਆਂ ਸਨ। ਉਹਨਾਂ ਵਿੱਚੋਂ ਇੱਕ ਤਾਂ ਅੱਜ ਰੋ ਈ ਪਈ।

"ਮੈਡਮ ਅਸੀਂ ਨਹੀਂ ਸਿੱਖਣੀ ਅੰਗਰੇਜ਼ੀ, ਸਾਥੋਂ ਨੀ ਬੋਲੀ ਜਾਂਦੀ, ਅਹੀਂ ਨੌਕਰੀ ਛੱਡ ਦੇਨੇ ਆ, ਮਾੜੀ ਚੰਗੀ ਕਿਤੇ ਹੋਰ ਮਿਲਜੂ, ਮਿਹਨਤ ਕਰਨੀ ਤੇ ਰੋਟੀ ਖਾਣੀ।"

ਰੋਂਦੀ, ਡੁਸਕਦੀ ਚੁੰਨੀ ਦੇ ਪੱਲੇ ਨਾਲ ਅੱਖਾਂ ਪੂੰਝਦੀ ਉਹ ਅੰਗਰੇਜ਼ੀ ਵਾਲੀ ਮੈਡਮ ਦੇ ਸਾਹਮਣੇ ਹਟਕੋਰੇ ਲੈ ਲੈ ਕਹਿ ਰਹੀ ਸੀ।

ਭਾਵਨਾ ਮੈਡਮ ਦਾ ਵੀ ਦਿਲ ਜਿਹਾ ਖ਼ਰਾਬ ਹੋ ਗਿਆ, ਉਹ ਤਾਂ ਖੁਦ ਹੁਕਮ ਦੀ ਬੱਧੀ ਸਕੂਲ ਮੇਡਸ ਨੂੰ ਪ੍ਰਿੰਸੀਪਲ ਦੇ ਕਹਿਣ ਤੇ ਇਹ ਅੰਗਰੇਜ਼ੀ ਪੜ੍ਹਾਉਣ ਵਾਲਾ ਜ਼ੁਲਮ ਜਿਹਾ ਕਰ ਰਹੀ ਸੀ।

ਪ੍ਰਿੰਸੀਪਲ ਨੂੰ ਖਬਤ ਜਿਹੀ ਚੜ੍ਹੀ ਸੀ ਕਿ ਹਰ ਕੋਈ ਸਕੂਲ ਵਿੱਚ ਅੰਗਰੇਜ਼ੀ ਬੋਲੇ। ਸਖ਼ਤ ਹਦਾਇਤਾਂ ਕਰ ਦਿੱਤੀਆਂ ਗਈਆਂ, "ਦਿਸ ਇਜ਼ ਇੰਗਲਿਸ਼ ਸਪੀਕਿੰਗ ਕੈਂਪਸ, ਨੋ ਬਡੀ ਵਿਲ ਟਾਕ ਇਨ ਅਦਰ ਲੈਂਗੁਏਜ, ਸਪੈਸ਼ਲੀ ਪੰਜਾਬੀ।"

ਦਸਵੀਂ ਜਮਾਤ ਪਾਸ ਸਟੋਰ ਕੀਪਰ ਰਾਜੂ ਨੂੰ ਇੱਕ ਚਾਰ ਪੰਜ ਲਾਈਨਾਂ ਦੀ ਕਵਿਤਾ ਅੰਗਰੇਜ਼ੀ 'ਚ ਤੋਤੇ ਵਾਂਗੂ ਰਟਾ ਕੇ ਸਟੇਜ ਤੇ ਚੜ੍ਹਾ ਦਿੱਤਾ।

ਤੇ ਬਾਅਦ ਵਿੱਚ ਪ੍ਰਿੰਸੀਪਲ ਆਪਣੀ ਸਪੀਚ ਵਿੱਚ, "ਇਫ ਹੀ ਕੈਨ ਸਪੀਕ ਵੈੱਲ, ਵਾਇ ਨੌਟ ਯੂ?"

ਬੱਚਿਆਂ ਦੇ ਦਿਮਾਗ ਧੋਣ ਦੇ ਵੱਖ ਵੱਖ ਤਰੀਕੇ ਲੱਭੇ ਜਾਂਦੇ ਤੇ ਫੇਰ ਮਨਮਰਜੀ ਦੇ ਰੰਗ ਵਿੱਚ ਰੰਗੇ ਜਾਂਦੇ।

ਪੰਜਾਬੀ ਅਧਿਆਪਕ ਨੁੱਕਰੇ ਜਿਹੇ ਲੱਗੇ ਵਿਉਂਤਿਆ ਹੋਇਆ ਕੰਮ ਕਰਦੇ ਰਹਿੰਦੇ। ਪਾਠ ਪੜ੍ਹਾਉਣ ਤੋਂ ਲੈ ਕੇ ਪ੍ਰਸ਼ਨ ਉੱਤਰ ਲਿਖਾਉਣ ਤੱਕ ਉਹਨਾਂ ਦੀ ਨੌਕਰੀ ਪੂਰੀ ਹੋ ਜਾਂਦੀ ਸੀ।

ਪਰ ਹਰਿੰਦਰ ਅੰਦਰੇ ਅੰਦਰ ਵਿੱਸ ਘੋਲਦੀ ਰਹਿੰਦੀ।

'ਡੋਂਟ ਸਪੀਕ ਇਨ ਪੰਜਾਬੀ ' ਦੀਆਂ ਹਉਮੈ ਭਰੀਆਂ ਹਦਾਇਤਾਂ ਉਹਨੂੰ ਚੁਭਦੀਆਂ।

ਅਜਿਹੇ ਅਨੇਕਾਂ ਤੀਰ ਖਾ ਖਾ ਉਹ ਜ਼ਖ਼ਮੀ ਸ਼ੇਰਨੀ ਵਰਗੀ ਹੋ ਗਈ ਸੀ ਤੇ ਹੁਣ ਪੰਜਾਬੀ ਦੇ ਹੱਕ ਵਿੱਚ ਥੋੜ੍ਹਾ ਥੋੜ੍ਹਾ ਬੋਲਦੀ ਗਰਜਣ ਵੀ ਲੱਗ ਪਈ।

ਹਰ ਜਮਾਤ ਵਿੱਚ ਉਹਨੇ ਬੱਚਿਆਂ ਨੂੰ ਪੰਜਾਬੀ ਨਾਲ ਜੋੜਨ ਦਾ ਬੀੜਾ ਚੁੱਕ ਲਿਆ।

ਛੇਤੀ ਕੀਤਿਆਂ ਉਹਦੇ ਸਾਹਮਣੇ ਡੋਂਟ ਸਪੀਕ ਇਨ ਪੰਜਾਬੀ ਕਹਿਣ ਦੀ ਹਿੰਮਤ ਕੋਈ ਘੱਟ ਹੀ ਕਰਦਾ। ਦੂਜੇ ਪਾਸੇ ਬਾਕੀ ਅਧਿਆਪਕ ਵੀ ਸਕੂਲ ਨਿਯਮਾਂ ਨੂੰ ਪੂਰਾ ਕਰਦੇ ਹੋਏ ਆਪਣੇ ਰਾਹ

ਤੇ ਚੱਲ ਰਹੇ ਸਨ। ਆਖਰ ਇੰਗਲਿਸ਼ ਮੀਡੀਅਮ ਸਕੂਲ ਵਿੱਚ ਪੜ੍ਹਾ ਰਹੇ ਨੇ ਉਹ।

"ਦਿਸ ਇਜ਼ ਇੰਗਲਿਸ਼ ਸਪੀਕਿੰਗ ਕੈਂਪਸ, ਆਲਵੇਜ਼ ਸਪੀਕ ਇਨ ਇੰਗਲਿਸ਼ ।" ਪ੍ਰਿੰਸੀਪਲ ਵੱਲੋਂ ਅਧਿਆਪਕਾਂ ਨੂੰ ਸਖ਼ਤ ਹਦਾਇਤ ਸੀ ਸਟਾਫ ਰੂਮ ਵਿੱਚ ਵੀ ਕੋਈ ਹੋਰ ਬੋਲੀ ਨਾ ਬੋਲਣ ਦੀ।

ਮਾਪੇ , ਅਧਿਆਪਕ, ਬੱਚੇ ਤੇ ਆਲੇ ਦੁਆਲੇ ਦੀ ਫ਼ਿਜ਼ਾ ਵੀ ਇਸ ਮਹੌਲ ਦੇ ਨਾਲ ਸੀ । ਪਰ ਕੁਝ ਬੱਚੇ ਵੀ ਹਰਿੰਦਰ ਦੀ ਤਰ੍ਹਾਂ ਔਖ ਮਹਿਸੂਸ ਕਰਦੇ। ਹਰਮਨ ਵੀ ਉਹਨਾਂ ਵਿੱਚੋਂ ਇਕ ਸੀ। ਹਾਲੇ ਦੂਜੀ ਜਮਾਤ ਵਿੱਚ ਹੀ ਤਾਂ ਪੜਦਾ ਸੀ ਹਰਮਨ।

ਸਕੂਲ ਦੇ ਮਹੌਲ ਵਿੱਚ ਉਲਝਿਆ ਹੋਇਆ ਚੁੱਪ ਚਾਪ ਰਹਿਣ ਲੱਗ ਪਿਆ। ਹਿੜ ਹਿੜ ਕਰਕੇ ਹੱਸਣ ਵਾਲੇ ਦੇ ਮੂੰਹ ਤੋਂ ਮੁਸਕਰਾਹਟ ਵੀ ਗਾਇਬ ਸੀ।

ਖੁੱਲ੍ਹੇ ਡੁੱਲ੍ਹੇ ਮਹੌਲ ਵਿੱਚ ਪਲੇ ਹਰਮਨ ਨੂੰ ਚੁੱਪ ਜਿਹਾ ਵੇਖ ਕੇ ਉਹਦੇ ਬਾਪ ਡਾ ਸੁਖਮਨ ਦੇ ਦਿਲ 'ਚ ਕੁਝ ਰੜਕ ਰਿਹਾ ਸੀ ਤੇ ਵੰਨ ਸੁਵੰਨੇ ਮੂੰਹ ਬਣਾ ਕੇ ਉਹਨੂੰ ਹਸਾਉਣ ਦੀ ਕੋਸ਼ਿਸ਼ ਕਰ ਰਿਹਾ ਸੀ।

ਡਾ . ਸੁਖਮਨ ਖਿੜਖਿੜਾ ਕੇ ਹੱਸ ਰਿਹਾ ਸੀ, "ਪਾਪਾ, ਡੋਂਟ ਲਾਫ ਇਨ ਦਿਸ ਮੈਨਰ, ਜਸਟ ਲਾਈਕ ਗੰਵਾਰ।"

"ਗੰਵਾਰ? "

"ਹਾਂ ਜੀ, ਪਾਪਾ, ਜਦੋਂ ਮੈਂ ਜਮਾਤ ਵਿੱਚ ਹੱਸ ਰਿਹਾ ਸੀ ਤੇ ਮੈਮ ਨੇ ਕਿਹਾ ਸੀ ਮੈਨੂੰ।"

"ਅਬ ਸੇ ਮੈਂ ਬੀ ਹਿੰਦੀ ਮੇਂ ਬਾਤ ਕਰੂੰਗਾ। ਮੈਮ ਕਹਤੇ ਹੈਂ ਪੜ੍ਹੇ ਲਿਖੇ ਲੋਗ ਅੰਗਰੇਜ਼ੀ ਔਰ ਹਿੰਦੀ ਮੇਂ ਬਾਤ ਕਰਤੇ ਹੈਂ। ਔਰ ਹਿੰਦੀ ਹਮਾਰੀ ਰਾਸ਼ਟਰ ਭਾਸ਼ਾ ਹੈ।"

ਸੁਖਮਨ 'ਫ਼ਿਕਰ 'ਚ ਲਹਿ ਜਾਂਦਾ ਹੈ।

"ਨਹੀਂ ਪੁੱਤਰ , ਇਸ ਗੱਲ ਦਾ ਪ੍ਰਭਾਵ ਨਹੀਂ ਲੈਣਾ। ਨਾਨਕ ਵਰਗੇ ਚਿੰਤਕਾਂ ਨੇ ਇਸ ਭਾਸ਼ਾ ਵਿੱਚ ਗੱਲ ਕੀਤੀ। ਬਹੁਤ ਮਿੱਠੀ ਬੋਲੀ ਹੈ ਇਹ।"

ਤੇ ਨਾਲੇ ਹਿੰਦੀ ਸਾਡੀ ਰਾਸ਼ਟਰੀ ਭਾਸ਼ਾ ਨਹੀਂ ਹੈ।

ਸਾਰੀਆਂ ਬਾਈ ਭਾਸ਼ਾਵਾਂ ਹੀ ਰਾਸ਼ਟਰੀ ਭਾਸ਼ਾਵਾਂ ਹਨ।

-----------

"ਇਹ ਕੀ ਮੈਸੇਜ ਆ ਗਿਆ, ...ਪੰਜਾਬੀ ਸਬਜੈਕਟ ਵਿਲ ਬੀ ਕੰਪਲਸਰੀ ਫਰਾਮ ਵਨ ਟੂ ਟੈੱਟ, ਐਸ ਪਰ ਗੌਰਮਿੰਟ ਇਨਸਟਰਕਸ਼ਨਸ।"

ਉਫ਼! ਚੰਗੀ ਭਲੀ ਫਰੈਂਚ ਦੋ ਸਾਲ ਪੜੀ, ਹੁਣ ਫੇਰ ਪੰਜਾਬੀ ਨੇ ਟੰਗ ਅੜਾ ਦਿੱਤੀ ਵਿੱਚ।" ਵਰਿੰਦਰ ਫ਼ਾਲਤੂ ਦਾ ਦੁੱਖ਼ ਮਹਿਸੂਸ ਕਰ ਕਰ ਉੱਬਲ ਰਹੀ ਸੀ।

ਪਰ ਹਰਮਨ ਖੁਸ਼ ਸੀ, "ਸ਼ੁਕਰ ਹੈ , ਹੁਣ ਪੰਜਾਬੀ ਪੜਾਂਗੇ।"

"ਯੂ ਵਿਲ ਕਾਨਟੀਨਿਊ ਇਟ ਆਊਟਸਾਈਡ।"

"ਨੋ।" ਹਰਮਨ ਵੀ ਬਜ਼ਿਦ ਸੀ।

"ਮਮਾ ਇਕ ਗੱਲ ਤਾਂ ਦੱਸੋ, ਜਦੋਂ ਤੁਸੀਂ ਦਾਦੀ, ਨਾਨੀ ਨਾਲ ਗੱਲ ਕਰਦੇ ਹੋ ਤਾਂ ਪੰਜਾਬੀ ਬੋਲਦੇ ਹੋ, ਤਾਂ ਫੇਰ ਮੇਰੇ ਨਾਲ ਹਿੰਦੀ ਕਿਉਂ ?"

"ਨੋ ਆਰਗੂਮੈਂਟਸ।" ਵਰਿੰਦਰ ਚਿੜ ਗਈ ਸੀ।

"ਇੰਝ ਕਰੀਏ ਵਿੰਦੂ ਬਈ ਆਪਾਂ ਆਪਣੀ ਜ਼ਮੀਨ ਜਾਇਦਾਦ ਤੇ ਪੈਸਾ ਧੇਲਾ ਕੁਝ ਲੋੜਵੰਦ ਲੋਕਾਂ ਦੇ ਨਾਂ ਕਰ ਦੇਨੇ ਆਂ ਤੇ ਕੁਝ ਕਿਸੇ ਟਰੱਸਟ ਦੇ ਨਾਂ।" ਡਾ. ਸੁਖਮਨ ਵੀ ਮਾਂ ਪੁੱਤ ਦੀ ਬਹਿਸ

ਵਿੱਚ ਸ਼ਾਮਲ ਹੋ ਜਾਂਦਾ ਹੈ।

"ਕੀ ਮਤਲਬ ? ਤੁਹਾਡੇ ਵਿਅੰਗ ਸਮਝ ਨਹੀਂ ਆਉਂਦੇ ਮੈਨੂੰ। ਸਿੱਧੀ ਗੱਲ ਕਰ।"

"ਇਕਨਾਮਕਸ ਦੇ ਮੈਡਮ ਜੀ , ਜੇ ਬੱਚੇ ਦਾ ਆਪਣੀ ਮਾਂ ਬੋਲੀ ਤੇ ਕੋਈ ਹੱਕ ਨਹੀਂ, ਸੱਭਿਆਚਾਰ ਨੂੰ ਵੀ ਭੁਲਾ ਹੀ ਦੇਣਾ ਏ ਤਾਂ ਫੇਰ ਜ਼ਮੀਨ ਜਾਇਦਾਦ ਤੇ ਵੀ ਹੱਕ ਕਿਉਂ ਹੋਵੇ, ਉਹ ਵੀ ਬਿਗਾਨੇ ਸਾਂਭ ਲੈਣ।"

"ਇਹ ਕੀ ਗੱਲ ਹੋਈ।" ਵਰਿੰਦਰ ਲਾਜਵਾਬ ਜਿਹੀ ਹੋ ਜਾਂਦੀ ਹੈ ਤੇ ਹਰਮਨ ਪਿਓ ਦੇ ਮੋਢੇ ਚੜ੍ਹ ਜਾਂਦਾ ਹੈ।

"ਆ ਤੈਨੂੰ ਨਾਨਕੇ ਵਿਖਾਵਾਂ।"

ਦੋਵੇਂ ਪਿਉ ਪੁੱਤ ਇਕ ਦੂਜੇ ਵੱਲ ਵੇਖ ਕੇ ਮੁਸਕਰਾਉਂਦੇ ਹਨ।

"ਏਦਾਂ ਹੀ ਹੱਸਣਾ ਮੇਰੇ ਪੁੱਤ ਨੇ।"

"ਔਹ ਵੇਖ ਦੂਰ ਨੀਲੇ ਅੰਬਰ ਤੇ ਚਿੱਟਾ ਚੰਨ।"

"ਪਾਪਾ ! ਇਹ ਅੱਧਾ ਕਿਉਂ ਹੈ?"

"ਇਹ ਸਵੇਰੇ ਆਪਣੀ ਸਾਇੰਸ ਵਾਲੀ ਮੈਡਮ ਨੂੰ ਪੁੱਛੀਂ।"

"ਤੂੰ ਹੁਣ ਇੱਕ ਬੁਝਾਰਤ ਸਿੱਖ ਤੇ ਮੇਰੇ ਪਿੱਛੇ ਪਿੱਛੇ ਬੋਲ।"

"ਬਾਤ ਪਾਵਾਂ ਬਤੋਲੀ ਪਾਵਾਂ, ਬਾਤ ਨੂੰ ਲੱਗੇ ਕੁੰਡੇ
ਨੰਦ ਕੁੜੀ ਵਿਆਹੁਣ ਚੱਲੇ ਸਾਰੇ ਪਿੰਡ ਦੇ ਮੁੰਡੇ।"

"ਤੇ ਪਾਪ ਇਸ ਦਾ ਜਵਾਬ ਮੈਂ ਹਰਿੰਦਰ ਮੈਮ ਕੋਲੋਂ ਪੁੱਛੂੰਗਾ।"

ਸੁਖਮਨ ਹਰਮਨ ਨੂੰ ਸਾਵਾਂ ਵੇਖ ਕੇ ਖ਼ੁਸ਼ ਸੀ।

----------

"ਮੇਲ ਦੇਖੀ ਆਪਨੇ ਹਰਿੰਦਰ ਕੀ।" ਸਕੂਲ ਦੀ ਵਾਈਸ ਪ੍ਰਿੰਸੀਪਲ ਨੇ ਨਵੇਂ ਆਏ ਪ੍ਰਿੰਸੀਪਲ ਨਾਲ ਹਰਿੰਦਰ ਬਾਰੇ ਗੱਲ ਛੇੜੀ।

"ਹਾਂ, ਐਸਾ ਜਜ਼ਬਾ ਕਮ ਹੀ ਦੇਖਾ ਮੈਨੇ, ਮੈਂ ਖੁਦ ਬੰਗਾਲੀ ਹੂੰ ਔਰ ਉਸਨੇ ਜ਼ਿਕਰ ਬੀ ਕੀਆ ਹੈ ਇਸ ਬਾਤ ਕਾ, ਕਿ ਇੰਟਰਨੈਸ਼ਨਲ ਮਦਰ ਟੰਗ ਡੇ ਬੰਗਾਲੀਓਂ ਕੀ ਦੇਨ ਹੈ।"

"ਸਰ ਇਸ ਹਰਿੰਦਰ ਕਾ ਬਹੁਤ ਸਾਲੋਂ ਸੇ ਯੇ ਹੀ ਹਾਲ ਹੈ, ਹਰ ਪ੍ਰਿੰਸੀਪਲ ਕੋ ਲੈਟਰ ਲਿਖਤੀ ਹੈ, ਪਹਿਲੇ ਹਮਨੇ ਇੰਗਲਿਸ਼ ਸਪੀਕਿੰਗ ਕੇ ਸਾਥ ਆਪਸ਼ਨ ਦੀ ਥੀ ਤਬ ਬੀ। ਮੁਝੇ ਨਹੀਂ ਪਸੰਦ ਐਸੀ ਰਿਜੀਡਟੀ, ਹਮ ਨੇ ਕਬੀ ਨਹੀਂ ਸੁਨੀ ਇਸਕੀ ਬਾਤ, ਖੁਦ ਹੀ ਲਗੀ ਰਹਤੀ ਹੈ।" ਵਾਈਸ ਪ੍ਰਿੰਸੀਪਲ ਨਵੇਂ ਪ੍ਰਿੰਸੀਪਲ ਨੂੰ ਸਮਝਾ ਰਹੀ ਸੀ।

"ਰਿਜੀਡਟੀ ਨਹੀਂ ਹੈ ਮੈਮ, ਕੌਨਸਿਅਸ ਕਹੋ ਐਸੇ ਲੋਗ ਹੀ ਐਗਜਾਂਪਲ ਸੈੱਟ ਕਰਤੇ ਹੈਂ, ਉਸਨੇ ਕਿਤਨੀ ਅੱਛੀ ਸਟੋਰੀ ਕੇ ਜ਼ਰੀਏ ਹਮਾਰੀ ਆਂਖੇਂ ਖੋਲੀ ਹੈਂ, ...'ਜੰਗਲ ਮੇਂ ਆਗ ਲਗੀ ਔਰ ਚਿੜੀ ਚੁੰਝ ਸੇ ਪਾਣੀ ਪਾ ਰਹੀ ਥੀ, ਬਾਕੀ ਜਾਨਵਰ ਕਹਤੇ ਕਿ ਤੇਰੇ ਪਾਣੀ ਪਾਨੇ ਸੇ ਜੰਗਲ ਕੀ ਅੱਗ ਬੁਝਨੇ ਤਾਂ ਨਹੀਂ ਲੱਗੀ, ਪਰ ਮੇਰਾ ਨਾਂ ਅੱਗ ਬੁਝਾਉਣ ਵਾਲਿਆਂ 'ਚ ਸ਼ੁਮਾਰ ਤਾਂ ਹੋਵੇਗਾ। ਚਿੜੀ ਕਾ ਜਵਾਬ ਥਾ।' ਤੋ ਫਾਈਨਲੀ ਮੈਂ ਫਰੈਂਚ ਹਟਾਨੇ ਲਗਾ ਹੂੰ।"

ਫਰੈਂਚ ਹਟ ਗਈ ਤੇ ਹਰਿੰਦਰ ਡਟ ਗਈ ਆਪਣੇ ਫ਼ੈਸਲਿਆਂ 'ਤੇ।

ਸਟਾਫ਼ ਰੂਮ ਵਿੱਚ ਮੈਡਮਾਂ ਹਰਿੰਦਰ ਨੂੰ ਵਧਾਈ ਦੇ ਰਹੀਆਂ ਸਨ।

ਵਧਾਈਆਂ ਮੈਮ, ਕੀ ਹੱਲਾ ਕਰ 'ਤਾ।

ਫਰੈਂਚ ਗ਼ਾਇਬ।

ਪੰਜਾਬੀ ਲਾਜ਼ਮੀ।

"ਆਹਾ! ਬੰਦਾ ਕਰਨਾ ਚਾਹਵੇ ਤਾਂ ਸਭ ਕੁਝ ਹੋ ਸਕਦਾ। ਵੈਸੇ ਮੈਨੂੰ ਇਕ ਗੱਲ ਦੀ ਅੱਜ ਤੱਕ ਸਮਝ ਨਹੀਂ ਆਈ ਹਰਜੀਤ ਮੈਮ ਕਿ ਪੰਜਾਬ ਦੇ ਲੋਕ ਹਿੰਦੀ ਕਿਉਂ ਬੋਲਦੇ ਹਨ। ਸਾਰੇ ਇੰਡੀਆ 'ਚ ਸਾਡੀ ਹੀ ਸਟੇਟ ਐਸੀ ਹੈ, ਜਿਸ ਨੂੰ ਆਪਣੀ ਭਾਸ਼ਾ ਮਾੜੀ ਲਗਦੀ।"

"ਆਹ ਸਟਾਫ਼ ਰੂਮ 'ਚ ਵੇਖਲਾ, ਹਮਨੇ ਐਸਾ ਕੀਆ, ਵੈਸਾ ਕੀਆ, ਯੇ ਡਾਲ ਦੀਆ, ਆਪਨੇ ਹੋਮਵਰਕ ਨਹੀਂ ਡਾਲਾ... ਸਾਰਾ ਦਿਨ ਡਾਲਾ ਡਾਲਾ ਕਰਦੀਆਂ ਰਹਿੰਦੀਆਂ, ਬੜੀਆਂ ਭੈੜੀਆਂ ਲਗਦੀਆਂ ਮੈਨੂੰ, ਫੇਕ...।"

ਹਰਜੀਤ ਟੇਬਲ ਤੇ ਹੱਥ ਮਾਰ ਕੇ ਹੱਸਦੀ ਹੈ, "ਸੱਚੀਂ ਮੈਨੂੰ ਹਿੰਦੀ ਮਜਬੂਰਨ ਕਿਸੇ ਵੇਲੇ ਬੋਲਣੀ ਪੈਂਦੀ, ਭਾਵੇਂ ਮੈਂ ਅੰਗ੍ਰੇਜ਼ੀ ਵੀ ਵਧੀਆ ਬੋਲਦੀ ਪਰ ਜੋ ਮਜ਼ਾ ਮੈਨੂੰ ਪੰਜਾਬੀ ਬੋਲ ਕੇ ਆਉਂਦਾ, ਉਹ ਹੋਰ ਕੁਝ ਨਹੀਂ।"

"ਇਹੋ ਤੇ ਗੱਲ ਆ, ਇਹ ਸਮਝਦੇ ਸ਼ਾਇਦ ਮੈਂ ਪੰਜਾਬੀ ਟੀਚਰ ਹਾਂ ਤੇ ਤਾਂ ਕਰਕੇ ਬੋਲਦੀ, ਪਰ ਜੇ ਮੈਂ ਸਾਇੰਸ ਟੀਚਰ ਵੀ ਹੁੰਦੀ ਤਾਂ ਮੈਂ ਫੇਰ ਵੀ ਆਪਣੀ ਬੋਲੀ ਲਈ ਅਵਾਜ਼ ਉਠਾਉਂਦੀ।"

"ਬੇ ਅਣਖੇ ਲੋਕ ਨੇ, ਛੱਡ ਇਹਨਾਂ ਦੀ ਗੱਲ।"

"ਮੈਮ ਯੇ ਹਰਮਨ ਇੰਗਲਿਸ਼ ਕਲਾਸ ਮੇਂ ਓਏ ਓਏ ਕਰਤਾ ਰਹਿਤਾ ਹੈ, ਪੰਜਾਬੀ ਬੋਲਤਾ ਹੈ, ਆਪ ਕੋ ਤੋ ਠੀਕ ਈ ਲਗਤਾ ਹੋਗਾ।" ਸੋਨੀਆ ਮੈਡਮ ਪੀਰੀਅਡ ਲਾ ਕੇ ਆਉਂਦੀ ਹੋਈ ਬੋਲੀ।

"ਹਮਮਮ, ਪਰ ਇੰਗਲਿਸ਼ ਪੀਰੀਅਡ 'ਚ ਤੇ ਅੰਗਰੇਜ਼ੀ ਹੀ ਬੋਲਣੀ ਚਾਹੀਦੀ ਹੈ, ਵੈਸੇ ਇੰਗਲਿਸ਼ ਬੋਲਣੀ ਵੀ ਆਉਂਦੀ ਹੈ ਉਸਨੂੰ।"

"ਯੈਸ,ਪਰ ਬਹੁਤ ਹੀ ਕੈਜ਼ੂਅਲ ਬੀਹੇਵੀਅਰ ਹੈ ਉਸਦਾ।"

"ਛੱਡੋ ਮੈਮ, ਕੀ ਲੋੜ ਏ ਏਨਾ ਸਟਾਇਲਿਸ਼ ਤੇ ਫੌਰਮਲ ਹੋਣ ਦੀ, ਜਿਸ ਦਿਨ ਓਏ ਓਏ ਖ਼ਤਮ ਹੋ ਗਈ ਨਾਲ ਹੋਏ ਹੋਏ, ਬੱਲੇ ਬੱਲੇ ਵੀ ਮੁੱਕ ਜਾਣੀ। ਰੂਹ ਨਾ ਮਾਰੋ ਬੱਚਿਆਂ ਦੀ।"

ਉਂਝ ਕਸਰ ਕੋਈ ਨਹੀਂ ਛੱਡ ਰਹੇ ਰੂਹ ਮਾਰਨ ਵਿੱਚ, ਨਾ ਮਾਪੇ ਤੇ ਨਾ ਅਧਿਆਪਕ। ਲੋਰੀਆਂ ਬਾਰੇ ਦੱਸ ਰਹੀ ਸੀ ਬੱਚਿਆਂ ਨੂੰ , ਤਾਂ ਸੁਣ ਕੀ ਜਵਾਬ ਆਉਂਦਾ, "ਮੈਮ ਹਮੇਂ ਤੋ ਕਭੀ ਨਹੀਂ ਕਹਾ ਮਮਾ ਨੇ, 'ਮੇਰਾ ਚੰਨ, ਲਾਡਲਾ, ਸੌਂਵੇਂ ਮੇਰਾ ਲਾਲ।' ਮੈਨੇ ਤੋ ਪਹਿਲੀ ਬਾਰ ਸੁਨੇ ਆਪਸੇ ਯੇ ਵਰਡਸ।

"ਤਾਂ ਫੇਰ ਉਹ ਕੀ ਕਹਿੰਦੇ ਨੇ ?"

"ਗੋ ਟੂ ਸਲੀਪ ਮਾਈ ਸਵੀਟ ਬੇਬੀ।"

ਮੈਂ ਲਾਜਵਾਬ ਸੀ। ਹਰਜੀਤ ਨੂੰ ਸੰਬੋਧਿਤ ਹੁੰਦਿਆਂ ਹਰਿੰਦਰ ਇਕ ਹੋਰ ਤੌਖਲਾ ਸਾਂਝਾ ਕਰਦੀ ਹੈ ਹਰਿੰਦਰ ਮੈਡਮ ਨੇ ਮੇਡਸ ਨੂੰ ਵੀ ਕਹਿ ਦਿੱਤਾ, "ਤੁਸੀਂ ਜੋ ਬੋਲਣਾ ਠੀਕ ਸਮਝੋ, ਉਹ ਬੋਲੋ, ਕਿਸੇ ਦੇ ਕਹਿਣ ਤੇ ਔਖੇ ਹੋ ਹੋ ਆਪਣੀ ਜ਼ੁਬਾਨ ਨੂੰ ਵਲ਼ ਪਾ ਪਾ ਹਿੰਦੀ ਨਾ ਬੋਲੋ। ਕੋਈ ਕੁਝ ਨਹੀਂ ਕਹਿ ਸਕਦਾ ਤਹਾਨੂੰ। ਹੁਣ ਮੇਡਸ ਵੀ ਖੁਸ਼ ਹੋ ਕੇ ਸਤਿ ਸ੍ਰੀ ਅਕਾਲ ਬਲਾਉਂਦੀਆਂ ਉਹਨਾਂ ਨੂੰ ਲੱਗਾ ਜਿਵੇਂ ਕਿਸੇ ਨੇ ਔਝੜ ਰਾਹਾਂ ਤੇ ਤੁਰਨ ਨਾਲੋਂ ਸਿਧੇ ਰਾਹੇ ਪਾਇਆ ਹੋਵੇ।

-------------

ਮਹੌਲ ਫੇਰ ਬਦਲਦਾ ਹੈ, ਸਰਕਾਰ ਡਿਗਦੀ ਹੈ ਤੇ ਨਵੇਂ ਅਹੁਦੇਦਾਰ ਵੱਲੋਂ ਸਕੂਲ ਅਧਿਐਨ ਮਗਰੋਂ ਚਲਾਈ ਤਲਵਾਰ ਦਾ ਵਾਰ ਫੇਰ ਪੰਜਾਬੀ ਤੇ ਹੁੰਦਾ ਹੈ, "ਹਾਓ ਕੈਨ ਵੀ ਏਨਕਰਜ ਦ ਸਟੂਡੈਂਟਸ ਟੂ ਸਪੀਕਿੰਗ ਇੰਗਲਿਸ਼?"

ਅਧਿਆਪਕ ਆਪਣੀ ਸਮਝ ਅਨੁਸਾਰ ਵਧ ਚੜ ਸਲਾਹਵਾਂ ਦਿੰਦੇ ਨੇ, "ਮੈਮ ਵੀ ਵਿਲ ਗਿਵ ਸਟਾਰਸ ਟੂ ਦ ਸਟੂਡੈਂਟਸ ਹੂ ਆਰ ਫਲੂਐਂਟ ਇਨ ਇੰਗਲਿਸ਼।"

"ਵੀ ਕੈਨ ਕਰੀਏਟ ਵਾਲਸ ਫਾਰ ਸਪੋਕਨ ਸਟਾਰਸ।"

ਫੋਕਲੀਆਂ ਜਿਹੀਆਂ ਗੱਲਾਂ ਸੁਣ ਸੁਣ ਹਰਿੰਦਰ ਦੇ ਮਨ ਵਿਚ ਲੱਜਤ ਭਰੀ ਚੀਸ ਜਿਹੀ ਉੱਠਦੀ, "ਕਿਤੇ ਕੋਈ ਕੋਸ਼ਿਸ਼ ਮਾਂ ਬੋਲੀ ਨੂੰ ਨਾ ਭੁੱਲਣ ਲਈ ਵੀ ਹੋਵੇ। ਰੱਬਾ! ਏਨੀ ਹਨੇਰਗਰਦੀ, ਸ਼ਰੇਆਮ ਜੜੀਂ ਤੇਲ ਦਿੱਤਾ ਜਾ ਰਿਹਾ ਨਵੀਆਂ ਨਸਲਾਂ ਦੇ।"

"ਜੇ ਸਵੇਰੇ ਪ੍ਰਾਰਥਨਾ ਕਰਦੇ ਆ ਸਭਾ 'ਚ ਤਾਂ ਅੰਗਰੇਜ਼ੀ ਵਿੱਚ। ਕੀ ਰੱਬ ਨੂੰ ਯਾਦ ਕਰਨ ਲਈ ਵੀ ਸਾਡੀ ਭਾਸ਼ਾ ਕਾਬਲ ਨਹੀਂ? ਸਭ ਤੋਤੇ ਨੇ। ਅੱਠਵੀਂ ਜਮਾਤ ਦੇ ਦੀਪਕ ਦੀ ਵਿਚਾਰਗੀ ਕਿਵੇਂ ਭੁੱਲਾਂ? ਕਿੰਨਾ ਬੇਬਸ ਹੋ ਕੇ ਕਿਹਾ ਸੀ, ' ਮੈਮ ਤੁਸੀਂ ਕਹਿੰਦੇ ਹੋ ਘਰ ਪੰਜਾਬੀ ਬੋਲਿਆ ਕਰੋ , ਪਰੈਕਟਿਸ ਹੋਵੇਗੀ। ਪਰ ਮੌਮ ਘਰ ਵੀ ਇੰਗਲਿਸ਼ ਹੀ ਬੋਲਣ ਨੂੰ ਕਹਿੰਦੀ ਏ, ਆਇਮ ਸੋ ਕੌਨਫਿਊਜਡ।" ਤੇ ਮੇਰੇ ਕੋਲੋਂ ਅੱਗੇ ਕੁਝ ਬੋਲਿਆ ਨਾ ਗਿਆ।

'ਕੀ ਇਥੇ ਮੁਰਦੇਹਾਣ ਵਰਤ ਗਈ ਏ ਮੇਰੇ ਪੰਜਾਬ ਵਿੱਚ? ਕਵੀ ਮਰ ਰਹੀ ਪੰਜਾਬੀ ਤੇ ਕਵਿਤਾਵਾਂ ਲਿਖ ਕੇ ਸੁਰਖ਼ਰੂ ਹੋ ਜਾਂਦੇ ਨੇ ਤੇ ਸਰਕਾਰਾਂ ਵੋਟਾਂ ਵੇਲੇ ਬਿਆਨ ਦੇ ਕੇ। ਸਿਵਾਏ ਮਾਪਿਆਂ ਤੋਂ ਕੋਈ ਸਾਹ ਨਹੀਂ ਪਾ ਸਕਦਾ ਇਹਦੇ ਵਿੱਚ।

ਕਿਥੋਂ ਲੱਭੀਏ ਜਿੰਦਾ ਰੂਹਾਂ?

ਉਹ ਸਿੰਮੀਆਂ ਅੱਖਾਂ ਨੂੰ ਉਥੇ ਹੀ ਡੱਕ ਲੈਂਦੀ ਹੈ, ਕਿਤੇ ਕੋਈ ਵੇਖ ਨਾ ਲਵੇ।

ਦਿਲ ਨੂੰ ਹੌਂਸਲੇ 'ਚ ਕਰਦੀ ਆਪ ਸਾਂਵੀ ਹੁੰਦੀ ਹੈ।

****

ਅੰਤਰ ਸਕੂਲ ਮੁਕਾਬਲਿਆਂ ਵਿੱਚ ਪੰਜਾਬੀ ਭਾਸ਼ਣ ਮੁਕਾਬਲੇ ਲਈ ਬੱਚੇ ਚੁਣਨੇ ਸਨ।

ਕੋਈ ਬੱਚਾ ਢੰਗ ਨਾਲ ਬੋਲ ਨਹੀਂ ਰਿਹਾ ਸੀ। ਮੁਕਾਬਲੇ ਲਈ ਫਿੱਟ ਨਹੀਂ ਆ ਰਿਹਾ ਸੀ।

"ਵਟ ਹਐਂਪਨਡ ਮੈਮ?... ਵਾਇ ਇਜ਼ ਦ ਸਟੂਡੈਂਟਸ ਹੈਜੀਟੈਂਟ ਇਨ ਪੰਜਾਬੀ ਸਪੀਕਿੰਗ।" ਪ੍ਰਿੰਸੀਪਲ ਰਾਊਂਡ ਤੇ ਆਇਆ ਕੋਲ ਖਲੋ ਗਿਆ ਸੀ।

"ਹਾਂ ਜੀ ਸਰ, ਵੱਡਾ ਕਾਰਨ ਹੈ ਇਸ ਪਿੱਛੇ। ਸਾਰਾ ਸਾਲ ਸਕੂਲ ਵਿੱਚ ਪੰਜਾਬੀ ਦੀ ਬੇਹਤਰੀ ਲਈ ਪ੍ਰੋਗਰਾਮ ਮੇਰੇ ਵਾਰ ਵਾਰ ਅਰਜ਼ ਕਰਨ ਦੇ ਬਾਵਜੂਦ ਵੀ ਕਦੇ ਨਹੀਂ ਕਰਵਾਇਆ ਜਾਂਦਾ, ਜਦੋਂ ਕਦੇ ਸਕੂਲ ਦੀ ਸਟੇਜ ਤੇ ਉਹਨਾਂ ਨੂੰ ਆਪਣੇ ਵਿਚਾਰ ਰੱਖਣ ਦਾ ਮੌਕਾ ਨਹੀਂ ਮਿਲਦਾ ਤਾਂ ਉਹ ਬਾਹਰਲੇ ਸਕੂਲ ਜਾ ਕੇ ਕਿੱਦਾਂ ਬੋਲਣਗੇ? 'ਓਕੇ, ਵੀ ਵਿਲ ਡੂ ਇਟ' ਜਵਾਬ ਸੁਣ ਕੇ ਉਡੀਕ ਕਰਦੀ ਰਹਿੰਦੀ ਹਾਂ ਪਰ ਮੁਕਾਬਲੇ ਅੰਗਰੇਜ਼ੀ ਭਾਸ਼ਾ ਵਿੱਚ ਹੀ ਹੁੰਦੇ। ਬਹੁਤੇ ਮਾਂ ਪਿਓ ਵੀ ਬੱਚਿਆਂ ਨੂੰ ਅੰਗਰੇਜ਼ੀ 'ਚ ਭਾਗ ਲੈਣ ਲਈ ਹੀ ਉਤਸ਼ਾਹਿਤ ਕਰਦੇ ਨੇ। "

ਸੁਖਿੰਦਰ ਦੀ ਅਵਾਜ਼ ਵਿੱਚ ਰੋਹ ਤੇ ਬੇਵਸੀ ਵੇਖ ਕੇ ਵਾਈਸ ਪ੍ਰਿੰਸੀਪਲ ਮੁਸਕੜੀਏਂ ਹੱਸ ਰਹੀ ਸੀ। ਆਪਣਾ ਭਾਈਚਾਰਾ ਵਧਦਾ ਤੇ ਸਥਿਤੀ ਮਜ਼ਬੂਤ ਹੁੰਦਿਆਂ ਵੇਖ ਕੇ ਉਹ ਜਿੱਤ ਮਹਿਸੂਸ ਕਰ ਰਹੀ ਸੀ। ** (**ਸੰਪਰਕ-**90230-78868)

**ਕਹਾਣੀ**

# ਲੰਘੀਆਂ ਘੜੀਆਂ, ਨਹੀ ਜਾਂਦੀਆਂ ਫੜੀਆਂ



**ਚਰਨਜੀਤ ਸਿੰਘ ਮਿਨਹਾਸ**

ਇੱਕ ਪਹੁ-ਫੁਟਾਲ਼ੀ ਰਿਸ਼ਮ ਉਸ ਛੱਤੀਸਗੜ੍ਹ ਦੀ ਗੋਦੋਂ ਉਤਪੰਨ ਹੋਈ ਜਿਹੜਾ ਹਾਲੇ ਮੱਧ ਪ੍ਰਦੇਸ਼ ਦੀ ਕੁੱਖੇ ਸੀ। ਦੁਪਹਿਰੇ ਭਿਸੇ ਗ੍ਰਹਿ ਸਥਾਨਕ ਰਾਏਪੁਰ ਰੀਜਨਲ ਇੰਜਨੀਅਰਿੰਗ ਕਾਲਜ ਵੱਲੋਂ ਭੇਜਿਆ ਬੱਬਲੂ ਦੇ ਦਾਖ਼ਲੇ ਦਾ ਅਪ੍ਰਵਾਨਗੀ ਪੱਤਰ ਮਿਲਿਆ।

ਘਰ ਨੂੰ ਸੱਪ ਸੁੰਘ ਗਿਆ। ਸਮੁੱਚੇ ਟੱਬਰ ਦੀਆਂ ਧੌਣਾਂ ਡਿੱਗ ਪਈਆਂ। ਮੂੰਹ ਲਟਕ ਗਏ। ਹੱਕੇ-ਬੱਕੇ ਸਾਰੇ ਉੱਠਦੇ-ਬੈਠਦੇ ਬੁੜਬੁੜਾਉਂਦੇ ਇੱਕ ਦੂਜੇ ਵੱਲ ਹੱਥ ਜਿਹੇ ਘੁਮਾਈ ਜਾਂਦੇ ਨੇ। "ਇਹ ਕਿੱਦਾਂ ਹੋ ਸਕਦਾ?" ਪਰ ਪਤਾ ਨਹੀ ਬੱਬਲੂ ਦੇ ਚਿਹਰੇ ਤੇ ਕਿਉਂ ਸ਼ਿਕਨ ਦਾ ਨਾਮੋ-ਨਿਸ਼ਾਨ ਵੀ ਨਹੀ ਸੀ?

ਗੌਰਮਿੰਟ ਆਫ ਇੰਡੀਆ ਦੇ ਵਿਸ਼ਿਸ਼ਟ ਅਫ਼ਸਰ ਬੱਬਲੂ ਦੇ ਬਾਬਾ ਅਤੇ ਉਸਦੀ ਬੜੀ ਭੈਣ ਏਥੋਂ ਹੀ ਗ੍ਰੈਜੂਏਟ ਹੋਏ ਸਨ। ਦੀਦੀ, ਜੋ ਤਿੰਨਾਂ ਵਿੱਚੋਂ ਸਭ ਤੋਂ ਵੱਡੀ ਸੀ, ਸ਼ਹਿਰ ਦੇ ਮੈਡੀਕਲ ਕਾਲਜ ਤੋਂ ਐਮ.ਬੀ.ਬੀ.ਐਸ. ਅਤੇ ਐਮ.ਡੀ. ਕਰਕੇ ਸਰਕਾਰੀ ਡਾਕਟਰ ਸੀ। ਬੱਬਲੂ ਦੀ ਤਾਈ ਵੀ ਐਫ.ਏ. (12) ਪਾਸ ਸੀ।

ਬੱਬਲੂ ਕੋਲ ਇੱਕ ਆਦਰਸ਼ ਵਿਦਿਆਰਥੀ ਵਾਲਾ ਸਾਰਾ ਜ਼ਖ਼ੀਰਾ ਸੀ। ਵਿਦਿਅਕ ਫ਼ਿਤਰਤ, ਇੱਲਤਾਂ ਤੋਂ ਐਲਰਜੀ, ਅਤੇ ਚੁੱਪੀ ਨਾਲ ਪਿਆਰ। ਪੜ੍ਹਾਈ ਵਿੱਚ ਅੱਵਲ, ਵੈਸੇ ਨਿਹਾਇਤ ਸ਼ਰੀਫ। ਸਾਂਵਲੇ ਰੰਗ ਵਿੱਚ ਢੱਕਿਆ ਬਰੀਕ ਚਿਣਤੀ ਦਾ ਮੁੱਠ ਕੁ ਜਿਸਮ।

ਨਾਮੁਰਾਦ ਇਤਲਾਹਨਾਮਾ ਪੁੱਜਣ ਤੋਂ ਤਤਕਾਲ ਮਗਰੋਂ ਬਾਬਾ ਨੇ ਬੱਬਲੂ ਨੂੰ ਮਹਾਂਰਾਸ਼ਟਰ ਦੇ ਪੂਸਦ ਇੰਜਨੀਅਰਿੰਗ ਕਾਲਜ ਦਾਖ਼ਲਾ ਲੈ ਦਿੱਤਾ। ਐਥੇ ਦਾ ਪ੍ਰਿੰਸੀਪਲ ਠਾਕਰੇ ਤੇ ਬਾਬਾ ਚੰਗੇ ਮਿੱਤਰ ਸਨ। ਕੁੱਝ ਸਾਲ ਪਹਿਲਾਂ ਸਥਾਪਿਤ ਇਸ ਕਾਲਜ ਦੇ ਮੁੱਖੀ ਦਾ ਅਹੁਦਾ ਠਾਕਰੇ ਨੇ ਰਾਏਪੁਰੋਂ ਪੜਾਉਣਾ ਛੱਡ ਕੇ ਹੀ ਸੰਭਾਲਿਆ ਸੀ।

ਬੱਬਲੂ ਨੇ ਐਥੇ ਹਮਜੋਲੀ ਕਾਸ਼ਿਫ ਖਾਨ ਨਾਲ ਰਾਏਪੁਰ ਤੋਂ ਆਣ ਕੇ ਕੰਪਿਊਟਰ ਇੰਜਨੀਅਰਿੰਗ ਦਾ ਸ੍ਰੀ ਗਨੇਸ਼ ਕੀਤਾ। ਏ-ਬੀ-ਸੀ ਦੇ ਦਿਨਾਂ ਤੋਂ ਦੋਹੇ ਜਮਾਤੀ ਅਤੇ ਪੱਕੇ ਆੜੀ ਸਨ। ਹੁਣ ਤਾਂ ਕਲਾਸ ਛੱਡੋ, ਹੋਸਟਲ ਕਮਰਾ ਵੀ ਇੱਕੋ ਸੀ।

ਪਰ ਜੋੜੀ ਦੀਆਂ ਆਦਤਾਂ ਦਾ ਕੋਈ ਆਪਸੀ ਜੋੜ ਨਹੀ ਸੀ। ਜਮਾਂ ਅੱਡੋ ਅੱਡ ਜੀਵਨ ਸ਼ੈਲੀਆਂ। ਜੇ ਬੱਬਲੂ ਨਿੱਤਨੇਮ ਪੂਜਾ-ਪਾਠ ਪ੍ਰੇਮੀ ਸੀ ਤਾਂ ਕਾਸ਼ਿਫ ਦੀ ਜੁਮੇ ਦੀ ਨਮਾਜ਼ ਵਿੱਚ ਸ਼ਿਰਕਤ ਵੀ ਤਿਮਾਹੀ ਛਮਾਹੀ ਹੀ ਹੁੰਦੀ। ਬੱਬਲੂ ਨੂੰ ਜਦੋਂ ਦੇਖੋ ਬੈਠਾ ਪੜ੍ਹਦਾ ਹੁੰਦਾ। ਕਾਸ਼ਿਫ ਲਈ ਟਿਕ ਕੇ ਬੈਠਣਾ, ਖਾਸ ਕਰਕੇ ਪੜ੍ਹਨ ਲਈ, ਸਵੇਰ ਤੋਂ ਤਾਜ਼ਗੀ ਨੂੰ ਅਲੱਗ ਕਰਨ ਸਮਾਨ ਸੀ। ਗੋਰੀ, ਭਾਰੀ ਦੇਹ ਹਰ ਸ਼ਾਮ ਨੂੰ ਛਮ-ਛਮ ਕਰਦੇ ਰਿਕਸ਼ੇ ਵਿੱਚ ਬੈਠੀ ਠੇਕੇ ਜਾਂ ਬਾਰ ਜਾਂਦੀ ਜਾਂ ਆਉਂਦੀ ਦਿਖਦੀ ਸੀ। ਮੂੰਹ ਵਿੱਚ ਗੁਟਕਾ ਅਤੇ ਹੱਥ ਵਿੱਚ ਸਿਗਰੇਟ ਹੁੰਦੀ। ਹੋਸਟਲ ਆ ਕੇ

ਅਲਹਿਦਾ ਅਲਹਿਦਾ ਕਮਰਿਆਂ ਵਿੱਚ ਜਾ ਘੰਟਾਂ-ਘੰਟਾਂ ਗੱਪਾਂ ਲੜਾਈ ਜਾਣੀਆਂ।

ਕਾਲਜ ਵੇਲੇ ਬੱਬਲੂ ਕਲਾਸੋਂ ਵੱਖ ਨਾ ਹੁੰਦਾ, ਤੇ ਕਾਸ਼ਿਫ ਬਹੁਤਾ ਕੰਟੀਨ ਵਿੱਚ ਹੀ ਨਜ਼ਰ ਆਉਂਦਾ ਸੀ। ਸਭ ਤੋਂ ਵੱਧ ਲੁਤਫ਼ ਉਹਨੂੰ ਕਲਾਸ ਦੀਆਂ ਦੋਨੋਂ ਮੁਲਗੀਆਂ (ਕੁੜੀਆਂ) ਨੂੰ ਭੇਲ-ਪੂਰੀ ਖਵਾਉਣ ਵਿੱਚ ਆਉਂਦਾ ਸੀ। ਵੈਸੇ ਕਾਲਜ ਦੀਆਂ ਹੋਰ ਪੋਟੀਆਂ ਨੂੰ ਵੀ ਉਹਦੀ ਮਹਿਮਾਨ ਨਿਵਾਜ਼ੀ ਦਾ ਖ਼ਲੂਸ ਅਕਸਰ ਮਿਲਦਾ ਰਹਿੰਦਾ ਸੀ।

ਉਹਦੀ ਪੜ੍ਹਾਈ ਦਾ ਸਾਰਾ ਬੋਝ ਤਕਰੀਬਨ ਬੱਬਲੂ ਨੇ ਸੰਭਾਲਿਆ ਹੋਇਆ ਸੀ।

ਚਾਰੀਂ ਸਾਲੀਂ ਡਿਗਰੀ ਕਰਦਿਆਂ ਹੀ ਬੱਬਲੂ ਨੂੰ ਪਟਨੀ ਕੰਪਿਊਟਰ ਸਿਸਟਮਜ਼ ਵਿੱਚ ਨੌਕਰੀ ਮਿਲ ਗਈ। ਬੋਮਬੇ ਵਿੱਚ। ਮੁੰਬਈ ਤਿੰਨ ਸਾਲਾਂ ਮਗਰੋਂ ਬਣਿਆ। ਉਸ ਤੋਂ ਵੀ ਇਕ ਸਾਲ ਪਿਛੋਂ ਕਾਸ਼ਿਫ ਡਿਗਰੀ ਕਰਕੇ ਫ਼ਾਰਿਗ਼ ਹੋਇਆ।

ਇਸ ਅਰਸੇ ਵਿੱਚ ਬੱਬਲੂ ਨੇ ਨੌਕਰੀ ਦੇ ਨਾਲ-ਨਾਲ ਆਈ ਆਈ ਟੀ ਤੋਂ ਐਮ. ਟੈਕ. ਵੀ ਕਰ ਲਈ।

ਜਿਨ੍ਹਾ ਚੰਟ ਬੱਬਲੂ ਅਕਾਦਮਿਕਸ ਵਿੱਚ ਸੀ, ਉਨ੍ਹਾ ਹੀ ਤਿੱਖਾ ਸੋਫਟਵੇਅਰ ਪ੍ਰੋਗ੍ਰਾਮਿੰਗ ਨੂੰ ਨਿਕਲਿਆ। ਉਹਦੀ 'ਸੀ' ਅਤੇ 'ਯੂਨਿਕਸ ਕੋਡਿੰਗ' ਵਿੱਚ ਬਰਕਤ ਦੇਖ ਕੰਪਨੀ ਨੇ ਉਹਨੂੰ 'ਲੀਨਿਕਸ' ਉੱਤੇ 'ਜਾਵਾ' ਐਪਲੀਕੇਸ਼ਨਜ਼ ਬਣਾਉਣ ਲਾ ਦਿੱਤਾ।

ਗੁੰਝਲ਼ਦਾਰ ਪ੍ਰੋਜੈਕਟਾਂ ਲਈ ਉਹਦੇ ਵਿਦੇਸ਼ਾਂ ਦੌਰੇ ਸ਼ੁਰੂ ਕਰਾ ਤੇ।

ਕਦੇ ਉਹਨੂੰ ਕੁਛ ਮਹੀਨਿਆਂ ਲਈ ਕੰਪਨੀ ਜਰਮਨ ਕਲਾਇੰਟ ਦੀ ਥਾਂ ਆਨ-ਸਾਈਟ ਕੋਆਰਡੀਨੇਟਰ ਬਣਾ ਕੇ ਭੇਜਦੀ। ਉਸ ਹੈਸੀਅਤ ਵਿੱਚ ਉਹ ਮੁੰਬਈ, ਪੂਨੇ ਬੈਠੀਆਂ ਆਬਦੀਆਂ ਓਫਸ਼ੌਰ ਟੀਮਾਂ ਅਤੇ ਕਲਾਇੰਟ ਮੈਨੇਜਰਜ਼ ਗੱਭੇ ਇੱਕ ਵਿਚੋਲੇ ਦੀ ਭੂਮਿਕਾ ਨਿਭਾਉਂਦਾ। ਕਦੇ ਬਿਜ਼ਨਿਸ ਡਿਵੇਲਪਮੈਂਟ ਟੀਮ ਨਾਲ ਚੰਦ ਦਿਨਾਂ ਜਾਂ ਹਫ਼ਤਿਆਂ ਲਈ ਕੰਮ ਸਮਝਣ ਅਤੇ ਸਕੋਪ ਆਉਟ ਕਾਰਨ ਅਮੈਰੀਕਾ ਭੇਜਿਆ ਜਾਂਦਾ। ਤੇ ਕਈ ਵਾਰੀ ਉਹਨੂੰ ਕਲਾਇੰਟ ਦੇ ਦਫ਼ਤਰ ਬਹਿ ਕੇ ਕੰਮ ਕਰਨ ਲਈ ਕਿਹਾ ਜਾਂਦਾ।

ਇੰਟਰਨੈੱਟ ਤੇ ਵਰਲਡ ਵਾਈਡ ਵੈੱਬ ਦੇ ਆਉਣ ਨਾਲ ਸੋਫਟਵੇਅਰ ਦਿਨ ਦੁਗਣੀ ਅਤੇ ਰਾਤ ਚੌਗਣੀ ਤਰੱਕੀ ਕਰ ਰਹੀ ਸੀ। ਇਸ ਹੜ੍ਹ ਵਿੱਚ ਸੋਫਟ ਵੇਅਰ ਤੈਰਾਕ ਮਾਰ-ਮਾਰ ਚੁੱਬੀਆਂ ਹੀਰੇ ਜਵਾਹਰਤ ਬੋਝਿਆਂ 'ਚ ਤੁੰਨ ਰਹੇ ਸਨ।

ਲਗਨ ਨਾਲ ਬੱਬਲੂ ਮਿਹਨਤ ਕਰਦਾ ਗਿਆ,ਉਹਦੀ ਕੋਡ ਲਿਖਣ ਦੀ ਲਿਆਕਤ ਵਿੱਚ ਨਿਖਾਰ ਵਧਦਾ ਗਿਆ।

ਜਿਦਾਂ ਸੋਫਟਵੇਅਰ ਬ੍ਰਹਮੰਡ ਤਿਪਕੇ ਤੋਂ ਧਾਰ ਤੋਂ ਝੀਲ ਤੋਂ ਦਰਿਆ ਤੋਂ ਸਾਗਰ ਬਣਦਾ ਰਿਹਾ, ਕੋਡਰਾਂ ਨੂੰ ਨਵੀਆਂ, ਬਹੁਪੱਖੀ, ਅਤੇ ਡੂੰਘੇਰੀਆਂ ਔਕੜਾਂ ਨਾਲ ਜੂਝਣਾ ਪੈਂਦਾ ਰਿਹਾ। ਜਿਦਾਂ ਜਿਦਾਂ ਬੱਬਲੂ ਇਹਨਾਂ ਅੜਚਣਾਂ ਨਾਲ ਡੱਟ ਕੇ ਨਿੱਬੜੀ ਗਿਆ, ਆਬਦੀ ਪ੍ਰੋਗਰਾਮਿੰਗ ਦੀ ਪਰਵਾਜ਼ ਉਚੇਰੀ ਚੁੱਕਦਾ ਗਿਆ।

ਕਾਸ਼ਿਫ ਉਹਦੇ ਕੋਲ ਕਦੇ ਪੂਸਦ ਤੋਂ ਤੇ ਕਦੇ ਰਾਏਪੁਰ ਤੋਂ ਟਪਕਦਾ ਰਹਿੰਦਾ। ਆਪਣੇ ਅੱਬਾ ਦੇ ਸੜਕਾਂ ਬਣਾਉਣ ਦੀ ਠੇਕੇਦਾਰੀ ਦੇ ਕੰਮ ਨਾਲ ਉਹਨੇ ਹਾਈਵੇਜ਼ ਉੱਤੇ ਰਾਤ ਨੂੰ ਦਮਕਣ-ਚਮਕਣ ਵਾਲੇ ਸਾਈਨਬੋਰਡਾਂ ਦਾ ਕੰਮ ਸ਼ੁਰੂ ਕੀਤਾ ਹੋਇਆ ਸੀ। ਇਹਦੇ ਵਿੱਚ ਭਾਰਤ ਦੇ ਸਭ ਤੋਂ ਵੱਡੇ ਸੂਬੇ ਵਿੱਚ ਉਹਦੀ ਅਜਾਰੇਦਾਰੀ ਵੀ ਬਣ ਗਈ।

ਕਾਸ਼ਿਫ ਬੱਬਲੂ ਦੀਆਂ ਸਾਰੀਆਂ ਚੁਣੌਤੀਆਂ ਨੂੰ ਜਾਣਦਾ ਹੀ ਨਹੀ ਸੀ ਸਗੋਂ ਉਹਨਾਂ ਨੂੰ ਸੁਲਝਾਉਂਦਾ ਵੀ ਸੀ। ਬੱਬਲੂ ਨੂੰ ਮਸ਼ਵਰਾ ਦਿੰਦਾ, ਉਹਦੀ



ਮਦਦ ਕਰਦਾ, ਨਵੇਂ ਕੋਝੇ-ਕੋਝੇ ਜੁਗਾੜ ਘੜਦਾ। ਏਧਰੋਂ ਉਧਰੋਂ ਨਹੀ ਤਾਂ ਬੱਬਲੂ ਦੇ ਮੈਨਜਰਜ਼ ਅਤੇ ਸਹਿਕਰਮੀਆਂ ਨਾਲ ਦਾਰੂ ਪੀ ਪਿਲਾ ਕੇ ਉਹ ਗੁੱਝੇ ਨੁਕਤੇ ਕੱਢ ਲਿਆਉਂਦਾ ਜਿਹੜੇ ਬੱਬਲੂ ਦੇ ਦਿਮਾਗ ਦੀਆਂ ਗੱਠਾਂ ਖੋਲ ਦਿੰਦੇ।

ਬੱਬਲੂ ਦੇ ਲਿਖੇ ਪ੍ਰੋਗ੍ਰਾਮ ਕਾਸ਼ਿਫ ਦੇ ਦੌਰਿਆਂ ਦੌਰਾਨ ਕਿਸੇ ਮੁਕੱਦਸ ਝਰਨੇ ਦੇ ਸਵੱਛ ਲਿਸ਼ਕਦੇ ਪਾਣੀ ਵਾਂਗ ਵਗਣ ਲੱਗ ਜਾਂਦੇ। ਕੀ ਇਹ ਇਤਫ਼ਾਕਨ ਹੁੰਦਾ? ਮੁੰਬਈ ਵਿੱਚ ਕਈ ਦਿਮਾਗਾਂ ਅੰਦਰ ਇਹ ਪ੍ਰਸ਼ਨ ਸਲਾਮ ਠੋਕਦਾ ਰਹਿੰਦਾ।

ਜਦੋਂ ਵੀ ਕਾਸ਼ਿਫ ਆਉਂਦਾ, ਬੱਬਲੂ ਦੇ ਫਲੈਟ ਵਿਚਲਾ ਸਾਰਾ ਕੂੜਾ ਕਰਕਟ ਹੂੰਝਿਆ ਜਾਂਦਾ। ਗੰਦੇ, ਪ੍ਰੈੱਸ ਵਾਲੇ ਕੱਪੜੇ ਧੋਬੀ ਤਕ ਪਹੁੰਚ ਜਾਂਦੇ। ਸਰ੍ਹਾਣਿਆਂ ਦੇ ਗਿਲਾਫ਼, ਰਜਾਈਆਂ ਦੇ ਉਛਾੜ, ਬਿਸਤਰ ਉਤਲੀਆਂ ਚਾਦਰਾਂ ਬਦਲੀਆਂ ਜਾਂਦੀਆਂ। ਲੂਣ-ਤੇਲ ਲਿਆ ਹੁੰਦਾ।

ਖਾਣ-ਪੀਣ ਵਿੱਚ ਨਫ਼ਾਸਤ ਪਸੰਦ ਕਾਸ਼ਿਫ ਇੱਕ ਉਮਦਾ ਖਾਨਸਾਮਾ ਵੀ ਸੀ। ਰਿੰਨ੍ਹਣ-ਪਕਾਉਣ ਦੀ ਤਲਬ ਦਾ ਮੁਰੀਦ। ਲਜ਼ੀਜ਼ ਪਕਵਾਨ ਰਚਨ ਵਰਤਾਉਣ ਦਾ ਅਮਲੀ ਸੀ। ਤਮਾਮ ਰਸਦ ਤਾਜ਼ੀ ਅਤੇ ਸਭ ਤੋਂ ਉਤਮ ਕਿਸਮ ਦੀ ਹੀ ਇਸਤੇਮਾਲ ਕਰਦਾ। ਸਾਰੀ ਖ਼ਰੀਦਦਾਰੀ ਖ਼ੁਦ ਕਰਨ ਉਪਰੰਤ ਹੀ ਹਾਂਡੀ ਚੜ੍ਹਾ ਬਿਸਮਿੱਲਾ ਬੋਲਦਾ।

ਪਟਨੀ ਦੀ ਜਨਤਾ ਚੱਖ ਕੇ, ਖਾ ਕੇ, ਮਾਤਰ ਆਬਦੀਆਂ ਉਂਗਲਾਂ ਹੀ ਨਹੀ ਚੱਟਦੀ ਸੀ, ਇਹਨਾਂ ਨਿਆਮਤਾਂ ਨੂੰ ਘਰ ਵੀ ਖੜਦੀ ਸੀ। ਤਾਹੀਓਂ ਕਾਸ਼ਿਫ ਦੇ ਜਾਣ ਮਗਰੋਂ ਉਹਨਾਂ ਦੀਆਂ ਵਾਈਫਜ਼ ਬੱਬਲੂ ਨੂੰ ਫ਼ੋਨ, ਟੈਕਸਟ, ਇਮੇਲ ਕਰਕੇ ਪੁੱਛਦੀਆਂ ਰਹਿੰਦੀਆਂ ਉਹ ਕਦੋਂ ਮੁੜੂਗਾ?

ਜਦੋਂ ਕਾਸ਼ਿਫ ਦੇ ਨਿਕਾਹ ਲਈ ਬੱਬਲੂ ਰਾਏਪੁਰ ਗਿਆ ਤਾਂ ਉੱਥੇ ਸਾਰੇ ਉਹਨੂੰ ਛੇੜਣ ਬਈ ਹੁਣ ਜਦੋਂ ਤੇਰਾ ਜਿਗਰੀ, ਤੇਰਾ ਮਹਿਰਮ ਕਿਸੇ ਹੋਰ ਦੀ ਅਮਾਨਤ ਹੋਣ ਲੱਗਾ ਤਾਂ ਤੂੰ ਕੱਲਾ ਕਿੰਜ ਗੁਜ਼ਰ ਕਰੇਂਗਾ। ਮੁੰਬਈ ਮੁੜਕੇ ਵੀ ਮਿਲਦੀਆਂ-ਜੁਲਦੀਆਂ ਟਿੱਪਣੀਆਂ ਹੀ ਕੰਨੀ ਪਈਆਂ। ਮੋਹਰਿਓਂ ਉਹ ਨਿੱਕੀ ਪਿਆਰੀ ਜਿਹੀ ਮੁਸਕਾਨ ਪਰੋਸ ਦਿੰਦਾ ਜਾਂ ਕਿਸੇ ਕਿਸੇ ਨੂੰ, "ਫੁੱਲ ਨਾਲੋਂ ਮਹਿਕ ਅਲਹਿਦਾ ਨਹੀ ਹੁੰਦੀ, ਹਰ ਸ਼ੈ ਗੁਲਸ਼ਨ ਦੇ ਮਾਲੀ ਦੇ ਇਖਤ ਯਾਰ ਨਹੀ ਹੁੰਦੀ," ਕਹਿ ਦਿੰਦਾ।

ਜਿਦਾਂ ਸਾਲ ਤਿਲਕਦੇ ਗਏ, ਬੱਬਲੂ ਤਰੱਕੀ ਕਰਦਾ ਰਿਹਾ;ਤਨਖ਼ਾਹ, ਅਹੁਦੇ, ਸਹੂਲਤਾਂ ਅਤੇ ਜ਼ਿੰਮੇਵਾਰੀਆਂ ਵਧਦੀਆਂ ਗਈਆਂ; ਫਲ਼ਸਰੂਪ,ਉਹ ਹੋਰ ਬਿਜ਼ੀ ਹੁੰਦਾ ਗਿਆ। ਬਾਹਰਲੇ ਮੁਲਕਾਂ ਦੇ ਅਕਸਰ ਦੌਰੇ ਭਾਂਵੇਂ ਉਹਦੀ ਮਨ ਭਾਉਂਦੀ ਚੀਜ਼ ਨਹੀ ਸਨ, ਉਹਨਾਂ ਦਾ ਫਾਇਦਾ ਇਹ ਸੀ ਕਿ ਸੈਲਰੀ ਦੇ ਵੀਹ ਲੱਖ ਜਿਉਂ-ਤਿਉਂ ਪਏ ਰਹਿੰਦੇ। ਨਿਰਧਾਰਿਤ ਸਪਤਾਹਿਕ ਭੱਤਿਆਂ ਚੋਂ

ਵੀ ਕਈ ਹਜ਼ਾਰ ਬੱਚ ਜਾਂਦੇ, ਕਿਉਂਕਿ ਖ਼ਰਚਾ ਨਾ-ਮਾਤਰ ਹੀ ਸੀ। ਥੋੜ੍ਹਾ ਜਿਹਾ ਸਾਦਾ ਸ਼ਾਕਾਹਾਰੀ ਭੋਜਨ ਖਾਂਦਾ, ਰੱਜ ਕੇ ਪਾਣੀ ਪੀਂਦਾ।

ਸਟਾਕਸ ਤੋਂ ਇਲਾਵਾ ਉਹ ਬਾਬਾ ਦੀ ਸਲਾਹ ਅਨੁਸਾਰ ਨਵੀਂ ਉਸਰਦੀਆਂ ਸਰਕਾਰੀ ਕਾਲੋਨੀਆਂ ਅਤੇ ਕੇਂਦਰੀ ਵਿਕਾਸ ਯੋਜਨਾਵਾਂ ਅਧੀਨ ਏਲਾਨੀਆਂ ਸਕੀਮਾਂ ਅੰਦਰ ਵੀ ਨਿਵੇਸ਼ ਕਰਦਾ ਰਹਿੰਦਾ।

ਕਾਸ਼ਿਫ ਉਹਦੇ ਨਾਲ ਸੰ ਪਰਕ ਬਣਾਈ ਰਖਦਾ ਚਾਹੇ ਉਹ ਕਿਤੇ ਹੁੰਦਾ। ਮੁੰਬਈ ਹੁੰਦੇ ਤੇ ਤਾਂ ਪੂਰਾ-ਪੂਰਾ ਹਫ਼ਤਾ ਆਣ ਕੇ ਰੌਣਕਾਂ ਲਾਈ ਰੱਖਦਾ। ਜਾਣ ਲੱਗਾ ਅਗਲੇ ਕਈ ਦਿਨਾਂ ਜੋਗੀਆਂ ਦਾਲਾਂ ਭਾਜੀਆਂ ਬਣਾ ਕੇ ਫ਼ਰਿੱਜ ਵਿੱਚ ਟਕਾ ਜਾਂਦਾ।

ਇੱਕ ਵਾਰੀ ਜਦੋਂ ਆਸਟਰੇਲੀਆ ਦੌਰੇ ਦੌਰਾਨ ਉਹਨੂੰ ਬੱਬਲੂ ਬਿਮਾਰੀ ਕਾਰਣ ਉਦਾਸ ਤੇ ਗਮਗੀਨ ਜਾਪਿਆ ਤਾਂ ਬਿਨ ਦੱਸੇ ਉਹਦੇ ਕੋਲ ਸਿਡਨੀ ਅੱਪੜ ਗਿਆ। ਚੌਥੇ ਦਿਨ ਬੱਬਲੂ ਦੀ ਚੜਦੀ ਕਲਾ ਯਕੀਨਣਨ ਬਣਾ ਕੇ ਹੀ ਪਰਤਿਆ।

*****

ਆਖਰ ਨੂੰ ਬਾਬਾ-ਤਾਈ ਨੇ ਸਾਲ 2000 ਵਿੱਚ ਬੱਬਲੂ ਦਾ ਵਿਆਹ ਧਰ ਲਿਆ। ਬੀ ਫਾਰਮੇਸੀ ਪੜ੍ਹੀ ਭੋਪਾਲੀ ਕੰਨਿਆ ਦਾ ਨਾਂ ਨੈਣਾ ਫਡਨੀਸ ਸੀ। ਫਡਨੀਸ ਸਾਹਿਬ ਖੇਤਰ ਦੇ ਇੱਕ ਮੰਨੇ-ਪ੍ਰਮੰਨੇ ਧਾਰਮਿਕ ਆਗੂ ਅਤੇ ਭੋਪਾਲ ਮੰਡਲ ਦੇ ਸੰਘ ਚਾਲਕ ਸਨ। ਨਾ ਪਿਆਜ਼-ਲੱਸਣ ਖਾਣ ਵਾਲੀ ਨੈਣਾ ਇੱਕ ਸੁਸ਼ੀਲ ਅਤੇ ਰਵਾਇਤੀ ਘਰੇਲੂ ਯੁਵਤੀ ਸੀ। ਪੂਜਾ-ਪਾਠ ਦੀ ਪੱਕੀ।

ਬੱਬਲੂ ਨੇ ਨੈਣਾ ਦੀਆਂ ਤਸਵੀਰਾਂ ਦੇਖ, ਫੋਨ ਤੇ ਦੋ ਵਾਰ ਗੱਲ ਕਰਕੇ ਹਾਂ ਕਰ ਦਿੱਤੀ।

ਵਾਇਟੂਕੇ (Y2K) ਦੀ ਬਿਪਤਾ ਸੁਭਾਗ ਨਾਲ ਕਿਸੇ ਵਿਸ਼ਵ ਪੱਧਰ ਦੇ ਬਿਨਾਸ ਜਾਂ ਪਰਲੋ ਬਿਨਾਂ ਟਲ ਚੁੱਕੀ ਸੀ।

ਅਲਬੱਤਾ, ਇਸ਼ੀਕਾਵਾ, ਜਪਾਨ, ਦੇ ਪਰਮਾਣੂ ਊਰਜਾ ਕੇਂਦਰ ਦੇ ਰੇਡੀਏਸ਼ਨ ਤੰਤਰ-ਜੰਤਰ ਇਹਦੇ ਨਾਲ ਸਬੰਧਤ ਕਾਰਨਾਂ ਕਰਕੇ ਨਾਕਾਮ ਹੋ ਗਏ। ਹਾਦਸੇ ਨੇ ਅੰਤਰ-ਰਾਸ਼ਟਰੀ ਪੱਧਰ ਉੱਤੇ ਭਾਜੜਾਂ ਪਾ ਦਿੱਤੀਆਂ। ਪਰਤੱਖ ਸੀ ਕੇ, ਜਾਪਾਨ (ਦੁਨੀਆ ਦਾ ਇਕੱਲਾ ਪਰਮਾਣੂ ਹਮਲਾ ਪੀੜਿਤ ਕੰਟਰੀ), ਦੀ ਸਰਕਾਰ ਅੰਦਰਲੀਆਂ ਗਿਆਤੀ ਸ਼ਖ਼ਸੀਅਤਾਂ ਦੀ ਥਰਥਰਾਹਟ ਬੰਦ ਨਹੀ ਹੋ ਰਹੀ ਸੀ।

ਬੈਕਅੱਪ ਬਦੌਲਤ ਹਾਲੇ ਤੱਕ ਤਾਂ ਹੋਣ ਵਾਲੇ ਕਿਆਮਤੀ ਤਹਿਸ-ਨਿਹਸ ਤੇ ਕਾਬੂਸੀ, ਲੇਕਿਨ ਸਿਰ ਉੱਤੇ ਨਿਰੰਤਰ ਆਫ਼ਤ ਝੂਲ ਰਹੀ ਸੀ। ਮੂਲ ਅਤੇ ਮੌਲਿਕ ਇਕਵਿਪਮੈਂਟ ਦੀ ਦਰੁਸਤੀ ਤੇ ਬਹਾਲੀ ਹੀ ਇਸ ਜਾਨ ਲੇਵਾ ਜ਼ਹਿਮਤ ਦਾ ਇਲਾਜ਼ ਸੀ। ਜਿਸ ਲਈ ਵੱਡੀ ਪੱਧਰ ਉੱਤੇ ਹਾਰਡਵੇਅਰ ਇਕਵਿਪਮੈਂਟ ਵਿਚਲੇ ਪ੍ਰੋਗਰਾਮਜ਼ ਨੂੰ ਰੀਰਾਇਟ ਕਰਨ ਦਾ ਜ਼ੁੰਮਾ ਆਈ ਬੀ ਐਮ ਨੇ ਪਟਨੀ ਨੂੰ ਸੌਂਪਿਆ ਸੀ।

ਬੱਬਲੂ ਜਾਂ ਰੱਬ ਹੀ ਜਾਣਦਾ ਉਹ ਕਿਦਾਂ ਇਸ ਪਰਾਜੈਕਟ ਵਿੱਚੋਂ ਬਰੇਕ ਲੈ ਵਿਆਹ ਲਈ ਰਾਏਪੁਰ ਪੁੱਜਾ। ਸ਼ਾਦੀ ਦਾ ਮਹੂਰਤ ਫਡਨੀਸਾਂ ਨੇ ਕਢਵਾਇਆ ਸੀ। ਧਰਮ ਦੀਆਂ ਰੀਤਾਂ-ਰਸਮਾਂ, ਮੰਨਤਾਂ-ਮਰਯਾਦਾਵਾਂ ਨੂੰ ਤਰਜੀਹ ਦੇਣ ਵਾਲੇ ਹਠਧਰਮੀ ਪਰਿਵਾਰ ਲਈ ਫੇਰਿਆਂ ਦੀ ਘੜੀ-ਮਿਤੀ ਵਿੱਚ ਕੋਈ ਵੀ ਤਬਦੀਲੀ ਅਸੰਭਵ ਸੀ।

ਬੱਬਲੂ ਫੇਰਿਆਂ ਦੇਤੁਰਤ ਬਾਦ ਜਪਾਨ ਰਵਾਨਾ ਹੋ ਗਿਆ।

ਨੈਣਾ ਹਫ਼ਤੇ ਬਾਦ "ਆਪਣੀ ਇੱਕ ਸਹੇਲੀ ਨੂੰ ਮਿਲਣ ਨਾਗਪੁਰ ਚਲੇ ਗਈ। ਉੱਥੇ ਗਈ "ਅਚਾਨਕ ਪ੍ਰਾਈਵੇਟ ਫਾਰਮੇਸੀ ਕਾਲਜ ਵਿੱਚ ਲੈਕਚਰਾਰ" ਲੱਗ ਗਈ।



ਬੱਬਲੂ ਸੂਟਕੈਸਿਜ਼ ਵਿੱਚ ਜੀਣ ਵਾਲਾ ਪੇਸ਼ਾਵਰ ਬਣ ਚੁੱਕਾ ਸੀ। ਸ਼ਾਦੀ ਤੋਂ ਪਹਿਲੋਂ ਵਾਲੀਆਂ ਦੋਨੋਂ "ਫ਼ੋਨ ਡੇਟਾਂ"ਵਿੱਚ ਉਹਨੇ ਨੈਣਾ ਨਾਲ ਬਹੁਤਾ ਚਿਰ ਇਸ "ਟਪਰੀ ਵਾਸਪਨ" ਦਾ ਹੀ ਉਲੇਖ ਛੋਹੀ ਰੱਖਿਆ ਸੀ।

"ਇਹ ਕੰਮ ਮੇਰੀ ਰੀਝ ਦਾ ਹੈ ਤਾਂ ਸੁਭਾਵਿਕ ਹੈ ਮੈਂ ਨੀਝ ਨਾਲ ਕਰਦਾਂ...ਸੌਫਟਵੇਅਰ ਦੀ, ਆਈਟੀ ਦੀ ਦੁਨੀਆ...ਪੂਰਾ ਕੰਮਪਿਊਟਰ ਵਰਲਡ ਉੱਭਰ ਰਿਹਾ, ਤੇਜ਼ੀ ਨਾਲ ਪਸਰ ਰਿਹਾ, ਟੈਕਨਾਲੋਜੀ ਹਰ ਪਲ ਇੱਕ ਨਵਾਂ ਰੰਗ-ਰੂਪ ਧਾਰਨ ਕਰ ਰਹੀ ਹੈ। ਇੱਕ ਵੇਲਾ ਸੀ, ਕਾਲਜ ਦੀ ਕੰਮਪਿਊਟਰ ਲੈਬ ਵਿੱਚ ਸਾਨੂੰ ਜੁੱਤੇ ਚਪਲਾਂ ਨਾਲ ਵੜਨ ਦੀ ਮਨਾਹੀ ਹੁੰਦੀ। ਲੈਬ ਮੰਦਰ ਸੀ ਤੇ ਕੰਮਪਿਊਟਰ ਦੇਵੀ-ਦੇਵਤੇ ਜਿਨਾਂ ਨੂੰ ਧੂਫ਼ ਬੱਤੀ ਪਿਛੋਂ ਟਿੱਕੇ ਲਗਦੇ। ਤੇ ਅੱਜ! ਐਂ ਏ ਕੇ ਬਹੁਤਿਆਂ ਦੀ ਹਰ ਸੁਬ੍ਹਾ-ਸਵੇਰੇ ਉਤਰਦੀ ਨੀ ਜੇ 'ਦੇਵੀ-ਦੇਵਤੇ' ਅੰਗ-ਸੰਗ ਨਾ ਹੋਣ।'

'ਨਿਤ ਦੇ ਤਕਨੀਕੀ ਬਦਲਾਵ ਤੇ ਵਿਕਾਸ...ਸ਼ਤਾਬੀ ਨਾਲ ਹੋ ਰਹੀਆਂ ਸਮਾਜਿਕ ਤੇ ਕਾਰੋਬਾਰੀ ਤਬਦੀਲੀਆਂ ਚੁਨੌਤੀਆਂ ਦੇ ਭੰਡਾਰ ਲਾ ਦਿੰਦੀਆਂ ਨੇ...ਵਿਕਾਸ ਦੀ ਵਾਟੇ ਪਹਾੜ ਖੜੇ ਕਰ ਦਿੰਦੀਆਂ ਨੇ...ਪਰ ਸਿਰਜਣਾਤਮਿਕ ਤੇ ਕਲਾਤਮਿਕ ਮਨੋਬਿਰਤੀ ਨਾਲ ਉਨ੍ਹਾ ਨੂੰ ਮੌਕਿਆਂ ਵਿੱਚ ਬਦਲੀ ਦਾ। ਚੰਗਾ ਲਗਦਾ, ਮਜ਼ਾ ਆਉਂਦਾ, ਸੰਤੋਸ਼ ਮਿਲਦਾ ਮਨ ਲਾ ਕੇ ਮਿਹਨਤ ਕਰਨ ਵਿੱਚ, ਭਿੜਨ ਵਿੱਚ, ਹੱਲ ਕੱਢਣ ਵਿੱਚ, ਜਿੱਤਣ ਵਿੱਚ...ਮਗਰ ਘਰ ਵਾਲਾ ਸਕੂਨ, ਚੈਨ ਮਿਸ ਕਰਦਾਂ। ਬਹੁਤ ਵਾਰੀ ਐਵਰੈਸਟ ਦੀ ਚੋਟੀ ਵਾਲੀ ਤਨਹਾਈ, ਇਕਾਂਤ ਮਹਿਸੂਸ ਕਰਦਾਂ।'

"ਮੈਂ ਚਾਹੁਣਾ ਮੇਰਾ ਹਮਸਫ਼ਰ ਮੇਰਾ ਹਮਸਾਯਾ ਹੋਵੇ। ਕਾਸ਼ਿਫ ਵਾਂਗ ਮੇਰਾ ਮਹਿਰਮ ਬਣੇ।"

ਸ੍ਰੀਮਤੀ ਨੈਣਾ ਭਿਸੇ ਬੱਬਲੂ ਨਾਲ ਇਕ ਵਾਰ ਕੋਰੀਆ ਤੇ ਇੱਕੋ ਵਾਰ ਸਿੰਗਾਪੁਰ ਗਈ। ਸ਼ਿਵੇਤਾ ਦੇ ਜਨਮ ਮਗਰੋਂ ਉਹ ਨਾਗਪੁਰ ਆਪਣੀ ਜੌਬ, ਬੱਚੀ ਅਤੇ ਭੋਪਾਲ ਦਰਮਿਆਨ ਸਿਮਟ ਕੇ ਹੀ ਰਹਿ ਗਈ।

ਬੱਬਲੂ ਨੇ ਪ੍ਰੇਮ ਭਾਵ ਨਮਰਤਾ ਪੂਰਵਕ ਵਾਹਵਾ ਵਾਰ ਨੈਣਾ ਦੇ ਤਰਲੇ ਮਾਰੇ, ਨਾਲ ਚੱਲਣ ਲਈ ਹਾੜੇ ਕੱਢੇ। ਸਮਝਾਇਆ ਕੇ ਮੈਨੂੰ ਇਕੱਲੇ ਨੂੰ ਵਿਦੇਸ਼ਾਂ ਵਿੱਚ ਰਹਿਣਾ ਔਖਾ ਲੱਗਦਾ।

"ਜੇ ਸ਼ਾਕਾਹਾਰੀ ਭੋਜਨ ਦੀ ਮੁਸੀਬਤ ਚੁਭਦੀ ਹੈ,ਤਾਂ ਤਨਹਾਈ ਡੱਸਦੀ ਹੈ ਨਾਲੇ...ਮੈਂ ਠੀਕ-ਠਾਕ ਕਮਾ ਰਿਹਾਂ। ਜੇ ਸ਼ਿਵੇਤਾ ਦੀ ਚਿੰਤਾ ਹੈ ਤਾਂ ਆਪਾਂ ਐਚ1ਬੀ ਵਰਕ ਵੀਜ਼ੇ ਤੇ ਜਾਂ ਐਲ1ਏ ਇੰਟਰਾ ਕੰਪਨੀ ਟਰਾਂਸਫਰ ਵੀਜ਼ੇ ਤੇ ਅਮੈਰੀਕਾ, ਜਾਂ ਉਸ ਕਿਸਮ ਦੇ ਵੀਜ਼ੇ ਤੇ ਇੰਗਲੈਂਡ, ਜਰਮਨੀ ਕਿਤੇ ਵੀ ਲੰਬੇ ਸਮੇਂ ਲਈ ਜਾ ਸਕਦੇ ਹਾਂ," ਬੱਬਲੂ ਨੇ ਹੱਥ ਫੈਲਾ ਕੇ ਕਿਹਾ।

"ਜੇ ਤੈਨੂੰ ਮੇਰੀ ਲੋੜ ਹੈ ਤਾਂ ਮੇਰੇ ਕੋਲ ਰਹਿ। ਨਾਗਪੁਰ ਕੰਮ ਲੱਭ ਲੈ," ਹੱਸਦੀ ਨੈਣਾ ਕਹਿੰਦੀ। ਭਲੀ-ਭਾਂਤੀ ਵਾਕਫ਼ ਸੀ ਕੇ ਜੋ ਉਹਨੇ ਕਿਹਾ ਉਹ ਅਸੰਭਵ ਹੈ।

ਰਾਏਪੁਰ ਸੱਸ ਸੋਹਰਾ ਨਾਲ ਰਹਿਣਾ ਵੀ ਨੈਣਾ ਨੂੰ ਉੱਕਾ ਮਨਜ਼ੂਰ ਨੀ ਸੀ, ਤੇ ਨਾ ਉਹਨਾਂ ਨੂੰ ਆਪਣੇ ਕੋਲ ਰੱਖਣਾ।

ਸ਼ੁਕੀਨਣ ਨੈਣਾ ਦੀ ਮਾਸਿਕ ਤਨਖ਼ਾਹ ਭਲੇ ਵੱਧ ਕੇ ਬਾਰਾਂ ਹਜ਼ਾਰ ਹੋ ਚੁੱਕੀ ਸੀ ਪਰ ਉਹਦੇ ਨਾਲ ਪੂਰਾ ਕਿੱਥੇ ਪੈਂਦਾ ਸੀ। ਇਸ ਲਈ ਘੱਟੋ-ਘੱਟ ਪੰਦਰਾਂ ਹਜ਼ਾਰ ਤਾਂ ਉਹ ਆਏ ਮਹੀਨੇ ਬੱਬਲੂ ਤੋਂ ਲੈਂਦੀ ਹੀ ਸੀ।

ਪਰਿਵਾਰ ਦੇ ਇਤਫ਼ਾਕ ਲਈ ਤੇ ਆਪਣੀ ਰੂਹ ਦੀ ਖ਼ੁਰਾਕ ਲਈ, ਬੱਬਲੂ ਹਾਰ ਕੇ ਖ਼ੁਦ ਨੌਕਰੀ ਛੱਡ ਕੇ ਨਾਗਪੁਰ ਆ ਗਿਆ। ਸਥਾਨਕ ਇੰਜਨੀਅਰਿੰਗ ਕਾਲਜ ਬਤੌਰ ਐਸੋਸੀਏਟ ਪ੍ਰੋਫ਼ੈਸਰ ਜੌਇਨ ਕਰ ਲਿਆ। ਨਾਲ ਹੀ ਪੀਐਚਡੀ ਵੀ ਅਰੰਭ ਦਿੱਤੀ।

ਦੇਸ਼-ਵਿਦੇਸ਼ ਦੀਆਂ ਸੋਫਟਵੇਅਰ ਕੰਪਨੀਆਂ ਲਈ ਫ੍ਰੀਲੈਂਸ ਕਨਸਲਟਿੰਗ ਵਿੱਚ ਵੀ ਜੁੱਟ ਗਿਆ। ਅਤੇ ਸ਼ੇਅਰ ਮਾਰਕੀਟ ਵਿੱਚ ਲੰਬੇ ਸਮੇਂ ਵਾਲੀਆਂ ਲਾਗਤਾਂ ਲਾਉਣ ਦਾ ਸਿਲਸਿਲਾ ਚਾਲੂ ਰੱਖਿਆ।

ਕੁੱਝ ਮਹੀਨਿਆਂ ਬਾਦ ਇੱਕ ਚੰਗੇ ਇਲਾਕੇ ਵਿੱਚ ਮੁੱਲ ਲਏ ਪਲਾਟ ਉੱਤੇ ਉਹਨਾਂ ਦਾ ਵੱਡਾ ਸੋਹਣਾ ਘਰ ਬਣ ਕੇ ਤਿਆਰ ਹੋ ਗਿਆ। ਘਰ ਅੰਦਰਲੀ ਖੁੱਲੀ ਜਗ੍ਹਾ ਹੋਣ ਨਾਲ ਨੈਣਾ ਦੀ ਮਨਪਸੰਦ ਦੀ ਦੂਜੀ ਕਾਰ ਵੀ ਆ ਗਈ।

ਨਵੇਂ ਘਰ ਲਈ ਫ਼ਰਨੀਚਰ, ਫ਼ਰਨਿਸ਼ਿੰਗਜ਼, ਇਲੈਕਟ੍ਰਾਨਿਕਜ਼ ਹਰ ਚੀਜ਼ ਜਿਸ ਤੇ ਨੈਣਾ ਨੇ ਹੱਥ ਧਰਿਆ, ਆ ਗਈ।

ਪਰ ਜਦੋਂ ਬਾਬਾ-ਤਾਈ ਨੂੰ ਲਿਆਉਣ ਦੀ ਗੱਲ ਛਿੜੀ ਤਾਂ ਨੈਣਾ ਛਿੜ ਪਈ। ਘਰ ਵਿੱਚ ਕਲਹ ਪੈ ਗਈ। ਬੱਬਲੂ ਆਪ ਇਕੱਲਾ ਹੀ ਛੁੱਟੀ ਜਾਂ ਤਿਉਹਾਰ ਨੂੰ ਬਾਬਾ-ਤਾਈ ਕੋਲ ਚਲੇ ਜਾਂਦਾ। ਉੱਥੇ ਕਾਸ਼ਿਫ, ਹੋਰ ਦੋਸਤ, ਅਤੇ ਦੋਨੋਂ ਭੈਣਾਂ ਅਤੇ ਉਹਨਾਂ ਦੇ ਪਰਿਵਾਰਾਂ ਸੰਗ ਮਿਲ ਕੇ ਅਨੰਦਿਤ ਹੋ ਉੱਠਦਾ।

ਵੈਸੇ ਤਾਂ ਨੈਣਾ ਨੂੰ ਸਾਰੇ "ਕਟੂਆਂ" ਨਾਲ ਨਫ਼ਰਤ ਸੀ, ਮਗਰ ਕਾਸ਼ਿਫ ਨਾਲ ਨਿਹਾਇਤ।

ਨੈਣਾ ਨੇ ਵਿਆਹ ਤੋਂ ਕੁਝ ਦਿਨਾਂ ਬਾਦ, ਬੱਬਲੂ ਦੇ ਇਸ਼ੀਕਾਵਾ ਮੁੜਨ ਮਗਰੋਂ, ਆਪਣੀ ਨਾਪਸੰਦਗੀ ਗੂੜ੍ਹੀ ਅੰਗਰੇਜ਼ੀ ਵਿੱਚ ਘਰ ਆਏ ਕਾਸ਼ਿਫ ਦੇ ਮੂੰਹ ਉੱਤੇ ਜਾਹਰ ਕਰਤੀ ਸੀ, "ਆਈ ਹੈਟ ਮੁਸਲਿਮਜ਼। ਆਈ ਡੂ ਨਾਟ ਵਾਂਟ ਟੂ ਸੀ ਯੂ ਐਨੀਵੇਅਰ ਨੀਅਰ ਮੀ ਔਰ ਮਾਈ ਹੋਮ (ਮੈਂ ਮੁਸਲਮਾਨਾਂ ਨੂੰ ਨਫ਼ਰਤ ਕਰਦੀ ਹਾਂ। ਮੈਂ ਤੈਨੂੰ ਆਪਣੇ ਜਾਂ ਆਪਣੇ ਘਰ ਦੇ ਨਜ਼ਦੀਕ ਨਹੀਂ ਦੇਖਣਾ ਚਾਹੁੰਦੀ)।

ਬੱਬਲੂ ਨੂੰ ਇਸ ਵਾਕਿਆ ਦੀ ਕਦੇ ਵੀ ਹਵਾ ਨਾ ਲੱਗੀ।

ਬੱਬਲੂ ਦੀ ਵਾਕਫ਼ੀ ਮੁਤਾਬਿਕ ਕਾਸ਼ਿਫ ਦੀ ਉਹਦੇ ਘਰ ਵੜਨ ਦੀ ਬੰਦਸ਼ ਫਡਨੀਸਜ਼ ਦਾ ਹਿੰਦੂਵਾਦ, ਉਹਦੀ ਪ੍ਰਧਾਨਤਾ ਵਿੱਚ ਕੱਟੜ ਆਸਤਾ, ਅਤੇ ਇਸਲਾਮ ਨਾਲ ਨਫ਼ਰਤ ਸੀ।

*****

ਸਾਰੀਆਂ ਉਮੀਦਾਂ ਦੇ ਬਰਖਿਲਾਫ਼, ਨਾਗਪੁਰ ਆਣ ਕੇ, ਨੈਣਾ ਨਾਲ ਰਹਿ ਕੇ, ਬੱਬਲੂ ਦੇ ਮਨ ਦੀ ਬੇਚੈਨੀ ਨਾ ਅਲੋਪ ਹੋਈ, ਨਾ ਸੁੰਘੜੀ, ਸਗੋਂ ਵਧਦੀ ਵਧਦੀ ਨਾਸੂਰ ਬਣ ਗਈ।

ਉਹ ਤੇ ਨੈਣਾ ਕਦੇ ਇਕੱਠੇ ਬੈਠ ਕੇ ਨਾ ਖਾਣਾ ਖਾਂਦੇ ਸੀ, ਨਾ ਹੀ ਟੀ.ਵੀ. ਦੇਖਦੇ ਸੀ। ਬੱਬਲੂ ਨੇ ਜਦੋਂ ਵੀ ਨੈਣਾ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰਨੀ ਉਹਨੇ ਟੁੱਟ ਕੇ ਪੈਣਾ। ਪਤਾ ਨਹੀ ਕਿਹੜੀਆਂ ਡੂੰਘੀਆਂ ਸੋਚਾਂ ਵਿੱਚ ਮੰਤਰਮੁਗਧ ਹੋਈ ਫਿਰਦੀ ਰਹਿੰਦੀ।

ਨੈਣਾ ਦਾ ਭੋਪਾਲ ਜਾਂ ਆਪਣੀ ਰਿਸ਼ਤੇਦਾਰੀ ਵਿੱਚ ਤੋਰੇ-ਫੇਰੇ ਦਾ ਸਿਲਸਿਲਾ ਵਧਦਾ ਗਿਆ। ਸ਼ਿਵੇਤਾ ਨੂੰ ਉਹ ਬੱਬਲੂ ਅਤੇ ਘਰ ਰਹਿੰਦੀ ਬਾਈ ਕਲਾਵਤੀ ਕੋਲ ਛੱਡ ਜਾਂਦੀ। ਕਾਲਜ ਤੋਂ ਵੀ ਰੋਜ਼ਾਨਾ ਲੇਟ ਹੀ ਆਉਂਦੀ ਸੀ। ਬੱਬਲੂ ਨੇ ਦੋ ਕੁ ਵਾਰ ਪੁੱਛਿਆ ਤਾਂ ਬੜੇ ਬੇਕਿਰਕ ਜਵਾਬ ਮਿਲੇ। ਸ਼ਾਤੀ ਪ੍ਰੇਮੀ ਨੇ ਕੰਨਾਂ ਨੂੰ ਹੱਥ ਲਾ ਲਏ।

ਜੋ ਪਿੱਛਲੇ 36-37 ਸਾਲਾਂ ਵਿੱਚ ਨਹੀ ਹੋਇਆ ਸੀ, ਉਹ ਹੋਣ ਲੱਗ ਪਿਆ। ਬੱਬਲੂ ਨੇ ਸ਼ਰਾਬ ਪੀਣੀ ਸ਼ੁਰੂ ਕਰਤੀ।

ਸ਼ਾਮ ਨੂੰ ਪੈੱਗਾਂ ਦੀ ਅਤੇ ਹਫ਼ਤੇ ਵਿੱਚ ਪੀਣ ਵਾਲੇ ਦਿਨਾਂ ਦੀ ਮਾਤਰਾ ਵਧਦੀ ਗਈ। ਸ਼ੁਕਰਵਾਰ ਸ਼ਾਮ ਤੋਂ ਸੋਮਵਾਰ ਸਵੇਰ ਤੱਕ ਉਹ ਰਾਏਪੁਰ ਰਹਿੰਦਾ।

ਕਾਸ਼ਿਫ ਕੋਲੋਂ ਬੱਬਲੂ ਦੀ ਦੁਰਦਸ਼ਾ ਵੱਲ ਦੀ ਦਿਸ਼ਾ ਲੁੱਕੀ ਨਹੀ ਸੀ। ਭਾਵੇਂ ਬੱਬਲੂ ਨੇ ਪਹਿਲਾਂ ਆਬਦਾ ਮੌਨ ਨਹੀ ਤੋੜਿਆ ਸੀ, ਕਾਸ਼ਿਫ ਨੇ ਬੁੱਝ ਲਿਆ ਸੀ ਇਹਦੇ ਪਿੱਛੇ ਨੈਣਾ ਹੈ। ਰਾਏਪੁਰ ਤਾਂ ਉਹਨਾਂ ਦੇ ਦੌਰ-ਏ-ਜਾਮ ਇੱਕ ਦੂਜੇ ਦੇ ਘਰਾਂ ਵਿੱਚ ਹੋ ਜਾਂਦੇ ਪਰ ਦਸੀਂ-ਪੰਦਰੀਂ ਕਾਸ਼ਿਫ ਦੇ ਨਾਗਪੁਰ ਦੇ ਗੇੜੇ ਦੌਰਾਨ ਉਹ ਮਹਿਫ਼ਲ ਕਾਸ਼ਿਫ ਦੇ ਹੋਟਲ ਜਾਂ ਬਾਹਰ ਕਿਤੇ ਲਾਉਂਦੇ।

ਘਰ ਵਿੱਚ ਸ਼ਰਾਬ ਦੀ ਬੋਤਲ ਜਾਂ ਗਲਾਸ ਦਿਸਦਾ ਸੀ ਤਾਂ ਨੈਣਾ ਤੋੜ ਦਿੰਦੀ ਸੀ। ਬੱਬਲੂ ਇਹ ਕੰਮ ਆਪਣੀ ਕਾਰ ਵਿੱਚ ਹੀ ਕਰਦਾ ਸੀ। ਸ਼ਰਾਬ ਪੀਣ ਉਪਰੰਤ ਬੱਬਲੂ ਨੂੰ ਬੈਡਰੂਮ ਅੰਦਰ ਇਜਾਜ਼ਤ ਨਹੀ ਸੀ।

*****

2008 ਦੇ ਦਿਨਾਂ ਦੀ ਗੱਲ ਹੈ।

ਕਾਸ਼ਿਫ ਦੋ ਰੋਜ਼ ਲਈ ਨਾਗਪੁਰ ਆਇਆ। ਬਿਜ਼ਨਿਸ ਦੇ ਸਿਲਸਿਲੇ ਵਿੱਚ, ਤਾਂ ਹੀ ਬੇਗਮ ਰੁਬੀਨਾ ਅਤੇ ਦੋਨੋਂ ਸ਼ਹਿਜ਼ਾਦੀਆਂ ਨਾਲ ਨਹੀਂ ਸਨ। ਜਿਹੜੇ ਫਾਈਵ ਸਟਾਰ ਹੋਟਲ ਵਿੱਚ ਉਹ, ਅੱਬਾ, ਸਾਰਾ ਪਰਿਵਾਰ ਹਮੇਸ਼ਾ ਨਾਗਪੁਰ ਆ ਕੇ ਠਹਿਰਿਆ ਕਰਦੇ ਸੀ, ਉੱਥੋਂ ਉਹ ਤੇ ਬੱਬਲੂ ਵਰਧਾ ਹਾਈਵੇ ਉੱਤੇ ਸਰਦਾਰ ਜੀ ਦੇ ਢਾਬੇ ਤੇ ਖਾਣ-ਪੀਣ ਚਲੇ ਗਏ।

ਢਾਬੇ ਵਿੱਚ ਬਹਿ ਕੇ ਖਾਣਾ-ਪੀਣਾ ਸ਼ੁਰੂ ਕਰਣ ਤੋਂ ਅੱਧੇ ਕੁ ਘੰਟੇ ਬਾਦ।

"ਬੱਬਲੂ, ਵੇਖ ਮੈਂ ਪਹਿਲਾਂ ਨਹੀ ਪੁੱਛਿਆ ਪਰ ਐਤਕਾਂ ਨਾਗਪੁਰ ਉਚੇਚਾ ਏਹੀ ਪੁੱਛਣ ਆਇਆਂ ਤੈਨੂੰ ਪ੍ਰਾਬਲਮ ਕੀ ਹੈ?"

ਬੱਬਲੂ ਚੁੱਪ ਰਿਹਾ। "ਮੇਰੀ ਤਰਫ ਦੇਖ ਕੰਮ ਵਿੱਚ ਮੁਸ਼ਕਿਲ ਹੈ, ਪੈਸੇ ਦੀ ਔਖੀ ਹੈ? ਬੋਲ ਤਾਂ ਸਹੀ। ਅੰਟੀ, ਅੰਕਲ, ਦੀਦੀ ਲੋਗ ਸਭ ਪਰੇਸ਼ਾਨ ਨੇ ਕਿਸੇ ਨਾਲ ਕੋਈ ਪੰਗਾ ਹੋਇਆ ਤਾਂ ਦੱਸ, ਸਾਲੇ ਨੂੰ ਗੋਲੀ ਮਾਰ ਦੇਊਂਗਾ। ਬੋਲੇਂਗਾ ਕੁਛ?

"ਮੇਰੀ ਮੁਸੀਬਤ, ਚਿੰਤਾ, ਬਿਮਾਰੀ ਦਾ ਇੱਕੋ ਨਾਂ ਹੈ: ਨੈਣਾ। "

"ਭਾਬੀ ! ਕਿਉਂ? ਕੀ ਹੋਇਆ ਸਭ ਠੀਕ ਤਾਂ ਹੈ।"

ਬੱਬਲੂ ਨੇ ਇੱਕ ਲੰਬਾ ਹਉਕਾ ਭਰਿਆ। ਅਗਲੇ ਇੱਕ ਘੰਟੇ ਅੰਦਰ ਉਹਨੇ ਕਾਸ਼ਿਫ ਦੇ ਮੱਥੇ ਅੰਦਰ ਆਪਣੇ ਹੁਣ ਤਕ ਦੇ ਵਿਆਹੇ ਜੀਵਨ ਦਾ ਰੇਖਾ-ਚਿੱਤਰ ਉਕਰ ਦਿੱਤਾ।

"ਮੈਂ ਵਿਆਹ ਬਿਨਾਂ ਜ਼ਿੰਦਗੀ ਅਰਾਮ ਨਾਲ ਕਟ ਰਿਹਾ ਸੀ। ਚਲੋ...ਤੈਨੂੰ ਤਾਂ ਪਤਾ...ਕਰਵਾ ਲਿਆ...ਪਰ ਸਰੀਰ ਦੇ ਸੇਕ ਲਈ ਨਹੀ, ਰੂਹ ਦੀ ਟੇਕ ਲਈ। ਚਾਹੇ, ਅਣਚਾਹੇ, ਜਿਦਾਂ ਵੀ ਨੈਣਾ ਨੇ ਚਾਹਿਆ ਮੈਂ ਮੰਨਿਆ, ਓ ਹੀ ਕੀਤਾ, ਨਹੀਂ—ਉਦਾਂ ਹੀ ਕੀਤਾ ਫੇਰ ਤੂੰ ਸੋਚ ਮੇਰੇ ਤੇ ਕੀ ਗੁਜ਼ਰੀ ਹੋਊ ਜਦੋਂ ਮੈਂ ਇੱਕ ਐਤਵਾਰ ਰਾਤੀਂ ਆਬਦੇ ਘਰੇ ਉਹ ਦੇਖਿਆ ਜੋ ਕਦੇ ਕਿਸੇ ਨੂੰ ਨਾ ਦੇਖਣਾ ਪਵੇ। ਉਸ ਸੋਮਵਾਰ ਸੁਬ੍ਹਾ ਸਾਢੇ-ਦਸ ਮੈਂ ਆਪਣੇ ਪ੍ਰਿੰਸੀਪਲ ਨਾਲ ਵਿਧਾਨ ਭਵਨ ਮੰਤਰੀ ਜੀ ਅੱਗੇ ਕੰਪਿਊਟਰ ਵਿਭਾਗ ਵਿੱਚ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਅਤੇ ਮਸ਼ੀਨ ਲਰਨਿੰਗ ਫਕੈਲਟੀ ਮੁਤਲਕ ਗਰਾਂਟ ਲਈ ਪੇਸ਼ਕਸ਼ ਕਰਨੀ ਸੀ, ਜਿਸ ਲਈ ਮੈਂ ਰਾਏਪੁਰ ਤੋਂ ਐਤਵਾਰ ਰਾਤੀਂ ਕਰੀਬ ਗਿਆਰਾਂ ਵਜੇ ਬਿਨਾਂ ਖੜਕਾ ਦੜਕਾ ਕੀਤੇ ਕੁੰਜੀ ਨਾਲ ਜੰਦਾ ਖੋਲ ਘਰ ਦਾਖ਼ਲ ਹੋਇਆ।

ਬੱਬਲੂ ਦਾ ਗੱਚ ਭਰ ਆਇਆ। ਅੱਖਾਂ ਵਹਿਣ ਲੱਗ ਪਈਆਂ। ਕਾਸ਼ਿਫ ਮੂੰਹ ਉੱਤੇ ਹੱਥ ਰੱਖੀ ਪੁਤਲਾ ਬਣਿਆ ਵੇਖ ਰਿਹਾ ਸੀ। ਉਹਦੀਆਂ ਅੱਡੀਆਂ ਅੱਖਾਂ ਬੱਬਲੂ ਦੇ ਚੇਹਰੇ ਤੇ ਗੱਡੀਆਂ ਹੋਈਆਂ ਸਨ।

"ਮੈਂ ਪੋਲੇ ਪੈਰੀ ਤੁਰਾਂ ਕੇ ਨੀਂਦ ਨਾ ਖਰਾਬ ਕਰਾਂ ਸੁੱਤੀ ਨੈਣਾ ਦੀ। ਬੂਟ ਲਾਹੁੰਦੇ ਨੇ ਚੁਫੇਰੇ ਨਿਗਹ ਮਾਰੀ ਸੁੰਨਸਾਨ। ਨ੍ਹੇਰਾ। ਮਲ਼ਕ ਦੇਣੀ ਪਾਣੀ ਪੀਣ ਰਸੋਈ ਵਲ ਤੁਰਿਆ ਤਾਂ ਉੱਪਰੋਂ, ਜਿੱਥੇ ਸਾਡਾ ਮਾਸਟਰ ਬੈਡਰੂਮ ਅਤੇ ਤਿੰਨ ਹੋਰ ਬੈਡਰੂਮ ਹਨ, ਅਜੀਬ ਆਹਾਂ, ਸਿਸਕੀਆਂ ਕੰਨੀਂ ਪਈਆਂ। ਪਿਕਚਰ ਦੇਖ ਰਹੀ ਹੈ? ਮੈਂ ਅੱਖਾਂ ਘਮਾਉਂਦਾ, ਸਾਹ ਰੋਕੀ, ਕੰਨ ਚੱਕੀ, ਉੱਥੇ ਹੀ ਜੜਿਆ ਗਿਆ। ਫੇਰ ਚੌਕਸੀ ਨਾਲ ਪੌੜੀਆਂ ਚੜ੍ਹਦਾ ਹੂੰਗਣ ਦੀ ਦਿਸ਼ਾ ਵੱਲ ਵਧਿਆ। ਤਾਹਾਂ ਪਹੁੰਚ ਆਪਣੇ ਬੈਡਰੂਮ ਵੱਲ ਝਾਤੀ ਮਾਰੀ ਤਾਂ ਮੇਰੀਆਂ ਅੱਖਾਂ ਪਾਟ ਗਈਆਂ ... ਜਿਸਮਾਨੀ ਗਹਿਰਾਈ ਵਿੱਚੋਂ ... ਸਭ ਤੋਂ ਹੇਠਲੇ ਛੇਦ ਅੰਦਰੋਂ ... ਅੰਬਰ ਚੀਰ ਕੇ ਨਿਕਲਣ ਵਾਲੀ ਚੀਕ ਉੱਠੀ ... ਪਰ ਰਾਹ ਵਿੱਚ ਪਤਾ ਨਹੀ ਕਿੱਥੇ ਚੂਸੀ ਗਈ," ਬੱਬਲੂ ਨੇ ਹੈਰਤ ਵਿੱਚ ਦੋਨੋਂ ਹੱਥ ਤੇ ਧੌਣ ਹਿਲਾਏ। ਪਹਿਲੀ ਦਫ਼ਾ ਇਹ ਹਾਦਸਾ ਕਿਸੇ ਨਾਲ ਸਾਂਝਾ ਕਰ ਰਿਹਾ ਸੀ। ਦਰਦ, ਸ਼ਰਮ, ਦੇ ਨਾਲ ਰਾਹਤ ਮਹਿਸੂਸ ਹੋ ਰਹੀ ਸੀ।

"ਯਾ ਅੱਲਾ! ਪੱਕਾ ਚੋਰ ਹੋਣਗੇ ... ਨੈਣਾ, ਸ਼ਿਵੇਤਾ ਨੂੰ ਕੁਛ ਕਰ ਰਹੇ ਸੀ?" ਕਾਸ਼ਿਫ ਨੇ ਕਾਹਲੀ ਵਿੱਚ ਜ਼ੋਰ ਨਾਲ ਪੁੱਛਿਆ।

"ਕਾਸ਼ਿਫ, ਮੈਂ ਸਾਲ਼ਾ ਯਕੀਨ ਨਾ ਕਰ ਸਕਾਂ ... ਹਾਲਾਂਕਿ, ਸਭ ਮੇਰੀਆਂ ਨਜ਼ਰਾਂ ਦੇ ਸਾਹਮਣੇ ਵਾਪਰ ਰਿਹਾ ਸੀ... ਕੋਈ ਉਹਦਾ ਅੰਦਾਜ਼ਾ ਵੀ ਨੀ ਲਾ ਸਕਦਾ ਜਿਹੜਾ ਵਿਹਸ਼ੀਪੁਣੇ ਦਾ ਨੰਗਾ ਨਾਚ ਮੈਂ ਦੇਖਿਆ ... ਖੁੱਲੇ ਦਰਵਾਜ਼ੇ ਥਾਂਣੀਂ ਮੈਂ ਦੇਖਦਾਂ ਮੇਰੀ ਥਾਂ ਕੋਈ ਹੋਰ, ਜੀਹਦਾ ਮੂੰਹ ਪਰੇ ਸੀ, ਮੇਰੇ ਹੀ ਬਿਸਤਰ ਉੱਪਰ ਨੈਣਾ ਦੀਆਂ ਲੱਤਾਂ ਮੋਢੇ ਉੱਤੇ ਰੱਖੀ ਡੱਡੂ ਛੜੱਪੇ ਜਿਹੇ ਮਾਰ ਰਿਹਾ ਸੀ। ਕੁੱਝ ਪਲਾਂ ਬਾਦ ਉਹਦੀ ਮੋਟੀ, ਤਗੜੀ, ਗੁੰਦਵੀਂ ਬਾਂਹ ਖੜੀ ਹੁੰਦੀ ਅਤੇ ਉੱਚੇ ਉੱਠੇ ਹੱਥ ਦੀ ਤੇਜ਼ ਉਡਾਣ ਹੇਠਾਂ ਪਹੁੰਚ ਕੇ ਥੱਪੜ ਦੀ ਅਵਾਜ਼ ਧਾਰਨ ਕਰ ਲੈਂਦੀ। ਨੈਣਾ ਦਾ ਰੇਪ ਕਰ ਰਿਹਾ ਹਰਾਮ ਦਾ ਪਿੱਲਾ, ਮੇਰਾ ਦਿਮਾਗ ਅਚਾਨਕ ਬੁਦਬੁਦਾਇਆ। ਮੈਂ ਚੁਫੇਰੇ ਨਿਗਾਹ ਦੌੜਾਈ ਕਿਸੇ ਹਥਿਆਰ ਦੀ ਤਲਾਸ਼ ਵਿੱਚ," ਬੱਬਲੂ ਅਚੇਤ ਬੋਲੇ ਜਾ ਰਿਹਾ ਸੀ।

"ਏਹੀ ਪੰਗਾ... ਇਹਨਾਂ ਚੰਦਰਿਆਂ ਭੈਣ ਦੇ ਟਕਿਆਂ ਨੂੰ ਪਤਾ ਹੁੰਦਾ ਕਦੋਂ ਸ਼ੌਹਰ ਘਰ ਨਹੀ...ਕੋਈ ਮਰਦ ਘਰ ਨਹੀ। ਪਤੰਦਰਾਂ ਨੇ ਸੰਨ੍ਹ ਲਾ ਕੇ ਰੱਖੀ ਹੁੰਦੀ ਆ ਬੱਸ ਹੱਲਾ ਉਦੋਂ ਬੋਲਦੇ ਨੇ," ਕਚੀਚੀ ਨਾਲ ਮੁੱਠਾਂ ਭੀਂਚਦਾ ਕਾਸ਼ਿਫ ਗੁਰਾਇਆ।

"ਹੁਣ ਮੇਰਾ ਦਿਮਾਗ ਦੌੜਨ ਲੱਗ ਪਿਆ। ਮੈਂ ਸ਼ਿਵੇਤਾ ਦੇ ਕਮਰੇ ਅੰਦਰ ਝਾਤ ਮਾਰੀ, ਸ਼ੁਕਰ ਰੱਬ ਦਾ ਉਹ ਮਜ਼ੇ ਨਾਲ ਸੋ ਰਹੀ ਸੀ। ਕੋਈ ਹੋਰ ਵੀ ਜ਼ਰੂਰ ਹੋਊ ਇਸ ਘਿਣਾਉਣੇ ਜ਼ੁਰਮ ਵਿੱਚ ਏਹਦਾ ਮਦਦਗਾਰ ਪਰ ਮੋਹਰਲੇ ਦਰਵਾਜ਼ੇ ਦਾ ਤਾਲਾ ਤਾਂ ਮੈਂ ਚਾਬੀ ਨਾਲ ਖੋਲ੍ਹ ਕੇ ਵੜਿਆਂ। ਕਿਤੇ ਕੋਈ ਟੁੱਟ-ਭੱਜ ਜਾਂ ਉਥਲ-ਪੁਥਲ ਵੀ ਨਹੀ ਦਿੱਸੀ। ਫੇਰ ਮੈਂ ਨੋਟ ਕੀਤਾ ਹਰ ਥੱਪੜ ਨਾਲ ਨੈਣਾ ਚੀਕਦੀ ਹੈ, "ਹੋਰ ਜ਼ੋਰ ਨਾਲ।" ਉਹ ਉਹਨੂੰ ਗਾਲ੍ਹਾਂ ਕੱਢਦਾ। ਕੰਜਰੀ, ਰੰਡੀ, ਆਪਣੀ ਰਖੇਲ ਬਲਾਉਂਦਾ। ਜਦ ਹੁਣ ਮੈਂ ਨੈਣਾ ਦੀਆਂ ਅਵਾਜ਼ਾ, ਹਰਕਤਾਂ ਵੱਲ ਤਵੱਜੋ ਫ਼ਰਮਾਈ ਤਾਂ ਬੁੱਝ ਗਿਆ ਇਹ ਰੇਪ ਨਹੀ ਰਾਸ ਲੀਲਾ ਹੈ। ਫੇਰ ਕਿਉਂ ਮੈਂ ਕਿੰਨਾ ਚਿਰ ਅੱਖਾਂ ਪਾੜੀ ਮੂੰਹ ਖੋਲੀ ਵੇਂਦਾ ਰਿਹਾ ਉਹਨਾਂ ਨੂੰ ਖੇਹ ਖਾਂਦਿਆਂ ਨੂੰ? ਹੋ ਸਕਦਾ ਖੁਦ ਨੂੰ ਵਿਸ਼ਵਾਸ ਦਵਾ ਰਿਹਾ ਸੀ ਕੇ ਏਹ ਹਕੀਕਤ ਹੈ; ਮੇਰਾ ਘਰ, ਮੇਰੀ ਪਤਨੀ, ਸਿਨੇਮੇ ਦਾ ਪਰਦਾ ਨਹੀ।''

ਹੱਕੇ-ਬੱਕੇ ਕਾਸ਼ਿਫ ਦਾ ਦੂਜਾ ਹੱਥ ਆਪਮੁਹਾਰਾ ਮੂੰਹ ਉਤਲੇ ਪਹਿਲੇ ਹੱਥ ਉੱਤੇ ਜਾ ਪਿਆ।

"ਜਦੋਂ ਚੰਡਾਲ-ਚੌਕੜੀ ਦਾ ਤਾਂਡਵ ਰੁਕਿਆ ਤਾਂ ਉਹ ਇੱਕ ਦੂਜੇ ਦੀਆਂ ਬਾਹਾਂ ਵਿੱਚ ਪਏ ਗੱਲਬਾਤ ਕਰਨ ਲੱਗ ਪਏ...ਮੈਂ ਇੱਕ ਹਨੇਰੀ ਨੁੱਕਰੇ ਖੜ੍ਹਾ ਸੁਣਦਾ ਰਿਹਾ। ਉਹ ਪੁਰਸ਼ ਨੈਣਾ ਦਾ ਵਿਦਿਆਰਥੀ ਸੀ। ਕੁਲੂ ਤੋਂ। ਹਿਮਾਚਲੀ ਦਾ ਨਾਮ ਸੁਧਾਂਸ਼ੂ ਸੀ। ਜਿਹਨੂੰ ਹੁਣ ਮੈਡਮ ਟੀਚਰਜ਼ ਦੇ ਖੰਭੇ ਵਿੱਚੋਂ ਬਕਾਇਦਾ ਜਾਮ ਬਣਾ-ਬਣਾ ਪਿਲਾ ਰਹੀ ਸੀ ਤੇ ਪੀ ਵੀ ਰਹੀ ਸੀ।''

''ਮੈਂ ਨਿਕਲਿਆ, ਰਾਤ ਹੋਟਲ ਕੱਢੀ ਅਤੇ ਹਮੇਸ਼ਾ ਵਾਂਗ ਸੋਮਵਾਰ ਦੇਰ ਆਥਣੇ ਘਰ ਪਹੁੰਚਿਆ।''

"ਤੂੰ ਨੈਣਾ ਨਾਲ ਕੋਈ...?" ਕਾਸ਼ਿਫ ਨੇ ਸਰਗੋਸ਼ੀ ਕੀਤੀ।

"ਮੈਂ ਉਹਨੂੰ ਪੁੱਛਿਆ 'ਕੀ ਏਹ ਸੱਚ ਹੈ ਤੇਰਾ ਕਿਸੇ ਆਪਣੇ ਕੁਲੂ ਦੇ ਸਟੂਡੈਂਟ ਨਾਲ ਅਫੇਰ ਹੈ?" ਬੱਬਲੂ ਦੱਸਿਆ।

"ਫੇਰ...?" ਕਾਸ਼ਿਫ ਉਤਸਕ ਸੀ ਜਾਨਣ ਲਈ।

"ਕਹਿੰਦੀ 'ਦਿਮਾਗ ਠੀਕ ਹੈ ਤੇਰਾ... ਮੈਂ ਤੇਰੇ ਵਰਗੀ ਨੀਂ...ਬਾਹਰਲੇ ਦੇਸ਼ਾਂ ਵਿੱਚ ਜਾ ਜਾ ਗੋਰੀਆਂ ਨਾਲ ਰੰਗਰਲੀਆਂ ਮਨਾਉਂਦਾ ਰਿਹਾਂ ਤੂੰ ਪੰਦਰਾਂ ਸਾਲਾਂ ਤੋਂ। ਹੁਣ ਦੀ ਗੱਲ ਛੱਡ ਮੈਂ ਤਾਂ ਜਦੋਂ ਵੇਲਾ ਸੀ ਏਹ ਸਭ ਕਾਂਡ ਕਰਨ ਦਾ ਉਦੋਂ ਨਾ ਇਹ ਨੀਚ ਹਰਕਤਾਂ ਕੀਤੀਆਂ। ਚੰਗੇ ਤੋਂ ਚੰਗੇ ਭੋਪਾਲੀ ਸੂਰਮੇ ਜਿੱਥੋਂ ਲੰਘਦੀ ਸੀ ਵਿੱਛੇ ਪਏ ਹੁੰਦੇ ਸੀ ਮੇਰੀ ਖਾਤਿਰ। ਪਰ ਮੈਨੂੰ ਨੀਂ ਪਸੰਦ ਏਹ ਸਭ ਤੇਰੇ ਵਾਂਗੂੰ ਨਲਕਾ ਗੇੜਨਾ...ਮੈਂ ਤਾਂ ਵਿਆਹ ਵੀ ਨਹੀ ਕਰਾਉਂਦੀ ਸੀ...ਪਰ ਕੀ ਕਰਦੀ!" ਬੱਬਲੂ ਨੇ ਨੈਣਾ ਦੇ ਬੋਲ ਦੁਹਰਾਏ।

"ਉਸ ਦਿਨ ਤੋਂ ਬਾਦ ਤਾਂ ਨਹੀ ਦਿਖਿਆ ਉਹ ਸੁਧਾਂਸ਼ੂ? ਮੱਥੇ ਕਾਸ਼ਿਫ ਦਾ ਵਲ੍ਹਾਂ ਨਾਲ ਭਰ ਚੁੱਕਾ ਸੀ।

"ਮੈਂ ਆਪ ਜਾ ਕੇ ਉਹਨੂੰ ਵੇਖਦਾ ਰਿਹਾਂ। ਪਹਿਲਾਂ ਤਾਂ ਮੈਂ ਏਹੀ ਧਾਰੀ ਬੈਠਾ ਰਿਹਾ ਕਿ ਇਹ ਕੰਜਰਖ਼ਾਨਾ ਵੀਕਿਨਡਜ਼ ਨੂੰ ਮੇਰੇ ਰਾਏਪੁਰ ਆਨ-ਜਾਨ ਵਿਚਾਲੜੀਆਂ ਤਿੰਨ ਰਾਤਾਂ ਨੂੰ ਚਲਦਾ। ਪਰ ਜਦੋਂ ਮੇਰੀ ਮੌਜੂਦਗੀ ਦੇ ਦਿਨਾਂ ਵਿੱਚ ਵੀ ਕਦੇ ਨੈਣਾ ਦਾ ਕਾਲਜ ਜਾਣ ਵੇਲੇ ਵਾਲਾ ਬੂਥਾ ਮੁੜਨ ਵੇਲੇ ਚੰਡਿਆ ਹੋਣਾ ਤਾਂ ਮੈਂ ਦੋ ਹਫ਼ਤੇ ਦੀ ਛੁੱਟੀ ਲੈ ਕੇ ਪਿੱਛਾ ਕੀਤਾ। ਇਹਨੇ ਗਾਂਡ ਨੇ ਹਰਾਮਜ਼ਾਦੇ ਸੁਧਾਂਸ਼ੂ ਨੂੰ ਵਧੀਆ ਫ਼ਰਨਿਸ਼ਡ ਅਪਾਰਟਮੈਂਟ ਲੈ ਕੇ ਦਿੱਤਾ ਹੋਇਆ। ਉਪਰੋਂ ਰੋਟੀ-ਸ਼ਰਾਬ ਲਈ ਵੀ ਨਗਦੀ ਦੇਂਦੀ ਆ," ਬੱਬਲੂ ਦੀ ਟੋਨ ਵਿੱਚ ਬੇਇਤਬਾਰੀ ਸੀ।

"ਫੇਰ ਹੁਣ?" ਕਾਸ਼ਿਫ ਮੇਜ ਤੇ ਮੁੱਕਾ ਮਾਰਦਾ ਬੋਲਿਆ।

"ਪਤਾ ਨਹੀਂ...ਕੀਹਦੇ ਕੋਲ ਜਾ ਕੇ ਰੋਵਾਂ ਮੈਂ ਇਹ ਆਪਣਾ ਰੰਡੀ-ਰੋਣਾ...ਮੇਰੇ ਨਾਲੋਂ ਕੰਗਾਲ, ਪਿੰਗਲੇ, ਕੋੜ੍ਹੀ ਬਹੁਤ ਚੰਗੇ ਨੇ...ਮੈਂ ਚੁਟਕਲਾ ਬਣ ਚੁੱਕਾਂ, ਮੇਰੀ ਜ਼ਿੰਦਗੀ ਇੱਕ ਸਿਸਕਦਾ ਮਜ਼ਾਕ। ਹਰਕਤ ਵਿੱਚ ਬੱਬਲੂ ਦੇ ਕੌਲੀਨੁਮਾ ਹੱਥ, ਉਹਦੀਆਂ ਪਲਕਾਂ ਥੱਲੜੀ ਚਮਕਦੀ ਲਾਚਾਰੀ, ਬੇਵੱਸੀ ਨੂੰ ਉਘਾੜ ਰਹੇ ਸਨ।

ਕਾਸ਼ਿਫ ਉੱਠਿਆ। ਮੋਢਿਆਂ ਕੋਲੋਂ ਬੱਬਲੂ ਦੀਆਂ ਬਾਹਾਂ ਘੁੱਟੀਆਂ, ਵਾਲ਼ਾਂ ਵਿੱਚ ਹੱਥ ਫੇਰਿਆ, ਅਤੇ ਸਿਰ ਨੂੰ ਚੁੰਮਿਆ। ਫੇਰ ਉਹਨੇ ਕਿਸੇ ਨੂੰ ਫ਼ੋਨ ਕੀਤਾ ਅਤੇ ਪੈੱਗ ਚੱਕ ਕੇ ਗੱਲਾਂ ਕਰਦਾ ਇਕ ਪਾਸੇ ਚਲੇ ਗਿਆ। ਪੰਦਰਾਂ ਕੁ ਮਿੰਟਾਂ ਬਾਦ ਪਰਤਿਆ।

"ਦੇਖ ਬੱਬਲੂ ਤੂੰ ਕੀ ਕੀ ਹੁੰਦਾ ਹੁਣ...ਤੂੰ ਮੇਰੇ ਨਾਲ ਹੋਟਲ ਵਿੱਚ ਰੁਕ ਰਾਤ ਨੂੰ। ਮੈਂ ਸਭ ਸੰਭਾਲ ਲਊਂਗਾ। ਪੁਲੀਸ ਤੇ ਵਕੀਲ ਨਾਲ ਗੱਲ ਹੋ ਗਈ ਹੈ। ਬਾਬਾ-ਤਾਈ ਤੇ ਦੀਦੀ ਲੋਗ ਨਾਲ ਵੀ ਮੈਂ ਨਿਪਟ ਲਾਵਾਂਗਾ। ਸਿਰਫ ਇੱਕ ਗੱਲ ਯਾਦ ਰੱਖ। ਤੇਰਾ ਕੋਈ ਕਸੂਰ ਨਹੀ...ਤੇ ਨਾ ਹੀਂ ਤੂੰ ਕੱਲਾ ਐਂ...ਤੂੰ ਦੇਖ ਕਿਵੇਂ ਸਾਰਿਆਂ ਦੀ ਮਾਂ-ਭੈਣ ਕਰਦਾਂ। ਅਸੀਂ ਸਾਰੇ ਤੇਰੇ ਨਾਲ ਹਾਂ। ਇਹ ਡੈਣ ਤੈਨੂੰ ਨਿਗਲ ਨਹੀ ਸਕਦੀ। ਚਲ, ਆਪਾਂ ਰਲ਼ ਕੇ ਬੈਠਾਂਗੇ, ਸਲਾਹ ਕਰਾਂਗੇ, ਤੇ ਅਗਲਾ ਰਸਤਾ ਵਿਉਂਤਾਂਗੇ।"

ਕਾਸ਼ਿਫ ਦਾ ਡਰਾਈਵਰ ਚਲਾ ਰਿਹਾ ਸੀ। ਦੋਨੋਂ ਪਿੱਛੇ ਬੈਠੇ ਸਨ। ਪੰਜਾਂ ਕੁ ਮਿੰਟਾਂ ਬਾਦ ਕਾਸ਼ਿਫ ਸੌਂ ਗਿਆ। ਰਾਸ਼ਟਰੀ ਮਾਰਗ 47 ਉੱਤੇ ਜਦੋਂ ਉਹ ਰਾਮਦਾਸਪੇਠ ਪਹੁੰਚੇ ਤਾਂ ਇੱਕ ਸੋਮੋ ਗੱਡੀ ਸਾਈਡ ਤੋਂ ਸੜਕ ਤੇ ਚੜ ਕੇ ਉਹਨਾਂ ਮੋਹਰੇ ਆ ਗਈ। ਉਸ ਗੱਡੀ ਨੂੰ ਬਚਾਉਣ ਲਈ ਡਰਾਈਵਰ ਨੇ ਲੇਨ ਬਦਲੀ ਤਾਂ ਸਾਹਮਣਿਓ ਸਪੀਡ ਨਾਲ ਆਉਂਦੇ ਟਰੱਕ ਦੀ ਕਾਰ ਨਾਲ ਸਿਰ ਭਾਰ ਆਹਮੋ-ਸਾਹਮਣੀ ਟੱਕਰ ਹੋ ਗਈ।

ਡਰਾਈਵਰ ਉੱਛਲ ਕੇ ਅਗਲੇ ਸ਼ੀਸ਼ੇ ਦੇ ਵਿੱਚ ਦੀਂ ਨਿਕਲ ਗਿਆ। ਬੱਬਲੂ ਜ਼ੋਰ ਦੇ ਝਟਕੇ ਨਾਲ ਦੋਨੋਂ ਸੀਟਾਂ ਦੇ ਵਿਚਲੀ ਥਾਂ ਵਿੱਚ ਡਿੱਗ ਪਿਆ। ਕਾਸ਼ਿਫ ਦਾ ਸਿਰ ਅਗਾਂਹਾ ਵਾਲੀ ਸੀਟ ਦੀ ਹੈਡਰੈਸਟ ਵਿੱਚ ਪਿੰਗ ਪੋਂਗ ਦੀ ਗੇਂਦ ਵਾਂਗ ਕਈ ਦਫਾ ਟਕਰਾਇਆ।

ਜਦੋਂ ਅਮਬੂਲੈਂਸ ਆਈ ਤਦ ਤਕ ਬੱਬਲੂ ਨਿੱਕਾ ਮੋਟਾ ਸੰਭਲ ਚੁੱਕਾ ਸੀ। ਨੇੜੇ ਦੇ ਦੋ ਸਾਲ ਪਹਿਲਾਂ ਖੁੱਲ੍ਹੇ ਕੇਅਰ ਹਸਪਤਾਲ ਵਿੱਚ ਡਰਾਈਵਰ ਨੂੰ ਤਾਂ ਮੱਲ੍ਹਮ-ਪੱਟੀ ਕਰਕੇ ਬਰਖ਼ਾਸਤ ਕਰ ਦਿੱਤਾ ਗਿਆ। ਪਰ ਕਾਸ਼ਿਫ ਦੀ ਜਾਨ ਨੂੰ ਬਲਾਅ ਚੁੰਬੜੀ ਹੋਈ ਸੀ। ਉਹ ਪੂਰੀ ਤਰਾਂ ਬੇਹੋਸ਼ ਸੀ।

ਬੱਬਲੂ ਕੋਲ ਜੋ ਜੇਬ ਵਿੱਚ ਸੀ ਮਰੀਜ਼ ਨੂੰ ਦਰਜ਼ ਕਰਵਾਉਣ ਵੇਲੇ ਜਮਾਂ ਕਰਵਾ ਛੱਡਿਆ।

ਕੁਛ ਘੰਟਿਆ ਬਾਦ ਡਾਕਟਰ ਨੇ ਦੱਸਿਆ, "ਖਤਰਾ ਭਾਰੀ ਹੈ ਕਿਉਂਕਿ ਮਿਸਟਰ ਖਾਨ ਦੀ ਖੋਪੜੀ ਅੰਦਰਲਾ ਮਗਜ਼ ਟਕਰਾਂ ਦੀ ਵਜ੍ਹਾ ਨਾਲ ਸੁੱਜ ਗਿਆ ਹੈ। ਹਾਲੇ ਸਾਨੂੰ ਪਤਾ ਨੀ ਸੱਟਾਂ ਕਿੰਨੀਆਂ ਜ਼ੋਰਦਾਰ ਹਨ ਜਾਂ ਕਿੰਨਾ ਨੁਕਸਾਨ ਕਰ ਚੁੱਕੀਆਂ ਹਨ। ਤਦ ਵੀ ਸਾਨੂੰ ਓਪਰੇਸ਼ਨ ਤਾਂ ਕਰਨਾ ਹੀ ਪੈਣਾ। ਉਹ ਇਸ ਲਈ ਵੀ ਕਿ ਕਾਸ਼ਿਫ ਦੇ ਫੇਫੜੇ ਡੀਫਲੇਟ ਹੋ ਚੁੱਕੇ ਨੇ। ਹਾਲ ਦੀ ਘੜੀ ਤਾਂ ਅਸੀਂ ਮਰੀਜ਼ ਨੂੰ ਵੇਂਟੀਲੇਟਰ ਤੇ ਰੱਖਿਆ ਹੋਇਆ। ਜੇ ਤੁਸੀਂ ਇੰਨਾਂ ਦੇ ਪਰਿਵਾਰ ਨੂੰ ਅਜੇ ਸੂਚਿਤ ਨਹੀਂ ਕੀਤਾ ਤਾਂ ਕਰ ਦਿਓ। ਕੁਛ ਵੀ ਹੋਣਾ ਸੰਭਵ ਹੈ।"

ਬੱਬਲੂ ਨੇ ਰਾਏਪੁਰ ਰੁਬੀਨਾ ਨੂੰ ਫ਼ੋਨ ਕੀਤਾ। ਚੌਥਾ ਪਹਿਰ, ਸਰਘੀ ਵੇਲਾ ਅਜੇ ਸ਼ੁਰੂ ਹੀ ਹੋਇਆ ਸੀ। ਹਸਪਤਾਲ ਕੰਧ ਤੇ ਲੱਗੀ ਘੜੀ ਤਿੰਨ ਵਜਾ ਰਹੀ ਸੀ। ਰੁਬੀਨਾ ਨੇ ਥੋੜ੍ਹਾ ਸੰਭਲ ਕੇ

ਪੈਸਿਆਂ ਦਾ ਪੁੱਛਿਆ ਤਾਂ ਬੱਬਲੂ ਨੇ ਉਹਦੀ ਚਿੰਤਾ ਨਾ ਕਰਣ ਲਈ ਕਿਹਾ।

ਕੁਵੇਲੀ ਘੜੀ ਬੁਰੀ ਖ਼ਬਰ ਦੇਣ ਦੀ ਪੀੜ ਨੇ ਟੱਕਰ ਦੇ ਪ੍ਰਭਾਵ ਕਰਕੇ ਬੱਬਲੂ ਦੇ ਸਰੀਰ ਅੰਦਰਲੇ ਦਰਦਾਂ ਦਾ ਅਹਿਸਾਸ ਜਗਾ ਦਿੱਤਾ। ਉਹਨੂੰ ਹੁਣ ਆਪਣਾ ਮੰਦਾ ਹਾਲ ਪ੍ਰਤੀਤ ਹੋਇਆ। ਮਗਰਲੀ ਰਾਤ ਵੀ ਉਹ ਸੌਂ ਨਹੀ ਸਕਿਆ ਸੀ। ਉਨੀਂਦੇ ਤੇ ਦੁੱਖੀ ਨੂੰ ਦਰਦ ਅਤੇ ਹੈਂਗਓਵਰ ਨੇ ਵਿਆਕੁਲ ਕਰ ਦਿੱਤਾ।

ਬੱਬਲੂ ਉਡੀਕ ਕਮਰੇ ਦੀ ਕੁਰਸੀ ਤੋਂ ਉੱਠ ਕੇ ਕਾਸ਼ਿਫ ਨੂੰ ਦੇਖਣ ਗਿਆ। ਬੇਸੁਧ ਪਿਆ ਸੀ। ਫੇਫੜਿਆਂ ਦੀਆਂ ਪਸਲੀਆਂ ਹੇਠਾਂ ਦੋ ਛੇਕ ਕੱਢ ਕੇ ਦੋ ਟਿਊਬਾਂ ਪਾਈਆਂ ਹੋਈਆਂ ਸੀ। ਡਾਕਟਰ ਕਹਿੰਦਾ ਸਥਿਤੀ ਕੇਵਲ ਚਿੰਤਾਜਨਕ ਹੀ ਨੀਂ, ਬਹੁਤ ਗੰਭੀਰ ਹੈ...ਅਸੀਂ ਨਿਸ਼ਚਿਤ ਕਰਨਾ ਚਾਹੁਣੇ ਹਾਂ ਕਿ ਦਿਮਾਗ ਦੇ ਸੈੱਲਜ਼ ਤੱਕ ਆਕਸੀਜਨ ਪਹੁੰਚਦੀ ਰਹਿਵੇ।

ਉਡੀਕ ਕਮਰੇ ਪਰਤ ਕੇ ਬੱਬਲੂ ਨੇ ਇੱਕ ਵਾਰ ਫੇਰ ਸਥਿਤੀ ਦਾ ਜਾਇਜ਼ਾ ਲਿਆ। ਹੋਰ ਕੌਣ ਹੈ ਜਿਸਨੂੰ ਬੁਲਾਵਾਂ ਆਪਣੇ ਕੋਲ ਬੈਠਣ ਲਈ, ਖਲੌਣ ਲਈ ਇਸ ਘੜੀ ਵਿੱਚ। ਉਹਨੂੰ ਕੋਈ ਨੀਂ ਅਹੁੜਿਆ। ਕੀ ਕਾਸ਼ਿਫ ਹੀ ਮੇਰਾ ਇਕਲੌਤਾ ਸਤੰਭ ਹੈ? ਉਹਦੇ ਕਦਮ ਸਹਿਜ-ਸੁਭਾਅ ਉਹਨੂੰ ਫੇਰ ਕਾਸ਼ਿਫ ਵੱਲ ਲੈ ਗਏ। ਉੱਥੇ ਖੜੇ ਦੇ ਮੋਢੇ ਤੇ ਕਿਸੇ ਨੇ ਹੱਥ ਰੱਖਿਆ।

"ਮਿਸਟਰ ਭਿਸੇ ਨਿਊਰੋਸਰਜਨ ਨੇ ਪਲਮੋਨੋਲੋਜਿਸਟ ਨਾਲ ਕਨਸਲਟ ਕਰਕੇ ਸਰਜਰੀ ਕਰਨ ਦਾ ਨਿਸ਼ਚਾ ਕੀਤਾ ਹੈ। ਪਰੋਸੀਜ਼ਰ ਦੇਰ ਸਵੇਰੇ ਜਾਂ ਦੁਪਹਿਰੇ ਹੋਵੇਗਾ। ਤੁਸੀਂ ਨੌਂ ਵਜੇ ਤੱਕ ਤਿੰਨ ਲੱਖ ਰੁਪਿਆ ਡਿਪਾਜ਼ਿਟ ਕਰਵਾ ਦਿਓ ਤਾਂ ਜੋ ਲੋੜੀਂਦੀਆਂ ਸਾਰੀਆਂ ਕਾਰਵਾਈਆਂ ਮੁਕੰਮਲ ਹੋ ਸਕਣ। ਥੈਂਕ ਯੂ!" ਇੱਕ ਸਿਨੀਅਰ ਲੇਡੀ ਜੋ ਸ਼ਾਇਦ ਮੈਨੇਜਰ ਸੀ ਨੇ ਹਿਦਾਇਤ ਦਿਤੀ।

ਬੱਬਲੂ ਸੋਚੀਂ ਪੈ ਗਿਆ। ਕੰਧ ਤੇ ਲਟਕੀ ਘੜੀ ਵੱਲ ਦੇਖਿਆ। ਛੇ ਵੱਜ ਕੇ ਦਸ ਮਿੰਟ। ਬਾਹਰ ਨਿਕਲ, ਆਟੋਰਿਕਸ਼ਾ ਵਿੱਚ ਬੈਂਕ ਦੇ ਏ. ਟੀ. ਐਮ. ਵਿੱਚੋਂ ਰੁਪਏ ਕਢਵਾਉਣ ਚਲ ਪਿਆ। ਰਕਮ ਕਢਾ ਕੇ ਉਹ ਉਧੇੜਬੁਣ ਵਿੱਚ ਪੈ ਗਿਆ ਕਿਉਂਕਿ ਏ.ਟੀ.ਐਮ. ਘਰ ਲਾਗੇ ਸੀ। ਹਸਪਤਾਲ ਜਾਵਾਂ ਜਾਂ ਦੋ ਘੜੀਆਂ ਘਰ ਨਾਹ ਕੇ ਸੌਂ ਲਵਾਂ?

ਘਰ ਸ਼ਿਵੇਤਾ ਅਤੇ ਨੈਣਾ ਉੱਠੀਆਂ ਹੋਈਆਂ ਸਨ।

"ਕਿੱਥੇ ਸੀ?" ਨੈਣਾ ਨੇ ਮੱਥੇ ਤਿਉੜੀਆਂ ਪਾ ਕੇ ਸਖਤ ਆਵਾਜ਼ ਵਿੱਚ ਪੁੱਛਿਆ।

ਬੱਬਲੂ ਨੇ ਹੋਈ ਦੁਰਘਟਨਾ ਬਾਰੇ ਤੇ ਕਾਸ਼ਿਫ ਦੀ ਨਾਜ਼ਕ ਹਾਲਤ ਮੁਤੱਲਕ ਆਪਣੀ ਚਿੰਤਾ ਦੀ ਗਹਿਰਾਈ ਸਾਂਝੀ ਕੀਤੀ।

ਫੇਰ ਕੋਲ ਖੜੀ ਬਾਈ ਨੂੰ ਮੁਖਾਤਿਬ ਹੋਇਆ, "ਮੈਨੂੰ ਇੱਕ ਕੱਪ ਚਾਹ ਦੇ ਸਕਦੀ ਹੈਂ, ਕਲਾਵਤੀ? ਮੈਂ ਨਹਾ ਕੇ ਕਪੜੇ ਬਦਲ ਕੇ ਵਾਪਿਸ ਹਸਪਤਾਲ ਇਹ ਰਕਮ ਜਮ੍ਹਾ ਕਰਾਉਣ ਜਾਣਾ। ਨੌਂ ਵਜੇ ਤੋਂ ਪਹਿਲਾਂ, ਨਹੀ ਉਹ ਸਰਜਰੀ ਨਹੀਂ ਕਰਣਗੇ। ਭਗਵਾਨ ਕਿਰਪਾ ਕਰਨ, ਕਾਸ਼ਿਫ ਨੂੰ ਠੀਕ ਕਰ ਦੇਣ, ਕੇਵਲ ਓਹੀ ਮੇਰੀ ਜ਼ਿੰਦਗੀ ਦਾ ਮਾਤਰ ਇੱਕ ਸਹਾਰਾ ਬਚਿਆ।"

ਨਹਾ ਕੇ ਤੌਲੀਆ ਨਾਲ ਪਿੰਡਾ ਪੂੰਝਦਾ ਬੱਬਲੂ ਧੜਾਮ ਡਿੱਗ ਪਿਆ। ਖੜਕਾ ਸੁਣ ਕੇ ਨੈਣਾ ਅੰਦਰ ਆਈ। ਕਲਾਵਤੀ ਵੀ। ਉਹਨਾਂ ਦੇ ਸਹਾਰੇ ਬੱਬਲੂ ਖੜਾ ਹੋਇਆ।

"ਬੱਬਲੂ ਡੀਅਰ, ਹਾਏ! ਤੁਹਾਡੀ ਹਾਲਤ ਤਾਂ ਬਹੁਤ ਖਰਾਬ ਹੈ। ਮੇਰੇ ਮਨ ਨੂੰ ਕੁਛ ਕੁਛ ਹੋ ਰਿਹਾ...ਸੱਟਾਂ ਵੀ ਬਹੁਤ ਲੱਗੀਆਂ ਨੇ ਤੁਹਾਨੂੰ। ਚਾਹ ਨਾਸ਼ਤਾ ਲੈ ਕੇ ਤੁਸੀਂ ਦੋ ਘੰਟੇ ਅਰਾਮ ਕਰ ਲੋ, ਪਲੀਜ਼। ਪੈਸੇ ਹਸਪਤਾਲ ਮੈਂ ਲੈ ਜਾਵਾਂਗੀ, ਮਿਸਰੀ ਦੀ ਡੱਲੀ ਨੂੰ ਵੀ ਨੈਣਾ ਤੋਂ ਇਸ ਪਲ ਜਲ਼ਨ

ਹੋ ਰਹੀ ਸੀ। ਚਾਹ ਬਿਸਕੁਟ ਦੇ ਕੇ ਜਾਣ ਲੱਗੀ ਬਾਹਰ ਚਾਰਜ ਤੇ ਲੱਗਾ ਬੱਬਲੂ ਦਾ ਫ਼ੋਨ ਲੈ ਗਈ।

ਜਦੋਂ ਬੱਬਲੂ ਦੀ ਜਾਗ ਖੁੱਲੀ ਤਾਂ ਉਹਨੇ ਝਟਕੇ ਨਾਲ ਮੰਜ਼ੇ ਤੋਂ ਖੜ੍ਹਾ ਹੋਣਾ ਚਾਹਿਆ। ਉਫ਼! ਦਰਦ ਦੀ ਚੀਸ ਨੇ ਤੌਂਬਾ ਕਰਾਤੀ। ਕਰਾਹ ਸੁਣ ਨੈਣਾ ਆ ਗਈ।

"ਤੂੰ ਹਸਪਤਾਲ ਪੈਸੇ ਦੇਣ ਨਹੀ ਗਈ?" ਬੱਬਲੂ ਨੈਣਾ ਨੂੰ ਦੇਖਦੇ ਫੌਰਨ ਬੋਲਿਆ।

"ਹੈਂ!...।'' ਉਸ ਵੇਲੇ ਇੱਕ ਵਾਰ ਤਾਂ ਨੈਣਾ ਠਠੰਬਰ ਗਈ। ਤੇਜ਼ੀ ਨਾਲ ਅੱਖਾਂ ਝਪਕੀਆਂ...ਉਹਨੇ ਸ਼ਤਾਬੀ ਨਾਲ ਆਬਦੀ ਝੁੰਜਲਾਹਟ ਤੇ ਕਾਬੂ ਪਾਇਆ।''ਸ਼ਾਮ ਦੇ ਸੱਤ ਵਜ ਚੁੱਕੇ ਨੇ...।''

"ਕੀ?... ਸ਼ਾਮ ਦੇ ਸੱਤ! ਮੈਂ ਐਨਾ ਕਿਵੇਂ...ਜਿਵੇਂ ਨੀਂਦ ਦੀਆਂ ਗੋਲੀਆਂ ਖਾ ਕੇ ਸੁੱਤਾ ਹੋਵਾਂ," ਬੱਬਲੂ ਅੱਖਾਂ ਦੇ ਡੇਲੇ ਘੁਮਾਉਂਦਾ ਬੋਲਿਆ।

"ਉਹ ਮੈਨੂੰ ਨੀਂ ਪਤਾ ਕਿਉਂਕਿ ਚਾਹ ਬਾਈ ਨੇ ਬਣਾਈ ਸੀ...ਹਾਂ, ਸੱਚ, ਕਾਸ਼ਿਫ ਗਿਆ ਆਪਣੇ ਅੱਲਾ ਕੋਲ। ਉਹਦੇ ਘਰ ਵਾਲੇ ਮਈਅਤ ਦਫ਼ਨਾਉਣ ਲਈ ਰਾਏਪੁਰ ਲੈ ਗਏ ਨੇ," ਨੈਣਾ ਦਾ ਲਹਿਜਾ ਅਖ਼ਬਾਰ ਵਿੱਚੋਂ ਕਲਾਸੀਫਾਈਡ ਐਡ ਪੜ੍ਹਨ ਵਾਲਾ ਸੀ।

"ਕੀ????" ਬੱਬਲੂ ਪੂਰੀ ਤਾਕਤ ਨਾਲ ਚੀਕਿਆ। ਨੈਣਾ ਵੀ ਦੋ ਕਦਮ ਪਿੱਛੇ ਹਟ ਗਈ। ਫੇਰ ਸੁੰਨ ਹੋ ਗਿਆ। "ਉਹ ਕਿਦਾਂ ਹੋ ਸਕਦਾ? ਉਹਦੀ ਸਰਜਰੀ ਹੋ ਜਾਣੀ ਏ...ਠੀਕ, ਵਧੀਆ, ਸਭ ਠੀਕ ਹੋ ਜਾਣਾ! ਮੈਂ ਫੱਟਾਫਟ ਹਸਪਤਾਲ ਜਾਨਾਂ...ਤੂੰ ਦਸਿਆ ਹਸਪਤਾਲ ਨੂੰ ਹੁਣ ਰਾਏਪੁਰ ਲੈ ਗਏ ਨੇ...," ਬੱਬਲੂ ਅੱਪਲ ਟੱਪਲ ਮਾਰਨ ਲੱਗ ਪਿਆ।

"ਚੁੱਪ ਕਰਕੇ ਬਹਿ ਜਾ। ਨਹੀਂ, ਇੱਕ ਨਹੀ ਦੋ ਜਨਾਜ਼ੇ ਨਿਕਲਣਗੇ। ਤੈਨੂੰ ਹਲਾਲ ਕਰਕੇ ਕੁਰਬਾਨ ਕਰਣਗੇ ਕੱਟੂਏ। ਰੁਬੀਨਾ, ਬਾਕੀ ਸਾਰਾ ਚੌਣਾ ਤੇਰੀ ਦਿਖ ਨਹੀਂ ਚਾਹੁੰਦਾ। ਉਹਨਾਂ ਨੂੰ ਲੱਗਦਾ ਤੂੰ ਹਿੰਦੂ ਨੇ ਜਾਣ ਕੇ ਮਾਰਿਆ ਮੁਸਲਮਾਨ ਨੂੰ। ਉਹਦੀ ਮਾਂ ਕਹਿੰਦੀ ਤੂੰ ਮਨਹੂਸ ਐਂ, ਬਾਪ ਕਹਿੰਦਾ ਸਾਡੇ ਨੇੜੇ ਵੀ ਨਾ ਆਏ ਬੱਬਲੂ ਕਦੇ," ਨੈਣਾ ਦੇ ਚਿਹਰੇ ਤੇ ਰੌਣਕ ਸੀ।

ਬੱਬਲੂ ਨੇ ਰੁਬੀਨਾ ਨੂੰ, ਕਾਸ਼ਿਫ ਦੇ ਅੱਬਾ ਨੂੰ ਵੀ ਫ਼ੋਨ ਕੀਤਾ ਪਰ ਕਿਸੇ ਨੇ ਚੁੱਕਿਆ ਨਹੀ। ਰਾਏਪੁਰ ਜਾ ਕੇ ਵੀ ਉਹਨਾਂ ਵਿੱਚੋਂ ਕਿਸੇ ਨੂੰ ਵੀ ਮਿਲਣ ਵਿੱਚ ਉਹ ਅਸਫਲ ਰਿਹਾ।

ਕੁਛ ਦਿਨਾਂ ਬਾਦ ਉਹਨੇ ਕਾਲਜ ਜਾਣਾ ਸ਼ੁਰੂ ਕਰ ਦਿੱਤਾ। ਕਦੇ ਕਲਾਸ ਪੜ੍ਹਾਉਂਦਾ ਚੁੱਪ ਕਰ ਜਾਂਦਾ ਤੇ ਕਦੇ ਵਿੱਚੋਂ ਹੀ ਕਿਸੇ ਪਾਸੇ ਟੁਰ ਜਾਂਦਾ। ਕੋਈ ਕਲਾਸ ਤਾਂ ਲੈਣੀ ਹੀ ਭੁੱਲ ਜਾਂਦਾ। ਇੱਕ ਵਾਰੀ ਨਵੇਂ ਸਾਲ ਦੀ ਨਵੀਂ ਕਲਾਸ ਦੇ ਇੱਕ ਵਿਦਿਆਰਥੀ ਨੇ ਆਪਣਾ ਨਾਂ ਕਾਸ਼ਿਫ ਦੱਸਿਆ ਤਾਂ ਨਿਆਣਿਆ ਵਾਂਗ ਉਹਨੂੰ ਗਲੇ ਲਾ ਕੇ ਬਿਲਕ ਬਿਲਕ ਰੋ ਪਿਆ।

ਉਹ ਮੈਲ਼ੇ ਪੁਰਾਣੇ ਕੱਪੜਿਆ ਵਿੱਚ ਕਿਤੇ ਵੀ ਚਲੇ ਜਾਂਦਾ। ਘਰ ਬੰਦ ਟੀ.ਵੀ. ਵੱਲ ਟਿਕਟਿਕ ਲਾਈ ਦੇਖਦਾ ਰਹਿੰਦਾ। ਕਾਰ ਵਿੱਚ ਬੈਠਾ ਸ਼ਰਾਬ ਪੀਂਦਾ, ਉੱਥੇ ਹੀ ਸੌਂ ਜਾਂਦਾ। ਉੱਠ ਕੇ, ਗੱਡੀ ਸਟਾਰਟ ਕਰਕੇ ਕਾਲਜ ਚਲੇ ਜਾਂਦਾ।

ਪਹਿਲਾਂ ਵਾਂਗ ਘਰ ਦੀ ਬਾਈ ਵੀ ਉਹਦੇ ਚਾਹ-ਪਾਣੀ, ਰੋਟੀ-ਕੱਪੜੇ ਦਾ ਗੌਰ ਨੀਂ ਰੱਖਦੀ ਸੀ। ਨੈਣਾ ਘਰ ਆਉਂਦੀ ਹੀ ਘੱਟ ਸੀ।

ਬੱਬਲੂ ਹਰ ਪਾਸਿਓਂ ਘਿਰਿਆ ਹੋਇਆ ਸੀ। ਪਿੰਜਰੇ ਦਾ ਕੈਦੀ। ਬੇਸਹਾਰਾ। ਲਾਵਾਰਿਸ। ਇਕੋ ਸੋਚ ਘੁੰਮਦੀ ਰਹਿੰਦੀ ਉਹਦੇ ਦਿਮਾਗ ਵਿੱਚ, "ਕੀਹਦੇ ਲਈ...ਕਾਹਦੇ ਲਈ...ਜੀਣਾ ਹੁਣ ਮੈਂ?"

**

**(ਸੰਪਰਕ**-+1(302) 359-2155

ਕਹਾਣੀ

# ਮੈਨੂੰ ਕੌਣ ਰੋਕ ਰਿਹਾ ਸੀ?

**ਐੱਚ ਐੱਸ ਡਿੰਪਲ**



ਮੇਰੇ ਤੇ ਰਾਜਬੀਰ ਵਿਚਕਾਰ ਖੂਬ ਨੇੜਤਾ ਰਹੀ। ਅਸੀਂ ਜ਼ਮਾਨੇ ਭਰ ਦੀਆਂ ਗੱਲਾਂ ਕਰਦੇ, ਵਾਅਦੇ ਕਰਦੇ, ਪਿਆਰ ਕਰਦੇ, ਪਰ ਇਹ ਪਿਆਰ ਕਿਸੇ ਮੋੜ ਤੇ ਖਤਮ ਹੋਵੇਗਾ, ਵਿਆਹ ਵਿੱਚ ਢਲ਼ ਜਾਵੇਗਾ, ਜਾਂ ਇਸ ਨੂੰ ਕੋਈ ਖੂਬਸੂਰਤ ਮੋੜ ਮਿਲੇਗਾ, ਇਹ ਕਦੀ ਸੋਚਿਆ ਵੀ ਨਹੀਂ ਸੀ। ਤੋਸ਼ੀਬਾ ਨੇ ਮੇਰੇ ਵਿੱਚ ਹਮੇਸ਼ਾ ਦਿਲਚਸਪੀ ਦਿਖਾਈ। ਪਰ, ਜਦੋਂ ਮੇਰੇ ਕੋਲ ਰਾਜਬੀਰ ਸੀ, ਤਾਂ ਤੋਸ਼ੀਬਾ ਕਿੱਥੇ ਦਿਖਦੀ? ਜੇਕਰ ਮੈਂ ਸਾਰਾ ਦਿਨ ਰਾਜਬੀਰ ਬਾਰੇ ਸੋਚਦਾ, ਤੋਸ਼ੀਬਾ ਮੇਰਾ ਪਰਛਾਵਾਂ ਬਣ ਕੇ ਰਹਿੰਦੀ। ਚੰਗਾ ਚੰਗਾ ਜਿਹਾ ਲਗਦਾ, 'ਜੋ ਹਮੇਂ ਚਾਹਤੇ ਹੈਂ, ਹਮ ਉਨ੍ਹੇਂ ਨਹੀਂ ਚਾਹਤੇ। ਔਰ ਜਿਸੇ ਹਮ ਚਾਹਤੇ ਹੈਂ, ਵੋਹ...।' ਤਸੱਲੀ ਦੀ ਗੱਲ ਸੀ, ਵੋਹ ਵੀ ਹਮੇਂ ਚਾਹਤੇ ਥੇ। ਇਹ ਗੱਲ ਮੈਂ ਇੱਕ ਦਿਨ ਖਾਧੀ-ਪੀਤੀ ਵਿੱਚ ਪਤਨੀ ਨਾਲ ਸ਼ੇਅਰ ਕਰ ਦਿੱਤੀ ਸੀ, ਪਰ ਉਸਨੇ ਇਸ ਗੱਲ ਵੱਲ ਜ਼ਿਆਦਾ ਗੌਰ ਨਹੀਂ ਸੀ ਕੀਤੀ। ਔਰਤ, ਆਪਣੇ ਪਤੀ ਦੇ ਪਹਿਲੇ ਸਬੰਧਾਂ ਨੂੰ ਵੀ ਕਦੇ ਭੁੱਲ ਨਹੀਂ ਸਕਦੀ, ਇਹ ਗੱਲ ਮੇਰੀ ਪਤਨੀ ਨੇ ਝੂਠੀ ਸਾਬਤ ਕਰ ਦਿੱਤੀ ਸੀ। ਇਹ ਨਾਰੀ ਮਨੋਵਿਗਿਆਨ ਹਰ ਔਰਤ ਤੇ ਲਾਗੂ ਨਹੀਂ ਹੁੰਦਾ। ਮਨੋਵਿਗਿਆਨ ਦਾ ਵਿਦਿਆਰਥੀ ਹਾਂ, ਇਹ ਗੱਲ ਕਦੇ ਪੜ੍ਹੀ ਨਹੀਂ ਸੀ। ਪਰ, ਆਪਾਂ ਜੀਵਨ ਤੋਂ ਵੀ ਸਿੱਖਦੇ ਹਾਂ। ਆਪਣੇ ਸਿਧਾਂਤ ਵੀ ਘੜੇ ਜਾ ਸਕਦੇ ਨੇ। ਹੋ ਸਕਦੈ, ਇਹ 'ਵਿਕਲੋਤਰੀ ਥਿਊਰੀ' ਮੇਰੇ ਨਾਂ ਲੱਗ ਜਾਵੇ। ਰਫ਼ੀਕ ਮਨੋਵਿਗਿਆਨ! ਪਰ ...

———————

ਅੱਜ ਦੁਪਹਿਰ ਦੀ ਗੱਲ ਹੈ। ਅਮੂਮਨ ਦੋ ਕੁ ਵਜੇ। ਜਦੋਂ ਉਸਦਾ ਫੋਨ ਆਇਆ। ਅਣਜਾਣ ਨੰਬਰ ਦੇਖ ਕੇ ਪਹਿਲਾਂ ਤਾਂ ਕੱਟ ਦਿੱਤਾ, ਪਰ ਦੂਜੀ ਵਾਰ ਕਾੱਲ ਆਈ, ਤਾਂ 'ਅੱਰਜੈਂਟ' ਜਾਂ 'ਐਮਰਜੈਂਸੀ' ਸਮਝ ਕੇ ਚੁੱਕ ਲਈ। ਕਿਸੇ ਲੜਕੀ ਦਾ ਫੋਨ ਸੀ। ਮੈਂ ਦੁਕਾਨ ਤੇ ਆਏ ਕਿਸੇ ਗਾਹਕ ਨੂੰ ਬਿੱਲ ਕੱਟ ਰਿਹਾ ਸੀ। ਮੇਰੇ ਨੌਕਰ ਨੇ ਕਰਿਆਨੇ ਦਾ ਸਮਾਨ ਉਸਦੀ ਗੱਡੀ ਦੀ ਡਿੱਗੀ ਵਿੱਚ ਰੱਖ ਦਿੱਤਾ ਸੀ। ਸੋ, ਬਿੱਲ ਕੱਟਦਿਆਂ ਹੀ ਫੋਨ ਚੁੱਕ ਕੇ 'ਹੈਲੋ' ਆਖਿਆ, ਪਰ ਜਦੋਂ ਇਹ ਸਮਝ ਨਾ ਲੱਗਾ ਕਿ ਗੱਲ ਕਰਨ ਵਾਲੀ ਕੌਣ ਹੈ, ਤਾਂ ਉਸਨੂੰ ਫੋਨ ਹੋਲਡ ਕਰਨ ਲਈ ਆਖ ਕੇ ਹਥਲਾ ਕੰਮ ਛੇਤੀ ਦੇਣੇ ਨਿਪਟਾਇਆ।

"ਹਾਂ ਜੀ। ਦੱਸੋ?"

"ਦੱਸਣਾ ਕੀ ਐ? ਪਹਿਚਾਣਿਆ ਨ੍ਹੀਂ?" ਆਵਾਜ਼ ਵਿੱਚ ਅਪਣਾਪਣ ਸੀ।

"ਨਹੀਂ ਜੀ। ਨਹੀਂ ਪਤਾ ਲੱਗਾ।"

"ਅੱਛਾ ਦੁਕਾਨਦਾਰ ਸਾਹਿਬ। ਹੁਣ ਸਾਡੀ ਆਵਾਜ਼ ਵੀ ...। ਠੀਕ ਐ, ਠੀਕ ਐ। ਕਦੇ ਸਾਡੇ ਬਿਨਾਂ ਰੋਟੀ ਨ੍ਹੀਂ ਸੀ ਲੰਘਦੀ ਜਨਾਬ ਦੀ, ਤੇ ਹੁਣ ... ਤੂੰ ਕੌਣ ਤੇ ਮੈਂ ਕੌਣ। ਸੌਰੀ ਤੂੰ ਕੌਣ। ਮੈਨੂੰ ਤਾਂ ਜਾਣਦੇ ਹੀ ਨੇ, ਜਨਾਬ।" ਇਹ ਆਖ਼ਰੀ ਸ਼ਬਦ ਉਸਨੇ ਚਿੱਥ ਕੇ ਆਖਿਆ, ਤਾਂ ਮੈਨੂੰ ਰਾਜਬੀਰ

ਚੇਤੇ ਆ ਗਈ। ਉਹੀ ਰਾਜਬੀਰ, ਜੋ ਗ੍ਰੈਜੂਏਸ਼ਨ ਕਰਦਿਆਂ ਮੇਰੇ ਨਾਲ ਪੜ੍ਹਦੀ ਸੀ। ਲੰਮੀ ਗੁੱਤ, ਮੋਟੀਆਂ ਅੱਖਾਂ, ਗੁਲਾਬੀ ਰੰਗ। ਕੁਲਦੀਪ ਮਾਣਕ ਦੀ ਕਲੀ ਵਾਂਗ 'ਨਾ ਪਤਲੀ, ਨਾ ਭਾਰੀ। ਰਾਜਬੀਰ ਮੈਨੂੰ ਬੁਲਾਉਣ ਲਈ ਜਾਂ ਮੇਰਾ ਨਾਮ ਲੈਂਦੀ, ਜਾਂ ਮੈਨੂੰ ਜਨਾਬ ਆਖਦੀ।

"...............।"

"ਹੈਲੋ ! ਕਿੱਥੇ ਖੋਅ ਗਏ, ਗੀਤਕਾਰ ਸਾਹਿਬ? ਉਦੋਂ ਤਾਂ ਬੜੇ ਗੀਤ ਲਿਖਦੇ ਹੁੰਦੇ ਸੀ। ਹੁਣ ਤੱਕੜੀ - ਵੱਟੇ ਈ ਸਾਹ ਨੀ ਲੈਣ ਦਿੰਦੇ। ਕਿਉਂ?" ਉਸਦੀ ਆਵਾਜ਼ ਨੇ ਮੁੜ ਮੈਨੂੰ ਵਰਤਮਾਨ ਵਿੱਚ ਲੈ ਆਂਦਾ, "ਸੋਚਦੇ ਤਾਂ ਹੋਵੋਗੇ ਕਿ ਇਹ ਕੌਣ ਆ, ਜੋ ਮੇਰੇ ਸਾਰੇ ਪੋਤੜੇ ਫਰੋਲੀ ਜਾਂਦੀ ਆ। ਜ਼ਰੂਰ ਕੋਈ ਬਹੁਤ ਬਹੁਤ ਨਜ਼ਦੀਕੀ ਹੋਵੇਗੀ।" ਉਸਦੀ ਸ਼ੁੱਧ ਪੰਜਾਬੀ, ਖਾਸ ਕਰ ਗੀਤਾਂ ਵਾਲੀ ਗੱਲ ਤੇ ਮੁਹਾਵਰੇਦਾਰ ਭਾਸ਼ਾ ਨੇ ਮੇਰਾ ਯਕੀਨ ਕਾਫ਼ੀ ਹੱਦ ਤੱਕ ਪੱਕਾ ਕਰ ਦਿੱਤਾ ਸੀ, ਪਰ ਭੁਲੇਖੇ ਦੀ ਅਜੇ ਵੀ ਗੁੰਜਾਇਸ਼ ਸੀ, ਭਾਵੇਂ ਕਿ ਇਹ ਮਸਾਂ ਦਸ ਕੁ ਫ਼ੀਸਦੀ ਸੀ। ਕੁਝ ਸੀ, ਜੋ ਮੈਨੂੰ ਅੰਦਰ ਹੀ ਅੰਦਰ ਅਨੁਮਾਨ ਲਗਾਉਣ ਤੋਂ ਰੋਕ ਰਹੀ ਸੀ।

"...।" ਇਸੇ ਲਈ ਮੈਂ ਖਾਮੋਸ਼ ਰਿਹਾ।

"ਬੁੱਝੋ, ਜਨਾਬ, ਗੀਤਕਾਰ ਸਾਹਿਬ, ਸੌਰੀ-ਸੌਰੀ ਦੁਕਾਨਦਾਰ ਸਾਹਿਬ। ਠੀਕ ਕਿਹਾ ਨਾਹ ਮੈਂ, ਹੁਣ ਅੱਜ ਕੱਲ੍ਹ ਤਾਂ ਜਨਾਬ ਕਾਮਯਾਬ ਦੁਕਾਨਦਾਰ ਨੇ। ਹੁਣ ਮਾੜ੍ਹੂਆਂ ਨੂੰ ਕਿੱਥੇ ਪਹਿਚਾਣਦੇ ਨੇ?" ਉਸਨੇ ਚੋਭ ਮਾਰੀ।

"ਨਹੀਂ, ਇਹੋ ਜਿਹੀ ਕੋਈ ਗੱਲ ਨ੍ਹੀਂ।" ਮੈਂ ਆਪਣੇ - ਆਪ ਤੇ ਕਾਬੂ ਪਾਉਂਦਿਆਂ ਆਖਿਆ।

"ਕੋਈ ਤੀਰ-ਤੁੱਕਾ ਈ ਲਗਾ ਦਿਉ। ਇਸ ਕੰਮ ਦੇ ਤਾਂ ਤੁਸੀਂ ਮਾਹਰ ਰਹੇ ਹੋ।" ਇਸ ਵਾਰੀ ਉਸਨੇ ਮਾਹਰ ਸ਼ਬਦ ਚਿੱਥ ਕੇ ਬੋਲਿਆ ਤਾਂ ਮੈਨੂੰ ਕਾਲਜ ਦੇ ਦਿਨਾਂ ਦੀ ਇੱਕ ਹੋਰ ਘਟਨਾ ਚੇਤੇ ਆ ਗਈ। ਰਾਜਬੀਰ ਕੋਲ ਵੀ ਅਰਥ ਸ਼ਾਸ਼ਤਰ ਸੀ, ਮੇਰੇ ਕੋਲ ਵੀ। ਸਾਡੀ ਇਕੱਠੀ ਹੀ ਜਮਾਤ ਲੱਗਦੀ ਸੀ। ਪ੍ਰੀਖਿਆਵਾਂ ਵਿੱਚ ਉਹ ਬੀਮਾਰ ਹੋ ਗਈ। ਉਸਨੇ ਪ੍ਰੀਖਿਆ ਤਾਂ ਦਿੱਤੀ, ਪਰ ਪਾਸ ਹੋਣ ਦੀ ਉਮੀਦ ਨਹੀਂ ਸੀ ਉਸਨੂੰ। ਜਦੋਂ ਅਰਥ ਸ਼ਾਸ਼ਤਰ ਦੇ ਪ੍ਰੋਫੈਸਰ ਦਲੀਪ ਕੁਮਾਰ ਪੇਪਰ ਵੰਡਣ ਲੱਗੇ, ਤਾਂ ਰਾਜਬੀਰ ਡਰੀ ਬੈਠੀ ਸੀ, ਤੇ ਮੈਂ ਉਸਨੂੰ ਇਹ ਆਖ ਕੇ ਦਿਲਾਸਾ ਦਿੱਤਾ ਸੀ, "ਡਰ ਨਾ ਰਾਜ। ਹੋਰ ਨੀਂ ਤਾਂ ਤੇਤੀ ਨੰਬਰ ਤਾਂ ਆ ਈ ਜਾਣਗੇ।" ਤੇ ਉਹੀ ਹੋਇਆ ਸੀ। ਉਸਦੇ ਤੇਤੀ ਨੰਬਰ ਆਏ, ਤੇ ਪਾਸ ਹੋ ਗਈ, ਤਾਂ ਪੇਪਰ ਫੜ ਕੇ ਮੇਰੇ ਵੱਲ ਵੇਖਦੀ, ਅੱਖਾਂ ਵਿੱਚ ਪੁੱਛਣ ਲੱਗੀ ਕਿ ਮੈਨੂੰ ਕਿੰਜ ਪਤਾ ਲੱਗਾ, ਤਾਂ ਮੈਂ ਆਪਣੇ ਪੇਪਰ ਦੇ ਪਿਛਲੇ ਪਾਸੇ ਪੈਨਸਿਲ ਨਾਲ 'ਤੀਰ-ਤੁੱਕਾ' ਲਿਖ ਕੇ ਉਸਨੂੰ ਦਿਖਾਇਆ ਸੀ। ਉਸ ਦਿਨ ਬਾਅਦ ਕਈ ਦਿਨ ਉਹ ਮੈਨੂੰ ਮੇਰਾ ਨਾਮ ਲੈ ਕੇ ਬੁਲਾਉਣ ਦੀ ਥਾਂ 'ਤੀਰ-ਤੁੱਕਾ' ਆਖ ਕੇ ਹੀ ਸੰਬੋਧਤ ਹੁੰਦੀ ਰਹੀ।

"...।"

"ਇੱਕ ਤਾਂ ਇਹ ਡੂੰਘੀਆਂ ਸੋਚਾਂ ਵਿੱਚ ਚਲੇ ਜਾਣ ਦੀ ਆਦਤ ਅਜੇ ਤੱਕ ਲੱਥੀ ਨੀਂ ਲੱਗਦੀ, ਜਨਾਬ ਦੀ। ਇਹ ਡੂੰਘੀਆਂ ਖਾਈਆਂ ਵਿੱਚ ਤਾਂ ਔਰਤਾਂ ਜਾਂਦੀਆਂ ਹੁੰਦੀਆਂ।" ਉਸਨੇ ਇਸ ਵਾਰ 'ਡੂੰਘੀ ਖਾਈ' ਵਾਲਾ ਸ਼ਬਦ ਪੂਰਾ ਜ਼ੋਰ ਲਗਾ ਕੇ ਬੋਲਿਆ ਸੀ, ਤੇ ਮੈਨੂੰ ਮੁੜ ਕਾਲਜ ਦੇ ਉਹੀ ਦਿਨ ਚੇਤੇ ਆ ਗਏ। ਰਾਜਬੀਰ ਨਾਲ ਮੈਂ ਇੱਕ ਵਾਰ ਆਪਣੇ ਮਨੋਵਿਗਿਆਨ ਦੇ ਅਧਿਆਪਕ ਸੋਹਣ ਲਾਲ ਦੀ ਦੱਸੀ ਗੱਲ ਸਾਂਝੀ ਕੀਤੀ ਸੀ, ਕਿ ਔਰਤਾਂ ਅਕਸਰ ਉਦਾਸੀ ਦੀ 'ਡੂੰਘੀ ਖਾਈ' ਵਿੱਚ ਚਲੀਆਂ ਜਾਂਦੀਆਂ ਤੇ ਕਦੇ ਖੁਸ਼ੀ ਦੀਆਂ 'ਵੱਡੀਆਂ ਉਚਾਣਾਂ' ਵਿੱਚ। ਇਸ ਬਾਅਦ, ਜਦੋਂ

ਵੀ ਦੋਹਾਂ ਵਿੱਚਕਾਰ ਤਕਰਾਰ ਹੁੰਦਾ, ਉਹ ਆਖਦੀ, 'ਤੁਹਾਨੂੰ ਮੇਰੀ ਉਦਾਸੀ ਨਾਲ ਕੀ? ਤੁਸੀਂ ਤਾਂ 'ਡੂੰਘੀ ਖਾਈ' ਦੇ ਸਿਧਾਂਤ ਦਾ ਨਾਮ ਲੈ ਕੇ ਇਸ ਨੂੰ ਆਮ ਜਿਹੀ ਗੱਲ ਆਖ ਦੇਣਾ। ਮੈਥੋਂ ਵੱਧ ਤਾਂ ਤੁਸੀਂ ਇਸ ਬੀਮਾਰੀ ਦਾ ਸ਼ਿਕਾਰ ਹੋ।



"ਨਹੀਂ ਪਤਾ ਲੱਗਾ।" ਉਸਦੇ ਕੁਝ ਆਖਣ ਤੋਂ ਪਹਿਲਾਂ ਮੈਂ ਇਹ ਸ਼ਬਦ ਬੋਲੇ, ਤਾਂ ਉਸਦਾ ਜੁਆਬ ਸੀ, "ਇਹ ਤਿੰਨ ਸ਼ਬਦ ਸੋਚਣ ਲਈ ਤਿੰਨ ਘੰਟੇ ਲਗਾ ਦਿੱਤੇ। ਮੈਂ ਤਾਂ ਸੋਚਿਆ ਸੀ, ਮੇਰਾ ਨਾਮ ਬੁੱਝ ਲਿਆ! ਬੁੱਝਣ ਵੀ ਕਿਵੇਂ, ਜਨਾਬ ਦੀ ਜ਼ਿੰਦਗੀ ਵਿੱਚ ਖੋਰੇ ਕਿੰਨੀਆਂ ਕੁੜੀਆਂ ਆਈਆਂ, ਕਿੰਨੀਆਂ ਗਈਆਂ।" ਮੈਨੂੰ ਜਵਾਨੀ ਵੇਲੇ ਲਿਖਿਆ ਆਪਣਾ ਗੀਤ 'ਕਿੰਨੇ ਯਾਰ ਆਏ, ਕਿੰਨੇ ਜ਼ਿੰਦਗੀ ਵਿੱਚੋਂ ਗਏ ਨੇ।' ਚੇਤੇ ਆ ਗਿਆ। ਹੁਣ ਤਾਂ ਮੈਨੂੰ ਯਕੀਨ ਆ ਗਿਆ ਸੀ, ਪਰ ਸ਼ੱਕ ਦੀ ਕੋਈ ਸੂਈ ਮੇਰੇ ਜ਼ਿਹਨ ਵਿੱਚ ਉੱਨੀ ਨਹੀਂ ਸੀ ਫਸੀ, ਜਿੰਨਾ ਇੱਕ ਅਣਜਾਣ ਜਿਹਾ ਡਰ ਮੈਨੂੰ 'ਰਾਜਬੀਰ' ਆਖਣ ਤੋਂ ਰੋਕ ਰਿਹਾ ਸੀ। ਪਰ ਉਹ ਬੜੀ ਸਪੱਸ਼ਟਤਾ ਨਾਲ ਮੇਰਾ ਨਾਮ 'ਨਾਹਿਦ ਆਲਮ' ਲੈ ਰਹੀ ਸੀ।

"ਫੇਰ ਇੱਕ ਗੱਲ ਦੱਸੋ, ਚਲੋ...।" ਅਜੇ ਉਹ ਬੋਲ ਹੀ ਰਹੀ ਸੀ, ਕਿ ਦੋ ਜ਼ਨਾਨੀਆਂ ਤੇ ਇੱਕ ਮਰਦ ਦੁਕਾਨ ਅੰਦਰ ਆ ਵੜੇ, ਤੇ ਮੈਂ ਆਪਣੀ ਮਸਰੂਫ਼ੀਅਤ ਦਾ ਹਵਾਲਾ ਦੇ ਕੇ ਫੋਨ ਕੱਟ ਦਿੱਤਾ, "ਚੰਗਾ, ਫੇਰ ਕਰਦਾਂ ਗੱਲ।" ਹਾਂ, ਫੋਨ ਕੱਟਣ ਉਪਰੰਤ ਮੈਂ ਟਰੂ-ਕਾੱਲਰ ਤੇ ਇਸ ਫੋਨ ਨੰਬਰ ਦਾ ਨਾਮ ਚੈੱਕ ਕੀਤਾ। ਕੋਈ 'ਸੰਨੀ' ਨਾਮ ਆ ਰਿਹਾ ਸੀ। ਬਿਨਾਂ ਸ਼ੱਕ, ਉਸਨੇ ਇਹ ਨਵਾਂ ਨੰਬਰ ਲਿਆ ਹੋਵੇਗਾ, ਤੇ ਪਹਿਲਾਂ ਇਹ ਨੰਬਰ ਕਿਸੇ ਸੰਨੀ ਦੇ ਨਾਂ ਹੋਵੇਗਾ।

---

ਮੈਂ ਲੰਮਾ ਸਮਾਂ ਆਪਣੀ ਦੁਕਾਨਦਾਰੀ ਵਿੱਚ ਮਸਰੂਫ਼ ਰਿਹਾ। ਪਹਿਲਾਂ ਕੁਝ ਗਾਹਕ ਨਿਪਟਾਏ, ਫੇਰ ਬੈਂਕ ਜਾਣਾ ਸੀ। ਐਨੇ ਨੂੰ ਘਰੋਂ ਰੋਟੀ ਆ ਗਈ, ਮੈਂ ਰੋਟੀ ਖਾ ਕੇ ਝੱਟ-ਘੜੀ ਸੌਂ ਗਿਆ। ਨੌਕਰ ਨੇ ਇੱਕਾ-ਦੁੱਕਾ ਗਾਹਕ ਨਿਪਟਾ ਦਿੱਤੇ। ਏਸ ਕਸਬੇ ਵਿੱਚ ਚਾਰ ਤੋਂ ਪੰਜ ਦਾ ਸਮਾਂ 'ਪਤਲੀ ਗਾਹਕੀ' ਦਾ ਹੁੰਦਾ। ਮਤਲਬ, ਉਹ ਵੇਲਾ ਜਦੋਂ ਦਿਨ ਵਿੱਚ ਸਭ ਤੋਂ ਘੱਟ ਗਾਹਕ ਆਉਂਦੇ ਹੋਣ।

ਖ਼ੈਰ! ਅਚਾਨਕ ਫੋਨ ਦੀ ਘੰਟੀ ਖੜਕੀ। ਆਲਸ ਜਿਹੀ ਵਿੱਚ ਘੰਟੀ ਵੱਜਣ ਦਿੱਤੀ। ਫੇਰ ਪਤਾ ਨਹੀਂ ਮਨ ਵਿੱਚ ਕੀ ਆਇਆ, ਇੱਕਦਮ ਉੱਠ ਕੇ ਚੈੱਕ ਕੀਤਾ, ਇਹ ਬੈਂਕ ਦੀ ਕਾੱਲ ਸੀ। ਵਾਪਸੀ ਕਾੱਲ ਕੀਤੀ। ਚੈੱਕ ਮੈਂ ਦੇ ਕੇ ਆਇਆ ਸੀ ਉਸ ਬਾਰੇ ਕੋਈ ਸਵਾਲ ਸੀ। ਫੋਨ ਰੱਖਣ ਲੱਗਾ ਤਾਂ ਨਜ਼ਰ ਦੁਪਹਿਰ ਵਾਲੀ ਕਾੱਲ ਤੇ ਪੈ ਗਈ। ਜੋ ਆਈ, ਮੇਰੇ ਮਨ ਨੂੰ ਕੁਝ ਦੇਰ ਦੁਬਿਧਾ ਵਿੱਚ ਰੱਖਣ ਬਾਅਦ, ਵਿਸਰ ਗਈ ਸੀ। ਪਰ ਕੀ ਇਹ ਵਿਸਰਣ ਵਾਲੀ ਸੀ?

ਖ਼ੈਰ, ਮਨ ਵਿੱਚ ਕੀ ਆਇਆ, ਮੈਂ ਮੁੜ ਕਾੱਲ ਕਰ ਦਿੱਤੀ। ਸੋਚਿਆ ਦੇਖਾਂ ਕੁਝ ਸੂਹ ਮਿਲੇ। ਇੱਕ ਵਾਰ ਵੀ ਮਨ ਵਿੱਚ ਨਹੀਂ ਆਇਆ ਕਿ ਜੇਕਰ ਉਹ ਮੈਨੂੰ ਆਪਣੇ 'ਆਪਣਿਆਂ' ਤੋਂ ਲੁਕ ਕੇ ਕਾੱਲ ਕਰਦੀ ਹੋਈ? ਜੇਕਰ ਕਾੱਲ ਕਰਨ ਸਮੇਂ ਫੋਨ ਉਸਦੇ ਹੱਥ ਵਿੱਚ ਨਾ ਹੋਇਆ? ਜੇਕਰ ਇਹ ਫ਼ੋਨ ਹੀ ਉਸਦਾ ਨਾ ਹੋਇਆ।

ਇਨ੍ਹਾਂ ਸਵਾਲਾਂ ਦੀ ਲੜੀ ਨੂੰ ਵਿਰਾਮ ਉਸਦੇ ਫ਼ੋਨ ਉਠਾਏ ਜਾਣ ਦੀ ਕ੍ਰਿਆ ਨੇ ਦਿੱਤਾ।

"ਹੈਇਲੋ ... ਓ ... ਓ ... ਓ...।" ਉਸਨੇ ਲਟਕਾ ਕੇ ਬੋਲਿਆ।

"ਮੈਂ ਮੈਂ।"

"ਹਾਂ ਜੀ ਨਾਹਿਦ ਆਲਮ ਜੀ। ਹੁਣ ਦੱਸੋ?"

"ਜੀ।"

"ਕਿੰਨੇ ਕੁ ਘੋੜੇ ਦੌੜਾਏ ਦਿਮਾਗ ਦੇ?"

"ਨਹੀਂ ਮੈਂ ਤਾਂ ਹੁਣੇ 'ਫਰੀਅ' ਹੋਇਆ ਸੀ ਥੋੜ੍ਹਾ ਜਿਹਾ ਕੰਮ ਤੋਂ।"

"ਤੇ ਐਨੀ ਦੇਰ ਮੇਰੇ ਬਾਰੇ ਸੋਚਦੇ ਰਹੇ, ਜਨਾਬ?"

"ਨਹੀਂ ਐਸੀ ਤਾਂ ਕੋਈ ਗੱਲ ਨਹੀਂ?"

"ਇਹ ਝੂਠ ਕਿਤੇ ਹੋਰ ਬੋਲਿਉ। ਠੀਕ ਐ? ਜਦੋਂ ਈ 'ਫਰੀਅ' ਹੋਏ, ਮੈਨੂੰ ਕਾੱਲ ਕਰ ਦਿੱਤੀ। ਅਜੇ ਮੈਨੂੰ ਯਾਦ ਨ੍ਹੀਂ ਕੀਤਾ। ਖ਼ੈਰ ! ਐਨੇ ਸਾਲ, ਐਨੇ ਮਹੀਨੇ, ਐਨੇ ਦਹਾਕੇ, ਹਾਂ ਦਹਾਕੇ-ਦਹਾਕੇ-ਦਹਾਕੇ ਲੰਘ ਗਏ, ਯਾਦ ਤਾਂ ਕੀਤਾ ਹੀ ਨਹੀਂ। ਨਾ ਮੇਰੇ 'ਤੇ ਕੋਈ ਗੀਤ ਲਿਖਿਆ?" ਇਸ ਵਾਰ ਉਸਨੇ ਦਹਾਕੇ ਸ਼ਬਦ ਚਿੱਥ ਕੇ ਤਾਂ ਨਹੀਂ ਸੀ ਕਿਹਾ, ਪਰ ਤਿੰਨ ਵਾਰ ਦੁਹਰਾਇਆ। ਮੈਨੂੰ ਯਾਦ ਆਇਆ ਉਨ੍ਹਾਂ ਦਿਨਾਂ ਵਿੱਚ ਲਿਖਿਆ ਗੀਤ, ਜਿਸ ਦੇ ਬੋਲ ਸਨ, 'ਤੇਰੇ ਬਿਨਾਂ ਲੰਘ ਜਾਣ ਉਂਜ ਤਾਂ ਦਹਾਕੇ ਨ੍ਹੀਂ, ਇੱਕ ਪਲ ਲੰਘਦਾ ਨਾ ਯਾਦ ਦੇ ਬਿਨਾਂ। ਨੀ ਜਿੰਦੇ ਮੇਰੀਏ, ਨੀ ਲਾਡੋ ਰਾਣੀਏ।' ਗੁੰਜ਼ਾਇਸ਼ ਤਾਂ ਕੋਈ ਰਹਿ ਨਹੀਂ ਗਈ ਸੀ, ਪਰ ਫੇਰ ਵੀ ਗੁੰਜ਼ਾਇਸ਼ ਸੀ। ਇਹ ਸਭ ਇਤਫ਼ਾਕ ਵੀ ਹੋ ਸਕਦੈ। ਮੈਂ ਆਪਣੇ ਦਿਮਾਗ ਤੇ ਪੂਰਾ ਜ਼ੋਰ ਪਾਇਆ, ਆਪਣੀਆਂ ਗਿਆਨ ਇੰਦਰੀਆਂ ਨੂੰ ਇੱਕ ਥਾਂ ਕੇਂਦਰਤ ਕੀਤਾ, ਤੇ ਢੇਰ ਸਾਰੀ ਤਾਕਤ ਇਕੱਠੀ ਕਰਕੇ 'ਰਾਜਬੀਰ' ਆਖਣ ਲੱਗਾ, ਤਾਂ ਮੇਰੇ ਦਿਲ ਨੇ ਰੋਕ ਲਿਆ।

"ਜੇ ਕਿਤੇ ਇਹ ਕੋਈ ਹੋਰ ਹੋਈ?" ਇਹ ਮੇਰੇ ਅੰਦਰ ਹੀ ਉੱਠਿਆ ਸਵਾਲ ਸੀ, ਜੋ ਅੰਦਰ ਹੀ ਮਘਦਾ ਰਿਹਾ। ਇਹ ਉਸ ਹੁਸੀਨ ਔਰਤ ਦੀ ਤੌਹੀਨ ਹੋਵੇਗੀ, ਜਿਸ ਨੇ ਕਦੇ ਮੈਨੂੰ ਐਨਾ ਪਿਆਰ ਦਿੱਤਾ। ਮੇਰੇ ਤੇ ਭਰੋਸਾ ਕੀਤਾ।

"ਚੰਗਾ ਤੁਸੀਂ ਕੁਝ ਦੇਰ ਹੋਰ ਆਪਣੇ ਮਨ ਦੀ ਸੂਡੋਕੋ ਖੇਲ੍ਹੋ। ਮੈਂ ਜ਼ਰਾ ਆਪਣੇ ਬੱਚਿਆਂ ਨੂੰ ਦੇਖ ਲਵਾਂ। ਇਹ ਵਾਰ-ਵਾਰ ਬਰਗਰ ਖਾਣਾ ਮੰਗਦੇ ਨੇ।" ਉਸਦੇ 'ਮੰਗਦੇ' ਸ਼ਬਦ ਨੇ ਮੇਰੇ ਅੰਦਰ ਦੀ ਧੜਕਣ ਤੇਜ਼ ਕਰ ਦਿੱਤੀ। ਉਸਨੇ 'ਚੀਅਲਡਰਨ' ਤਾਂ ਨਹੀਂ ਸੀ ਕਿਹਾ, ਪਰ ਇਹ 'ਮੰਗਦੇ' ਸ਼ਬਦ ਨੇ ਜ਼ਰੂਰ ਉਸਦੇ 'ਅੱਜਕੱਲ੍ਹ' ਵਿਦੇਸ਼ੀ ਹੋਣ ਦੀ ਚੁਗਲੀ ਕਰ ਦਿੱਤੀ ਸੀ, ਤੇ ਮੇਰਾ ਸ਼ੱਕ ਹੁਣ ਤਾਂ...

ਤੇ ਇਹ 'ਮਨ ਦੀ ਸੂਡੋਕੋ' ਵਾਲਾ ਵਾਕਾਂਸ਼ ਤਾਂ ਮੇਰੇ ਧੁਰ ਅੰਦਰ ਲਹਿ ਗਿਆ ਸੀ। ਆਪਣਾ ਗੀਤ ਚੇਤੇ ਆ ਗਿਆ ਸੀ, 'ਮਨ ਦੀ ਸੂਡੋਕੋ ਅਸਾਂ ਖ਼ੂਬ ਖੇਡੀ ਯਾਰਾ, ਤੇਰੇ ਦਿਲ ਦੀ ਪਹੇਲੀ ਪਰ ਹੱਲ ਨਹੀਂਉਂ ਹੋਈ।' ਕਦੇ ਦਿਲ ਵਿੱਚ ਆਵੇ, ਕਿ ਇਹ ਗੀਤ ਤਾਂ ਖ਼ੂਬ ਮਸ਼ਹੂਰ ਹੋਇਆ ਸੀ, ਤੇ ਹੋ ਸਕਦੈ ...।

ਕਦੇ ਆਵੇ ਕਿ ਸਾਡੇ ਦੋਹਾਂ ਵਿੱਚ ਹੋਈਆਂ ਗੱਲਾਂ ਦੇ ਇਸ਼ਾਰੇ ਹੋਰ ਕੋਈ ਕਿਵੇਂ ਕਰ ਸਕਦੈ? ਕਦੀ ਆਵੇ ਕਿ ਇਹ ਮਹਿਜ਼ ਸੰਯੋਗ ਹੈ। ਕਦੇ ਆਵੇ ਕਿ ਮੈਨੂੰ ਉਸਦੀ ਆਵਾਜ਼ ਦੀ ਪਹਿਚਾਣ ਕਿਉਂ ਨਹੀਂ ਆ ਰਹੀ? ਢੰਗ ਉਹੀ ਹੈ, ਨਹੀਂ ਉਹ ਨਹੀਂ। ਉਮਰ ਨਾਲ ਆਵਾਜ਼ ਬਦਲ ਜਾਂਦੀ ਹੈ। ਉਮਰ ਨਾਲ ਕਿੱਥੇ ਆਵਾਜ਼ ਬਦਲਦੀ? ਕੁੜੀਆਂ ਦੀ ਤਾਂ ਖਾਸ ਕਰਕੇ। ਕਦੇ ਉਸਦਾ ਚਿਹਰਾ ਸਾਹਮਣੇ ਆਵੇ, ਕਦੇ ਧੁੰਦਲਾ ਪੈ ਜਾਵੇ। ਇਸੇ ਦੋਚਿੱਤੀ, ਸ਼ਸ਼ੋਪੰਜ ਤੇ ਦੁਬਿਧਾ ਵਿੱਚ ਪਿਆ ਮੈਂ ਨਾਲੋ-ਨਾਲ ਗਾਹਕ ਨਿਪਟਾਉਂਦਾ, ਗੱਲੇ ਵਿੱਚ ਪੈਸੇ ਸੁੱਟਦਾ, ਸੌਦਾ ਤੋਲਦਾ, ਪੈਕ ਕਰਦਾ, ਭਾਨ ਵੱਧਦੀ ਘਟਦੀ ਦੇਖਦਾ, ਚੈੱਕ ਪਾਸੇ ਤੇ ਗਰਿੱਪ ਵਿੱਚ ਫਸਾਉਂਦਾ, ਨੌਕਰ ਨੂੰ ਹੁਕਮ ਸੁਣਾਉਂਦਾ ਰਿਹਾ। ਕਦੋਂ ਸ਼ਾਮ ਢਲ਼ ਗਈ, ਕਦੋਂ ਜਾਣ ਦਾ ਵੇਲ਼ਾ ਹੋ ਗਿਆ, ਪਤਾ ਈ ਨਾ ਲੱਗਾ।

ਦੁਕਾਨ ਵਧਾਉਣ ਤੋਂ ਪਹਿਲਾਂ ਦਿਨ ਦੀ ਖੱਟੀ-ਕਮਾਈ ਨੂੰ ਆਪਣੇ ਫੋਨ ਤੇ 'ਨੋਟ ਪੈਡ' ਵਿੱਚ ਨੋਟ ਕਰਨਾ ਆਪਣਾ ਫਰਜ਼ ਸਮਝਦਾ ਹਾਂ। ਸੋ, ਅੱਜ ਦੀ 7312 ਰੁਪਏ ਦੀ ਕਮਾਈ ਫੋਨ ਤੇ ਚੜ੍ਹਾਉਣ ਲੱਗਾ, ਤਾਂ ਨਜ਼ਰ ਘੰਟਾ ਕੁ ਪਹਿਲਾਂ ਆਏ ਇੱਕ ਮੈਸੇਜ ਤੇ ਪਈ। ਲਿਖਿਆ ਸੀ, "ਕੈਨ ਵੀ ਮੀਟ ਸੱਮਵੇਅਰ ਟੂ-ਡੇ?' ਜੇ ਚੰਗਾ ਲੱਗੇ ਤਾਂ 'ਫੱਨ-ਸਕੇਅਰ' ਤੇ ਮਿਲਦੇ ਆਂ, ਸਾਢੇ ਸੱਤ ਸ਼ਾਮ। ਹਾਂ, ਅੱਜ। ਮੈਂ ਉਡੀਕ ਕਰਾਂਗੀ।" ਮੀਟ ਦੇ ਸ਼ਬਦ-ਜੋੜ ਐੱਮ. ਈ. ਏ. ਟੀ. ਲਿਖੇ ਸਨ। ਯਾਦ ਆਏ ਕਾਲਜ ਦੇ ਦਿਨ, ਜਦੋਂ ਇੱਕ ਦਿਨ ਅੰਗਰੇਜ਼ੀ ਦੇ ਪੇਪਰ ਦੇਣ ਸਮੇਂ ਪ੍ਰੋਫੈਸਰ ਨੇ ਰਾਜਬੀਰ ਨੂੰ ਆਖਿਆ ਸੀ, "ਬੇਟਾ ਜੀ, ਮਿਲਣ ਵਾਲੇ ਮੀਟ ਤੇ ਖਾਣ ਵਾਲੇ ਮੀਟ ਵਿੱਚ ਫ਼ਰਕ ਹੁੰਦੈ। ਤੁਸੀਂ ਮੀਟ ਦਾ ਮੀਟ ਬਣਾ ਦਿੱਤਾ? ਸੌਰੀ— ਮੀਟ ਨੂੰ ਮੀਟ ਬਣਾ ਦਿੱਤਾ।" ਉਸ ਦਿਨ ਬਾਅਦ ਮੈਂ ਕਈ ਦਿਨ ਉਸਨੂੰ 'ਸ਼ਾਕਾਹਾਰੀ ਮੀਟ' ਕਹਿ ਕੇ ਛੇੜਦਾ ਰਿਹਾ ਸੀ। ਰਾਜਬੀਰ ਸ਼ੁੱਧ ਸ਼ਾਕਾਹਾਰੀ ਹੋਣ ਦਾ ਦਾਅਵਾ ਕਰਦੀ ਸੀ। ਤੇ ਸੀ ਵੀ।

ਖ਼ੌਰੇ ਦਿਲ ਦੇ ਕਿਸ ਕੋਨੇ ਤੋਂ ਹਾਸਲ ਹੋਏ ਹੁਕਮ-ਹਦਾਇਤ ਦੇ ਚਲਦਿਆਂ ਉਂਗਲਾਂ ਨੇ 'ਚੰਗਾ, ਆਵਾਂਗਾ' ਟਾਈਪ ਕਰ ਦਿੱਤਾ, ਪਰ ਨਾਲ 'ਸਿਰਫ਼ ਦੋ ਮਿੰਟ ਲਈ। ਮੈਂ ਛੇਤੀ ਘਰ ਜਾਣਾ।' ਦੇ ਡਿਸਕਲੇਮਰ ਨਾਲ। ਨਾ ਚਾਹੁੰਦਿਆਂ ਵੀ। ਚਾਹੁੰਦਾ ਤਾਂ ਸੀ, ਕਿ ਉਸ ਕੋਲ ਬੈਠਾ ਰਹਾਂ, ਬੈਠਾ ਰਹਾਂ, ਬੈਠਾ ਰਹਾਂ ...।

"ਜਨਾਬ, ਇਸ਼ਕ ਦੀ ਪ੍ਰੀਖਿਆ ਵਿੱਚੋਂ ਅਸਫ਼ਲ ਹੋਏ ਨੇ।" ਹਿਚਕਚਾਉਂਦੇ ਕਦਮਾਂ ਨਾਲ ਜਦੋਂ ਮੈਂ 'ਫੱਨ ਸਕੇਅਰ' ਈਟਿੰਗ ਪਵਾਇੰਟ ਵੱਲ ਵਧਦਾ ਹਾਂ, ਤਾਂ ਪਾਸੇ ਤੋਂ ਗੱਡੀ ਵਿੱਚੋਂ ਨਿਕਲਦਿਆਂ ਮੇਰੀ ਪਤਨੀ ਦੇ ਇਨ੍ਹਾਂ ਸ਼ਬਦਾਂ ਨੇ ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕਾ ਦਿੱਤੀ। ਮੇਰੇ ਦਿਲ ਦੀ 'ਪੰਪਿੰਗ' ਕਿੰਨੀ ਤੇਜ਼ ਸੀ, ਅਨੁਮਾਨ ਨਹੀਂ ਲਗਾ ਸਕਦੇ।

"ਤੇ ਪਰਿਵਾਰ ਦੀ ਪ੍ਰੀਖਿਆ ਵਿੱਚ ਸਫ਼ਲ।" ਪਤਨੀ ਨੇ ਗੱਲ ਮੁਕਾਈ।

"ਅੱਛਾ, ਇਹ ਤੂੰ ਸੀ? ਪਰ ਇਹ ਤੇਰੀ ਆਵਾਜ਼ ਤਾਂ ਨਹੀਂ ਸੀ?" ਮੈਂ ਰਸ਼ੀਦਾ ਨੂੰ ਪੁੱਛਿਆ।

"ਮੇਰੀ ਨਹੀਂ, ਪਰ ਮੇਰੀ ਸਹੇਲੀ ਰਾਜਬੀਰ।" ਕਹਿ ਕੇ ਉਸਨੇ ਗੱਡੀ ਵੱਲ ਇਸ਼ਾਰਾ ਕੀਤਾ। ਉੱਥੇ ਖੜ੍ਹਿਆਂ ਹੀ ਮੈਂ ਗੱਡੀ ਵੱਲ ਨਜ਼ਰ ਮਾਰੀ। ਰਾਜਬੀਰ ਦੇ ਲੰਮੇ ਵਾਲਾਂ ਦੀ ਥਾਂ ਮਸ਼ਰੂਮ ਕੱਟ ਉਸਦੀ ਦਿੱਖ ਨੂੰ ਦਿਲਕਸ਼ ਬਣਾ ਰਹੇ ਸਨ। ਹਮੇਸ਼ਾ ਪੈਰਾਂ ਤੋਂ ਲੈ ਕੇ ਸਿਰ ਤੱਕ ਕੱਪੜਿਆਂ ਵਿੱਚ ਲਿਪਟੀ ਰਹਿਣ ਵਾਲੀ ਰਾਜਬੀਰ ਦੇ ਸਲੀਵਲੈੱਸ ਤੇ ਜ਼ੀਨ ਦੇਖ ਕੇ ਮੈਨੂੰ ਹੈਰਾਨੀ ਨਹੀਂ ਹੋਈ ਸੀ। ਬਾਹਰ ਜਾ ਕੇ ਦੁਨੀਆ ਬਦਲ ਜਾਂਦੀ ਐ। ਰਾਜਬੀਰ ਕਿਹੜਾ ਚੰਦਰਮਾ ਤੋਂ ਲਿਆਂਦੀ ਮਿੱਟੀ ਦੀ ਬਣੀ ਐ? ਜੀਅ ਕਰਦਾ ਸੀ, ਕਿ ਭੱਜ ਕੇ ਜਾ ਕੇ ਉਸਦਾ ਮੁੱਖੜਾ ਵੇਖਾਂ। ਪਰ, ਕੋਲ ਖੜ੍ਹੀ ਪਤਨੀ

ਰਸ਼ੀਦਾ ਸਾਹਮਣੇ ਇਸ ਇੱਛਾ, ਉਤਸੁਕਤਾ ਜਾਂ ਕਾਹਲ ਨੂੰ ਵਿਖਾਉਣ ਦਾ ਅਰਥ ਉਸ ਪ੍ਰੀਖਿਆ ਵਿੱਚੋਂ ਕੰਪਾਰਟਮੈਂਟ ਹਾਸਲ ਕਰਨਾ ਸੀ, ਜੋ ਮੈਂ ਮਸਾਂ ਉਤੀਰਣ ਕੀਤਾ ਸੀ। ਹੁਣੇ-ਹੁਣੇ। ਅੱਜ ਦੇ ਦਿਨ।

ਪਰ ਰਾਜਬੀਰ ਨੇ ਅਜਿਹਾ ਕਿਉਂ ਕੀਤਾ? ਜੇਕਰ ਭੁਲੇਖੇ ਨਾਲ ਵੀ ਮੇਰੇ ਮੂੰਹੋਂ ਕੁਝ ਅਜਿਹਾ ਨਿਕਲ ਜਾਂਦਾ, ਤਾਂ ਮੇਰਾ ਤਾਂ ਘਰ ਪੱਟਿਆ ਜਾਂਦਾ। ਰਾਜਬੀਰ ਤਾਂ ਅਜਿਹੀ ਨਹੀਂ ਸੀ। ਜੇਕਰ ਉਹ ਮੇਰੀ ਪਤਨੀ ਦੇ ਵੱਸ ਵਿੱਚ ਆ ਕੇ ਅਜਿਹਾ ਕਰ ਸਕਦੀ ਸੀ, ਤਾਂ ਪਹਿਲਾਂ ਮੈਨੂੰ ਜ਼ਰੂਰ ਦੱਸਦੀ। ਮੈਂ ਤਾਂ ਕਦੇ ਉਸ ਨਾਲ ਮਾੜਾ ਨਹੀਂ ਕੀਤਾ। ਸਾਡੀ 'ਸੈਪਰੇਸ਼ਨ' ਵੀ 'ਕੌਰਡੀਅਲ' ਹੀ ਹੋਈ ਸੀ, ਆਪਸੀ ਸਮਝੌਤੇ ਨਾਲ। ਉਸਦਾ ਹੀ ਵਿਆਹ ਹੋਇਆ ਸੀ ਵਿਦੇਸ਼ ਵਿੱਚ। ਮੇਰੀ ਹਾਂ ਤਾਂ ਉਸ ਦੀ ਦੇਰ ਤੱਕ ਪਿੱਛਾ ਵੀ ਕਰਦੀ ਰਹੀ ਸੀ, ਪਰ ਉਸਨੇ ਖੁਦ ਹੀ ਆਪਣੀ ਮਜਬੂਰੀ ਜ਼ਾਹਿਰ ਕਰਕੇ ਇਸ ਰਿਸ਼ਤੇ ਨੂੰ 'ਸਦੈਵ ਦੋਸਤੀ' ਵਿੱਚ ਤੇ ਫਿਰ 'ਅਣਜਾਣਪੁਣੇ' ਵਿੱਚ ਬਦਲ ਦਿੱਤਾ ਸੀ। ਵਿਦੇਸ਼ ਜਾ ਕੇ ਉਸ ਦਾ ਫੋਨ ਨੰਬਰ ਬਦਲਣਾ ਸੁਭਾਵਿਕ ਸੀ। ਮੇਰੇ ਨਾਲ ਉਸਦਾ ਕੋਈ ਸੰਪਰਕ ਹੀ ਨਹੀਂ ਸੀ ਰਿਹਾ।

ਦਿਲ ਕਾਬੂ ਵਿੱਚ ਨਹੀਂ ਸੀ ਆ ਰਿਹਾ। ਇਹ ਖ਼ਿਆਲ ਉਤਸੁਕਤਾ ਨੂੰ ਜ਼ਰਬ ਦੇ ਰਿਹਾ ਸੀ ਕਿ ਉਸਨੇ ਅਜਿਹਾ ਕਿਉਂ ਕੀਤਾ! ਪਰ, ਇੱਕ ਨਜ਼ਰ ਉਸਨੂੰ ਦੇਖਣ ਦੀ ਤਮੰਨਾ ਇਸ ਸਵਾਲ ਦੇ ਸਾਹਮਣੇ ਤੁੱਛ ਸੀ। ਪਰ, ਕੋਲ ਖੜ੍ਹੀ ਰਸ਼ੀਦਾ!

ਕਹਿੰਦੇ ਪਤਨੀ ਤੁਹਾਡੇ ਦਿਲ ਦੀ ਗੱਲ ਬੁੱਝ ਲੈਂਦੀ ਐ। ਉਸਨੇ ਮੇਰੀ ਬਾਂਹ ਫੜੀ, ਬੋਲੀ, "ਮਿਲਣਾ ਨਹੀਂ ਚਾਹੋਗੇ, ਆਪਣੀ ਕਾਲਜ ਦੇ ਜ਼ਮਾਨੇ ਦੀ 'ਜਾਨ' ਨੂੰ?" ਮੇਰੇ ਅੰਦਰ ਕੁਝ ਹੋਇਆ।

ਇਸ ਤੋਂ ਪਹਿਲਾਂ ਕਿ ਮੈਂ ਕੋਈ ਪ੍ਰਤੀਕ੍ਰਿਆ ਦਿੰਦਾ, ਉਹ ਖੁਦ ਹੀ ਕਾਰ ਵਿੱਚੋਂ ਨਿਕਲੀ। ਨਹੀਂ ਇਹ ਉਹ ਨਹੀਂ ਹੋ ਸਕਦੀ। ਐਨੀ ਬੋਲਡ। ਪਰ, ਦੂਜੇ ਹੀ ਪਲ ਇਹ ਵਿਚਾਰ ਹਾਵੀ ਹੁੰਦਾ, ਬਾਹਰ ਜਾ ਕੇ ਕੌਣ ਨਹੀਂ ਬਦਲਦਾ। ਦਿਲ ਤੇ ਦਿਮਾਗ ਵਿੱਚੋਂ ਕੌਣ ਸਹੀ, ਕੌਣ ਗ਼ਲਤ, ਇਹ ਫ਼ੈਸਲਾ ਕਰਨ ਦਾ ਸਮਾਂ ਕਿੱਥੇ ਸੀ। ਸਾਹਮਣੇ ਤੋਸ਼ੀਬਾ ਖੜ੍ਹੀ ਸੀ। ** (**ਸੰਪਰਕ-98885 69669**)





*Published by*
White Crow Publishers
Ranjitgarh Bandra, Mansa - 151506
Contact : 97809-09077

## ਕਹਾਣੀ

# ਪਤੰਗੇ



**ਗੁਰਵਿੰਦਰ ਟੋਡਰਪੁਰ**

*(ਜਾਤੀ ਜਕੜਬੰਦੀ ਦੇ ਕਈ ਪਹਿਲੂਆਂ ਨੂੰ ਇਹ ਕਹਾਣੀ ਉਭਾਰਦੀ ਏ।-ਸੰਪਾਦਕ)*

ਦੋ ਬੱਚੇ ਆਪਣੇ ਹੱਥਾਂ ਵਿੱਚ ਲਿਫਾਫ਼ੇ ਲੰਮਕਾਈ ਝੁੱਗੀ ਵੱਲ ਆਏ ਤੇ ਅੰਦਰ ਚਲੇ ਗਏ ਝੁੱਗੀ ਥੱਲੇ ਤੋਂ ਇੱਟਾਂ ਨਾਲ ਬਣੀ ਤੇ ਮਿੱਟੀ ਨਾਲ ਲਿਪੀ ਹੋਈ ਹੈ, ਓਪਰੋਂ ਕਾਲੀ ਤਰਪਾਲ ਨਾਲ ਇਸ ਤਰ੍ਹਾਂ ਢਾਲ ਬਣਾ ਕੇ ਢੱਕੀ ਹੋਈ ਕਿ ਮੀਂਹ ਪੈਣ ’ ਤੇ ਉੱਪਰ ਪਾਣੀ ਨਾ ਖੜ੍ਹੇ। ਝੁੱਗੀ ਅੰਦਰ ਇੱਕ ਮੰਜਾ ਜਿਸ ਤੇ ਦੌਣ ਵਾਲੇ ਪਾਸੇ ਬੇਤਰਤੀਬੇ ਪਏ ਕੱਪੜਿਆਂ ਉੱਪਰ ਬਿਸਤਰੇ ਰੱਖੇ ਹੋਏ ਹਨ ਦੂਜੇ ਪਾਸੇ ਰਸੋਈ ਦਾ ਨਿੱਕ-ਸੁੱਕ ’ਤੇ ਭਾਂਡੇ ਪਏ ਹਨ, ਵਿਚਕਾਰ ਕੰਬਲ ਵਿਛਾ ਕੇ ਦੇਹ ਢੱਕੀ ਹੋਈ ਹੈ। ਝੁੱਗੀ ਵਿੱਚ ਥਾਂ-ਥਾਂ ਡੱਕੇ ਕਿੱਲ ਗੱਡ ਕੇ ਸਮਾਨ ਟੰਗਿਆ ਪਿਆ ਹੈ। ਪੀਰਾਂ ਦੀ ਦਰਗਾਹ ਵਾਂਗ ਝੁੱਗੀ ਦਾ ਨਿੱਕਾ ਜਿਹਾ ਲੱਕੜ ਦਾ ਦਰਵਾਜਾ ਹੈ। ਜਿਸ ਨੂੰ ਚੁੱਕ ਕੇ ਅੜਕਾਣਾ ਪੈਂਦਾ ਹੈ। ਦਰਵਾਜੇ ਦੇ ਨਾਲ ਬਾਹਰ ਚੁੱਲ੍ਹਾ-ਚੌਂਤਰਾ ਹੈ ਝੁੱਗੀ ਦੇ ਆਲੇ-ਦੁਆਲੇ ਬਹੁਤ ਸਾਰੀ ਥਾਂ ਨੀਵੀਂ ਜਿਹੀ ਕੰਧ ਨਾਲ ਵਾਗਲੀ ਹੋਈ ਤੇ ਇੱਕ ਨੁਕਰੇ ਵੱਡਾ-ਉੱਚਾ ਲੋਹੇ ਦਾ ਗੇਟ ਲੱਗਿਆ ਹੋਇਆ ਹੈ। ਇੱਕ ਪਾਸੇ ਨਵੀਂ ਕੋਠੀ ਦੀਆਂ ਨੀਹਾਂ ਝੁੱਗੀ ਜਿੰਨ੍ਹੀਆਂ ਉੱਚੀਆਂ ਮਿੱਟੀ ਨਾਲ ਭਰੀਆਂ ਪਈਆਂ ਹਨ। ਉਸਦੇ ਪਿੱਛੇ ਟੀਨ ਦੇ ਸ਼ੈੱਡ ਥੱਲੇ ਡੰਗਰ ਹਨ। ਤੇ ਨਾਲ ਹੀ ਪਰਾਲੀ ਦਾ ਉੱਚਾ ਲੱਗਿਆ ਢੇਰ। ਇਹ ਜੈਮਲ ਸਿੰਘ ਸਰਪੰਚ ਦਾ ਪਸ਼ੂਆਂ ਵਾਲਾ ਵਾੜਾ ਹੈ, ਜਿੱਥੇ ਉਸਨੇ ਨਵੀਂ ਕੋਠੀ ਦੀਆਂ ਨੀਹਾਂ ਭਰੀਆਂ ਹੋਈਆਂ ਹਨ। ਇਸ ਥਾਂ ਦੇ ਨਾਲ ਹੀ ਪ੍ਰੀਤਮ ਸਿੰਘ ਦੀ ‘ਜਹਾਜ ਟੈਂਕੀ’ ਵਾਲੀ ਨਵੀਂ ਕੋਠੀ ਲਿਸ਼-ਲਿਸ਼ ਕਰਦੀ ਹੋਈ ਕਨੇਡੀਅਨ ਡਾਲਰਾਂ ਦੀ ਧੌਂਸ ਪਾਉਂਦੀ ਜਾਪਦੀ ਹੈ। ਰਾਤ ਵੇਲੇ ਟੈਂਕੀ ’ਤੇ ਫਿੱਟ ਕੀਤੀਆਂ ਰੰਗ-ਬਰੰਗੀਆਂ ਲਾਇਟਾਂ ਹੋਰ ਵੀ ਦਿਲਕਸ਼ ਲਗਦੀਆਂ ਹਨ।

“ਮੰਮੀ ਬਰਫ਼ ਲੈ ਆਏ ਜੇਹਲੋ।”ਦੋਨਾਂ ਬੱਚਿਆਂ ਨੇ ਬਰਫ਼ ਵਾਲੇ ਲਿਫ਼ਾਫ਼ੇ ਗੌਰੀ ਨੂੰ ਦੇ ਦਿੱਤੇ ਅਤੇ ਝੁੱਗੀ ਤੋਂ ਬਾਹਰ ਆ ਗਏ।

“ਯੇਲੋ ਬਰਫ਼ ਅੰਮਾਂ ਪਰ ਰਖ ਦੋ ਆਜ ਦੂਸਰਾ ਦਿਨ ਹੈ ਕੁਛ ਤੋ ਕਰੋ ਅੰਮਾਂ ਕੋ ਏਸੇ ਰਖਨਾ ਠੀਕ ਨਾ ਹੋਗਾ !” ਗੌਰੀ ਲਿਫਾਫ਼ੇ ’ਚੋਂ ਬਰਫ਼ ਕੱਢਦੀ ਹੋਈ ਮੰਗਲ ਨੂੰ ਬੋਲੀ।

“ਮੇ ਅਭੀ ਕਿਆ ਕਰੂ ਸਰਦਾਰ ਨੇ ਵੀ ਕੱਲ ਬੋਲਾ ਥਾ ਕਿ ਸੁਬਾ ਕਰੇਗੇ ਸਬ।” ਮੰਗਲ ਬੋਚ-ਬੋਚ ਬਰਫ਼ ਰੱਖਦਾ ਹੋਇਆ ਆਪਣੀ ਬੇਵਸੀ ਜ਼ਾਹਰ ਕਰਦਾ ਹੈ।

“ਦੇਖੋ ਮੰਗਲ ਜੈਸੇ ਵੀ ਹੋ ਆਜ ਕਰੋ।ਆਜ ਫਿਰ ਹਮਾਰੀ ਬਰਾਦਰੀ ਵਾਲੇ ਆ ਬੈਠੇਗੇ।ਅਗਰ ਏਸੇ ਹੀ ਚਲਤਾ ਰਹਾ ਤੋ ਅੰਮਾਂ ਕਾ ਤੋ ਅਪਮਾਨ ਹੋਗਾ। ਸਾਥ ਮੇ ਏਹ ਲੋਗੋਂ ਕਾ ਵੀ ਕਾਮ-ਦਾਮ ਠਪ ਹੁਆ ਪੜਾ ਹੈ।”

“ਵਹਿਗੁਰੂ ਜੀ ਕਾ ਖ਼ਾਲਸਾ, ਵਹਿਗੁਰੂ ਜੀ ਫਤਿਹ। ਭਾਈ ਸਮੂਹ ਭਾਈਚਾਰੇ ਵੱਲੋਂ ਬੇਨਤੀ ਕੀਤੀ ਜਾਂਦੀ ਹੈ ਕਿ ਸਾਰੇ। ਭਾਈਚਾਰੇ ਦੇ ਹਰ ਘਰ ’ਚੋਂ ਇੱਕ ਜੀਅ ਭਾਈਚਾਰੇ ਦੇ ਸਿਵਿਆਂ ਵਿੱਚ ਪਹੰਚੇ ਤਾਂ ਜੋ ਸਿਵਿਆਂ ਦੀ ਰਾਖੀ ਕੀਤੀ ਜਾਵੇ। ਸੋ ਭਾਈ ਦੁਬਾਰਾ ਫਿਰ ਬੇਨਤੀ ਹੈ ਕਿ !”

"ਜੇਹ ਕਿਆ ਹੈ? ਇਨ ਲੋਗੋ ਕੋ ਕਿਆ ਹੁਆ?" ਗੌਰੀ ਨੇ ਸੋਚਦਿਆ ਮੰਗਲ ਤੋਂ ਪੁੱਛਿਆ।

"ਮੁਝੇ ਕਿਆ ਪਤਾ।" ਮੰਗਲ ਨੇ ਗੱਲ ਮੁਕਾ ਦਿੱਤੀ।

ਹੁਣ ਗੱਲ ਪਿੰਡ 'ਚ ਨਹੀਂ ਇਲਾਕੇ 'ਚ ਘੁੰਮ ਚੁੱਕੀ ਸੀ। ਇੱਕ ਪਰਵਾਸੀ ਮਜ਼ਦੂਰ ਦੀ ਮਾਂ ਦੇ ਸੰਸਕਾਰ ਲਈ ਪਿੰਡ ਵਿੱਚ ਕੋਈ ਥਾਂ ਨਹੀਂ। ਇਹ ਮਜ਼ਦੂਰ ਤੇ ਉਸਦੀ ਮਾਂ ਕੋਈ ਚੌਦਾਂ-ਪੰਦਰਾਂ ਸਾਲ ਪਹਿਲਾਂ ਇਸ ਪਿੰਡ ਵਿੱਚ ਆਏ ਸੀ। ਪੱਲੇ ਕੋਈ ਸਮਾਨ ਨਹੀਂ ਸੀ, ਸਿਰਫ਼ ਇੱਕ ਕਾਲਾ ਬੈਗ। ਸਰਦਾਰ ਜਗਮੇਲ ਸਿੰਘ ਦੇ ਕਹਿਣ 'ਤੇ ਉਸ ਦੇ ਖੇਤ ਵਿੱਚ ਹੋਰਨਾਂ ਪਰਵਾਸੀ ਮਜ਼ਦੂਰਾਂ ਨਾਲ ਇੱਕ ਝੁੱਗੀ ਪਾ ਲਈ। ਫਿਰ ਦਿਨ-ਰਾਤ ਲੱਕ ਤੋੜਵੀਂ ਮਿਹਨਤ ਨਾਲ ਚੁੱਲ੍ਹੇ ਦਾ ਜ਼ਰੂਰੀ ਸਮਾਨ ਤੇ ਇੱਕ ਸਾਈਕਲ ਜੋੜ ਲਿਆ ਸਾਲ ਬਾਅਦ ਬਿਹਾਰ ਗਏ ਤੇ ਮਹੀਨੇ ਬਾਅਦ ਹੀ ਵਾਪਿਸ ਆ ਗਏ। ਉਸ ਤੋਂ ਬਾਅਦ ਮਸੀ ਦੋ ਜਾਂ ਤਿੰਨ ਵਾਰ ਹੀ ਗਏ ਹੋਣਗੇ। ਮੰਗਲ ਨੇ ਸਰਦਾਰ ਨਾਲ ਸਾਲ ਦੀ ਪੱਕੀ ਨੌਕਰੀ ਕਰ ਲਈ 'ਤੇ ਸਰਦਾਰ ਨੇ ਆਪਣੀ ਰੋਕੀ ਸ਼ਾਮਲਾਟ ਥਾਂ ਜਿੱਥੇ ਪਸ਼ੂਆਂ ਨੂੰ ਰੱਖਿਆ ਹੋਇਆ ਹੈ, ਉੱਥੇ ਉਹਨਾਂ ਦੀ ਝੁੱਗੀ ਪਵਾ ਦਿੱਤੀ। ਸਾਲ ਬਾਅਦ ਹੀ ਸਰਦਾਰ ਨੇ ਉਹਨਾਂ ਦੇ ਰਾਸ਼ਨ-ਕਾਰਡ ਤੇ ਵੋਟਰ-ਕਾਰਡ ਵੀ ਬਣਵਾ ਦਿੱਤੇ। ਸਰਦਾਰ ਦੀਆਂ ਪੱਕੀਆਂ ਵੋਟਾਂ ਬਣ ਗਈਆਂ। ਮੰਗਲ ਦਾ ਵਿਆਹ ਵੀ ਇੱਥੇ ਹੀ ਹੋਇਆ। ਗੌਰੀ ਨੇੜਲੇ ਪਿੰਡ ਵਿੱਚ ਆਉਂਦੇ ਪਰਵਾਸੀ ਮਜ਼ਦੂਰਾਂ 'ਚੋਂ ਹੈ। ਇੱਕ ਦੋ ਵਾਰ ਮੰਗਲ ਦਾ ਭਰਾ ਉਹਨਾਂ ਨੂੰ ਮਿਲਣ ਆਇਆ। ਮੰਗਲ ਦੇ ਦੋ ਬੱਚੇ ਪਿੰਡ ਦੇ ਹੀ ਸਰਕਾਰੀ ਸਕੂਲ ਵਿੱਚ ਪੜ੍ਹਦੇ ਤੇ ਚੰਗੀ ਪੰਜਾਬੀ ਬੋਲਦੇ ਹਨ।

ਕੱਲ੍ਹ ਸਵੇਰੇ ਮੰਗਲ ਦੀ ਮਾਂ ਗੰਗਾ ਦੋ-ਢਾਈ ਮਹੀਨੇ ਦੀ ਬਿਮਾਰੀ ਤੋਂ ਬਾਅਦ ਸੰਸਾਰ ਤਿਆਗ ਗਈ ਮੰਗਲ ਨੇ ਬਿਹਾਰ ਰਹਿੰਦੇ ਭਰਾ ਨੂੰ ਫੋਨ ਕਰ ਦਿੱਤਾ। ਉਹ ਉੱਥੋਂ ਚੱਲ ਪਿਆ। ਉਸਨੇ ਸੰਸਕਾਰ ਕਰਨ ਲਈ ਕਹਿ ਦਿੱਤਾ ਸੀ। ਖੇਤਾਂ ਵਿੱਚ ਰਹਿ ਰਹੇ ਮੰਗਲ ਦੀ ਬਰਾਦਰੀ ਵਾਲੇ ਦੁਪਹਿਰ ਤੱਕ ਆਪਣੇ-ਆਪਣੇ ਕੰਮ-ਕਾਰ ਛੱਡ ਕੇ ਪਹੁੰਚ ਗਏ। ਪਿੰਡ 'ਚੋਂ ਵੀ ਕੁੱਝ ਬੰਦੇ ਆਏ। ਸਰਦਾਰ ਸਾਹਬ ਵੀ ਆਏ।

ਸੰਸਕਾਰ ਦੀ ਤਿਆਰੀ ਸ਼ੁਰੂ ਕਰਨ ਲੱਗੇ ਤਾਂ ਬਰਾਦਰੀ ਵਾਲਿਆਂ ਨੇ ਮੰਗਲ ਨੂੰ ਇੱਕ ਪਾਸੇ ਬੁਲਾ ਕੇ ਪੁੱਛਿਆਂ ਕਿ "ਸੰਸਕਾਰ ਕਹਾ ਕਰਨਾ ਹੇ।" ਇਹ ਸੁਣਦਿਆਂ ਹੀ ਮੰਗਲ ਸੋਚੀਂ ਪੈ ਗਿਆ। "ਜੇ ਤੋ ਮੇਨੇ ਸੋਚਾ ਨਾ ਥਾ। ਮੇ ਅਭੀ ਬਾਤ ਕਰਤਾ ਹੂੰ ਸਰਦਾਰ ਜੀ ਸੇ।"

ਮੰਗਲ ਦੇ ਪੁੱਛਣ 'ਤੇ ਜੈਮਲ ਸਿੰਘ ਨੇ ਕਹਿ ਦਿੱਤਾ ਕਿ "ਸੰਸਕਾਰ ਤਾਂ ਭਾਈ ਮਜ੍ਹਬੀ ਭਾਈਚਾਰੇ ਦੇ ਸਿਵਿਆਂ 'ਚ ਕਰਲੋ!"

ਇਹ ਸੁਣਦਿਆ ਸਾਰ ਹੀ ਮਜ਼੍ਹਬੀ ਪੰਚ ਸੱਜਣ ਸਿੰਘ ਉੱਠ ਖਲੋਤਾ, "ਏਦੇ ਬਾਰੇ ਤਾ ਪੁੱਛਣਾ ਪੈਣਾ!"

"ਪੁੱਛਣਾ ਕੀ ਏ। ਅਸੀਂ ਨੀਂ ਆਪਣੇ ਵਡੇਰਿਆਂ ਵਿੱਚ ਰਲਾਉਂਦੇ ਇਸ ਕੁਜਾਤ ਨੂੰ।" ਕੋਲ ਖੜ੍ਹੇ ਗੇਲੂ ਨੇ ਕਿਹਾ ਸੀ।

"ਮਜ਼੍ਹਬੀ।" ਸੁਣ ਕੇ ਮੰਗਲ ਦੀ ਬਰਾਦਰੀ ਵਾਲੇ ਵੀ ਘੁਸਰ-ਮੁਸਰ ਕਰਨ ਲੱਗ ਪਏ, "ਹਮ ਤੋ ਬ੍ਰਾਹਮਣ ਹੇ।"

ਸੱਜਣ ਸਿੰਘ ਤੇ ਗੇਲੂ ਆਪਣੇ ਵਿਹੜੇ ਵੱਲ ਚਲੇ ਗਏ। ਜੈਮਲ ਸਿੰਘ ਕੁੱਝ ਸਮਾਂ ਚੁੱਪ ਖੜ੍ਹਾ ਰਿਹਾ। ਫਿਰ ਆਪਣੇ ਘਰ ਵੱਲ ਚਲਾ ਗਿਆ। ਸਭ ਹੈਰਾਨ ਸਨ ਕਿ ਹੁਣ ਕੀ ਹੋਵੇਗਾ। ਸਾਰੇ ਪਰਵਾਸੀ ਬੇਵਸੀ ਦੀ ਹਾਲਤ ਵਿੱਚ ਆਪਣੀਆਂ ਮਜ਼ਬੂਰੀਆਂ ਤੇ ਆਪਣੇ ਪ੍ਰਦੇਸ਼ ਦੀਆਂ

ਦੁਸ਼ਵਾਰੀਆਂ ਬਾਰੇ ਗੱਲਾਂ ਕਰਦੇ ਰਹੇ। ਦਿਨ ਛਿਪ ਗਿਆ। ਪਿੰਡ ਵਾਲੇ ਤਾਂ ਪਹਿਲਾਂ ਹੀ ਚਲੇ ਗਏ ਸੀ। ਹੌਲੀ-ਹੌਲੀ ਬਰਾਦਰੀ ਵਾਲੇ ਵੀ ਚਲੇ ਗਏ। ਰੋਟੀ ਪਕਾ ਗਏ ਸੀ। ਬੱਚਿਆਂ ਨੇ ਖਾ ਲਈ ਪਰ ਮੰਗਲ ਤੇ ਗੌਰੀ ਰੋਟੀ ਲਈ ਨਾ ਮੰਨੇ। ਰਾਤ ਗੌਰੀ ਤੇ ਬੱਚੇ ਗੰਗਾ ਦੀ ਦੇਹ ਕੋਲ ਹੀ ਸੌਂ ਗਏ। ਮੰਗਲ ਬੇਚੈਨ ਸੀ। ਉਹ ਝੁੱਗੀ ਤੋਂ ਬਾਹਰ ਨਿਕਲਿਆ ਤੇ ਪੱਲੀ ਵਿਛਾ ਸੌਣ ਦੀ ਕੋਸ਼ਿਸ਼ ਕਰਨ ਲੱਗਾ। ਉਪਰ ਅਸਮਾਨ 'ਚ ਸਜੇ ਤਾਰਿਆ ਵੱਲ ਤੱਕਦਾ-ਤੱਕਦਾ ਉਹ ਸੋਚਣ ਲੱਗਾ। ਤਾਰੇ ਤਾਂ ਓਹੀ ਹਨ। ਬਿਹਾਰ, ਜਿਲ੍ਹਾਂ ਮਧੂਬਨੀ ਨੇ ਪਾਲ ਬਾਡਰ ਤੋਂ ਕੁੱਝ ਮੀਲ ਉਰਾ ਨੀਵੇਂ ਖੁਸ਼ਕ ਪਹਾੜਾਂ ਦੀ ਲੜੀ ਦੇ ਨਿਵਾਣ 'ਚ ਵਸਿਆ ਇਹ ਪਿੰਡ ਮੰਗਲ ਦੇ ਸੁਪਨਿਆਂ ਦਾ ਸਵਰਗ ਹੈ। ਮੰਗਲ ਦੇ ਪਿਤਾ ਦਾ ਨਾਮ ਆਕਾਸ਼ ਸੀ। ਉਸਨੂੰ ਵਿਗਿਆਨ ਨਾਲ ਅਥਾਹ ਪਿਆਰ। ਵਿਗਿਆਨ ਪੜ੍ਹ ਕੇ ਛੋਟੇ-ਛੋਟੇ ਖੇਡ ਕਰਦਾ ਰਹਿੰਦਾ। ਦਸਵੀਂ ਤੋਂ ਬਾਅਦ ਸ਼ਹਿਰ ਗਿਆ ਤਾਂ ਫੀਸ ਇੰਨੀ ਕਿ ਉਸਨੂੰ ਵਿਗਿਆਨ ਬਹੁਤ ਦੂਰ ਜਾਪਣ ਲੱਗਾ ਹੋਰ ਕੁੱਝ ਕਰਨ ਨੂੰ ਮਨ ਹੀ ਨਾ ਕੀਤਾ। ਆਕਾਸ਼ ਹੁਣ ਆਪਣੇ ਪਿਤਾ ਜੀ ਨਾਲ ਪਿੰਡ ਦੀ ਹੱਟੀ 'ਤੇ ਬੈਠਣ ਲੱਗ ਪਿਆ। ਕੁੱਝ ਸਮੇਂ ਬਾਅਦ ਆਕਾਸ਼ ਦਾ ਵਿਆਹ ਗੰਗਾ ਨਾਲ ਹੋ ਗਿਆ। ਵਿਆਹ ਤੋਂ ਬਾਅਦ ਆਕਾਸ਼ ਆਪਣੇ ਆਪ ਨੂੰ ਆਕਾਸ਼-ਗੰਗਾ ਸਮਝਣ ਲੱਗ ਪਿਆ ਕਿਤਾਬਾਂ 'ਚੋਂ ਲੁਕੇਸ਼ਨਾਂ ਦੇਖ-ਦੇਖ ਦੇਰ ਰਾਤ ਤੱਕ ਉਹ ਘਰ ਦੀ ਛੱਤ 'ਤੇ ਗੰਗਾਂ ਨੂੰ ਤਾਰੇ ਦਿਖਾਉਂਦਾ ਰਹਿੰਦਾ। ਉਹ ਦੇਖ ਸ਼ਨੀ ਉਹ ਦੇਖ ਪੂਛ ਵਾਲਾ। ਗੰਗਾ ਦੇ ਜੌੜੇ ਦੋ ਮੁੰਡੇ ਹੋਏ। ਆਕਾਸ਼ ਨੇ ਉਹਨਾਂ ਦੇ ਨਾਮ ਸੂਰਜ ਤੇ ਮੰਗਲ ਰੱਖੇ।

ਮਾਤਾ-ਪਿਤਾ ਦੀ ਮੌਤ ਤੋਂ ਬਾਅਦ ਘਰ ਦਾ ਸਾਰਾ ਭਾਰ ਆਕਾਸ਼ ਸਿਰ ਹੀ ਸੀ। ਪਿੰਡ ਵਿੱਚ ਦੁਕਾਨ ਤੋਂ ਇਲਾਵਾ ਦੋ ਥਾਂ ਟੁੱਟਵੀਂ ਥੋੜ੍ਹੀ ਜ਼ਮੀਨ ਵੀ ਸੀ ਪਰ ਖੇਤੀ ਕਦੇ ਨਹੀਂ ਕੀਤੀ। ਜ਼ਮੀਨ ਵਟਾਈ 'ਤੇ ਹੀ ਦਿੰਦੇ। ਆਕਾਸ਼ ਦੀ ਹੱਟੀ ਚੰਗੀ ਚੱਲਦੀ ਸੀ। ਆਕਾਸ਼ ਹਰ ਤੀਜੇ ਦਿਨ ਸਾਈਕਲ 'ਤੇ ਬਾਅਦ ਦੁਪਹਿਰੇ ਸ਼ਹਿਰ ਜਾਂਦਾ ਤੇ ਦੇਰ ਰਾਤ ਘਰ ਮੁੜਦਾ। ਵਾਪਸੀ ਸਮੇਂ ਉਹ ਜੰਗਲ ਵਾਲੇ ਸ਼ੋਟ-ਕੱਟ ਰਸਤੇ ਰਾਹੀਂ ਆਉਂਦਾ। ਖੁਰੀਆਂ ਸਮਾਨ ਦੀਆਂ ਭਰ ਕੁੱਝ ਸਮਾਨ ਕਰੀਅਰ ਉੱਪਰ ਰੱਖ ਲੈਂਦਾ। ਇਕ ਨਿੱਕਾ ਥੈਲਾ ਅਕਸਰ ਉਹ ਵੱਖਰਾ ਲੈ ਕੇ ਆਉਂਦਾ। ਆਉਂਦੇ ਸਮੇਂ ਜੰਗਲ ਦੇ ਰਸਤੇ ਵਿੱਚ ਪੈਂਦੇ ਇੱਕ ਸੰਘਣੇ ਰੁੱਖ ਕੋਲ ਸੁੱਟ ਆਉਂਦਾ। ਇੱਕ-ਦੋ ਵਾਰ ਤਾਂ ਪਿੱਛੇ ਆਉਂਦਾ ਪਿੰਡ ਦਾ ਰਾਹਗੀਰ ਉਸਦੇ ਘਰ ਆ ਕੇ ਦੇ ਜਾਂਦਾ। ਦੇਰ ਰਾਤ ਥੈਲਾ ਜੰਗਲ ਵਾਲੇ ਲੈ ਜਾਂਦੇ!

ਇਹ ਇਲਾਕਾ ਉਂਝ ਤਾਂ ਮਾਰੂ ਹੈ। ਫ਼ਸਲਬਾੜੀ ਮੀਂਹ 'ਤੇ ਹੈ। ਪਰ ਬਰਸਾਤਾਂ ਵਿੱਚ ਅਕਸਰ ਪਾਣੀ ਆ ਵੜਦਾ ਹੈ। ਪਾਣੀ ਤਾਂ ਹਰ ਸਾਲ ਆਉਂਦਾ ਪਰ ਇਸ ਸਾਲ ਪਾਣੀ ਰੁੱਕ ਹੀ ਨਹੀਂ ਰਿਹਾ। ਘਰਾਂ ਦੀਆਂ ਦੇਹਲੀਆਂ ਟੱਪ ਚੁੱਕਾ ਹੈ। ਲੋਕ ਪਰੇਸ਼ਾਨ ਦੇਹਲੀਆਂ ਉੱਚੀਆਂ ਚੁੱਕਣ 'ਚ ਯਤਨਸ਼ੀਲ ਗੰਗਾ ਤੇ ਬੱਚੇ ਘਰ ਦੀ ਦੇਹਲੀ ਉੱਚੀ ਚੁੱਕਣ ਤੇ ਆਕਾਸ਼ ਸਾਹਮਣੇ ਦੁਕਾਨ ਦੀ ਕੱਚੇ ਘਰ ਡਿੱਗਣ ਲੱਗ ਪਏ ਸਨ। ਆਕਾਸ਼ ਦਾ ਘਰ ਤੇ ਦੁਕਾਨ ਪੱਕੀਆਂ ਇੱਟਾਂ ਦੇ ਬਣੇ ਸਨ ਦੁਕਾਨ ਤੇ ਘਰ ਦਾ ਸਾਮਾਨ ਪਹਿਲਾਂ ਮੰਜਿਆਂ ਤੇ ਫਿਰ ਕਾਨਸਾਂ ਉੱਪਰ ਰੱਖਣ ਲੱਗ ਪਏ। ਸਾਰਾ ਦਿਨ ਕਸਮਕਸ਼ ਪਿੰਡ ਡਿੱਗਦਾ ਗਿਆ। ਲੋਕ ਬਾਹਰ ਜਾਂਦੇ ਗਏ। ਦੇਰ ਸ਼ਾਮ ਤੱਕ ਮੀਂਹ ਨਾ ਹੱਟਿਆ। ਪਾਣੀ ਗੋਡੇ-ਗੋਡੇ ਗੰਗਾ ਅਤੇ ਬੱਚਿਆਂ ਨੂੰ ਲੈ ਆਕਾਸ਼ ਵੀ ਨੇਪਾਲ ਬਾਡਰ ਕੋਲ ਪੱਕੇ ਪਹਾੜ ਉੱਪਰ ਬਣੇ ਭਾਰਤੀ ਫੌਜੀਆਂ ਦੀ ਪੋਸਟ ਕੋਲ ਆ ਗਿਆ ਜਿੱਥੇ ਪਿੰਡ ਦੇ ਲੋਕ ਪਹਿਲਾਂ ਆ ਚੁੱਕੇ ਸਨ। ਇਹ ਪਿੰਡ ਤੋਂ ਡੇਢ ਮੀਲ ਹੈ। ਫੌਜ ਦੀ ਪੱਕੀ ਪੋਸਟ ਹੋਣ ਕਾਰਨ ਸ਼ਹਿਰ ਤੋਂ ਸਿਧੀ ਸੜਕ ਇਸ ਰਸਤੇ ਨੇਪਾਲ ਨਾਲ ਲਗਦੀ ਹੈ। ਹਨ੍ਹੇਰਾ ਹੋ ਚੁੱਕਾ। ਮੀਂਹ ਰੁਕ-ਰੁਕ ਕੇ ਦਸਤਕ ਦੇ

ਰਿਹਾ। ਬਚਿਆ ਪਿੰਡ ਹਨ੍ਹੇਰੇ ਵਿੱਚ ਅਲੋਪ ਹੋ ਗਿਆ। ਅਸੁਰੱਖਿਆ ਦੇ ਲਿਹਾਜ਼ ਨਾਲ ਫ਼ੌਜ ਨੇ ਪੋਸਟ 'ਤੇ ਬਣੇ ਹਾਲ ਦਾ ਦਰਵਾਜਾ ਬੰਦ ਕਰ ਦਿੱਤਾ। ਹਾਲ ਦੇ ਸਾਹਮਣੇ ਬਣੇ ਸ਼ੈੱਡ ਹੇਠ ਹੀ ਸਾਰਾ ਪਿੰਡ ਬੈਠਾ ਸੀ ।ਸੌਣ ਲਈ ਨਾ ਥਾਂਹ ਸੀ ਨਾ ਚੈਨ। ਨਾਲਲਿਆਂ ਦਾ ਨਿੱਕ-ਸੁੱਕ ਬੱਚਿਆ ਨੂੰ ਖਵਾ ਦਿੱਤਾ। ਕੁੱਝ ਪਿੰਡ ਵਾਸੀ ਫ਼ੌਜੀਆਂ ਨੂੰ ਗੇਟ ਖੋਲਣ ਦੀਆਂ ਬੇਨਤੀਆਂ ਕਰ ਰਹੇ ਸਨ ਪਰ ਅਗੋਂ ਬੇਵੱਸੀ ਉਪਰੋਂ ਹੁਕਮ ਅਸੁਰੱਖਿਆ ਨਕਸਲ ਏਰੀਆ।

ਸੰਘਣੇ ਬੱਦਲਾਂ ਵਿੱਚ ਮਸੀਂ ਸਵੇਰ ਹੋਈ। ਮੀਂਹ ਰੁਕ-ਰੁਕ ਜਾਰੀ ਸੀ। ਪਿੰਡ ਵਿੱਚ ਲੱਕ-ਲੱਕ ਪਾਣੀ ਸੀ। ਪੱਕੇ ਘਰ ਜੂਝ ਰਹੇ ਸੀ। ਮੀਂਹ ਦੇ ਪਾਣੀ ਤੋਂ ਇਲਾਵਾ ਕਮਲਾ ਨਦੀ ਉਛਲ ਰਹੀ ਸੀ। ਕਮਲਾ ਕਮਲਾ ਇਆਗਈਰੇ ! ਹਰ ਕੋਈ ਇਸ ਨਦੀ ਦੇ ਭਿਆਨਕ ਰੂਪ ਬਾਰੇ ਇਹ ਕਹਿ ਰਿਹਾ ਸੀ ਪਿੰਡ ਦੇ ਲੋਕ ਟੋਲੀਆਂ ਬਣਾ-ਬਣਾ ਪਿੰਡ ਜਾਂਦੇ ਤੇ ਕੁੱਝ ਨਾ ਕੁੱਝ ਸਮਾਨ ਲੈਂ ਆਉਂਦੇ। ਪਰ ਥੁੜ੍ਹ ਵਧਦੀ ਜਾ ਰਹੀ ਸੀ ਦੁਪਹਿਰ ਤੱਕ ਜਦੋਂ ਮੀਂਹ ਕੁੱਝ ਹੱਟਿਆ ਤਾਂ ਅਸਮਾਨ 'ਚ ਹੈਲੀਕਾਪਟਰ ਆਇਆ ਲੋਕ ਹੱਥ ਅੱਡੀ ਸ਼ੈੱਡ ਤੋਂ ਬਾਹਰ ਆ ਗਏ। ਉੱਪਰੋਂ ਕੁੱਝ ਪੈੱਕਟ ਡਿੱਗੇ ਕੁੱਝ ਗਿੱਲੇ ਹੋ ਗਏ। ਕੁੱਝ ਲੋਕਾਂ ਦੀ ਆਪਸੀ ਖਿੱਚ-ਧੂਹ 'ਚ ਖਿੰਡ-ਪੁੰਡ ਗਏ ਥੋੜ੍ਹੇ ਲੋਕਾਂ ਪੱਲੇ ਪਏ। ਭੀੜ੍ਹ 'ਚ ਅਫਰਾ-ਤਫ਼ਰੀ ਮਚ ਗਈ। ਹੈਲੀਕਾਪਟਰ ਫ਼ੌਜੀ ਪੋਸਟ ਦੇ ਬੈਕਸਾਇਡ (ਪਿੱਛੇ) ਤਾਰ ਨਾਲ ਵਲੀ ਥਾਂ 'ਤੇ ਬਣੇ ਹੈਲੀ-ਪੈਡ ਉੱਪਰ ਲੈਂਡ ਕਰ ਗਿਆ। ਲੋਕ ਪ੍ਰੇਸ਼ਾਨ ਕਿ ਜੇ ਜਹਾਜ ਇੱਥੇ ਹੀ ਉਤਰਾਨਾ ਸੀ ਤਾਂ ਸਮਾਨ ਹੱਥਾਂ 'ਚ ਹੀ ਫੜ੍ਹਾਂ ਦਿੰਦੇ...ਬੇਨਤੀ ਪਰ ਉਪਰੋਂ ਹੁਕਮ ਅਨੁਸਾਸ਼ਨ ਸੁਰੱਖਿਆ ਅਸੁਰੱਖਿਆ । ਦੋ ਦਿਨ ਇਵੇ ਹੀ ਚਲਦਾ ਗਿਆ। ਮੀਂਹ ਰੁਕ ਚੁੱਕਾ ਸੀ ਪਰ ਪਾਣੀ ਅਜੇ ਵੀ ਲੱਕ-ਲੱਕ ਤੱਕ ਘੁੰਮਣ-ਘੇਰੀਆਂ ਖਾਹ ਰਿਹਾ ਸੀ...ਪਿੰਡ ਜਾ ਰਹੀ ਬੰਦਿਆਂ ਦੀ ਟੋਲੀ ਨਾਲ ਆਕਾਸ਼ ਵੀ ਪਿੰਡ ਘਰ-ਬਾਹਰ ਦੇਖਣ ਗਿਆ। ਰਸਤੇ ਵਿੱਚ ਇਸ਼ਾਰਾ ਮਿਲਣ 'ਤੇ ਆਕਾਸ਼ ਪਿਛੇ ਰੁਕ ਗਿਆ। ਦੋ ਲੰਮੇ ਰੁੱਖਾਂ ਦੇ ਤਣੇ ਜੋੜ ਕੇ ਕਿਸਤੀ ਬਣਾਈ ਤਿੰਨ ਬੰਦੇ ਖੜੇ ਸਨ ਇੱਕ ਬੋਲਿਆ, "ਬਹੁਤ ਦੇਰ ਸੇ ਇਤਜ਼ਾਰ ਕਰ ਰਹੇ ਥੇ।" ਆਕਾਸ਼ ਨੇ ਸਾਰੀ ਵਿਥਿਆ ਸੁਣਾਈ, ਮੀਂਹ, ਪਿੰਡ ਫੌਜ, ਗਿੱਲੀ ਰੋਟੀ, ਸੁਰੱਖਿਆ ਅਸੁਰੱਖਿਆ। 'ਕੋਈ ਬਾਤ ਨਾ ਹਮ ਦੇਖਤੇ ਹੇ ਕੁਜ ਤੋ ਪ੍ਰਬੰਧ ਕਰਤੇ ਹੇ। ਗੁਦਾਮ ਉੱਚੀ ਜਗਾ ਪੇ ਹੇ ਸ਼ਾਤ ਰਹੋ। ਭੀੜ ਮਤ ਬਣਾਓ। ਯਹ ਰਾਸ਼ਨ ਲੈ ਜਾਓ। ਸੁਭਾ-ਸ਼ਾਮ ਚੱਕਰ ਲਗਾਓ। ਹਮ ਮਿਲਤੇ ਰਹੇਗੇ। ਸਭ ਠੀਕ ਹੋਗਾ।" ਇੰਨਾ ਕਹਿ ਉਹ ਸੰਘਣੇ ਜੰਗਲ ਵਿੱਚ ਆਲੋਪ ਹੋ ਗਏ। ਆਕਾਸ਼ ਨੂੰ ਸੰਘਣੇ ਰੁੱਖ ਕੋਲ ਡਿੱਗਦਾ ਥੈਲਾ ਚੇਤੇ ਆਇਆ। ਇੱਕ ਅਹਿਸਾਸ ਜਾਗਿਆ ਜੋ 'ਅਸਮਾਨੀ ਧੂੰਏ' ਵਾਂਗ ਛਿਲਾਵਾ ਨਹੀਂ ਸਗੋਂ ਜ਼ਮੀਨੀ ਪਾਣੀ ਵਰਗਾਂ ਨਿੱਘਾ ਅਪਣੱਤ ਭਰਪੂਰ ਹੈ।

ਚਾਰ-ਪੰਜ ਦਿਨਾਂ ਤੱਕ ਪਾਣੀ ਘੱਟਣ ਲੱਗਾ ਲੋਕ ਘਰਾਂ ਨੂੰ ਪਰਤਣ ਲੱਗਾ। ਅਕਾਸ਼ ਵੀ ਪਰਿਵਾਰ ਸਮੇਤ ਘਰ ਪਰਤ ਆਇਆ। ਘਰ ਉਜਾੜ ਬਣ ਗਏ ਸਨ। ਆਕਾਸ਼ ਨੇ ਗੰਗਾ ਅਤੇ ਬੱਚਿਆਂ ਨੂੰ ਬਾਹਰ ਖੜਾ ਕੇ ਘਰ ਦਾ ਮੁਆਇਨਾ ਸ਼ੁਰੂ ਕੀਤਾ। ਖੜਾਕ ! ਘਰ ਦੇ ਇੱਕ ਕਮਰੇ ਦੀ ਇੱਕ ਕੰਧ ਅਤੇ ਅੱਧੀ ਛੱਤ ਦੜੰਮ ਕਰ ਗਈ। ਚੀਕ ਚਿਹਾੜਾ ਪਿੰਡ ਵਾਸੀਆਂ ਦਾ ਝੁੰਮਟ ਆਕਾਸ਼ ਨੂੰ ਬਾਹਰ ਕੱਢਿਆ ਗਿਆ। ਇੱਕ ਲੱਤ ਬੁਰੀ ਤਰ੍ਹਾ ਟੁੱਟ ਚੁੱਕੀ ਦੋ-ਢਾਈ ਮਹੀਨੇ ਬਾਅਦ ਕੁੱਝ ਲੰਗੜਾ ਕੇ ਤੁਰਦਾ ਆਕਾਸ਼ ਦੁਕਾਨ ਦੀ ਸਫ਼ਾਈ ਕਰਨ ਲੱਗਾ। ਸੂਰਜ ਨੂੰ ਪਤਾ ਦੱਸ ਕੇ ਸਮਾਨ ਮੰਗਵਾਇਆ ਅਤੇ ਗੰਗਾ ਤੇ ਮੰਗਲ ਦਾ ਪੰਜਾਬ ਜਾਣ ਦਾ ਫੈਸ਼ਲਾ ਪਰਿਵਾਰ ਦਾ ਫ਼ੈਸਲਾ ਨਹੀ ਸਗੋਂ ਹਲਾਤਾਂ ਦਾ ਹੁਕਮ ਸੀ।

ਮੰਗਲ ਇਕਦਮ ਉੱਠਿਆਂ ਮੱਥੇ 'ਤੇ ਹੱਥ ਫੇਰਿਆ। ਪਸੀਨਾ ਸੀ ਜਾਂ ਤ੍ਰੇਲੀ ਜਾਂ ਫਿਰ ਮੀਂਹ ਕੁੱਝ ਪਤਾ ਨਾ ਲੱਗਾ।

ਦਿਨ ਵੇਲੇ ਭਾਈਚਾਰੇ ਦੇ ਗੁਰਦੁਆਰੇ 'ਚੋਂ ਆਈ ਸਪੀਕਰ ਦੀ ਅਵਾਜ਼ ਨੇ " ਸੁਰੱਖਿਅਤ ਕਰੋ।" ਨੇ ਕਈ ਸਾਲ ਪਹਿਲਾਂ ਫ਼ੌਜੀਆਂ ਕੋਲੋ ਸੁਣੇ ਸ਼ਬਦ ਕੰਨਾਂ ਵਿੱਚ ਗੂੰਜਣ ਲੱਗੇ ਤੇ ਇੱਕ ਵਾਰ ਫਿਰ ਸਭ ਰਸ਼ਤੇ ਬੰਦ ਜਾਪਣ ਲੱਗੇ। ਗੱਲ ਉਡਦੀ-ਉਡਦੀ ਪੁਲਸ ਕੋਲ ਪਹੁੰਚ ਗਈ। ਪੁਲਿਸ ਆਈ ਤੇ ਸਰਦਾਰ ਸਾਹਬ ਨੂੰ ਮਿਲਣ ਤੋਂ ਬਾਅਦ ਮੰਗਲ ਨੂੰ ਮਿਲ ਕੇ "ਕੋਈ ਨੀ ਕਰਦੇ ਆ ਹੱਲ ਜੇ ਕੋਈ ਪੱਤਰਕਾਰ-ਪੁਤਰਕਾਰ ਆਵੇ ਕੁੱਝ ਨੀ ਬੋਲਣਾ ਠੀਕ ਆ ।" ਅੱਜ ਸਾਰਾ ਦਿਨ ਹੀ ਭਾਈਚਾਰੇ ਵਾਲੇ ਲੋਕਾਂ ਨੇ ਆਪਣੇ ਸਮਸ਼ਾਨ-ਘਾਟ ਉੱਪਰ ਪਹਿਰਾ ਲਾਈ ਰੱਖਿਆ ਦੇਖੋ-ਦੇਖੀ ਜੱਟਾਂ-ਬ੍ਰਾਹਮਣਾਂ ਦੇ ਵੀ ਕੁੱਝ ਬੰਦੇ ਆਪਣੇ ਸਮਸ਼ਾਨ ਘਾਟ ਵਿੱਚ ਜਾ ਬੈਠੇ ਪਿੰਡ ਵਿੱਚ ਇੱਕ ਅਜੀਬ ਜਹੀ ਸਥਿਤੀ ਬਣੀ ਹੋਈ ਸੀ। ਮੰਗਲ ਦੀ ਝੁੱਗੀ ਕੋਲ ਅੱਜ ਪਿੰਡ ਦਾ ਕੋਈ ਨੀ ਆਇਆ। ਬਸ ਉਸਦੀ ਬਰਾਦਰੀ ਦੇ ਹੀ ਬੰਦੇ ਸਨ। ਦੇਰ ਸ਼ਾਮ ਤੱਕ ਕੁੱਝ ਨਾ ਹੋਣ ਕਰਕੇ ਉਹ ਵੀ ਉਦਾਸੀ-ਭਰੇ ਚਿਹਰੇ ਲੈ ਆਪਣੇ ਠਿਕਾਣਿਆਂ ਵੱਲ ਚਲੇ ਗਏ ਇਲਾਕੇ ਦਾ ਇਕ ਰਿਪੋਟਰ ਵੀ ਪਿੰਡ ਆਇਆ ਜੋ ਦੋ ਅਖ਼ਬਾਰਾਂ ਅਤੇ ਇੱਕ ਟੀ.ਵੀ. ਚੈਨਲ ਲਈ ਕੰਮ ਕਰਦਾ ਹੈ। ਉਹ ਸਰਪੰਚ ਦੇ ਘਰ ਚਾਹ ਪੀ ਕੇ ਵਾਪਿਸ ਚਲਾ ਗਿਆ। ਉਹ ਜਾਂਦੇ-ਜਾਂਦੇ ਸ਼ਹਿਰ ਦੇ ਸ਼ਮਸ਼ਾਨ ਘਾਟ ਦੀ ਸਲਾਹ ਦੇ ਗਿਆ ਪਰ ਜੈਮਲ ਸਿੰਘ ਇਸ ਗੱਲ ਨੂੰ ਸ਼ਹਿਰ ਅਤੇ ਅਖ਼ਬਾਰ ਦੀ ਸੁਰਖ਼ੀ ਨਹੀਂ ਬਣਨਾ ਚਾਹੁੰਦਾ ਸੀ!

ਦਿਨ ਚੜ੍ਹਦੇ ਸਾਰ ਫਿਰ ਓਹੀ ਬੇਚੈਨੀ ਤੇ ਬੰਦ ਰਸਤੇ ਵਾਲੀ ਸਥਿਤੀ ਸਾਹਮਣੇ ਸੀ। "ਆਜ ਤੀਸਰਾ ਦਿਨ ਹੋ ਗਿਆ ਅੰਮਾਂ ਕੋ ਚਲ ਵਸੇ ਕੋ ਕੁਛ ਤੋ ਕਰੋ ਮੰਗਲ।"

"ਹਾਂ ਮੈਂ ਬਸ ਅਭੀ ਜਾ ਕਰ ਸਰਦਾਰ ਸੇ ਬਾਤ ਕਰਤਾ ਹੂੰ ਤੁਮ ਬੱਚੋ ਕੋ ਬਰਫ਼ ਲਾਨੇ ਕੋ ਕਹੋ।"

"ਮੰਗਲ ਓਏ ਮੰਗਲ।" ਖੁੱਲੀ ਦਾੜ੍ਹੀ ਛੱਡੀ ਜੈਮਲ ਸਿੰਘ ਝੁੱਗੀ ਦੇ ਬਾਹਰ ਚਾਰ-ਪੰਜ ਬੰਦੇ ਲਈ ਖੜ੍ਹਾ ਸੀ।

"ਜੀ ਸਰਦਾਰ ਜੀ ਮੈਂ ਆਪ ਕੀ ਔਰ ਹੀ ਆਨੇ ਵਾਲਾ ਥਾ !"

"ਤੇਰਾ ਮਸਲਾ ਹੱਲ ਕਰਤਾ ਆਪਾਂ ਬਸ ਸੰਸਕਾਰ ਦੀ ਤਿਆਰੀ ਕਰੋ।"

'ਜੀ ਬਹੁਤ ਅੱਛੇ ! ਬਸ ਆਤੇ ਹੋਗੇ ਬਰਾਦਰੀਵਾਲੇ।" ਇਹ ਕਹਿੰਦਾ ਹੀ ਮੰਗਲ ਝੁੱਗੀ ਅੰਦਰ ਚਲਾ ਗਿਆ ਤੇ ਸਰਦਾਰ ਸਾਹਬ ਆਪਣੇ ਟੋਲੇ ਨਾਲ ਪਿੰਡ ਵਿੱਚ ਜਾ ਵੜਿਆ। ਗੰਗਾਂ ਨੂੰ ਇਹ ਗੱਲ ਸੁਣ ਕੇ ਚੰਗਾਂ ਲੱਗਿਆ। ਗਿਆਰਾਂ ਕੁ ਵਜੇ ਤੱਕ ਬਰਾਦਰੀ ਵਾਲੇ ਆ ਗਏ ਸਭ ਨੂੰ ਖੁਸ਼ੀ ਸੀ ਸੰਸਕਾਰ ਦੀ। ਗੰਗਾ ਦਾ ਮਾਤਮ ਕਿਧਰੇ ਵਹਿ ਗਿਆ ਸੀ। ਬਰਾਦਰੀ ਵਾਲਿਆਂ ਨੇ ਆਉਣ ਸਾਰ ਸੰਸਕਾਰ ਦੀ ਤਿਆਰੀ ਲਈ ਥਾਂ ਪੁੱਛੀ ਤਾਂ ਮੰਗਲ ਕਹਿੰਦਾ, "ਮੇ ਅਭੀ ਸਰਦਾਰ ਸਾਹਬ ਸੇ ਪੁਛ ਕਰ ਆਤਾ ਹੂੰ !"

ਅੱਧੇ ਘੰਟੇ ਬਾਅਦ ਹੀ ਮੰਗਲ ਵਾਪਿਸ ਝੁੱਗੀ ਵੱਲ ਆਇਆ। ਸ਼ਾਤ ਉਦਾਸ ਚੁੱਪ-ਚਾਪ ਝੁੱਗੀ ਅੰਦਰ ਗਿਆ ਤੇ ਅੰਮਾਂ ਦੀ ਦੇਹ ਕੋਲ ਬੈਠ ਗਿਆ ਸਾਰੇ ਉਸਨੂੰ ਸਵਾਲ ਪੁੱਛ ਰਹੇ ਸਨ "ਕਿੱਥੇ ਕਿਵੇਂ ਕਦੋਂ ਕੀ ਹੋ ਗਿਆ।" ਪਰ ਉਹ ਅਬੋਲ ਚਿਹਰਾ ਬੇਵਸ।

ਕੁੱਝ ਸਮੇਂ ਬਾਅਦ ਸਰਦਾਰ ਤੇ ਚਾਰ-ਪੰਜ ਬੰਦੇ ਆਏ "ਮੰਗਲ ਕਿੱਥੇ ਆ ? ਬੁਲਾਓ ਜਰਾ ਉਸਨੂੰ।"

ਮੰਗਲ ਝੁੱਗੀ 'ਚੋਂ ਬਾਹਰ ਆਉਂਦਾ ਅਬੋਲ ਖੜਾ ਰਿਹਾ।

"ਦੇਖ ਬਈ ਮੰਗਲ ਜਗ੍ਹਾ ਮੈਂ ਸਾਫ਼ ਕਰਵਾ ਦਿੱਤੀ। ਜਮਾ ਸਾਫ਼ ਹੋਗੀ। ਹੁਣ ਜਲਦੀ ਕਰੋ ਦੇਖੋ ਦੇਹ ਦੀ ਬੇਕਦਰੀ ਨਾ ਕਰੋ। ਆਤਮਾ ਨੂੰ ਸ਼ਾਤੀ ਨੀਂ ਮਿਲਣੀ ਉਪਰੋ ਪੁਲਿਸ ਤੇ ਆਹ ਪੱਤਰਕਾਰ ਖਾਹਮ-ਖਾਹ ਕੰਮ ਸਾਰੇ ਰੁਕੇ ਪਏ ਨੇ ਜਲਦੀ ਕੰਮ ਨਬੇੜੋ ।" ਸਰਦਾਰ ਸਾਹਬ ਹੁਣ ਚੁੱਪ ਹੋਇਆ ਮੰਗਲ ਦਾ ਹੁੰਗਾਰਾ ਉਡੀਕ ਰਿਹਾ ਸੀ।

ਪਰ ਮੰਗਲ ਬਿਲਕੁਲ ਅਬੋਲ ਹੋ ਗਿਆ ਬਰਾਦਰੀ ਵਾਲੇ ਵੀ ਮੰਗਲ ਵੱਲ ਝਾਕ ਰਹੇ ਚਿੰਤਤ ਸਨ। ਮੰਗਲ ਦੇ ਇਸ ਤਰ੍ਹਾਂ ਸ਼ੀਤ ਹੋਣ 'ਤੇ ਅਚਾਨਕ ਉਹਨਾਂ 'ਚੋਂ ਇੱਕ ਬੰਦਾ ਬੋਲਿਆ "ਸਰਦਾਰ ਸਾਹਬ ਆਪ ਹਮ ਕੋ ਬਤਾਓ ਕਹਾ ਕਰਨਾ ਹੇ ਸੰਸਕਾਰ ? ਤਿਆਰੀ ਤੋ ਹਮ ਨੇ ਕਰਨਾ ਹੇਨਾ।"

"ਦੇਖੋ ਪਿੰਡ ਕੋਈ ਬੰਦਾ ਨੀ ਤਿਆਰ ਕਿ ਗੰਗਾ ਦਾ ਸਸਕਾਰ ਪਿੰਡ ਦੇ ਸੀਵੀਆ'ਚ ਹੋਵੇ ਸਾਰੇ ਆਪਣੇ ਆਪਣੇ ਸੀਵੀਆ ਦੀ ਰਾਖੀ ਬੈਠੇ ਨੇ ਮੈਂ ਬਥੇਰਾ ਸਮਝਾ ਲਿਆ ਵੀ ਕਰ ਲੈਣ ਦਿਓ ਪਰ ਕੋਈ ਨੀ ਮੰਨਦਾ ਅਣ ਸਰਦੇ ਨੂੰ ਮੈ ਹੱਡਾ-ਰੋੜੀ ਵਾਲੀ ਜਗ੍ਹਾ ਸਾਫ਼ ਕਰਵਾ ਦਿਤੀ ਏ। ਉੱਥੇ ਕਰ ਲੋ ਹੋਰ ਕੋਈ ਚਾਰਾ ਨੀਂ।"

ਇਹ ਸੁਣਦੇ ਸਾਰ ਮੰਗਲ ਦੀ ਬਰਾਦਰੀ ਵਾਲੇ ਸਾਰੇ ਅਬੋਲ ਹੋਏ। ਇੱਕ ਦੂਜੇ ਵੱਲ ਸਵਾਲੀਆਂ ਨਜ਼ਰਾਂ ਨਾਲ ਦੇਖਣ ਲੱਗ ਪਏ ਸਰਦਾਰ ਸਾਹਬ ਚਲੇ ਗਏ। ਕੁੱਝ ਸਮੇਂ ਬਾਅਦ ਬਰਾਦਰੀ ਵਾਲਿਆਂ ਨੇ ਮੰਗਲ ਨੂੰ ਪੁੱਛ ਹੀ ਲਿਆ ਕਿ ਹੁਣ ਕੀ ਕਰਨਾ , "ਸੂਰਜ ਬਈ ਆ ਆ ਰਹੇ ਹੇ।"

ਸਰਦਾਰ ਸਾਹਬ ਫਿਰ ਆ ਗਿਆ। ਸਾਰੀ ਗੱਲ ਉਸਨੂੰ ਦੱਸ ਦਿੱਤੀ ਗਈ "ਚਲੋ ਉਡੀਕ ਲਵੋ ਉਹਨੂੰ !" ਕਹਿ ਉਹ ਚਲਾ ਗਿਆ। ਸਰਦਾਰ ਦੇ ਚਿਹਰੇ 'ਚੇ ਹੁਣ ਹਲਕੀ ਮੁਸਕਾਨ ਸੀ। ਉਸਨੂੰ ਮਸਲਾ ਮੁਕਦਾ ਨਜ਼ਰ ਆ ਰਿਹਾ ਸੀ। ਉਡੀਕ ਦਾ ਮਤਲਬ 'ਸਹਿਮਤੀ' !

ਸੂਰਜ ਦਿਨ ਛਿਪਣ ਤੋਂ ਬਾਅਦ ਪਹੁੰਚਿਆਂ। ਮੰਗਲ ਭਰਾ ਦੇ ਗਲ ਲੱਗ ਕੇ ਰੋਇਆ ਤੇ ਸਾਰੀ ਵਿਥਿਆ ਉਸ ਨੂੰ ਸੁਣਾ ਦਿੱਤੀ। ਬਰਾਦਰੀ ਵਾਲੇ ਕੁੱਝ ਬੰਦੇ ਹੀ ਰਹਿ ਗਏ ਸਨ ਬਾਕੀ ਸਭ ਆਪਣੇ-ਆਪਣੇ ਠਿਕਾਣਿਆਂ 'ਤੇ ਚਲੇ ਗਏ ਸਨ। ਸਰਦਾਰ ਵੀ ਇੱਕ ਚੱਕਰ ਲਗਾ ਕੇ "ਚਲੋ ਭਾਈ ਹੁਣ ਸਵੇਰੇ ਜਲਦੀ ਸੰਸਕਾਰ ਕਰ ਦਿਓ।" ਕਹਿ ਕੇ ਚਲਾ ਗਿਆ। ਪਿੰਡ ਵਾਲਿਆ ਨੇ ਵਾਰੋ-ਵਾਰੀ ਪਹਿਰਾ ਜਾਰੀ ਰੱਖਿਆ ਹੋਇਆ ਸੀ ਦੇਰ ਰਾਤ ਸੂਰਜ ਨੇ ਮੰਗਲ, ਗੌਰੀ ਤੇ ਬਰਾਦਰੀ ਦੇ ਰਹਿ ਗਏ ਬੰਦਿਆਂ ਨੂੰ ਝੁੱਗੀ ਅੰਦਰ ਬੁਲਾ ਲਿਆ ਕੁੱਝ ਸਮੇਂ ਬਾਅਦ ਬਾਹਰ ਆਏ ਤੇ ਝੁੱਗੀ ਨਾਲ ਪਏ ਬਾਲਣ 'ਚੋਂ ਸੱਤ-ਅੱਠ ਮੋਟੀਆਂ ਡਾਂਗਾ ਕੱਢ ਇੱਕ ਪਾਸੇ ਤੋਂ ਢਾਕ ਓਏ ਨਾਲ ਘੜ ਕੇ ਨੇਜੇ ਵਾਂਗ ਤਿੱਖੀਆਂ ਕਰ ਲਈ ਆਂ। ਬੱਚਿਆਂ ਨੂੰ ਝੁੱਗੀ ਤੋਂ ਬਾਹਰ ਕੱਢ ਪਰੇ ਲਿਟਾ ਦਿੱਤਾ। ਬਾਲਣ ਝੁੱਗੀ ਦੇ ਅੰਦਰ ਰੱਖ ਦਿੱਤਾ। ਕੁੱਝ ਉੱਪਰ ਨੇੜੇ ਪਈ ਪਰਾਲੀ ਦੀਆਂ ਪੂਲੀਆਂ ਨਾਲ ਝੁੱਗੀ ਭਰ ਅੱਗ ਲਗਾ ਦਿੱਤੀ। ਸੂਰਜ, ਮੰਗਲ ਤੇ ਬਰਾਦਰੀ ਦੇ ਬੰਦੇ ਆਲੇ-ਦੁਆਲੇ ਘੜੀਆਂ ਸੋਟੀਆਂ ਤਣੀ ਰੋਜਾਂ ਵਾਂਗ ਘੇਰਾ ਘੱਤ ਕੇ ਡੱਟ ਗਏ। ਪਿੰਡ 'ਚ ਰੌਲਾ ਪੈ ਗਿਆ। ਸਰਦਾਰ ਸਰਦਾਰਦਾ ਪਰਿਵਾਰ ਪਿੰਡ ਵਾਲੇ ਭੱਜੇ ਆਏ। ਪਰ ਦਗਦੇ ਚਿਹਰੇ। ਹੱਥਾਂ 'ਚ ਡਾਂਗਾਂ ਬਲਦੀ ਝੁੱਗੀ ਦੀ ਪਰਿਕਰਮਾ ਨੇੜੇ ਜਾਣ ਦੀ ਕਿਸੇ ਨੇ ਹਿੰਮਤ ਨਾ ਕੀਤੀ। ਬਲਦੀ ਝੁੱਗੀ ਦੀ ਲਾਟ ਦੇ ਪਤੰਗੇ ਪ੍ਰੀਤਮ ਸਿੰਘ ਦੀ ਕੋਠੀ ਉੱਪਰ 'ਜਹਾਜ ਟੈਂਕੀ' ਦੀਆਂ ਰੰਗ-ਬਰੰਗੀਆਂ ਲਾਇਟਾਂ ਨੂੰ ਮੱਧਮ ਕਰਦੇ ਅਸਮਾਨ ਵਿੱਚ ਤਾਰਿਆਂ ਨਾਲ ਇਕ ਮਿਕ ਹੋ ਰਹੇ ਸਨ !? ਜਿਉਂ ਆਕਾਸ਼ ਅਤੇ ਗੰਗਾਂ !? **

**ਸੰਪਰਕ: 9815382216**

# ਜਨ ਬੋਧ


ਡਾ. ਸੇਵਾ ਸਿੰਘ


ਪ੍ਰਕਾਸ਼ ਕੌਰ ਸੰਧੂ

## ਬੋਧਾਂ ਦੇ ਜਨਵਿਮਰਸ਼ਾਂ ਦਾ ਬ੍ਰਾਹਮਣੀਕਰਨ

**ਮੂਲ : ਡਾ. ਸੇਵਾ ਸਿੰਘ**

**ਅਨੁਵਾਦ : ਪ੍ਰਕਾਸ਼ ਕੌਰ ਸੰਧੂ**

**2.1 ਅਨਾਤਮਵਾਦ :**

ਜੇਕਰ ਆਤਮਵਾਦ ਦੇ ਸਰੋਕਾਰ ਵਰਣਭੇਦਮੂਲਕ ਸਮਾਜ ਵਿਵਸਥਾ ਨਾਲ ਜੁੜੇ ਹੋਏ ਸਨ ਤਾਂ ਇਸੇ ਦੌਰ ਵਿੱਚ ਬੋਧਾਂ ਦਾ ਅਨਾਤਮਵਾਦ ਸਮਤਾਮੂਲਕ ਜਨਜਾਤੀਆਂ ਦੇ ਦਮਨ ਦੇ ਖ਼ਿਲਾਫ਼ ਇੱਕ ਜਬਰਦਸਤ ਪ੍ਰਤਿਰੋਧ ਦੇ ਰੂਪ ਵਿੱਚ ਪ੍ਰਗਟ ਹੋ ਰਿਹਾ ਸੀ। ਅਸੀਂ ਦਸ ਚੁੱਕੇ ਹਾਂ ਕਿ ਇਸ ਕਾਲ ਖੰਡ ਵਿੱਚ ਜਨਜਾਤੀਆਂ ਦੇ ਅਵਸ਼ੇਸਾਂ ਤੇ ਹੀ ਰਾਜ ਸੱਤਾਵਾਂ ਦਾ ਉਦੇ ਹੋਇਆ ਸੀ ਅਤੇ ਰਾਜ ਸੰਰਖਣ ਵਿੱਚ ਉਪਨਿਸ਼ਦਾਂ ਦੇ ਰਿਸ਼ੀਆਂ ਦਾ ਆਤਮਵਾਦ ਇਸ ਨਵੀਂ ਵਿਵਸਥਾ ਦਾ ਸੰਸਕ੍ਰਿਤਿਕ ਆਧਾਰ ਸੀ।

ਮਹਾਤਮਾ ਬੁੱਧ ਦਾ ਅਨਾਤਮਾ ਦੇ ਸੰਬੰਧ ਜਿਸ ਵਿੱਚ ਸਭ ਤੋਂ ਪਹਿਲਾਂ ਮਹਾਵਾਕ ਪੰਜਵਰਨੀ ਸਾਧੂਆਂ ਨੂੰ ਸੰਮਬੋਧਿਤ ਸੀ ਜੋ 'ਅਨਤੱਲਕਖੱਣ-ਸੁਤ' ਦੇ ਰੂਪ ਵਿੱਚ ਵਿਨੇਪਿਟਕ ਦੇ ਮਹਾਵੱਗ ਵਿਚ ਸ਼ਾਮਲ ਹੈ। ਬੁੱਧ ਦਾ ਕਹਿਣਾ ਹੈ, 'ਇਹ ਸਰੀਰ ਅਮਰ ਆਤਮਾ ਨਹੀਂ ਹੈ, ਕਿਉਂਕਿ ਇਹ ਨਾਸ਼ਵਾਨ ਹੈ, ਅਤੇ ਨਾ ਹੀ ਭਾਵਨਾ, ਪ੍ਰਤੱਖ, ਮਨੋਬਿਰਤੀ ਅਤੇ ਬੁੱਧੀ ਸਾਰੇ ਮਿਲ ਕੇ ਆਤਮਾ ਦਾ ਨਿਰਮਾਣ ਕਰ ਸਕਦੇ ਹਨ ਕਿਉਂਕਿ ਜੇਕਰ ਅਜਿਹਾ ਹੁੰਦਾ ਤਾਂ ਇਹ ਕਦੇ ਵੀ ਸੰਭਵ ਨਾ ਹੁੰਦਾ ਕਿ ਚੇਤਨਾ ਵੀ ਉਸੇ ਤਰ੍ਹਾਂ ਨਸ਼ਟ ਹੋਣ ਦੀ ਹਾਲਤ ਵਲ ਵਧਦੀ। ... ਸਾਡੇ ਰੂਪ, ਭਾਵਨਾ, ਪ੍ਰਤੱਖ ਮਨੋਵ੍ਰਿਤੀ ਇਹ ਸਭ ਖਿਣ ਭਰ ਲਈ ਹਨ ਅਤੇ ਇਸ ਲਈ ਸਥਾਈ ਤੇ ਕਲਿਆਣਕਾਰੀ ਨਹੀਂ ਹਨ। ਇਹ ਜੋ ਖਿਣ ਭਰ ਲਈ ਹੈ, ਨਿਰਗੁਣ ਅਤੇ ਪਰਿਵਰਤਨ ਦੇ ਅਧੀਨ ਹੈ, ਇਸ ਲਈ ਅਮਰ ਆਤਮਾ ਨਹੀਂ ਹੋ ਸਕਦਾ। ਇਸ ਲਈ ਸਾਰੇ ਭੌਤਿਕ ਰੂਪਾਂ ਦੇ ਵਿਸ਼ੇ ਵਿਚ ਭਾਵੇਂ ਉਹ ਕਿਹੋ ਜਿਹੇ ਵੀ ਹੋਣ, ਭੂਤ, ਵਰਤਮਾਨ ਅਤੇ ਭਾਵੀ, ਵਸਤੂਪਰਕ ਜਾਂ ਵਸਤੂਪਰਕ ਨਾ ਹੋਣਾ ਦੂਰ ਜਾਂ ਨੇੜੇ ਉੱਚੀ ਜਾਂ ਨੀਵੇਂ , ਇਹੀ ਧਾਰਨਾ ਰੱਖਣੀ ਚਾਹੀਦੀ ਹੈ ਕਿ ਇਹ ਮੇਰਾ ਨਹੀਂ ਹੈ, ਇਹ ਮੈਂ ਨਹੀਂ ਹਾਂ, ਇਹ ਮੇਰੀ ਅਮਰ ਆਤਮਾ ਨਹੀਂ ਹੈ।[1] ਜਿਵੇਂ, ਜੇਕਰ ਕੋਈ ਵਿਅਕਤੀ ਦੇਸ਼ ਦੀ ਸਭ ਤੋਂ ਸੁੰਦਰ ਔਰਤ ਨਾਲ ਪਿਆਰ ਕਰਦਾ ਹੋਵੇ, ਪਰ ਨਾ ਤਾਂ ਉਸਦੇ ਗੁਣਾਂ ਨੂੰ ਜਾਣਦਾ ਹੋਵੇ, ਨਾ ਉਸਦੇ ਰੰਗ-ਰੂਪ ਨੂੰ ਨਾ ਹੀ ਉਸਨੂੰ ਉਸਦੇ ਕੱਦ ਦਾ ਪਤਾ ਹੋਵੇ ਕਿ ਉਹ ਵੱਡੀ ਹੈ, ਛੋਟੀ ਹੈ ਜਾਂ ਦਰਮਿਆਨੀ ਹੈ ਅਤੇ ਨਾ ਹੀ ਉਸਦੇ ਨਾਂ ਗੋਤ ਨੂੰ ਜਾਣਦਾ ਹੋਵੇ, ਅਜਿਹੇ ਮਰਦ ਦਾ ਆਚਰਨ ਦੁਨੀਆ ਵਿਚ ਬਿਲਕੁਲ ਹਾਸੋਹੀਣਾ ਹੈ। ਉਸੇ ਤਰ੍ਹਾਂ ਆਤਮਾ ਦੇ ਗੁਣ ਅਤੇ ਧਰਮ ਨੂੰ ਬਿਨਾ ਜਾਣੇ, ਉਸਦੇ

ਪਰਲੋਕ ਵਿੱਚ ਸੁਖ ਦੀ ਪ੍ਰਾਪਤੀ ਦੀ ਇੱਛਾ ਨਾਲ ਜੋ ਵਿਅਕਤੀ ਯੱਗ ਆਦਿ ਕਰਦਾ ਹੈ, ਉਹ ਵੀ ਉਸੇ ਤਰ੍ਹਾਂ ਦਾ ਹੁੰਦਾ ਹੈ। ਮਹੱਲ ਦੀ ਸਥਿਤੀ ਨੂੰ ਜਾਣੇ ਬਿਨਾਂ ਜੋ ਵਿਅਕਤੀ ਚੁਰਸਤੇ ਦੇ ਉੱਪਰ ਚੜ੍ਹਨ ਦੇ ਲਈ ਪੌੜੀਆਂ ਬਣਾਏ, ਭਲਾ ਉਸਤੋਂ ਵੱਧ ਮੂਰਖ ਕੌਣ ਹੋ ਸਕਦਾ ਹੈ। ਸੱਤਾਹੀਣ ਪਦਾਰਥ ਦੀ ਪ੍ਰਾਪਤੀ ਦਾ ਯਤਨ ਪਰਮ ਮੂਰਖਤਾ ਨੂੰ ਦਰਸਾਉਂਦਾ ਹੈ। ਉਸੇ ਤਰ੍ਹਾਂ, ਅਸੱਤ ਆਤਮਾ ਦੇ ਮੰਗਲ ਲਈ, ਅਨੇਕਾਂ ਪ੍ਰਕਾਰ ਦੇ ਕਰਮਾਂ ਦਾ ਵਿਧਾਨ ਕਰਨਾ ਹੈ। ਉਪਨਿਸ਼ਦਾਂ ਦੀ ਅਮਰ ਆਤਮਾ ਦੇ ਪ੍ਰਤੀ ਬੁੱਧ ਦਾ ਦ੍ਰਿਸ਼ਟੀਕੋਣ ਹੈ, [2] ਜੋ ਇਹ ਮੇਰੀ ਆਤਮਾ ਅਨੁਭਵ ਕਰਤਾ, ਅਨੁਭਵ ਦਾ ਵਿਸ਼ਾ ਹੈ ਅਤੇ ਇੱਥੇ-ਉੱਥੇ ਆਪਣੇ ਭਲੇ-ਬੁਰੇ ਕਰਮਾਂ ਦੇ ਵਿਸ਼ੇ ਨੂੰ ਅਨੁਭਵ ਕਰਦੀ ਹੈ, ਉਹ ਮੇਰੀ ਆਤਮਾ ਅਮਰ, ਸਥਾਈ, ਨਿਰੰਤਰ ਅਤੇ ਕਦੇ ਨਾ ਬਦਲਣ ਵਾਲੀ ਹੈ, ਅਨੰਤ ਸਾਲਾਂ ਤੀਕ ਰਹੇਗੀ-'ਹੇ ਭਿਕਸ਼ੂਓ ! ਇਹ ਬਿਲਕੁਲ ਬਾਲ ਧਰਮ ਹੈ।' ਅਨੇਕਾਂ ਹੋਰ ਥਾਵਾਂ ਤੇ ਪਾਲੀ ਦੇ ਅਨੇਕਾਂ ਸੂਤਰਾਂ ਵਿੱਚ ਅਨਾਤਮਵਾਦ ਨੂੰ ਬੁੱਧ ਦਾ ਸ਼੍ਰੇਸ਼ਟ ਆਦੇਸ਼ ਘੋਸ਼ਿਤ ਕਰਦਿਆਂ ਹੋਇਆਂ ਦੱਸਿਆ ਗਿਆ ਹੈ ਕਿ "ਅਨਾਤਮ ਨੂੰ ਸਵੀਕਾਰ ਕਰਨ ਤੇ ਹੀ ਮਨੁੱਖ ਨਿਮਿੱਤ ਅਤੇ ਪ੍ਰਕਿਰਤ (ਪ੍ਰਕਿਰਤੀ ਤੋਂ ਪੈਦਾ ਹੋਇਆ) ਦੇ ਪੰਜ ਤੱਤਾਂ ਦਾ ਵਾਸਤਵਿਕ ਗਿਆਨ ਪ੍ਰਾਪਤ ਕਰਦਾ ਹੈ। ਉਸਨੂੰ ਪੂਰਨ ਗਿਆਨ ਪ੍ਰਾਪਤ ਹੁੰਦਾ ਹੈ। ਅਨਾਤਮ ਦੇ ਕਾਰਣ ਉਸਨੂੰ ਸਾਰੇ ਧਰਮ ਠੀਕ ਤਰ੍ਹਾਂ ਵਿਖਾਈ ਦੇਣ ਲਗਦੇ ਹਨ। ਇਸ ਪ੍ਰਕਾਰ ਬੋਧ ਧਰਮ ਦਾ ਸੱਤਾ ਦੇ ਵਿਸ਼ੇ ਵਿੱਚ ਤਰਕ ਮੁੱਖ ਰੂਪ ਨਾਲ ਆਤਮਾ ਦੇ ਵਿਚਾਰ ਦੇ ਵਿਰੁੱਧ ਸਥਾਪਿਤ ਕੀਤਾ ਗਿਆ ਹੈ।

ਮੂਲ ਬੋਧ ਦਰਸ਼ਨ ਵਿੱਚ ਮਾਨਸਿਕ ਅਨੁਭਵ ਅਤੇ ਵਿਭਿੰਨ ਪ੍ਰਵਿਰਤੀਆਂ ਨੂੰ ਮੰਨਦਿਆਂ ਹੋਇਆਂ ਆਤਮਾ ਨੂੰ ਉਨ੍ਹਾਂ ਦੇ ਸਮੂਹ ਤੋਂ ਭਿੰਨ ਪਦਾਰਥ ਸਵੀਕਾਰ ਨਹੀਂ ਕੀਤਾ ਗਿਆ। ਬੁੱਧ ਦੇ ਅਨੁਸਾਰ ਇਸ ਵਿੱਚ ਭੌਤਿਕ ਅਵਸਥਾਵਾਂ 'ਰੂਪ' ਦੇ ਅੰਤਰਗਤ ਦੱਸੀਆਂ ਗਈਆਂ ਹਨ ਅਤੇ ਮਾਨਸਿਕ ਅਵਸਥਾਵਾਂ ਨੂੰ 'ਨਾਮ' ਕਿਹਾ ਗਿਆ ਹੈ। ਚੇਤਨਾ, ਵੇਦਨਾ ਅਤੇ ਸੰਸਕਾਰ 'ਨਾਮ' ਦੇ ਅੰਤਰਗਤ ਆਉਂਦੇ ਹਨ। ਰੂਪ, ਵੇਦਨਾ, ਚੇਤਨਾ, ਸੰਸਕਾਰ, ਅਤੇ ਵਿਗਿਆਨ, ਇਹ ਪੰਜ ਸੰਕੰਧ (ਗ੍ਰੰਥਾਂ ਦਾ ਅਧਿਆਏ ਆਦਿ) ਕਹੇ ਗਏ ਹਨ। ਜਿਸ ਤਰ੍ਹਾਂ ਵੱਖ-ਵੱਖ ਭਾਗਾਂ ਨੂੰ ਮਿਲਾ ਕੇ ਰੱਥ ਦਾ ਨਾਂ ਦਿੱਤਾ ਜਾਂਦਾ ਹੈ, ਉਸੇ ਤਰ੍ਹਾਂ ਪੰਜ ਸਕੰਧਾਂ ਦੇ ਆਧਾਰ ਤੇ ਵਿਅਕਤਿਤਵ ਦੀ ਪ੍ਰਾਪਤੀ ਹੁੰਦੀ ਹੈ। ਬੁੱਧ ਧਰਮ ਦਾ ਮੰਨਣਾ ਹੈ ਕਿ ਕਿਸੇ ਇੱਕ ਅਪਰਿਵਰਤਨੀ ਆਤਮਾ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ, ਕਿਉਂਕਿ ਅਸੀਂ ਕਿੰਨੀ ਵੀ ਕੋਸ਼ਿਸ਼ ਕਰੀਏ, ਸਾਨੂੰ ਪੰਜ ਸਕੰਧ ਹੀ ਵਿਖਾਈ ਦਿੰਦੇ ਹਨ, ਆਤਮਾ ਕਿਤੇ ਵਿਖਾਈ ਨਹੀਂ ਦਿੰਦੀ। ਜੇਕਰ ਆਤਮਾ ਇੱਕ ਹੈ, ਤਾਂ ਇਸ ਵਿੱਚ ਕੋਈ ਪਰਿਵਰਤਨ ਜਾਂ ਵਾਧਾ ਨਹੀਂ ਹੋਵੇਗਾ, ਨਹੀਂ ਤਾਂ ਮੰਨਣਾ ਪਵੇਗਾ ਕਿ ਇੱਕ ਪਲ ਵਿੱਚ ਆਤਮਾ ਇੱਕ ਸੁਭਾਉ ਛੱਡਦੀ ਹੈ, ਦੂਸਰਾ ਧਾਰਨ ਕਰਦੀ ਹੈ, ਜੋ ਕਿ ਮੰਨਿਆ ਨਹੀਂ ਜਾ ਸਕਦਾ।

ਬੁੱਧ ਦੇ ਤਤਕਾਲੀ ਹੋਰ ਦਾਰਸ਼ਨਿਕ ਵੀ ਸਨ ਜੋ ਉਪਨਿਸ਼ਦਾਂ ਦੀ ਅਮਰ ਆਤਮਾ ਦੇ ਉਲਟ ਨਿਰੰਤਰ ਪਰਿਵਰਤਨਸ਼ੀਲਤਾ ਤੇ ਜ਼ੋਰ ਦਿੰਦੇ ਸਨ। ਵਿਚਾਰਾਂ ਦੀ ਇਸ ਧਾਰਾ ਦੇ ਪ੍ਰਮੁੱਖ ਪਰਵਕਤਾ ਚਾਰਵਾਕ ਅਰਥਾਤ ਲੋਕਾਇਤ ਸਨ। ਉਪਨਿਸ਼ਦਾਂ ਵਿੱਚ ਜਿਸ ਵਸਤੂਵਾਦੀ ਦਰਸ਼ਨ ਦਾ ਪ੍ਰਸੰਗ ਚਾਰਵਾਕ ਜਾਂ ਉਸੇ ਪ੍ਰਕਾਰ ਦੇ ਹੋਰ ਦਰਸ਼ਨਾਂ ਵੱਲ ਸੰਕੇਤ ਕਰਦਾ ਹੈ, ਉਨ੍ਹਾਂ ਦਾ ਸਪਸ਼ਟ ਮਤ ਸੀ ਕਿ ਜੀਵਨ ਅਤੇ ਚੇਤਨਾ ਭੌਤਿਕ ਤੱਤਾਂ ਦੇ ਮਿਲਨ ਤੋਂ ਪੈਦਾ ਹੁੰਦੇ ਹਨ। ਅਨੁਮਾਨ ਵਿੱਚ ਉਨ੍ਹਾਂ ਦੀ ਆਸਥਾ ਨਹੀਂ ਹੈ। ਜੋ ਪ੍ਰਮਾਣ ਪ੍ਰਤੱਖ ਹੈ, ਉਹ ਸੱਚ ਹੈ, ਕਿਉਂਕਿ ਕਿਸੇ ਨਤੀਜੇ ਤੱਕ ਪਹੁੰਚਣ ਲਈ ਜਿਸ ਕਾਰਨ ਦਾ ਮਹੱਤਵ ਦਿੱਤਾ ਜਾਂਦਾ ਹੈ, ਉਹ ਫ਼ਲ ਉਸਦਾ ਕਾਰਨ ਨਾ ਹੋ ਕੇ ਇਹ ਵੀ

ਸੰਭਵ ਹੈ ਕਿ ਫ਼ਲ ਕਿਸੇ ਹੋਰ ਕਾਰਨ ਨਾਲ ਹੋਇਆਂ ਹੋਵੇ ਅਤੇ ਇਸ ਨਾਲ ਵਾਸਤਵਿਕ ਕਾਰਣ ਦਾ ਭੁਲੇਖਾ ਪੈ ਗਿਆ ਹੋਵੇ। ਚਾਰਵਾਕ ਦੇ ਮਤ ਅਨੁਸਾਰ ਇਹ ਸੰਸਾਰ ਚਾਰ ਤੱਤਾਂ ਧਰਤੀ, ਜਲ, ਹਵਾ ਅਤੇ ਅੱਗ ਨਾਲ ਬਣਿਆ ਹੋਇਆ ਹੈ। ਦੇਹ ਦਾ ਨਿਰਮਾਣ ਅਣੂ ਨਾਲ ਹੋਇਆ ਹੈ। ਇੱਥੇ ਕੋਈ ਆਤਮਾ ਨਹੀਂ ਹੈ, ਨਾ ਪਾਪ ਹੈ, ਨਾ ਪੁੰਨ। ਚਾਰਵਾਕਾਂ ਦਾ ਆਦਿ ਗ੍ਰੰਥ ਕਿਸੇ ਬ੍ਰਹਸਪਤੀ ਦੁਆਰਾ ਸੂਤਰ ਰੂਪ ਵਿੱਚ ਰਚਿਆ ਹੋਇਆਂ ਦੱਸਿਆ ਜਾਂਦਾ ਹੈ। ਜਯੰਤ ਅਤੇ ਗੁਣਰਤਨ ਦੇ ਇਸ ਗ੍ਰੰਥ ਤੋਂ ਦੋ ਸੂਤਰਾਂ ਦਾ ਉਦਾਹਰਨ ਦਿੱਤਾ ਹੈ। ਇਸ ਵਿਚਾਰਧਾਰਾ ਦੀ ਆਮ ਜਾਣਕਾਰੀ ਜਯੰਤ ਦੀ ਨਯਾਏਮੰਜਰੀ, ਮਾਧਵਾਚਾਰੀਆਂ ਦੇ ਸਰਵਦਰਸ਼ਨ ਸੰਗ੍ਰਹਿ ਅਤੇ ਗੁਣਰਤਨ ਦੀ ਤਰਕ ਰਹਿਸਯੇਦੀਪਿਕਾ ਵਿੱਚ ਉਪਲਬਧ ਹੈ। ਇਸੇ ਤਰ੍ਹਾਂ ਬੋਧ ਗ੍ਰੰਥਾਂ ਵਿੱਚ ਅਜਿੱਤ ਕੇਸਕੰਬਲੀ ਨਾਂ ਦੇ ਇੱਕ ਭੌਤਿਕਵਾਦੀ ਦਾ ਵਰਣਨ ਕਰਦਿਆਂ ਹੋਇਆਂ ਦੱਸਿਆ ਗਿਆ ਹੈ ਕਿ ਉਨ੍ਹਾਂ ਦੇ ਅਨੁਸਾਰ ਦਾਨ ਦੇਣ ਦਾ, ਹਵਨ ਕਰਨ ਦਾ ਕੋਈ ਫ਼ਲ ਨਹੀਂ ਹੈ। ਇਸੇ ਤਰ੍ਹਾਂ ਚੰਗੇ ਬੁਰੇ ਕਰਮਾਂ ਦਾ ਨਾਂ ਕੋਈ ਫ਼ਲ ਹੈ ਅਤੇ ਨਾ ਹੀ ਨਤੀਜਾ। ਇੱਥੇ ਵਿਅਕਤੀ ਨੂੰ ਚਤੁਰਮਹਾ ਭੌਤਿਕ ਮੰਨਿਆ ਗਿਆ ਹੈ। ਜਦੋਂ ਉਹ ਮਰਦਾ ਹੈ ਤਾਂ ਉਸਦਾ ਮਿੱਟੀ ਦਾ ਤੱਤ ਧਰਤੀ ਵਿੱਚ ਵਾਪਸ ਚਲਾ ਜਾਂਦਾ ਹੈ। ਪਾਣੀ, ਪਾਣੀ ਵਿੱਚ... ਅੱਗ-ਅੱਗ ਵਿੱਚ... ਵਾਯੂ-ਵਾਯੂ ਵਿੱਚ ਮਿਲ ਜਾਂਦੇ ਹਨ। ਇੰਦਰੀਆਂ ਆਕਾਸ਼ ਤੱਤ ਵਿੱਚ ਵਿਲੀਨ ਹੋ ਜਾਂਦੀਆਂ ਹਨ। ਫਿਰ ਹੱਡੀਆਂ ਕਬੂਤਰ ਦੇ ਰੰਗ ਦੀਆਂ ਹੋ ਜਾਂਦੀਆਂ ਹਨ। ਅਹੂਤੀਆਂ ਰਾਖ ਹੋ ਜਾਂਦੀਆਂ ਹਨ। ਮੂਰਖ ਹੋਵੇ ਜਾਂ ਪੰਡਤ, ਸਰੀਰ ਛੱਡਣ ਤੇ ਸਭ ਨਸ਼ਟ ਹੋ ਜਾਂਦੇ ਹਨ, ਮਰਨ ਤੋਂ ਬਾਅਦ ਕੁੱਝ ਨਹੀਂ ਰਹਿੰਦਾ।

**2.2 ਕਾਰਜ-ਕਾਰਣ ਵਾਦ (ਪ੍ਰਤੀਤਯੇਸਮੁਤਪਾਦ) :**

ਕਾਰਜ-ਕਾਰਣ ਅਨਾਤਮਵਾਦ ਦੇ ਨਾਲ ਬੁੱਧ ਦਾ ਮਹਾਨ ਕ੍ਰਾਂਤੀਕਾਰੀ ਸਿਧਾਂਤ 'ਕਾਰਜ-ਕਾਰਣ ਵਾਦ' ਸੰਬੰਧਿਤ ਸੀ, ਜਿਸਦੇ ਬਾਰੇ ਵਿੱਚ ਰਾਧਾ ਕ੍ਰਿਸ਼ਨਨ ਨੇ ਕਿਹਾ ਸੀ ਕਿ ਕਾਰਜ-ਕਾਰਣ ਵਾਦ ਦੇ ਰੂਪ ਵਿੱਚ ਗਤੀਵਾਦ ਨੂੰ ਸਥਾਪਿਤ ਕਰਨ ਵਾਲਾ ਇਹ ਉਹ ਸਿਧਾਂਤ ਹੈ, ਜਿਸਨੂੰ ਸਾਡੇ ਸਾਹਮਣੇ ਆਧੁਨਿਕ ਵਿਗਿਆਨ ਦੀਆਂ ਖੋਜਾਂ ਅਤੇ ਆਧੁਨਿਕ ਸਾਹਸੀ ਵਿਚਾਰਕਾਂ ਦੇ ਦੁਆਰਾ ਫਿਰ ਤੋਂ ਦੁਹਰਾਇਆ ਜਾ ਰਿਹਾ ਹੈ। ਪ੍ਰਕਿਰਤੀ ਦੇ ਵਿਸ਼ੇ ਵਿੱਚ ਵਿਦਉਚੁੰਬਕ ਸੰਬੰਧੀ ਸਿਧਾਂਤਾਂ ਨੇ ਭੌਤਿਕ ਸੱਤਾ ਦੇ ਸਰੂਪ ਵਿੱਚ ਕਰਾਂਤੀ ਪੈਦਾ ਕਰ ਦਿੱਤੀ ਹੈ। ਪ੍ਰਕਿਰਤੀ ਹੁਣ ਸਥਿਰ ਅਤੇ ਗਤੀਹੀਣ ਪਦਾਰਥ ਨਾ ਸਮਝ ਕੇ ਇੱਕ ਪ੍ਰਕਾਸ਼ਵਾਨ ਸ਼ਕਤੀ ਦੇ ਰੂਪ ਵਿੱਚ ਸਵੀਕਾਰ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਮਨੋਵਿਗਿਆਨਿਕ ਜਗਤ ਵਿੱਚ ਵੀ ਪਰਿਵਰਤਨ ਆ ਗਿਆ ਹੈ। ਐਮ ਬਰਗਸਾਂ ਆਪਣੇ ਆਧੁਨਿਕ ਗ੍ਰੰਥ 'ਮਾਈਂਡ ਐਨਰਜੀ' ਵਿੱਚ, ਮਾਨਸਿਕ ਸੱਤਾ ਦੇ ਸਿਧਾਂਤ ਵਿਚ 'ਪਰਿਵਰਤਨ' ਦਾ ਨਿਰਦੇਸ਼ ਕਰਦਾ ਹੈ। ਪਦਾਰਥਾਂ ਦੇ ਖਿਣਕ ਹੋਣ ਨੂੰ ਸਮਝਦਿਆਂ ਹੋਇਆਂ ਬੁੱਧ ਨੇ ਪਰਿਵਰਤਨ ਦੇ ਦਾਰਸ਼ਨਿਕ ਸਿਧਾਂਤ ਦੀ ਸਥਾਪਨਾ ਕੀਤੀ ਸੀ। ਪਦਾਰਥਾਂ, ਆਤਮਾਵਾਂ, ਆਪੇ ਪ੍ਰਗਟ ਹੋਏ ਜੀਵਾਂ, ਅਤੇ ਹੋਰ ਸਭ ਪਦਾਰਥਾਂ ਨੂੰ ਸ਼ਕਤੀਆਂ, ਗਤੀਆਂ, ਪਰਿਣਾਮਾਂ ਅਤੇ ਪ੍ਰਕਿਰਿਆਵਾਂ ਦੇ ਰੂਪ ਵਿੱਚ ਬਦਲਦਿਆਂ ਹੋਇਆਂ ਯਥਾਰਥ ਸੱਤਾਂ ਦੇ ਗਤੀਸ਼ੀਲ ਵਿਚਾਰ ਨੂੰ ਸਥਾਪਿਤ ਕੀਤਾ ਹੈ। ਜੀਵਨ, ਪਰਿਨਾਮ ਦੀਆਂ ਅਭਿਵਿਅਕਤੀਆਂ ਅਤੇ ਅਦਰਸ਼ਨਾਂ (ਛੁਪਾਓ) ਦੀ ਪਰੰਪਰਾ ਦੇ ਇਲਾਵਾ ਹੋਰ ਕੁਝ ਨਹੀਂ ਹੈ। ਇਹ ਪਰਿਨਾਮ ਦਾ ਇੱਕ ਤਰ੍ਹਾਂ ਦਾ ਪ੍ਰਵਾਹ ਹੈ। ਇੰਨਾ ਹੀ ਨਹੀਂ, ਪ੍ਰਾਰੰਭਕਾਲੀਨ ਗ੍ਰੀਕ ਦਰਸ਼ਨ ਦੇ ਖੇਤਰ ਵਿੱਚ ਜੋ ਕੰਮ ਹੇਰੇਕਲਾਈਟਸ ਨੇ ਕੀਤਾ ਸੀ, ਉਹੀ ਕੰਮ ਪ੍ਰਾਰੰਭਕਾਲੀਨ ਭਾਰਤੀ ਦਰਸ਼ਨ ਦੇ ਖੇਤਰ ਵਿੱਚ ਬੋਧਾਂ ਨੇ ਕੀਤਾ ਹੈ। ਮਹੱਤਵਪੂਰਨ

ਗੱਲ ਇਹ ਹੈ ਕਿ ਪਰਿਵਰਤਨ ਦੀ ਇਹ ਕਲਪਨਾ 'ਹੋਣਾਂ' ਜਾਂ 'ਨਾ ਹੋਣਾ' ਦੇ ਤਾਲਮੇਲ ਦਾ ਨਤੀਜਾ ਸੀ। ਬੁੱਧ ਨੇ ਕਿਹਾ, ਇਹ ਦੁਨੀਆ ਆਮਤੌਰ ਤੇ 'ਇਹ ਹੈ' ਅਤੇ 'ਇਹ ਨਹੀਂ ਹੈ' ਦੇ ਬਲ ਤੇ ਚਲਦੀ ਹੈ, ਲੇਕਿਨ ਜੋ ਵੀ ਵਿਅਕਤੀ ਇਸ ਗੱਲ ਦਾ ਸੱਚਾ ਗਿਆਨ ਪ੍ਰਾਪਤ ਕਰ ਲੈਂਦਾ ਹੈ ਕਿ ਵਸਤਾਂ ਪੈਦਾ ਕਿਵੇਂ ਹੁੰਦੀਆਂ ਹਨ, ਉਸਦੀ ਨਜ਼ਰ ਵਿਚ 'ਇਹ ਨਹੀਂ ਹੈ' ਖਤਮ ਹੋ ਜਾਂਦਾ ਹੈ ਅਤੇ ਜੋ ਵਿਅਕਤੀ ਇਸ ਗੱਲ ਦਾ ਸੱਚਾ ਗਿਆਨ ਪ੍ਰਾਪਤ ਕਰ ਲੈਂਦਾ ਹੈ ਕਿ ਵਸਤਾਂ ਨਸ਼ਟ ਕਿਵੇਂ ਹੁੰਦੀਆਂ ਹਨ, ਤਾਂ ਉਸਦੀ ਨਜ਼ਰ ਵਿੱਚ 'ਇਹ ਹੈ' ਖਤਮ ਹੋ ਜਾਂਦਾ ਹੈ।

ਬੋਧ ਮਤ ਅਨੁਸਾਰ ਕਿਤੇ ਵੀ ਕੋਈ ਚਿਰਸਥਾਈ ਸੱਤਾ ਨਹੀਂ ਹੈ। ਉਨ੍ਹਾਂ ਦੇ ਲਈ ਸਭ ਤੋਂ ਮੂਲਭੂਤ ਤੱਥ ਹੈ ਅੰਤਹੀਣ ਪਰਿਵਰਤਨ ਅਤੇ ਗਤੀ ਦਾ ਨਿਰੰਤਰ ਚੱਕਰ। ਜਨਮ ਦਾ ਕਾਰਨ ਇਹ ਹੈ ਕਿ ਹੋਂਦ ਦਾ ਅਲੋਪ ਹੁੰਦਾ ਰਹਿੰਦਾ ਹੈ। ਆਤਮਾ, ਜਿਸਦੀ ਪਰਿਭਾਸ਼ਾ ਇੱਕ ਚਿਰਸਥਾਈ ਜਾਂ ਮਹੱਤਵਪੂਰਨ ਵਸਤੂ ਦੇ ਰੂਪ ਵਿੱਚ ਕੀਤਾ ਜਾਂਦੀ ਹੈ, ਮੰਨਣ ਦਾ ਕੋਈ ਸੁਆਲ ਹੀ ਨਹੀਂ ਉੱਠਦਾ। ਬੋਧਾਂ ਦਾ ਇਹ ਦਵੰਦਾਤਮਿਕ ਦ੍ਰਿਸ਼ਟੀਕੋਣ ਸੀ। ਭਾਰਤ ਦੇ ਜਿੰਨ੍ਹਾਂ ਧਰਮਾਂ ਨੇ ਆਤਮਾ ਨੂੰ ਸਵੀਕਾਰ ਨਹੀਂ ਕੀਤਾ, ਉਨ੍ਹਾਂ ਵਿੱਚ ਬੋਧ ਧਰਮ ਦਾ ਆਪਣਾ ਖਾਸ ਥਾਂ ਹੈ। ਬੋਧ ਧਰਮ ਨੇ ਇਸ ਨਵੀਂ ਸ਼ੁਰੂਆਤ ਦੇ ਸੰਦਰਭ ਵਿੱਚ ਜਿਸ ਸਾਹਸ ਅਤੇ ਮੌਲਿਕਤਾ ਦਾ ਉਦਾਹਰਨ ਸਥਾਪਿਤ ਕੀਤਾ, ਉਹ ਉਸ ਸੰਪੂਰਨ ਵਿਭਿੰਨਤਾ ਵਿੱਚ ਸਪਸ਼ਟ ਹੈ, ਜਿਸਦੇ ਅਨੁਸਾਰ ਬੋਧ ਧਰਮ ਵਿਸ਼ਵ ਦੀਆਂ ਤਤਕਾਲਕ ਸਾਰੀਆਂ ਧਾਰਮਿਕ ਵਿਵਸਥਾਵਾਂ ਤੋਂ ਵੱਖ ਵਿਖਾਈ ਦਿੰਦਾ ਹੈ।

ਆਦਿ ਬੋਧਾਂ ਦਾ ਇਹ ਕਾਰਜ-ਕਾਰਣ ਵਾਦ ਅਸਲ ਵਿੱਚ ਕਾਰਣ-ਕਾਰਜ ਦਾ ਸਿਧਾਂਤ ਹੈ। ਇਸਦੇ ਨਾ ਹੋਣ ਤੇ ਇਹ ਨਹੀਂ ਹੁੰਦਾ, ਇਸਦੇ ਨਿਰੋਧ ਨਾਲ ਇਹ ਵੀ ਰੁੱਕ ਜਾਂਦਾ ਹੈ। ਪ੍ਰਤੀਤਯਸਮੁਤਪਾਦ (ਕਾਰਜ-ਕਾਰਣ) ਸ਼ਬਦ ਦਾ ਅਰਥ ਹੈ, ਪ੍ਰਮਾਣ ਨਾਲ ਉਤਪਤੀ ਦਾ ਨਿਯਮ। ਇਸਨੂੰ ਇਸ ਰੂਪ ਵਿੱਚ ਵੀ ਕਿਹਾ ਜਾ ਸਕਦਾ ਹੈ ਕਿ ਹਰੇਕ ਉਤਪਤੀ ਦਾ ਕਾਰਨ ਕੋਈ ਪ੍ਰਮਾਣ ਹੈ ਅਰਥਾਤ ਜਿਸਦੇ ਹੋਣ ਨਾਲ ਜੇ ਕੋਈ ਹੋਰ ਵਸਤੂ, ਦੂਸਰੀ ਵਸਤੂ ਹੋਵੇ ਤਾਂ ਉਹ ਪਹਿਲੀ ਵਸਤੂ, ਦੂਸਰੇ ਵਸਤੂ ਦਾ ਪ੍ਰਮਾਣ ਅਖਵਾਉਂਦੀ ਹੈ। ਇਸ ਪ੍ਰਕਾਰ ਪ੍ਰਮਾਣ-ਸੱਮਗਰੀ ਦੇ ਕਾਰਣ ਨਾਲ ਹੀ, ਉਸਦੇ ਬਿਨਾ ਨਹੀਂ, ਜੋ ਧਰਮਾਂ (ਪਦਾਰਥਾਂ) ਦਾ ਸਥਿਤੀ ਵਿੱਚ ਆਉਣਾ ਹੈ, ਉਹੀ ਕਾਰਜ-ਕਾਰਣ ਵਾਦ ਹੈ। ਕਾਰਜ ਕਾਰਣ ਵਾਦ ਦਾ ਪ੍ਰਸਥਾਨ ਬਿੰਦੂ ਇਹੀ ਹੈ ਕਿ ਨਾ ਉਤਪਤੀ ਆਪਣੇ ਆਪ ਹੁੰਦੀ ਹੈ ਅਤੇ ਨਾ ਬਿਨਾ ਕਾਰਣਾਂ ਦੇ ਹੀ, ਬਲਕਿ ਇਹ ਠੋਸ ਧਾਰਨਾ ਜਾਂ ਪ੍ਰਮਾਣਾਂ ਦੇ ਆਸਰੇ ਜਾਂ ਉਨ੍ਹਾਂ ਦੇ ਨਾਲ ਹੀ ਹੁੰਦੀ ਹੈ। ਇੱਥੇ ਬੁੱਧ ਦਰਸ਼ਨ ਵਿੱਚ ਪ੍ਰਮਾਣ ਅਤੇ ਕਾਰਣ ਸਮਾਨ ਅਰਥੀ ਪ੍ਰਤੀਤ ਹੁੰਦੇ ਹਨ, ਪਰੰਤੂ ਬੁੱਧ ਪ੍ਰਮਾਣ ਤੋਂ ਉਹੀ ਅਰਥ ਨਹੀਂ ਸਮਝਦੇ ਜੋ ਦੂਸਰੇ ਦਾਰਸ਼ਨਿਕ ਕਾਰਨ ਦਾ ਆਭਾਸ ਪ੍ਰਗਟ ਕਰਦੇ ਹਨ। ਬੁੱਧ ਦਾ ਪ੍ਰਤਯਯ ਅਜਿਹਾ ਕਾਰਨ ਹੈ ਜੋ ਕਿਸੇ ਵਸਤੂ ਜਾਂ ਘਟਨਾ ਦੇ ਪੈਦਾ ਹੋਣ ਤੋਂ ਪਹਿਲੇ ਖਿਣ ਸਦਾ ਲੁਪਤ ਹੁੰਦੇ ਵੇਖਿਆ ਜਾਂਦਾ ਹੈ।[3] ਪ੍ਰਤੀਤਯਮਮੁਤਪਾਦ (ਕਾਰਜ-ਕਾਰਣ ਵਾਦ) ਵਿੱਚ 'ਪ੍ਰਤੀ' ਦਾ ਅਰਥ ਹੈ 'ਪ੍ਰਾਪਤੀ ਇਣ' ਧਾਤੂਗਤ ਅਰਥ ਹੈ, ਪਰੰਤੂ ਉਪਸਰਗ ਧਾਤੂ ਦੇ ਅਰਥ ਨੂੰ ਬਦਲਦਾ ਹੈ। ਇਸ ਲਈ 'ਪ੍ਰਤੀ-ਈ' ਦਾ ਅਰਥ ਪ੍ਰਾਪਤੀ ਹੈ ਅਤੇ ਪ੍ਰਤੀਤਯ ਦਾ ਅਰਥ 'ਪ੍ਰਾਪਤ ਕਰ' ਹੈ। ਪਦ ਧਾਤੂ ਸੱਤਾਰਥਕ ਹੈ। ਸਮ-ਉਤ ਉਪਸਰਗ ਪੂਰਵਕ, ਇਸਦਾ ਅਰਥ 'ਪਾਦੁਰਭਾਵ' ਹੈ। ਇਸ ਲਈ ਪ੍ਰਤੀਤਯਸਮੁਤਪਾਦ ਪ੍ਰਾਪਤ ਹੋ ਕੇ ਪਾਦੁਰਭਾਵ (ਉਤਪਤੀ) ਹੈ। ਪ੍ਰਤਯਯ ਦੇ ਪ੍ਰਤੀ ਗਮਨ ਤੇ ਉਸਦਾ ਉਤਪਾਦ ਹੁੰਦਾ ਹੈ। ਪ੍ਰਤੀਤਯਸਤਮੁਪਾਦ ਸ਼ਬਦ ਦਾ ਅਰਥ ਇੱਕ ਸੂਤਰ ਵਿੱਚ ਪਤਾ ਲੱਗਦਾ ਹੈ। ਪਹਿਲੇ ਵਾਕ ਵਿੱਚ ਪ੍ਰਤੀਤਯੇ ਦੀ

ਅਵਧਾਰਣ ਹੈ, ਦੂਸਰੇ ਵਾਕ ਵਿੱਚ ਪ੍ਰਤੀਤਯ। ਬੁੱਧ ਦਾ ਕਾਰਜ-ਕਾਰਣ ਵਾਦ ਦ੍ਵੰਦਾਤਮਿਕਤਾ ਦਾ ਨਿਰਦੇਸ਼ ਦਿੰਦਾ ਹੈ। ਪਹਿਲੇ ਇਕਲਪਿਕ ਤੋਂ ਇਹ ਸਿੱਧ ਹੁੰਦਾ ਹੈ ਕਿ ਅਵਿੱਦਿਆ ਦੇ ਹੋਣ ਤੇ ਸੰਸਕਾਰ ਹੁੰਦੇ ਹਨ। ਦੂਸਰਾ ਵਿਕਲਪਿਕ ਪਹਿਲੇ ਵਿਕਲਪਿਕ ਦਾ ਨਿਰਮਾਣ ਕਰਦਾ ਹੈ, ਅਵਿੱਦਿਆ ਦੇ ਹੀ ਉਤਪਾਦ ਨਾਲ ਸੰਸਕਾਰਾਂ ਦਾ ਉਤਪਾਦਨ ਹੁੰਦਾ ਹੈ। ਇਸ ਪ੍ਰਕਾਰ ਵਿਖਾਉਣ ਦੇ ਲਈ ਵੀ ਪਰਯਾਯ-ਦਵਯ ਦਾ ਨਿਰਦੇਸ਼ ਹੈ। ਜਿਸ ਪ੍ਰਕਾਰ ਦੱਸਿਆ ਗਿਆ ਹੈ ਕਿ ਅਵਿੱਦਿਆ ਦੇ ਹੋਣ ਤੇ ਸੰਸਕਾਰ ਅਤੇ ਸੰਸਕਾਰ ਦੇ ਹੋਣ ਤੇ 'ਵਰਨਾ ਨਹੀਂ' ਵਿਗਿਆਨ ਪੈਦਾ ਹੁੰਦਾ ਹੈ।

ਇਹ ਦੰਵਦਾਤਮਿਕ ਕਾਰਜ-ਕਾਰਣ ਸਿਧਾਂਤ ਬੋਧ ਪੰਰਪਰਾ ਵਿੱਚ ਅਤਿਅੰਤ ਮਹੱਤਵਪੂਰਨ ਸਥਾਨ ਰੱਖਦਾ ਹੈ। ਦੱਸਿਆ ਜਾਂਦਾ ਹੈ ਕਿ ਸਮਿਯਕ ਸੰਬੋਧਣੀ (ਪੂਰਨ ਗਿਆਨ) ਨੂੰ ਪ੍ਰਾਪਤ ਕਰਨ ਦੇ ਸਮੇਂ ਹੀ ਗੌਤਮ ਨੂੰ ਇਸ ਮਹਾਨ ਸੱਚ ਦਾ ਪਤਾ ਲੱਗਾ ਸੀ। ਅਭਿਸੰਬੋਧਿ ਪ੍ਰਾਪਤ ਕਰਦਿਆਂ ਹੋਇਆਂ ਬੁੱਧ ਨੇ ਪਹਿਲੇ ਪਹਿਰ ਵਿੱਚ ਪੂਰਵ ਜਨਮਾਂ ਦਾ ਗਿਆਨ ਪ੍ਰਾਪਤ ਕੀਤਾ ਸੀ। ਵਿਚਕਾਰਲੇ ਪਹਿਰ ਵਿੱਚ ਦੈਵੀ ਦ੍ਰਿਸ਼ਟੀ ਪ੍ਰਾਪਤ ਕੀਤੀ ਅਤੇ ਅਖੀਰਲੇ ਪਹਿਰ ਵਿੱਚ ਕਾਰਜ-ਕਾਰਣ ਵਾਦ ਦਾ ਗਿਆਨ ਮਿਲਿਆ। ਕਾਰਜ-ਕਾਰਣ ਦਾ ਚਿੰਤਨ ਹੀ, ਉਸ ਪੂਰਨ ਗਿਆਨੀ ਪੁਰਸ਼ ਦਾ ਸਰਬ-ਪ੍ਰਥਮ ਧਿਆਨ ਸੀ। ਬੁੱਧਤਵ ਪ੍ਰਾਪਤ ਕਰਕੇ ਨਿਰਵਾਣ ਸੁਖ ਦਾ ਅਨੁਭਵ ਕਰਦਿਆਂ ਹੋਇਆਂ ਹਫ਼ਤੇ ਭਰ ਇੱਕ ਹੀ ਆਸਨ ਤੇ ਸਮਾਧੀ ਲਾ ਕੇ ਭਗਵਾਨ ਨੇ ਰਾਤ ਦੇ ਪਹਿਲੇ ਪਹਿਰ ਵਿੱਚ 'ਇਸਦੇ ਹੋਣ ਨਾਲ ਇਹ ਹੁੰਦਾ ਹੈ, ਇਸਦੇ ਪੈਦਾ ਹੋਣ ਨਾਲ ਇਹ ਪੈਦਾ ਹੋ ਜਾਂਦਾ ਹੈ' ਇਸ ਪ੍ਰਕਾਰ ਅਨੁਲੋਮ ਨਾਲ, ਮੱਧ ਪਹਿਰ ਵਿੱਚ 'ਇਸਦੇ ਨਹੀਂ ਹੋਣ ਨਾਲ ਇਹ ਨਹੀਂ ਹੁੰਦਾ ਹੈ, ਇਸਦੇ ਰੁਕ ਜਾਣ ਨਾਲ ਇਹ ਰੁਕ ਜਾਂਦਾ ਹੈ, ਇਸ ਪ੍ਰਕਾਰ ਪ੍ਰਤੀਲੋਮ ਨਾਲ ਅਤੇ ਅਖੀਰਲੇ ਪਹਿਰ ਵਿੱਚ 'ਇਸਦੇ ਹੋਣ ਨਾਲ ਇਹ ਹੁੰਦਾ ਹੈ, ਇਸਦੇ ਪੈਦਾ ਹੋਣ ਨਾਲ ਇਹ ਪੈਦਾ ਹੋ ਜਾਂਦਾ ਹੈ।' ਇਸਦੇ ਨਹੀਂ ਹੋਣ ਨਾਲ ਇਹ ਨਹੀਂ ਹੁੰਦਾ, ਇਸਦੇ ਰੁਕ ਜਾਣ ਨਾਲ ਇਹ ਰੁਕ ਜਾਂਦਾ ਹੈ, ਇਸ ਪ੍ਰਕਾਰ ਅਨੁਲੋਮ-ਪ੍ਰਤੀਲੋਮ, ਪ੍ਰਕਾਰ ਨਾਲ ਚਿੰਤਨ ਕੀਤਾ ਸੀ। ਬੁੱਧ ਆਪ ਇਸ ਕਾਰਜ-ਕਾਰਣ ਵਾਦ ਨੂੰ ਅਤਿਅੰਤ ਗੰਭੀਰਤਾ ਨਾਲ ਲੈਂਦੇ ਸਨ ਅਤੇ ਉਨ੍ਹਾਂ ਦਾ ਇਹ ਪੱਕਾ ਨਿਸ਼ਚਾ ਸੀ ਕਿ ਇਸ ਧਰਮ ਨੂੰ ਨਾ ਜਾਣਨ ਕਰਕੇ ਹੀ ਇਹ ਲੋਕ ਉਲਝੇ ਹੋਏ ਸੂਤ ਵਾਂਗ, ਗੰਢਾਂ ਵਾਲੀ ਰੱਸੀ ਵਾਂਗ ਦੁਖ, ਦੁਰਗਤ, ਪਤਨ ਤੇ ਵਿਨਾਸ਼ ਕਾਰਨ ਸੰਸਾਰ ਤੋਂ ਪਾਰ ਨਹੀਂ ਹੋ ਸਕਦੇ।

ਵੇਖਿਆ ਜਾ ਸਕਦਾ ਹੈ ਕਿ ਗੌਤਮ ਬੁੱਧ ਨੇ ਕਾਰਜ-ਕਾਰਣ ਦੇ ਇਸ ਸਿਧਾਂਤ ਨੂੰ ਉਨ੍ਹਾਂ ਦੇ ਪ੍ਰਸਿੱਧ ਚਾਰ ਆਰੀਆਂ ਸੱਤਾਂ ਦੇ ਸੰਦਰਭ ਵਿੱਚ ਹੀ ਪੇਸ਼ ਕੀਤਾ ਸੀ। ਇਹ ਚਾਰ ਆਰੀਆ ਸੱਤ ਹਨ-ਦੁਖਮ-ਇਸ ਸੰਸਾਰ ਦਾ ਜੀਵਨ ਦੁੱਖਾਂ ਨਾਲ ਭਰਿਆ ਹੋਇਆ ਹੈ, ਸਮੁਦਯ-ਇਸ ਦੁਖ ਦਾ ਕਾਰਨ ਮੌਜੂਦ ਹੈ, ਨਿਰੋਧ-ਇਸ ਦੁਖ ਤੋਂ ਵਾਸਤਵਿਕ ਮੁਕਤੀ ਮਿਲਦੀ ਹੈ; ਵਿਰੋਧ ਗਾਮਿਨੀ ਪ੍ਰਤੀਪਦ-ਦੁਖਾਂ ਦੇ ਨਾਸ਼ ਦੇ ਲਈ ਸੱਚਮੁੱਚ ਮਾਰਗ ਹੈ, ਜਿਸਨੂੰ ਗ੍ਰਹਿਣ ਕਰਕੇ ਜੀਵ ਸੰਸਾਰ ਵਿੱਚ ਮੌਜੂਦ ਦੁਖ ਦਾ ਹਰ ਤਰ੍ਹਾਂ ਨਾਲ ਨਿਰੋਧ ਕਰ ਸਕਦਾ ਹੈ। ਬੁੱਧ ਨੇ ਦੁਖ ਦੀ ਕਾਰਣਿਤਾ ਵਿੱਚ ਕਾਰਜ ਕਾਰਣ ਵਾਦ ਨੂੰ ਪਾਇਆ ਸੀ। ਇਸ ਸਿਧਾਂਤ ਤੋਂ ਉਨ੍ਹਾਂ ਦਾ ਭਾਵ ਸੀ, ਦੁੱਖ ਹੈ, ਕਾਰਨਾਂ ਦੇ ਸਮੇਤ ਹੀ ਉਹ ਹੈ ਅਤੇ ਕਿਹਾ ਗਿਆ ਕਿ ਇਨ੍ਹਾਂ ਕਾਰਨਾਂ ਦਾ ਨਿਰੋਧ ਕਰ ਦਿੱਤੇ ਜਾਣ ਤੇ ਦੁਖ ਪਰੰਪਰਾ ਵੀ ਰੁਕ ਜਾਂਦੀ ਹੈ। ਬੁੱਧ ਨੇ ਇੱਕ ਥਾਂ ਤੇ ਆਨੰਦ ਨੂੰ ਸੰਬੋਧਿਤ ਕਰਦੇ ਹੋਏ ਦੱਸਿਆ ਹੈ ਕਿ ਕੀ ਜਰਾ-ਮਰਣ (ਬੁਢਾਪਾ ਤੇ ਮੌਤ) ਦਾ ਕੋਈ ਕਾਰਨ ਹੈ? ਜੇਕਰ ਸੱਚ ਪੁੱਛੋ ਤਾਂ ਕਹਿਣਾ ਚਾਹੀਦਾ ਹੈ ਕਿ ਜਨਮ ਦੇ ਕਾਰਨ ਜਰਾ-ਮਰਣ ਹੈ ਆਦਿ। ਜੇਕਰ ਚਾਰ ਆਰੀਆ ਸੱਤਾਂ ਨੂੰ ਅਸੀਂ ਬੁੱਧ ਦੇ

ਮੂਲ ਸਿਧਾਂਤ ਮੰਨੀਏ ਅਤੇ ਅਨਆਤਮਵਾਦ ਨੂੰ ਬੋਧਾਂ ਦੀ ਤੱਤ ਸਥਾਪਨਾ, ਤਾਂ ਅਸੀਂ ਨਿਸ਼ਚੇ ਹੀ ਕਹਿ ਸਕਦੇ ਹਾਂ ਕਿ ਕਾਰਜ-ਕਾਰਣ ਇਨ੍ਹਾਂ ਦੁਹਾਂ ਦੀ ਵਿਚੋਲਗੀ ਕਰਦਾ ਹੈ। ਆਪਣੇ ਇੱਕ ਸਰੂਪ ਵਿੱਚ ਜਦੋਂ ਕਿ ਇਹ ਨਿਯਮ ਦੂਸਰੇ ਅਤੇ ਤੀਸਰੇ ਸੱਤ, ਦੁਖ ਸਮੁਦਾਇ ਅਤੇ ਦੁਖ ਨਿਰੋਧ ਦੀ ਹੇਤੁਸੰਮਤ ਵਿਆਖਿਆਂ ਕਰਦਾ ਹੈ ਅਤੇ ਸਥਿਰ ਕਾਰਜ-ਕਾਰਣ ਭਾਵ-ਸੰਬੰਧੀ ਨਿਯਮ ਦੇ ਅਧਾਰ ਤੇ ਦੁੱਖ ਨਿਰੋਧ ਵੀ ਸੰਭਵ ਹੈ ਵਿਖਾਉਂਦਾ ਹੈ, ਤਾਂ ਆਪਣੇ ਇਸ ਰੂਪ ਵਿੱਚ ਇਹ ਸਾਰੇ ਬਾਹਰੀ ਅਤੇ ਆਂਤਰਿਕ ਪਦਾਰਥਾਂ ਜਾਂ ਧਰਮਾਂ ਦੀ ਖਿਣਕ, ਨਸ਼ਵਰ ਅਤੇ ਪ੍ਰਤਯਯ ਸਪ੍ਰਤਪੰਨ ਵਿਖਾ ਕੇ ਉਸ ਵਿੱਚ ਅਨਾਤਮ ਬੁੱਧੀ ਦਾ ਸੰਚਾਰ ਕਰਦਾ ਹੈ ਜੋ ਦੁੱਖ ਅਤੇ ਯਾਤਨਾਵਾਂ ਦੇ ਨਿਰੋਧ ਦਾ ਇੱਕੋ-ਇੱਕ ਉਪਾ ਹੈ।

ਕਾਰਜ-ਕਾਰਣ ਦੇ ਬਾਰਾਂ ਭਾਗ ਹਨ ਅਤੇ ਇੱਕ ਦੂਸਰੇ ਦੇ ਕਾਰਨ ਪੈਦਾ ਹੁੰਦੇ ਹਨ। ਇਸਨੂੰ 'ਭਵਚੱਕਰ' ਵੀ ਕਿਹਾ ਜਾਂਦਾ ਹੈ। ਇਨ੍ਹਾਂ ਨੂੰ 'ਨਿਦਾਨ' ਵੀ ਕਿਹਾ ਗਿਆ ਹੈ। ਇਹ ਕ੍ਰਮ ਅਨੁਸਾਰ ਇਸ ਪ੍ਰਕਾਰ ਹਨ-ਅਵਿਦਿਆ, ਸੰਸਕਾਰ, ਵਿਗਿਆਨ, ਨਾਮਰੂਪ, ਛੇ ਇੰਦਰੀਆਂ, ਸਪਰਸ਼, ਵੇਦਨਾ, ਤ੍ਰਿਸ਼ਣਾ, ਉਪਾਦਾਨ, ਭਵ, ਜਾਤੀ ਅਤੇ ਜਰਾ। ਇਸ ਪ੍ਰਕਾਰ ਇਸ ਪੂਰਨ ਦੁਖ ਸਕੰਧ ਦਾ ਸਮੁਦਾਇ ਹੁੰਦਾ ਹੈ। ਇਹੀ ਕਿਹਾ ਜਾਂਦਾ ਹੈ, ਭਿਖਸ਼ੂਓ, ਕਾਰਜ-ਕਾਰਣ : ਫਿਰ ਅਵਿੱਦਿਆ ਦੇ ਰੁਕ ਜਾਣ ਤੇ ਸੰਸਕਾਰ ਰੁਕ ਜਾਂਦੇ ਹਨ, ਸੰਸਕਾਰਾਂ ਦੇ ਰੁਕ ਜਾਣ ਤੇ ਵਿਗਿਆਨ ਰੁਕ ਜਾਂਦਾ ਹੈ, ਵਿਗਿਆਨ ਦੇ ਰੁਕ ਜਾਣ ਤੇ ਨਾਮ-ਰੂਪ ਰੁਕ ਜਾਂਦੇ ਹਨ, ਨਾਮ-ਰੂਪ ਦੇ ਰੁਕ ਜਾਣ ਤੇ ਸ਼ਡਾਯਤਨ ਰੁਕ ਜਾਂਦੇ ਹਨ, ਸ਼ਡਾਯਤਨ ਦੇ ਰੁਕ ਜਾਣ ਤੇ ਸਪਰਸ਼ ਰੁਕ ਜਾਂਦਾ ਹੈ, ਸ਼ਪਰਸ਼ ਦੇ ਰੁਕ ਜਾਣ ਤੇ ਵੇਦਨਾ ਰੁਕ ਜਾਂਦੀ ਹੈ, ਵੇਦਨਾ ਦੇ ਰੁਕ ਜਾਣ ਤੇ ਤ੍ਰਿਸ਼ਣਾ ਰੁਕ ਜਾਂਦੀ ਹੈ, ਤ੍ਰਿਸ਼ਣਾ ਦੇ ਰੁਕ ਜਾਣ ਤੇ ਉਪਾਦਾਨ ਰੁਕ ਜਾਂਦਾ ਹੈ, ਉਪਾਦਾਨ ਦੇ ਰੁਕ ਜਾਣ ਤੇ ਭਾਵ ਰੁਕ ਜਾਂਦਾ ਹੈ, ਭਾਵ ਦੇ ਰੁਕ ਜਾਣ ਤੇ ਜਾਤੀ ਰੁਕ ਜਾਂਦੀ ਹੈ, ਜਾਤੀ ਦੇ ਰੁਕ ਜਾਣ ਤੇ ਜਰਾ-ਮਰਣ ਯੋਗ ਰੁਕ ਜਾਂਦਾ ਹੈ। ਇਸ ਪ੍ਰਕਾਰ ਇਹ ਸਪੂਰਨ ਦੁਖ-ਸਕੰਦ ਰੁਕ ਜਾਂਦਾ ਹੈ। ਇਹੀ ਕਿਹਾ ਜਾਂਦਾ ਹੈ, ਭਿਕਸ਼ੂ ! ਕਾਰਜ-ਕਾਰਣ ਵਾਦ। ਬਾਰ੍ਹਵੇਂ ਨਿਦਾਨ ਵਿੱਚ ਪ੍ਰਥਮ ਅਵਿੱਦਿਆ ਤੋਂ ਭਾਵ ਚਾਰ ਆਰੀਆ ਸੱਤਾਂ ਅਤੇ ਕਾਰਜ-ਕਾਰਣ ਸੰਬੰਧੀ ਅਗਿਆਨ ਹੈ।[4] ਬੁੱਧ ਨੇ ਆਪ ਇੱਕ ਥਾਂ ਤੇ ਦੱਸਿਆ ਹੈ ਕਿ ਚਾਰ ਆਰੀਆ ਸੱਚਾਈਆਂ ਦੇ ਨਸ਼ਟ ਹੋਣ ਨਾਲ ਇਸ ਪ੍ਰਕਾਰ ਲੰਮੇਂ ਸਮੇਂ ਤੋਂ ਮੇਰਾ ਅਤੇ ਤੇਰਾ ਇਹ ਆਵਾਗਮਨ ਜਾਰੀ ਹੈ, ਜਦੋਂ ਇਹ ਵੇਖ ਲਏ ਜਾਂਦੇ ਹਨ ਤਾਂ ਭਵ-ਨੇਤਰੀ ਦਾ ਨਾਸ ਹੋ ਜਾਂਦਾ ਹੈ, ਦੁਖਾਂ ਦੀ ਜੜ ਕੱਟੀ ਜਾਂਦੀ ਅਤੇ ਫਿਰ ਆਵਾਗਮਨ ਨਹੀਂ ਰਹਿੰਦਾ।[5] ਇਹ ਅਵਿੱਦਿਆ ਸੰਸਕਾਰਾਂ ਦੇ ਕਾਰਨ ਹੈ। ਅਵਿੱਦਿਆ ਨਾਲ ਹੀ ਸੰਸਕਾਰਾਂ ਦੀ ਉਤਪਤੀ ਹੁੰਦੀ ਹੈ। ਬੋਧ ਦਰਸ਼ਨ ਵਿੱਚ ਸੰਸਕਾਰਾਂ ਨੂੰ ਸਰੀਰਕ, ਵਾਚਿਕ (ਵਾਣੀ ਸੰਬੰਧੀ) ਅਤੇ ਮਾਨਸਿਕ ਚੇਤਨਾ ਕਿਹਾ ਗਿਆ ਹੈ, ਜੋ ਪੁਨਰ-ਜਨਮ ਦਾ ਕਾਰਨ ਬਣਦੀ ਹੈ। ਇਸ ਪ੍ਰਕਾਰ ਹੋਰ ਭਾਰਤੀ ਦਾਰਸ਼ਨਿਕਾਂ ਦੀ ਬਜਾਏ ਬੋਧਾਂ ਨੇ ਸੰਸਕਾਰਾਂ ਨੂੰ ਨਾਸ਼ਵਾਨ, ਦੁਖ ਰੂਪ ਅਤੇ ਅਨਾਤਮ ਦੱਸਿਆ ਹੈ। ਸੰਸਕਾਰਾਂ ਦੀ ਧਾਰਨਾ ਨਾਲ ਵਿਗਿਆਨ ਦੀ ਉਤਪਤੀ ਹੁੰਦੀ ਹੈ। ਇਨ੍ਹਾਂ ਬਾਰਾਂ ਨਿਦਾਨਾਂ ਵਿੱਚੋਂ ਹੀਨਯਾਨ (ਬੋਧ ਮਤ ਦੀ ਇੱਕ ਪੁਰਾਣੀ ਸ਼ਾਖਾ) ਦੇ ਅਨੁਸਾਰ ਪਹਿਲੇ ਦੋ ਦਾ ਅਤੀਤ ਨਾਲ ਸੰਬੰਧ ਦੱਸਿਆ ਗਿਆ ਹੈ, ਅਗਲੇ ਅੱਠ ਨੂੰ ਵਰਤਮਾਨ ਅਤੇ ਅਖੀਰਲੇ ਦੋ ਨੂੰ ਭਵਿੱਖ ਨਾਲ ਸੰਬੰਧਿਤ ਕਿਹਾ ਗਿਆ ਹੈ।

ਬੋਧ ਦਰਸ਼ਨ ਵਿੱਚ ਰੂਪ, ਵੇਦਨਾ, ਚੇਤਨਾ, ਸੰਸਕਾਰ ਅਤੇ ਵਿਗਿਆਨ-ਪੰਜ ਸਕੰਦਾਂ ਨੂੰ ਸਵੀਕਾਰ ਕੀਤਾ ਗਿਆ ਹੈ, ਜੋ ਸਾਡੀਆਂ ਸਾਰੀਆਂ ਮਾਨਸਿਕ ਅਤੇ ਭੌਤਿਕ ਗਤੀਵਿਧੀਆਂ ਨੂੰ

ਸੂਚਿਤ ਕਰਦੇ ਹਨ। ਇਨ੍ਹਾਂ ਵਿੱਚ ਰੂਪ ਦੇ ਇਲਾਵਾ ਬਾਕੀ ਚਾਰੇ ਸਕੰਦਾਂ ਨੂੰ ਨਾਮ ਕਿਹਾ ਜਾਂਦਾ ਹੈ।[6] ਬੁੱਧ ਨੇ ਦੱਸਿਆ ਹੈ ਕਿ ਜਿੰਨਾ ਵੀ ਰੂਪ ਹੈ, ਭੂਤ, ਵਰਤਮਾਨ, ਭਵਿੱਖ ਵਿੱਚ ਮੌਜੂਦ, ਅੰਦਰ, ਬਾਹਰ, ਸਥੂਲ ਜਾਂ ਸੂਖਮ, ਦੂਰ ਨੇੜੇ ਇਹ ਸਾਰੇ ਰੂਪ ਰੂਪ ਉਪਾਦਾਨਸਕੰਦ ਦੇ ਅੰਤਰਗਤ ਹਨ।[7] ਚਾਰਾਂ ਮਹਾਭੂਤਾਂ ਨੂੰ ਅਤੇ ਚਾਰੇ ਮਹਾਭੂਤਾਂ ਦੇ ਕਾਰਨ ਜੋ ਰੂਪ ਪੈਦਾ ਹੁੰਦਾ ਹੈ, ਉਸਨੂੰ ਰੂਪ-ਉਪਾਦਾਨ ਸਕੰਦ ਆਖਦੇ ਹਨ।[8] ਵਿਗਿਆਨ ਵੇਦਨਾ, ਚੇਤਨਾ ਸੰਸਕਾਰ ਨੂੰ 'ਨਾਮ' ਦੇ ਅੰਤਰਗਤ ਰੱਖਿਆ ਗਿਆ ਹੈ।

**ਜਨਜਾਤੀ ਗਣ ਵਿਵਸਥਾ :**

ਬੋਧਕਾਲ ਇੱਕ ਅਜਿਹਾ ਯੁੱਗ ਸੀ ਜਦੋਂ ਜਨਜਾਤੀ ਸੰਗਠਨਾਂ ਦੇ ਅੰਦਰ ਰਾਜ ਸੰਗਠਨਾਂ ਦਾ ਵਿਕਾਸ ਹੋਣਾ ਸ਼ੁਰੂ ਹੋਇਆ ਸੀ। ਬੁੱਧ ਆਪ ਸ਼ਾਕਯ ਸਨ। ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਉਸ ਵੇਲੇ ਸ਼ਾਕਯੇ ਜਨਜਾਤੀ ਚਰਨ ਵਿੱਚ ਸਨ, ਭਾਵੇਂ ਉਹ ਵਿਕਾਸ ਦੇ ਕਾਫੀ ਉੱਚ ਪੱਧਰ ਤੇ ਪਹੁੰਚ ਚੁੱਕੇ ਸਨ। 9 ਉਸ ਵਿੱਚ ਵੰਸ਼ ਦੇ ਅਨੁਸਾਰ ਰਾਜਾ ਬਣਾਉਣ ਦੀ ਕੋਈ ਪ੍ਰਥਾ ਨਹੀਂ ਹੋ ਸਕਦੀ ਸੀ। ਮਲੱਸ਼ੇਖਰ ਨੇ ਕਿਹਾ, "ਪ੍ਰਤੱਖ ਰੂਪ ਨਾਲ ਸ਼ਾਕਿਯਾਂ ਦਾ ਕੋਈ ਰਾਜਾ ਨਹੀਂ ਸੀ। ਉਨ੍ਹਾਂ ਦੀ ਗਣਤੰਤਰੀ ਸਰਕਾਰ ਸੀ ਅਤੇ ਸੰਭਵ ਹੈ ਕਿ ਸਮੇਂ ਸਮੇਂ ਤੇ ਨੇਤਾ ਦੀ ਚੋਣ ਹੁੰਦੀ ਸੀ।[10]

ਬੁੱਧ ਨੇ ਸ਼ਾਕਯ ਜਨਤਾਤੀ ਦਾ ਸਦੱਸ ਹੋਣ ਦੇ ਆਪਣੇ ਗੌਰਵ ਨੂੰ ਕਦੇ ਨਹੀਂ ਭੁਲਾਇਆ। ਗ੍ਰੰਥਾਂ ਵਿੱਚ ਉਨ੍ਹਾਂ ਦੇ ਲਈ ਸਭ ਤੋਂ ਜਿਆਦਾ ਪ੍ਰਚਲਿਤ ਅਤੇ ਵਿਸ਼ਸ਼ਟ ਸੰਬੋਧਨ ਸੀ-'ਸ਼ਾਕਯਪੁੱਤਰ'। ਜਨਜਾਤੀ ਵਿਵਸਥਾਵਾਂ ਨੂੰ ਉਨ੍ਹਾਂ ਦੇ ਆਪਣੇ ਜੀਵਨ ਕਾਲ ਵਿੱਚ ਹੀ ਨਵੀਆਂ ਉਦੇ ਹੋਣ ਵਾਲੀਆਂ ਰਾਜਸੱਤਾਵਾਂ ਤੋਂ ਖਤਰਾ ਪੈਦਾ ਹੋ ਗਿਆ ਸੀ ਅਤੇ ਜਨਜਾਤੀ ਵਿਵਸਥਾਵਾਂ ਦੀ ਵਿਸ਼ੇਸ਼ਤਾ ਸੀ ਲੋਕਤੰਤਰ।

ਕੌਟਿਲਯ ਦੇ ਅਰਥਸ਼ਾਸ਼ਤਰ ਤੋਂ ਸਾਨੂੰ ਸੰਕੇਤ ਮਿਲਦਾ ਹੈ ਕਿ ਜਦੋਂ ਤੱਕ ਮੁਕਤ ਸੰਘ ਸਨ ਜੋ ਸਿੱਧੇ ਸੈਨਿਕ ਹਮਲੇ ਨਾਲ ਨਸ਼ਟ ਨਹੀਂ ਕੀਤੇ ਜਾ ਸਕਦੇ ਸਨ ਅਤੇ ਆਂਢ-ਗੁਆਂਢ ਵਿੱਚ ਮੌਜੂਦ ਸਨ, ਉਦੋਂ ਤੱਕ ਉਦੇ ਹੋ ਰਹੇ ਰਾਜਾਂ ਦੀ ਸਥਿਤੀ ਮਜ਼ਬੂਤ ਹੋਣ ਦੀ ਕੋਈ ਆਸ ਨਹੀਂ ਸੀ। ਇਸਦੇ ਇਲਾਵਾ ਸੰਘਾਂ ਦੀ ਲੋਕਤੰਤਰੀ ਪ੍ਰਣਾਲੀ ਇਨ੍ਹਾਂ ਰਾਜਤੰਤਰਾਂ ਲਈ ਖਤਰਾ ਸੀ। ਇਸ ਪ੍ਰਕਾਰ ਜਿਨ੍ਹਾਂ ਰਾਜਸੱਤਾਵਾਂ ਦਾ ਉਦੇ ਤੋਂ ਰਿਹਾ ਸੀ, ਉਨ੍ਹਾਂ ਦੀ ਨੀਤੀ ਸੀ ਕਿ ਸੰਘਾਂ ਦਾ ਵਿਨਾਸ਼ ਕੀਤਾ ਜਾਵੇ। ਕੌਸਲ ਨੇ ਸ਼ਾਇਦ ਬੁੱਧ ਦੇ ਜੀਵਨ ਕਾਲ ਵਿੱਚ ਸ਼ਾਕਿਯਾਂ ਤੇ ਹਮਲਾ ਕੀਤਾ ਸੀ ਅਤੇ ਉਨ੍ਹਾਂ ਦੀਆਂ ਔਰਤਾਂ ਤੇ ਬੱਚਿਆਂ ਸਮੇਤ ਕਤਲੋਗਾਰਤ ਕੀਤਾ ਸੀ।

ਮਗਧ ਰਾਜ ਦਾ ਉਦੇ ਅਤੇ ਵਿਸਥਾਰ ਵੀ ਇਸੇ ਤਰ੍ਹਾਂ ਜਨਜਾਤੀ ਲੋਕਤੰਤਰਾਂ ਦੇ ਹਿੰਸਕ ਵਿਨਾਸ਼ ਨਾਲ ਹੀ ਹੋਇਆ ਸੀ। ਇੱਥੋਂ ਤੀਕ ਕਿ ਬੁੱਧ ਦੇ ਸਮੇਂ ਤੋਂ ਵੀ ਪਹਿਲਾਂ ਅੰਗ ਜਨਾਂ ਨੂੰ ਹਰਾ ਕੇ ਮਗਧ ਸ਼ਾਸਨ ਦੇ ਅਧੀਨ ਲਿਆਂਦਾ ਗਿਆ ਸੀ।

ਮਹੱਤਵਪੂਰਨ ਗੱਲ ਇਹ ਹੈ ਜਨਜਾਤੀ ਚਰਨ ਤੋਂ ਲੈ ਕੇ ਰਾਜ ਪੱਧਰ ਤੱਕ ਦੀ ਅਵਧੀ ਵਿੱਚ ਪ੍ਰਸ਼ਾਸਨਿਕ ਵਿਵਸਥਾ ਠੀਕ ਆਪਣੇ ਵਿਪਰੀਤ ਬਦਲ ਗਈ ਹੋਵੇਗੀ। ਆਪਣਾ ਕੰਮ-ਕਾਜ ਸੁਤੰਤਰ ਰੂਪ ਨਾਲ ਚਲਾਉਣ ਵਾਲੇ ਜਨਜਾਤੀ ਸੰਗਠਨ ਦੀ ਬਜਾਏ, ਉਹ ਆਪਣੇ ਗੁਆਂਢੀਆਂ ਨੂੰ ਲੁੱਟਣ ਅਤੇ ਉਨ੍ਹਾਂ ਦਾ ਦਮਨ ਕਰਨ ਵਾਲਾ ਸੰਗਠਨ ਬਣ ਗਿਆ ਅਤੇ ਇਸੇ ਪ੍ਰਕਾਰ ਇਸਦੀ ਕਾਰਜ ਸੰਚਾਲਨ ਵਿਵਸਥਾ ਵੀ ਜਨ ਇੱਛਾ ਨੂੰ ਕਾਰਜ ਰੂਪ ਦੇਣ ਵਾਲੇ ਮਾਧਿਅਮ ਦੀ ਬਜਾਏ ਆਪਣੇ ਹੀ ਲੋਕਾਂ ਤੇ ਸ਼ਾਸ਼ਨ ਕਰਨ ਅਤੇ ਉਨ੍ਹਾਂ ਦਾ ਦਮਨ ਕਰਨ ਦਾ ਤਾਨਾਸ਼ਾਹੀ ਮਾਧਿਅਮ ਬਣ ਗਈ।[11]

ਜਨਜਾਤੀਆਂ ਦੇ ਦਮਨ ਤੇ ਜੋ ਸਮਾਜ ਬੁੱਧ ਦੇ ਸਮੇਂ ਬਣ ਰਿਹਾ ਸੀ, ਉਸਦੇ ਬਾਰੇ ਵਿੱਚ ਇੱਕ ਸੁੱਤ ਵਿੱਚ ਬੁੱਧ ਨੇ ਕਿਹਾ ਹੈ, ਇਸ ਸੰਸਾਰ ਵਿੱਚ ਮੈਂ ਵੇਖਦਾ ਹਾਂ ਕਿ ਧਨੀ ਲੋਕਾਂ ਨੇ ਜਿੰਨੀਆਂ ਵਸਤਾਂ ਜਮਾਂ ਕੀਤੀਆਂ ਹਨ ਜਾਂ ਸੰਪਤੀ ਗ੍ਰਹਿਣ ਕੀਤੀ ਹੈ ਉਨ੍ਹਾਂ ਵਿੱਚੋਂ ਕੁਝ ਵੀ ਉਹ ਦੂਸਰਿਆਂ ਨੂੰ ਨਹੀਂ ਦਿੰਦੇ ਅਤੇ ਇਹ ਉਨ੍ਹਾਂ ਦੀ ਭੁੱਲ ਹੈ, ਉਹ ਬੜੀ ਉਤਸੁਕਤਾ ਦੇ ਨਾਲ ਜਿਆਦਾ ਤੋਂ ਜਿਆਦਾ ਧਨ-ਦੌਲਤ ਇਕੱਠੀ ਕਰਦੇ ਤੁਰੀ ਜਾਂਦੇ ਹਨ ਅਤੇ ਸੁਖ ਭੋਗਣ ਵਿੱਚ ਦਿਨ ਰਾਤ ਲੱਗੇ ਰਹਿੰਦੇ ਜਾਂਦੇ ਹਨ। ਰਾਜੇ ਨੇ ਭਾਵੇਂ ਇਸ ਧਰਤੀ ਦੇ ਸਾਰੇ ਰਾਜਾਂ ਨੂੰ ਜਿੱਤ ਲਿਆ ਹੋਵੇ, ਭਾਵੇਂ ਉਸਨੇ ਸਾਰੀ ਭੂਮੀ ਤੇ ਆਪਣਾ ਸਾਸ਼ਨ ਸੱਥਾਪਿਤ ਕਰ ਲਿਆ ਹੋਵੇ, ਤਾਂ ਵੀ ਉਸਦੀ ਤ੍ਰਿਸ਼ਣਾ ਨਹੀਂ ਮਿਟੇਗੀ ਅਤੇ ਉਹ ਸਮੁੰਦਰ ਦੇ ਪਾਰ ਵੀ ਜੋ ਕੁੱਝ ਹੈ ਉਸਨੂੰ ਪ੍ਰਾਪਤ ਕਰਨਾ ਚਾਹੇਗਾ। ਰਾਜੇ ਅਤੇ ਕਈ ਹੋਰ ਲੋਕ ਅਧੂਰੀਆਂ ਇੱਛਾਵਾਂ ਨਾਲ ਹੀ ਲੈ ਕੇ ਕਾਲ ਦੇ ਵੱਸ ਹੋ ਜਾਂਦੇ ਹਨ।[12]

ਦੇਵੀ ਪ੍ਰਸਾਦ ਚੱਟੋਪਾਧਿਆਏ ਦੇ ਸ਼ਬਦਾਂ ਵਿੱਚ ਬੁੱਧ ਵਧਾ ਚੜ੍ਹਾ ਕੇ ਕੁਝ ਨਹੀਂ ਕਹਿ ਰਹੇ ਸਨ। ਜਨਜਾਤੀ ਨੈਤਿਕਤਾ ਦੇ ਪ੍ਰਬਲ ਸੰਸਕਾਰਾਂ ਅਤੇ ਸ਼ਾਕਯ ਪੁੱਤਰ ਹੋਣ ਦੇ ਗੌਰਵ ਦੇ ਪ੍ਰਭਾਵ ਵਿੱਚ ਬੁੱਧ ਨੂੰ ਇਹ ਨਵੀਆਂ ਯਥਾਰਥ ਸਥਿਤੀਆਂ ਅਤਿਅੰਤ ਘਿਰਨਿਤ ਪ੍ਰਤੀਤ ਹੋਈਆਂ ਹੋਣਗੀਆਂ। ਉਨ੍ਹਾਂ ਨੇ ਔਰਤਾਂ ਅਤੇ ਬੱਚਿਆਂ ਸਮੇਤ ਆਪਣੇ ਹੀ ਲੋਕਾਂ ਦਾ ਕਰੂਰ ਸੰਘਾਰ ਹੁੰਦਾ ਵੇਖਿਆ। ਉਨ੍ਹਾਂ ਨੇ ਬੇਹੱਦ ਲੋਭ ਅਤੇ ਕਦੇ ਨਾ ਪੂਰੀ ਹੋਣ ਵਾਲੀ ਤ੍ਰਿਸ਼ਣਾ ਵੇਖੀ, ਜਿਸਦੇ ਕਾਰਨ ਰਾਜਾਂ ਦੇ ਰਾਜੇ ਖਿਣ ਭਰ ਦੇ ਸਮੇਂ ਦੇ ਸਾਗਰ ਵਿੱਚ ਵਹਿ ਰਹੇ ਸਨ।[13]

ਇੱਥੇ ਦੋ ਗੱਲਾਂ ਵੱਲ ਧਿਆਨ ਦਿੱਤਾ ਜਾ ਸਕਦਾ ਹੈ। ਇੱਕ, ਬੋਧ ਕਾਲ ਦੀ ਪਰੰਪਰਾ ਵਿੱਚ ਉਸ ਲੁਪਤ ਸਮੂਹਿਕ ਜੀਵਨ ਦੀ ਯਾਦ ਹਮੇਸ਼ਾ ਬਣੀ ਰਹੀ ਜਿਸਨੂੰ ਅਤੀਤ ਦਾ ਸਵਰਨ ਯੁੱਗ ਸਮਝਿਆ ਜਾਂਦਾ ਸੀ। ਦੂਸਰਾ, ਜੋ ਜਨਜਾਤੀ ਲੋਕਤੰਤਰੀ ਵਿਵਸਥਾ ਹੁਣ ਵੀ ਮੌਜੂਦ ਸੀ, ਉਸੇ ਦੇ ਢੰਗ ਅਨੁਸਾਰ ਬੁੱਧ ਬਹੁਤ ਸੋਚ ਸਮਝ ਕੇ ਆਪਣੇ ਸੰਘ ਨੂੰ ਰੂਪ ਦੇ ਰਹੇ ਸਨ। ਜਿਵੇਂ ਕਿ ਕੌਸਾਂਭੀ[14] ਨੇ 'ਦੀਘ ਨਿਕਾਯੇ' ਦੇ ਅਗੱਨਸੁੱਤ ਦੀ ਚਰਚਾ ਕਰਦਿਆਂ ਹੋਇਆਂ ਕਿਹਾ ਹੈ ਕਿ ਇੱਕ ਵਰਗ ਰਹਿਤ, ਭੇਦਭਾਵ ਤੋਂ ਬਗੈਰ ਸਮਾਜ ਦੀ ਸਮ੍ਰਿਤੀ ਇੱਕ ਸਵਰਨ ਯੁੱਗ ਦੀ ਕਥਾ ਬਣੀ ਰਹੀ ਜਦੋਂ ਉਹ ਮੰਗਲਕਾਰੀ ਧਰਤੀ ਬਿਨਾ ਕਿਸੇ ਮਿਹਨਤ ਦੇ ਸਹਿਜ ਹੀ ਵਾਧੂ ਅੰਨ ਪੈਦਾ ਕਰਦੀ ਸੀ ਕਿਉਂਕਿ ਇਸ ਕਾਲ ਵਿੱਚ ਨਾ ਤਾਂ ਮਨੁੱਖ ਦੀ ਕੋਈ ਨਿੱਜੀ ਸੰਪਤੀ ਸੀ ਅਤੇ ਨਾ ਹੀ ਉਸਦੇ ਅੰਦਰ ਕੋਈ ਲੋਭ ਦੀ ਭਾਵਨਾ ਸੀ।

'ਮਹਾਵਸਤੂ ਅਵਦਾਨ' ਵਿੱਚ ਵੀ ਆਮ ਤੌਰ ਤੇ ਅਜਿਹੀ ਹੀ ਕਥਾ ਅਤੇ ਵਰਗਾਂ ਵਿੱਚ ਵੰਡੇ ਹੋਏ ਸਮਾਜ ਤੋਂ ਪਹਿਲਾਂ ਦੇ ਸ਼ਾਂਤ ਯੁੱਗ ਦੀ ਅਜਿਹੀ ਹੀ ਸਮ੍ਰਿਤੀ ਮਿਲਦੀ ਹੈ। ਬੁੱਧ ਆਪਣੇ ਸੰਘ ਦੇ ਲਈ ਤਤਕਾਲੀ ਮੁਕਤ ਜਨਜਾਤੀਆਂ ਨੂੰ ਆਦਰਸ਼ ਮੰਨਦੇ ਸਨ। ਦੇਵੀਪ੍ਰਸਾਦ ਚੱਟੋਪਾਧਿਆਏ ਨੇ ਦੱਸਿਆ ਹੈ, ਬੁੱਧ ਨੇ ਬਹੁਤ ਸੋਚ-ਵਿਚਾਰ ਦੇ ਨਾਲ ਇਨ੍ਹਾਂ ਸੰਘਾਂ ਦਾ ਗਠਨ ਇਸ ਪ੍ਰਕਾਰ ਕੀਤਾ ਕਿ ਇਨ੍ਹਾਂ ਨਾਲ ਇਹ ਆਭਾਸ ਮਿਲੇ ਕਿ ਯਥਾਰਥ ਵਿੱਚ ਜਿਸ ਗੱਲ ਨੂੰ ਪੂਰਨ ਯੋਜਨਾਬੱਧ ਢੰਗ ਨਾਲ ਸਮਾਪਤ ਕੀਤਾ ਜਾ ਰਿਹਾ ਸੀ, ਉਸਦਾ ਇਕਲਪ ਇਹੀ ਸੰਘ ਹਨ। 'ਮਹਾਪਰਿਨਿਬੱਾਨ ਸੁੱਤ' ਤੋਂ ਸਾਨੂੰ ਬੁੱਧ ਦੇ ਜਨਜਾਤੀ ਸਰੋਕਾਰਾਂ ਦੀ ਬਹੁਤ ਚੰਗੀ ਤਰ੍ਹਾਂ ਜਾਣਕਾਰੀ ਮਿਲਦੀ ਹੈ। ਰਾਜਾ ਅਜਾਤ-ਸਤੁ ਵੱਜੀ ਜਨਾਂ ਦੇ ਵਿਰੁੱਧ ਜੋਰਦਾਰ ਹਮਲੇ ਦਾ ਵਿਚਾਰ ਕਰ ਰਿਹਾ ਸੀ। ਉਸਨੇ ਆਪਣੇ ਮਹਾਮੰਤਰੀ, ਬ੍ਰਾਹਮਣ ਵੱਸਕਾਰ ਨੂੰ ਬੁੱਧ ਦਾ ਅਸ਼ੀਰਵਾਦ ਲੈਣ ਲਈ ਭੇਜਿਆ। ਬੁੱਧ ਨੇ ਵੱਸਕਾਰ ਨੂੰ ਕੋਈ ਉੱਤਰ ਨਾ ਦਿੱਤਾ, ਪਰੰਤੂ ਆਨੰਦ ਨੂੰ ਸੰਬੋਧਿਤ ਕਰਦੇ ਹੋਏ ਕਿਹਾ:

'ਆਨੰਦ, ਜਦੋਂ ਤੱਕ ਇਹ ਵੱਜੀ ਜਨ ਆਮ ਤੌਰ ਤੇ ਇਸੇ ਤਰ੍ਹਾਂ ਮਿਲਦੇ ਰਹਿਣਗੇ ਅਤੇ ਆਪਣੇ ਕਬੀਲੇ ਦੀਆਂ ਜਨਤਕ ਸਭਾਵਾਂ ਕਰਦੇ ਰਹਿਣਗੇ, ਉਦੋਂ ਤੱਕ ਇਹੀ ਆਸ ਕੀਤੀ ਜਾਣੀ ਚਾਹੀਦੀ ਹੈ ਕਿ ਉਨ੍ਹਾਂ ਦਾ ਪਤਨ ਨਹੀਂ ਬਲਕਿ ਸਮਰਿੱਧੀ ਹੋਵੇਗੀ।'

ਇਸ ਪ੍ਰਕਾਰ ਅੱਜ ਤੋਂ ਪੰਜ ਹਜ਼ਾਰ ਸਾਲ ਪਹਿਲਾਂ ਸਿੰਧੂ ਘਾਟੀ ਦੀ ਸਭਿਅਤਾ ਦੀਆਂ ਰਾਜਸੱਤਾਵਾਂ ਪਤਨ ਦੇ ਲੰਮੇ ਅੰਤਰਾਲ ਤੋਂ ਬਾਅਦ ਜਨਜਾਤੀਆਂ ਦੇ ਅਵਸ਼ੇਸ਼ਾਂ ਤੇ ਨਵੇਂ ਸਿਰੇ ਤੋਂ ਉਦੇ ਹੋ ਰਹੀਆਂ ਰਾਜਸੱਤਾਵਾਂ ਦੇ ਪ੍ਰਵਕਤਾ-ਦਾਰਸ਼ਨਿਕ ਇੱਕ ਪਾਸੇ ਆਤਮਵਾਦ ਦੀ ਸਥਾਪਨਾ ਕਰ ਰਹੇ ਸਨ, ਦੂਸਰੇ ਪਾਸੇ, ਜਨ ਜਾਤੀਆਂ ਦੇ ਸਮੁਦਾਇਕ ਅਤੇ ਸਹਿਜ ਜੀਵਨ ਦੇ ਬਿਖਰਨ ਦੇ ਕ੍ਰਮ ਵਿੱਚ ਨਿੱਜੀ ਸੰਪਤੀ ਦੀਆਂ ਸੰਸਥਾਵਾਂ ਦੇ ਬਣਨ-ਸਵਰਨ ਦੀ ਲੁੱਟ-ਖਸੁੱਟ ਅਤੇ ਨਵੇਂ ਪ੍ਰਕਾਰ ਦੇ ਯੁੱਧਾਂ ਦਾ ਮਾਹੌਲ ਤਾਂਡਵ ਕਰ ਰਿਹਾ ਸੀ। ਇੱਕ 'ਸੁੱਤ' ਵਿੱਚ ਬੁੱਧ ਨੇ ਕਿਹਾ, ਇਸ ਸੰਸਾਰ ਵਿੱਚ ਮੈਂ ਵੇਖਦਾ ਹਾਂ ਕਿ ਧਨੀ ਲੋਕਾਂ ਨੇ ਜਿੰਨੀਆਂ ਵਸਤਾਂ ਜਮ੍ਹਾਂ ਕੀਤੀਆਂ ਹਨ ਜਾਂ ਸੰਪਤੀ ਗ੍ਰਹਿਣ ਕੀਤੀ ਹੈ, ਉਨ੍ਹਾਂ ਵਿੱਚੋਂ ਕੁਝ ਵੀ ਉਹ ਦੂਸਰਿਆਂ ਨੂੰ ਨਹੀਂ ਦਿੰਦੇ ਅਤੇ ਇਹ ਉਨ੍ਹਾਂ ਦੀ ਭੁੱਲ ਹੈ, ਉਹ ਬੜੀ ਉਤਸੁਕਤਾ ਨਾਲ ਜਿਆਦਾ ਤੋਂ ਜਿਆਦਾ ਧਨ ਦੌਲਤ ਇਕੱਠੀ ਕਰਦੇ ਤੁਰੀ ਜਾਂਦੇ ਹਨ ਅਤੇ ਸੁਖ ਭੋਗਣ ਵਿੱਚ ਦਿਨ ਰਾਤ ਲੱਗੇ ਰਹਿੰਦੇ ਹਨ। ਰਾਜੇ ਨੇ ਭਾਵੇਂ ਇਸ ਧਰਤੀ ਦੇ ਸਾਰੇ ਰਾਜਾਂ ਨੂੰ ਜਿੱਤ ਲਿਆ ਹੋਵੇ, ਭਾਵੇਂ ਉਸਨੇ ਸਾਰੀ ਭੂਮੀ ਤੇ ਆਪਣਾ ਸ਼ਾਸ਼ਨ ਸਥਾਪਿਤ ਕਰ ਲਿਆ ਹੋਵੇ, ਤਾਂ ਵੀ ਉਸਦੀ ਤ੍ਰਿਸ਼ਨਾ ਨਹੀਂ ਮਿਗੇਟੀ ਅਤੇ ਉਹ ਸਮੁੰਦਰ ਦੇ ਪਾਰ ਵੀ ਜੋ ਕੁਝ ਹੈ ਉਸਨੂੰ ਪ੍ਰਾਪਤ ਕਰਨਾ ਚਾਹੇਗਾ। ਰਾਜੇ ਅਤੇ ਕਈ ਹੋਰ ਲੋਕ ਅਧੂਰੀਆਂ ਇੱਛਾਵਾਂ ਨਾਲ ਹੀ ਲੈ ਕੇ ਕਾਲ ਦੇ ਵੱਧ ਹੋ ਜਾਂਦੇ ਹਨ... ਅਤੇ ਰਿਸ਼ਤੇਦਾਰ, ਮਿੱਤਰ ਜਾਂ ਉਸਦੇ ਸਾਥੀ ਕੋਈ ਵੀ ਇਨ੍ਹਾਂ ਵਿਅਕਤੀਆਂ ਨੂੰ ਬਚਾ ਨਹੀਂ ਸਕਦਾ, ਉਸਦੇ ਵਾਰਿਸ ਉਸਦੀ ਸੰਪਤੀ ਲੈ ਲੈਂਦੇ ਹਨ, ਪਰੰਤੂ ਜੋ ਵਿਅਕਤੀ ਮਰ ਜਾਂਦਾ ਹੈ, ਉਸਦੀ ਧਨ-ਸੰਪਤੀ ਉਸਦੇ ਨਾਲ ਨਹੀਂ ਜਾਂਦੀ ਅਤੇ ਨਾ ਹੀ ਪਤਨੀ, ਪੁੱਤਰ, ਸੰਪਦਾ ਜਾਂ ਰਾਜ ਉਸਦੇ ਨਾਲ ਜਾਂਦੇ ਹਨ। ਉਸਨੂੰ ਸਿਰਫ ਆਪਣੇ ਕਰਮਾਂ ਦਾ ਫ਼ਲ ਮਿਲਦਾ ਹੈ।

ਸਾਨੂੰ ਯਾਦ ਰੱਖਣਾ ਹੋਵੇਗਾ ਕਿ ਬੁੱਧ ਉਪਨਿਸ਼ਦ ਕਾਲ ਵਿੱਚ ਰਾਜ ਸੱਤਾਵਾਂ ਦੇ ਵਿਕਾਸ ਲਈ ਨਵੀਂ ਆਰਥਿਕ ਉਤਪਤੀ ਨੇ ਭੂਮਿਕਾ ਪ੍ਰਦਾਨ ਕੀਤੀ ਸੀ। ਸੱਤ ਸੌ ਈ. ਪੂ. ਦੇ ਨੇੜੇ ਤੇੜੇ ਪੂਰਬੀ ਉੱਤਰ ਪ੍ਰਦੇਸ਼ ਅਤੇ ਬਿਹਾਹ ਦੀ ਜਨਤਾ ਦੇ ਆਰਥਿਕ ਜੀਵਨ ਵਿੱਚ ਬਹੁਤ ਵੱਡਾ ਪਰਿਵਰਤਨ ਵਿਖਾਈ ਦੇਣ ਲੱਗਾ। ਇਸਦਾ ਕਾਰਨ ਇਹ ਸੀ ਕਿ ਇਨ੍ਹਾਂ ਖੇਤਰਾਂ ਦੇ ਲੋਕ ਪਹਿਲਾਂ ਦੀ ਬਜਾਏ ਹੁਣ ਵੱਡੇ ਪੈਮਾਨੇ ਤੇ ਲੋਹੇ ਦੀ ਵਰਤੋਂ ਕਰਨ ਦੇ ਲੱਗੇ ਸਨ।

ਗੰਗਾ ਦੇ ਮੈਦਾਨ ਦੇ ਮੱਧਵਰਤੀ ਖੇਤਰ ਵਿੱਚ ਔਸਤਨ 114 ਅਤੇ 140 ਸੈਂਟੀਮੀਟਰ ਦੇ ਵਿਚਕਾਰ ਸਾਲਾਨਾ ਬਾਰਿਸ਼ ਹੁੰਦੀ ਰਹੀ ਹੈ। ਜਿਵੇਂ ਕਿ ਚਾਰ ਵੱਡੇ ਜੰਗਲਾਂ ਦੇ ਵਰਣਨਾਂ ਅਤੇ ਕੁਝ ਆਧੁਨਿਕ ਸਥਾਨਵਾਦੀ ਨਾਵਾਂ ਦੀ ਉਤਪਤੀ ਤੋਂ ਪਤਾ ਲਗਦਾ ਹੈ ਕਿ ਛੇਵੀਂ-ਪੰਜਵੀਂ ਸਦੀ ਈ. ਪੂ. ਵਿੱਚ ਇਹ ਖੇਤਰ ਸੰਘਣੇ ਜੰਗਲਾਂ ਨਾਲ ਭਰਿਆ ਹੋਇਆ ਸੀ। ਸਥਾਨਵਾਚੀ ਨਾਵਾਂ ਵਿੱਚੋਂ 'ਆਰਾ' ਅਰਣਏ ਤੋਂ 'ਸਾਰਣ' ਨੈਮੀਸ਼ਾਰਣਏ ਤੋਂ 'ਚੰਪਾਰਨ' ਚੰਪਾਰਣਏ ਤੋਂ ਉਤਪੰਨ ਹੋਇਆ ਹੈ। ਇਸੇ ਤਰ੍ਹਾਂ ਪ੍ਰਾਰੰਭਿਕ ਬੋਧ ਧਰਮ ਨਾਲ ਜੁੜੇ ਜਿਆਦਾਤਰ ਨਗਰਾਂ ਦੇ ਨਾਂ ਕਿਸੇ ਨਾ ਕਿਸੇ ਪੌਦੇ ਤੇ ਪਏ ਹਨ। ਸੰਘਣੇ ਜੰਗਲਾਂ ਨਾਲ ਭਰੇ ਖੇਤਰਾਂ ਵਿੱਚ ਵੱਡੇ ਪੈਮਾਨੇ ਤੇ ਬਸਤੀਆਂ ਦਾ ਵੱਸਣਾ ਅਤੇ ਖੇਤੀ ਦਾ ਵਿਸਥਾਰ ਜ਼ਮੀਨ ਨੂੰ ਸਾਫ਼ ਕਰਨ ਅਤੇ ਨਾਲ ਹੀ ਖੇਤੀਬਾੜੀ ਨਾਲ ਸੰਬੰਧਿਤ ਵਿਭਿੰਨ ਪ੍ਰਕਾਰ ਦੇ ਕੰਮਾਂ ਦੇ ਲਈ ਲੋਹੇ ਦੇ ਔਜ਼ਾਰਾਂ ਅਤੇ ਉਪਕਰਨਾਂ ਦੀ ਜਿਆਦਾ ਵਰਤੋਂ ਦੇ ਕਾਰਨ ਸੰਭਵ

ਹੋਇਆਂ ਹਥੌੜਿਆਂ, ਅਹਿਰਨਾਂ ਆਦਿ ਦੀ ਵਰਤੋਂ ਕਾਰਨ ਵੱਡੇ ਪੈਮਾਨੇ ਤੇ ਲੋਹੇ ਦੇ ਔਜ਼ਾਰ ਅਤੇ ਉਪਕਰਨ ਬਣਾਉਣਾ ਸੰਭਵ ਹੋਇਆ। ਇਸ ਲਈ ਸਹਿਜਤਾ ਨਾਲ ਲੋਹੇ ਦੇ ਫ਼ਾਲਿਆ ਦੇ ਅਨੇਕਾਂ ਉਦਾਹਰਨ ਮਿਲਦੇ ਹਨ।'ਇਸਦੇ ਪੁਰਾਤਤਵ ਪ੍ਰਮਾਣ ਕਮਜ਼ੋਰ ਤਾਂ ਹਨ ਪਰ ਬਿਲਕੁਲ ਗੈਰਹਾਜ਼ਰ ਨਹੀਂ ਹਨ। ਇਸਤੋਂ ਪਹਿਲਾਂ ਦੇ ਕਾਲ ਵਿੱਚ ਰੋਪੜ ਅਤੇ ਜਖੇਰਾ ਵਿੱਚ ਪ੍ਰਾਪਤ ਲੋਹੇ ਦੇ ਫ਼ਾਲਿਆਂ ਨੂੰ ਵੱਖ ਰੱਖੀਏ ਤਾਂ ਵੇਦੋਤਰ ਕਾਲ ਵਿੱਚ ਵੀ ਇਹ ਉਪਕਰਨ ਕੌਸ਼ਾਂਭੀ (ਇਲਾਹਾਬਾਦ) ਅਤੇ ਵੈਸ਼ਾਲੀ ਦੇ ਨੇੜੇ ਰਘੁਆਸੋਈ ਵਿੱਚ ਮਿਲੇ ਹਨ। ਇਸਦੇ ਇਲਾਵਾ ਰਾਜਘਾਟ (ਬਨਾਰਸ) ਵਿੱਚ ਕਾਫ਼ੀ ਸਾਰਾ ਲੌਹ ਚੂਰਨ ਅਤੇ ਲੋਹੇ ਦੀਆਂ ਕੁਹਾੜੀਆਂ, ਦਾਤਰੀਆਂ ਅਤੇ ਛੈਣੀਆਂ ਵਰਗੇ ਉਪਕਰਨ ਤੇ ਔਜ਼ਾਰ ਮਿਲੇ ਹਨ। ਇੱਕ ਬ੍ਰਾਹਮਣਿਕ ਗ੍ਰੰਥ ਵਿੱਚ ਕੁਛਾਲ (ਕੁਦਾਲ, ਕਹੀ) ਜਾਂ ਕੁੱਦਾਲਿਕ ਦੇ ਵਰਣਨ ਤੋਂ ਲਗਦਾ ਹੈ ਕਿ ਖੇਤ ਨੂੰ ਗੁੱਡਣ ਲਈ ਲੋਹੇ ਦੇ ਫ਼ਾਲੇ ਤੋਂ ਇਲਾਵਾ ਕਹੀ ਦੀ ਵਰਤੋਂ ਵੀ ਕੀਤੀ ਜਾਂਦੀ ਸੀ। ਇਸ ਸਭ ਨਾਲ ਲੋਹ ਤਕਨੀਕ ਦੇ ਪ੍ਰਸਾਰ ਦਾ ਸੰਕੇਤ ਮਿਲਦਾ ਹੈ।

ਖੇਤੀ ਦੇ ਨਵੇਂ ਗਿਆਨ ਅਤੇ ਕਾਰਗਰ ਉਪਕਰਨਾਂ ਨਾਲ ਕਿਸਾਨ ਜਿਆਦਾ ਉਤਪਾਦਨ ਕਰਨ ਲੱਗੇ। ਇਸ ਨਾਲ ਸ਼ਹਿਰਾਂ ਦੇ ਵਿਕਾਸ ਵਿੱਚ ਸਹਾਇਤਾ ਮਿਲੀ। ਚੌਥੀ ਸਦੀ ਈ. ਪੂ. ਵਿੱਚ ਸਿਕੰਦਰ ਦੁਆਰਾ ਕਿਸੇ ਵਿਸ਼ੇਸ਼ ਉਦੇਸ਼ ਲਈ ਭੇਜੇ ਗਏ ਏਰਿਸਟੋਬੁਲਸ ਨਾਂ ਦੇ ਯੂਨਾਨੀ ਨੇ ਇਹ ਦਾਅਵਾ ਕੀਤਾ ਸੀ। ਕਿ ਸਿੰਧੂ ਖੇਤਰ ਵਿੱਚ ਉਸਨੇ ਹਜ਼ਾਰ ਤੋਂ ਜਿਆਦਾ ਨਗਰਾਂ ਦੇ ਅਵਸ਼ੇਸ਼ ਵੇਖੇ। ਜੇਕਰ ਇਸਨੂੰ ਵਧਾ ਚੜ੍ਹਾ ਕੇ ਵੀ ਦੱਸਿਆ ਗਿਆ ਹੋਵੇ ਤਾਂ ਵੀ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉੱਤਰ ਭਾਰਤ ਵਿੱਚ ਬਹੁਤ ਸਾਰੇ ਸ਼ਹਿਰ ਉਭਰ ਆਏ। ਕੁਲ ਮਿਲਾ ਕੇ ਵੇਖੀਏ ਤਾਂ 600–300 ਈ. ਪੂ. ਕਾਲ ਵਿੱਚ ਪੂਰੇ ਦੇਸ਼ ਵਿੱਚ ਲਗਭਗ ਸੱਠ ਸ਼ਹਿਰ ਸਨ। ਸ਼੍ਰਾਵਸਤੀ ਵੀਹ ਵੱਡੇ ਸ਼ਹਿਰਾਂ ਵਿੱਚੋਂ ਸੀ ਅਤੇ ਉਨ੍ਹਾਂ ਵਿੱਚੋਂ ਛੇ ਇੰਨੇ ਮਹੱਤਵਪੂਰਨ ਸਨ ਕਿ ਸਰੋਤਾਂ ਵਿੱਚ ਉਨ੍ਹਾਂ ਵਿੱਚੋਂ ਛੇ ਇਨੇ ਮਹੱਤਵਪੂਰਨ ਸਨ ਕਿ ਸਰੋਤਾਂ ਵਿੱਚ ਉਨ੍ਹਾਂ ਦਾ ਸੰਬੰਧ ਬੁੱਧ ਦੇ ਜੀਵਨ ਨਾਲ ਦੱਸਿਆ ਗਿਆ ਹੈ। ਇਹ ਸਨ ਚੰਪਾ (ਬਿਹਾਰ ਵਿੱਚ ਆਧੁਨਿਕ ਭਾਗਲਪੁਰ), ਰਾਜਗ੍ਰਹਿ (ਪਟਨਾ ਤੋਂ ਲਗਭਗ 16 ਕਿਲੋਮੀਟਰ ਦੱਖਣ–ਪੂਰਬ), ਸਾਕੇਤ (ਪੂਰਬੀ ਉੱਤਰ ਪ੍ਰਦੇਸ਼ ਵਿੱਚ), ਕੌਸ਼ਾਂਭੀ (ਇਲਾਹਾਬਾਦ ਤੋਂ 64 ਕਿਲੋਮੀਟਰ) ਅਤੇ ਕੁਸ਼ੀਨਾਰਾ (ਉੱਤਰ ਪ੍ਰਦੇਸ ਦੇ ਦੇਵਰਿਆ ਜਿਲ੍ਹੇ ਵਿੱਚ ਆਧੁਨਿਕ ਕਸੀਆ) ਪੁਰਾਤਤਵ ਅਤੇ ਸਮਕਾਲੀ ਸਾਹਿਤ ਦੁਹਾਂ ਤੋਂ ਇਹ ਸਾਬਤ ਹੁੰਦਾ ਹੈ ਕਿ 600–300 ਈ. ਪੂ. ਦੇ ਕਾਲ ਵਿੱਚ ਮੱਧ ਗੰਗਾਂ ਘਾਟੀ ਵਿੱਚ ਘੱਟ ਤੋਂ ਘੱਟ ਦਸ ਸ਼ਹਿਰੀ ਕੇਂਦਰ ਸਨ।

ਸਹਿਰਾਂ ਦੇ ਵਿਕਾਸ ਵਿੱਚ ਸਿਕੰਦਰ ਦੀ ਸੈਨਿਕ ਮੁਹਿੰਮ ਤੋਂ ਸਹਾਇਤਾ ਮਿਲੀ ਹੈ। ਉਸਦੀ ਸੈਨਾ ਯੂਨਾਨ ਦੀ ਮੁੱਖ ਭੂਮੀ ਵਿੱਚੋਂ ਨਿਕਲ ਕੇ ਭਾਰਤ ਤਕ ਪਹੁੰਚ ਗਈ ਸੀ। ਇਸ ਨਾਲ ਅਨੇਕਾਂ ਵਪਾਰਕ ਰਸਤੇ ਖੁੱਲ੍ਹੇ ਅਤੇ ਇਸ ਸੰਭਾਵਨਾ ਦਾ ਪਤਾ ਚੱਲਿਆ ਕਿ ਉੱਤਰ ਪੱਛਮ ਭਾਰਤ ਅਤੇ ਪੱਛਮ ਏਸ਼ੀਆ ਦੇ ਵਿਚਕਾਰ ਵਪਾਰ ਹੋ ਸਕਦਾ ਹੈ। ਇਸਦੇ ਇਲਾਵਾ ਪ੍ਰਾਇਦੀਪੀ ਪਠਾਰ ਅਤੇ ਦੱਖਣ ਭਾਰਤ ਨੂੰ ਪਹੁੰਚਣ ਵਾਲੇ ਮਾਰਗਾਂ ਨਾਲ ਉੱਤਰ ਭਾਰਤ ਦੇ ਮਾਲ ਲਈ ਬਜ਼ਾਰ ਮਿਲੇ। ਉੱਤਰੀ ਪ੍ਰਾਇਦੀਪੀ ਪਠਾਰ ਵਿੱਚ ਉੱਤਰੀ ਕ੍ਰਿਸ਼ਨ ਪਾਲਿਸ਼ਦਾਰ ਮ੍ਰਿਦਭਾਂਡ ਜਿਨ੍ਹਾਂ ਦਾ ਉਤਪਾਦਨ ਕੇਂਦਰ ਗੰਗਾ ਦੀ ਘਾਟੀ ਸੀ ਅਤੇ ਲੋਹੇ ਦੀਆਂ ਅਜਿਹੀਆਂ ਵਸਤਾਂ ਮਿਲੀਆਂ ਹਨ ਜੋ ਪੂਰਵ ਮੌਰੀਆ ਕਾਲ ਦੀਆਂ ਮੰਨੀਆਂ ਗਈਆਂ ਹਨ। ਇਸ ਨਾਲ ਉੱਤਰ ਅਤੇ ਦੱਖਣ ਕਾਲ ਵਿੱਚ ਕੁਝ ਵਪਾਰਕ ਸੰਬੰਧਾਂ ਦਾ ਸੰਕੇਤ ਮਿਲਦਾ ਹੈ। ਲੇਕਿਨ ਮੁੱਖ ਵਪਾਰਕ ਮਾਰਗ ਗੰਗਾ ਦੇ ਨਾਲ–ਨਾਲ ਰਾਜਗ੍ਰਹਿ ਤੋਂ ਕੌਸ਼ਾਂਭੀ ਪਹੁੰਚਦਾ ਸੀ ਅਤੇ ਅੱਗੇ ਜਾ ਕੇ ਉਜੈਨ (ਮੱਧ ਪ੍ਰਦੇਸ਼) ਨੂੰ ਭੜੌਚ ਨਾਲ

ਜੋੜਦਾ ਸੀ। ਇਹ ਨਗਰ ਪੱਛਮ ਦੇ ਨਾਲ ਸਮੁੰਦਰੀ ਵਪਾਰ ਦੀ ਮੁੱਖ ਬੰਦਰਗਾਹ ਸੀ। ਕੌਸਾਂਭੀ ਤੋਂ ਪੱਛਮ ਵੱਲ ਅੱਗੇ ਵੱਧਦੇ ਹੋਏ ਪੰਜਾਬ ਨੂੰ ਪਾਰ ਕਰਕੇ ਜੋ ਮਾਰਗ ਤਕਸ਼ਿਲਾ ਪਹੁੰਚਦਾ ਸੀ ਉਸਦੇ ਜਰੀਏ ਪੱਛਮ-ਉੱਤਰ ਦੇ ਨਾਲ ਭਾਰਤ ਦਾ ਥਲ-ਮਾਰਗੀ ਵਪਾਰ ਚਲਦਾ ਸੀ।

ਵਧਦੇ ਹੋਏ ਸਹਿਰੀਕਰਨ ਦਾ ਕਾਰਨ ਅਤੇ ਪਰਿਣਾਮ ਵਪਾਰ ਸੀ। ਜਾਤਕਾਂ ਵਿੱਚ ਪੰਜ-ਪੰਜ ਜਾਂ ਹਜ਼ਾਰ-ਹਜ਼ਾਰ ਗੱਡੀਆਂ (ਰੱਥਾਂ) ਦੇ ਇੱਕ ਥਾਂ ਤੋਂ ਦੂਜੀ ਥਾਂ ਜਾਣ ਦੇ ਅਨੇਕਾਂ ਵਰਣਨ ਮਿਲਦੇ ਹਨ।

ਇੱਕ ਕਥਾ ਵਿੱਚ ਵਰਣਨ ਕਿ ਰਾਜਗ੍ਰਹਿ ਜਾਂਦਿਆਂ ਹੋਇਆਂ ਬੁੱਧ ਦੀ ਮੁਲਾਕਾਤ ਬੇਲੱਠ ਨਾਲ ਹੋਈ ਜੋ ਸ਼ੱਕਰ ਨਾਲ ਭਰੇ ਬਰਤਨਾਂ ਨਾਲ ਲੱਦੇ ਪੰਜ ਸੌ ਰੱਥਾਂ ਦੇ ਨਾਲ ਅੰਧਕੋਵਿੰਦ ਵੱਲ ਜਾ ਰਿਹਾ ਸੀ। ਇਹ ਵਰਣਨ ਵੀ ਮਿਲਦਾ ਹੈ ਕਿ ਵਪਾਰੀ, ਜਿਵੇਂ ਕਿ ਉੱਤਰਾ ਪਥ ਦੇ ਘੋੜਿਆਂ ਦੇ ਵਪਾਰੀ, ਆਪਣਾ ਮਾਲ ਵੇਚਣ ਲਈ ਇੱਕ ਥਾਂ ਤੋਂ ਦੂਜੀ ਥਾਂ ਵੱਲ ਜਾਂਦੇ ਰਹਿੰਦੇ ਸਨ। ਇੰਝ ਲਗਦਾ ਹੈ ਕਿ ਕਪੜਾ, ਵਪਾਰ ਦਾ ਇੱਕ ਮਹੱਤਵਪੂਰਨ ਮਾਲ ਸੀ ਕਿਉਂਕਿ ਆਰੰਭਕ ਪਾਲੀ ਗ੍ਰੰਥਾਂ ਤੋਂ ਲਗਦਾ ਹੈ ਕਿ ਬੁੱਧ ਦੇ ਕਾਲ ਵਿੱਚ ਉੱਤਰ-ਪੂਰਬੀ ਭਾਰਤ ਵਿੱਚ ਕਪਾਹ ਦੀ ਆਮ ਵਰਤੋ ਹੋਣ ਲੱਗੀ ਸੀ। ਲੇਕਿਨ ਵਪਾਰ ਮੁੱਖ ਰੂਪ ਨਾਲ ਸੁਖ-ਅਰਾਮ ਦੀਆਂ ਵਸਤਾਂ ਦਾ ਹੀ ਹੁੰਦਾ ਸੀ।

ਵੇਦੋਤਰ ਕਾਲ ਵਿੱਚ ਧਾਤ ਦੇ ਸਿੱਕਿਆਂ ਦੀ ਵਰਤੋਂ ਨਾਲ ਵਪਾਰ ਨੂੰ ਬਹੁਤ ਹੁਲਾਰਾ ਮਿਲਿਆ। ਵੈਦਿਕ ਪ੍ਰਮਾਣਾਂ ਦੇ ਬਾਵਜੂਦ, ਪੂਰਵ-ਵਰਤੀ ਕਾਲ ਵਿੱਚ ਸਿੱਕਿਆਂ ਦਾ ਆਰੰਭ ਸ਼ੱਕੀ ਹੀ ਪ੍ਰਤੀਤ ਹੁੰਦਾ ਹੈ। ਭਾਰਤ ਵਿੱਚ ਜੋ ਸਭ ਤੋਂ ਪ੍ਰਾਚੀਨ ਸਿੱਕੇ ਮਿਲੇ ਹਨ, ਉਨ੍ਹਾਂ ਦਾ ਕਾਲ ਬੁੱਧ ਤੋਂ ਪਹਿਲਾਂ ਨਹੀਂ ਲਿਜਾਇਆ ਜਾ ਸਕਦਾ। ਸਿੱਕੇ ਵਪਾਰੀਆਂ ਵੱਲੋਂ ਜਾਰੀ ਕੀਤੇ ਜਾਂਦੇ ਸਨ ਅਤੇ ਕਿਉਂਕਿ ਇਨ੍ਹਾਂ ਨੂੰ ਧਾਤ ਦੇ ਟੁਕੜਿਆਂ ਤੇ ਵਿਭਿੰਨ ਆਕਾਰਾਂ ਦੇ ਠੱਪੇ ਮਾਰ ਕੇ ਬਣਾਇਆ ਜਾਂਦਾ ਸੀ, ਇਸ ਲਈ ਇਹ ਆਹਤ (ਪੰਚ ਮਾਰਕਡ) ਸਿੱਕੇ ਅਖਵਾਉਂਦੇ ਸਨ।' ਇੱਕ ਵਿਦਵਾਨ ਦਾ ਕਹਿਣਾ ਹੈ ਕਿ ਆਹਤ ਸਿੱਕਿਆਂ ਦੇ ਤਿੰਨ ਸੌ ਤੋਂ ਜਿਆਦਾ ਜਖ਼ੀਰਿਆਂ ਦੀ ਜਾਣਕਾਰੀ ਮਿਲਦੀ ਹੈ। ਇਨ੍ਹਾਂ ਵਿੱਚੋਂ ਬਹੁਤ ਸਾਰੇ ਜਖ਼ੀਰੇ ਗੰਗਾ ਦੇ ਮੱਧਵਰਤੀ ਮੈਦਾਨਾਂ ਵਿੱਚ ਮਿਲੇ ਹਨ ਜਿਸਤੋਂ ਲਗਦਾ ਹੈ ਕਿ ਇਸ ਖੇਤਰ ਵਿੱਚ ਮੁੱਦਰਾਕਰਨ ਦਾ ਪੱਧਰ ਕਾਫ਼ੀ ਹੱਦ ਤੀਕ ਉੱਪਰ ਉੱਠ ਚੱਕਿਆ ਸੀ। ਇੰਜ ਲਗਦਾ ਹੈ ਕਿ ਇਸ ਕਾਲ ਵਿੱਚ ਸਿੱਕਿਆਂ ਦਾ ਪ੍ਰਚਲਨ ਇੰਨਾ ਆਮ ਹੋ ਗਿਆ ਸੀ ਕਿ ਮਰੇ ਹੋਏ ਚੂਹੇ ਦੀ ਕੀਮਤ ਵੀ ਸਿੱਕਿਆਂ ਵਿੱਚ ਹੀ ਦੱਸੀ ਗਈ ਹੈ।

ਸ਼ਹਿਰਾਂ ਦਾ ਵਿਕਾਸ, ਵਪਾਰ ਅਤੇ ਮੁੱਦਰਾ ਅਧਾਰਤ ਅਰਥ ਵਿਵਸਥਾ ਦਾ ਵਾਧਾ, ਉਨ੍ਹਾਂ ਵਿਭਿੰਨ ਕਲਾਵਾਂ ਅਤੇ ਸ਼ਿਲਪਾਂ ਦੇ ਵਿਕਾਸ ਨਾਲ ਡੂੰਘੀ ਤਰ੍ਹਾਂ ਜੁੜਿਆ ਹੋਇਆ ਸੀ, ਜਿੰਨ੍ਹਾਂ ਦੀ ਸ਼ੁਰੂਆਤ ਪਿਛਲੇ ਸਮੇਂ ਵਿੱਚ ਹੋ ਚੁੱਕੀ ਸੀ। ਆਰੰਭਕ ਬੋਧ ਪਾਠਾਂ ਵਿੱਚ ਧੋਬੀ, ਲਲਾਰੀ, ਨਾਈ, ਦਰਜੀ, ਜੁਲਾਹੇ ਅਤੇ ਰਸੋਈਏ ਵਰਗੇ ਸੇਵਾ ਕਾਰਜਾਂ ਵਿੱਚ ਲੱਗੇ ਲੋਕਾਂ ਦੇ ਇਲਾਵਾ ਵਸਤਾਂ ਦੇ ਨਿਰਮਾਣ ਦੇ ਲਈ ਸਰਕੰਡੇ ਦਾ ਕੰਮ ਕਰਨ ਵਾਲੇ, ਘੁਮਿਆਰ, ਸੂਈ ਬਣਾਉਣ ਵਾਲੇ, ਸੁਨਿਆਰੇ, ਤਰਖਾਣ, ਹਾਥੀਦੰਦ ਦਾ ਕੰਮ ਕਰਨ ਵਾਲੇ ਅਤੇ ਰੇਸ਼ਮ ਬੁਣਨ ਵਾਲੇ ਵੱਖ ਵੱਖ ਧੰਦਿਆਂ ਵਿੱਚ ਲੱਗੇ ਹੋਏ ਸਨ। ਇੰਨੇ ਸਾਰੇ ਸ਼ਿਲਪਾਂ ਦੇ ਵਰਣਨ ਦਾ ਅਰਥ ਇਹ ਹੋਇਆਂ ਕਿ ਮਾਲ ਉਤਪਾਦਨ ਦੇ ਖੇਤਰ ਵਿੱਚ ਵੱਖ ਵੱਖ ਲੋਕ ਵੱਖ ਵੱਖ ਕੰਮਾਂ ਵਿੱਚ ਜਿਆਦਾ ਤੋਂ ਜਿਆਦਾ ਕੁਸ਼ਲਤਾ ਪ੍ਰਾਪਤ ਕਰਦੇ ਜਾ ਰਹੇ ਸਨ।

ਕਾਰੀਗਰ ਅਤੇ ਸ਼ਿਲਪੀ ਆਮ ਤੌਰ ਤੇ ਸ਼੍ਰੇਣੀਆਂ ਅਤੇ ਨਿਗਮਾਂ ਵਿੱਚ ਸੰਗਠਿਤ ਹੁੰਦੇ ਸਨ। ਉੱਤਰ ਬੋਧ ਸਾਹਿਤ ਵਿੱਚ ਰਾਜਗ੍ਰਹਿ ਵਿੱਚ ਅਠਾਰਾਂ ਸ਼੍ਰੇਣੀਆਂ ਦਾ ਵਰਣਨ ਹੋਇਆ ਹੈ, ਹਾਲਾਂਕਿ ਇੰਨਾਂ ਵਿੱਚੋਂ ਚਾਰ ਨਾਂ, ਅਰਥਾਤ ਲੱਕੜ ਦਾ ਕੰਮ ਕਰਨ ਵਾਲੇ, ਧਾਤ ਦਾ ਕੰਮ ਕਰਨ ਵਾਲੇ, ਚਮੜੇ ਦਾ ਕੰਮ ਕਰਨ ਵਾਲੇ ਅਤੇ ਲਲਾਰੀਆਂ ਦੀਆਂ ਸ਼੍ਰੇਣੀਆਂ ਦੇ ਹੀ ਦੱਸੇ ਗਏ ਹਨ। ਹਰੇਕ ਸ਼੍ਰੇਣੀ ਸ਼ਹਿਰ ਦੇ ਇੱਕ ਖਾਸ ਹਿੱਸੇ ਵਿੱਚ ਰਹਿੰਦੀ ਸੀ। ਇਸ ਨਾਲ ਨਾ ਸਿਰਫ਼ ਸ਼ਿਲਪਾਂ ਅਤੇ ਉਦਯੋਗਾਂ ਦਾ ਸਥਾਨੀਕਰਨ ਹੋਇਆ ਬਲਕਿ ਸ਼ਿਲਪਾਂ ਦੇ ਗਿਆਨ ਦਾ ਜੱਦੀ ਰੂਪ ਨਾਲ ਪਿਤਾ ਤੋਂ ਪੁੱਤਰ ਨੂੰ ਪ੍ਰਾਪਤ ਹੋਣ ਦਾ ਸਿਲਸਿਲਾ ਵੀ ਸ਼ੁਰੂ ਹੋਇਆ। ਹਰੇਕ ਸ਼੍ਰੇਣੀ ਦਾ ਆਪਣਾ ਇੱਕ ਪ੍ਰਧਾਨ (ਜੇਠੱਕ) ਹੁੰਦਾ ਸੀ। ਸੇੱਠਿ, ਜੋ ਕਦੇ ਕਦੇ ਸ਼੍ਰੇਣੀਆਂ ਦੇ ਪ੍ਰਧਾਨ ਵੀ ਹੁੰਦੇ ਸਨ, ਵਪਾਰ ਅਤੇ ਉਦਯੋਗ ਸੰਭਾਲਦੇ ਸਨ। ਉਹ ਆਮ ਤੌਰ ਤੇ ਸ਼ਹਿਰਾਂ ਵਿੱਚ ਰਹਿੰਦੇ ਸਨ ਲੇਕਿਨ ਉਨ੍ਹਾਂ ਵਿੱਚੋਂ ਜਿਨ੍ਹਾਂ ਲੋਕਾਂ ਨੂੰ ਰਾਜਾ ਗੁਜਾਰੇ ਦੇ ਲਈ ਪਿੰਡਾਂ ਦਾ ਮਹਿਸੂਲ (ਭੋਗ ਗ੍ਰਾਮ) ਦੇ ਦਿੰਦਾ ਸੀ, ਉਨ੍ਹਾਂ ਨੂੰ ਪਿੰਡਾਂ ਨਾਲ ਸੰਬੰਧ ਬਣਾ ਕੇ ਰੱਖਣਾ ਪੈਂਦਾ ਸੀ। ਸੇੱਠਿ ਇੱਕ ਤਰ੍ਹਾਂ ਨਾਲ ਸਾਹੂਕਾਰ ਹੁੰਦਾ ਸੀ ਤੇ ਕਦੇ ਕਦੇ ਸ਼੍ਰੇਣੀ ਦਾ ਪ੍ਰਧਾਨ ਵੀ।

ਧਰਮਸੂਤਰਾਂ ਤੋਂ ਪਤਾ ਲਗਦਾ ਹੈ ਕਿ ਵਪਾਰ ਪ੍ਰਤੀ ਬ੍ਰਾਹਮਣ ਦ੍ਰਿਸ਼ਟੀਕੋਣ ਬਹੁਤਾ ਸਹਾਇਕ ਨਹੀਂ ਸੀ। ਸਭ ਤੋਂ ਪ੍ਰਾਚੀਨ ਵਿਧੀ-ਗ੍ਰੰਥ ਵੈਸ਼ਾ ਦੇ ਲਈ ਵਪਾਰ ਤੇ ਖੇਤੀ ਨਿਰਧਾਰਿਤ ਕਰਦੇ ਹਨ। ਵੈਸ਼ਾਂ ਨੂੰ ਸਮਾਜ ਵਿੱਚ ਤੀਸਰਾ ਥਾਂ ਦਿੱਤਾ ਗਿਆ ਸੀ ਜਦੋਂ ਕਿ ਪਹਿਲੇ ਦੋ ਸਥਾਨ, ਬ੍ਰਾਹਮਣਾਂ ਅਤੇ ਖੱਤਰੀਆਂ ਦੇ ਲਈ ਸੁਰੱਖਿਅਤ ਸਨ। ਸੰਕਟ ਦੇ ਸਮੇਂ ਬ੍ਰਾਹਮਣ ਵਪਾਰ ਕਰ ਸਕਦੇ ਸਨ, ਪਰ ਇਹ ਬਹੁਤ ਸੀਮਿਤ ਸੀ। ਉਹ ਮਨੁੱਖਾਂ, ਤਰਲ ਪਦਾਰਥਾਂ, ਸੁਗੰਧੀਆਂ, ਕੱਪੜਿਆਂ, ਚਮੜੇ, ਅਨਾਜ ਆਦਿ ਦਾ ਵਪਾਰ ਨਹੀਂ ਕਰ ਸਕਦੇ ਸਨ।[15]

ਇਹ ਮਹੱਤਵਪੂਰਨ ਹੈ ਕਿ ਬੋਧ ਧਰਮ ਵਿੱਚ ਸ਼ਾਮਿਲ ਹੋਣ ਵਾਲੇ ਪਹਿਲੇ ਆਮ ਲੋਕ ਵਾਪਰਕ ਵਰਗ ਦੇ ਸਨ। ਉਤਕਲ ਦੇ ਤੱਪਸ ਅਤੇ ਭਲਿਕ ਪਹਿਲੇ ਆਮ ਸ਼ਿਸ਼ ਕਹੇ ਗਏ ਹਨ ਅਤੇ ਇਹ ਵਪਾਰੀ ਸਨ। ਆਰੰਭਕ ਅਵਸਥਾ ਵਿੱਚ ਭਿਕਸ਼ੂਆਂ ਦੀ ਸਭ ਤੋਂ ਜਿਆਦਾ ਗਿਣਤੀ ਵਪਾਰੀਆਂ ਅਤੇ ਕਿਸਾਨਾਂ ਦੀ ਪ੍ਰਤੀਤ ਹੁੰਦੀ ਹੈ। ਪੁਰਾਣੇ ਅਤੇ ਮੁਢਲੇ ਭਿਕਸ਼ੂਆਂ ਵਿੱਚੋਂ ਇੱਕ ਯਸ ਸੀ ਜੋ, ਜੋ ਬਨਾਰਸ ਦਾ ਗਿਹੁਸਤ ਸੀ। ਉਸਦੇ ਮਿੱਤਰਾਂ ਵਿਮਲ, ਸੁਬਾਹੂ, ਪੂਰਣਜਿਨੇ ਅਤੇ ਗਵਾਮਾਸਪਤਿ ਨੇ ਉਸਦੀ ਨਕਲ ਕੀਤੀ। ਇਹ ਸਾਰੇ ਵੀ ਸਪਸ਼ਟ ਰੂਪ ਨਾਲ ਸੇਠਿ ਸਨ। ਜਦੋਂ ਇਹ ਪਤਾ ਲੱਗ ਗਿਆ ਕਿ ਇਹ ਲੋਕ ਬੋਧ ਧਰਮ ਵਿੱਚ ਸ਼ਾਮਿਲ ਹੋ ਗਏ ਹਨ, ਤਾਂ ਪੰਜਾਹ ਹੋਰ ਗ੍ਰਹਿਸਤ ਸਾਹਮਣੇ ਆਏ ਤੇ ਉਨ੍ਹਾਂ ਨੇ ਬੁੱਧ ਕੋਲੋਂ ਸਿੱਖਿਆ ਪ੍ਰਾਪਤ ਕੀਤੀ।[17]

ਬੁੱਧ ਧਰਮ ਨੂੰ ਲੋਹ ਕਾਲ ਦੇ ਦੂਸਰੇ ਚਰਨ ਦੁਆਰਾ ਨਿਰਮਿਤ ਭੌਤਿਕ ਵਾਤਾਵਰਨ ਦੇ ਉਤਪਾਦ ਦੇ ਰੂਪ ਵਿੱਚ ਸਮਝਿਆ ਜਾ ਸਕਦਾ ਹੈ। ਇਸਨੇ ਨਵੀਂ ਨੈਤਿਕ ਸੰਸਕ੍ਰਿਤੀ ਦੇ ਵਿਕਾਸ ਵਿਚ ਰੁਕਾਵਟ ਪਾਉਣ ਵਾਲੀਆਂ ਸਮਾਜਿਕ ਅਤੇ ਧਾਰਮਿਕ ਪਰੰਪਰਾਵਾਂ ਨੂੰ ਮਹੱਤਵਹੀਣ ਬਣਾ ਦਿੱਤਾ ਅਤੇ ਦੂਸਰੇ ਲੋਹ ਚਰਨ ਵਿੱਚੋਂ ਪੇਸੀ ਗਈ ਅਜਨਜਾਤੀਕ੍ਰਿਤ ਵਰਗ ਅਧਾਰਤ ਅਤੇ ਰਾਜ-ਅਧਾਰਤ ਸਮਾਜਿਕ-ਆਰਥਿਕ ਸੰਰਚਨਾ ਨੂੰ ਸਕਾਰਾਤਮਕ ਸਮਰਥਨ ਪ੍ਰਦਾਨ ਕੀਤਾ।[18] ਨਤੀਜੇ ਵਜੋਂ ਇਥੋਂ ਦੇ ਕਿਸਾਨਾਂ, ਸ਼ਿਲਪੀਆਂ ਅਤੇ ਸੇਵਾਕਰਮੀਆਂ ਦੇ ਅਭਿਮਾਨ ਨੂੰ ਕਾਇਮ ਰੱਖਦਿਆਂ ਹੋਇਆਂ, ਪ੍ਰਾਰੰਭਕ ਬੁੱਧ ਧਰਮ ਦੀ ਵਿਚਾਰਧਾਰਾ ਨੇ ਭਾਰਤ ਦੇ ਇਤਿਹਾਸ ਦੇ ਦੂਸਰੇ ਨਗਰੀਕਰਨ ਦੀ ਸਮਾਜਿਕ ਗਤੀਸ਼ੀਲਤਾ ਦਾ ਰਾਹ ਖੋਲ੍ਹਿਆ ਹੈ। ਇਸ ਸਥਿਤੀ ਦੇ ਮੱਦੇਨਜ਼ਰ

ਅੱਗੇ ਜਾ ਕੇ ਮੌਰੀਆਂ ਕਾਲ ਦੇ ਚਰਮ ਸ਼ਿਖਰ ਤੇ ਪ੍ਰਾਰੰਭਕ ਬੋਧ ਧਰਮ ਦੇ ਵਿਸ਼ਵ ਵਿਆਪੀ, ਨੈਤਿਕ ਅਤੇ ਮਨੁੱਖੀ ਦ੍ਰਿਸ਼ਟੀਕੋਣ ਦਾ 'ਧੰਮ' ਦੇ ਰੂਪ ਵਿੱਚ ਪਰਿਣਾਮ ਭਾਰਤ ਦੇ ਸਪੂੰਰਨ ਇਤਿਹਾਸ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ ਅਤੇ ਇਸਦਾ ਸਿਹਰਾ ਬੋਧਾਂ ਦੇ ਅਨਾਤਮਵਾਦ ਨੂੰ ਦਿੱਤਾ ਜਾਂ ਸਕਦਾ ਹੈ। ਇਹ ਉਸੇ ਤਰ੍ਹਾਂ ਹੈ ਜਿਵੇਂ ਬ੍ਰਾਹਮਣਿਕ ਆਤਮਵਾਦ ਵਿੱਚ ਭਾਰਤ ਦੇ ਪਤਨ ਦੀ ਤਸਵੀਰ ਝਲਕਦੀ ਵੇਖੀ ਜਾ ਸਕਦੀ ਹੈ।

ਬੋਧੀ ਮੰਨਦੇ ਹਨ ਕਿ ਆਤਮਾ ਸਿਰਫ਼ ਇੱਕ ਕੋਰੀ ਕਲਪਨਾ ਹੈ ਜਿਸਦੇ ਆਧਾਰ 'ਤੇ ਆਤਮਾਵਾਦੀ ਆਪਣੇ ਆਪ ਨੂੰ ਤੇ ਦੂਸਰਿਆਂ ਨੂੰ ਠੱਗਦੇ ਹਨ। ਬੋਧ ਮਤ ਦੇ ਅਨੁਸਾਰ ਇਸਦਾ ਕਾਰਨ ਇਹ ਹੈ ਕਿ ਕਿਤੇ ਵੀ ਕੋਈ ਚਿਰਸਥਾਈ ਸੱਤਾ ਨਹੀਂ ਹੈ। ਉਨ੍ਹਾਂ ਦੇ ਲਈ ਸਭ ਤੋਂ ਜਿਆਦਾ ਮੂਲਭੂਤ ਤੱਥ ਹੈ ਕਿ ਅੰਤਹੀਨ ਪਰਿਵਰਤਨ ਜਾਂ ਗਤੀ ਦਾ ਨਿਰੰਤਰ ਚੱਕਰ। ਜਨਮ ਦਾ ਕਾਰਨ ਇਹ ਹੈ ਕਿ ਅਸਤਿਤਵ ਤਾਂ ਲੋਪ ਹੁੰਦਾ ਰਹਿੰਦਾ ਹੈ।

ਬੋਧਾਂ ਦੁਆਰਾ ਨਿਰੰਤਰ ਆਤਮਵਾਦ ਨੂੰ ਨਕਾਰਨਾ ਉਨ੍ਹਾਂ ਦੇ ਦਵੰਦਾਤਮਿਕ ਦ੍ਰਿਸ਼ਟੀਕੋਣ ਦਾ ਪਰਿਣਾਮ ਸੀ। ਏਂਗਲਜ਼ ਦੇ ਸ਼ਬਦਾਂ ਵਿੱਚ ਸਭ ਤੋਂ ਛੋਟੇ ਤੱਤ ਤੋਂ ਲੈ ਕੇ ਸਭ ਤੋਂ ਵੱਡੇ ਤੱਤ, ਤਕ, ਰੇਤ ਦੇ ਕਣਾਂ ਤੋਂ ਲੈ ਕੇ ਨਛੱਤਰਾਂ ਤਕ, ਆਦਿ ਸਰੂਪ ਤੋਂ ਲੈ ਕੇ ਮਨੁੱਖ ਤਕ, ਸੰਪੂਰਨ ਪ੍ਰਕਿਰਤੀ ਦਾ ਅਸਤਿਤਵ ਨਿਤ ਜਨਮ-ਮਰਨ, ਅਖੰਡ ਪ੍ਰਵਾਹ, ਅਥੱਕ ਗਤੀ ਅਤੇ ਪਰਿਵਰਤਨ ਨੂੰ ਦਰਸਾਉਣ ਵਾਲਾ ਹੈ।[19] ਭਾਰਤ ਵਿੱਚ ਜਿਨ੍ਹਾਂ ਧਰਮਾਂ ਨੇ ਆਤਮਾ ਨੂੰ ਸਵੀਕਾਰ ਨਹੀਂ ਕੀਤਾ, ਉਨ੍ਹਾਂ ਵਿੱਚ ਬੋਧ ਧਰਮ ਦਾ ਆਪਣਾ ਵਿਸ਼ੇਸ਼ ਥਾਂ ਹੈ।

ਦੁੱਖ ਅਤੇ ਦੁੱਖ ਤੋਂ ਛੁਟਕਾਰਾ ਪਾਉਣ ਦਾ ਰਾਹ ਇਹ ਅਜਿਹੇ ਦੋ ਤੱਤ ਹਨ ਜਿਨ੍ਹਾਂ ਵਿੱਚ ਮੁਢਲੇ ਬੁੱਧ ਧਰਮ ਦਾ ਸਾਰ ਛੁਪਿਆ ਹੋਇਆ ਹੈ। ਜਿਵੇਂ ਕਿ ਬੁੱਧ ਖੁਦ ਆਖਦੇ ਹਨ ਮੈਂ ਪਹਿਲਾਂ ਦੇ ਵਾਂਗ ਅੱਜ ਵੀ ਸਿਰਫ ਇਹ ਘੋਸ਼ਣਾ ਕਰਦਾ ਹਾਂ, ਦੁੱਖ ਅਤੇ ਦੁੱਖ ਦੀ ਸਮਾਪਤੀ।

ਅਸੀਂ ਵੇਖ ਚੁੱਕੇ ਹਾਂ ਕਿ ਬੁੱਧ ਦੁੱਖ ਦੀ ਅਧਾਰਭੂਤ ਵਾਸਤਵਿਕਤਾ ਨੂੰ ਸਮਝਣ ਦੇ ਲਈ ਕਾਰਜ-ਕਾਰਣ ਵਾਦ ਨੂੰ 'ਆਸ਼ਰਿਤ ਉਤਪਤੀ' ਅਰਥਾਤ ਕਿਸੇ ਵਸਤੂ ਦੇ ਮੌਜੂਦ ਹੋਣ ਤੇ ਕਿਸੇ ਹੋਰ ਵਸਤੂ ਦੀ ਉਤਪਤੀ ਦਾ ਸਿਧਾਂਤ ਆਖਦੇ ਹਨ। ਦੂਸਰੇ ਸ਼ਬਦਾਂ ਵਿੱਚ ਇਹ ਕਾਰਜ-ਕਾਰਣ ਵਿਧਾਨ ਹੈ।

ਬੁੱਧ ਕਹਿੰਦੇ ਹਨ, 'ਸਾਨੂੰ ਆਦਿ ਅਤੇ ਅੰਤ ਨਾਲ ਸੰਬੰਧਿਤ ਪ੍ਰਸ਼ਨਾਂ ਨੂੰ ਛੱਡ ਦੇਣਾ ਚਾਹੀਦਾ ਹੈ। ਮੈਂ ਤੁਹਾਨੂੰ ਧਰਮ ਦੀ ਸਿੱਖਿਆ ਦੇਵਾਂਗਾ। ਉਸਦੇ ਅਜਿਹਾ ਹੋਣ ਤੇ ਧਰਮ ਦੀ ਉਤਪਤੀ ਹੁੰਦੀ ਹੈ। ਉਸਦੀ ਉਤਪਤੀ ਹੋਣ ਨਾਲ, ਅਜਿਹਾ ਹੁੰਦਾ ਹੈ। ਉਸਦੇ ਮੌਜੂਦ ਨਾ ਹੋਣ ਤੇ, ਅਜਿਹਾ ਨਹੀਂ ਹੁੰਦਾ। ਉਸਦੀ ਸਮਾਪਤੀ ਹੋਣ ਤੇ ਇਸਦੀ ਸਮਾਪਤੀ ਤੋਂ ਜਾਂਦੀ ਹੈ।'

ਇਹ ਵਿਸ਼ਵ-ਵਿਆਪੀ ਨਿਰੰਤਰ ਪਰਿਵਰਤਨ ਦਾ ਕਾਰਜ-ਕਾਰਣ ਸਿਧਾਂਤ ਹੈ। ਰੀਸ ਡੇਵਿਡਸ ਨੇ ਦੱਸਿਆ ਹੈ ਕਿ ਇਹ ਸਿਧਾਂਤ ਨਿਰਪੇਖਤਾਵਾਦ, ਨਿਸ਼ੇਧਵਾਦ, ਦੈਵਯੋਗਵਾਦ, ਅਨਿਯਮਿਤ ਕਾਰਣ-ਕਾਰਜ ਸੰਬੰਧ ਅਤੇ ਅਨਿਸ਼ਚੇਵਾਦ ਨਾਲ ਸੰਬੰਧਿਤ ਸਾਰੀਆਂ ਧਾਰਨਾਵਾਂ ਦਾ ਤਿਆਗ ਕਰਦਾ ਹੈ।

ਗੌਰ ਕਰਨ ਵਾਲੀ ਗੱਲ ਹੈ ਕਿ ਬੋਧ ਧਰਮ ਨੇ ਜਿਸ ਨਿਰਪੇਖਤਾਵਾਦ ਦਾ ਵਿਰੋਧ ਕੀਤਾ ਸੀ ਉਹ ਮੂਲ ਰੂਪ ਨਾਲ ਬ੍ਰਹਮ ਵਿੱਦਿਆ ਸੀ। ਉਸਦੇ ਅਨੁਸਾਰ ਵਿਅਕਤੀ ਦੀ ਆਤਮਾ, ਪਰਮਾਤਮਾ ਦਾ ਪ੍ਰਵਾਹ ਨਹੀਂ ਹੈ, ਬਲਕਿ ਪਰਮਾਤਮਾ ਹਰੇਕ ਮਾਨਵ-ਆਤਮਾ ਦਾ ਅੰਤਰ ਭੂਤ ਅਤੇ ਅਤੇ

ਅਭਿੰਨ ਰੂਪ ਹੈ।'ਆਤਮਾ ਹੀ ਸੀ ਸ਼ੁਰੂ ਵਿੱਚ ਮਨੁੱਖ ਦੇ ਆਕਾਰ ਵਿਚ.. ਵਿਸ਼ਵ ਦਾ ਪਾਲਨਹਾਰ, ਵਿਸ਼ਵਪਤੀ ਮੇਰੀ ਆਤਮਾ ਹੀ।[20]

ਉਸ ਬ੍ਰਹਮ ਵਿਦਿਆਂ ਦੇ ਅੰਤਰਗਤ ਸਵੀਕਾਰ ਕੀਤੀ ਗਈ।ਮੇਰੀ ਆਤਮਾ' ਆਦਿ ਕਾਰਣ ਅਤੇ ਅੰਤਮ ਕਾਰਣ ਹੈ। ਬੁੱਧ ਇਸਦੇ ਉਲਟ ਇਹ ਦੱਸ ਰਹੇ ਸਨ ਕਿ ਕਾਰਜ-ਕਾਰਣ ਸੰਬੰਧ ਦੇ ਕੁਦਰਤੀ ਨਿਯਮ ਦੇ ਅਨੁਸਾਰ ਨਿਰੰਤਰ ਡੋਲਣ ਦੀ ਸਥਿਤੀ ਵਿੱਚ ਹੀ ਪੈਦਾ ਹੋਣ ਤੇ ਪੈਦਾ ਨਹੀਂ ਹੋਣ ਦੇ ਵਿੱਚ ਹੀ ਇਸ ਵਿਸ਼ਵ ਦੀ ਅੰਤਰਵਸਤੂ ਦੀ ਸਚਾਈ ਸਮਾਈ ਹੋਈ ਹੈ। ਬੁੱਧ ਨੇ ਦੱਸਿਆ, 'ਇਹ ਸੰਸਾਰ ਆਮਤੌਰ ਤੇ ਇੱਕ ਦਵੈਤ ਅਰਥਾਤ , 'ਇਹ ਹੈ' ਅਤੇ 'ਇਹ ਨਹੀਂ ਹੈ' ਦੇ ਆਧਾਰ ਤੇ ਚਲਦਾ ਹੈ। ਲੇਕਿਨ ਜੋ ਕੋਈ ਸੱਚ ਅਤੇ ਵਿਵੇਕ ਦੇ ਮਾਧਿਅਮ ਨਾਲ ਵੇਖਦਾ ਹੈ ਕਿ ਸੰਸਾਰ ਵਿੱਚ ਵਸਤਾਂ ਦੀ ਉਤਪਤੀ ਕਿਵੇਂ ਹੁੰਦੀ ਹੈ, ਉਸਦੀ ਦ੍ਰਿਸ਼ਟੀ ਵਿੱਚ ਇਹ ਭਾਵ ਪੈਦਾ ਨਹੀਂ ਹੁੰਦਾ ਕਿ ਇਸ ਸੰਸਾਰ ਵਿੱਚ 'ਇਹ ਨਹੀਂ ਹੈ।' ਜੇ ਕੋਈ ਸੱਚ ਅਤੇ ਵਿਵੇਕ ਦੇ ਮਾਧਿਅਮ ਨਾਲ ਵੇਖਦਾ ਹੈ ਕਿ ਇਸ ਸੰਸਾਰ ਵਿੱਚ ਵਸਤਾਂ ਦਾ ਨਾਸ਼ ਕਿਸ ਪ੍ਰਕਾਰ ਹੁੰਦਾ ਹੈ, ਉਸਦੀ ਦ੍ਰਿਸ਼ਟੀ ਵਿੱਚ ਇਸ ਸੰਸਾਰ ਵਿੱਚ 'ਇਹ ਹੈ' ਦਾ ਭਾਵ ਪੈਦਾ ਨਹੀਂ ਹੁੰਦਾ।... 'ਸਭ ਕੁਝ ਹੈ' ਇਹ ਇੱਕ ਪਾਸੇ ਦੀ ਇੱਕ ਅੱਤਵਾਦੀ ਉਕਤੀ ਹੈ, 'ਕੁਝ ਵੀ ਨਹੀਂ ਹੈ' ਇਹ ਦੂਸਰੇ ਪਾਸੇ ਦੀ ਅੱਤਵਾਦੀ ਉਕਤੀ ਹੈ। ਸ਼ੁੱਧ ਰੂਪ ਦੁਹਾਂ ਪਾਸਿਆਂ ਤੋਂ ਵੱਖ ਰਹਿੰਦਾ ਹੈ ਅਤੇ ਸੱਚ ਵਿਚਕਾਰਲੇ ਰਾਹ ਦੀ ਨਕਲ ਕਰਦਾ ਹੈ।

ਸੰਭਵ ਹੈ ਜਨਮ ਅਤੇ ਮਰਨ ਦੇ ਰੂਪ ਵਿੱਚ ਸਾਰੀਆਂ ਚੀਜ਼ਾਂ ਨੂੰ ਵੇਖਣ ਦਾ ਸਿੱਧਾ ਨਤੀਜਾ ਇਹ ਹੋਇਆ ਕਿ ਬੁੱਧ ਯੁੱਗ ਵਿੱਚ ਆਤਮਾ ਸੰਬੰਧਿਤ ਪ੍ਰਚਲਿਤ ਸਾਰੀਆਂ ਧਾਰਨਾਵਾਂ ਨੂੰ ਅਸਵੀਕਾਰ ਕਰ ਦਿੱਤਾ ਗਿਆ। ਬ੍ਰਾਹਮਣਿਕ ਆਤਮਾ ਨੂੰ ਇੱਕ ਸਥਾਈ ਤੱਤ ਮੰਨਿਆ ਗਿਆ ਸੀ ਇਹ ਅਜਿਹੀ ਆਤਮਾ ਸੀ ਜੋ ਜਨਮ, ਵਿਨਾਸ਼ ਅਤੇ ਮੌਤ ਦੀਆਂ ਪ੍ਰਕ੍ਰਿਆਵਾਂ ਤੋਂ ਪਰੇ ਸੀ। ਬੁੱਧ ਦੇ ਸਰਬਵਿਆਪੀ ਨਿਰੰਤਰ ਪਰਿਵਰਤਨ ਦੇ ਸਿਧਾਂਤ ਨੇ ਇੱਕ ਹੀ ਝਟਕੇ ਨਾਲ ਉਸ ਸਮੇਂ ਦੇ ਆਤਮਾ ਸੰਬੰਧੀ ਪ੍ਰਚਲਿਤ ਸਾਰੇ ਵਿਚਾਰਾਂ ਨੂੰ ਨਸ਼ਟ ਕਰ ਦਿੱਤਾ ਸੀ।

ਵੇਖਿਆ ਜਾ ਸਕਦਾ ਹੈ ਕਿ ਆਤਮਵਾਦ ਅਤੇ ਅਨਾਤਮਵਾਦ ਇਹ ਦੋ ਧਰੁਵ, ਦੋ ਪਰਸਪਰ ਵਿਰੋਧੀ, ਸਮਾਜਿਕ-ਆਰਥਿਕ ਵਿਵਸਥਾਵਾਂ ਦੇ ਵਿਚਾਰਕ ਪ੍ਰਤਿਬਿੰਬ ਸਨ।

ਇੱਥੇ ਵਿਸ਼ੇਸ਼ ਗੱਲ ਇਹ ਹੈ ਕਿ ਜਿਸ ਪ੍ਰਕਾਰ ਕਾਰਜ-ਕਾਰਣ ਦਾ ਸਿਧਾਂਤ ਅਨਾਤਮਵਾਦ ਦਾ ਆਧਾਰ ਹੈ, ਉਸੇ ਤਰ੍ਹਾਂ ਅਨਾਤਮਵਾਦ ਬੁੱਧ ਦੇ ਨਿੱਜੀ ਸੰਪਤੀ ਦੇ ਵਿਰੋਧ ਨਾਲ ਡੂੰਘੇ ਰੂਪ ਨਾਲ ਜੁੜਿਆ ਹੋਇਆ ਹੈ। ਰੂਸ ਦੇ ਪ੍ਰਸਿੱਧ ਬੋਧ ਚਿੰਤਕ ਸਤਚੇਵਾਰਤੱਸਤਰੀ ਨੇ ਇਸ ਗੱਲ ਨੂੰ ਬੜੇ ਸਟੀਕ ਰੂਪ ਨਾਲ ਪੇਸ਼ ਕੀਤਾ ਹੈ, ਜਿੱਥੇ ਵਿਅਕਤੀਤਵ ਹੈ, ਉੱਥੇ ਹੀ ਉਸਦੀ ਸੰਪਤੀ ਵੀ ਹੁੰਦੀ। ਜਿੱਥੇ 'ਮੈਂ' ਹੁੰਦਾ ਹੈ, ਉੱਥੇ 'ਮੇਰਾ' ਵੀ ਹੁੰਦਾ ਹੈ। ਅਤੇ ਜਿੱਥੇ ਨਿੱਜੀ ਸੰਪਤੀ ਹੁੰਦੀ ਹੈ, ਉੱਥੇ ਹੀ ਉਸਦੇ ਪ੍ਰਤੀ ਕਿਸੇ ਨਾ ਕਿਸੇ ਪ੍ਰਕਾਰ ਦਾ ਲਗਾਓ ਵੀ ਹੁੰਦਾ ਹੈ। ਨਿੱਜੀ ਸੰਪਤੀ ਦਾ ਇਹੀ ਮੋਹ ਸਾਰੀਆਂ ਬੁਰਾਈਆਂ ਦਾ, ਸਾਰੇ ਕਰਮਾਂ ਅਤੇ ਸਮਾਜਿਕ ਅਨਿਆਂ ਦਾ ਮੂਲ ਹੈ। ਇਸ ਪ੍ਰਕਾਰ ਆਤਮਾ ਦੀ ਹੋਂਦ ਤੋਂ ਇਨਕਾਰ ਕਰਕੇ ਬੁੱਧ ਮੱਤ ਨਿੱਜੀ ਸੰਪਤੀ ਦੇ ਅਧਿਕਾਰ ਦੇ ਨਿਸ਼ੇਧ ਨੂੰ ਇੱਕ ਅਤਿਅੰਤ ਮਜ਼ਬੂਰ ਆਧਾਰ ਪ੍ਰਦਾਨ ਕਰਦਾ ਹੈ। ਜਦੋਂ ਵਿਅਕਤੀਤਵ ਹੀ ਨਾ ਹੋਵੇ ਤਾਂ ਨਿੱਜੀ ਸੰਪਤੀ ਕੇਹੀ? ਇਸ ਕਾਰਨ ਇੱਕ ਸੱਚਾ ਬੋਧੀ ਉਹੀ ਹੈ ਜੋ ਨਿੱਜੀ ਸੰਪਤੀ ਹੀ ਨਹੀਂ, ਪਰਿਵਾਰ, ਘਰ ਆਦਿ ਦਾ ਵੀ ਸਦਾ-ਸਦਾ ਲਈ ਤਿਆਗ ਕਰ ਚੁੱਕਿਆ ਹੈ। ਵਿਸ਼ਵ ਧਰਮਾਂ ਦੇ ਇਸਾਈਯਤ ਅਤੇ ਇਸਲਾਮ ਦੇ ਇਤਿਹਾਸ ਵਿੱਚ ਅਕਸਰ ਨਿੱਜੀ ਸੰਪਤੀ ਦੀ ਮਨਾਹੀ ਤੇ ਉਸਦਾ ਤਿਆਗ

ਕਰਨ ਦੀ ਸਲਾਹ ਦੇਣ ਵਾਲੇ ਸਿਧਾਂਤ ਮਿਲਦੇ ਹਨ। ਲੇਕਿਨ ਬੋਧ ਮਤ ਇਸ ਪ੍ਰਸ਼ਨ ਦਾ ਸਭ ਤੋਂ ਜਿਆਦਾ ਮੂਲਗਾਮੀ ਵਿਵੇਚਨ ਕਰਦਾ ਹੈ।[21]

ਇਸ ਤਰ੍ਹਾਂ ਵੇਖਣ ਤੇ ਸਪਸ਼ਟ ਹੈ ਕਿ ਉਪਨਿਸ਼ਦਾਂ ਦਾ ਰੂਪ ਲੈ ਰਹੇ ਚਿੰਤਨ ਨੂੰ ਵਰਗ ਵਿਭਾਜਿਤ ਸਮਾਜ ਦੀ ਸ਼ੋਸ਼ਣਮਈ ਵਿਵਸਥਾ ਤੋਂ ਵੱਖ ਕਰਕੇ ਨਹੀਂ ਵੇਖਿਆ ਜਾ ਸਕਦਾ। ਬੁੱਧ ਦੇ ਸਮਕਾਲੀਨ ਆਤਮਵਾਦੀ ਦਰਸ਼ਨ ਦੀ ਸੰਭਾਵਨਾ, ਸਿਰਫ ਨਵੀਂ ਅਰਥ ਵਿਵਸਥਾ ਦੇ ਅੰਤਰਗਤ ਸਹੂਲਤਾਂ ਪ੍ਰਾਪਤ ਵਰਗ ਦੇ ਸਥਾਈ ਹੋਣ ਤੇ ਹੀ ਬਣ ਸਕਦੀ ਸੀ। ਬੇਸ਼ੱਕ ਉਪਨਿਸ਼ਦਾਂ ਦੇ ਸਿਧਾਂਤਕ ਪ੍ਰਸ਼ਨ ਅਤੇ ਉਨ੍ਹਾਂ ਦੇ ਪੇਸ਼ ਹੋਏ ਹੱਲ ਇੱਕ ਪ੍ਰਕਾਰ ਨਾਲ ਬੌਧਿਕ ਵਿਕਾਸ ਦੇ ਸੂਚਕ ਸਨ ਅਤੇ ਗਿਆਨ ਚਿੰਤਨ ਦੀ ਦ੍ਰਿਸ਼ਟੀ ਨਾਲ ਨਵੀਆਂ ਸੰਭਾਵਨਾਵਾਂ ਨੂੰ ਵਿਅਕਤ ਕਰ ਰਹੇ ਸਨ, ਪਰੰਤੂ ਜੀਵਨ-ਜਗਤ ਦੇ ਲੌਕਿਕ ਅਨੁਭਵਾਂ ਨਾਲ ਅਤੁੱਟ ਉਨ੍ਹਾਂ ਦਾ ਸ਼ੁੱਧ ਚਿੰਤਨ, ਬੋਧਾਂ ਦੇ ਯਤਨਾਂ ਦੀ ਤੁਲਨਾ ਵਿੱਚ, ਮਿਹਨਤ ਨਾਲ ਹੋਣ ਵਾਲੀਆਂ ਗਤੀਵਿਧੀਆਂ ਨੂੰ ਨਿਮਨ ਕੋਟੀ ਦਾ ਸਵੀਕਾਰ ਕਰਨ ਲਈ ਮਜ਼ਬੂਰ ਸੀ। ਨਤੀਜੇ ਵਜੋਂ ਸਾਰੇ ਮਿਹਨਤ ਉਤਪਾਦਨ ਕਾਰਜਾਂ ਵਿੱਚ ਲੱਗੇ ਹੋਏ ਕਿਸਾਨਾਂ, ਸ਼ਿਲਪੀਆਂ ਨੂੰ ਕਾਬੂ ਵਿੱਚ ਰੱਖਣ ਲਈ ਉਨ੍ਹਾਂ ਨੂੰ ਨਿਮਨ ਕੋਟੀ ਵਿੱਚ ਪਾ ਦਿੱਤਾ ਗਿਆ ਸੀ, ਜਿਨ੍ਹਾਂ ਨੂੰ ਪਰੰਪਰਾ ਨੇ ਸ਼ੂਦਰ ਕਿਹਾ ਹੈ। ਯਕੀਨੀ ਤੌਰ ਤੇ ਭੌਤਿਕ ਵਿਕਾਸ ਦੇ ਲਈ ਲੋੜੀਂਦੀ ਪ੍ਰਕਿਰਤੀ ਦੀ ਯਥਾਰਤਕਤਾ ਤੇ ਸਵਾਲ ਸਾਡੀ ਤਕਨੀਕੀ ਤਰੱਕੀ ਲਈ ਅੱਜ ਤੱਕ ਬਹੁਤ ਵੱਡੀ ਰੁਕਾਵਟ ਬਣਿਆ ਹੋਇਆ ਹੈ। ਇੱਥੇ ਗਿਆਨ ਦਾ ਅਰਥ ਲੌਕਿਕ ਜਗਤ ਅਤੇ ਪ੍ਰਕਿਰਤੀ ਦੀ ਜਿਆਦਾ ਜਾਣਕਾਰੀ ਦੀ ਬਜਾਏ ਵਿਸ਼ੇਨਿਸ਼ਟ ਰੂਪ ਵਿੱਚ ਗਿਆਨ ਦਾ ਭਾਵ ਜਿਸਨੂੰ ਸਿੱਧ ਕੀਤਾ ਜਾ ਸਕੇ 'ਸਵੈ' ਹੋ ਕੇ ਰਹੱਸਮਈ ਬਣ ਗਿਆ। ਇਸ ਲਈ ਉਪਨਿਸ਼ਦਾਂ ਦੇ ਆਤਮਵਾਦੀ ਦਾਰਸ਼ਨਿਕ ਨੂੰ ਆਪਣੇ ਪ੍ਰਸ਼ਨਾਂ ਦੇ ਸਮਾਧਾਨ ਦੇ ਲਈ, ਪ੍ਰਤੱਖ ਅਨੁਭਵਾਂ ਨੂੰ ਭਰਮ ਮੰਨ ਲੈਣ ਤੇ ਸੁਪਨੇ, ਗਹਿਰੀ ਨੀਂਦ ਤੇ ਅਖੀਰ ਮੌਤ ਦੀ ਸ਼ਰਨ ਵਿੱਚ ਜਾਣਾ ਪਿਆ।[22]

ਬ੍ਰਾਹਮਣਿਕ ਆਤਮਵਾਦ ਦੇ ਨਿਸੇਧ ਵਿੱਚ ਵਰਣ ਵਿਭਾਜਿਤ ਬਾਹਮਣਿਕ ਵਿਵਸਥਾ ਦੇ ਸਥਾਈ ਹੋਣ ਦਾ ਨਿਸ਼ੇਧ ਵੀ ਸੀ। ਬ੍ਰਾਹਮਣਾਂ ਅਤੇ ਉਪਨਿਸ਼ਦਾ ਦੇ ਸਮੇਂ ਤੋਂ ਹੀ ਵਰਣਾਂ ਤੇ ਅਧਾਰਤ ਸਮਾਜ ਨੂੰ ਧਰਮਸੰਮਤ ਦੱਸਣ ਅਤੇ ਇਹ ਦਾਅਵਾ ਕਰਨ ਦੀ ਪ੍ਰਵਿਰਤੀ ਜ਼ੋਰਾਂ ਤੇ ਸੀ ਕਿ ਇਹ ਈਸ਼ਵਰ ਦਾ ਵਿਧਾਨ ਹੈ। ਅਤੇ ਕਿਉਂਕਿ ਇਸਨੂੰ ਦੈਵੀ ਮੰਨ ਲਿਆ ਗਿਆ ਸੀ, ਇਸ ਲਈ ਇਹ ਕਿਹਾ ਜਾਣ ਲੱਗਾ ਸੀ ਕਿ ਇਸਦੀ ਮੂਲ ਸਰੰਚਨਾ ਵਿੱਚ ਪਰਿਵਰਤਨ ਕਰਨਾ ਅਸੰਭਵ ਹੈ। ਦੂਸਰੇ ਸ਼ਬਦਾਂ ਵਿੱਚ, ਸਥਾਪਿਤ ਕੀਤਾ ਗਿਆ ਕਿ ਵਰਣ ਸਮਾਜ ਪਰਿਵਰਤਨ ਤੋਂ ਪੂਰੀ ਤਰ੍ਹਾਂ ਪਰ੍ਹਾਂ ਹੈ ਅਤੇ ਕਿਹਾ ਗਿਆ ਕਿ ਜੇਕਰ ਇਹ ਈਸ਼ਵਰ ਦੀ ਇੱਛਾ ਨਾਲ ਪੈਦਾ ਹੋਇਆ ਹੈ ਤਾਂ ਈਸ਼ਵਰ ਦੀ ਇੱਛਾ ਹੀ ਇਸਨੂੰ ਅਮਰ ਰੂਪ ਪ੍ਰਦਾਨ ਕਰੇਗੀ। ਵਰਣ ਵਿਵਸਥਾ ਵਾਲੇ ਸਮਾਜ ਦੀ ਪੂਰੀ ਤਰ੍ਹਾਂ ਪਰਿਵਰਤਨਸ਼ੀਲ ਨਾ ਹੋਣ ਦਾ ਇਹ ਈਸ਼ਵਰਵਾਦੀ ਵਿਚਾਰ ਕਿਸ ਪ੍ਰਕਾਰ ਸਾਕਾਰ ਹੋਇਆ, ਇਹ ਵੇਖਣ ਲਈ ਇੱਥੇ ਮਨੁ ਦੇ ਕੁਝ ਸ਼ਲੋਕਾਂ ਦਾ ਉਦਾਹਰਨ ਦੇਣਾ ਕਾਫੀ ਹੋਵੇਗਾ।

ਮਨੁ ਕਹਿੰਦੇ ਹਨ ਇਸ ਸੰਸਾਰ ਦੀ ਰੱਖਿਆ ਕਰਨ ਦੇ ਉਦੇਸ਼ ਨਾਲ ਉਸ ਪਰਮੇਸ਼ਵਰ ਨੇ ਉਨ੍ਹਾਂ ਲੋਕਾਂ ਦੇ ਲਈ, ਜੋ ਉਨ੍ਹਾਂ ਦੇ ਮੂੰਹ, ਬਾਹਾਂ, ਜੰਘਾਂ ਤੇ ਪੈਰਾਂ ਤੋਂ ਪੈਦਾ ਹੋਏ, ਵੱਖ-ਵੱਖ ਕਾਰਜ ਨਿਰਧਾਰਿਤ ਕੀਤੇ। ਉਨ੍ਹਾਂ ਨੇ ਬ੍ਰਾਹਮਣਾਂ ਨੂੰ ਸਿੱਖਿਆ ਦੇਣ ਅਤੇ ਅਧਿਐਨ ਕਰਨ ਦਾ, ਆਪਣੇ ਅਤੇ ਦੂਸਰਿਆਂ ਦੇ ਲਾਭ ਲਈ ਯੱਗ ਕਰਨ ਦਾ, ਦਾਨ ਲੈਣ ਦਾ ਕੰਮ ਸੌਂਪਿਆ। ਉਨ੍ਹਾਂ ਨੇ

ਖੱਤਰੀਆਂ ਨੂੰ ਪਰਜਾ ਦੀ ਰੱਖਿਆ ਕਰਨ ਦਾ, ਦਾਨ ਦੇਣ ਦਾ, ਯੱਗ ਕਰਨ ਦਾ, ਅਧਿਐਨ ਕਰਨ ਦਾ ਅਤੇ ਭੋਗ ਵਿਲਾਸ ਤੋਂ ਦੂਰ ਰਹਿਣ ਦਾ ਆਦੇਸ਼ ਦਿੱਤਾ। ਉਨ੍ਹਾਂ ਨੇ ਵੈਸ਼ਾਂ ਨੂੰ ਪਸ਼ੂਆਂ ਦੀ ਰੱਖਿਆ ਕਰਨ ਦਾ, ਦਾਨ ਦੇਣ ਦਾ, ਯੱਗ ਕਰਨਾ ਦਾ, ਅਧਿਐਨ ਕਰਨ ਦਾ, ਵਪਾਰ ਕਰਨ ਦਾ, ਮਹਾਜਨੀ ਨੂੰ ਕਾਰੋਬਾਰ ਕਰਨ ਅਤੇ ਖੇਤੀਬਾੜੀ ਦਾ ਕੰਮ ਕਰਨ ਨੂੰ ਕਿਹਾ। ਪਰਮੇਸ਼ਵਰ ਨੇ ਸ਼ੂਦਰਾਂ ਦੇ ਲਈ ਇੰਨਾਂ ਤਿੰਨਾਂ ਵਰਣਾਂ ਦੀ ਸੇਵਾ ਕਰਨ ਦਾ ਕੰਮ ਨਿਰਧਾਰਿਤ ਕੀਤਾ।[23]

ਮਨੁ ਤੋਂ ਬਹੁਤ ਪਹਿਲਾਂ ਇਹ ਵਰਣ ਵਿਵਸਥਾ ਪ੍ਰਚਲਿਤ ਹੋ ਚੁੱਕੀ ਸੀ। ਮਨੁ ਨੇ ਇਸਨੂੰ ਵਿਧੀ-ਵਿਧਾਨ ਬੱਧ ਕੀਤਾ ਸੀ। ਬ੍ਰਾਹਮਣ ਬਸ਼ੇੱਠ ਨੇ ਬੁੱਧ ਨੂੰ ਦੱਸਿਆ ਕਿ ਬ੍ਰਾਹਮਣ ਕਿਸ ਤਰ੍ਹਾਂ ਆਪਣੀ ਸ਼੍ਰੇਸ਼ਟਤਾ ਸਿੱਧ ਕਰਨ ਦਾ ਦਾਅਵਾ ਕਰਦੇ ਹਨ, 'ਬ੍ਰਾਹਮਣ ਹੀ ਬ੍ਰਾਹਮਾ ਦੀ ਸੱਚੀ ਸੰਤਾਨ ਹਨ, ਬ੍ਰਹਮਾ ਦੇ ਮੂੰਹ ਤੋਂ ਉਨ੍ਹਾਂ ਦਾ ਜਨਮ ਹੋਇਆ ਹੈ, ਉਹ ਬ੍ਰਹਮਾ ਦੇ ਵੰਸ਼ਜ ਹਨ, ਬ੍ਰਹਮਾ ਨੇ ਉਨ੍ਹਾਂ ਦੀ ਰਚਨਾ ਕੀਤੀ ਹੈ ਅਤੇ ਉਹ ਬ੍ਰਹਮਾ ਦੇ ਉੱਤਰਾਧਿਕਾਰੀ ਹਨ।" ਲੇਕਿਨ ਪੂਰੀ ਤਰ੍ਹਾਂ ਹਾਸੋਹੀਣੇ ਲੱਗਣ ਵਾਲੇ ਇਸ ਦਾਅਵੇ ਤੇ ਬੁੱਧ ਨੂੰ ਹਾਸਾ ਆ ਗਿਆ! "ਸੱਚਮੁੱਚ ਬਸੇੱਠ, ਬ੍ਰਾਹਮਣ ਆਪਣੇ ਅਤੀਤ ਨੂੰ ਭੁੱਲ ਗਏ ਹਨ, ਜਦੋਂ ਉਹ ਅਜਿਹਾ ਦਾਅਵਾ ਕਰਦੇ ਹਨ। ਅੱਜ ਤਾਂ ਅਸੀਂ ਵੇਖਦੇ ਹਾਂ ਕਿ ਬ੍ਰਾਹਮਣੀਆਂ ਅਰਥਾਤ ਬ੍ਰਾਹਮਣਾਂ ਦੀਆਂ ਪਤਨੀਆਂ ਗਰਭ ਧਾਰਨ ਕਰਦੀਆਂ ਹਨ, ਬੱਚੇ ਪੈਦਾ ਕਰਦੀਆਂ ਹਨ ਅਤੇ ਬੱਚਿਆਂ ਦਾ ਪਾਲਨ-ਪੋਸਣ ਕਰਦੀਆਂ ਹਨ। ਫਿਰ ਵੀ ਔਰਤਾਂ ਦੇ ਗਰਭ ਤੋਂ ਪੈਦਾ ਹੋਣ ਵਾਲੇ ਇਹ ਬ੍ਰਾਹਮਣ ਕਹਿੰਦੇ ਹਨ... ਬ੍ਰਾਹਮਣ ਬ੍ਰਹਮਾ ਦੀ ਸੱਚੀ ਸੰਤਾਨ ਹਨ, ਉਨ੍ਹਾਂ ਦਾ ਜਨਮ ਬ੍ਰਹਮਾ ਦੇ ਮੂੰਹ ਤੋਂ ਹੋਇਆ ਹੈ, ਉਹ ਬ੍ਰਹਮਾ ਦੇ ਵੰਸ਼ਜ ਹਨ। ਬ੍ਰਹਮਾ ਨੇ ਉਨ੍ਹਾਂ ਦੀ ਰਚਨਾ ਕੀਤੀ ਹੈ ਅਤੇ ਉਹ ਬ੍ਰਹਮਾ ਦੇ ਉੱਤਰਾਧਿਕਾਰੀ ਹਨ।[24]

ਅਸੀਂ ਵੇਖ ਚੁੱਕੇ ਹਾਂ ਕਿ ਰਾਜ ਦੀਆਂ ਸੱਤਾ ਤੇ ਕਾਬਜ ਲੋਕਾਂ ਦੀਆਂ ਜ਼ਰੂਰਤਾਂ ਦੇ ਤਹਿਤ ਬ੍ਰਾਹਮਣਵਾਦ ਦੀ ਉਤਪਤੀ ਜਨਜਾਤੀਆਂ ਦੇ ਦਮਨ ਦੀ ਵਿਚਾਰਧਾਰਾ ਦੇ ਰੂਪ ਵਿੱਚ ਹੋਈ ਜਦੋਂ ਕਿ ਇਸਦੇ ਉਲਟ ਬੁੱਧ ਧਰਮ ਜਨਜਾਤੀਆਂ ਦੀ ਭਲਾਈ ਕਰਨ ਵਾਲਾ ਸੀ। ਬੋਧਾਂ ਨੇ ਲਗਾਤਾਰ ਬ੍ਰਾਹਮਣਿਕ ਵਿਚਾਰਧਾਰਾ ਅਤੇ ਜਾਤੀਵਾਦ ਦੇ ਖ਼ਿਲਾਫ਼ ਮੋਰਚਾ ਖੋਲ੍ਹੀ ਰੱਖਿਆ ਹੈ।

ਜਾਤੀ ਦੀ ਧਾਰਨਾ ਬ੍ਰਾਹਮਣਿਕ ਗ੍ਰੰਥਾਂ ਤੇ ਅਧਾਰਤ ਹੈ। ਗੌਰਤਲਬ ਹੈ ਕਿ ਜਾਤੀ ਦਾ ਸਿਧਾਂਤਕ ਵਰਣਨ ਉਨ੍ਹਾਂ ਗ੍ਰੰਥਾਂ ਵਿੱਚ ਹੈ, ਜਿਨ੍ਹਾਂ ਦੀ ਰਚਨਾ ਈ. ਸੰਨ ਦੀ ਪਹਿਲੀ ਸਦੀ ਦੇ ਨੇੜੇ ਤੇੜੇ ਹੋਣੀ ਦੱਸੀ ਜਾਂਦੀ ਹੈ।

ਸਮਝਣ ਦੀ ਗੱਲ ਹੈ ਕਿ ਬੋਧ ਗ੍ਰੰਥਾਂ ਵਿੱਚ ਜਾਤੀ ਦੇ ਬਿਰਤਾਂਤ ਬ੍ਰਾਹਮਣਿਕ ਗ੍ਰੰਥਾਂ ਨਾਲ ਬਿਲਕੁਲ ਮੇਲ ਨਹੀਂ ਖਾਂਦੇ। ਇਨ੍ਹਾਂ ਵਿੱਚ ਬ੍ਰਾਹਮਣਿਕ ਜਾਤੀ ਦੇ ਸਿਧਾਂਤਾਂ ਦਾ ਖੰਡਨ ਕੀਤਾ ਗਿਆ ਹੈ।

ਪੰਜਵੀਂ ਸਦੀ ਈ. ਪੂ. ਤੋਂ ਲੈ ਕੇ ਪਹਿਲੀ ਸਦੀ ਈ. ਪੂ. ਦੇ ਪੰਜ ਸੌ ਸਾਲਾਂ ਦੇ ਬੋਧ ਗ੍ਰੰਥਾਂ ਅਤੇ ਫਿਰ ਦੂਸਰੀ ਸਦੀ ਈ. ਪੂ. ਤੋਂ ਦੂਸਰੀ ਸਦੀ ਈ. ਸੰਨ ਦੇ ਅਭਿਲੇਖਾਂ ਦੇ ਨਿਰੀਖਣ ਤੋਂ ਪਤਾ ਚਲਦਾ ਹੈ ਕਿ ਬੋਧ ਗ੍ਰੰਥਾਂ ਦਾ ਖੇਤਰੀ ਵਿਸਥਾਰ ਮੁੱਖ ਰੂਪ ਨਾਲ ਪੂਰਬੀ ਉੱਤਰ ਪ੍ਰਦੇਸ਼, ਬਿਹਾਰ ਅਤੇ ਮੱਧ ਪ੍ਰਦੇਸ਼ ਹੈ ਅਤੇ ਅਭਿਲੇਖ ਮੱਧ ਭਾਰਤ ਅਤੇ ਪੱਛਮੀ ਭਾਰਤ ਨਾਲ ਸੰਬੰਧਿਤ ਹਨ।

ਪ੍ਰਾਰੰਭਕ ਪਾਲੀ ਗ੍ਰੰਥਾਂ ਵਿੱਚ, ਬ੍ਰਾਹਮਣਿਕ ਵਰਣ ਕੋਟੀਆਂ-ਬ੍ਰਾਹਮਣ, ਖੱਤਰੀ, ਸ਼ੂਦਰ,ਵੈਸ਼ ਦੀ ਥਾਂ ਤੇ ਵਰਣ, ਜਾਤੀ, ਕੁਲ ਦੇ ਰੂਪ ਵਿੱਚ ਸਮਾਜ ਦਾ ਵਰਗੀਕਰਨ ਕੀਤਾ ਗਿਆ ਹੈ। ਦੀਘ ਨਿਕਾਯ ਵਿੱਚ 'ਕੁਲ' ਵਰਗੀਕਰਨ ਦੀ 'ਇਕਾਈ' ਹੈ। ਇੱਥੇ ਖੱਤਰੀ, ਬ੍ਰਾਹਮਣ, ਗ੍ਰਹਿਪਤੀ,

ਇਹ ਤਿੰਨ ਕੋਟੀਆਂ ਹਨ। ਬ੍ਰਾਹਮਣ ਅਤੇ ਖੱਤਰੀ ਇਨ੍ਹਾਂ ਦੋ ਵਰਣਾਂ ਦੇ ਵਿਚਕਾਰ ਤਣਾਓ ਵਾਲੀਆਂ ਸਥਿਤੀਆਂ ਦਾ ਬਹੁਤ ਵਾਰੀ ਵਰਣਨ ਹੋਇਆ ਹੈ। ਗੌਤਮ ਬੁੱਧ ਜੋਰਦਾਰ ਢੰਗ ਨਾਲ ਬ੍ਰਾਹਮਣਾਂ ਦੀ ਸ਼੍ਰੇਸ਼ਠਤਾ ਦਾ ਨਿਸ਼ੇਧ ਕਰਦੇ ਹਨ। ਇਸੇ ਪ੍ਰਕਾਰ ਬੋਧਾਂ[25] ਨੇ ਨੀਵੇਂ ਦਰਜੇ ਦੇ ਲਈ ਉੱਪਰਲੇ ਵਰਣਾਂ ਦੀ ਸੇਵਾ ਦੇ ਵਿਚਾਰ ਦਾ ਵੀ ਖੰਡਨ ਕੀਤਾ ਹੈ। ਅਰਥਾਤ ਬ੍ਰਾਹਮਣਾਂ ਦੀ ਵਰਣ ਯੋਜਨਾ ਦੇ ਅਨੁਸਾਰ ਸ਼ੂਦਰਾਂ ਦੀ ਵਿਸ਼ਿਸ਼ਟ ਭੂਮਿਕਾ– 'ਹੋਰ ਵਰਣਾਂ ਦੀ ਸੇਵਾ ਬ੍ਰਾਹਮਣ ਦੂਸਰੇ ਦਰਜੇ ਤੇ ਹਨ। ਬੋਧ ਗ੍ਰੰਥਾਂ ਵਿੱਚ ਕਿਤੇ ਨਹੀਂ ਹੈ। ਬੋਧ ਗ੍ਰੰਥਾਂ ਵਿੱਚ ਉਹ ਸ਼ਿਕਾਰੀ ਆਦਿ ਹੋਰ ਅਨੇਕਾਂ ਕੰਮਾਂ ਨਾਲ, ਜੋ ਸਭਿਆ ਸਮਾਜ ਦੀ ਦ੍ਰਿਸ਼ਟੀ ਨਾਲ ਭਾਵੇਂ ਕਿੰਨੇ ਵੀ ਨੀਵੇਂ ਪੱਧਰ ਦੇ ਅਤੇ ਅਸ਼ੁੱਧ ਹੋਣ, ਸੰਬੰਧਿਤ ਹਨ।[26]

ਬੁੱਧ ਬ੍ਰਾਹਮਣਾਂ ਦੇ ਇਸ ਦਾਅਵੇ ਨੂੰ ਅਰਥਹੀਣ ਮੰਨਦੇ ਹਨ ਕਿ ਜਨਮ ਤੇ ਸ਼੍ਰੇਸ਼ਟ ਹੋਣ ਦੇ ਕਾਰਨ ਉਨ੍ਹਾਂ ਨੂੰ ਹੋਰ ਵਰਣਾਂ ਤੋਂ ਸੇਵਾ ਕਰਵਾਉਣ ਦਾ ਅਧਿਕਾਰ ਹੈ ਕਿਉਂਕਿ ਬੁੱਧ ਵੇਖ ਰਹੇ ਸਨ ਕਿ ਧਨ ਦੇ ਜੋਰ ਤੇ ਕਿਸੇ ਦੀ ਵੀ ਸੇਵਾ ਪ੍ਰਾਪਤ ਕੀਤੀ ਜਾ ਸਕਦੀ ਹੈ।

ਬੋਧ ਗ੍ਰੰਥਾਂ ਵਿੱਚ ਉੱਚ ਅਤੇ ਨਿਮਨ ਕੋਟੀ ਨਿਰਧਾਰਨ, ਸਮਾਜਿਕ ਵਸਤੂ ਸਥਿਤੀ ਦੇ ਅਨੁਸਾਰ ਹੈ, ਇਸ ਵਿੱਚ ਕਿਤੇ ਧਰਮਯੁਕਤ ਵੈਧਤਾ ਦਾ ਦਖਲ ਨਹੀਂ ਮੰਨਿਆ ਗਿਆ।

ਉੱਕਤ ਜਾਤੀ (ਉੱਚ) ਵਿੱਚ ਖੱਤਰੀ ਅਤੇ ਬ੍ਰਾਹਮਣ ਸਨ। ਚੰਡਾਲ, ਬੇਨ, ਨਿਸ਼ਾਦ, ਰਥਕਾਰ ਅਤੇ ਪੁਕੱਸ ਹੀਣ ਜਾਤੀ ਸੀ। ਇੱਥੇ ਇਸ ਵਰਗੀਕਰਨ ਵਿੱਚ ਵੈਸ਼ ਅਤੇ ਸੂਦਰ ਨਹੀਂ ਹਨ।

ਅੰਗੁਤੱਰ ਨਿਕਾਯ ਵਿੱਚ ਵੀ ਖੱਤਰੀ, ਬ੍ਰਾਹਮਣ ਅਤੇ ਗਹਪਤੀ ਨੂੰ ਉੱਚੀ ਕੁੱਲ ਦਾ ਦੱਸਿਆ ਗਿਆ ਹੈ, ਜਦੋਂ ਕਿ ਹੋਰ ਚੰਡਾਲ, ਬੇਨ, ਨਿਸ਼ਾਦ, ਰਥਕਾਰ ਅਤੇ ਪੁਕੱਸ ਹੀਣ ਜਾਤੀ ਦੇ ਹਨ।[27]

ਇੱਥੇ ਇੱਕ ਸੰਦਰਭ ਵਿੱਚ ਕਿਹਾ ਗਿਆ ਹੈ ਕਿ ਉੱਚੀਆਂ ਕੁੱਲਾਂ ਗੋਰਿਆਂ ਨਾਲ ਅਤੇ ਨੀਵੀਆਂ ਕੁੱਲਾਂ ਕਾਲਿਆ ਨਾਲ ਸੰਬੰਧਿਤ ਹਨ। ਬੋਧਾਂ ਨੇ ਮੰਨਿਆ ਕਿ ਉੱਚੀਆਂ ਕੁੱਲਾਂ ਧਨ, ਪ੍ਰਸਿੱਧੀ ਅਤੇ ਸਿੱਖਿਆ ਦੇ ਕਾਰਨ ਹਨ।

ਚੰਡਾਲ, ਨਿਸ਼ਾਦ, ਬੇਨ, ਰਥਕਾਰ ਅਤੇ ਪੁੱਕਸ ਕੁੱਲਾਂ ਨੀਵੀਂਆਂ ਦੱਸੀਆਂ ਗਈਆਂ ਹਨ ਅਤੇ ਕਿਹਾ ਗਿਆ ਹੈ ਕਿ ਅਗਲੇ ਜਨਮ ਵਿੱਚ ਅਜਿਹੀਆਂ ਕੁੱਲਾਂ ਵਿੱਚ ਮੂਰਖ ਪੈਦਾ ਹੋਣਗੇ।[28]

ਵਿਨਯ ਗ੍ਰੰਥਾਂ ਵਿੱਚ ਕੱਮ ਅਤੇ ਸਿੱਪ ਦਾ ਨਿਮਨ ਅਤੇ ਉੱਚ ਵਿੱਚ ਵਿਭਾਜਨ ਬੋਧ ਪੱਧਰੀਕਰਨ ਦੇ ਦ੍ਰਿਸ਼ਟੀਕੋਣ ਨੂੰ ਸਪਸ਼ਟ ਦਰਸਾਉਂਦਾ ਹੈ। ਵਪਾਰ ਵਿੱਚ ਉੱਚ ਅਤੇ ਨਿਮਨ ਦਾ ਵਰਗੀਕਰਨ ਖੇਤਰੀ ਸਥਿਤੀ ਦੇ ਅਨੁਸਾਰ ਸੀ। ਉਹ ਸਮਾਜ ਦੀ ਅਸਲੀਅਤ ਸੀ। ਜਿਸ ਖੇਤਰ ਦੇ ਨਿਵਾਸੀ ਕਿਸੇ ਕੰਮ ਨੂੰ ਛੋਟਾ ਜਾਂ ਵੱਡਾ ਕਹਿੰਦੇ ਸਨ, ਬੋਧ ਗ੍ਰੰਥ ਉਸੇ ਦੇ ਅਨੁਸਾਰ ਵਰਣਨ ਕਰਦੇ ਪ੍ਰਤੀਤ ਹੁੰਦੇ ਸਨ।

ਇਹ ਮੰਨੀ ਹੋਈ ਗੱਲ ਹੈ ਕਿ 'ਵਰਣ' ਧਾਰਨਾ ਤੇ ਸਿਧਾਂਤਿਕ ਕਲਪਨਾ ਰਹੀ ਹੈ, ਜਦੋਂ ਕਿ ਜਾਤੀ ਅਤੇ ਕੁਲ ਠੋਸ, ਵਾਸਤਵਿਕ ਵਰਗੀਕਰਨ ਹੈ। ਜਿਵੇਂ ਕਿ ਬੁੱਧ ਖੁਦ ਨੂੰ ਸ਼ਾਕਯ ਜਾਤੀ ਨਾਲ ਸੰਬੰਧਿਤ ਕਿਹਾ ਕਰਦੇ ਸਨ ਅਤੇ ਹੋਰਾਂ ਦੇ ਕੋਲ ਉਨ੍ਹਾਂ ਦੀ ਇਹ ਵੀ ਇੱਕ ਪਛਾਣ ਸੀ।29 ਇੱਕ ਹੋਰ ਥਾਂ ਤੇ ਬੁੱਧ ਦੇ ਬਾਰੇ ਕਿਹਾ ਗਿਆ ਕਿ ਉਹ ਖੱਤਰੀ ਕੁਲ ਦੇ ਹਨ।

ਸਮੁੱਚੇ ਰੂਪ ਨਾਲ ਬੋਧਾਂ ਦਾ ਸਮਾਜਿਕ ਵਰਗੀਕਰਨ 'ਕੁੱਲ' ਤੇ ਅਧਾਰਤ ਸੀ। ਜਿਆਦਾਤਰ ਜਾਤੀ ਦੇ ਥਾਂ ਤੇ 'ਕੁੱਲ' ਦੀ ਵਰਤੋਂ ਹੁੰਦੀ ਸੀ। ਬੋਧ ਗ੍ਰੰਥਾਂ ਦੇ ਅਨੇਕਾਂ ਵਰਣਨ ਹਨ ਜਿਨ੍ਹਾਂ ਵਿੱਚ ਦੱਸਿਆ ਗਿਆ ਹੈ ਕਿ ਸਦਾਚਾਰੀ, ਬੁੱਧੀਮਾਨ ਅਤੇ ਪੁੰਨ ਕਰਨ ਵਾਲੇ ਅਗਲੇ ਜਨਮ ਵਿੱਚ

ਉੱਚੇ ਕੁੱਲ ਵਿੱਚ ਖੱਤਰੀ, ਬ੍ਰਾਹਮਣ ਅਤੇ ਗਹਪਤੀ ਹੋਵੇਗਾ ਅਤੇ ਇਸਦੇ ਉਲਟ ਪਾਪ ਕਰਨ ਵਾਲਾ ਅਗਲੇ ਜਨਮ ਵਿੱਚ ਚੰਡਾਲ, ਨਿਸ਼ਾਦ, ਪੁੱਕਸ, ਬੇਨ, ਰੱਥਕਾਰ ਹੋਵੇਗਾ।

ਬ੍ਰਾਹਮਣ ਗ੍ਰੰਥਾਂ ਵਿੱਚ ਪੁੱਕਸਾਂ ਜਾਂ ਨਿਸ਼ਾਦਾਂ ਨੂੰ ਦੋਗਲਾ ਕਿਹਾ ਗਿਆ ਹੈ ਜਦੋਂ ਕਿ ਪ੍ਰਾਰੰਭਕ ਬੋਧ ਸਾਹਿਤ ਦੇ ਅਨੁਸਾਰ ਮਿਸ਼ਰਿਤ ਵਿਆਹ ਨਾਲ ਪੈਦਾ ਹੋਏ ਬੱਚਿਆਂ ਤੋਂ ਦੋਗਲੀ ਦੇ ਰੂਪ ਵਿੱਚ ਨਵੀਂ ਜਾਤੀ ਦਾ ਨਿਰਮਾਣ ਨਹੀਂ ਹੁੰਦਾ ਸੀ ਬਲਕਿ ਉਹ ਮਾਤਾ ਪਿਤਾ ਵਿੱਚੋਂ ਇੱਕ ਦੇ ਸਮੁਦਾਇ ਵਿੱਚ ਸ਼ਾਮਲ ਕਰ ਲਏ ਜਾਂਦੇ ਸਨ।

ਇਹ ਵਰਣਨਯੋਗ ਹੈ ਕਿ ਬ੍ਰਾਹਮਣਿਕ ਪੱਧਰੀਕਰਨ ਦੇ ਵੈਸ਼ ਅਤੇ ਸ਼ੂਦਰ ਬੋਧ ਸਰੋਤਾਂ ਵਿੱਚੋਂ ਗਾਇਬ ਹਨ। ਇੱਥੇ ਸਿਰਫ ਦੋ ਵਰਣਾਂ, ਬ੍ਰਾਹਮਣਾਂ ਅਤੇ ਖੱਤਰੀਆਂ ਦਾ ਵਰਣਨ ਹੈ। ਬੋਧ ਗ੍ਰੰਥਾਂ ਵਿੱਚ ਖੇਤੀ ਨਾਲ ਸੰਬੰਧਿਤ 'ਗਹਪਤੀ' ਹੈ। ਪਸ਼ੂ-ਪਾਲਕ ਗੋਪਾਕ ਹਨ। ਵਪਾਰ ਕਰਨ ਵਾਲੇ ਬਾਣੀਏ ਹਨ। ਸੇਠ ਹਨ, ਵੈਸ਼ ਨਹੀਂ। ਇਸੇ ਤਰ੍ਹਾਂ ਸ਼ੂਦਰ ਨਹੀਂ ਹਨ। ਦਾਸ ਅਤੇ ਕਰਮਕਾਰ ਹਨ। ਉਹ ਉੱਚ ਵਰਨਾਂ ਦੀ ਸੇਵਾ ਨਹੀਂ ਕਰਦੇ, ਬਲਕਿ ਆਪਣੇ ਸਵਾਮੀ ਗਹਪਤੀ ਦੇ ਲਈ ਕੰਮ ਕਰਦੇ ਹਨ। ਬੋਧਾਂ ਦਾ ਸਮਾਜਿਕ ਵਰਗੀਕਰਨ ਵਪਾਰ ਤੇ ਅਧਾਰਤ ਹੈ। ਜਿਵੇਂ ਨਾਈ, ਲੁਹਾਰ, ਘੁਮਿਆਰ ਹਨ। ਖੱਤਰੀ, ਬ੍ਰਾਹਮਣ ਅਤੇ ਗਹਪਤੀ ਹਨ। ਖੱਤਰੀ ਗੋਤ ਤੋਂ ਵੀ ਜਾਣੇ ਜਾਂਦੇ ਹਨ ਅਤੇ ਜਿਆਦਾਤਰ ਗਣ ਸੰਘਾਂ ਤੱਕ ਸੀਮਿਤ ਹਨ।

ਬੋਧ ਸਾਹਿਤ ਬ੍ਰਾਹਮਣਾਂ ਦੇ ਇੱਕ ਵਿਸ਼ੇਸ਼ ਸਮੂਹ ਦਾ ਤਾਂ ਵਰਣਨ ਕਰਦਾ ਹੈ ਜੋ ਬ੍ਰਾਹਮਣਿਕ ਪਛਾਣ ਤੇ ਜੋਰ ਦੇ ਰਹੇ ਸਨ। ਇਹ ਜ਼ਰੂਰੀ ਨਹੀਂ ਕਿ ਬ੍ਰਾਹਮਣ ਕਰਮਕਾਂਡੀ ਰਹੇ ਹੋਣ ਜਾਂ ਪਰੋਹਤੀ ਨਾਲ ਜੁੜੇ ਹੋਣ। ਆਮ ਤੌਰ ਤੇ ਉਹ ਜ਼ਮੀਨ ਨਾਲ ਸੰਬੰਧਿਤ ਦੱਸੇ ਗਏ ਹਨ। ਜ਼ਮੀਨੀ ਮਲਕੀਅਤ ਦੇ ਹਿਸਾਬ ਨਾਲ ਉਹ ਗਹਪਤੀ ਤੋਂ ਬਾਅਦ ਸਨ। ਗਹਪਤੀ ਯਕੀਨੀ ਤੌਰ ਤੇ ਇੱਕ ਵਾਸਤਵਿਕ ਸਮਾਜਿਕ ਕੋਟੀ ਸੀ। ਅਨੇਕਾਂ ਲੋਕਾਂ ਨੂੰ ਗਹਪਤੀ ਦਾ ਪਦ ਦਿੱਤਾ ਜਾਂਦਾ ਸੀ।

ਸਾਫ਼ ਤੌਰ ਤੇ ਗਹਪਤੀ ਭੂਮੀ ਦਾ ਸਵਾਮੀ ਹੋਣ ਦੇ ਨਾਲ ਉਤਪਾਦਨ ਦੇ ਆਧਾਰ ਭੂਤ ਸਾਧਨਾਂ ਦਾ ਸਵਾਮੀ ਅਤੇ ਨਿਯੰਤ੍ਰਕ ਦੇ ਰੂਪ ਵਿੱਚ ਜਾਣਿਆ ਜਾਂਦਾ ਸੀ। ਕੁਝ ਗਹਪਤੀ ਧਨੀ ਕਿਸਾਨ ਜ਼ਰੂਰ ਰਹੇ ਹੋਣਗੇ, ਜਦੋਂ ਕਿ ਕੁਝ ਖੇਤੀ ਦੇ ਵਿਸਥਾਰ ਵਿੱਚ ਆਪਣੀ ਮਹੱਤਵਪੂਰਨ, ਭੂਮਿਕਾ ਵਿੱਚ ਯੋਗਦਾਨ ਦੇ ਰਹੇ ਸਨ। ਉਹ ਆਪਣੇ ਲਈ ਤਾਂ ਉਤਪਾਦਨ ਕਰਦੇ ਹੀ ਸਨ ਪਰ ਬਜ਼ਾਰ ਲਈ ਉਤਪਾਦਨ ਕਰਕੇ ਪ੍ਰਾਪਤ ਪੈਸੇ ਨਾਲ ਉਹ ਵਪਾਰ ਵਿੱਚ ਵੀ ਨਿਵੇਸ਼ ਕਰਨ ਲੱਗੇ ਸਨ। ਗਹਪਤੀ, ਵਾਧੂ ਉਤਪਾਦਨ, ਸ਼ੂਦਰਾਂ ਦੀ ਮਿਹਨਤ ਨਾਲ ਨਹੀਂ ਬਲਕਿ ਦਾਸ ਤੇ ਕਰਮਕਾਰ ਤੋਂ ਗ੍ਰਹਿਣ ਕਰਦੇ ਸਨ। ਬੋਧਾਂ ਦਾ ਗਹਪਤੀ ਜਨਮ ਅਧਾਰਤ ਨਹੀਂ ਸੀ।

ਜੇਕਰ 200 ਈ. ਪੂ. ਤੋਂ 200 ਈ. ਦੇ ਦੌਰ ਦੇ ਉਪਲਬਧ ਸ਼ਿਲਾਲੇਖਾਂ ਵੱਲ ਧਿਆਨ ਦਿੱਤਾ ਜਾਵੇ ਤਾਂ ਬ੍ਰਾਹਮਣਿਕ ਵਰਣਗਤ-ਕੋਟੀਆਂ ਦੀ ਬਜਾਏ ਅਸੀਂ ਵੇਖਦੇ ਹਾਂ ਕਿ ਸੈਕੜੇ ਲੋਕਾਂ ਦੇ ਵਰਣਨ ਉਨ੍ਹਾਂ ਦੇ ਪੇਸ਼ੇ ਤੇ ਅਧਾਰਤ ਵਰਗੀਕਰਨਾਂ ਦੇ ਅਨੁਸਾਰ ਹਨ ਅਤੇ ਉਹ ਬੋਧ ਸਾਹਿਤ ਵਿੱਚ ਵਰਣਨ ਕੀਤੀਆਂ ਗਈਆਂ ਕੋਟੀਆਂ ਦੇ ਅਨੁਰੂਪ ਹਨ। ਇਨ੍ਹਾਂ ਅਭਿਲੇਖਾਂ ਵਿੱਚ ਗਹਪਤੀ ਅਤੇ ਬਣੀਏ. ਦੱਤਕਾਰ (ਧਾਤ ਕਰਮੀ) ਮਜ਼ਦੂਰ, ਹਲਵਾਹ ਆਦਿ ਹਨ। ਇਨ੍ਹਾਂ ਸ਼ਿਲਾਲੇਖਾਂ ਵਿੱਚ ਵਿਅਕਤੀਆਂ ਦੀ ਪਛਾਣ ਵਪਾਰੀ ਸਮੁਦਾਇਆਂ ਦੇ ਰੂਪ ਵਿੱਚ ਹੈ। ਦੇ ਰੂਪ ਵਿੱਚ ਹੈ। ਉਹ ਆਪਣੇ ਆਪ ਨੂੰ ਤੇ ਦੂਸਰਿਆਂ ਨੂੰ ਉਤਪਾਦਨ ਪ੍ਰਣਾਲੀ ਵਿੱਚ ਅਧਿਕਾਰਿਤ ਪਦ ਦੇ ਰੂਪ ਵਿੱਚ ਵੇਖਦੇ ਹਨ।

ਸਮੁੱਚੇ ਰੂਪ ਵਿੱਚ ਈ.ਪੂ. ਪੰਜਵੀਂ ਸਦੀ ਤੋਂ ਦੂਸਰੀ ਸਦੀ ਦੇ ਛੇ ਸੌ ਸਾਲਾਂ ਦੇ ਦੌਰਾਨ ਲੋਕਾਂ ਦੀ ਪਛਾਣ ਦਾ ਅਧਾਰ ਅਰਥ ਸੰਬੰਧੀ ਸੀ। ਅਜਿਹਾ ਕੋਈ ਪ੍ਰਮਾਣ ਉਪਲਬਧ ਨਹੀਂ ਹੋ ਸਕਿਆ ਜਿਸ ਦੇ ਨਾਲ ਇਹ ਜਾਹਰ ਹੋਵੇ ਕਿ ਜਾਤੀ ਦੇ ਅਧਾਰ ਤੇ ਕੋਈ ਗੌਣ ਪਛਾਣ ਵੀ ਰਹੀ ਹੋ ਸਕਦੀ ਹੈ। ਘੱਟ ਤੋਂ ਘੱਟ ਬੋਧ ਸਾਹਿਤ ਅਤੇ ਉਪਲਬਧ ਸ਼ਿਲਾਲੇਖਾਂ ਦਾ ਬ੍ਰਾਹਮਣਿਕ ਜਾਤੀ ਨਾਲ ਕੋਈ ਸਰੋਕਾਰ ਨਹੀਂ ਸੀ।

ਅਸ਼ੋਕ ਦੇ ਸ਼ਿਲਾਲੇਖ ਵੀ ਵੈਸ਼ ਅਤੇ ਸ਼ੂਦਰ ਦਾ ਇਸਤੇਮਾਲ ਨਹੀਂ ਕਰਦੇ। ਇਸਦੇ ਬਜਾਏ ਉੱਥੇ 'ਇਮਯਾ' ਸ਼ਬਦ ਦਾ ਪ੍ਰਯੋਗ ਹੈ। 'ਇਮਯਾ' ਤੋਂ ਉਨ੍ਹਾਂ ਲੋਕਾਂ ਦੀ ਪਛਾਣ ਹੁੰਦੀ ਹੈ, ਜਿੰਨ੍ਹਾਂ ਦਾ ਉਤਪਾਦਨ ਦੇ ਸਾਧਨਾਂ ਤੇ ਕਬਜ਼ਾ ਸੀ। ਇਸੇ ਤਰ੍ਹਾਂ ਦਾਸ ਭਾਟਕ ਹਨ। ਇਹ ਦੋਵੇਂ ਕੋਟੀਆਂ ਉਤਪਾਦਨ ਦੇ ਸੰਬੰਧਾਂ ਨਾਲ ਜੁੜੀਆਂ ਹੋਈਆਂ ਹਨ। ਉਹ ਬ੍ਰਾਹਮਣਿਕ ਕੋਟੀਆਂ ਨਹੀਂ ਹਨ, ਨਾ ਹੀ ਜਾਤੀਸੂਚਕ।

ਬੋਧ ਧਰਮ ਨੇ ਨਾ ਸਿਰਫ ਚਾਰੇ ਵਰਣਾਂ ਦੇ ਲਈ ਆਪਣੇ ਦੁਆਰ ਖੋਲਦਿਆਂ ਹੋਇਆਂ ਉਨ੍ਹਾਂ ਨੂੰ ਸੰਘ ਵਿੱਚ ਪ੍ਰਵੇਸ਼ ਦੀ ਆਗਿਆ ਦਿੱਤੀ ਬਲਕਿ ਚੰਡਾਲਾਂ ਅਤੇ ਪੁੱਕਸਾਂ ਨੂੰ ਵੀ ਨਿਰਵਾਣ ਪ੍ਰਾਪਤ ਕਰਨ ਦੇ ਯੋਗ ਦੱਸਿਆ।

ਜਦੋਂ ਡਾਕੂ ਉਂਗਲੀਮਾਲ ਨੂੰ ਬੋਧ ਸੰਪਰਦਾਇ ਵਿੱਚ ਲਿਆ ਗਿਆ ਤਾਂ ਉਸਨੇ ਖੁਸ਼ ਹੋ ਕੇ ਕਿਹਾ, ਅਸਲ ਵਿੱਚ ਹੁਣ ਮੇਰਾ ਆਰੀਆ ਕੁਲ ਵਿੱਚ ਜਨਮ ਹੋਇਆ ਹੈ।

ਇਸਤੋਂ ਪਤਾ ਚਲਦਾ ਹੈ ਕਿ ਬੋਧਾਂ ਨੇ ਆਪਣੇ ਮੱਠਾਂ ਵਿੱਚ ਸੂਦਰਾਂ ਨੂੰ ਜੋ ਪ੍ਰਵੇਸ਼ ਦਿੱਤਾ, ਉਸ ਨਾਲ ਜਨਜਾਤੀਆਂ ਵੱਲੋਂ ਦੀਖਿਆ ਪਾਉਣ ਦੇ ਪ੍ਰਾਚੀਨ ਅਧਿਕਾਰ ਉਨ੍ਹਾਂ ਨੂੰ ਵਾਪਸ ਮਿਲ ਗਏ, ਜਿਨ੍ਹਾਂ ਤੋਂ ਬ੍ਰਾਹਮਣਿਕ ਸਮਾਜ ਦੁਆਰਾ ਉਨ੍ਹਾਂ ਨੂੰ ਵਿਰਵੇ ਕਰ ਦਿੱਤਾ ਗਿਆ ਸੀ। ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਜਿੱਥੇ ਜਨਜਾਤੀਆਂ ਦੀ ਜੀਵਨ ਦੀਖਿਆ ਉਨ੍ਹਾਂ ਨੂੰ ਇਸ ਸੰਸਾਰ ਦੇ ਵਿਵਹਾਰਿਕ ਜੀਵਨ ਦੇ ਲਈ ਤਿਆਰ ਕਰਦੀ ਸੀ, ਉੱਥੇ ਹੀ ਇਹ ਨਵੀਂ ਦੀਖਿਆ ਉਨ੍ਹਾਂ ਨੂੰ ਇਸ ਜੀਵਨ ਦੇ ਕਸ਼ਟਾਂ ਤੋਂ ਮੁਕਤੀ ਪਾਉਣ ਦੇ ਲਈ ਅਧਿਆਤਮਿਕ ਦ੍ਰਿਸ਼ਟੀ ਪ੍ਰਦਾਨ ਕਰਦੀ ਸੀ।[30]

ਗਿਆਨ ਪ੍ਰਾਪਤ ਕਰਨ ਵਿੱਚ ਬੋਧ ਧਰਮ ਕਿਸੇ ਪ੍ਰਕਾਰ ਦਾ ਭੇਦਭਾਵ ਨਹੀਂ ਕਰਦਾ ਸੀ। ਬੁੱਧ ਦੇਵ ਕਹਿੰਦੇ ਹਨ ਕਿ ਜਿਸ ਪ੍ਰਕਾਰ ਰਾਜੇ ਜਾਂ ਰਾਜ ਖੇਤਰ ਦੇ ਸਵਾਮੀ ਲਈ ਸਾਰਾ ਹੀ ਮਹਿਸੂਲ ਆਪਣੇ ਹਿੱਤ ਵਿੱਚ ਲਗਾਉਣਾ ਠੀਕ ਨਹੀਂ, ਉਸੇ ਤਰ੍ਹਾਂ ਬ੍ਰਾਹਮਣ ਜਾਂ ਸ਼੍ਰਮਣ (ਬੋਧ ਮਤ ਦਾ ਸੰਨਿਆਸੀ) ਦਾ ਸਾਰੇ ਗਿਆਨ ਉੱਤੇ ਇਕ ਅਧਿਕਾਰ ਕਰ ਲੈਣਾ ਠੀਕ ਨਹੀਂ ਹੈ। ਬੁੱਧ ਦੇ ਅਨੁਸਾਰ ਕੋਈ ਵੀ ਵਿਅਕਤੀ ਭਾਵੇਂ ਉਹ ਕਿਸੇ ਵੀ ਜਾਤੀ ਦਾ ਕਿਉਂ ਨਾ ਹੋਵੇ, ਅਧਿਆਪਕ ਬਣ ਸਕਦਾ ਹੈ। ਕਿਹਾ ਗਿਆ ਹੈ ਕਿ ਅਧਿਆਪਕ ਸ਼ੁੱਧ ਚੰਡਾਲ ਜਾਂ ਪੁੱਕਸ ਕਿਉਂ ਨਾ ਹੋਵੇ, ਉਸਦਾ ਹਮੇਸ਼ਾ ਆਦਰ ਕਰਨਾ ਚਾਹੀਦਾ ਹੈ।

ਬੋਧ ਧਰਮ ਦੀ ਮਨੋਚੇਤਨਾ ਦਾ ਇੱਕ ਵਿਸ਼ੇਸ਼ ਉਦਾਹਨ ਜਾਤਕ ਕਥਾ ਵਿੱਚ ਮਿਲਦਾ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਇੱਕ ਬ੍ਰਾਹਮਣ ਨੇ ਚੰਡਾਲ ਤੋਂ ਜਾਦੂ ਸਿੱਖਿਆ, ਪਰੰਤੂ ਸ਼ਰਮ ਦੇ ਕਾਰਨ ਉਸਨੂੰ ਗੁਰੂ ਨਾ ਸਵੀਕਾਰ ਕਰਨ ਕਰਕੇ ਉਹ ਜਾਦੂ ਭੁੱਲ ਗਿਆ।[31]

ਦੂਸਰਾ ਉਦਾਹਰਨ ਇੱਕ ਬੋਧੀਸੱਤ ਚੰਡਾਲ ਦਾ ਹੈ ਜਿਸਨੇ ਸ਼ਾਸ਼ਤਰਾਂ ਦੀ ਚਰਚਾ ਵਿੱਚ ਆਪਣੇ ਇੱਕ ਬ੍ਰਾਹਮਣ ਸਹਿਪਾਠੀ ਨੂੰ ਲੱਤ ਮਾਰੀ ਸੀ, ਪਰ ਉਸਦੇ ਇਸ ਵਿਵਹਾਰ ਕਰਕੇ ਅਧਿਆਪਕ ਨੇ ਉਸਦੀ ਨਿੰਦਾ ਕੀਤੀ।

ਸ਼ੁਰੂ ਵਿੱਚ ਜੈਨ ਧਰਮ ਨੇ ਸਾਰੇ ਵਰਣਾਂ ਨੂੰ ਮੱਠ ਵਿੱਚ ਪ੍ਰਵੇਸ਼ ਕਰਨ ਦੀ ਆਗਿਆ ਨਹੀਂ ਦਿੱਤੀ ਅਤੇ ਚੰਡਾਲਾਂ ਦੇ ਉਥਾਨ ਦੀ ਵੀ ਕੋਸ਼ਿਸ਼ ਕੀਤੀ। ਬਾਅਦ ਦੇ ਇੱਕ ਜੈਨ ਗ੍ਰੰਥ ਵਿੱਚ ਇੱਕ ਅਜਿਹੇ ਰਾਜੇ ਦੀ ਚਰਚਾ ਆਈ ਹੈ, ਜਿਸਨੇ ਇੱਕ ਚੰਡਾਲ ਤੋਂ ਤੰਤਰ-ਮੰਤਰ ਸਿੱਖਣ ਦੇ ਲਈ ਨਿਰੰਤਰ ਆਸਨ ਗ੍ਰਹਿਣ ਕੀਤਾ ਸੀ। ਉੱਤਰਾਧਯੇਅਨ ਤੋਂ ਪਤਾ ਚਲਦਾ ਹੈ ਕਿ ਹਰਿਸੇਨ ਜੋ ਜਨਮ ਤੋਂ ਸੋਵਾਗ (ਕੁੱਤੇ ਦਾ ਮਾਸ ਖਾਣ ਵਾਲੇ ਚੰਡਾਲ) ਸੀ, ਇੱਕ ਬ੍ਰਾਹਮਣ ਅਧਿਆਪਕ ਦੇ ਯੱਗ ਵਿੱਚ ਗਿਆ ਅਤੇ ਬ੍ਰਾਹਮਣ ਨੂੰ ਉਸਨੇ ਤਪੱਸਿਆ, ਸਾਧੂ ਜੀਵਨ, ਆਤਮਨਿਗ੍ਰਹ, ਸ਼ਾਂਤੀ ਅਤੇ ਉਪਦੇਸ਼ ਦਿੱਤਾ।

ਪ੍ਰਾਚੀਨ ਜੈਨ ਸਾਧੂ, ਬ੍ਰਾਹਮਣਾਂ ਦੇ ਉਲਟ, ਨਿਮਨ ਵਰਗ ਦੇ ਪਰਿਵਾਰਾਂ, ਜਿਨ੍ਹਾਂ ਵਿੱਚ ਜੁਲਾਹੇ ਵੀ ਸਨ, ਦਾ ਬਣਿਆ ਭੋਜਨ ਖਾਂਦੇ ਸਨ।[32] ਉਸੇ ਤਰ੍ਹਾਂ ਬੋਧ ਭਿਕਸ਼ੂ ਜਾਂ ਭਿਕਸ਼ਣੀ ਚਾਰੇ ਵਰਣਾਂ ਦੇ ਪਰਿਵਾਰਾਂ ਤੋਂ ਅੰਨ ਮੰਗਣ ਜਾ ਸਕਦੇ ਸਨ ਜਾਂ ਸੱਦਾ ਮਿਲਣ ਤੇ ਉਨ੍ਹਾਂ ਦੇ ਘਰ ਜਾ ਕੇ ਭੋਜਨ ਕਰ ਸਕਦੇ ਸਨ। ਕਈ ਬਿਰਤਾਂਤਾਂ ਤੋਂ ਪਤਾ ਚਲਦਾ ਹੈ ਕਿ ਨੀਵੀਆਂ ਜਾਤੀਆਂ ਦੇ ਲੋਕ ਬੋਧ ਵਿਹਾਰਾਂ ਵਿੱਚ ਜਾਂਦੇ ਸਨ। ਕਿਹਾ ਜਾਂਦਾ ਹੈ ਕਿ ਭਾਵੇਂ ਮਾਤੰਗ ਚੰਡਾਲ ਦਾ ਬੇਟਾ ਸੀ, ਫਿਰ ਵੀ ਉਸਨੇ ਅਭੈ ਵਰ ਪ੍ਰਾਪਤ ਕੀਤਾ ਸੀ ਜੋ ਕਿੰਨੇ ਹੀ ਖੱਤਰੀਆਂ, ਬ੍ਰਾਹਮਣਾਂ ਨੂੰ ਨਹੀਂ ਮਿਲ ਸਕਿਆ ਸੀ।[33] ਇੱਕ ਭਿਕਸ਼ੂ ਦਾ ਵਰਣਨ ਹੈ ਜੋ ਗਿਰਝਾਂ ਨੂੰ ਸਿਖਲਾਈ ਦਿੰਦਾ ਸੀ।[34]

ਬੋਧ ਅਤੇ ਜੈਨ ਧਰਮ ਨੇ ਆਪਣੇ ਅਨੁਯਾਈਆਂ ਵਿੱਚ ਆਪਣੇ ਕਰਮਚਾਰੀਆਂ ਦੇ ਪ੍ਰਤੀ ਉਦਾਰਤਾ ਅਤੇ ਦਿਆਲਤਾ ਦੀ ਭਾਵਨਾ ਜਗਾਉਣ ਦੀ ਕੋਸ਼ਿਸ਼ ਕੀਤੀ। ਦੀਘ ਨਿਕਾਯ ਦੇ ਇੱਕ ਪੈਰੇ ਵਿੱਚ ਇਹ ਆਦੇਸ਼ ਦਿੱਤਾ ਗਿਆ ਹੈ ਕਿ ਮਾਲਿਕਾਂ ਨੂੰ ਚਾਹੀਦਾ ਹੈ ਕਿ ਆਪਣੇ ਦਾਸਾਂ ਅਤੇ ਕਾਮਿਆਂ ਦੇ ਨਾਲ ਮਾੜਾ ਸਲੂਕ ਨਾ ਕਰਨ ਅਤੇ ਉਨ੍ਹਾਂ ਨੂੰ ਲੋੜ ਤੋਂ ਵੱਧ ਕੰਮ ਨਾ ਦੇਣ। ਉਨ੍ਹਾਂ ਨੂੰ ਭੋਜਨ ਅਤੇ ਮਜ਼ਦੂਰੀ ਦੇਣ, ਅਤੇ ਆਪਣੇ ਅਸਾਧਾਰਨ ਸਵਾਦੀ ਭੋਜਨ ਵਿੱਚੋਂ ਹਿੱਸਾ ਦੇਣ। ਨੌਕਰ ਨੂੰ ਵੀ ਚਾਹੀਦਾ ਹੈ ਕਿ ਮਜ਼ਦੂਰੀ ਵਿੱਚ ਸਤੁੰਸ਼ਟ ਰਹੇ ਅਤੇ ਚੰਗੀ ਤਰ੍ਹਾਂ ਕੰਮ ਕਰੇ।[35]

ਅਸ਼ੋਕ ਨੇ ਵੀ ਆਪਣੀ ਪਰਜਾ ਨੂੰ ਅਜਿਹੇ ਨਿਰਦੇਸ਼ ਦਿੱਤੇ ਸਨ। ਜਾਤਕਾਂ ਵਿੱਚ ਵੀ ਕਿਹਾ ਗਿਆ ਹੈ ਕਿ ਜੇਕਰ ਮਾਲਕ ਬੋਧ ਧਰਮ ਦਾ ਧਾਰਨੀ ਹੋਵੇ ਤਾਂ ਉਹ ਆਪਣੇ ਦਾਸ ਨਾਲ ਚੰਗਾ ਵਿਵਹਾਰ ਕਰਦਾ ਹੈ।[36]

ਇੱਕ ਜੈਨ ਗ੍ਰੰਥ ਵਿੱਚ ਕਿਹਾ ਗਿਆ ਹੈ ਕਿ ਧਨ ਨਾ ਸਿਰਫ ਸਕੇ-ਸੰਬੰਧੀਆਂ ਅਤੇ ਰਾਜਿਆਂ ਲਈ, ਬਲਕਿ ਨੌਕਰਾਂ, ਕਾਮਿਆਂ ਅਤੇ ਕਰਮਚਾਰੀਆਂ ਦੇ ਲਈ ਵੀ ਜਮਾਂ ਕੀਤਾ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਇਹ ਸੁਝਾਓ ਦਿੱਤਾ ਗਿਆ ਹੈ ਕਿ ਇਹ ਨੌਕਰ ਤੇ ਕਾਮੇ ਆਦਿ ਆਪਣੇ ਮਾਲਕ ਤੋਂ ਪ੍ਰਾਪਤ ਕਰਨ ਤੇ ਸੰਭਾਲਣ ਦੇ ਅਧਿਕਾਰੀ ਸਨ।

ਨਤੀਜੇ ਵਜੋਂ ਆਦਿ ਬੋਧਾਂ ਦੇ ਸਮਾਜ ਸ਼ਾਸ਼ਤਰ ਦਾ ਅਧਿਐਨ ਕਰਦਿਆਂ ਅਸੀਂ ਵੇਖ ਸਕਦੇ ਹਾਂ ਕਿ ਬੁੱਧ ਦਾ ਅਨਾਤਮਵਾਦ ਨਿੱਜੀ ਸੰਪਤੀ ਦੇ ਵਿਰੋਧ ਵਿੱਚ ਸੀ ਜਿਸਨੂੰ ਬੁੱਧ ਨਵੀਆਂ ਰਾਜਸੱਤਾਵਾਂ ਦੇ ਵਿਕਾਸ ਦੇ ਮੂਲ ਵਿੱਚ ਵੇਖ ਕੇ ਮਨੁੱਖੀ ਦੁੱਖ ਦੀ ਮੁਕਤੀ ਲਈ ਚਿੰਤਤ ਵਿਖਾਈ ਦਿੰਦੇ ਸਨ। ਕਬਾਇਲੀ ਵਿਵਸਥਾ ਵਿੱਚ ਨਿੱਜੀ ਸੰਪਤੀ ਲਈ ਕੋਈ ਥਾਂ ਨਹੀਂ ਸੀ।

ਵਰਣਨ ਕੀਤਾ ਗਿਆ ਹੈ ਕਿ ਗ੍ਰੰਥਾਂ ਵਿੱਚ ਗੌਤਮ ਬੁੱਧ ਦਾ ਇੱਕ ਸਭ ਤੋਂ ਜਿਆਦਾ ਪ੍ਰਚਲਿਤ ਸੰਬੋਧਨ ਕਰਨ ਵਾਲਾ ਸ਼ਾਕਯ ਪੁੱਤਰ ਹੈ। ਉਹ ਸ਼ਾਕਯ ਜਨਜਾਤੀ ਨਾਲ ਸੰਬੰਧਿਤ ਸਨ, ਇਸ ਗੌਰਵ ਨੂੰ ਉਨ੍ਹਾਂ ਨੇ ਕਦੇ ਭੁਲਾਇਆ ਨਹੀਂ ਸੀ। ਇਨ੍ਹਾਂ ਜਨਜਾਤੀਆਂ ਦੀ ਵਿਸ਼ਿਸ਼ਟ ਵਿਵਸਥਾ ਸੀ

ਲੋਕਤੰਤਰ-ਜਿਸਦੀ ਇੱਕ ਸੰਸਥਾ ਜਨ ਪਰਿਸ਼ਦ ਸੀ, ਜਿਸਦੀ ਸਭਾ ਸੰਥਾਗਾਰ (ਸਭਾ ਲਈ ਨੀਯਤ ਇੱਕ ਸਥਾਨ) ਵਿੱਚ ਹੁੰਦੀ ਸੀ। ਮੋਰਗਨ ਨੇ ਜਨਜਾਤੀ ਸਮਾਜ ਦੀ ਮਹਾਨ ਵਿਸ਼ੇਸ਼ਤਾ ਉਸਦੀ ਪਰਿਸ਼ਦ ਦੱਸਿਆ ਹੈ।37 ਵੇਖਣ ਦੀ ਗੱਲ ਹੈ ਕਿ ਉਸ ਸਮੇਂ ਦੀਆਂ ਨਵੀਆਂ ਰਾਜਸੱਤਾਵਾਂ ਮਗਧ ਅਤੇ ਕੋਸ਼ਲ ਨੇ ਮਿਲ ਕੇ ਇਨ੍ਹਾਂ ਜਨਜਾਤੀਆਂ ਦਾ ਨਾਸ਼ ਕਰਨ ਲਈ ਅਨੇਕਾਂ ਮੁਹਿੰਮਾਂ ਚਲਾਈਆਂ। ਕੋਸ਼ਲ ਦੁਆਰਾ ਬੁੱਧ ਦੇ ਜੀਵਨ ਕਾਲ ਵਿੱਚ ਸ਼ਾਕਿਆਂ ਤੇ ਹਮਲੇ ਦੌਰਾਨ ਔਰਤਾਂ ਅਤੇ ਬੱਚਿਆਂ ਸਮੇਤ ਸਭ ਦਾ ਖਾਤਮਾ ਕੀਤਾ ਸੀ।

**2.4 ਬ੍ਰਾਹਮਣੀਕਰਨ :**

ਬੁੱਧਕਾਲ ਇਸ ਪ੍ਰਕਾਰ ਜਨਜਾਤੀ ਸਥਿਤੀ ਤੋਂ ਰਾਜਸੱਤਾ ਦੇ ਪਸਾਰ ਦਾ ਕਾਲ ਸੀ। ਜਨਜਾਤੀ ਕਦਰਾਂ-ਕੀਮਤਾਂ ਦੇ ਅਵਸ਼ੇਸ਼ਾਂ ਤੇ ਨਵੇਂ ਵਿਭਾਜਿਤ 'ਮਾਪਦੰਡ' ਸਥਾਪਿਤ ਕੀਤੇ ਜਾ ਰਹੇ ਸਨ। ਇਤਿਹਾਸ ਦੀ ਤਰੱਕੀ ਵਿੱਚ ਇਹ ਇੱਕ ਮਹੱਤਵਪੂਰਨ ਕਦਮ ਤਾਂ ਸੀ ਹੀ, ਜਿਵੇਂ ਕਿ ਏਂਗਲਜ਼ ਨੇ ਵਰਣਨ ਕੀਤਾ ਹੈ, ਕਿ ਇਨ੍ਹਾਂ ਮੂਲ ਸਮੁਦਾਇਆਂ ਦੀ ਸ਼ਕਤੀ ਨੂੰ ਨਸ਼ਟ ਕਰਨਾ ਜ਼ਰੂਰੀ ਸੀ ਅਤੇ ਇੰਜ ਹੀ ਕੀਤਾ ਗਿਆ। ਪਰੰਤੂ ਇਸ ਸ਼ਕਤੀ ਦਾ ਜਿਸ ਤਰ੍ਹਾਂ ਨਾਸ਼ ਕੀਤਾ ਗਿਆ, ਉਸ ਨਾਲ ਅਸੀਂ ਆਮ ਤਬਾਹੀ ਦਾ ਅਨੁਮਾਨ ਲਗਾ ਸਕਦੇ ਹਾਂ, ਅਰਥਾਤ ਪ੍ਰਾਚੀਨ ਅਸੱਭਿਆ ਸਮਾਜ ਦੇ ਸਹਿਜ ਨੈਤਿਕ ਸ਼ਾਨ-ਸ਼ੌਕਤ ਦੀ ਦੁਰਦਸ਼ਾ। ਘਟੀਆ ਕਿਸਮ ਦੇ ਸੁਆਰਥ, ਜਿਵੇਂ ਘਿਰਣਾ ਭਰੇ ਲੋਭ, ਪ੍ਰਚੰਡ ਕਾਮੁਕਤਾ, ਨੀਚ ਲਾਲਚ, ਸਾਂਝੀ ਸੰਪਤੀ ਦੀ ਸੁਆਰਥਪੂਰਨ ਲੁੱਟ-ਖਸੁੱਟ ਆਦਿ ਨਾਲ ਇੱਕ ਨਵੇਂ ਸਭਿਆ ਸਮਾਜ ਦਾ ਨਿਰਮਾਣ ਹੁੰਦਾ ਹੈ, ਜੋ ਵਰਗੀਕ੍ਰਿਤ ਸਮਾਜ ਹੈ। ਚੋਰੀ ਬਲਾਤਕਾਰ, ਠੱਗੀ ਅਤੇ ਵਿਸ਼ਵਾਸਘਾਤ ਵਰਗੇ ਅਤਿਅੰਤ ਦੁਰਾਚਾਰੀ ਢੰਗਾਂ ਨਾਲ ਪੁਰਾਣੇ ਵਰਗ ਹੀਣ ਸਮਾਜ ਨੂੰ ਖੋਖਲਾ ਕਰਦਿਆਂ ਹੋਇਆਂ ਉਸਨੂੰ ਨਸ਼ਟ ਕਰ ਦਿੱਤਾ ਜਾਂਦਾ ਹੈ।[38]

**2.4.1 ਸ਼ੂਨਯਵਾਦ :**

ਇਸਦਾ ਨਤੀਜਾ ਇਹ ਹੁੰਦਾ ਹੈ ਕਿ ਪੂਰਵਵਰਗੀ ਸਮਾਜ ਦਾ ਸਹਿਜ, ਸੁਭਾਵਿਕ ਮੂਲ ਭੌਤਿਕ ਦ੍ਰਿਸ਼ਟੀਕੋਣ, ਵਰਗਾਂ ਦੇ ਸਮਾਜ ਦੀ ਵਿਚਾਰਧਾਰਾ ਦੇ ਰੂਪ ਵਿੱਚ ਕਿਸੇ ਰਹੱਸਵਾਦੀ ਅਤੇ ਪ੍ਰਤਯਯਵਾਦੀ ਵਿਚਾਰਾਂ ਵਿੱਚ ਢਲਣ ਲਗਦਾ ਹੈ। ਉਪਨਿਸ਼ਦਾ ਅਤੇ ਬੋਧਾਂ ਦੇ ਪਰਵਰਤੀ ਵਿਕਾਸ ਵਿੱਚ ਇਹ ਪ੍ਰਵਿਰਤੀ ਬਿਲਕੁਲ ਪਾਰਦਰਸ਼ੀ ਹੈ। ਗੌਰ ਕਰਨ ਵਾਲੀ ਗੱਲ ਹੈ ਕਿ ਮੌਰਿਆਂ ਦੇ ਪੱਤਨ ਤੋਂ ਬਾਅਦ, ਸਾਮੰਤੀ ਦੌਰ ਵਿੱਚ, ਬੋਧਾਂ ਦਾ ਸਿੱਧਾ ਜਿਹਾ ਕਾਰਜ-ਕਾਰਣ ਦਾ ਸਿਧਾਂਤ-ਪਰਵਰਤੀ ਬੋਧਾਂ ਦੁਆਰਾ ਸੂਨਯ ਤੱਤ ਵਿੱਚ ਵਿਆਖਿਤ ਕੀਤਾ ਜਾਣ ਲੱਗ ਜਾਂਦਾ ਹੈ। ਬੋਧਾਂ ਦਾ 'ਸ਼ੂਨਯਵਾਦ' ਇੱਕ ਤਰ੍ਹਾਂ ਨਾਲ ਉਪਸ਼ਿਦਾਂ ਦੇ ਰਹੱਸਵਾਦੀ ਆਤਮਵਾਦ ਦਾ ਅਗਲਾ ਚਰਨ ਸਿੱਧ ਹੋਣ ਲੱਗਾ ਸੀ। ਫਰਕ ਸਿਰਫ ਇਹੀ ਸੀ ਕਿ ਇੱਥੇ ਆਤਮਾ, ਆਲਯ ਵਿਗਿਆਨ (ਚੇਤਨਾ ਭੰਡਾਰ) ਦੇ ਨਵੇਂ ਰੂਪ ਵਿੱਚ ਪਰਿਭਾਸ਼ਿਤ ਹੋਣ ਲੱਗੀ ਸੀ। ਇਸੇ 'ਸ਼ੂਨਯਵਾਦ' ਦੇ ਆਧਾਰ ਤੇ ਹੀ ਅੱਗੇ ਜਾ ਕੇ ਸ਼ੰਕਰਾਚਾਰੀਆ ਆਪਣੇ ਜਗਤ ਮਿੱਥਿਆਤਵ ਦੇ ਸਿਧਾਂਤ ਅਦਵੈਤ ਵੇਦਾਂਤ ਦਾ ਤੱਤਵਿਕ ਗਠਨ ਕਰ ਸਕੇ ਸਨ। ਇੱਕ ਹੋਰ ਥਾਂ ਤੇ ਇਕ ਅਧਿਐਨ ਵਿਚ ਵਿਸਥਾਰ ਨਾਲ ਦੱਸਿਆ ਗਿਆ ਹੈ ਕਿ ਸ਼ੰਕਰਾਚਾਰੀਆ ਦੇ ਦਰਸ਼ਨ ਦਾ ਪੂਰਾ ਢਾਂਚਾ ਪਾਰਿਭਾਸ਼ਿਕਾਂ (ਜਿੰਨਾ ਦਾ ਅਰਥ ਸਿਰਫ ਪਰਿਭਾਸ਼ਾਂ ਨਾਲ ਹੋ ਸਕੇ) ਦੇ ਹੇਰ ਫੇਰ ਨਾਲ ਬੋਧਾਂ ਦੇ 'ਸ਼ੂਨਯਵਾਦ' ਤੇ ਹੀ ਅਧਾਰਤ ਹੈ। ਸਿਰਫ ਸੰਪਰਦਾਇਕ ਦਵੈਸ਼ ਦੇ ਕਾਰਨ ਉਹ ਬੋਧਾਂ ਦਾ ਉਪਰੀ ਤੌਰ ਤੇ ਵਿਰੋਧ ਕਰ ਰਹੇ ਸਨ।

ਵੇਖਣ ਦੀ ਗੱਲ ਹੈ ਕਿ ਪਰਵਰਤੀ ਵੇਦਾਂਤੀ ਰਾਮਾਨੁਜਚਾਰੀਆ ਉਨ੍ਹਾਂ ਨੂੰ ਗੁਪਤ ਬੋਧ ਕਹਿੰਦੇ ਰਹੇ ਹਨ।[39]

ਬੋਧਾਂ ਦੇ 'ਸ਼ੂਨਯਵਾਦ' ਵਿੱਚ ਸਮਸਤ ਜਮਾਤ ਦੀ ਸੱਤਾ ਨੂੰ ਅਸਵੀਕਾਰ ਕਰਦਿਆਂ ਹੋਇਆਂ ਸਿਰਫ਼ ਇੱਕ ਮਾਤਰ 'ਸ਼ੂਨਯ' ਨੂੰ ਹੀ ਪਰਮਾਰਥ ਕਿਹਾ ਗਿਆ ਹੈ। ਇਸ ਪ੍ਰਕਾਰ ਇਹ ਇੱਕ ਬਿਲਕੁਲ ਅਦਵੈਤਵਾਦੀ ਦਰਸ਼ਨ ਹੈ, ਜਿਸਨੂੰ ਸ਼ੂਨਯਦਵੈਤ ਕਿਹਾ ਗਿਆ ਹੈ। ਪਰਮਾਰਥ ਦੇ ਲਈ ਇੱਥੇ 'ਸ਼ੂਨਯ' ਦਾ ਅਰਥ ਪਰਮਾਰਥ ਦੇ ਬਿਆਨ ਤੋਂ ਬਾਹਰ ਹੋਣ ਦੇ ਕਾਰਨ ਹੈ। ਅਕੱਥ (ਅਨਿਵਰਚਨੀ) ਹੋਣਾ, ਬੋਧ ਦਰਸ਼ਨ ਵਿੱਚ ਚਤੁਸ਼ਕੋਟੀ (ਚਾਰ ਕੋਣੇ) ਵਿਮੁਕਤ ਹੈ। ਅਰਥਾਤ ਅਸਤਿਤਵ ਦਾ ਨਿਰਧਾਰਨ ਅਸਤਿ, ਨਾਸਤਿ, ਅਸਤਿ ਅਤੇ ਨਾਤ ਅਤੇ ਨਾ ਅਸਤਿ, ਨ ਚ ਅਸਤਿ ਇਨ੍ਹਾਂ ਚਾਰ ਕੋਟੀਆਂ ਤੇ ਅਧਾਰਤ ਹੁੰਦਾ ਹੈ, ਪਰੰਤੂ ਪਰਮਾਰਥ ਦਾ ਨਿਰਧਾਰਨ ਇਨ੍ਹਾਂ ਕੋਟੀਆਂ ਦੀ ਸਹਾਇਤਾ ਨਾਲ ਨਹੀਂ ਕੀਤਾ ਜਾ ਸਕਦਾ। ਇਸ 'ਸ਼ੂਨਯਤਵ' ਦੇ ਅੰਤਰਗਤ ਇਕਾਂਤਿਕ ਸੱਤ ਅਤੇ ਇਕਾਂਤਿਕ ਅਸੱਤ ਦੇ ਰੂਪ ਵਿੱਚ ਅਸਤਿਤਵ ਦੇ ਦੋ ਸੀਮਾਂਤਾਂ ਸ਼ਾਸ਼ਵਤਵਾਦ ਅਤੇ ਉੱਚਛੇਦਵਾਦ ਦਾ ਖੰਡਨ ਹੋਣ ਦੇ ਕਾਰਨ ਇਸ ਦਰਸ਼ਨ ਨੂੰ ਮੱਧਮਿਕ ਵੀ ਕਿਹਾ ਗਿਆ ਹੈ। ਇਸ ਪ੍ਰਕਾਰ ਸੱਤ ਅਤੇ ਅਸੱਤ ਦੇ ਮੱਧ ਬਿੰਦੂ ਤੇ ਮੌਜੂਦ 'ਸ਼ੂਨਯ' ਨੂੰ ਮੱਧ ਮਾਰਗ ਮੰਨਦਿਆਂ ਹੋਇਆਂ ਚੰਦਰਕੀਰਤੀ[40] ਦਾ ਕਹਿਣਾ ਹੈ ਕਿ ਵਸਤਾਂ ਦੇ ਦੋ ਹੀ ਰੂਪ ਹੋ ਸਕਦੇ ਹਨ–ਭਾਵ ਅਤੇ ਅਭਾਵ। ਜੋ ਵਸਤੂ ਸਦਾ ਮੌਜੂਦ ਰਹਿੰਦੀ ਹੈ ਉਹ ਭਾਵਰੂਪ ਹੈ, ਜੋ ਵਸਤੂ ਮੌਜੂਦ ਨਹੀਂ ਰਹਿੰਦੀ, ਉਹ ਅਭਾਵਰੂਪ ਹੈ। ਵਸਤੂ ਦਾ ਨਾ ਭਾਵ ਹੈ ਅਤੇ ਨਾ ਅਭਾਵ, ਇਸ ਲਈ ਉਹ 'ਸ਼ੂਨਯ' ਅਖਵਾਉਂਦੀ ਹੈ, ਅਰਥਾਤ ਭਾਵ ਅਤੇ ਅਭਾਵ ਦੁਹਾਂ ਦੇ ਵਿਚਕਾਰ ਰਹਿਣ ਵਾਲੀ ਮੰਨੀ ਜਾਂਦੀ ਹੈ। ਇਸ ਲਈ 'ਸ਼ੂਨਯ' ਮੱਧ ਮਾਰਗ ਦਾ ਹੀ ਨਾਂ ਹੈ।

'ਸ਼ੂਨਯ' ਦੇ ਰੂਪ ਵਿੱਚ ਜਗਤ ਦੀ ਸਾਰਹੀਣਤਾ ਦਾ ਨਿਰੂਪਣ ਕਰਨ ਵਾਲੀਆਂ ਅਨੇਕਾਂ ਯੁਕਤੀਆਂ ਲਗਭਗ ਸਾਰੇ ਮਹਾਯਾਨ ਗ੍ਰੰਥਾਂ ਵਿੱਚ ਉਪਲੱਬਧ ਹਨ ਪਰ ਪ੍ਰਗਿਆਪਾਰਮਿਤਾਵਾਂ ਅਤੇ ਹੋਰ ਪ੍ਰਾਚੀਨ ਮਹਾਯਾਨੀ ਸਾਹਿਤ ਦੇ ਅਧਾਰ ਤੇ ਇਹ ਨਿਸ਼ਚਿਤ ਹੈ ਕਿ ਨਾਗਾਰਜੁਨ ਨੇ ਹੀ ਇਸ ਮਤ ਨੂੰ ਦਾਰਸ਼ਨਿਕ ਅਧਾਰ ਪ੍ਰਦਾਨ ਕੀਤਾ ਸੀ। ਨਾਗਾਰਜੁਨ ਦੇ 'ਸ਼ੂਨਯਵਾਦ' ਵਿੱਚ ਬੋਧ ਦਰਸ਼ਨ ਦਾ ਕਾਰਜ ਕਾਰਣ ਵਾਦ ਅਤਿਅੰਤ ਮਹੱਤਵਪੂਰਨ ਹੈ। 'ਸ਼ੂਣਯਤਾ' ਤੋਂ ਉਨ੍ਹਾਂ ਦਾ ਭਾਵ ਹੀ ਕਾਰਜ–ਕਾਰਣ ਵਾਦ ਹੈ। ਨਾਗਾਰਜੁਨ ਦਾ ਕਹਿਣਾ ਹੈ –ਮੈਂ ਉਸ ਬੁੱਧ ਨੂੰ ਨਮਨ ਕਰਦਾ ਹਾਂ ਜਿਸਨੇ ਉਸ ਕਾਰਜ–ਕਾਰਣ ਵਾਦ ਦੇ ਸਿਧਾਂਤ ਦੀ ਘੋਸ਼ਣਾ ਕੀਤੀ ਹੈ, ਜਿਸਦੇ ਅਨੁਸਾਰ ਕੋਈ ਬਹੁਲਤਾ ਨਹੀਂ ਹੈ, ਕੋਈ ਭੇਦ ਨਹੀਂ ਹੈ, ਕੋਈ ਆਦਿ ਅਤੇ ਕੋਈ ਅੰਤ ਨਹੀਂ ਹੈ, ਕੋਈ ਗਤੀ ਨਹੀਂ ਹੈ–ਨਾ ਤਾਂ ਇੱਥੇ ਅਤੇ ਨਾ ਉੱਥੇ, ਵਸਤਾਂ ਇੱਕ ਤੋਂ ਬਾਅਦ ਇਕ ਪ੍ਰਤੀਤੀਆਂ ਦੇ ਰੂਪ ਵਿੱਚ ਸੰਕੇਤਿਕ ਕੀਤੀਆਂ ਜਾ ਸਕਦੀਆਂ ਹਨ, ਪਰੰਤੂ ਉਨ੍ਹਾਂ ਦੀ ਵਾਸਤਵਿਕ ਸੱਤਾ ਜਾਂ ਸੁਭਾਓ ਨਹੀਂ ਹੁੰਦਾ।[42] ਪ੍ਰਤੀਤਯ ਸਮੁਤਪਾਦ ਸ਼ਬਦ ਦਾ ਅਰਥ ਹੈ–'ਯਥਾਰਥ ਦਾ ਹਰੇਕ ਖਿਣ ਉਤਪਤੀ ਦੇ ਲਈ ਉਨ੍ਹਾਂ ਖਿਣਾਂ ਦੀ ਸਮਬੱਧਤਾ ਤੇ ਅਧਾਰਤ ਹੁੰਦਾ ਹੈ, ਜਿਸਦਾ ਉਹ ਜ਼ਰੂਰੀ ਰੂਪ ਨਾਲ ਅਨੁਗਮਨ ਕਰਦਾ ਹੈ, ਇਹ ਉਨ੍ਹਾਂ ਕਾਰਨਾਂ ਅਤੇ ਪ੍ਰਮਾਣਾਂ ਦੀ ਸਮੁੱਚਤਾ ਦੀ ਕਿਰਿਆਤਮਕ ਨਿਰਭਰਤਾ ਤੋਂ ਪੈਦਾ ਹੁੰਦਾ ਹੈ, ਜੋ ਇਸਦੇ ਤਤਕਾਲਿਕ ਪੂਰਵਵਰਤੀ (ਪਹਿਲਾਂ ਦੇ ਸਮੇਂ ਦੇ) ਹੁੰਦੇ ਹਨ।'[43] ਜਿਵੇਂ ਕਿ ਚੰਦਰਕੀਰਤੀ ਨੇ ਵੀ ਦੱਸਿਆ ਹੈ, 'ਪ੍ਰਤੀਤਯ ਪਦ ਵਿੱਚ ਪ੍ਰਤਿ, ਈ, ਦਾ ਅਰਥ ਪ੍ਰਾਪਤੀ ਹੈ ਅਤੇ ਉਸਦਾ 'ਲਘਪ, ਪ੍ਰਤਯਯ ਦੇ ਨਾਲ ਯੋਗ ਹੋਣ ਤੇ 'ਪ੍ਰਾਪਤਕਾਰ', 'ਅਪੇਖਿਆਕਾਰ', 'ਹੋਣ ਤੇ'

ਇਹ ਅਰਥ ਹੁੰਦਾ ਹੈ। 'ਸਮੁਤਪਾਦ' ਸਮ-ਉਤ-ਪੂਰਵਕ ਪਦ ਧਾਤੂ ਨਾਲ ਨਿਸ਼ਪੰਨ (ਪੂਰਨ ਹੈ) ਹੈ, ਇਸਦਾ ਅਰਥ 'ਪ੍ਰਾਦੁਰਭਾਵ' ਅਰਥਾਤ ਉਤਪਤੀ ਹੈ। ਇਸ ਪ੍ਰਕਾਰ ਪ੍ਰਤੀਤਯਯਸਮੁਤਧਾਦ ਸ਼ਬਦ ਦਾ ਅਰਥ ਹੈ -ਹੇਤੂ (ਕਾਰਣ) ਪ੍ਰਤਯਯ (ਪ੍ਰਮਾਣ) ਦੀ ਇੱਛਾ ਕਰਕੇ ਭਾਵਾਂ ਦਾ ਉਤਪਾਦ।[44] ਪ੍ਰਤੀਤਯਸਮੁਪਾਦ ਦੇ ਪਰ ਅਧਾਰਤ ਉਤਪਾਦ ਨੂੰ ਗ੍ਰਹਿਣ ਕਰਦਿਆਂ ਹੋਇਆਂ ਹੀ ਨਾਗਾਰਜੁਨ ਨੇ ਇਹ ਪ੍ਰਮਾਨਿਤ ਕਰਨ ਦਾ ਯਤਨ ਕੀਤਾ ਸੀ ਕਿ ਜਿਸਦੀ ਉਤਪਤੀ, ਸਥਿਤੀ ਜਾਂ ਵਿਨਾਸ਼ ਹੈ, ਉਸਦੀ ਪਰਮਾਰਥ ਸੱਤਾ ਕਦੇ ਨਹੀਂ ਮੰਨੀ ਜਾ ਸਕਦੀ। ਨਾਗਾਰਜੁਨ ਦੀ ਯੁਕਤੀ ਸੀ "ਤੱਤਤ ਪ੍ਰਾਪਯ ਯਦੁਤਪਨੰਮ ਨੇਤਪਨੰਮ ਤਤ ਸਵਭਾਵਤ' ਅਰਥਾਤ ਜੋ ਵੀ ਵਸਤੂ ਕਿਸੇ ਹੋਰ ਵਸਤੂ ਤੇ ਨਿਰਭਰ ਰਹਿ ਕੇ ਪੈਦਾ ਹੋਈ, ਉਹ ਆਪਣੇ ਤੋਂ ਪੈਦਾ ਨਹੀਂ ਹੋਈ ਅਰਥਾਤ ਉਸਦੀ ਕੋਈ ਸੱਤਾ ਹੀ ਨਹੀਂ। ਇਸ ਪ੍ਰਕਾਰ ਪ੍ਰਤੀਤਯਸਮੁਤਵਾਦ ਸਿਧਾਂਤ ਨੂੰ, ਜਿਸਦਾ ਮੂਲ ਅਰਥ ਸੀ ਹਰੇਕ ਸੱਤਾ ਵਾਲੀ ਵਸਤੂ ਕਾਰਣ ਵਾਲੀ ਹੈ, ਤੋੜ ਮਰੋੜ ਕੇ ਇਹ ਅਰਥ ਦੇ ਦਿੱਤਾ ਗਿਆ ਕਿ ਹਰੇਕ ਉਹ ਵਸਤੂ ਜੋ ਕਾਰਣ ਵਾਲੀ ਹੈ, ਸੱਤਾਹੀਣ ਹੈ।[45] ਨਾਗਾਰਜੁਨ ਦਾ ਕਥਨ ਹੈ ਕਿ 'ਪ੍ਰਤੀਤਯਭਾਵ', ਅਰਥਾਤ ਪਰ-ਨਿਰਭਰ ਉਤਪਤੀ ਦੇ ਸਿਧਾਂਤ ਨੂੰ ਸਵੀਕਾਰ ਕਰਨ ਦਾ ਅਰਥ ਹੈ ਕਿ ਵਿਸ਼ਵ ਦੀਆਂ ਸਾਰੀਆਂ ਵਸਤਾਂ ਮਿਥਿਆ ਹਨ। ਇੱਕ ਅਜਿਹੀ ਵਸਤੂ ਜੋ ਕਿਸੇ ਪੂਰਵਵਰਤੀ ਤੱਥ ਤੇ ਨਿਰਭਰ ਰਹਿ ਕੇ ਹੋਂਦ ਵਿੱਚ ਆਈ ਪਾਈ ਗਈ ਹੋਵੇ, ਇਸ ਦਾਅਵੇ ਤੋਂ ਵੰਚਤ ਹੋ ਜਾਂਦੀ ਹੈ ਕਿ ਉਹ ਨਿੱਜੀ ਸੱਤਾ ਵਾਲੀ ਹੈ। ਇੱਕ ਹੋਰ ਥਾਂ ਤੇ ਨਾਗਾਰਜੁਨ ਨੇ ਦੱਸਿਆ ਹੈ ਕਿ ਕਾਰਕ ਹੈ ਇਹ ਕਰਮ ਦੇ ਪ੍ਰਤਯਯ (ਪ੍ਰਮਾਣ) ਨਾਲ ਹੀ ਕਹਿ ਸਕਦੇ ਹਾਂ, ਕਰਮ ਹੈ ਇਹ ਕਾਰਕ ਦੇ ਪ੍ਰਮਾਣ ਨਾਲ, ਇਹ ਛੱਡ ਕੇ ਦੂਸਰਾ ਸੱਤਾ ਦੀ ਸਿੱਧੀ ਦਾ ਕਾਰਨ ਅਸੀਂ ਨਹੀਂ ਵੇਖਦੇ ਹਾਂ।[46] ਇਸ ਪ੍ਰਕਾਰ ਕਾਰਕ ਅਤੇ ਕਰਮ ਦਾ ਸੱਚ ਇੱਕ ਦੂਸਰੇ ਤੇ ਨਿਰਭਰ ਹੈ, ਅਰਥਾਤ ਸੁਤੰਤਰ ਰੂਪ ਨਾਲ ਦੁਹਾਂ ਵਿੱਚੋਂ ਇੱਕ ਦੀ ਵੀ ਸੱਤਾ ਸਿੱਧ ਨਹੀਂ ਹੈ। ਫਿਰ ਆਪ ਅਸਿੱਧ ਵਸਤੂ ਦੂਸਰੇ ਨੂੰ ਕੀ ਸਿੱਧ ਕਰੇਗੀ। ਇਸੇ ਨਿਆਂ ਨੂੰ ਲੈ ਕੇ ਨਾਗਾਰਜੁਨ ਨੇ ਦੱਸਿਆ ਕਿ ਕਿਸੇ ਦੀ ਸੱਤਾ ਨਹੀਂ ਸਿੱਧ ਕੀਤੀ ਜਾ ਸਕਦੀ। ਸੱਤਾ ਅਤੇ ਅਸੱਤਾ ਵੀ ਇਸੇ ਤਰ੍ਹਾਂ ਇਕ-ਦੂਸਰੇ ਤੇ ਨਿਰਭਰ ਹਨ, ਇਸ ਲਈ ਇਹ ਵੱਖ ਵੱਖ ਦੁਹਾਂ ਜਾਂ ਦੁਹਾਂ ਦੇ ਰੂਪ ਵਿੱਚ ਵੀ ਨਹੀਂ ਸਿੱਧ ਕੀਤੇ ਜਾ ਸਕਦੇ। ਕਰਤਾ ਅਤੇ ਕਰਮ ਦਾ ਨਿਸ਼ੇਧ ਕਰਦਿਆਂ ਹੋਇਆਂ ਨਾਗਾਰਜੁਨ ਦਾ ਕਥਨ ਹੈ-ਸਤ-ਰੂਪ ਕਾਰਕ ਸਤ ਰੂਪ ਕਰਮ ਨੂੰ ਨਹੀਂ ਕਰਦਾ, ਕਿਉਂਕਿ ਸਤ ਰੂਪ ਨਾਲ ਕਿਰਿਆ ਨਹੀਂ ਹੁੰਦੀ, ਇਸ ਲਈ ਕਰਮ ਨੂੰ ਕਰਤਾ ਦੀ ਜ਼ਰੂਰਤ ਨਹੀਂ। ਸਦਰੂਪ ਦੇ ਲਈ ਕਿਰਿਆ ਨਹੀਂ, ਇਸ ਲਈ ਕਰਤਾ ਨੂੰ ਕਰਮ ਦੀ ਜ਼ਰੂਰਤ ਨਹੀਂ।[47] ਇਸ ਪ੍ਰਕਾਰ ਨਾਗਾਰਜਨ ਨੇ ਇਹ ਪ੍ਰਮਾਨਿਤ ਕੀਤਾ ਹੈ ਕਿ ਦੂਸਰਿਆਂ ਤੇ ਨਿਰਭਰ ਹੋਣ ਦੇ ਕਾਰਨ ਵਸਤਾਂ ਵਿੱਚ ਕਰਤਾ, ਕਰਮ, ਕਾਰਨ, ਕਿਰਿਆ ਨਹੀਂ ਹੋ ਸਕਦੀ। ਇਸ ਲਈ ਜਦੋਂ ਉਹ ਸੱਚ ਨਹੀਂ ਹਨ ਤਾਂ ਨਾ ਪੈਦਾ ਹੁੰਦੀਆਂ ਹਨ, ਨਾ ਨਸ਼ਟ ਹੁੰਦੀਆਂ ਹਨ, ਨਾ ਆਉਂਦੀਆਂ ਹਨ, ਨਾ ਜਾਂਦੀਆਂ ਹਨ। ਉਹ ਮਾਇਆ ਦੀਆਂ ਪ੍ਰਤੀਤੀਆਂ ਹਨ ਕਿਤੇ ਵੀ ਕੋਈ ਸੱਤਾ ਸਵਤ: ਹੈ, ਨਾ ਪਰਤ: ਨਾ ਸਵਤ: ਪਰਤ: ਦੋਵੇਂ ਅਤੇ ਨਾ ਬਿਨਾਂ ਕਾਰਨ ਦੇ ਹੀ ਹੈ।[48]

ਨਾਗਾਰਜੁਨ ਦਾ ਭਾਵ ਹੈ ਕਿ ਸਮਸਤ ਉਤਪਤੀ ਮਿੱਥਿਆ ਹੈ, ਕਿਉਂਕਿ ਕੋਈ ਪਦਾਰਥ ਨਾ ਤਾਂ ਆਪਣੇ ਆਪ ਪੈਦਾ ਹੁੰਦਾ ਹੈ, ਨਾ ਹੋਰਾਂ ਦੇ ਦੁਆਰਾ , ਨਾ ਕਿਸੇ ਦੀ ਸਹਾਇਤਾ ਨਾਲ, ਨਾ ਕਿਸੇ ਕਾਰਨ ਦੇ ਬਿਨਾ, ਕਿਉਂਕਿ ਜੇਕਰ ਕੋਈ ਚੀਜ਼ ਪਹਿਲਾਂ ਤੋਂ ਹੋਂਦ ਵਿੱਚ ਹੈ, ਤਾਂ ਉਹ ਦੁਬਾਰਾ ਆਪਣੇ-ਆਪ ਪੈਦਾ ਨਹੀਂ ਹੋ ਸਕਦੀ। ਜੇਕਰ ਅਸੀਂ ਮੰਨੀਏ ਕਿ ਕਿਸੇ ਹੋਰ ਦੇ ਦੁਆਰਾ ਪੈਦਾ

ਕੀਤੀ ਗਈ ਹੈ ਤਾਂ ਇਸਦਾ ਅਰਥ ਹੋਵੇਗਾ ਕਿ ਉਹ ਪਹਿਲਾਂ ਤੋਂ ਮੌਜੂਦ ਕਿਸੇ ਪਦਾਰਥ ਦਾ ਉਤਪਾਦਨ ਹੈ। ਜੇਕਰ ਅਸੀਂ ਕਿਸੇ ਹੋਰ ਵਿਸ਼ੇਸ਼ਣ ਦੇ ਬਿਨਾ ਕਹੀਏ ਕਿ ਇੱਕ ਤੇ ਨਿਰਭਰ ਹੁੰਦੇ ਹੋਏ ਕੋਈ ਚੀਜ਼ ਹੋਂਦ ਵਿੱਚ ਆਉਂਦੀ ਹੈ ਤਾਂ ਇਸਦਾ ਅਰਥ ਹੋਵੇਗਾ ਕਿ ਕਿਸੇ ਵੀ ਇੱਕ ਚੀਜ਼ ਤੇ ਨਿਰਭਰ ਹੁੰਦਿਆਂ ਹੋਇਆਂ ਦੂਸਰੀ ਚੀਜ਼ ਹੋਂਦ ਵਿੱਚ ਆ ਸਕਦੀ ਹੈ। ਤਾਂ ਫਿਰ ਪ੍ਰਕਾਸ਼ ਤੋਂ ਅੰਧਕਾਰ ਹੋਂਦ ਵਿੱਚ ਆ ਜਾਵੇਗਾ। ਜਦੋਂ ਇੱਕ ਚੀਜ਼ ਨਾ ਖੁਦ ਪੈਦਾ ਹੁੰਦੀ ਹੈ, ਨਾ ਹੋਰਾਂ ਦੇ ਦੁਆਰਾ,ਉਹ ਇਨ੍ਹਾਂ ਦੋਹਾਂ ਦੇ ਮੇਲ ਨਾਲ ਵੀ ਪੈਦਾ ਨਹੀਂ ਹੁੰਦੀ ਕੋਈ ਪਦਾਰਥ ਕਿਸੇ ਕਾਰਨ ਤੋਂ ਬਿਨਾ ਵੀ ਪੈਦਾ ਨਹੀਂ ਹੁੰਦਾ, ਨਹੀਂ ਤਾਂ ਸਾਰੇ ਪਦਾਰਥ ਸਾਰੇ ਸਮਿਆਂ ਵਿੱਚ ਅਸਤਿਤਵ ਵਿੱਚ ਵਿੱਚ ਆ ਜਾਣਗੇ। ਇਸ ਲਈ ਇਹ ਮੰਨਣਾ ਪਵੇਗਾ ਕਿ ਜਿੱਥੇ ਜਿੱਥੇ ਬੁੱਧ ਨੇ ਅਖੌਤੀ ਕਾਰਜ-ਕਾਰਣ ਦੀ ਗੱਲ ਕਹੀ ਹੈ, ਉਨ੍ਹਾਂ ਦਾ ਅਰਥ ਉਨ੍ਹਾਂ ਭਰਮ ਪੈਦਾ ਕਰਨ ਵਾਲੇ ਪ੍ਰਤੱਖਾਂ ਤੋਂ ਹੈ ਜੋ ਬੁੱਧੀ ਅਤੇ ਇੰਦਰੀਆਂ ਨੂੰ ਪ੍ਰਤੀਤ ਹੁੰਦੇ ਹਨ।[49] ਅਰਥਾਤ ਘਟਨਾਵਾਂ ਜੋ ਪ੍ਰਤੀਤ ਹੁੰਦੀਆਂ ਹਨ, ਉਹ ਸੱਚ ਨਹੀਂ ਹਨ ਅਤੇ ਜਦੋਂ ਉਹ ਸੱਚ ਨਹੀਂ ਹਨ ਤਾਂ ਨਾ ਪੈਦਾ ਹੁੰਦੀਆਂ ਹਨ, ਨਾ ਨਸ਼ਟ ਹੁੰਦੀਆਂ ਹਨ, ਨਾ ਆਉਂਦੀਆਂ ਹਨ, ਨਾ ਜਾਂਦੀਆਂ ਹਨ, ਕਿਉਂਕਿ ਜੋ ਪੈਦਾ ਨਹੀਂ ਉਨ੍ਹਾਂ ਦਾ ਵਿਨਾਸ਼ ਕਲਪਨਾ ਹੀ ਹੈ।[50] ਜੇਕਰ ਵਿਨਾਸ਼ ਅਤੇ ਉਤਪਤੀ ਦੀ ਸੱਤਾ ਨੂੰ ਸਵੀਕਾਰ ਕੀਤਾ ਜਾਵੇਗਾ ਤਾਂ ਉਨ੍ਹਾਂ ਨੂੰ ਇੱਕ ਦੂਸਰੇ ਦੇ ਨਾਲ ਰਹਿਣਾ ਚਾਹੀਦਾ ਹੈ ਜਾਂ ਉਨ੍ਹਾਂ ਨੂੰ ਇੱਕ ਦੂਸਰੇ ਦੀ ਸਪੇਖਤਾ ਦੀ ਲੋੜ ਨਹੀਂ ਹੋਣੀ ਚਾਹੀਦੀ, ਪਰਤੂ ਪਰਸਪਰ ਵਿਰੁੱਧ ਹੋਣ ਦੇ ਕਾਰਣ ਜਨਮ ਅਤੇ ਮੌਤ ਦੇ ਵਾਂਗ ਉਤਪਤੀ ਅਤੇ ਵਿਨਾਸ਼ ਦੀ ਮੌਜੂਦਗੀ ਸਮਾਨ ਕਾਲ ਵਿੱਚ ਕਦੇ ਵੀ ਸੰਭਵ ਨਹੀਂ।[51]

**2.4.2 ਵਿਗਿਆਨਵਾਦ :**

ਇਸ ਪ੍ਰਕਾਰ ਬੋਧ ਮਾਧਯਮਿਕਾ ਨੇ ਆਪਣੇ ਸ਼ੂਨਯਵਾਦ ਵਿਚ ਜਿਸ ਧਰਮ ਨੈਰਾਤਮਯਾ ਦੀ ਸਥਾਪਨਾ ਕੀਤੀ ਸੀ, ਉਸ ਵਿੱਚ ਬਾਹਰੀ ਅਤੇ ਆਤਰਿਕ ਦੋਵੇਂ ਪ੍ਰਕਾਰ ਦੇ ਧਰਮਾਂ ਦਾ ਨਿਸ਼ੇਧ ਕੀਤਾ ਗਿਆ ਸੀ। ਇਸ ਪੂਰਨ ਮਾਇਆਵਾਦੀ ਦਰਸ਼ਨ ਦੇ ਵਿਰੁੱਧ ਬੋਧਾਂ ਦੇ ਇੱਕ ਵਰਗ ਨੇ ਦੱਸਿਆ 'ਅਪ੍ਰਤਯਕਸ਼ੋਪਲਭਸਯ ਨਾਰਥਦ੍ਰਿਸ਼ਟੀ-ਪ੍ਰਸਿਦ- ਧਯਤਿ' ਅਰਥਾਤ ਜੋ ਗਿਆਨ ਦਾ ਵੀ ਪ੍ਰਤੱਖ ਜਾਂ ਸੰਵੇਦਨ ਸਵੀਕਾਰ ਨਹੀਂ ਕਰਦਾ, ਉਸਦੇ ਲਈ ਵਸਤਾਂ ਦਾ ਗਿਆਨ ਵੀ ਸੰਭਵ ਨਹੀਂ। ਇਸ ਪ੍ਰਕਾਰ ਬੋਧ ਵਿਗਿਆਨਵਾਦੀਆਂ ਦਾ ਪ੍ਰਸਥਾਨਬਿੰਦੂ ਸੀ ਕਿ ਸਵੈ ਸੰਵੇਦਨਾ ਨੂੰ ਗਿਆਨ ਦੇ ਇੱਕ ਸਾਰਥਕ ਸਰੋਤ ਦੇ ਰੂਪ ਵਿੱਚ ਜ਼ਰੂਰ ਸਵੀਕਾਰ ਕਰਨਾ ਪੈਂਦਾ ਹੈ। ਮੰਨਿਆ ਗਿਆ ਕਿ ਹਰ ਪ੍ਰਕਾਰ ਦਾ ਅਸਤਿਤਵ ਜ਼ਰੂਰੀ ਤੌਰ ਤੇ ਮਾਨਸਿਕ ਹੀ ਹੈ ਅਤੇ ਸਾਡੇ ਵਿਚਾਰਾਂ ਦੀ ਉਸ ਅਨੁਸਾਰ ਬਾਹਰੀ ਵਾਸਤਵਿਕਤਾ ਦੀ ਪਰਿਕਲਪਣਾ ਵਿੱਚ ਪੁਸ਼ਟੀ ਨਹੀਂ ਹੁੰਦੀ। ਇਸ ਪ੍ਰਕਾਰ ਇਨ੍ਹਾਂ ਦੇ ਲਈ ਬਾਹਰੀ ਵਸਤਾਂ ਦੀ ਕੋਈ ਹੋਂਦ ਨਹੀਂ ਸੀ। ਪੱਛਮੀ ਦਰਸ਼ਨ ਵਿੱਚ ਬਰਕਲੇ ਅਤੇ ਬੋਧ ਵਿਗਿਆਨਵਾਦੀਆਂ ਨੇ ਇੱਕੋ ਜਿਹੀ ਜੁਗਤ ਪੇਸ਼ ਕਰਦਿਆਂ ਹੋਇਆਂ ਬਾਹਰੀ ਜਗਤ ਦਾ ਖੰਡਨ ਕੀਤਾ ਸੀ। "ਜਦੋਂ ਅਸੀਂ ਪ੍ਰਤੱਖ ਨਾਲ ਨੀਲ ਨੂੰ ਵੇਖਦੇ ਹਾਂ ਤਾਂ ਨੀਲ ਅਤੇ ਉਸਦਾ 'ਪ੍ਰਤੱਖ' ਇਹ ਦੋ ਵਸਤਾਂ ਵੱਖ ਵੱਖ ਨਹੀਂ ਪ੍ਰਤੀਤ ਹੁੰਦੀਆਂ। ਉਹ ਕਦੇ ਵੀ ਵੱਖ ਵੱਖ ਨਾ ਪ੍ਰਤੀਤ ਹੋਣ ਨਾਲ ਅਰਥਾਤ ਉਨ੍ਹਾਂ ਦੁਹਾਂ ਦੀ ਨਾਲ-ਨਾਲ ਹੀ ਪ੍ਰਤੀਤੀ ਹੋਣ ਨਾਲ ਇਹ ਪਤਾ ਚਲਦਾ ਹੈ ਕਿ ਉਹ ਦੋਵੇਂ ਇੱਕ ਹੀ ਵਸਤੂ ਹਨ (ਸਹੋਪਾਲਮਭਨਿਯਮਾਦਭੇਦੋ ਨੀਲਤਦਿਵਿਯੋ) ਕਿਉਂਕਿ ਜੋ ਦੋ ਵਸਤਾਂ ਵੱਖ ਵੱਖ ਹੁੰਦੀਆਂ ਹਨ, ਉਨ੍ਹਾਂ ਦਾ ਕਦੇ ਨਾ ਕਦੇ ਵੱਖ ਗਿਆਨ ਵੀ ਹੋਣਾ ਹੀ ਚਾਹੀਦਾ ਹੈ। ਅਤੇ ਅਜਿਹਾ ਹੁੰਦਾ ਨਹੀਂ, ਇਸ ਲਈ ਉਹ ਦੋਵੇਂ ਇੱਕ ਹੀ ਵਸਤ ਹੋ ਸਕਦੀਆਂ ਹਨ ਅਤੇ ਜਿਵੇਂ ਕਿ

ਵਰਣਨ ਕੀਤਾ ਜਾ ਚੁੱਕਿਆ ਹੈ, ਗਿਆਨ ਨੂੰ ਮੰਨਣਾ ਜ਼ਰੂਰੀ ਹੈ, ਇਸ ਲਈ 'ਨੀਲ ਦਾ ਗਿਆਨ' ਹੀ ਯਥਾਰਥ ਵਸਤੂ ਹੈ ਨਾ ਕਿ ਨੀਲ ਵਸਤੂ।

ਇਸ ਪ੍ਰਕਾਰ ਵਸੁਬੰਧੁ ਨੇ ਵਿਗਿਆਨ ਵਿੱਚ ਗ੍ਰਹਿਯਾ (ਲੈਣਯੋਗ)-ਗ੍ਰਾਹਕ ਆਦਿ ਨੂੰ ਸਰਵਪ੍ਰਪੰਚਕ ਵਿਗਿਆਨ ਵਿੱਚ ਅਰੋਪਿਤ ਮੰਨ ਕੇ ਬਾਹਰੀ ਜਗਤ ਦਾ ਮਿਥਿਆਤਵ ਸਥਾਪਿਤ ਕੀਤਾ ਹੈ। ਵਸੁਬੰਧੁ ਜਗਤ ਨੂੰ 'ਆਲਯ ਵਿਗਿਆਨ' ਦਾ ਪਰਿਨਾਮ ਸਵੀਕਾਰ ਕਰਦੇ ਹਨ। ਵਰਣਨਯੋਗ ਹੈ ਕਿ ਉਨ੍ਹਾਂ ਦਾ ਇਹ ਪਰਿਨਾਮਵਾਦ ਸਾਂਖ ਦੇ ਪਰਿਨਾਮ ਤੋਂ ਬਿਲਕੁਲ ਭਿੰਨ ਹੈ।[52] ਇੱਥੇ ਵਿਪਰੀਤ ਭਾਵ ਨੂੰ ਹੀ ਪਰਿਨਾਮ ਕਿਹਾ ਗਿਆ ਹੈ।[53] ਸਾਂਖ ਦੇ ਅਨੁਸਾਰ ਕਾਰਣ ਵਿੱਚ ਕਾਰਜ ਮੌਜੂਦ ਰਹਿੰਦਾ ਹੈ, ਕਾਰਜ ਦੇ ਰੂਪ ਵਿੱਚ ਨਵੀਂ ਵਸਤੂ ਦੀ ਉਤਪਤੀ ਨਹੀਂ ਹੁੰਦੀ ਹੈ ਜਦੋਂ ਕਿ ਵਸੁਬੰਧੁ ਮੰਨਦੇ ਹਨ ਕਿ ਕਾਰਜ, ਕਾਰਣ ਤੋਂ ਵਿਲੱਖਣ ਹੁੰਦਾ ਹੈ ਵਸੁਬੰਧੁ ਨੇ ਅਨੁਭੂਤੀ ਨੂੰ ਕਾਰਜ-ਕਾਰਣ ਭਾਵ ਤੋਂ ਵੱਖ ਮੰਨਿਆ ਹੈ। ਸ਼ੁੱਧ ਅਨੁਭੂਤੀ ਦੀ ਸਵੀਕ੍ਰਿਤੀ ਦੇ ਕਾਰਨ ਸੰਸਾਰਿਕ ਦਵੰਦ ਜਾਂ ਵਿਕਲਪਾਂ ਤੋਂ ਪਰਮਾਰਥਿਕ ਰੂਪ ਨਾਲ ਪਰੇ, ਅਮਰ ਅਤੇ ਅਦਵੈਤ ਹੈ। ਕਈ ਵਿਦਵਾਨਾਂ ਨੇ ਇਹ ਸ਼ੰਕਾ ਵਿਅਕਤ ਕੀਤੀ ਹੈ ਕਿ ਵਿਗਿਆਨਵਾਦ ਦੇ ਅੰਤਰਗਤ ਪਰਾਧੀਨ ਵਸਤਾਂ, ਦੁਆਰਾ ਬਾਹਰੀ ਪਦਾਰਥਾਂ ਦਾ ਪੂਰੀ ਤਰ੍ਹਾਂ ਮਿਥਿਆਤਵ ਸਥਾਪਿਤ ਨਹੀਂ ਕੀਤਾ ਗਿਆ ਹੈ, ਇਸ ਲਈ ਇਸਨੂੰ ਸ਼ੁੱਧ ਰੂਪ ਨਾਲ ਵਿਸ਼ੇਵਾਦ ਨਹੀਂ ਕਿਹਾ ਜਾ ਸਕਦਾ।[54] ਵੇਖਿਆ ਜਾ ਸਕਦਾ ਹੈ ਕਿ ਸਰਬ ਵਿਨਾਸ਼ਕਾਰੀ ਸ਼ੂਨਯਵਾਦ ਨੂੰ ਵੀ ਬਾਹਰੀ ਜਗਤ ਦੀ ਪ੍ਰਤੱਖਤਾ ਨੂੰ ਸਵੀਕਾਰ ਨਾ ਕਰ ਪਾਉਣ ਦੀ ਮਜਬੂਰੀ ਵਿੱਚ ਬਾਹਰੀ ਵਸਤਾਂ ਦੇ ਅਸਤਿਤਵ ਨੂੰ ਕਿਸ ਨਾ ਕਿਸੇ ਰੂਪ ਵਿੱਚ ਮੰਨਣਾ ਪਿਆ ਹੈ। ਦੱਸਿਆ ਜਾ ਚੁੱਕਿਆ ਹੈ ਕਿ ਵਿਗਿਆਨਵਾਦ ਦੇ ਪਰਿਕਲਪਿਤ ਅਤੇ ਪਰਾਧੀਨ ਸੱਤ ਸ਼ੂਨਯਵਾਦ ਦੇ ਗੁਪਤ ਪ੍ਰਯੋਜਨ ਦੇ ਸੱਚ ਦੀ ਕੋਟੀ ਵਿੱਚ ਹੀ ਆ ਜਾਂਦੇ ਹਨ। ਅੱਗੇ ਸਾਨੂੰ ਵੇਖਣ ਦਾ ਭਰਪੂਰ ਮੌਕਾ ਮਿਲੇਗਾ ਕਿ ਕਿਸ ਪ੍ਰਕਾਰ ਵੇਦਾਂਤ ਦਰਸ਼ਨਾਂ ਦਾ ਇੱਕ ਘੋਰ ਮਾਇਆਵਾਦੀ ਸੰਪਰਦਾਇ ਬਾਹਰੀ ਜਗਤ ਦੇ ਰੂਪ ਵਿੱਚ ਵਿਵਹਾਰਿਕ ਸੱਚ ਨੂੰ ਤਿਆਗ ਦੇਣ ਦੀ ਸਮਰੱਥਾ ਨਹੀਂ ਜੁਟਾ ਸਕਿਆ ਸੀ। ਵੇਖਣ ਦੀ ਗੱਲ ਹੈ ਕਿ ਭਾਰਤੀ ਦਰਸ਼ਨਾਂ ਦੀ ਪਰੰਪਰਾ ਵਿੱਚ ਪ੍ਰਤੱਖ ਆਦਿ ਯਥਾਰਥ ਪੂਰਨ ਪ੍ਰਮਾਣਾਂ ਦਾ ਘੋਰ ਖੰਡਨ ਕਰਦੀ ਹੋਈ, ਆਗਮਸ਼ਰੁਤੀ ਆਦਿ ਪ੍ਰਮਾਣਾਂ ਤੇ ਅਧਾਰਤ ਇਹ ਬਾਹਰੀ ਜਗਤ ਦੇ ਮਿਥਿਆਤਵ ਦੀਆਂ ਧਾਰਨਾਵਾਂ ਆਪਣੇ ਅੰਤਰ ਵਿਰੋਧਾਂ ਤੋਂ ਅਨੁਚਿਤ ਰਾਹਤ ਪਾਉਣ ਦੇ ਲਈ ਅਨੇਕਾਂ ਸੱਚਾਂ ਦੀਆਂ ਪਰਿਕਲਪਣਾਵਾਂ ਨੂੰ ਸਵੀਕਾਰ ਕਰਨ ਦੇ ਲਈ ਮਜਬੂਰ ਰਹੀਆਂ ਹਨ।

ਸਾਰੇ ਪਦਾਰਥਾਂ ਨੂੰ ਬੁੱਧੀ ਨਾਲ ਇਕਾਤਮਸਰੂਪ ਵਿੱਚ ਸਵੀਕਾਰ ਕਰਨ ਦੇ ਵਿਪੱਖ ਵਿੱਚ ਸੌਤਰਾਂਤਿਕਾਂ (ਹੀਨਯਾਨ ਪਰੰਪਰਾ ਦੇ ਬੋਧ ਦਰਸ਼ਨਵਾਦੀ) ਦੀ ਸ਼ੰਕਾ ਸੀ, ਕਿ ਜਦੋਂ ਬੁੱਧੀ ਦਾ ਗਿਆਨ 'ਅਹਮ' ਨਾਲ ਹੁੰਦਾ ਹੈ ਅਤੇ ਬਾਹਰੀ ਪਦਾਰਥਾਂ ਦਾ 'ਇਦਮ ਨਾਲ ਫਿਰ ਜੇਕਰ ਸਾਰੇ ਪਦਾਰਥ ਬੁੱਧੀ ਦੇ ਰੂਪ ਹੀ ਹਨ ਤਾਂ ਉਨ੍ਹਾਂ ਸਾਰਿਆਂ ਦਾ ਬੋਧ 'ਅਹਮ' ਦੁਆਰਾ ਕਿਉਂ ਨਹੀਂ ਹੁੰਦਾ। ਇਸਦੇ ਲਈ ਵੀ ਵਿਗਿਆਨਵਾਦੀਆਂ ਨੇ ਅਨਾਦਿਵਾਸਨਾ ਨੂੰ ਹੀ ਜਿੰਮੇਵਾਰ ਦੱਸਿਆ ਹੈ। ਉਸੇ ਅਨਾਦਿਵਾਸਨਾ ਨਾਲ ਵਿਗਿਆਨ ਭਰਮ ਦੁਆਰਾ ਬਾਹਰੀ 'ਵਿਸ਼ੇ' ਜਿਹਾ ਪ੍ਰਤੀਤ ਹੁੰਦਾ ਹੈ, ਅਸਲ ਵਿੱਚ ਹੈ ਨਹੀਂ।[55] ਇਸ ਪ੍ਰਕਾਰ ਬੋਧ ਵਿਗਿਆਨਵਾਦ ਵਿੱਚ ਕੋਈ ਬਾਹਰੀ ਜਗਤ ਨਹੀਂ ਅਤੇ ਉਸਦਾ ਗਿਆਨ ਪ੍ਰਾਪਤ ਕਰਨ ਵਾਲੀ ਕੋਈ ਸੰਵੇਦਨਾ ਨਹੀਂ, ਸਿਰਫ ਇੱਕ ਸੰਵੇਦਨਾ ਹੈ ਜੋ ਸਵਸਵੇਦਨਾਤਮਕ ਅਰਥਾਤ ਉਹ ਹੈ ਜੋ ਸਿਰਫ ਆਪਣੇ ਹੀ ਟੀਚੇ ਦਾ ਗਿਆਨ ਪ੍ਰਾਪਤ ਕਰਦੀ ਹੈ

ਇਸ ਲਈ ਜਗਤ ਜਾਂ ਵਾਸਤਵਿਕ ਸੰਸਾਰ ਨੂੰ ਅਜਿਹੇ ਸੰਭਾਵਿਤ ਵਿਚਾਰਾਂ ਦੇ ਅਪਾਰ ਵਿਸਥਾਰ ਦੁਆਰਾ ਨਿਰਮਿਤ ਮੰਨਿਆ ਗਿਆ ਜੋ ਚੇਤਨਾ ਦੇ ਭੰਡਾਰ ਵਿੱਚ ਜਿਵੇਂ ਡੂੰਘੀ ਨੀਂਦ ਵਿੱਚ ਪਏ ਰਹਿੰਦੇ ਹਨ। ਇਸ ਪ੍ਰਕਾਰ ਵਾਸਤਵਿਕਤਾ ਚਿੰਤਾਪਰਕ ਬਣ ਜਾਂਦੀ ਹੈ। ਇਕ ਅਨਾਦਿਵਾਸਨਾ ਨੂੰ ਸੰਗ੍ਰਹਿ ਕੀਤੀ ਗਈ ਚੇਤਨਾ ਦਾ ਇੱਕ ਜ਼ਰੂਰੀ ਪੂਰਕ ਮੰਨਿਆ ਗਿਆ। ਇਹੀ ਉਹ ਸ਼ਕਤੀ ਹੈ ਜੋ ਯਥਾਰਥ ਵਾਸਤਵਿਕਤਾ ਦੀ ਤੱਥ ਲੜੀ ਨੂੰ ਪ੍ਰਭਾਵੀ ਅਸਤਿਤਵ ਵੱਲ ਪ੍ਰੇਰਿਤ ਕਰਦੀ ਹੈ। ਜਿਸ ਪ੍ਰਕਾਰ ਯੂਰਪ ਦੇ ਤਰਕਵਾਦੀਆਂ ਨੇ ਇਹ ਮੰਨਿਆ ਕਿ ਸੰਭਾਵੀ ਵਸਤਾਂ ਦੇ ਅਪਾਰ ਵਿਸਥਾਰ ਈਸ਼ਵਰ ਦੀ ਬੁੱਧੀ ਵਿੱਚ ਸ਼ਾਮਿਲ ਹੈ, ਜਿਨ੍ਹਾਂ ਵਿੱਚੋਂ ਉਹ ਉਨ੍ਹਾਂ ਹੀ ਵਸਤਾਂ ਨੂੰ ਚੁਣਦਾ ਹੈ ਅਤੇ ਅਸਤਿਤਵ ਪ੍ਰਦਾਨ ਕਰਦਾ ਹੈ ਜੋ ਸਭ ਸਮੁੱਚਤਾ ਨਾਲ ਅਧਿਕਤਮ ਸਹਿਸੰਭਾਵਿਤ ਵਾਸਤਵਿਕਤਾ ਦਾ ਨਿਰਮਾਣ ਕਰਦੀਆਂ ਹਨ, ਉਸੇ ਪ੍ਰਕਾਰ ਬੋਧ ਦਰਸ਼ਨ ਵਿੱਚ ਹੈ। ਅੰਤਰ ਸਿਰਫ ਇਨਾਂ ਹੈ ਕਿ 'ਈਸ਼ਵਰ ਦੀ ਬੁੱਧੀ' ਦੀ ਥਾਂ ਆਲਯ ਵਿਗਿਆਨ (ਚੇਤਨਾ ਭੰਡਾਰ) ਅਤੇ ਉਸਦੀ ਇੱਛਾ ਦੀ ਥਾਂ ਤੇ 'ਅਨਾਦਿਵਾਸਨਾ' ਨੂੰ ਸਥਾਪਿਤ ਕਰ ਦਿੱਤਾ ਗਿਆ।

**2.4.3 ਬੋਧ ਅਵਤਾਰਵਾਦ :**

ਹੁਣ ਇਸ ਸਥਿਤੀ ਵਿੱਚ ਗੌਤਮ ਇਤਿਹਾਸ ਪੁਰਸ਼ ਨਹੀਂ ਰਹਿ ਸਕਦੇ ਸਨ। ਉਨ੍ਹਾਂ ਨੂੰ ਈਸ਼ਵਰ ਦੇ ਰੂਪ ਵਿੱਚ ਸਥਾਪਿਤ ਕਰਨਾ ਪਰਵਰਤੀ ਦਾਰਸ਼ਨਿਕਾਂ ਦੇ ਲਈ ਜ਼ਰੂਰੀ ਹੁੰਦਾ ਗਿਆ। ਅਚੰਭੇ ਵਾਲੀ ਗੱਲ ਹੈ ਕਿ ਜੋ ਈਸ਼ਵਰ ਦਾ ਨਿਸ਼ੇਧ ਕਰਦੇ ਰਹੇ ਸਨ, ਉਹ ਖੁਦ ਈਸ਼ਵਰ ਹੋ ਗਏ ਸਨ।

ਮਹਾਸੰਘਿਕਾਂ (ਬੋਧਾਂ ਦੀ ਇੱਕ ਜਮਾਤ) ਦਾ ਇਹ ਮੰਨਿਆ ਹੋਇਆ ਸਿਧਾਂਤ ਸੀ ਕਿ ਬੁੱਧ ਮਨੁੱਖ ਨਹੀਂ ਸਨ, ਬਲਕਿ ਉਨ੍ਹਾਂ ਦਾ ਸਰੀਰ ਆਨਾਸਰਾਵੇਂਦਰੀਆਂ (ਸ਼ੁੱਧ ਰੂਪ ਨਾਲ, ਦੇਸ਼ ਰਹਿਤ) ਧਰਮਾਂ ਤੋਂ ਰਹਿਤ ਸੀ। ਇਸ ਲਈ ਉਹ ਨੀਂਦ, ਸੁਪਨੇ, ਇਨ੍ਹਾਂ ਦੁਹਾਂ ਭਾਵਾਂ ਤੋਂ ਮੁਕਤ ਸਨ। ਉਹ ਅਨੇਕਾਂ ਰੂਪ ਧਾਰਨ ਕਰ ਸਕਦੇ ਸਨ। ਉਨ੍ਹਾਂ ਦੀ ਸ਼ਕਤੀ ਬਹੁਤ ਸੀ ਅਤੇ ਉਨ੍ਹਾਂ ਦੀ ਉਮਰ ਵੀ ਅਪਾਰ ਸੀ।

ਦੱਸਿਆ ਗਿਆ ਹੈ ਕਿ ਬੁੱਧ ਨੇ ਜਿਨ੍ਹਾਂ ਸੂਤਰਾਂ ਦਾ ਉਪਦੇਸ਼ ਦਿੱਤਾ ਹੈ ਉਹ ਆਪਣੇ ਆਪ ਵਿੱਚ ਸੰਪੂਰਨ ਹਨ। ਬੁੱਧ ਨੇ ਧਰਮ ਨੂੰ ਛੱਡ ਕੇ ਕਿਸੇ ਹੋਰ ਗੱਲ ਦਾ ਉਪਦੇਸ਼ ਦਿੱਤਾ ਹੀ ਨਹੀਂ। ਇਸ ਲਈ ਉਨ੍ਹਾਂ ਦੀ ਸਿੱਖਿਆ ਪਰਮਾਰਥ ਸੱਤ ਦੇ ਵਿਸ਼ੇ ਵਿੱਚ ਹੈ, ਵਿਵਹਾਰਿਕ ਸੱਤ ਦੇ ਵਿਸ਼ੇ ਵਿੱਚ ਨਹੀਂ। ਪਰਮਾਰਥ ਸੱਤ, ਸ਼ਬਦਾਂ ਦੇ ਦੁਆਰਾ ਅਕੱਥਨੀ ਹੈ।

ਲੋਕੋਤੱਰਵਾਦੀਆਂ (ਮਹਾਸੰਘਿਕਾ ਵਿੱਚੋਂ ਉਭਰਿਆ ਇੱਕ ਉਪਸਮੂਹ) ਦੇ ਪ੍ਰਸਿੱਧ ਗ੍ਰੰਥ ਮਹਾਂਵਸਤੂ ਵਿੱਚ ਬੁੱਧ ਦੇ ਅਵਤਾਰਵਾਦੀ ਲੋਕੋਤੱਰ ਰੂਪ ਦਾ ਵਿਸਥਾਰ ਪੂਰਨ ਵਰਣਨ ਮਿਲਣ ਲੱਗਦਾ ਹੈ। ਮਹਾਂਵਸਤੂ ਵਿੱਚ ਇੱਕ ਥਾਂ ਤੇ ਸਿਰਫ ਬੁੱਧ ਨੂੰ ਹੀ ਨਹੀਂ, ਉਨ੍ਹਾਂ ਦੇ ਸਰੀਰ, ਭੋਜਨ ਅਤੇ ਚੀਵਰ (ਬੋਧ ਸੰਨਿਆਸੀਆਂ ਦੇ ਵਸਤਰ) ਧਾਰਨ ਨੂੰ ਵੀ ਲੋਕੋਤੱਰ ਕਿਹਾ ਗਿਆ ਹੈ। ਉਹ ਇਸ ਮਤ ਦੇ ਅਨੁਸਾਰ ਮਾਤਾ-ਪਿਤਾ ਤੋਂ ਪੈਦਾ ਨਹੀਂ ਹੁੰਦੇ ਬਲਕਿ ਉਨ੍ਹਾਂ ਦਾ ਜਨਮ ਉਪਪਦੁਕ ਹੈ।[56]

ਬੁੱਧ ਦੇ ਚੌਵੀ ਅਵਤਾਰਾਂ ਦੀ ਚਰਚਾ ਮਹਾਯਾਨੀ ਗ੍ਰੰਥਾਂ ਵਿੱਚ ਪ੍ਰਚਲਿਤ ਰਹੀ ਹੈ। ਉਸਦੇ ਬਾਅਦ ਜੈਨੀਆਂ ਵਿੱਚ ਵੀ ਤੀਰਥਕਰਾਂ ਦਾ ਪ੍ਰਚਾਰ ਹੋਇਆ ਅਤੇ ਕੁੱਝ ਸਮੇਂ ਦੇ ਬਾਅਦ ਭਾਗਵਤ ਵਿੱਚ ਵੀ ਵੈਸ਼ਣਵ ਅਵਤਾਰਾਂ ਦੀ ਗਿਣਤੀ ਚੌਵੀ ਮੰਨੀ ਗਈ।

ਲਲਿਤਵਿਸਤਰ ਦੇ ਤੀਸਰੇ ਅਧਿਆਏ ਵਿੱਚ ਉਨ੍ਹਾਂ ਦੇ ਵਿਸ਼ੇਸ਼ ਕਾਲ, ਦੇਸ਼, ਸਥਾਨ ਅਤੇ ਜਾਤੀ ਵਿੱਚ ਹੋਣ ਵਾਲੇ ਅਵਤਾਰ ਕਾਰਨਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਉਸ ਧਾਰਨਾ ਦੇ

ਅਨੁਸਾਰ ਬੁੱਧ ਸ੍ਰਿਸ਼ਟੀ ਦੇ ਹਰੇਕ ਪਰਿਵਰਤਨ ਕਾਲ ਵਿੱਚ ਹੋਰ ਦੀਪਾਂ ਦੀ ਬਜਾਏ ਸਿਰਫ ਜੰਬੂ ਦੀਪ ਵਿੱਚ ਹੀ ਅਵਤਾਰ ਲੈਂਦੇ ਹਨ। ਇਨ੍ਹਾਂ ਦੇ ਅਵਤਾਰ ਦੇ ਲਈ ਉਪਯੁਕਤ ਸਥਾਨ ਮੱਧ ਪ੍ਰਦੇਸ਼ ਹੈ। ਉੱਥੇ ਉਹ ਸਿਰਫ ਬ੍ਰਾਹਮਣ ਜਾਂ ਖੱਤਰੀ ਕੁਲ ਵਿੱਚ ਜਨਮ ਲੈਂਦੇ ਹਨ।[57]

ਜਦੋਂ ਬ੍ਰਾਹਮਣ ਪੀੜਤ ਹੁੰਦੇ ਹਨ ਤਾਂ ਉਹ ਬ੍ਰਾਹਮਣ ਕੁਲ ਵਿੱਚ ਅਤੇ ਜਦੋਂ ਖੱਤਰੀ ਪੀੜਤ ਹੁੰਦੇ ਹਨ ਤਾਂ ਉਹ ਖੱਤਰੀ ਕੁਲ ਵਿੱਚ ਜਨਮ ਲੈਂਦੇ ਹਨ।[58] ਉਨ੍ਹਾਂ ਦੇ ਮਾਤਾ-ਪਿਤਾ ਦੈਵੀ ਗੁਣਾਂ ਨਾਲ ਯੁਕਤ ਤਾਂ ਹੈਣ ਹੀ, ਨਾਲ ਹੀ ਦਸ਼ਰਥ-ਕੁੱਸ਼ਲਿਆ ਵਾਂਗ ਅਨੇਕਾਂ ਜਨਮਾਂ ਵਿੱਚ ਲਗਭਗ 500 ਬੋਧੀਸਤਾਵਾਂ ਦੇ ਮਾਤਾ-ਪਿਤਾ ਰਹਿ ਚੁੱਕੇ ਹਨ। ਮਾਇਆਦੇਵੀ ਦਸ ਹਜ਼ਾਰ ਹਸਤੀਆਂ ਦੀ ਸ਼ਕਤੀ ਨਾਲ ਯੁਕਤ ਹੈ।[59]

'ਲਲਿਤਵਿਸਤਰ' ਵਿੱਚ ਕਈ ਥਾਵਾਂ ਤੇ ਇਨ੍ਹਾਂ ਨੂੰ ਨਾਰਾਇਣ ਦਾ ਅਵਤਾਰ ਜਾਂ ਉਨ੍ਹਾਂ ਦੀ ਸ਼ਕਤੀ ਨਾਲ ਯੁਕਤ ਮੰਨਿਆ ਗਿਆ ਹੈ।[60] ਇਨ੍ਹਾਂ ਦੀ ਮੂਰਤੀ ਕ੍ਰਿਸ਼ਨ ਦੇ ਵਾਂਗ ਅਤੇ ਇਹ ਭਗਵਾਨ ਸਰੂਪ ਮੰਨੇ ਗਏ ਹਨ।[61] ਇਨ੍ਹਾਂ ਦਾ ਸਰੀਰ ਨਰਾਇਣ ਦੇ ਵਾਂਗ ਹੈ ਜਿਸਨੂੰ ਵਿੰਨ੍ਹਿਆ ਨਹੀਂ ਜਾ ਸਕਦਾ।[62] ਸਾਰੇ ਪੁਰਾਣਿਕ ਸਮੂਹ ਇਹ ਹੀ ਧਾਰਨ ਕਰਦੇ ਹਨ ਅਤੇ ਦੇਵਤਾ ਵੈਸ਼ਣਵ ਅਵਤਾਰਾਂ ਦੇ ਵਾਂਗ ਇਨ੍ਹਾਂ ਨੂੰ ਲੋਕਹਿਤਕਾਰੀ ਮੰਨਦੇ ਹਨ। ਇਸ ਲਈ ਉਹ ਵਿਸ਼ਨੂੰ ਦੇ ਵਾਂਗ 'ਸੁਰ ਸਹਾਇਯਾ' ਹਨ। ਇਹ ਦੇਵਤਿਆਂ ਅਤੇ ਮਨੁੱਖ ਲੋਕਾਂ ਤੇ ਦਿਆ ਅਤੇ ਕ੍ਰਿਪਾ ਦਾ ਭਾਵ ਰੱਖਦੇ ਹਨ।[63]

ਇਸ ਬ੍ਰਾਹਮਣਵਾਦੀ ਬੁੱਧ ਦਾ ਵਿਆਪਕ ਪ੍ਰਚਾਰ-ਪਸਾਰ ਹੋਇਆ ਹੈ। ਸਮਕਾਲੀ ਸਾਹਿਤ ਦੇ ਬੁੱਧ ਚਰਿੱਤਰ ਵਰਣਨਾਂ ਵਿੱਚ ਅਵਤਾਰੀ ਬੁੱਧ ਹੀ ਛਾਏ ਰਹੇ। 'ਬੁਧਚਰਿਤ' ਅਤੇ ਸੌਂਦੰਰਾਨੰਦ' ਵਿੱਚ ਉਨ੍ਹਾਂ ਨੂੰ ਤੁਸ਼ਿਤ (ਵਿਸ਼ਨੂੰ) ਲੋਕ ਵਿਚ ਅਵਤਾਰ ਲੈਂਦੇ ਵਿਖਾਇਆ ਗਿਆ ਹੈ।[64] ਉਨ੍ਹਾਂ ਨੂੰ ਅਵਤਾਰ ਕਾਲ ਵਿੱਚ, ਮਾਇਆ ਦੇਵੀ, ਸਫ਼ੈਦ ਰਾਜਰਾਜ ਨੂੰ ਸੁਪਨੇ ਵਿੱਚ ਸਰੀਰ ਦੇ ਅੰਤਰਗਤ ਪ੍ਰਵੇਸ਼ ਕਰਦਿਆਂ ਵੇਖਦੀ ਹੈ।[65] ਅਸ਼ਵਘੋਸ਼ ਨੇ ਬੁੱਧ ਦਾ ਜਨਮ ਉਪਪਾਦੁਕ ਘੋਸ਼ਿਤ ਕੀਤਾ ਹੈ।[66] 'ਬੁੱਧ ਚਰਿਤ' ਵਿੱਚ ਬੁੱਧ ਕਹਿੰਦੇ ਹਨ ਕਿ 'ਜਗਤਹਿਤ ਅਤੇ ਗਿਆਨ ਪ੍ਰਾਪਤ ਕਰਨ ਲਈ ਮੈਂ ਜਨਮ ਲਿਆ ਹੈ। ਸੰਸਾਰ ਵਿੱਚ ਇਹ ਮੇਰੀ ਅੰਤਮ ਉਤਪਤੀ ਹੈ।[67] ਇੱਥੇ ਦੇਵਤਾ ਇਨ੍ਹਾਂ ਦੇ ਅਤੀਤ ਅਵਤਾਰ ਅਤੇ ਕਾਰਜ ਦੀ ਯਾਦ ਕਰਵਾਉਂਦੇ ਹਨ।[68] 'ਬੁੱਧ ਚਰਿਤ' ਵਿੱਚ ਬੁੱਧ ਦੇ ਚਮਤਕਾਰਾਂ ਦੇ ਵੀ ਦਰਸ਼ਨ ਹੁੰਦੇ ਹਨ। ਬੁੱਧ ਅਕਾਸ਼ ਵਿੱਚ ਉੱਡਦੇ ਹਨ ਅਤੇ ਪਵਨ-ਪਥ ਤੇ ਤੁਰ ਕੇ ਹਨੁਮਾਨ ਦੇ ਵਾਂਗ ਸੂਰਜ ਦੇ ਰੱਥ ਦਾ ਹੱਥ ਨਾਲ ਸਪਰਸ਼ ਕਰਦੇ ਹਨ। ਉਹ ਸਰੀਰ ਨੂੰ ਇੱਕ ਤੋਂ ਅਨੇਕ ਅਤੇ ਅਨੇਕ ਤੋਂ ਇੱਕ ਬਣਾਉਂਦੇ ਹਨ।[69]

'ਸਦਧਰਮ ਪੰਡਰੀਕ' ਦੇ ਅਨੁਸਾਰ ਇਹ ਸਾਰੇ ਮਰਨਾਊ ਜੀਵਾਂ ਨੂੰ ਨਵਾਂ ਜੀਵਨ ਪ੍ਰਦਾਨ ਕਰਦੇ ਹਨ ਅਤੇ ਦੁਖੀਆਂ ਵਿੱਚ ਸੁਖ ਅਤੇ ਆਨੰਦ ਦਾ ਸੰਚਾਰ ਕਰਦੇ ਹਨ। ਉਹ ਖੁਦ ਕਹਿੰਦੇ ਹਨ ਮੈਂ ਹੀ ਤਥਾਗਤ (ਗੌਤਮ ਬੁੱਧ) ਹਾਂ, ਇਸ ਲੋਕ ਦੀ ਭਲਾਈ ਕਰਨ ਲਈ ਪੈਦਾ ਹੋਇਆ। ਮੈਂ ਹਜ਼ਾਰਾ ਕਰੋੜਾਂ ਪ੍ਰਾਣੀਆਂ ਦੇ ਲਈ ਸ਼ੁੱਧ ਧਰਮ ਦਾ ਉਪਦੇਸ਼ ਕਰਦਾ ਹਾਂ।[70]

ਬੁੱਧ ਦਾ ਅਵਤਾਰ ਪੂਰੀ ਤਰ੍ਹਾਂ ਨਾਲ ਪੁਰਾਣਿਕ ਸਮਗੱਰੀ ਨੂੰ ਗ੍ਰਹਿਣ ਕਰਦਾ ਗਿਆ ਹੈ। ਸਦਧਰਮ ਪੁੰਡਰੀਕ ਵਿੱਚ ਕਿਹਾ ਗਿਆ ਹੈ ਕਿ ਤਥਾਗਤ ਦੇ ਨਿਰਵਾਣ ਦੇ ਬਾਅਦ ਸਿਰਫ ਬੱਤੀ ਯੁੱਗਾਂ ਤਕ ਲੋਕ ਅਤੇ ਦੇਵ ਦੇ ਲਈ ਸਦਧਰਮ ਸਖਿਤ ਰਹੇਗਾ।[71] ਲੰਕਾਅਵਤਾਰ ਸੂਤਰ ਵਿੱਚ ਸ੍ਰਿਸ਼ਟੀ ਚੱਕਰ ਦੇ ਨਾਲ ਅਵਤਾਰ ਚੱਕਰ ਸੰਬੰਧਿਤ ਪ੍ਰਤੀਤ ਹੁੰਦਾ ਹੈ।[72]

ਬੋਧ ਅਵਤਾਰਵਾਦ ਵਿੱਚ ਬੋਧੀਸਤਵ ਦਾ ਵਿਚਾਰ ਬਹੁਤ ਪ੍ਰਚਲਿਤ ਰਿਹਾ ਹੈ। ਬੋਧੀਸਤਵ ਮੁੱਖ ਰੂਪ ਨਾਲ ਬੁੱਧੀਮਾਨ ਸਾਧਕ ਹੈ। ਉਹ ਬੋਧੀਸਤਵ ਦੀ ਸਾਧਨਾ 'ਮਿਥਿਆਤਵ ਅਤੇ ਕਰੁਣਾ' ਦੀ ਅਭਿੰਨਤਾ ਨਾਲ ਕਰਦਾ ਹੈ। ਇਸਨੂੰ ਅਦਵੈਤ ਕਿਹਾ ਜਾਂਦਾ ਹੈ। ਇਸ ਅਦਵੈਤ ਨਾਲ ਸਾਧਾਰਨ ਸਰੀਰ ਵੀ ਸਿੱਧ ਸਰੀਰ ਹੋ ਜਾਂਦਾ ਹੈ।[73]

ਇਸਨੂੰ ਬੋਧ ਸੰਪਰਦਾਇਆ ਵਿੱਚ ਪ੍ਰਚਲਿਤ ਦਸ ਭੂਮੀਆ (ਅਵਸਥਾਵਾਂ) ਦਾ ਇਕ ਮਾਤਰ ਸਾਧਨ ਦੱਸਿਆ ਗਿਆ ਹੈ।[74] ਇਨ੍ਹਾਂ ਭੂਮੀਆਂ ਵਿੱਚ ਪ੍ਰਸੁਦਿਤਾ (ਅਤਿਅੰਤ ਆਨੰਦਮਈ) ਵਿਮਲਾ (ਬੇਦਾਗ), ਪ੍ਰਭਾਕਰੀ (ਪ੍ਰਭਾਯੁਕਤ), ਅਰਚਿਸਮਤੀ (ਦੀਪਤੀਮਾਨ), ਸੁਦਰੁਜਰਯਾ (ਜਿਸ ਤੇ ਕਾਬੂ ਪਾਉਣਾ ਕਠਨ ਹੋਵੇ), ਅਭਿਮੁਖੀ (ਸਪਸ਼ਟ ਰੂਪ ਨਾਲ ਪ੍ਰਗਟ), ਦੁਰੰਗਮਾ (ਪਿੱਛਾ ਕਰਨਾ), ਅਚਲਾ (ਅਚੱਲ), ਸਾਧੂਮਤੀ (ਉੱਤਮ ਬੁੱਧੀ) ਅਤੇ ਧਰਮ ਮੇਧਾ (ਧਰਮ ਦੇ ਬੱਦਲ) ਦਾ ਨਾਂ ਦਿੱਤਾ ਗਿਆ ਹੈ। ਇਨ੍ਹਾਂ ਦਸ ਭੂਮੀਆਂ ਨੂੰ ਇੱਕ ਇੱਕ ਕਰਕੇ ਪਾਰ ਕਰਨ ਦੇ ਬਾਅਦ ਬੋਧੀਸਤਵ ਬੋਧੋਚਿੱਤਿ (ਗਿਆਨ ਚੇਤਨਾ) ਵਿੱਚ ਨਿਰਵਾਣ ਪ੍ਰਾਪਤ ਕਰਦਾ ਹੈ, ਅਤੇ ਫਿਰ ਉਹ ਸਰਬਵਿਆਪੀ ਹੋ ਜਾਂਦਾ ਹੈ) ਲੰਕਾਅਵਤਾਰ ਸੂਤਰ ਵਿੱਚ ਦੱਸਿਆ ਗਿਆ ਹੈ ਕਿ ਬੋਧੀਸਤਵਾਂ ਵਿੱਚ ਯੋਗਿਕ ਅਤੇ ਅਵਤਾਰਵਾਦੀ ਦੇ ਪ੍ਰਕਾਰ ਦੀਆਂ ਸ਼ਕਤੀਆਂ ਮੌਜੂਦ ਰਹਿੰਦੀਆਂ ਹਨ। ਸਮਾਧੀ ਅਤੇ ਸੰਪਤੀ ਦੇ ਰੂਪ ਵਿੱਚ ਉਹ ਯੋਗਿਕਾ ਸ਼ਕਤੀਆਂ ਨਾਲ ਯੁਕਤ ਰਹਿੰਦਾ ਹੈ ਅਤੇ ਅਵਤਾਰੀ ਸ਼ਕਤੀ ਦੇ ਰੂਪ ਵਿੱਚ ਖੁਦ ਬੁੱਧ ਵਿਅਕਤੀ ਰੂਪ ਵਿੱਚ ਅਵਤਾਰ ਲੈ ਕੇ ਆਪਣੇ ਹੱਥਾਂ ਨਾਲ ਉਸਨੂੰ ਦੀਖਿਆ ਦਿੰਦੇ ਹਨ। ਉਸਦੇ ਬਾਅਦ ਹਜ਼ਾਰਾਂ ਹਰੇਕ ਬੁੱਧ, ਤਥਾਗਤ ਬੁੱਧ, ਅਰਹਤ , ਸੰਮਬੁੱਧ ਅਨੇਕਾਂ ਯੁੱਗਾਂ ਤੋਂ ਇਕੱਠੀ ਇਕੱਠੀਆਂ ਕੀਤੀਆਂ ਸ਼ਕਤੀਆਂ ਨਾਲ ਭਾਵਨਾਤਮਿਕ ਪੱਧਰ ਤੇ ਉਸਦਾ ਪੋਸਣ ਕਰਦੇ ਹਨ।[75] ਇਸ ਪ੍ਰਕਿਰਿਆ ਨੂੰ ਧਰਮ ਮੇਧਾ ਕਿਹਾ ਗਿਆ ਹੈ।

ਧਿਆਨ ਦੇਣ ਵਾਲੀ ਗੱਲ ਹੈ ਕਿ ਸ਼ੂਨਯਤਾ ਅਤੇ ਕਰੁਣਾ ਦਾ ਅਦਵੈਤ ਹੀ ਇੱਥੇ ਅਵਤਾਰਵਾਦੀ ਵਿਕਾਸ ਨੂੰ ਦਰਸਾਉਂਦਾ ਹੈ। ਬੋਧੀਸਤਵ ਦੇ ਲਈ ਕਰੁਣਾ ਅਤੇ ਮਿਥਿਆਤਵ ਦੋਵੇਂ ਜ਼ਰੂਰੀ ਹਨ। ਚਰਿਆਪਦਾਂ ਦੇ ਅਨੁਸਾਰ ਜੋ ਕਰੁਣਾ ਨੂੰ ਛੱਡ ਕੇ ਮਿਥਿਆ ਨਾਲ ਸੰਬੰਧ ਰੱਖਦਾ ਹੈ, ਉਹ ਉੱਤਮ ਗਤੀ ਪ੍ਰਾਪਤ ਨਹੀਂ ਕਰਦਾ। ਜਿਸਨੂੰ ਸਿਰਫ ਕਰੁਣਾ ਹੀ ਭਾਉਂਦੀ ਹੈ, ਉਹ ਵੀ ਹਜ਼ਾਰਾਂ ਜਨਮਾਂ ਤਕ ਮੋਕਸ਼ ਪ੍ਰਾਪਤ ਨਹੀਂ ਕਰ ਸਕਦਾ।[76]

ਕਿਹਾ ਗਿਆ ਹੈ ਕਿ ਬੋਧੀਸਤਵ ਉਹੀ ਹੋ ਸਕਦਾ ਹੈ ਜੋ ਮਹਾਕਰੁਣਾ ਨਾਲ ਦ੍ਰਵਿਤ ਹੋ ਕੇ ਨਿਰਵਾਣ ਤੋਂ ਬਾਅਦ ਪ੍ਰਾਣੀਆਂ ਦੇ ਕਲਿਆਣ ਵਿੱਚ ਉਦੋਂ ਤੱਕ ਲੀਨ ਰਹੇ ਜਦੋਂ ਤਕ ਸ੍ਰਿਸ਼ਟੀ ਦਾ ਹਰੇਕ ਜਨ ਬੋਧੀ ਗਿਆਨ ਨਾ ਪ੍ਰਾਪਤ ਕਰ ਲਵੇ। ਇਹ ਸੰਸਾਰ ਦੇ ਅਵਤਾਰ-ਵਿਵਰਤਨ (ਭਿਨਤਾ) ਯੁਕਤ ਹੋਣ ਤੇ ਵੀ ਕਰੁਣਾ ਕਾਰਨ ਲੋਕ ਕਲਿਆਣ ਤੋਂ ਡਰਦੇ ਨਹੀਂ। ਇਸ ਲਈ ਬੋਧੀਸਤਵਾਂ ਦੀ ਕਰੁਣਾ ਇਨ੍ਹਾਂ ਦੇ ਨਿਰਵਾਣ ਫ਼ਲ ਭੋਗ ਤੋਂ ਜਿਆਦਾ ਮਹੱਤਵਪੂਰਨ ਹੈ।[77] ਪਗ੍ਰਿਯੋਪਾਏ ਵਿਨੀਸ਼ਚਯ ਸਿੱਧੀ' ਦੇ ਅਨੁਸਾਰ ਬੁੱਧ ਦੇ ਧਰਮਕਾਯ ਨੂੰ ਅੱਗੇ ਵਧਾਉਣ ਲਈ ਸੰਮਬੁੱਧ, ਸ਼ਰਾਵਕ (ਬੋਧ ਸੰਨਿਆਸੀ) ਅਤੇ ਸੌਗਾਤ (ਬੁੱਧ ਦੇ ਅਨੁਯਾਈ) ਗੁਣਾਂ ਨਾਲ ਯੁਕਤ ਪੈਦਾ ਹੁੰਦੇ ਹਨ। ਬੋਧੀਸਤਵ ਸਮੁੱਚੇ ਦੁੱਖ ਦੇ ਨਸ਼ਟ ਹੋਣ ਤੱਕ ਯਤਨਸ਼ੀਲ ਰਹਿੰਦਾ ਹੈ। ਜਦੋਂ ਤਕ ਸਾਰੇ ਪ੍ਰਾਣੀਆਂ ਦਾ ਦੁਖ ਦੂਰ ਨਹੀਂ ਹੋ ਜਾਂਦਾ, ਉਦੋਂ ਤੱਕ ਉਨ੍ਹਾਂ ਦੇ ਕਲਿਆਣ ਵਿੱਚ ਉਹ ਲੱਗਾ ਰਹਿੰਦਾ ਹੈ।[78]

ਇਸ ਪ੍ਰਕਾਰ ਬੁੱਧ ਧਰਮ ਨੂੰ ਸਾਮੰਤਵਾਦੀ ਪੋਸ਼ਣ ਨੇ ਪੂਰੀ ਤਰ੍ਹਾਂ ਉਸਦੀ ਵਿਪਰੀਤ ਅਵਸਥਾ ਵਿੱਚ ਖੜਾ ਕਰ ਦਿੱਤਾ ਸੀ। ਪਰਿਵਰਤਨ ਸ਼ੀਲਤਾ ਦਾ ਕਾਰਜ-ਕਾਰਣਵਾਦ, ਮਿਥਿਆਤਵ ਵਿੱਚ ਰੁਪਾਂਤਰਿਤ ਹੋ ਗਿਆ। ਬੁੱਧ, ਪੂਜਾ ਅਤੇ ਉਪਾਸਨਾ ਦੇ ਪਾਤਰ ਹੋ ਗਏ। ਬ੍ਰਾਹਮਣ ਧਰਮ ਅਤੇ ਬੁੱਧ ਧਰਮ ਵਿੱਚ ਕੋਈ ਅੰਤਰ ਨਹੀਂ ਸੀ। ਸੰਪਰਦਾਇਕ ਭੇਦ ਬਣਾਈ ਰੱਖਦੇ ਹੋਏ ਸਿਰਫ ਪਰਿਭਾਸ਼ਾਤਮਕਾਂ ਦੇ ਭਿੰਨ-ਭਿੰਨ ਪ੍ਰਯੋਗ ਹੁੰਦੇ ਸਨ। ਗੱਲ ਘੁੰਮ ਫਿਰ ਕੇ ਅਲੌਕਿਕਤਾ, ਭਗਤੀ ਅਤੇ ਮੁਕਤੀ ਤੇ ਕੇਂਦਰਿਤ ਸੀ। ਹੁਣ ਬੁੱਧ ਦੀ ਕਰੁਣਾ ਵਿੱਚ ਕਿਸੇ ਭੌਤਿਕ ਦੁੱਖ ਨੂੰ ਦੂਰ ਕਰਨ ਨਾਲ ਕੋਈ ਵਾਸਤਾ ਨਹੀਂ ਸੀ, ਬਲਕਿ ਇਹ ਕਰੁਣਾ ਮਿਥਿਆਤਵ ਨਾਲ ਜੁੜ ਕੇ ਪਰਮਾਰਥਿਕ ਨਿਰਵਾਣ ਤੱਕ ਸੀਮਿਤ ਹੋ ਗਈ ਸੀ। ਇਹ ਨਿਰਵਾਣ ਮਨੁੱਖੀ ਦੁੱਖਾਂ ਤੋਂ ਛੁਟਕਾਰਾ ਪਾਉਣ ਦਾ ਕੋਈ ਸਾਧਨ ਨਹੀਂ ਸੀ, ਬਲਕਿ ਇਸ ਵਿੱਚ ਕਿਸੇ ਕਾਲਪਨਿਕ ਦੁੱਖਾਂ ਦੀ ਅਜਿਹੀ ਦੁਰਗਮ ਜਟਿਲਤਾ ਸੀ, ਜੋ ਮੌਤ ਵਿੱਚ ਹੀ ਨਿਰਵਾਣ ਦੀ ਸਿੱਧੀ ਮੰਨਦੀ ਹੈ।

ਧਿਆਨ ਦੇਣ ਦੀ ਗੱਲ ਹੈ ਕਿ ਬੋਧਮਤ ਦੇ ਜਿਆਦਾਤਰ ਵੱਕਾਰੀ ਵਿਦਵਾਨ, ਜਿਵੇਂ ਕਿ ਅਸ਼ਵਘੋਸ਼, ਨਾਗਾਰਜੁਨ, ਅਸੰਗ ਅਤੇ ਵਸੁਬੰਧੁ ਜਨਮ ਤੋਂ ਬ੍ਰਾਹਮਣ ਸਨ। ਗੁਪਤ ਕਾਲ ਦੇ ਬੋਧ ਆਲੇਖ ਇਸ ਸਰਾਪ ਨਾਲ ਖਤਮ ਹੁੰਦੇ ਹਨ ਕਿ ਦਾਨ ਦੇ ਨਿਯਮਾਂ ਦੀ ਉਲੰਘਣਾ ਕਰਨ ਵਾਲਾ ਵਿਅਕਤੀ ਬ੍ਰਾਹਮਣ ਹੱਤਿਆ ਦੇ ਅਪਰਾਧ ਦਾ ਭਾਗੀ ਬਣੇ। ਈ. ਸੰਨ ਦੀ ਪੰਜਵੀਂ ਸਦੀ ਵਿੱਚ ਆਨੰਦ ਵੰਸ਼ ਦੇ ਰਾਜੇ ਦਾਮੋਦਰਵਰਮਨ ਨੇ ਜੋ ਬੁੱਧ ਦੇ ਉਪਾਸ਼ਕ ਸਨ, ਪੁਰਾਣਾਂ ਦੁਆਰਾ ਸੋਲਾਂ ਅਖੌਤ ਮਹਾਦਾਨਾ ਸਾਮਿਲ 'ਗੋਸਹਸਰ ਐਵਮ ਹਿਰਣਯਗਰਭ' ਵਰਗੇ ਵਿਧੀ ਵਿਧਾਨਾਂ ਨੂੰ ਪੂਰਾ ਕਰਨ ਦਾ ਦਾਆਵਾ ਕੀਤਾ ਸੀ, ਜਿਸ ਵਿੱਚ ਉਨ੍ਹਾਂ ਨੇ ਬ੍ਰਾਹਮਣਾਂ ਨੂੰ ਉਦਾਰਤਾ ਨਾਲ ਭੂਮੀ ਦਾਨ ਕੀਤੀ ਸੀ।[79]

ਜਿਵੇਂ ਕਿ ਪਹਿਲਾਂ ਵਰਣਨ ਕੀਤਾ ਜਾ ਚੁੱਕਿਆ ਹੈ, ਬੋਧ ਧਰਮ ਪਾਲੀ ਸਮੁਦਾਇਆਂ ਵਿੱਚ ਪੂਰੀ ਤਰ੍ਹਾਂ ਨਾਲ ਨੈਤਿਕ ਸਿਧਾਂਤਾਂ ਤੇ ਅਧਾਰਤ ਹੈ। ਈਸ਼ਵਰਵਾਦ ਜਾਂ ਈਸ਼ਵਰਵਾਦੀ ਜੀਵਨ ਮਾਰਗ ਦੇ ਲਈ ਇੱਥੇ ਕੋਈ ਥਾਂ ਨਹੀਂ ਹੈ। ਦੂਸਰੇ ਸ਼ਬਦਾਂ ਵਿੱਚ ਬੁੱਧ ਨੇ ਮਨੁੱਖ ਦੇ ਭਾਗ ਤੇ ਰਾਜ ਕਰਨ ਵਾਲੇ ਈਸ਼ਵਰ ਦੇ ਬਾਰੇ ਕਦੇ ਵਿਚਾਰ ਹੀ ਨਹੀਂ ਦਿੱਤਾ ਸੀ। ਉਨ੍ਹਾਂ ਨੇ ਅਯਾਚਨਾ (ਯਾਚਨਾ ਨਾ ਕਰਨਾ) ਅਤੇ ਪ੍ਰਾਰਥਨਾ ਨੂੰ ਵੀ ਬ੍ਰਾਹਮਣਿਕ ਅਰਥ ਵਿੱਚ ਕਦੇ ਮਹੱਤਵ ਨਹੀਂ ਦਿੱਤਾ ਸੀ। ਉਨ੍ਹਾਂ ਦੇ ਅਨੁਸਾਰ ਮਨੁੱਖ ਦੀ ਮੁਕਤੀ ਪ੍ਰਾਰਥਨਾ ਅਤੇ ਪੂਜਾ ਨਾਲ ਨਹੀਂ, ਬਲਕਿ ਉਸਦੇ ਸੱਚੇ ਯਤਨ ਅਤੇ ਸੱਚੇ ਗਿਆਨ ਨਾਲ ਹੁੰਦੀ ਹੈ। ਬੁੱਧ ਨੇ ਭਾਗਵਾਦ ਨੂੰ ਕਦੇ ਸਵੀਕਾਰ ਨਹੀਂ ਕੀਤਾ ਸੀ। ਉਨ੍ਹਾਂ ਨੇ ਇਹ ਕਦੇ ਨਹੀਂ ਕਿਹਾ ਸੀ ਕਿ ਮਨੁੱਖ ਦਾ ਆਪਣੇ ਭਵਿੱਖ ਤੇ ਕੋਈ ਅਧਿਕਾਰ ਨਹੀਂ। ਬੁੱਧ ਦਾ ਮੰਨਣਾ ਸੀ ਕਿ ਉਹ ਆਪਣੇ ਭਵਿੱਖ ਦਾ ਨਿਰਣਾ ਕਰ ਸਕਦਾ ਹੈ। ਅਰਹੰਤ (ਬੋਧ ਪਰੋਹਤ) ਬਣ ਸਕਦਾ ਹੈ, ਨਿਰਵਾਣ ਪ੍ਰਾਪਤ ਕਰ ਸਕਦਾ ਹੈ।

ਪਰੰਤੂ ਤਿੰਨ ਜਾਂ ਚਾਰ ਸਦੀਆਂ ਦੇ ਬਾਅਦ ਬੋਧ ਧਰਮ ਦਾ ਵਿਕਾਸ ਇਸਤੋਂ ਇੱਕ ਦਮ ਉਲਟ ਦਿਸ਼ਾ ਵਿੱਚ ਹੋਇਆ ਹੈ। ਬਾਅਦ ਦੇ ਇਸ ਦੌਰ ਵਿੱਚ ਅਰਹੰਤ ਦੀ ਥਾਂ ਤੇ ਬੋਧੀਸਤਵ ਦਾ ਕੇਂਦਰੀ ਮਹੱਤਵ ਹੋ ਜਾਂਦਾ ਹੈ। ਉਹ ਪਰਜਾ ਨੂੰ ਸੁਖੀ ਰੱਖਣ, ਉਸਦੀ ਰੱਖਿਆ ਕਰਨ ਦੀ ਸਮਰੱਥਾ ਰੱਖਦਾ ਹੈ। ਸ਼ਰਤ ਹੈ ਉਸਦੇ ਪ੍ਰਤੀ ਅਥਾਹ ਸਰਧਾ। ਨਿੱਜੀ ਯਤਨਾਂ ਤੇ ਨਿਰਭਰ ਨਾ ਰਹਿ ਕੇ ਪੂਰਨ ਸਮਰਪਣ ਦੀ ਆਸ ਰੱਖੀ ਜਾਂਦੀ ਹੈ। ਇਸ ਵਿੱਚ ਆਮ ਵਿਅਕਤੀ ਨੂੰ ਇੱਕ ਸੁਰੱਖਿਆ ਕਵਚ ਦੇਣ ਦਾ ਸੰਕਲਪ ਹੈ। ਬੋਧੀਸਤਵ ਅਤੇ ਉਨ੍ਹਾਂ ਦੇ ਬੁੱਧ ਸਾਰੇ ਪ੍ਰਾਣੀਆਂ ਦੇ ਮੋਕਸ਼ ਦੀ ਜਿੰਮੇਵਾਰੀ ਸੰਭਾਲ ਲੈਂਦੇ

ਹਨ। ਮਹਾਯਾਨ ਬੁੱਧ ਧਰਮ ਨੇ ਮਾਨਵ ਬੁੱਧ ਸ਼ਾਕਯਮੁਨੀ ਨੂੰ ਇੱਕ ਅਜਿਹੇ ਅਮਰ ਅਤੇ ਸਰਬ ਸ਼ਕਤੀਮਾਨ ਦੇਵਤੇ ਦੇ ਰੂਪ ਵਿੱਚ ਬਦਲ ਦਿੱਤਾ ਜੋ ਜਗਤ ਤੇ ਰਾਜ ਕਰਦਾ ਹੈ ਅਤੇ ਆਪਣੇ ਭਗਤਾਂ ਨੂੰ ਵਰਦਾਨ ਦਿੰਦਾ ਹੈ। ਇਤਿਹਾਸਿਕ ਬੁੱਧ ਸਿਰਫ ਆਦਿ ਬੁੱਧ ਦੇ ਇੱਕ ਅੰਸ਼ ਮਾਤਰ ਹਨ ਜਿਨ੍ਹਾਂ ਨੂੰ ਉਹ ਧਰਮ ਦਾ ਪ੍ਰਚਾਰ ਕਰਨ ਤੇ ਸੰਸਾਰ ਨੂੰ ਦੁੱਖਾਂ ਅਤੇ ਬੁਰਾਈਆਂ ਤੋਂ ਮੁਕਤ ਕਰਨ ਲਈ ਭੇਜਦੇ ਹਨ। ਹੁਣ ਲੋਕ ਇਨ੍ਹਾਂ ਨੂੰ ਪ੍ਰਸੰਨ ਕਰਨ ਲਈ ਇਨ੍ਹਾਂ ਦਾ ਪੂਜਾ ਕਰਨ ਲੱਗੇ ਅਤੇ ਉਨ੍ਹਾਂ ਦੀ ਇਸ ਪ੍ਰਸੰਨਤਾ ਨਾਲ ਮੁਕਤੀ ਦੀ ਕਾਮਨਾ ਕੀਤੀ ਜਾਣ ਲੱਗੀ। ਇਸ ਪ੍ਰਕਾਰ ਸਧਰਮ ਪੁੰਡਰੀਕ, 'ਗੰਡਵਿਊਹ' ਅਤੇ 'ਮਹਾਯਾਨ ਸੂਤਰਾਂ' ਵਿੱਚ ਬੁੱਧ ਦੀ ਭਗਤੀ ਤੇ ਅਧਾਰਤ ਧਰਮ ਬਣ ਗਿਆ। ਮੁਕਤੀ ਹੁਣ ਭਗਤੀ ਅਤੇ ਭਾਵਨਾਮਈ ਪ੍ਰਾਰਥਨਾ ਤੇ ਅਧਾਰਤ ਹੋ ਗਈ। ਹੁਣ ਗੌਤਮ ਬੁੱਧ ਨੂੰ ਵਿਸ਼ਨੂੰ ਦੇ ਅਵਤਾਰਾਂ ਵਿੱਚ ਸ਼ਾਮਿਲ ਕੀਤਾ ਜਾ ਸਕਦਾ ਸੀ।

ਪੁਰਾਣਾਂ ਵਿੱਚ ਬੁੱਧ ਨੂੰ ਵਿਸ਼ਨੂੰ ਦਾ ਨੌਵਾਂ ਅਵਤਾਰ ਮੰਨਿਆ ਗਿਆ ਹੈ। ਜੈਦੇਵ ਦੀ 'ਗੀਤਗੋਵਿੰਦ' ਵਾਲੀ ਅਸ਼ਟਪਦੀ ਵਿੱਚ ਵਿਭਿੰਨ ਅਵਤਾਰਾਂ ਦਾ ਵਰਣਨ ਹੈ, ਇਸ ਵਿੱਚ ਬੁੱਧ ਨੂੰ ਵਿਸ਼ਨੂੰ ਦਾ ਅਵਤਾਰ ਕਿਹਾ ਗਿਆ ਹੈ ਅਤੇ ਇਸਦਾ ਕਾਰਨ ਇਹ ਦੱਸਿਆ ਗਿਆ ਹੈ ਕਿ 'ਸ਼ਰੁਤੀਆਂ' ਨੇ ਜੋ ਯੱਗ ਵਿਧੀ ਦੱਸੀ, ਉਸ ਵਿੱਚ ਪਸ਼ੂ ਦੀ ਹੱਤਿਆ ਕੀਤੀ ਜਾਂਦੀ ਸੀ, ਦਾਇਆਵਾਨ ਹਿਰਦੇ ਵਾਲੇ ! ਤੂੰ ਉਸਦੀ ਨਿੰਦਾ ਕੀਤੀ। ਕੇਸ਼ਵ ! ਜੋ ਹੁਣ ਤੁਸੀਂ ਬੁੱਧ ਦੇ ਰੂਪ ਵਿੱਚ ਅਵਤਾਰ ਲਿਆ, ਤੁਹਾਡੀ ਜੈ ਹੋਵੇ !"

ਆਰੰਭਕ ਪਾਲੀ ਬੋਧ ਗ੍ਰੰਥਾਂ ਵਿੱਚ ਇੰਦਰ ਅਤੇ ਬ੍ਰਹਮਾਂ ਨੂੰ ਬੁੱਧ ਦੇ ਉਪਦੇਸ਼ਾਂ ਨੂੰ ਸ਼ਰਧਾ ਪੂਰਵਕ ਸੁਣਨ ਵਾਲਿਆਂ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਮਹਾਯਾਨ (ਬੋਧ ਧਰਮ ਦੀ ਇੱਕ ਸ਼ਾਖਾ) ਨੇ ਆਪਣੇ ਦੇਵਕੁਲ ਵਿੱਚ ਕਿੰਨੇ ਸਾਰੇ ਨਵੇਂ ਦੇਵਤਿਆਂ ਨੂੰ ਜਿਨ੍ਹਾਂ ਵਿੱਚ ਗਣੇਸ਼, ਸ਼ਿਵ ਅਤੇ ਵਿਸ਼ਨੂੰ ਵੀ ਹਨ, ਸਾਮਿਲ ਕਰ ਲਿਆ ਪਰ ਇਹ ਸਾਰੇ ਦੇਵਤੇ ਬੁੱਧ ਦੇ ਅਧੀਨ ਸਨ। ਇਸ ਸਮੂਹ ਵਿੱਚ ਕੁਝ ਵਿਸ਼ੇਸ਼ ਦੇਵੀਆਂ ਵੀ ਸ਼ਾਮਿਲ ਕਰ ਲਈਆਂ, ਉਦਾਹਰਨ ਦੇ ਲਈ ਸੁੰਦਰੀ ਤਾਰਾ ਅਤੇ ਮਾਤਰਦੇਵੀ ਹਰੀਤੀ ਜੋ ਮੂਲ ਰੂਪ ਨਾਲ ਬਾਲਾਂ ਨੂੰ ਖਾਣ ਵਾਲੀ ਰਾਖਸ਼ਣੀ ਦੱਸੀ ਗਈ ਹੈ। ਧਰਮਗ੍ਰੰਥਾਂ ਵਿੱਚ ਸੱਪਾਂ ਅਤੇ ਰਾਖਸ਼ਾਂ ਦੇ ਡਰ ਨੂੰ ਦੂਰ ਕਰਨ ਦੇ ਲਈ ਜਪੇ ਜਾਣ ਵਾਲੇ ਮੰਤਰ-ਤੰਤਰ ਦਾ ਵੀ ਪ੍ਰਵੇਸ਼ ਹੋ ਗਿਆ। ਨਾਲ ਹੀ ਨਾਥ ਰਾਖਸ ਅਨੇਕਾਂ ਵਿਹਾਰਾਂ (ਬੋਧ ਮੱਠ) ਦਾ ਸਨਮਾਨਿਤ ਸਰਪ੍ਰਸਤ ਸੀ। ਸਪਸ਼ਟ ਰੂਪ ਨਾਲ ਬੁੱਧ ਇਨ੍ਹਾਂ ਸਭ ਨਾਲੋਂ ਉੱਪਰ ਸਨ। 'ਆਪਣੇ ਦੁਰਗਮ ਤੇ ਬੇਜੋੜ ਸਵਰਗ ਵਿੱਚ ਵਿਰਾਜਮਾਨ ਇੱਕ ਪ੍ਰਕਾਰ ਦੇ ਪਰਮੇਸ਼ਵਰ। ਪ੍ਰੰਤੂ ਪੂਰਵ ਜਨਮਾਂ ਦੇ ਬੁੱਧਾਂ ਦੀ ਗਿਣਤੀ ਸੀਮਾ ਤੋਂ ਪਰੇ ਪਹੁੰਚਾ ਦਿੱਤੀ ਗਈ ਅਤੇ ਇਨ੍ਹਾਂ ਵਿੱਚ ਇੱਕ ਮਸੀਹ ਬੁੱਧ ਮੈਤੇਰਯ ਨੂੰ ਵੀ ਸ਼ਾਮਲ ਕਰ ਦਿੱਤਾ ਗਿਆ। ਅਨੇਕਾਂ ਪ੍ਰਸਿੱਧ ਕਥਾਵਾਂ ਨੂੰ, ਜਿਉਂ ਦੀ ਤਿਉਂ ਬੁੱਧ ਦੇ ਪੂਰਵ ਜਨਮਾਂ ਦੀਆਂ ਕਥਾਵਾਂ (ਜਾਤਕ) ਨਾਲ ਜੋੜ ਦਿੱਤਾ ਗਿਆ। ਇਨ੍ਹਾਂ ਪੂਰਵ ਜਨਮਾਂ ਵਿੱਚ ਉਨ੍ਹਾਂ ਨੇ ਬੁੱਧਤਵ ਦੇ ਲਈ ਆਪਣੇ ਆਪ ਨੂੰ ਕ੍ਰਮ ਅਨੁਸਾਰ ਪਵਿੱਤਰ ਕੀਤਾ ਸੀ।

ਈਸਾ ਦੀਆਂ ਪ੍ਰਾਰੰਭਕ ਸਦੀਆਂ ਵਿੱਚ ਬੁੱਧ ਨੂੰ ਵਿਭਿੰਨ ਚਮਤਕਾਰੀ ਕਾਰਜਾਂ ਦਾ ਸਿਹਰਾ ਦੇਣ ਲਈ, ਬੋਧਾਂ ਨੇ ਮਹਾਯਾਨ ਸੰਪਰਦਾਇ ਦੇ 'ਅਵਦਾਨ ਸਾਹਿਤ' ਦੇ ਵੱਡੇ ਸਮੂਹ ਦਾ ਨਿਰਮਾਣ ਕੀਤਾ।

ਪ੍ਰਤੱਖ ਰੂਪ ਨਾਲ ਹੋਰ ਧਾਰਮਿਕ ਨੇਮਾਂ ਦੇ ਉੱਪਰ ਬੁੱਧ ਦੀ ਸ੍ਰੇਸ਼ਟਤਾ ਸਿੱਧ ਕਰਨ ਲਈ ਇਹ ਸਭ ਕੁੱਝ ਕੀਤਾ ਗਿਆ ਸੀ। ਬੋਧ ਧਰਮ ਵਿੱਚ ਪਰਿਵਰਤਨ ਦੇ ਲਈ ਵੀ ਇਸ ਸਾਹਿਤ ਦੀ ਰਚਨਾ

ਕੀਤੀ ਗਈ। ਇਸ ਨਾਲ ਬੁੱਧ ਦੀ ਪੂਜਾ ਨੂੰ ਉਤਸ਼ਾਹ ਮਿਲਿਆ, ਭਾਵੇਂ ਇਹ ਬੁੱਧ ਦੀ ਇੱਛਾ ਦੇ ਖ਼ਿਲਾਫ਼ ਸੀ। ਬੁੱਧ ਦੀਆਂ ਸਭ ਤੋਂ ਪੁਰਾਣੀਆਂ ਮੂਰਤੀਆਂ ਵਿੱਚੋਂ ਇੱਕ ਮਥੁਰਾ ਵਿੱਚ ਮਿਲੀ ਹੈ। ਸੰਭਵ ਹੈ ਕਿ ਇਹ ਪਹਿਲੀ ਸਦੀ ਈ. ਪੂ. ਦੀ ਹੈ। ਬੁੱਧ ਨੂੰ ਇੱਕ ਵਿਸ਼ੇਸ਼ ਦੇਵਤੇ ਦੇ ਰੂਪ ਵਿੱਚ ਪੇਸ਼ ਕਰ ਦਿੱਤਾ ਗਿਆ ਅਤੇ ਇਨ੍ਹਾਂ ਦੇ ਅਨੁਯਾਈ ਦੁੱਖ ਤੋਂ ਮੁਕਤੀ ਪਾਉਣ ਲਈ ਉਨ੍ਹਾਂ ਨੂੰ ਪ੍ਰਾਰਥਨਾ ਕਰਨ ਲੱਗੇ। ਇਸ ਗੱਲ ਤੇ ਵੀ ਜੋਰ ਦਿੱਤਾ ਗਿਆ ਕਿ ਗੌਤਮ ਬੁੱਧ ਦਾ ਜਨਮ ਸਿਰਫ ਖੱਤਰੀ ਅਤੇ ਬ੍ਰਾਹਮਣ ਪਰਿਵਾਰ ਵਿੱਚ ਹੀ ਹੋ ਸਕਦਾ ਹੈ, ਜਿਸ ਨਾਲ ਸ਼ਪਸ਼ਟ ਹੈ ਕਿ ਦੋਵੇਂ ਹੇਠਲੇ ਵਰਗਾਂ ਦੀ ਬਜਾਏ ਦੋਵੇਂ ਉੱਚ ਵਰਣਾਂ ਨੂੰ ਜਿਆਦਾ ਮਹੱਤਵ ਮਿਲਿਆ। ਮੋਰੀਆ ਕਾਲ ਤੋਂ ਬਾਅਦ ਹੁਣ ਬੋਧ ਧਰਮ ਹੌਲੀ ਹੌਲੀ ਬ੍ਰਾਹਮਣਵਾਦੀ ਸਮਾਜਿਕ ਵਿਵਸਥਾ ਦੀ ਰਾਹ ਤੇ ਤੁਰ ਰਿਹਾ ਸੀ। ਮੌਰਿਆ ਕਾਲ ਅਤੇ ਉਸਤੋਂ ਬਾਅਦ ਇਹ ਵਿਕਾਸ ਪਹਿਲੇ ਦੋਵੇਂ ਵਰਣਾਂ ਦੀ ਸਯੁੰਕਤ ਸਰਬਉੱਚਤਾ ਨੂੰ ਦਰਸਾਉਂਦਾ ਹੈ।

ਧਿਆਨ ਦੇਣ ਵਾਲੀ ਗੱਲ ਹੈ ਕਿ ਮਹਾਯਾਨ ਬੋਧ ਧਰਮ ਦਾ ਉਦੇ ਸਾਤਵਾਹਨ ਸਾਮਰਾਜ ਵਿੱਚ (ਸਾਫ਼ ਤੌਰ ਤੇ ਆਂਧਰ ਪ੍ਰਦੇਸ਼ ਵਿੱਚ) ਪਹਿਲੀ ਸਦੀ ਇ. ਪੂਰਵ ਜਾਂ ਪਹਿਲੀ ਸਦੀ ਈ. ਵਿੱਚ ਹੋਇਆ ਹੈ। ਮਹਾਯਾਨ ਬੋਧ ਧਰਮ ਦਾ ਇਹ ਵਿਕਾਸ ਇੱਕ ਤਰ੍ਹਾਂ ਨਾਲ ਸਮਾਜ-ਆਰਥਿਕ ਸਥਿਤੀਆਂ ਦੇ ਸਾਮੰਤਵਾਦ ਵੱਲ ਰੂਪਾਂਤ੍ਰਨ ਨੂੰ ਦਰਸਾਉਂਦਾ ਹੋਇਆ ਇੱਕ ਨਵੇਂ ਪ੍ਰਕਾਰ ਦੇ ਸਮਾਜ ਦੀ ਵਿਚਾਰਧਾਰਾ ਨਾਲ ਸੰਬੰਧਿਤ ਹੈ, ਜਿਸਦਾ ਵਿਕਾਸ ਲਗਭਗ ਈਸਾ ਦੀਆਂ ਪਹਿਲੀਆਂ ਸਦੀਆਂ ਵਿੱਚ ਹੋਇਆ ਹੈ। ਗੌਰ ਕਰਨ ਵਾਲੀ ਗੱਲ ਹੈ ਕਿ ਬੋਧਾਂ ਦੇ ਇਸ ਸਾਮੰਤੀ ਸੰਸਕਰਣ ਦੀ ਤੁਲਨਾ ਵਿੱਚ ਬ੍ਰਾਹਮਣਿਕ ਸਾਮੰਤੀ ਵਿਚਾਰਧਾਰਾ ਦਾ ਮਹੱਤਵ ਵਧਦਾ ਗਿਆ ਹੈ, ਕਿਉਂਕਿ ਛੇਵੀਂ ਸਦੀ ਦੇ ਬਾਅਦ, ਸਾਮੰਤੀ ਸੱਤਾਵਾਂ ਦੇ ਖੇਤੀ ਵਿਸਥਾਰ ਦੇ ਲਈ ਬ੍ਰਾਹਮਣਾਂ ਦੀ ਭੂਮਿਕਾ ਜਿਆਦਾ ਲਾਭਕਾਰੀ ਸਿੱਧ ਹੋਣ ਲੱਗੀ ਸੀ। ਬੋਧਾਂ ਦੀਆਂ ਗਤੀਵਿਧੀਆਂ ਦੇ ਕੇਂਦਰ ਮੁੱਖ ਰੂਪ ਨਾਲ ਨਗਰ ਸਨ ਅਤੇ ਉਹ ਵਪਾਰਕ ਲੋਕਾਂ ਵਿੱਚ ਜਿਆਦਾ ਪ੍ਰਸਿੱਧ ਸਨ। ਨਗਰਾਂ ਦੇ ਉੱਜੜ ਜਾਣ ਤੋਂ ਬਾਅਦ ਬੋਧਾਂ ਦਾ ਆਰਥਿਕ ਆਧਾਰ ਖਿਸਕਣ ਲੱਗਾ ਸੀ। ਸਾਮੰਤੀ ਰਾਜ ਦੇ ਆਸਰੇ ਬ੍ਰਾਹਮਣ ਹੌਲ ਹੌਲੀ ਆਪਣਾ ਪ੍ਰਭਾਵ ਵਧਾਉਂਦੇ ਗਏ ਸਨ। ਇਸਦਾ ਨਤੀਜਾ ਇਹ ਹੋਇਆ ਕਿ ਅਖੀਰ ਬੋਧੀ ਭਾਰਤ ਦੀ ਧਰਤੀ ਤੋਂ ਬੇਦਖ਼ਲ ਹੁੰਦੇ ਗਏ ਹਨ।

**ਸੰਦਰਭ :**


1. ਮਹਾਵੱਗ 1.21
2. ਮਝਿੱਮ ਨਿਕਾਯ 1.2
3. ਸਯੁਕਤ ਨਿਕਾਯ (ਨਿਦਾਏ-ਸਯੁਕਤਾ, ਵਿਸੁੱਧੀ ਮੱਗ 17-2 ਵਿੱਚ ਉਦਾਹਰਨ
4. ਮਝਿੱਮ ਨਿਕਾਯ 1.1.9
5. ਮਹਾਧਰਿਨਿ-ਬਾਣ ਸੁੱਤ (ਦੀਘ ਨਿਕਾਯ 2.3)
6. ਮਝਿੱਮ ਨਿਕਾਯ 1.1.9
7. ਦੀਘ ਨਿਕਾਯ 2.9
8. ਉਹੀ
9. ਜੀ. ਪੀ. ਮੱਲਸ਼ੇਖਰ, ਡਿਕਸ਼ਨਰੀ ਆਫ ਪ੍ਰਾਪਰ ਨੇਮਜ, ਲੰਦਨ, 1937-38. ਪੰਨ. 969
10. ਉਹੀ

11. ਐਫ. ਏਂਗੇਲਸ, ਦੀ ਆਰੀਜਨ ਆੱਫ ਦੀ ਫੈਮਿਲੀ, ਪ੍ਰਾਈਵੇਟ ਪ੍ਰਾਪਰਟੀ ਐਂਡ ਸਟੇਟ, ਮਾਸਕੋ, 1952, ਪੰਨ. 268
12. ਐਚ. ਐਲਡਨਬਰਗ, ਬੁੱਧ-ਹਿਜ਼ ਲਾਈਫ਼ ਹਿਜ਼ ਟੀਚਿੰਗਜ, ਹਿਜ ਆਰਡਰ, ਕੋਲਕਾਤਾ, 1927 , ਪੰ. 64
13. ਦੇਵੀਪ੍ਰਸਾਦ ਚੱਟੋਪਾਧਿਆਏ, ਲੋਕਾਇਤ, ਪੂਰਵੇਦਧਰਤ, ਪੰ. 378
14. ਡੀ. ਡੀ. ਕੋਸੰਭੀ, ਐਨ ਇੰਟਰੋਡਕਸਨ ਟੂ ਦੀ ਸਟਡੀਆਫ ਇੰਡੀਅਨ ਹਿਸਟਰੀ, ਮੁੰਬਈ, 1956, ਪੰ. 62
15. ਐਸ. ਸੀ. ਬੈਨਰਜੀ, ਧਰਮਸ਼ਾਸਤਰ, ਏ ਸਟੱਡੀ ਇਨ ਦੇਅਰ ਔਰਿਜਨ ਐਂਡ ਡਿਵੈਲਪਮੈਂਟ, ਕੋਲਕੱਤਾ 1962, ਪੰ. 158,162
16. ਅੰਗੁਤੱਰ ਨਿਕਾਯ, 1.26
17. ਮਹਾਵੱਗ, ਪੰ. 15-20
18. ਰਾਮਸ਼ਰਣ ਸ਼ਰਮਾ, ਪ੍ਰਾਚੀਨ ਭਾਰਤ ਮੇਂ ਭੌਤਿਕ ਪ੍ਰਗਤੀ ਐਵਮ ਸਮਾਜਿਕ ਸੰਰਚਨਾਂਏ (ਅਨੁਵਾਦਿਤ) ਦਿੱਲੀ, 1992, ਪੰ. 179
19. ਏਂਗਲਸ, ਡਾਇਲੇਕਟਿਸ ਆੱਫ ਨੇਚਰ, ਮਾਸਕੋ 1964, ਪੰ.31
20. ਵ੍ਰਿਹਣਾਰਣਯਕ ਉਪਨਿਸ਼ਦ (1) 4.1
21. ਮਤਚੇਵਾਰਤਸਕੀ, ਵਰਦਰ ਪੇਪਰਜ਼ ਆਫ਼ ਸਤਚੇਵਾਰਤਸਕੀ, ਕਲੋਕਾਤਾ, ਪੰ. 26
22. ਡਾ. ਸੇਵਾ ਸਿੰਘ, ਮਾਇਆ ਔਰ ਮਾਇਆਵਾਦ, ਪ੍ਰਤਿਭਾ ਪ੍ਰਕਾਸ਼ਨ, ਹੁਸ਼ਿਆਰਪੁਰ, 1984
23. ਮਨੁ. 1.87-91
24. ਟੀ. ਡਬਲਿਊ, ਡੇਵਿਡਜ, ਡਾਇਲਾਗਜ ਆਫ਼ ਬੁੱਧਾ, ਲੰਦਨ 1899,ਪੰ. 47-48
25. ਦੀਘ ਨਿਕਾਯ, 1, ਪੰ.86
26. ਉਹੀ 111, ਪੰ. 72-73
27. ਅੰਗੁਤੱਰ ਨਿਕਾਯ, 11, ਪੰ. 89
28. ਮਝਿੱਮ ਨਿਕਾਯ, III, ਪੰ. 281,87
29. ਸੁੱਤ ਨਿਪਾਤ, ਖੁਦੱਕ ਨਿਕਾਯ I, ਪੰ. 334
30. ਮਝਿੱਮ ਨਿਕਾਯ III, ਪੰ. 248
31. ਜਾਤਕ III, ਪੰ, 1894
32. ਦੀਘ ਨਿਕਾਯ I, ਪੰ. 226-30
33. ਜਾਤਕ 5, ਪੰ. 200
34. ਵਿਨਏਪਿਟਕ III, 184.5
35. ਦੀਘ ਨਿਕਾਯ III ਪੰ. 101
36. ਜਾਤਕ 1, ਪੰ. 451
37. ਐਲ. ਐਚ. ਮਾਰਗਨ ਏਸ਼ਿਅੰਟ ਸੋਸਾਇਟੀ, ਕੋਲਕਾਤਾ, ਪੰ. 84
38. ਐਫ. ਏਂਗੇਲਸ, ਉਪਰੋਕਤ, ਪੰਨ. 163
39. ਡਾ. ਸੇਵਾ ਸਿੰਘ, ਮਾਇਆ ਔਰ ਮਾਇਆਵਾਦ, ਹੁਸ਼ਿਆਰਪੁਰ, 1984, ਪੰ.20
40. ਚੰਦਰਕੀਰਤੀ, ਪ੍ਰਸੰਨ ਪਦਾ, ਡਾ. ਬਲਦੇਵ ਉਪਾਧਿਆਏ, ਭਾਰਤੀਯ ਦਰਸ਼ਨ, ਪੰ. 563
41. ਵਿਗ੍ਰਹਿਵਿਆਵਰਤੱਨੀ, 22
42. ਉਹੀ, 72
43. ਸਤਚੇਵਾਰਤਸਕੀ, ਦਾ ਕਨਸੇਪਸ਼ਨ ਆੱਫ ਨਿਰਮਾਣ, ਵਾਰਾਣਸੀ, ਪੰ. 69
44. ਡਾ. ਆਚਾਰੀਆ ਨਰੈਂਦਰਦੇਵ, ਬੋਧ ਧਰਮ ਦਰਸ਼ਨ, ਪੰ. 495


45. ਵਿਗ੍ਰਹਿਵਿਆਵਰਤਨੀ, 22
46. ਮਾਧਏਮਿਕ ਕਾਰਿਕਾ, 62
47. ਉਹੀ, 58-59
48.ਉਹੀ 4
49. ਐਸ. ਐਨ. ਦਾਸਗੁਪਤ, ਏ ਹਿਸਟਰੀ ਆੱਫ ਇੰਡੀਅਨ ਫਿਲਾਸਫੀ, ਪੂਰਵੋਦਰਿਤ, ਪੰ. 150
50. ਮਾਧਏਮਿਕ ਕਾਰਿਕਾ, 21-3
51. ਉਹੀ 21-9
52. ਸੁਰੇਂਦਰਨਾਥ ਦਾਸ ਗੁਪਤ, ਇੰਡੀਅਨ ਆਇਡਿਯਲਿਜ਼ਮ, ਪੰ. 113
53. ਵਿਗਏਪਿਤਮਾਤਰਤਾ ਸਿੱਧੀ, ਸਥਿਰਮਤੀ, ਭਾਸ਼ਯ, ਚੌਖੰਭਾ 1967, ਪੰ. 28
54. ਆਚਾਰੀਆ ਚੰਦਰਧਰ ਸ਼ਰਮਾ, ਏ ਕਰਿਟੀਕਲ ਸਰਵੇ ਆਫ਼ ਇੰਡੀਅਨ ਫਿਲਾਸਫੀ, ਪੰ. 122
55. ਪ੍ਰਮਾਣਵਾਰਤਿਕ 3.336
56. ਬਦਲੇਵ ਉਪਾਧਿਆਏ, ਬੋਧ ਦਰਸ਼ਨ, ਮੀਮਾਂਸਾ, ਵਾਰਾਣਸੀ, 1978, ਪੰ.88
57. ਲਲਿਤ ਵਿਸਤਾਰ, ਪੰ.37
58. ਉਹੀ, ਪੰ. 25-28
59. ਪੰ. 45-46
60. ਉਹੀ
61. ਉਹੀ, ਪੰ. 126
62. ਉਹੀ, ਪੰ. 192
63. ਉਹੀ, ਪੰ. 398
64. ਉਹੀ, ਪੰ. 491
65. ਸੌਦੰਰਾਨੰਦ, 2.48
66. ਉਹੀ, 2.50
67. ਬੁੱਧ ਚਰੀਆ 1.11
68. ਉਹੀ, ਪੰ. 1.15
69. ਉਹੀ, 5.20
70. ਉਹੀ, 19.12-13
71. ਸਧੱਰਮਪੁੰਡਰੀਕ, ਪੰ. 128
72. ਉਹੀ, ਪੰ. 68
73. ਲੰਕਾਵਤਾਰ ਸੂਤਰ, ਪੰ. 128
74. ਸਾਧਨਮਾਲਾ, ਪੰ. 74
75. ਉਹੀ,
76. ਲੰਕਾਵਤਾਰ ਸੂਤਰ, ਪੰ. 87-88
77. ਸਾਧਨ ਮਾਲਾ, ਪੰ. 76
78. ਉਹੀ
79. ਦੀਘ ਨਿਕਾਯ, ਪੰ. 224-25 ਉਹੀ, ਪੰ. 141

(**ਸੰਪਰਕ ਅਨੁਵਾਦਕ- 75088-21500**)

**ਸਮੀਖਿਆ:**

# ਰਿਸ਼ਤਿਆਂ ਦੀ 'ਸਾਇਕੀ' ਸਮਝਾਉਂਦੀ : ਲੂਣਦਾਨੀ

**ਡਾ. ਜਸਵਿੰਦਰ ਕੌਰ ਬਿੰਦਰਾ**




ਕਹਾਣੀ ਖੇਤਰ ਵਿੱਚ ਆਪਣੀ ਪੈਠ ਰੱਖਣ ਵਾਲਾ ਹਰਪ੍ਰੀਤ ਸੇਖਾ ਆਪਣੇ ਨਵੀਨ ਕਹਾਣੀ-ਸੰਗ੍ਰਹਿ **'ਲੂਣਦਾਨੀ'** (**ਪ੍ਰਕਾਸ਼ਕ: ਨਵਯੁਗ ਪਬਲਿਸ਼ਰਜ਼ ਨਵੀਂ ਦਿੱਲੀ, ਸਾਲ :** 2023, **ਮੁੱਲ :** 250 **ਰੁਪਏ, ਪੰਨੇ:** 127) ਨਾਲ ਇਕ ਵਾਰ ਫਿਰ ਪਾਠਕਾਂ ਸਾਹਵੇਂ ਹੈ। ਆਪਣੀਆਂ ਕਹਾਣੀਆਂ ਰਾਹੀਂ ਉਸ ਨੇ ਪ੍ਰਵਾਸੀ ਕਥਾਕਾਰ ਵਜੋਂ ਆਪਣੀ ਪਛਾਣ ਸਥਾਪਿਤ ਕੀਤੀ ਹੈ। ਇਸ ਦਾ ਕਾਰਣ, ਲੰਮੇ ਅਰਸੇ ਤੋਂ ਕਨੇਡਾ ਦਾ ਵਾਸੀ ਹੋਣਾ ਹੈ। ਉਹ ਆਪਣੀਆਂ ਕਹਾਣੀਆਂ ਦੇ ਵਿਸ਼ਿਆਂ ਦੀ ਚੋਣ ਆਪਣੇ ਆਸ-ਪਾਸ ਵੱਸਦੇ ਦੇਸੀ ਬੰਦਿਆਂ ਵਿਚੋਂ ਕਰਦਾ ਹੈ। ਇਸ ਵਾਰ ਵੀ ਕਹਾਣੀਆਂ ਦੇ ਕੇਂਦਰ ਵਿੱਚ ਉਹੀ ਪੰਜਾਬੀ ਹਨ, ਜੋ ਹਮੇਸ਼ਾ ਲਈ ਉਥੇ ਵਸੱਣ ਦਾ ਸੁਫ਼ਨਾ ਦੇਖ-ਦੇਖ ਕੇ ਹੀ ਜੀ ਰਹੇ ਹਨ। ਉਹ ਸਾਰੇ ਉਥੇ ਵਸਣਾ ਚਾਹੁੰਦੇ ਹੋਏ ਵੀ, ਆਪਣੇ ਅੰਦਰ ਦੇ ਦੇਸੀਪੁਣੇ ਤੋਂ ਬਾਹਰ ਨਹੀਂ ਨਿਕਲਦੇ, ਸਗੋਂ ਬਾਹਰ ਨਿਕਲਣਾ ਹੀ ਨਹੀਂ ਚਾਹੁੰਦੇ। ਯੋਰਪੀ ਦੇਸ਼ਾਂ ਤੇ ਅਮਰੀਕਾ ਜਿਹੇ ਦੇਸ਼ਾਂ ਦੇ ਖੁਲ੍ਹੇ-ਡੁੱਲ੍ਹੇ ਵਾਤਾਵਰਣ ਤੇ ਸੁਭਾ ਨੂੰ ਉਹ ਨਹੀਂ ਅਪਨਾਉਂਦੇ, ਉਨ੍ਹਾਂ ਵਾਂਗ ਹਰ ਰਿਸ਼ਤੇ ਦਾ ਸਨਮਾਨ ਕਰਨਾ, ਉਸ ਨੂੰ 'ਸਪੇਸ' ਦੇਣ ਜਿਹੀ ਗੱਲ ਤੋਂ ਕੋਹਾਂ ਦੂਰ ਰਹਿੰਦੇ ਹਨ। ਇਸੇ ਮਾਹੌਲ ਤੇ ਸੋਚ ਕਾਰਣ ਉਥੇ ਰਹਿ ਰਹੇ ਪਰਿਵਾਰਾਂ ਵਿਚਲੇ ਰਿਸ਼ਤਿਆਂ ਵਿੱਚ ਤਣਾਓ ਵੱਧਣ ਲੱਗਾ ਹੈ।

**'ਉਹ ਰਾਤ'** ਵਿਚਲੀ ਮੈਂ ਪਾਤਰ ਨਵ-ਵਿਆਹੀ ਹੀ ਪੜ੍ਹਾਈ ਵੀਜ਼ੇ ਉਤੇ ਕਨੇਡਾ ਆ ਗਈ। ਸਾਢੇ ਤਿੰਨ ਸਾਲਾਂ ਬਾਅਦ ਪਤੀ ਅਮਨ ਦਾ ਪੱਕਾ ਵੀਜ਼ਾ ਲੱਗਾ। ਇਸ ਦੌਰਾਨ ਇੱਥੇ ਪੈਸਿਆਂ ਦੀ ਤੰਗੀ ਕਾਰਣ ਤੰਗ ਜਿਹੇ ਬੈਸਮੈਂਟਾਂ ਵਿੱਚ ਰਹਿੰਦਿਆਂ, ਵੇਲੇ-ਕੁਵੇਲੇ ਕੰਮ ਦੀਆਂ ਥਾਵਾਂ ਉਤੇ ਹੱਡ-ਭੰਨ ਕਰਦੀ ਤੇ ਮਰਦਾਂ ਦੀਆਂ ਭੈੜੀਆਂ ਨਜ਼ਰਾਂ ਤੋਂ ਹਰ ਵੇਲੇ ਬਚਾਉਂਦੀ, ਮੈਂ ਪਾਤਰ ਲਈ ਖੁਸ਼ੀ ਤੇ ਰਾਹਤ ਦੇ ਪਲ ਉਹੀ ਹੁੰਦੇ, ਜਦੋਂ ਉਹ ਰਾਤ ਵੇਲੇ ਆਪਣੇ ਵਿਆਹ ਦੀਆਂ ਪਹਿਲੀਆਂ ਰਾਤਾਂ ਨੂੰ ਯਾਦ ਕਰਦੀ। ਚਾਨਣੀ ਰਾਤ ਵਿੱਚ ਕਿਸੇ ਪਾਰਕ ਵਿੱਚ ਪਤੀ ਦੇ ਗਲੇ ਵਿੱਚ ਬਾਹਾਂ ਪਾਏ, ਪਿਆਰ ਵਿੱਚ ਗੁਆਚੀ ਹੋਈ। ਅਮਨ ਦੇ ਕਨੇਡਾ ਆ ਜਾਣ ਨਾਲ ਅੱਜ ਆਪਣੀ ਇਸ ਮੁਰਾਦ ਨੂੰ ਪੂਰਾ ਕਰਨ ਲਈ ਜਦੋਂ ਉਹ ਅਮਨ ਨੂੰ ਉਸ ਸੁਹਣੇ ਪਾਰਕ ਵਿੱਚ ਇਕਲਵਾਂਝੇ ਵੱਲ ਲੈ ਗਈ। ਉਦੋਂ ਪਿਆਰ ਦੇ ਬੋਲਾਂ ਨੂੰ ਉਡੀਕਦੀ ਨੇ ਸੁਣਿਆ, 'ਤੂੰ ਪਹਿਲਾ ਵੀ ਇੱਥੇ ਕਿਸੇ ਹੋਰ ਨਾਲ ਆਈ ਸੀ?' ਦੇਸੀ ਬੰਦੇ ਅੰਦਰੋਂ ਸ਼ੱਕ ਦਾ ਬੀਅ ਤੇ ਮਰਦਾਓਪੁਣਾ ਨਹੀਂ ਜਾ ਸਕਦਾ। ਉਸ ਲਈ ਕੁਦਰਤ ਦੀ ਖੂਬਸੂਰਤੀ, ਉਸ ਰਾਤ ਦੇ ਸੁਹਪੱਣ ਤੇ ਪਿਆਰ ਭਰੇ ਪਲਾਂ ਦੀ ਕੋਈ ਅਹਿਮੀਅਤ ਨਹੀਂ। ਕਨੇਡਾ ਉਹ ਡਾਲਰ ਕਮਾਉਣ ਆਇਆ

ਸੀ, ਇਹੋ ਜਿਹੇ ਚੋਂਚਲੇ ਕਰਨ ਥੋੜੇ! ਇਸ ਇਕ ਵਾਕ ਨੇ ਹੀ ਪਤੀ ਦੀ ਮਨੋਸਥਿਤੀ ਨੂੰ ਸਪਸ਼ਟ ਕਰ ਦਿੱਤਾ। ਉਦੋਂ ਲੱਗਾ, ਉਹ ਪਤਨੀ ਕਿਵੇਂ ਜੀਵੇਂਗੀ, ਜਿਸ ਦਾ ਉਹ ਸੁਫ਼ਨਾ ਤਾਂ ਚਕਨਾਚੂਰ ਹੋ ਹੀ ਗਿਆ ਸੀ, ਸ਼ੱਕ ਦੇ ਕੀੜੇ ਨੇ ਹੁਣ ਉਸ ਨੂੰ ਡੱਸਦੇ ਹੀ ਰਹਿਣਾ ਸੀ।

ਰਮਣੀਕ ਲਈ ਆਪਣੇ ਦਾਦਾਜੀ ਪ੍ਰਤੀ ਪਿਆਰ ਤੇ ਮੋਹ ਦੀ ਕੋਈ ਕਮੀ ਨਹੀਂ ਸੀ। ਬਸ, ਉਨ੍ਹਾਂ ਦਾ ਲੰਮੇ ਅਰਸੇ ਤੋਂ ਹਸਪਤਾਲ 'ਕੋਮਾ' ਵਿੱਚ ਪਿਆ ਹੋਣਾ ਉਸ ਲਈ ਤਕਲੀਫ਼ਦੇਹ ਸੀ। ਉਹ ਹਸਪਤਾਲ ਵਿੱਚ ਨਿਰਜਿੰਦ ਪਏ 'ਬਾਪੂ' ਨਾਲ ਲਾਡ ਕਰਦੀ, ਉਸ ਦੀ ਬਗੀਚੀ ਦੀ ਸੰਭਾਲ ਦੀਆਂ ਗੱਲਾਂ ਕਰ, ਦਾਦਾ-ਪੋਤੀ ਦੇ ਰਿਸ਼ਤੇ ਦੀ ਮਿਠਾਸ ਨੂੰ ਕਾਇਮ ਰੱਖਦੀ। ਸੋਚਦੀ, ਉਸ ਦੇ ਡੈਡੀ ਬਾਪੂ ਨਾਲ ਮੋਹ-ਜਾਲ ਕਾਰਣ ਹੀ ਉਸ ਦਾ ਲਾਈਫ ਸਪੋਰਟਿੰਗ ਸਿਸਟਮ ਨਹੀਂ ਹਟਾ ਰਹੇ। ਪਰ ਬਾਦ ਵਿੱਚ ਉਸ ਨੂੰ ਪਤਾ ਲੱਗਾ ਕਿ ਬਾਪੂ ਦੀ ਬਿਮਾਰੀ ਦੇ ਬਹਾਨੇ ਡੈਡੀ ਨੇ ਉਸ ਦੀਆਂ ਦੋਵਾਂ ਭੂਆਂ ਤੇ ਇਕ ਭਤੀਜੇ ਨੂੰ ਸੈਟ ਕਰ ਲਿਆ ਸੀ। ਇਹ ਬਾਪੂ ਲਈ ਪਿਆਰ ਨਹੀਂ, ਆਪਣੇ ਬਿਜ਼ਨੈਸ ਲਈ ਬੰਦਿਆਂ ਦੀ ਭਾਲ ਪੂਰਾ ਕਰਨਾ ਸੀ। ਇਸੇ ਬਹਾਨੇ ਭੈਣਾਂ-ਭਤੀਜਿਆਂ ਨੂੰ ਸੈਟ ਕਰਨ ਦਾ ਪੁੰਨ ਵੀ ਖੱਟ ਲਿਆ ਗਿਆ ਸੀ।

ਅੱਧਖੜ ਉਮਰ ਵਿੱਚ ਵੀ ਨਵੇਂ ਸਾਥੀ ਦੀ ਤਲਾਸ਼ ਕੀਤੀ ਜਾ ਸਕਦੀ ਹੈ, ਜਿਵੇਂ ਰਮਨ ਨੇ ਕੀਤਾ, ਪਤੀ ਅਤੇ ਸੱਸ ਦੇ ਕਪੁੱਤਪੁਣੇ ਕਾਰਣ ਡਾਇਵੋਰਸ ਲੈ ਆਜ਼ਾਦ ਹੋ ਗਈ। ਜਾਣੇ-ਪਛਾਣੇ ਰਾਜ ਨਾਲ ਉਸ ਨੇ ਨਾਤਾ ਜੋੜਨ ਬਾਰੇ ਸੋਚਿਆ ਤੇ ਉਸ ਨੂੰ ਆਪਣੇ ਨਾਲ ਦੋ ਦਿਨ ਦੇ ਕਿਸੇ ਮੈਡੀਟੇਸ਼ਨ ਕੈਂਪ ਵਿੱਚ ਲੈ ਆਈ, ਜਿੱਥੋਂ ਕਹਾਣੀ 'ਰੀਟ੍ਰੀਟ' ਬਾਦ ਉਹ ਸਿਰਫ਼ ਨਵੀਂ ਊਰਜਾ ਨਾਲ ਹੀ ਨਹੀਂ ਭਰੇ ਹੋਣਗੇ ਸਗੋਂ ਉਨ੍ਹਾਂ ਦੀ ਜਾਣ-ਪਛਾਣ ਕਿਸੇ ਨੇੜਤਾ ਵਿੱਚ ਬਦਲ ਚੁੱਕੀ ਹੋਏਗੀ। ਸਫ਼ਰ ਦੀ ਸ਼ੁਰੂਆਤ ਤੋਂ ਰਾਜ ਇਸ ਨੇੜਤਾ ਲਈ ਤਾਂਘਦਾ ਰਿਹਾ, ਪਰ ਰਮਨ ਵੱਲੋਂ 'ਬੁਆਏ ਫਰੈਂਡ' ਵਜੋਂ ਪਰਿਚੈ ਕਰਾਉਣਾ ਉਸ ਨੂੰ ਜੱਚਿਆ ਨਹੀਂ। ਵਾਪਸੀ ਵੇਲੇ ਰਮਨ ਨੇ ਜਦੋਂ ਰਾਜ ਦੀ ਬਿਮਾਰ ਪਤਨੀ ਸੁੱਖੀ ਬਾਰੇ ਜਾਨਣਾ ਚਾਹਿਆ ਤਾਂ ਰਾਜ ਨੇ ਉਸ ਦੀ ਸੇਵਾ ਕਰਨ ਬਾਰੇ ਦੱਸਿਆ। ਇਹ ਸੁਣ ਰਮਨ ਨੇ ਰਾਜ ਦੇ ਮੋਢੇ ਤੋਂ ਆਪਣਾ ਸਿਰ ਚੁੱਕ ਲਿਆ। ਦੋਵਾਂ ਦੀ ਸਥਿਤੀ ਵਿੱਚ ਅੰਤਰ ਹੈ, ਰਮਨ ਪਤੀ ਨੂੰ ਛੱਡ ਚੁੱਕੀ ਹੈ, ਪਰ ਰਾਜ ਜ਼ਿੰਮੇਵਾਰ ਪਤੀ ਵਾਂਗ ਆਪਣਾ ਫ਼ਰਜ਼ ਨਿਭਾਉਣਾ ਚਾਹੁੰਦਾ ਹੈ। ਇੱਥੇ ਚਾਹਤ ਤੋਂ ਉਪਰ ਜ਼ਿਮੇਵਾਰੀ ਨੂੰ ਰੱਖਿਆ ਗਿਆ, ਸਿਰਫ਼ ਦੋ ਦਿਨ ਦਾ ਸਾਥ ਲੰਮੇ ਰਿਸ਼ਤੇ ਦੀ ਸਾਂਝ ਨੂੰ ਖਤਮ ਨਹੀਂ ਕਰ ਸਕਦਾ।

ਇਸ ਸੰਗ੍ਰਹਿ ਵਿੱਚ ਕੁਝ ਕਹਾਣੀਆਂ ਬੱਚਿਆਂ ਦੀ ਮਾਨਸਿਕਤਾ ਨੂੰ ਸਮਝਣ ਵੱਲ ਇਸ਼ਾਰਾ ਕਰਦੀਆਂ ਹਨ। ਜਿਨ੍ਹਾਂ ਵਿਚੋਂ **'ਗੁੰਮ ਪੰਨੇ'** ਮਨ ਨੂੰ ਛੂੰਹਣ ਵਾਲੀ ਹੈ। ਇਕ ਬੱਚੇ ਲਈ ਮਾਂ ਦੀ ਜਗ੍ਹਾ ਕੋਈ ਨਹੀਂ ਲੈ ਸਕਦਾ, ਭਾਵੇਂ ਨਾਨਾ-ਨਾਨੀ ਕਿੰਨਾ ਵੀ ਲਾਡ-ਪਿਆਰ ਕਰ ਲੈਣ ਤੇ ਮਾਸੀ, ਮਾਂ ਵਾਂਗ ਹੀ ਬੱਚੇ ਨੂੰ ਸਹਿਜ ਕਰਨ ਲਈ ਖੇਡਾਂ ਰਾਹੀਂ, ਹਾਸੇ-ਮਜ਼ਾਕ ਦੇ ਬਾਵਜੂਦ ਉਸ ਦੀ ਸਹੀ ਢੰਗ ਨਾਲ ਪਰਵਰਿਸ਼ ਕਰਨ ਦੀ ਜਾਚ ਸਿਖਾਉਣ ਦੇ ਵੀ ਜਤਨ ਕਰਦੀ ਹੈ। ਸਨੀ ਮਾਸੀ ਤੇ ਉਸ ਦੇ ਬੱਚਿਆਂ ਨਾਲ ਘੁਲ-ਮਿਲ ਵੀ ਗਿਆ, ਪਰ ਮਾਸੀ ਨੂੰ ਦੇਖ ਕੇ ਉਸ ਨੂੰ ਆਪਣੀ ਮਾਂ ਦੀ ਹੋਰ ਵੀ ਯਾਦ ਆਉਣ ਲੱਗੀ। ਉਹ ਇਸ਼ਤਿਹਾਰਾਂ ਵਿਚਲੀਆਂ ਔਰਤਾਂ ਵਾਲੇ ਪੰਨਿਆਂ ਵਿਚੋਂ ਆਪਣੀ ਮਾਂ ਨੂੰ ਲੱਭਣ ਦੀ ਕੋਸ਼ਿਸ਼ ਕਰਨ ਲੱਗਾ। ਕਿਸ਼ੋਰ ਬੱਚਿਆਂ ਵਿੱਚ ਵਧਦੇ ਨਸ਼ੇ ਦੀ ਲੱਤ ਤੇ ਹੋਰ ਭੈੜੀਆਂ ਆਦਤਾਂ ਦਾ ਚਲਨ ਭਾਰਤ ਤੇ ਵਿਦੇਸਾਂ ਵਿੱਚ ਵਧਦੀ ਜਾ ਰਹੀ ਹੈ। ਇਕ ਕਿਸ਼ੋਰ ਨੇ ਜਦੋਂ ਆਪਣੇ ਦਾਦਾ-ਦਾਦੀ ਨੂੰ ਇਕ-ਇਕ ਕਰਕੇ ਕੈਂਸਰ ਨਾਲ

ਜੂਝਦੇ ਤੇ ਫਿਰ ਉਨ੍ਹਾਂ ਦੀ ਮੌਤ ਨੂੰ ਦੇਖਿਆ ਤਾਂ ਉਸ ਉਤੇ ਬਹੁਤ ਪ੍ਰਭਾਵ ਪਿਆ। ਮਾਨਸਕ ਪੱਖੋਂ ਉਹ ਚੁੱਪ ਤੇ ਇੱਕਲਾ ਹੋ ਗਿਆ ਤੇ ਸਰੀਰਕ ਪੱਖੋਂ ਉਸ ਨੂੰ ਭੁੱਖ ਲੱਗਣੋਂ ਹੱਟ ਗਈ। ਕਹਾਣੀ **'ਬੇਵਸਾਹੀ ਦੀ ਰੁੱਤ'** ਵਿੱਚ ਡਾਕਟਰ ਤੇ ਮਾਂ-ਬਾਪ ਦਾ ਪਹਿਲਾ ਸ਼ੱਕ ਇਸੇ ਗੱਲ ਉਤੇ ਗਿਆ ਕਿ ਉਹ ਨਸ਼ਾ ਕਰਨ ਲੱਗ ਪਿਆ ਹੈ। ਹਾਲਾਂਕਿ ਮੁੰਡੇ ਵੱਲੋਂ ਬਾਰ-ਬਾਰ ਇਨਕਾਰ ਕਰਨ ਦੇ ਬਾਵਜੂਦ ਉਸ ਦੇ ਸਾਰੇ ਟੈਸਟਾਂ ਨਾਲ ਨਸ਼ੇ ਦੇ ਵੀ ਟੈਸਟ ਕੀਤੇ ਗਏ, ਜੋ ਨਸ਼ੇ ਪੱਖੋਂ 'ਨੇਗੇਟਿਵ' ਆਏ। 'ਕਮੈਂਸਮੈਂਟ' ਵਿੱਚ ਮਾਂ-ਬਾਪ ਨੇ ਆਪਣੇ ਲਾਇਕ ਪੁੱਤਰ ਦੀ ਹਰ ਪੱਖੋਂ ਕਾਮਯਾਬੀ ਦਾ ਜਸ਼ਨ ਮਨਾਉਂਦੇ ਹੋਏ ਉਸ ਦੇ 'ਸਮਲਿੰਗੀ' ਹੋਣ ਨੂੰ ਸਵੀਕਾਰ ਕਰ, ਖੁੱਲ੍ਹੇ ਦਿਲ ਦਾ ਪਰਿਚੈ ਦੇਂਦੇ ਹੋਏ ਆਪਣੇ ਪੁੱਤਰ ਦਾ ਸਾਥ ਦਿੱਤਾ। ਕਹਾਣੀ **'ਸਕੰਕ'** ਵਿਚਲੀ ਮਾਂ ਉਤੇ ਹੈਰਾਨੀ ਹੁੰਦੀ ਹੈ, ਜੋ ਪਤੀ ਨਾਲ ਆਪਣੇ ਬਿਜ਼ਨੈਸ ਨੂੰ ਵਧਾਉਣ ਵਿੱਚ ਐਨੀ ਰੁੱਝੀ ਰਹੀ ਕਿ ਆਪਣੀ ਜਵਾਨ ਹੁੰਦੀ ਧੀ ਦੇ 'ਸਕੰਕ' ਬਣਨ ਨੂੰ ਸਮਝ ਹੀ ਨਹੀਂ ਸਕੀ। ਇਹ ਕਿਹੋ ਜਿਹੀ ਮਾਂ ਹੈ, ਜਿਸ ਨੂੰ ਘਰ ਵਿੱਚ ਜਵਾਨ ਭਤੀਜੇ ਦੇ ਹੋਣ ਦਾ ਵੀ ਅਹਿਸਾਸ ਨਹੀਂ ਹੋਇਆ। ਅੱਜਕਲ੍ਹ ਦੇ ਮਾਂ-ਬਾਪ ਨੂੰ ਆਪਣੇ ਕੰਮਕਾਜ ਤੇ ਬਿਜ਼ਨੈਸ ਦੀ ਵਧੇਰੇ ਪਰਵਾਹ ਹੋਣ ਦਾ ਖਮਿਆਜ਼ਾ ਸਿਰਫ਼ ਉਨ੍ਹਾਂ ਦੇ ਜਵਾਨ ਧੀਆਂ-ਪੁੱਤਰਾਂ ਨੂੰ ਹੀ ਨਹੀਂ ਭੁਗਤਣਾ ਪੈ ਰਿਹਾ ਸਗੋਂ ਸਮਾਜ ਨੂੰ ਵੀ ਨੁਕਸਾਨ ਪਹੁੰਚਦਾ ਹੈ ਕਿਉਂਕਿ ਉਹ ਸਮਾਜ ਨੂੰ ਯੋਗ ਨੌਜਵਾਨ ਪੀੜ੍ਹੀ ਵੱਲੋਂ ਦਿੱਤੇ ਜਾਣ ਵਾਲੇ ਯੋਗਦਾਨ ਤੋਂ ਵੀ ਦੂਰ ਕਰ ਦੇਂਦੇ ਹਨ। ਮਾਵਾਂ ਤਾਂ ਧੀਆਂ ਦੇ ਸਾਹ-ਵਿਸਾਹ ਜੀਉਂਦੀਆਂ ਹਨ, ਗੁਨੀਤ ਦੇ ਸਕੰਕ ਬਣਨ ਦੀ ਅਸਲ ਜ਼ਿੰਮੇਵਾਰ ਪਰਮਿੰਦਰ ਵਰਗੀ ਅਵੇਸਲੀ ਮਾਂ ਹੈ।

ਸੰਗ੍ਰਹਿ ਦੀਆਂ ਦੋ ਕਹਾਣੀਆਂ **'ਵੀਡਜ਼'** ਅਤੇ **'ਵਿਰਾਸਤ'** ਬਹੁਤ ਪ੍ਰਭਾਵਸ਼ਾਲੀ ਹਨ। 'ਵੀਡਜ਼' ਦੇ ਪ੍ਰਤੀਕ ਨੂੰ ਲੈ ਕੇ ਲੇਖਕ ਇਕੋ ਹੀ ਵੇਲੇ ਕਈ ਮੁੱਦਿਆਂ ਉਤੇ ਵਾਰ ਕਰਦਾ ਹੈ। ਇਕ ਪਾਸੇ ਇਮੀਗ੍ਰੇਸ਼ਨ ਏਜੰਟ, ਕਾਲਜ ਤੇ ਕੰਮ-ਮਾਲਕ ਰਲ ਕੇ, ਇੱਥੋਂ ਆਏ ਵਿਦਿਆਰਥੀਆਂ ਦਾ ਸ਼ੋਸ਼ਣ ਕਰ ਰਹੇ ਹਨ। ਦੂਜੇ ਪਾਸੇ ਉਹ ਆਪਣੀ ਅਮੀਰੀ ਦੇ ਬਲ ਉਤੇ ਉਨ੍ਹਾਂ ਦੇ ਖ਼ਿਲਾਫ਼ ਉੱਠਣ ਵਾਲੀ ਹਰ ਆਵਾਜ਼ ਨੂੰ ਦਬਾਉਣ ਦੇ ਪੂਰੇ ਜਤਨ ਕਰਦੇ ਹਨ। ਫਿਰ ਉਹ ਰੇਡੀਓ ਜਿਹੇ ਮਾਧਿਅਮ ਉਤੇ ਪੇਡ ਇੰਟਰਵਿਊ ਕਰਕੇ, ਆਪਣੀ ਸਫ਼ਾਈ ਦੇਣ ਤੇ ਵੱਧ-ਚੜ੍ਹ ਕੇ ਆਪਣੀ ਵਡਿਆਈ ਕਰਨ ਦੇ ਮੌਕੇ ਭਾਲ ਲੈਂਦੇ ਹਨ। ਦੂਜੇ ਪਾਸੇ ਆਪਣੀ ਆਤਮਾ ਦੀ ਆਵਾਜ਼ ਸੁਣ ਕੇ, ਇਸ ਬਾਰੇ ਕੁਝ ਕਹਿਣ ਤੇ ਕਰਨ ਦੀ ਜ਼ੁਰਅੱਤ ਕਰਨ ਵਾਲਿਆਂ ਨੂੰ ਆਸਾਨੀ ਨਾਲ ਨੌਕਰੀ ਤੋਂ ਬਾਹਰ ਕੱਢ ਦਿੱਤਾ ਜਾਂਦਾ ਹੈ। ਘਾਹ ਦੇ ਨਾਲ ਉੱਗਦੇ ਆਉਂਦੇ ਵੀਡਜ਼ ਤੋਂ ਛੁਟਕਾਰੇ ਵਾਲੇ ਮਾਹਰ ਨੂੰ ਪੇਡ ਇੰਟਰਵਿਊ ਕਾਰਣ ਬੈਠਣਾ ਪਿਆ, ਪਰ ਸਾਰੀ ਇੰਟਰਵਿਊ ਸੁਣਨ ਤੋਂ ਬਾਦ ਉਥੋਂ ਜਾਂਦੇ ਹੋਏ ਉਹ ਆਪਣੇ ਅਨੁਭਵ ਨਾਲ ਕੰਮ ਦੀ ਇਕ ਟਿੱਪ ਦੇ ਗਿਆ ਕਿ 'ਜੇ ਵੀਡਜ਼ ਨੂੰ ਨਾਲ-ਨਾਲ ਨਾ ਮਾਰਿਆ ਜਾਏ ਤਾਂ ਉਹ ਘਾਹ ਨੂੰ ਵੀ ਬਚਣ ਨਹੀਂ ਦੇਂਦਾ।' ਵਿਦਿਆਰਥੀਆਂ ਨੂੰ ਫੱਸਾ ਕੇ ਆਪਣਾ ਕਾਰੋਬਾਰ ਚਲਾਉਣ ਵਾਲੇ 'ਵੀਡਜ਼' ਵਾਂਗ ਹਨ, ਜੋ ਅਸਲ ਵਿੱਚ ਤਰੱਕੀ ਦੇ ਨਾਂ ਉਤੇ ਸ਼ੋਸ਼ਣ ਕਰ ਰਹੇ ਹਨ। ਇਨ੍ਹਾਂ ਦਾ ਸਾਥ ਦੇਣ ਵਾਲੇ ਵੀ ਉਤਨੇ ਹੀ ਕਸੂਰਵਾਰ ਹਨ, ਪਰ ਇਹ ਇਕ ਚੱਕਰਵਿਊ ਹੈ, ਜਿਸ ਦਾ ਵਿਰੋਧ ਕਰਨ ਲਈ ਸੰਗਠਿਤ ਹੋਣਾ ਪਏਗਾ, ਨਹੀਂ ਤਾਂ ਦਰਸ਼ਨ ਵਰਗੇ ਇੱਕਲੇ-ਇੱਕਲੇ ਨੂੰ ਸੱਚ ਕਹਿਣ ਤੇ ਆਸਾਨੀ ਨਾਲ ਬਾਹਰ ਕੱਢ ਦਿੱਤਾ ਜਾ ਸਕਦਾ ਹੈ।

ਕਿਸੇ ਵੀ ਵਰਕਸ਼ਾਪ ਨੂੰ ਸਥਾਪਿਤ ਕਰਨ ਵਾਲੇ ਉਸ ਦੇ ਮਸ਼ੀਨਨਿਸਟ ਹੁੰਦੇ ਹਨ, ਭਾਵੇਂ ਉਹ ਦੁਕਾਨ ਉਤੇ ਵਰਕਰ ਹੀ ਹੋਣ। ਜਦੋਂ ਵਰਕਰਾਂ ਨੇ ਆਪਣੀ ਜੀ-ਜਾਨ ਨਾਲ ਇਸ ਵਰਕਸ਼ਾਪ ਨੂੰ ਆਪਣਾ ਸਮਝ ਕੇ ਕੰਮ ਕੀਤਾ ਤੇ ਮੰਦੀ ਵੇਲੇ ਵੀ ਉਸ ਨੂੰ ਘਾਟੇ ਵਿੱਚ ਨ ਜਾਣ ਦਿੱਤਾ। ਵਰਕਸ਼ਾਪ ਦਾ ਮਾਲਕ ਬਰੂਸ ਇਹ ਗੱਲ ਜਾਣਦਾ ਹੈ, ਪਰ ਜਦੋਂ ਉਸ ਨੇ ਆਪ ਰਿਟਾਇਰ ਹੋਣ ਤੇ ਇਹ ਵਰਕਸ਼ਾਪ ਆਪਣੇ ਨਾਲਾਇਕ ਪੁੱਤਰ ਨੂੰ ਸੌਂਪਣੀ ਚਾਹੀ ਤਾਂ ਦੋਵੇਂ ਮਿਹਨਤੀ ਮਸ਼ੀਨਨਿਸਟਾਂ ਨੇ ਇਸ ਦਾ ਖੁੱਲ੍ਹ ਕੇ ਵਿਰੋਧ ਕੀਤਾ। ਉਨ੍ਹਾਂ ਅਨੁਸਾਰ, ਇਸ 'ਵਿਰਾਸਤ' ਦੇ ਅਸਲੀ ਹੱਕਦਾਰ ਉਹ ਦੋਵੇਂ ਹਨ, ਉਸ ਦਾ ਨਾਲਾਇਕ ਤੇ ਆਲਸੀ ਪੁੱਤਰ ਨਹੀਂ। ਜੇ ਉਹ ਉਨ੍ਹਾਂ ਨੂੰ ਵਰਕਸ਼ਾਪ ਸੌਂਪੇਗਾ ਤਾਂ ਉਹ ਉਸ ਨੂੰ ਉਸ ਦਾ ਬਣਦਾ ਹਿੱਸਾ ਜ਼ਰੂਰ ਪਹੁੰਚਾਉਣਗੇ ਪਰ ਜੇ ਉਸ ਦੇ ਨਾਲਾਇਕ ਪੁੱਤਰ ਨੇ ਕੰਮ ਸਿੱਖਣਾ ਹੋਵੇ ਤਾਂ ਉਨ੍ਹਾਂ ਕੋਲ ਭੇਜ ਦੇਵੀਂ। ਵਿਰਾਸਤ ਉਨ੍ਹਾਂ ਨੂੰ ਸੌਂਪਣੀ ਚਾਹੀਦੀ ਹੈ, ਜੋ ਉਸ ਨੂੰ ਸੰਭਾਲਣ ਯੋਗ ਹਨ। ਅਯੋਗ ਹੱਥਾਂ ਵਿੱਚ ਕੋਈ ਵੀ ਵਿਰਾਸਤ ਹੋਵੇ, ਉਹ ਰੁੱਲ ਹੀ ਜਾਏਗੀ। ਕਹਾਣੀ '**ਵਿਰਾਸਤ**' ਇਹ ਮੁੱਦਾ ਉਭਾਰਦੀ ਹੈ।


ਹਰਪ੍ਰੀਤ ਸੇਖਾ ਬੜੀ ਸਹਿਜਤਾ ਨਾਲ, ਗੱਲਾਂ-ਗੱਲਾਂ ਵਿਚੋਂ ਸਮੱਸਿਆਵਾਂ ਦੀ ਪਛਾਣ ਕਰਵਾਉਂਦਾ ਹੈ। ਲੰਮੇ-ਚੌੜੇ ਬਿਰਤਾਂਤ ਜਾਂ ਸੰਵਾਦਾਂ ਦੀ ਥਾਂ ਤੇ ਉਹ ਸੰਖੇਪ ਵਿੱਚ ਘੱਟ ਸ਼ਬਦਾਂ ਰਾਹੀਂ ਜੜ੍ਹ ਉਤੇ ਵਾਰ ਕਰਦਾ ਹੈ। ਪੀੜ੍ਹੀਆਂ ਦੇ ਅੰਤਰ ਵਿੱਚੋਂ ਨੌਜਵਾਨ ਪੀੜ੍ਹੀ ਬਿਹਤਰ ਦਿੱਸਦੀ ਹੈ, ਉਸ ਦੀ ਸੋਚ ਸਵਾਰਥ ਤੋਂ ਉੱਪਰ ਹੈ, ਜੇ ਉਹ ਨਸ਼ੇ ਆਦਿ ਵਾਲੇ ਪਾਸੇ ਤੋਂ ਬਚੀ ਰਹੀ ਤਾਂ ਉਹ ਬਦਲਾਵ ਲਿਆ ਸਕਦੀ ਹੈ, ਪਰ ਗੱਲ ਆਪਸੀ ਸਮਝ ਤੇ ਇਕ-ਦੂਜੇ ਦੀ ਮਨਸਥਿਤੀ ਤੇ 'ਸਾਇਕੀ' ਨੂੰ ਸਮਝਣ ਦੀ ਲੋੜ ਹੈ। ਸੰਗ੍ਰਹਿ ਦਾ ਸਿਰਲੇਖ '**ਲੂਣਦਾਨੀ**' ਇਸੇ ਪ੍ਰਤੀਕ ਨੂੰ ਸਾਰਥਕ ਕਰਦਾ ਹੈ ਕਿ ਵੱਖ-ਵੱਖ ਸਵਾਦ ਤੇ ਪ੍ਰਕ੍ਰਿਤੀ ਵਾਲੇ ਕਈ ਮਸਾਲੇ ਇਕੋ ਥਾਂ ਤੇ ਰਹਿੰਦੇ ਹਨ ਤੇ ਉਨ੍ਹਾਂ ਦਾ ਆਪਸੀ ਸਤੁੰਲਨ ਖਾਣੇ ਨੂੰ ਹੀ ਨਹੀਂ, ਪੂਰੇ ਜੀਵਨ ਨੂੰ ਵੀ ਸਵਾਦਲਾ ਬਣਾ ਸਕਦਾ ਹੈ। ਬਸ, ਸੰਤੁਲਨ ਜ਼ਰੂਰੀ ਹੈ। ਹਰਪ੍ਰੀਤ ਸੇਖਾ ਨੇ ਆਪਣੀ ਕਹਾਣੀ ਵਿਧਾ ਦੀ ਪਰੰਪਰਾ ਨੂੰ ਇਸ ਸੰਗਹਿ ਵਿੱਚ ਬਣਾਏ ਰੱਖਿਆ ਹੈ। (**ਮੋ . 98681828235**)





*Published by*
**White Crow Publishers**
**Ranjitgarh Bandra, Mansa - 151506**
Contact : 97809-09077

# ਨੈਤਿਕ ਸਦਾਚਾਰ ਦੀ ਟੁੱਟ ਭੱਜ : ਮੈਨੂੰ ਬੰਦਾ ਪਸੰਦ ਏ
## -ਨਿਰੰਜਣ ਬੋਹਾ




ਪੰਜਾਬੀ ਕਹਾਣੀ ਦੇ ਪਾਤਰਾਂ ਦੇ ਮਨੋ- ਸਮਾਜਿਕ ਮਸਲੇ ਭਾਵੇਂ ਸਮਾਜਿਕ ਤੇ ਆਰਥਿਕ ਧਰਾਤਲ ਨਾਲ ਜੁੜੇ ਹੋਣ ਜਾਂ ਮਨੁੱਖ ਦੀਆਂ ਦੇਹਿਕ ਲੋੜਾਂ ਨਾਲ ਸਬੰਧਤ ਹੋਣ, ਅੱਜ ਦਾ ਕਹਾਣੀਕਾਰ ਇਹਨਾਂ ਦੀ ਪੇਸ਼ਕਾਰੀ ਪਹਿਲਾਂ ਨਾਲੋਂ ਕਿਤੇ ਬੇਬਾਕ ਲਹਿਜੇ ਵਿੱਚ ਕਰ ਰਿਹਾ ਹੈ। **'ਮੈਨੂੰ ਬੰਦਾ ਪਸੰਦ ਏ'** (**ਪ੍ਰਕਾਸ਼ਕ: ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, ਸਾਲ: 2024, ਮੁੱਲ: 295 ਰੁਪਏ, ਪੰਨੇ: 148**) ਰਾਹੀ ਸਮਾਜਿਕ ਤੇ ਵਿਚਾਰਕ ਦ੍ਰਿਸ਼ਟੀ ਤੋਂ ਕੁਝ ਅਜਿਹੀਆਂ ਦਲੇਰਾਨਾ ਸਥਾਪਨਾਵਾਂ ਕਾਇਮ ਕੀਤੀਆਂ ਹਨ ਜੋ ਨਵੀ ਪੰਜਾਬੀ ਕਹਾਣੀ ਦੇ ਖੇਤਰ ਵਿੱਚ ਉਸ ਦੀ ਵੱਖਰੀ ਪਛਾਣ ਸਥਾਪਿਤ ਕਰਨ ਵਾਲੀਆਂ ਹਨ। ਜਦੋਂ ਉਹ ਆਪਣੀ ਕੋਈ ਕਹਾਣੀ ਲਿਖਣ ਲਈ ਨਾਰੀ ਦੇ ਅਵਚੇਤਨ ਮਨ ਤੱਕ ਪਹੁੰਚਦੀ ਹੈ ਤਾਂ ਸਮਾਜ ਦੇ ਬਹੁਤ ਸਾਰੇ ਪੂਰਵਲੇ ਵਿਚਾਰਧਾਰਕ , ਨੈਤਿਕ ਤੇ ਸਦਾਚਾਰਕ ਜਾਬਤੇ ਟੁੱਟਦੇ ਜਾਪਦੇ ਹਨ ਅਤੇ ਉਸਦੀ ਕਥਾ ਦ੍ਰਿਸ਼ਟੀ ਵਿੱਚੋਂ ਔਰਤ ਨੂੰ ਗੁਲਾਮ ਰੱਖਣ ਵਾਲੇ ਜਾਬਤਿਆਂ ਤੋਂ ਮੁਕਤ ਉਪਰੰਤ ਇੱਕ ਨਵੀਂ ਸੋਚ ਵਾਲੀ ਔਰਤ ਉਭਰਦੀ ਹੈ।

ਸੰਗ੍ਰਹਿ ਦੀ ਟਾਈਟਲ ਕਹਾਣੀ **'ਮੈਨੂੰ ਬੰਦਾ ਪਸੰਦ ਏ'** ਸਾਡੀ ਪਰਿਵਾਰਕ ਸਰੰਚਨਾ ਵੱਲੋਂ ਕਿਸੇ ਅਧੇੜ ਉਮਰ ਦੀ ਔਰਤ ਦੀ ਜਿਨਸੀ ਲੋੜਾ ਨੂੰ ਨਜ਼ਰਅੰਦਾਜ਼ ਕੀਤੇ ਜਾਣ ਦੇ ਮਨੋਵਿਗਿਆਨਕ ਪ੍ਰਤੀਕ੍ਰਮ ਨੂੰ ਰੂਪਮਾਨ ਕਰਦੀ ਹੈ। ਕਹਾਣੀ ਦੀ ਬਿਰਤਾਂਤਕਾਰ ਪਾਤਰ ਦਾ ਪਤੀ ਪੈਸੇ ਕਮਾਉਣ ਤੇ ਬਿਜਨਿਸ ਵਧਾਉਣ ਦੀ ਹੋੜ ਵਿਚ ਉਸਦੀਆਂ ਜਿਨਸੀ ਤੇ ਭਾਵਨਾਤਮਕ ਲੋੜਾਂ ਨੂੰ ਲਗਾਤਾਰ ਨਜ਼ਰ ਅੰਦਾਜ਼ ਕਰਦਾ ਹੈ ਤਾਂ ਉਸਦੀ ਮਾਨਸਿਕ ਬੇਚੈਨੀ ਮਾਨਸਿਕ ਛਟਪਟਾਹਟ ਵਿਚ ਬਦਲ ਜਾਂਦੀ ਹੈ । ਉਹ ਆਪਣੇ ਅੰਦਰਲੇ ਖਲਾਅ ਨੂੰ ਆਪਣੇ ਪਤੀ ਵੱਲੋਂ ਕਮਾਏ ਪੈਸੇ ਨੂੰ ਬਰਬਾਦ ਕਰਕੇ ਭਰਨ ਦੀ ਕੋਸ਼ਿਸ਼ ਕਰਦੀ ਹੈ ਪਰ ਪੈਸਾ ਉਸਦੀ ਮਾਨਸਿਕ ਤ੍ਰਿਪਤੀ ਦਾ ਬਦਲ ਨਹੀਂ ਬਣ ਸਕਦਾ। ਦਮਿਤ ਕਾਮ ਇੱਛਾਵਾਂ ਵਾਲੀ ਇਕਸਾਰ ਜ਼ਿੰਦਗੀ ਦੇ ਰੁਟੀਨ ਨੂੰ ਤੋੜਦਿਆਂ ਉਹ ਆਪਣੀ ਬਚਪਨ ਦੀ ਸਹੇਲੀ ਸ਼ਾਰਦਾ ਕੋਲ ਕੈਨੇਡਾ ਚਲੀ ਜਾਂਦੀ ਹੈ ਤਾਂ ਕਹਾਣੀ ਅਸੁਭਾਵਿਕਤਾ ਵਰਗਾ ਸੁਭਾਵਿਕ ਮੋੜ ਕੱਟਦੀ ਹੈ। ਤਲਾਕ ਲੈਣ ਤੋਂ ਬਾਅਦ ਸ਼ਾਰਦਾ ਇੱਕਲਿਆਂ ਰਹਿ ਰਹੀ ਹੈ। ਦੋਵਾਂ ਸਹੇਲੀਆਂ ਦੀਆਂ ਸਰੀਰਕ ਤੇ ਮਾਨਿਸਕ ਲੋੜਾਂ ਉਨ੍ਹਾਂ ਨੂੰ ਹਮ -ਬਿਸਤਰੀ ਤੱਕ ਲੈ ਜਾਂਦੀਆ ਹਨ ਤਾਂ ਉਹ ਸਮਲਿੰਗੀ ਸਬੰਧਾਂ ਰਾਹੀ ਅੰਨਦਿਤ ਹੋਇਆਂ ਤਾਂ ਮਹਿਸੂਸ ਕਰਦੀਆਂ ਹਨ ਪਰ ਇਹ ਅਨੰਦ ਪੁਰਸ਼ ਸਬੰਧਾਂ ਤੋਂ ਕੁਝ ਵੱਖਰਾ ਹੈ।

ਬਿਰਤਾਂਤਕਾਰ ਪਾਤਰ ਦੇ ਕੈਨੈਡਾ ਜਾਣ 'ਤੇ ਉਸਦੇ ਪਤੀ ਦੇ ਜੀਵਨ ਵਿਚਲੀ ਇਕਸਾਰਤਾ ਟੁੱਟਦੀ ਹੈ ਤਾਂ ਉਸਨੂੰ ਵੀ ਪਤਨੀ ਦੀ ਲੋੜ ਮਹਿਸੂਸ ਹੋਣ ਲੱਗ ਪੈਦੀ ਹੈ । ਇਸ ਇਕਸਾਰਤਾ ਦੇ

ਟੁੱਟਣ ਵਿਚੋ ਹੀ ਪਤੀ- ਪਤਨੀ ਨੂੰ ਆਪਸ ਵਿਚ ਜੋੜਣ ਵਾਲੀ ਨਵੀਂ ਮਨੋ-ਵਿਗਿਆਨ ਜੁਗਤ ਪੈਦਾ ਹੁੰਦੀ ਹੈ। ਪਤੀ ਦੇ ਬਦਲੇ ਵਿਹਾਰ ਕਾਰਨ ਹੁਣ ਉਸਨੂੰ ਹਮ -ਬਿਸਤਰ ਹੋਣ ਵੇਲੇ ਆਪਣੀ ਮੌਜੂਦਗੀ ਦਾ ਅਹਿਸਾਸ ਵੀ ਹੋਣ ਲੱਗਦਾ ਹੈ। ਭਾਵੇਂ ਆਪਣੇ ਆਪ ਨੂੰ ਬੰਦਾ ਪਸੰਦ ਹੋਣ ਦੀ ਦਿੱਤੀ ਤਸੱਲੀ ਉਸਨੂੰ ਮਾਨਸਿਕ ਰਾਹਤ ਦਿੰਦੀ ਹੈ ਪਰ ਲੋੜ ਪੈਣ 'ਤੇ ਫਿਰ ਸਹੇਲੀ ਕੋਲ ਜਾਣ ਦਾ ਬਦਲ ਬਦਲ ਖੁਲ੍ਹਾ ਰੱਖ ਕੇ ਕਹਾਣੀ ਆਪਣਾ ਇਹ ਵੱਖਰੀ ਤਰ੍ਹਾਂ ਦਾ ਸੰਦੇਸ਼ ਵੀ ਸੰਚਾਰਿਤ ਕਰ ਜਾਂਦੀ ਹੈ ਕਿ ਸਮਲਿੰਗੀ ਸਬੰਧ ਸਿਰਫ਼ ਔਰਤ ਜਾਂ ਪੁਰਸ਼ ਦੇ ਵੱਖਰੇ ਤਰ੍ਹਾਂ ਦੇ ਹਾਰਮੋਨਜ਼ ਕਾਰਨ ਹੀ ਬਣਦੇ ਸਗੋਂ ਉਨ੍ਹਾਂ ਦੀ ਦੇਹਿਕ ਲੋੜਾਂ ਦੀ ਅਪੂਰਤੀ ਵੀ ਇਸ ਰਾਹ 'ਤੇ ਲਿਜਾ ਸਕਦੀ ਹੈ।

ਕਹਾਣੀ **'ਇਹਨਾਂ ਪਲਾਂ ਨੂੰ ਮਾਣ ਨਾ ਲਵਾਂ'** ਵਿਚਲੀਆਂ ਚਾਰ ਸਹੇਲੀਆਂ ਵੀ ਉਪਰਲੀ ਕਹਾਣੀ ਦੀ ਪਾਤਰ ਵਾਂਗ ਹੀ ਆਪਣੇ ਆਪਣੇ ਪਤੀਆਂ ਦੇ ਸਾਬਤ ਸਬੂਤੇ ਪਿਆਰ ਲਈ ਛਟਪਟਾ ਰਹੀਆਂ ਹਨ। ਕਹਾਣੀ ਦੀ ਬਿਰਤਾਂਤਕਾਰ ਪਾਤਰ ਆਪਣੀਆਂ ਤਿੰਨ ਸਹੇਲੀਆਂ ਅੰਦਰਲੇ ਮਾਨਸਿਕ ਕੁਹਰਾਮ ਦਾ ਬਿਰਤਾਂਤ ਆਪਣੇ ਮਾਨਸਿਕ ਕੁਹਰਾਮ ਦੇ ਨਾਲ ਮਿਲਾ ਕੇ ਹੀ ਸਿਰਜਦੀ ਹੈ। ਇਹ ਪਾਤਰ ਦੇ ਅੰਦਰ ਬਚਪਨ ਤੋਂ ਹੀ ਇਹ ਮਾਨਸਿਕ ਕੁੰਠਾਂ ਪਈ ਹੈ ਕਿ ਪਿੱਤਰੀ ਸੱਤਾ ਕੇਵਲ ਔਰਤ ਨੂੰ ਹੀ ਸਮਾਜਿਕ ਮਰਿਆਦਾ ਵਿਚ ਰਹਿਣ ਦਾ ਪਾਠ ਪੜ੍ਹਾਉਂਦੀ ਹੈ ਤੇ ਮਰਦ ਨੂੰ ਹਰ ਤਰ੍ਹਾਂ ਦੀਆਂ ਖੁਲ੍ਹਾਂ ਦਿੰਦੀ ਹੈ। ਘਰ ਦੀ ਚਾਰ ਦੀਵਾਰੀ ਦੀ ਕੈਦ ਤੋਂ ਮੁਕਤ ਹੋ ਕੇ ਅਜ਼ਾਦ ਫਿਜ਼ਾ ਵਿੱਚ ਜਿਉਣ ਵਿਚ ਵਿਸ਼ਵਾਸ ਰੱਖਦੀਆਂ ਉਸਦੀਆਂ ਨਵੀਆਂ ਬਣੀਆਂ ਸਹੇਲੀਆਂ ਜਸਨੀਤ, ਨੂਰ ਤੇ ਮਨਦੀਪ ਉਸਨੂੰ ਲਗਾਤਾਰ ਆਪਣੇ ਵਰਗੀ ਜ਼ਿੰਦਗੀ ਜਿਉਣ ਲਈ ਪ੍ਰੇਰਿਤ ਕਰਦੀਆਂ ਹਨ ਤਾਂ ਉਸ ਅੰਦਰ ਦੱਬੀਆਂ ਪਈਆਂ ਪਿੱਤਰੀ ਸੱਤਾ ਵਿਰੁਧ ਪ੍ਰਤੀਕਿਰਿਆਵਾਂ ਵੀ ਜਾਗ ਪੈਂਦੀਆਂ ਹਨ ।

ਕਹਾਣੀ **'ਬੇਬਸੀ'** ਆਜੋਕੇ ਵਿਅਕਤੀਵਾਦ ਯੁੱਗ ਵਿਚ ਮਨੁੱਖ ਦੀਆਂ ਬੇ-ਲਗਾਮ ਹੋਈਆਂ ਭੌਤਿਕ ਇੱਛਾਵਾਂ ਵੱਲੋਂ ਸਮਾਜਿਕ ਰਿਸ਼ਤਿਆਂ ਦੇ ਕੀਤੇ ਜਾ ਰਹੇ ਘਾਣ ਦੀ ਗੱਲ ਕਰਦੀ ਹੈ। ਇਹ ਕਹਾਣੀ ਦੀ ਸ਼ੁਰੂਆਤ ਫੋਨ ਤੇ ਮਿਲੀ ਸੋਢੀ ਅੰਕਲ ਵੱਲੋਂ ਆਤਮ ਹੱਤਿਆ ਕਰ ਲਏ ਜਾਣ ਦੀ ਸੂਚਨਾ ਨਾਲ ਹੁੰਦੀ ਹੈ। ਇਸਦੇ ਮੱਧ ਵਿਚ ਆਤਮ ਹੱਤਿਆ ਨੂੰ ਕਤਲ ਵਿਚ ਤਬਦੀਲ ਕਰਨ ਦਾ ਸ਼ੱਕੀ ਬਿਰਤਾਂਤ ਸਿਰਜਿਆ ਜਾਂਦਾ ਹੈ ਅਤੇ ਅੰਤ ਕਹਾਣੀ ਦਾ ਅੰਤ ਕਾਤਲਾਂ ਦੀ ਪਛਾਣ ਕਰ ਲਏ ਜਾਣ ਨਾਲ ਹੁੰਦਾ । ਕਤਲ ਦੀ ਗੁੱਥੀ ਨੂੰ ਸੁਲਝਾਉਣ ਲਈ ਕਹਾਣੀ ਦੀ ਬਿਰਤਾਂਤਕਾਰ ਤੇ ਉਸਦਾ ਪੁਲਿਸ ਅਧਿਕਾਰੀ ਪਤੀ ਘਟਨਾਕ੍ਰਮ ਦੀਆਂ ਖਿੰਡਰੀਆਂ ਕੜੀਆਂ ਨੂੰ ਜੋੜਦੇ ਹਨ ਤਾਂ ਖੁਲਾਸਾ ਹੁੰਦਾ ਹੈ ਕਿ ਇਹ ਕਤਲ ਮ੍ਰਿਤਕ ਦੀ ਨੂੰਹ ਤੇ ਪੋਤੇ ਵੱਲੋਂ ਹੀ ਕੀਤਾ ਗਿਆ ਹੈ। ਭਾਵੇ ਕਹਾਣੀ ਆਪਣੇ ਵੱਲੋਂ ਆਪਣੇ ਰਹੱਸ ਦਾ ਖੁਲਾਸਾ ਅੰਤ 'ਤੇ ਜਾ ਕੇ ਕਰਦੀ ਹੈ ਪਰ ਪਾਤਰਾਂ ਦੇ ਵਿਵਹਾਰ ਤੋਂ ਪਾਠਕ ਪਹਿਲਾਂ ਹੀ ਇਹ ਅਨੁਮਾਨ ਲਾ ਲੈਂਦਾ ਹੈ ਕਿ ਇਸ ਕਤਲ ਵਿੱਚ ਨੂੰਹ ਪੁੱਤਰ ਤੇ ਘਰੋਂ ਗਾਇਬ ਨੌਕਰ ਦੀ ਕੋਈ ਭੂਮਿਕਾ ਜ਼ਰੂਰ ਹੈ । ਪੂਰਵ ਅਨੁਮਾਨ ਲੱਗ ਜਾਣ ਨੂੰ ਕਿਸੇ ਕਰਾਈਮ ਕਹਾਣੀ ਦਾ ਕਮਜੋਰ ਪੱਖ ਹੀ ਸਮਝਿਆ ਜਾਂਦਾ ਹੈ, ਇਸ ਲਈ ਕਹਾਣੀ ਵਿਚ ਵੀ ਇਹ ਖਾਮੀ ਕੁਝ ਰੜਕਦੀ ਹੈ । ਸਰਬਜੀਤ ਸੋਹਲ ਦੇ ਪਹਿਲੇ ਸੰਗ੍ਰਹਿ 'ਇੰਟਰਵੈਲ ਤੋਂ ਬਾਅਦ' ਵਿਚ ਵੀ ਜ਼ੁਰਮ ਤੇ ਪੁਲਿਸ ਤਫਤੀਸ਼ ਨਾਲ ਸਬੰਧਤ ਕਹਾਣੀਆਂ ਸ਼ਾਮਿਲ ਸਨ । ਲੱਗਦਾ ਹੈ ਕਿ ਇੱਕ ਪੁਲਿਸ ਅਧਿਕਾਰੀ ਦੀ ਪਤਨੀ ਹੋਣ ਕਰਕੇ ਸੋਹਲ ਨੂੰ ਆਪਣੀਆਂ ਕਹਾਣੀਆਂ ਲਈ ਅਜਿਹੇ ਵਿਸ਼ੇ ਆਪਣੇ ਪਤੀ ਨਾਲ ਹੋਣ ਆਮ ਗੱਲਬਾਤ ਵਿੱਚੋ ਹੀ ਮਿਲ ਜਾਂਦੇ ਹਨ ਤੇ ਉਹ ਇਨ੍ਹਾਂ ਦਾ ਗਲਪੀਕਰਨ ਕਰਕੇ ਪੰਜਾਬੀ ਕਹਾਣੀ ਦੇ ਖੇਤਰ ਵਿਚ ਕਰਾਈਮ ਕਹਾਣੀਆਂ ਦੀ ਘਾਟ ਪੂਰੀ

ਕਰਨ ਵਿਚ ਸਫਲ ਹੋ ਜਾਂਦੀ ਹੈ।

ਕਹਾਣੀ **'ਵਿਚਾਰਾ ਸੇਠੀ'** ਨੌਕਰੀ ਪੇਸ਼ਾ ਕੁੜੀਆਂ ਨਾਲ ਹੋਣ ਵਾਲੇ ਮਾਨਸਿਕ ਤੇ ਜਿਨਸੀ ਸ਼ੋਸ਼ਨ ਨੂੰ ਆਪਣਾ ਵਿਸ਼ਾ ਬਣਾਉਂਦੀ ਹੈ। ਕਹਾਣੀ ਅਨੁਸਾਰ ਸਾਡੇ ਉੱਚ ਵਿੱਦਿਅਕ ਅਦਾਰਿਆ ਵਿੱਚ ਮਿਸਟਰ ਸੇਠੀ ਵਰਗੇ ਅਜਿਹੇ ਪ੍ਰੋਫੈਸਰ ਜਾਂ ਪ੍ਰਿੰਸੀਪਲ ਮੌਜੂਦ ਹਨ ਜੋ ਆਰਜ਼ੀ ਤੌਰ 'ਤੇ ਨੌਕਰੀ ਕਰਦੀਆਂ ਆਪਣੀਆਂ ਧੀਆਂ ਵਰਗੀਆਂ ਕੁੜੀਆਂ ਨੂੰ ਤਰ੍ਹਾਂ ਤਰ੍ਹਾਂ ਦੇ ਲਾਲਚ ਦੇ ਕੇ ਜਾਂ ਡਰਾ ਧਮਕਾ ਕੇ ਆਪਣੇ ਜਾਲ ਵਿਚ ਫਸਾਉਣ ਦੀਆਂ ਸਾਜਿਸ਼ਾ ਰੱਚਦੇ ਹਨ। ਬਹੁਤ ਸਾਰੀਆਂ ਕੁੜੀਆਂ ਇਹਨਾਂ ਠਰਕੀ ਬੁੱਢਿਆ ਦੇ ਜਾਲ ਵਿਚ ਫਸ ਵੀ ਜਾਂਦੀਆਂ ਹਨ । ਕਾਲਜ ਦੇ ਇੱਕ ਵਿਭਾਗ ਦਾ ਇਹ ਮੁਖੀ ਹੋਣ ਦੇ ਨਾਤੇ ਪ੍ਰੋ.ਸੇਠੀ ਆਰਜ਼ੀ ਤੌਰ 'ਤੇ ਨੌਕਰੀ ਤੇ ਲੱਗੀ ਆਪਣੀ ਹੀ ਵਿਦਿਆਰਥਣ ਜਸਵੀਰ ਨੂੰ ਵੀ ਆਪਣੇ ਪ੍ਰਭਾਵ ਵਿਚ ਲੈਣ ਲਈ ਹਮਦਰਦੀ ਤੇ ਸਖਤੀ ਦੋਵੇਂ ਢੰਗ ਅਪਣਾਉਂਦਾ ਹੈ ਪਰ ਆਪਣੇ ਅੰਦਰਲੀਆਂ ਸੰਘਰਸ਼ੀ ਬਿਰਤੀਆਂ ਦੇ ਬਲਬੂਤੇ 'ਤੇ ਉਹ ਉਸਦੀਆਂ ਸਾਰੀਆਂ ਚਾਲਾਂ ਦਾ ਤੋੜ ਲੱਭ ਲੈਂਦੀ ਹੈ। ਜਦੋਂ ਜਸਵੀਰ ਵੱਲੋਂ ਕਾਲਜ਼ ਦੀ ਮੈਨੇਜਮੈਂਟ ਕੋਲ ਉਸਦੇ ਕਾਲੇ ਚਿੱਠੇ ਫਰੋਲੇ ਜਾਂਦੇ ਹਨ ਤਾਂ ਉਸਨੂੰ ਮੂੰਹ ਛੁਪਾਉਣ ਲਈ ਵੀ ਥਾਂ ਨਹੀਂ ਮਿਲਦੀ। ਇਸ ਤਰ੍ਹਾਂ ਇਹ ਕਹਾਣੀ ਨੌਕਰੀ ਪੇਸ਼ਾ ਔਰਤਾਂ ਦਾ ਮਾਰਗ ਦਰਸ਼ਨ ਕਰਦਿਆਂ ਉਨ੍ਹਾਂ ਨੂੰ ਆਪਣੇ ਮਨੁੱਖੀ ਅਧਿਕਾਰਾਂ ਦੀ ਰਾਖੀ ਆਪ ਕਰਨ ਲਈ ਪ੍ਰੇਰਦੀ ਹੈ। ਕਹਾਣੀਕਾਰਾ ਨੇ ਸਮੇਂ ਤੇ ਸਥਿਤੀਆਂ ਅਨੁਸਾਰ ਉਸ ਅੰਦਰ ਪੈਦਾ ਹੋਣ ਵਾਲੇ ਮਾਨਸਿਕ ਉਤਰਾਵਾਂ-ਚੜ੍ਹਾਵਾਂ ਨੂੰ ਸਜੀਵ ਰੂਪ ਵਿਚ ਰੂਪਮਾਨ ਕਰਨ ਸਬੰਧੀ ਕਮਾਲ ਦੀ ਮੁਹਾਰਤ ਵਿਖਾਈ ਹੈ।

ਕਹਾਣੀ **'ਹੱਡਾ ਰੋੜੀ ਦਾ ਕੁੱਤਾ'** ਵੀ ਅਕਾਦਮਿਕ ਖੇਤਰ ਵਿੱਚ ਵਿਚਰਣ ਵਾਲੇ ਅਜਿਹੇ ਬੌਣੇ ਮਨੁੱਖੀ ਕਿਰਦਾਰਾਂ ਦੀ ਸ਼ਨਾਖਤ ਕਰਦੀ ਹੈ ਜਿਹੜੇ ਕਹਿਣ ਨੂੰ ਵਿਦਵਾਨ ਸਮਝੇ ਜਾਂਦੇ ਹਨ ਪਰ ਨੀਚਤਾ ਦੇ ਮਾਮਲੇ ਵਿਚ ਇਹ ਅਪਰਾਧੀ ਸਮਝੇ ਜਾਂਦੇ ਲੋਕਾਂ ਤੋਂ ਵੀ ਹੇਠਲਾ ਦਰਜ਼ਾ ਰੱਖਦੇ ਹਨ। ਕਹਾਣੀ ਵਿਚਲਾ ਗਾਈਡ ਪ੍ਰੋਫੈਸਰ ਵੀ ਆਪਣੀ ਬੇਟੀ ਦੀ ਉਮਰ ਦੀਆਂ ਕੁੜੀਆਂ ਨੂੰ ਜਾਲ ਵਿਚ ਫਸਾਉਣ ਅਤੇ ਠਰਕ ਭੋਰਨ ਦਾ ਆਦੀ ਹੈ। ਜਦੋਂ ਉਸਦਾ ਵਾਹ ਨਵੀਂ ਆਈ ਵਿਦਿਆਥਣ ਰੰਮੀ ਨਾਲ ਪੈਂਦਾ ਹੈ ਤਾਂ ਉਹ ਉਸ ਨਾਲ ਹੋਈ ਸਾਰੀ ਗੱਲਬਾਤ ਫੋਨ 'ਤੇ ਰਿਕਾਰਡ ਕਰਕੇ ਉਸਦਾ ਅਸਲ ਚਿਹਰਾ ਨੰਗਾ ਕਰਨ ਦਾ ਮਨ ਬਣਾ ਲੈਂਦੀ ਹੈ। ਔਰਤ ਦਾ ਸ਼ਕਤੀਸ਼ਾਲੀ ਬਿੰਬ ਸਿਰਜਣ ਦੇ ਦ੍ਰਿਸ਼ਟੀਕੋਨ ਤੋਂ ਇਹ ਇੱਕ ਚੰਗੀ ਕਹਾਣੀ ਹੈ ਪਰ ਇਸਦਾ ਸਿਰਲੇਖ ਤੇ ਅਰੰਭਕ ਬਿਰਤਾਂਤ ਇਸਦੇ ਅੰਤ ਬਾਰੇ ਸਾਫ ਸੰਕੇਤ ਕਰਕੇ ਪਾਠਕਾਂ ਅੰਦਰ ਪੈਦਾ ਹੋਣ ਵਾਲੀ 'ਅੱਗੇ ਕੀ ਹੋਵੇਗਾ' ਜਾਨਣ ਦੀ ਉਤਸੁਕਤਾ ਨੂੰ ਘਟਾ ਦਿੰਦੇ ਹਨ।

ਕਹਾਣੀ **'ਖਲਾਅ ਵਿਚ ਲਟਕਿਆ ਸੁਆਲ'** ਪੰਜਾਬ ਸੰਕਟ ਦੇ ਕਾਲੇ ਦੌਰ ਦੀ ਪੁਨਰ ਪੇਸ਼ਕਾਰੀ ਰਾਹੀਂ ਕੁਝ ਅਜਿਹੇ ਸੁਆਲਾਂ ਨੂੰ ਉਭਾਰਦੀ ਹੈ ਜਿਹੜੇ ਠੀਕ ਜਵਾਬ ਨਾ ਮਿਲਣ ਕਾਰਨ ਅਜੇ ਵੀ ਖਲਾਅ ਵਿੱਚ ਲਟਕੇ ਹੋਏ ਹਨ। ਇਹ ਕਹਾਣੀ ਮੈਨੂੰ ਇਸ ਸੰਕਟ ਬਾਰੇ ਪੜ੍ਹੀਆਂ ਕਹਾਣੀਆਂ ਕਹਾਣੀਆਂ ਨਾਲੋਂ ਥੋੜ੍ਹੀ ਵੱਖਰੀ ਲੱਗੀ ਹੈ। ਪੰਜਾਬ ਸੰਕਟ ਬਾਰੇ ਲਿਖੀਆਂ ਵਧੇਰੇ ਕਹਾਣੀਆਂ ਇੱਕ ਜਾਂ ਦੂਜੀ ਵਿਚਾਰਧਾਰਾ ਦੀ ਧਿਰ ਬਣ ਕੇ ਇਸ ਸੰਕਟ ਦੌਰਾਨ ਡੁਲ੍ਹੇ ਖੂਨ ਨੂੰ ਵੀ ਧਿਰਾਂ ਵਿਚ ਵੰਡਦੀਆਂ ਰਹੀਆਂ ਹਨ, ਪਰ ਇਹ ਕਹਾਣੀ ਡੁਲ੍ਹੇ ਖੂਨ ਨੂੰ ਪੰਜਾਬੀਆਂ ਦਾ ਖੂਨ ਹੀ ਮੰਨਦੀ ਹੈ। ਕਹਾਣੀ ਇਸ ਡੁਲ੍ਹੇ ਖੂਨ ਦਾ ਦੋਸ਼ ਖਾੜਕੂ ਜਾਂ ਪੁਲਿਸ ਧਿਰ 'ਤੇ ਲਾਉਣ ਦੀ ਬਜਾਇ ਇਨ੍ਹਾਂ ਦੋਵਾਂ ਧਿਰਾਂ ਨੂੰ ਆਹਮਣੋ ਸਾਹਮਣੇ ਕਰਕੇ ਆਪ ਸੱਤਾ ਸੁੱਖ ਭੋਗਣ ਵਾਲੀ ਰਾਜਸੀ ਧਿਰ 'ਤੇ ਲਾਉਂਦੀ

ਹੈ। ਕਹਾਣੀ ਪੁਲਿਸ ਮੁਕਾਬਲੇ ਵਿਚ ਫਸੇ ਇੱਕ ਥਾਨੇਦਾਰ ਦੀ ਸਲਾਮਤੀ ਦੀ ਦੁਆ ਮੰਗਦੇ ਉਸਦੇ ਪਰਿਵਾਰ ਦੀ ਮਨੋ ਦਸ਼ਾ ਦਾ ਬਿਰਤਾਂਤ ਸਿਰਜ ਕੇ ਪੁਲਿਸ ਵਾਲਿਆਂ ਦਾ ਇਹ ਪੱਖ ਵੀ ਸਾਹਮਣੇ ਲੈ ਕੇ ਆਈ ਹੈ ਕਿ ਉਨ੍ਹਾਂ ਆਪਣੇ ਫਰਜ਼ਾ ਦੀ ਪੂਰਤੀ ਲਈ ਹੀ ਆਪਣਾ ਖੂਨ ਡੋਲ੍ਹਿਆ ਹੈ। ਜੇ ਕਹਾਣੀ ਵਿਚਲੀ ਇਸ ਘਟਨਾ ਨੂੰ ਪੰਜਾਬ ਵਿਚ ਹੋਏ ਝੂਠੇ ਪੁਲਿਸ ਮੁਕਾਬਲਿਆਂ ਤੋਂ ਵੱਖ ਕਰਕੇ ਵਾਚਿਆ ਜਾਵੇ ਤਾਂ ਇਹ ਪੱਖ ਗੌਲਣ ਯੋਗ ਵੀ ਹੈ।

ਕਹਾਣੀ **'ਮੌਤ ਕਦੇ ਭੁੰਜੇ ਨਹੀਂ ਬੈਠਦੀ'** ਦੇਸ਼ ਦੇ ਕੇਂਦਰੀ ਸੱਤਾ ਪ੍ਰਬੰਧ ਦੀਆਂ ਲੋਕ ਭਰਮਾਊ ਨੀਤੀਆਂ ਤੇ ਕਟਾਖਸ਼ ਕਰਨ ਵਾਲੀ ਪ੍ਰਤੀਕਾਤਮਕ ਕਹਾਣੀ ਹੈ। ਇਹ ਕਹਾਣੀ ਆਪਣੇ ਪਾਠਕਾਂ ਨਾਲ ਇਸ ਵਿਸ਼ੇ ਤੇ ਉਚੇਚੇ ਰੂਪ ਵਿਚ ਸੰਵਾਦ ਰਚਾਉਂਦੀ ਹੈ ਕਿ ਕੇਂਦਰੀ ਸੱਤਾ 'ਤੇ ਕਾਬਜ਼ ਹਾਕਮ ਧਿਰ ਕਿਸ ਤਰ੍ਹਾਂ ਲੋਕਾਂ ਲਈ ਕੁਝ ਨਾ ਕਰ ਕੇ ਵੀ ਕੁਝ ਕਰਨ ਦਾ ਭਰਮ ਸਿਰਜ ਲੈਂਦੀ ਹੈ । ਇਹ ਧਿਰ ਪਹਿਲਾਂ ਆਪਣੇ ਪ੍ਰਚਾਰ ਸਾਧਣਾ ਰਾਹੀਂ ਲੋਕਾਂ ਨੂੰ ਕਲਪਿਤ ਖੁਸ਼ਹਾਲ ਜੀਵਨ ਦੇ ਸੁਫਨੇ ਵਿਖਾਉਂਦੀ ਹੈ ਤੇ ਫਿਰ ਇਹਨਾਂ ਦੀ ਕੀਮਤ ਵੋਟਾਂ ਦੀ ਫਸਲ ਕੱਟ ਕੇ ਵਸੂਲਦੀ ਹੈ। ਕਹਾਣੀਕਾਰਾਂ ਅਜਿਹੇ ਕਹਾਣੀ ਸੁਪਨੇ ਵੇਖਣ ਵਾਲੇ ਲੋਕਾਂ ਨੂੰ ਗੂੜ੍ਹੀ ਨੀਂਦ ਵਿਚੋ ਜਗਾਉਣ ਦੀ ਕੋਸਿਸ਼ ਵੀ ਕਰਦੀ ਹੈ ਅਤੇ ਸੱਤਾ ਪੱਖ ਦੇ ਤਿਲਸਿਮ ਨੂੰ ਤੋੜਣ ਸਬੰਧੀ ਉਨ੍ਹਾਂ ਦੀ ਜ਼ਿੰਮੇਵਾਰੀ ਵੀ ਨਿਰਧਾਰਤ ਕਰਦੀ ਹੈ।

ਕਹਾਣੀ **'ਸੁਰੱਖਿਅਤ ਜੋਨ'** ਮਨੁੱਖ , ਮਨੁੱਖਤਾ ਤੇ ਮਨੁੱਖੀ ਕਦਰਾਂ ਕੀਮਤਾਂ ਦੇ ਵਿਕਾਸ ਦੀ ਗਰੰਟੀ ਦੇ ਸਕਣ ਵਾਲੇ ਸੁਰੱਖਿਅਤ ਜੋਨ ਦੀ ਤਲਾਸ਼ ਕਰਦੀ ਹੈ ਤਾਂ ਇਸਨੂੰ ਮਨੁੱਖੀ ਜੀਵਨ ਦਾ ਕਿਰਤ ਅਧਾਰਿਤ ਵਿਕਾਸ ਮਾਡਲ ਹੀ ਸਭ ਤੋਂ ਸੁਰੱਖਿਅਤ ਜੋਨ ਲੱਗਦਾ ਹੈ। ਕਹਾਣੀ ਅਨੁਸਾਰ ਮਨੁੱਖੀ ਕਿਰਤ ਦੀ ਬਜਾਇ ਮਸ਼ੀਨ ਤੇ ਨਿਰਭਰ ਰਹਿਣ ਵਾਲੇ ਨਵੇਂ ਪੂੰਜੀਵਾਦੀ ਵਿਕਾਸ ਮਾਡਲ ਨੇ ਮਨੁੱਖ ਨੂੰ ਅਜਿਹੀ ਕੰਪਿਊਟਰੀ ਮਸ਼ੀਨ ਬਣਾ ਦਿੱਤਾ ਹੈ , ਜਿਸ ਵਿੱਚ ਕੇਵਲ ਨਿੱਜੀ ਮੁਫਾਦ ਦੇ ਅੰਕੜੇ ਹੀ ਫੀਡ ਹਨ। ਜਦੋਂ ਕਹਾਣੀਕਾਰਾ ਇਸ ਵਿਕਾਸ ਮਾਡਲ ਦੇ ਅਗਲੇ ਪੜਾਅ ਮਸ਼ੀਨੀ ਬੌਧਿਕਤਾ ਦੀ ਗੱਲ ਕਰਦੀ ਹੈ ਤਾਂ ਉਸਦੀ ਕਲਪਨਾ ਵਿਚ ਭਵਿੱਖ ਦੇ ਕੁਝ ਅਜਿਹੇ ਦ੍ਰਿਸ਼ ਵੀ ਉਭਰਦੇ ਹਨ ਜਿਹੜੇ ਮਨੁੱਖਤਾ ਤੇ ਸਮਾਜ ਦੀ ਹੋਂਦ ਨੂੰ ਪੈਦਾ ਹੋਣ ਵਾਲੇ ਭਵਿੱਖਤ ਖਤਰਿਆ ਦੀ ਨਿਸ਼ਾਨਦੇਹੀ ਕਰਨ ਵਾਲੇ ਹਨ । ਕਹਾਣੀ ਕਾਰਪੋਰੇਟ ਜਗਤ ਵੱਲੋਂ ਆਪਣੇ ਮੁਫਾਦ ਲਈ ਮਸ਼ੀਨੀ ਬੌਧਿਕਤਾ ਦੀ ਕੀਤੀ ਜਾ ਸਕਦੀ ਦੁਰਵਰਤੋਂ ਤੋਂ ਪੈਦਾ ਹੋਣ ਵਾਲੇ ਖਤਰਨਾਕ ਨਤੀਜਿਆਂ ਨੂੰ ਵੀ ਬਹੁਤ ਬੇਬਾਕੀ ਨਾਲ ਉਭਾਰਦੀ ਹੈ।

ਕਹਾਣੀ **'ਦੋ ਬੁੱਕ ਰਾਖ'** ਆਪਣੀ ਇਸ ਚਿੰਤਾ ਨੂੰ ਵਿਸਥਾਰ ਦਿੰਦੀ ਹੈ ਕਿ ਅੱਜ ਦੇ ਵਿਸ਼ਵੀ ਦੌਰ ਵਿੱਚ ਮਨੁੱਖੀ ਵਿਵਹਾਰ ਤੇ ਮਸ਼ੀਨੀ ਵਿਵਹਾਰ ਵਿਚ ਕੋਈ ਬਹੁਤਾ ਫਰਕ ਨਹੀਂ ਰਿਹਾ। । ਸਾਰੀ ਉਮਰ ਆਪਣੇ ਪਰਿਵਾਰ ਨੂੰ ਮੋਹ- ਮੁਹੱਬਤ ਵੰਡਦੇ ਰਹੇ ਬੀਬੀ ਤੇ ਭਾਪਾ ਆਪਣੇ ਪਰਿਵਾਰ ਦੀ ਖੁਸ਼ੀ ਲਈ ਅਮਰੀਕਾ ਜਾਂਦੇ ਹਨ ਤਾਂ ਪਹਿਲਾਂ ਬੀਬੀ ਦੀ ਮੌਤ ਹੋ ਜਾਂਦੀ ਹੈ ਤੇ ਕੁਝ ਸਾਲਾਂ ਬਾਅਦ ਭਾਪਾ ਵੀ ਆਪਣੀਆਂ ਜੜ੍ਹਾਂ ਨੂੰ ਮਿਲਣ ਦੀ ਇੱਛਾ ਨੂੰ ਆਪਣੇ ਦਿਲ ਵਿੱਚ ਲੈ ਕੇ ਚੜ੍ਹਾਈ ਕਰ ਜਾਂਦਾ ਹੈ। ਇਸ ਸਮੇਂ ਮਸ਼ੀਨ ਦੀ ਭੇਟ ਚੜ੍ਹੀਆਂ ਮਨੁੱਖੀ ਭਾਵਨਾਵਾਂ ਦੀ ਇਹ ਵਿੰਡਬਮਈ ਸਥਿਤੀ ਉਭਰਦੀ ਹੈ ਕਿ ਮ੍ਰਿਤਕ ਸਰੀਰ ਦਾ ਸਸਕਾਰ ਮਸ਼ੀਨ 'ਤੇ ਨਿਰਭਰ ਹੋਣ ਕਾਰਨ ਪਰਿਵਾਰ ਨੂੰ ਪੂਰੇ ਨੌਂ ਦਿਨ ਆਪਣੀ ਵਾਰੀ ਦੀ ਉਡੀਕ ਕਰਨੀ ਪੈਂਦੀ ਹੈ । ਕਹਾਣੀ ਪਾਠਕ ਦੇ ਸੋਚਣ ਲਈ ਇਹ ਵੱਡਾ ਸੁਆਲ ਛੱਡ ਜਾਂਦੀ ਹੈ ਕਿ ਵਿਦੇਸ਼ੀ ਧਰਤੀ 'ਤੇ ਪਰਵਾਸੀ ਜ਼ਿੰਦਗੀ ਜਿਊਂ ਰਹੇ ਜਿਹੜੇ

ਬਜ਼ੁਰਗ ਆਪਣੀਆਂ ਜੜ੍ਹਾਂ ਨੂੰ ਵੇਖਣ ਨੂੰ ਤਰਸ ਰਹੇ ਹਨ ਤੇ ਜਿਨ੍ਹਾਂ ਨੂੰ ਇਹ ਵੀ ਯਕੀਨ ਨਹੀਂ ਕਿ ਮਰਨ ਤੋਂ ਬਾਅਦ ਉਨ੍ਹਾਂ ਦੀਆਂ ਅਸਥੀਆਂ ਉਨ੍ਹਾਂ ਦੀ ਇੱਛਾ ਅਨੁਸਾਰ ਕੀਰਤਪੁਰ ਜਾਂ ਹਰਿਦੁਆਰ ਪਹੁੰਚਣਗੀਆਂ ਜਾਂ ਨਹੀਂ, ਉਨ੍ਹਾ ਲਈ ਭਾਵਨਾਵਾਂ ਰਹਿਤ ਮਸ਼ੀਨੀ ਜ਼ਿੰਦਗੀ ਦੇ ਕੀ ਅਰਥ ਰਹਿ ਜਾਂਦੇ ਹਨ?

ਕਹਾਣੀ **'ਬੁਰਜ ਖ਼ਲੀਫ਼ਾ'** ਹੀਣ ਭਾਵਨਾ ਗ੍ਰਸਤ ਮਨੁੱਖੀ ਮਾਨਸਿਕਤਾ ਦੇ ਕ੍ਰਿਸ਼ਮਈ ਨਤੀਜਿਆਂ ਬਾਰੇ ਅਹਿਮ ਖੁਲਾਸੇ ਕਰਦੀ ਹੈ। ਇਹ ਨਤੀਜੇ ਸਕਾਰਤਮਕ ਵੀ ਹੋ ਸਕਦੇ ਹਨ ਤੇ ਨਕਾਰਤਮਕ ਵੀ ।ਜਦੋਂ ਅਜਿਹੀ ਭਾਵਨਾ ਗ੍ਰਸਤ ਕੋਈ ਮਨੁੱਖ ਆਪਣੀ ਸਮਾਜਿਕ ਉਪਯੋਗਤਾ ਨੂੰ ਸਾਬਤ ਕਰਨ ਦਾ ਦ੍ਰਿੜ ਸੰਕਲਪੀ ਇਰਾਦਾ ਧਾਰ ਲਵੇ ਤਾਂ ਉਹ ਦੁਨੀਆਂ ਨੂੰ ਕੁਝ ਬਣ ਕੇ ਵੀ ਵਿਖਾ ਸਕਦਾ ਹੈ, ਪਰ ਜੇ ਉਸ ਅੰਦਰਲੀ ਇਹ ਭਾਵਨਾ ਬਦਲਾ ਲਊ ਮਾਨਸਿਕ ਕੁੰਠਾਂ ਵਿਚ ਤਬਦੀਲ ਹੋ ਜਾਵੇ ਤਾਂ ਉਸ ਲਈ ਨੈਤਿਕ ਤੇ ਸਦਾਚਾਰਕ ਕੀਮਤਾਂ ਵੀ ਅਰਥਹੀਣ ਹੋ ਜਾਂਦੀਆਂ ਹਨ। ਇਸ ਅਵਸਥਾ ਵਿੱਚ ਉਸਦਾ ਮਕਸਦ ਉਸਨੂੰ ਹੀਣਾ ਸਮਝਣ ਵਾਲੇ ਲੋਕਾਂ ਨੂੰ ਹਰ ਹਾਲ ਤੇ ਹਰ ਹੀਲੇ ਆਪਣੇ ਤੋਂ ਨੀਵਾਂ ਸਾਬਤ ਕਰਨਾ ਹੁੰਦਾ ਹੈ ਅਤੇ ਇਸ ਲਈ ਉਹ ਕੁਝ ਵੀ ਕਰ ਗੁਜਰਨ ਲਈ ਤਿਆਰ ਰਹਿੰਦਾ ਹੈ ।


ਆਪਣੇ ਕਾਲੇ ਰੰਗ ਤੇ ਮਧਰੇ ਕੱਦ ਕਰਨ ਅਹਿਸਾਸੇ-ਕਮਤਰੀ ਦੀ ਸ਼ਿਕਾਰ ਹੋਈ ਇਸ ਕਹਾਣੀ ਦੀ ਪਾਤਰ ਸੰਜੂ ਬਾਸਕਿਟ ਬਾਲ ਦੀ ਸਟਾਰ ਖਿਡਾਰੀ ਬਣ ਕੇ ਆਪਣੇ ਕਾਲਜ਼ ਦੇ ਸਹਿਪਾਠੀਆਂ ਤੇ ਪ੍ਰੋਫ਼ੈਸਰਾਂ ਦਾ ਧਿਆਨ ਤਾਂ ਆਪਣੇ ਵੱਲ ਖਿੱਚ ਲੈਂਦੀ ਹੈ ਪਰ ਮੁੰਡਿਆਂ ਦੀ ਟੀਮ ਦੇ ਕੈਪਟਨ ਦੀ ਇਹ ਬੋਲੀ 'ਜਿਹੋ ਜਿਹੀ ਇਹ ਆਪ ਹੈ, ਇਹੋ ਜਿਹੀ ਇਸ ਦੀ ਗੇਮ ਹੋਵੇਗੀ।' ਉਸ ਅੰਦਰਲੀ ਬੇਚੈਨੀ ਨੂੰ ਸ਼ਾਂਤ ਨਹੀਂ ਹੋਣ ਦਿੰਦੀ ।ਉਸ ਦੇ ਸ਼ਰਾਬ ਜਾਂ ਸਿਗਰਟ ਪੀਣ ਦੀ ਆਦਤ ਵੀ ਉਸਦੀ ਇਸੇ ਮਾਨਸਿਕ ਕੁੰਠਾਂ ਵਿਚੋ ਜਨਮ ਲੈਂਦੀ ਹੈ। ਉਸਦੀ ਮਾਨਸਿਕ ਤੜਫ਼ਣਾ ਉਦੋਂ ਕੁਝ ਸ਼ਾਂਤ ਹੁੰਦੀ ਹੈ, ਜਦੋਂ ਉਹ ਆਪਣਾ ਮਜ਼ਾਕ ਉਡਾਉਣ ਵਾਲੇ ਵਨੀਤ ਨੂੰ ਭਾਵੁਕ ਪਲਾਂ ਵਿਚ ਉਕਸਾ ਕੇ ਉਸ ਨਾਲ ਸਰੀਰਕ ਸਬੰਧ ਜੋੜ ਲੈਂਦੀ ਹੈ।

ਇਸ ਤਰ੍ਹਾਂ ਸੋਹਲ ਦੀਆਂ ਕਹਾਣੀਆਂ ਵਰਤਮਾਨ ਸਮਾਜਿਕ ਯਥਾਰਥ ਦਾ ਯਥਾਰਥਿਕ ਚਿਤਰਣ ਕਰਨ ਦੇ ਨਾਲ ਸੰਭਾਵਿਤ ਤੇ ਭਵਿੱਖਤ ਯਥਾਰਥ ਬਾਰੇ ਵੀ ਅਹਿਮ ਖੁਲਾਸੇ ਕਰਕੇ ਆਪਣੇ ਪਾਠਕਾਂ ਨੂੰ ਸੁਚੇਤ ਕਰਦੀਆਂ ਹਨ ਕਿ ਆਉਣ ਵਾਲੇ ਸਮੇ ਵਿਚ ਉਹਨਾਂ ਨੂੰ ਕਿਹੋ ਜਿਹੀਆਂ ਸਮੱਸਿਆਵਾਂ ਤੇ ਕਿਹੋ ਜਿਹੀਆਂ ਚਨੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਹ ਕਹਾਣੀਆਂ ਪੂਰਵਲੀ ਕਹਾਣੀ ਵਾਂਗ ਜਬਰੀ ਕੋਈ ਅਗਾਂਹਵੱਧੂ ਸੰਦੇਸ਼ ਦੇਣ ਦੀ ਬੰਦਿਸ਼ ਤੋਂ ਮੁਕਤ ਹੋ ਕੇ ਸਥਿਤੀ ਦੀ ਵਾਸਵਿਕਤਾ ਤੇ ਹੀ ਆਪਣਾ ਧਿਆਨ ਕੇਂਦਰਿਤ ਕਰਨ ਵਾਲੀਆਂ ਹਨ।

ਉਸਦੀਆਂ ਕਹਾਣੀਆਂ ਦੀ ਭਾਸ਼ਾ ਕਾਵਿਕ ਰੰਗਤ ਵਾਲੀ ਹੈ। ਜਿੱਥੇ ਉਸਦੀਆਂ ਕਹਾਣੀਆਂ ਔਰਤ ਦੇ ਮਨ ਦੀਆਂ ਗੱਲਾਂ ਕਰਦੀਆਂ ਹੈ ਉਥੇ ਇਨ੍ਹਾਂ ਕੋਲ ਘਰ ਪਰਿਵਾਰ ਤੋਂ ਲੈ ਕਿ ਰਾਸ਼ਟਰੀ ਤੇ ਅੰਤਰਾਸ਼ਟਰੀ ਪੱਧਰ ਤੇ ਵਾਪਰਣ ਵਾਲੇ ਜਾਂ ਵਾਪਰ ਸਕਦੇ ਵਰਤਾਰਿਆਂ ਨੂੰ ਸਮਝਣ ਤੇ ਵਿਸ਼ਲੇਸ਼ਿਤ ਕਰਨ ਸਬੰਧੀ ਵੀ ਪਰਪੱਕ ਦ੍ਰਿਸ਼ਟੀ ਹੈ ।ਉਸਦੀਆਂ ਕਹਾਣੀਆਂ ਸਿਰਫ ਆਪਣੀ ਸਮਕਾਲੀ ਸਮਾਜਿਕ, ਆਰਥਿਕ, ਰਾਜਸੀ ਤੇ ਸੱਭਿਆਚਾਰਕ ਵਿਵਸਥਾ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਵੇਖਣ ਦੀ ਕੋਸ਼ਿਸ਼ ਹੀ ਨਹੀਂ ਕਰਦੀਆਂ ਹਨ ਸਗੋਂ ਇਹਨਾਂ ਨੰਗੇਜ਼ 'ਤੇ ਪਰਦਾ ਪਾਉਣ ਦੀ ਬਜਾਇ ਸਰਵਜਨਕ ਕਰਨ ਦਾ ਦਮ ਵੀ ਰੱਖਦੀਆਂ ਹਨ।(**ਸੰਪਰਕ : 89682-82700**)

# ਪਰਵਾਸ ਬਨਾਮ ਮਾਨਸਿਕ ਸੰਤਾਪ : ਬਲੈਕ ਆਈਸ

## ਡਾ. ਸੰਦੀਪ ਰਾਣਾ




ਪੰਜਾਬੀਆਂ ਨੇ 20ਵੀਂ ਸਦੀ ਦੇ ਆਰੰਭ ਵਿੱਚ ਰੁਜ਼ਗਾਰ ਅਤੇ ਆਰਥਿਕ ਪੱਖੋਂ ਕਾਮਯਾਬ ਹੋਣ ਲਈ ਪਰਵਾਸ ਧਾਰਨ ਕਰਦਿਆਂ ਯੂਰਪੀ ਅਤੇ ਅਮਰੀਕੀ ਮਹਾਂਦੀਪਾਂ ਵਿੱਚ ਪ੍ਰਵੇਸ਼ ਕੀਤਾ ਸੀ। ਸਮੇਂ ਸਮੇਂ ਪੰਜਾਬੀਆਂ ਦੀਆਂ ਵੱਖ-ਵੱਖ ਮੰਤਵਾਂ ਲਈ ਪਰਵਾਸ ਧਾਰਨ ਕਰਨ ਦੀਆਂ ਰੁਚੀਆਂ ਵੀ ਵਧਦੀਆਂ ਰਹੀਆਂ ਹਨ।[1] ਇਹਨਾਂ ਰੁਚੀਆਂ ਕਾਰਨ ਹੀ ਆਪਣੀ ਮਾਂ-ਭੂਮੀ ਨੂੰ ਛੱਡ ਵਿਕਸਿਤ ਦੇਸ਼ਾਂ ਵਿੱਚ ਜਾ ਕੇ ਰਹਿਣ ਨੂੰ ਪੰਜਾਬੀ ਹਮੇਸ਼ਾ ਪਹਿਲ ਦਿੰਦੇ ਰਹੇ ਹਨ। [2] ਸਮੇਂ ਦੀ ਤਬਦੀਲੀ ਨਾਲ਼ ਲੋਕ ਸਾਹਿਤ ਦੀ ਰਚਣ ਪ੍ਰਕ੍ਰਿਆ ਅਤੇ ਇਸ ਦੇ ਰੂਪ ਵਿੱਚ ਬਦਲਾਅ ਲਾਜ਼ਮੀ ਹੈ। ਇਸ ਲੋਕ ਸਾਹਿਤ ਵਾਂਗ ਵੱਖ-ਵੱਖ ਪੜਾਵਾਂ ਵਿੱਚੋਂ ਲੰਘਦੀ ਪੰਜਾਬੀ ਪਰਵਾਸੀ ਕਹਾਣੀ ਦੀਆਂ ਪ੍ਰਵਿਰਤੀਆਂ ਵੀ ਸਮੇਂ ਸਮੇਂ 'ਤੇ ਬਦਲਦੀਆਂ ਰਹੀਆਂ ਹਨ ਤੇ ਨਵੇਂ ਸਰੋਕਾਰ ਕਹਾਣੀ ਜਗਤ ਵਿੱਚ ਆਪਣੀ ਥਾਂ ਬਣਾਉਂਦੇ ਰਹੇ ਹਨ। ਪੰਜਾਬੀਆਂ ਦਾ ਪੱਛਮੀ ਦੇਸ਼ਾਂ ਵਿੱਚ ਜਾ ਕੇ ਵਸਣਾ ਅਤੇ ਪਰਵਾਸੀਆਂ ਦੀ ਜ਼ਿੰਦਗੀ ਦੇ ਤਜਰਬੇ ਵੀ ਇਹਨਾਂ ਕਹਾਣੀਆਂ ਦਾ ਆਧਾਰ ਬਣਦੇ ਰਹੇ ਹਨ। ਇਹ ਸੱਚ ਹੈ ਕਿ ਪਰਵਾਸੀਆਂ ਦੁਆਰਾ ਸਾਹਿਤ ਰਚਨਾ ਮਾਨਸਿਕ ਸੰਤੁਸ਼ਟੀ ਲਈ ਕੀਤਾ ਜਾਂਦੀ ਰਹੀ ਹੈ। ਬੈਗਾਨੀ ਧਰਤੀ, ਬੈਗਾਨੇ ਲੋਕ ਅਤੇ ਬੈਗਾਨੇ ਸਭਿਆਚਾਰ ਵਿੱਚ ਵਿਚਰਦੇ ਹੋਏ ਪੰਜਾਬੀਆਂ ਨੂੰ ਆਪਣੀ ਧਰਤੀ ਪ੍ਰਤਿ ਮੋਹ ਕਾਰਨ ਸਾਹਿਤ ਸਿਰਜਣ ਹੀ ਉਹਨਾਂ ਲਈ ਆਤਮਿਕ ਸੰਤੁਸ਼ਟੀ ਦਾ ਢੰਗ ਰਿਹਾ ਹੈ।

ਪਰਵਾਸੀ ਪੰਜਾਬੀ ਕਹਾਣੀ ਦੇ ਕਨੇਡਾ ਵੱਸਦੇ ਖੇਮੇ ਵਿੱਚੋਂ ਮੇਜਰ ਮਾਂਗਟ ਸਾਹਿਤ ਖੇਤਰ ਵਿੱਚ ਬਹੁ ਵਿਧਾਵੀ ਸਾਹਿਤਕਾਰ ਵਜੋਂ ਸਥਾਪਤ ਹਸਤਾਖ਼ਰ ਹੈ। **'ਬਲੈਕ ਆਈਸ'** (**ਪ੍ਰਕਾਸ਼ਕ: ਗਰੇਸ਼ੀਅਸ ਬੁੱਕਸ, ਪਟਿਆਲਾ, ਸਾਲ: 2024, ਮੁੱਲ: 395, ਪੰਨੇ : 191**) ਕਹਾਣੀ-ਸੰਗ੍ਰਹਿ ਦੀ ਗਲਪ ਚੇਤਨਾ ਨੂੰ ਜਾਣਨ ਲਈ ਜਦੋਂ ਪਾਠਕ ਇਹਨਾਂ ਕਹਾਣੀਆਂ ਦਾ ਪਾਠ ਆਰੰਭਦਾ ਹੈ ਤਾਂ ਉਹ ਇਹਨਾਂ ਕਹਾਣੀਆਂ ਦੇ ਪਾਤਰਾਂ ਐਨੀ, ਮਾਈਕਲ, ਮੁਹੰਮਦ, ਲੂੰਬਾ, ਨੋਲਾ, ਵਿਨੀ, ਨੀਤੀ, ਦਿਲਰਾਜ, ਸਲੀਨਾ, ਨਵਰੀਤ, ਰੇਨੂ, ਡੈਨੀਅਲ, ਮੈਗੀ ਅਤੇ ਹਰਜੋਤ ਦੇ ਪਰਵਾਸੀ ਹੋਣ ਕਾਰਨ ਭੋਗੇ ਜਾ ਰਹੇ ਮਾਨਸਿਕ ਸੰਤਾਪਾਂ ਨੂੰ ਆਪਣੇ ਆਪ 'ਤੇ ਮਹਿਸੂਸ ਕਰਦਾ ਹੈ। ਇਸ ਸੰਗ੍ਰਹਿ ਵਿੱਚ ਉਸਦਾ ਕਥਾ ਜਗਤ ਪੰਜਾਬ ਵਿੱਚ ਆਰਥਿਕਤਾ ਦੀ ਮਾਰ ਝੱਲ ਰਹੇ ਦੇਸੀ ਭਾਈਚਾਰੇ ਦੀ ਮਾਨਸਿਕਤਾ ਤੋਂ ਕਨੇਡਾ ਦੇ ਆਧੁਨਿਕ ਜਨਜੀਵਨ ਵਿੱਚ ਗੜੁੱਚ ਲੋਕਾਂ ਦੇ ਮਾਨਸਿਕ ਸੰਤਾਪਾਂ ਤਕ ਪਸਰਿਆ ਦਿਸਦਾ ਹੈ। ਉਸਦੀਆਂ ਕਹਾਣੀਆਂ ਦੇ ਵਿਸ਼ੇ ਸਾਧਾਰਨ ਹੁੰਦੇ ਹੋਏ ਵੀ ਵਿਲੱਖਣ ਉਦੋਂ ਸਿੱਧ ਹੁੰਦੇ ਹਨ ਜਦੋਂ ਪਰਵਾਸੀ ਜਨਜੀਵਨ ਪ੍ਰਭਾਵ ਹੇਠ ਉਭਰਦੀ ਉਸਦੀ ਵਿਲੱਖਣ ਪਾਤਰ ਸਿਰਜਣ ਕਲਾ ਇਹਨਾਂ ਕਹਾਣੀਆਂ 'ਚ ਵੱਖਰੀ ਜਾਨ ਭਰਦੀ ਹੈ। ਉਸਦੀਆਂ ਕਹਾਣੀਆਂ ਦੇ

ਪਾਤਰ ਉਸ ਆਧੁਨਿਕ ਵਿਦੇਸ਼ੀ ਸਮਾਜ ਵਿੱਚ ਰਹਿੰਦੇ ਤਾਂ ਹਨ ਪਰ ਸਭਿਆਚਾਰਕ ਰਲੇਵੇਂ ਨੂੰ ਅਪਣਾਉਂਦੇ ਨਹੀਂ। ਅਜਿਹੇ ਦੋਗਲੀ ਸ਼ਖ਼ਸੀਅਤ ਵਾਲੇ ਪਾਤਰਾਂ ਦਾ ਮਨੋਵਿਗਿਆਨਕ ਢੰਗ ਨਾਲ਼ ਚਿੱਤਰਣ ਉਹਨਾਂ ਨੂੰ ਯਥਾਰਥਵਾਦੀ ਹਾਲਤਾਂ ਵਿੱਚ ਅਸਲੀਅਤ ਦੇ ਹੋਰ ਨੇੜੇ ਕਰਜਾਂ ਦਾ ਹੈ। ਉਸਦੀਆਂ ਕਹਾਣੀਆਂ ਦੇ ਲੈਅ ਬੱਧ ਅਤੇ ਕਲਾਤਮਕ ਸਿਰਲੇਖ ਇਕ ਬੁਝਾਰਤ ਵਾਂਗ ਪਾਠਕਦੇ ਸਾਹਮਣੇ ਆ ਖੜੇ ਹੁੰਦੇ ਹਨ ਅਤੇ ਉਸ ਦੀ ਕਹਾਣੀ ਪੜ੍ਹਨ ਦੀ ਉਤਸੁਕਤਾ ਨੂੰ ਵਧਾਉਂਦੇ ਹਨ। ਇਹੀ ਉਤਸੁਕਤਾ ਪਾਠਕ ਨੂੰ ਉਸ ਦੇ ਕਥਾ ਜਗਤ ਵਿੱਚ ਇਕ ਦਰਸ਼ਕ ਜਾਂ ਇਕ ਸਰੋਤੇ ਦੇ ਰੂਪ ਵਿੱਚ ਨਾਲ਼ ਤੋਰੀ ਰੱਖਦੀ ਹੈ ਅਤੇ ਇਸੇ ਕਥਾ ਜਗਤ ਵਿੱਚ ਵਿਚਰਦਿਆਂ ਕਹਾਣੀ ਦੇ ਅੰਤ ਤਕ ਪਾਠਕ ਉਸ ਸਿਰਲੇਖ ਦੇ ਅਸਲ ਅਰਥ ਅਤੇ ਮੰਤਵ ਨੂੰ ਸਮਝ ਲੈਂਦਾ ਹੈ। ਇਸ ਕਥਾ ਜਗਤ ਵਿੱਚ ਕਹਾਣੀਆਂ ਦੀ ਗੁੰਦਵੀਂ ਘਟਨਾਵੀਂ ਵਿਉਂਤ, ਸਰਲ ਭਾਸ਼ਾ ਅਤੇ ਵਿਲੱਖਣ ਪਾਤਰ ਸਿਰਜਣ ਢੰਗ ਪਾਠਕ ਨੂੰ ਸਿਰਜਣਾਤਮਕਤਾ ਦਾ ਅਨੁਭਵ ਕਰਵਾਉਂਦਾ ਹੈ। ਮੇਜਰ ਮਾਂਗਟ ਦੇ ਪਰਵਾਸੀਆਂ ਤੋਂ ਗ੍ਰਹਿਣ ਕੀਤੇ ਅਨੁਭਵ ਸੁੰਦਰ ਗਲਪੀ ਤਕਨੀਕਾਂ ਰਾਹੀਂ ਅਸਲ ਅਰਥਾਂ ਵਿੱਚ ਕਹਾਣੀ ਰੂਪ ਲੈ ਸਮਾਜ ਦੀ ਪ੍ਰਤੱਖ ਤਸਵੀਰ ਬਣ ਪਾਠਕਾਂ ਨਾਲ਼ ਰੂਬਰੂ ਹੁੰਦੇ ਹਨ। ਕਹਾਣੀਕਾਰ ਮੇਜਰ ਮਾਂਗਟ ਦੀ ਕਹਾਣੀ ਕਲਾ ਦੀ ਨਿਪੁੰਨਤਾ ਵੀ ਆਪਣੇ ਜ਼ਿਹਨ ਦੇ ਤਸੱਵਰਾਂ ਨੂੰ ਪਾਠਕ ਦੇ ਜ਼ਿਹਨ ਤਕ ਪਹੁੰਚਾਉਣਾ ਹਿੱਤ ਹੀ ਸਾਹਮਣੇ ਆਉਂਦੀ ਹੈ।

ਇਸ ਕਹਾਣੀ-ਸੰਗ੍ਰਹਿ ਵਿੱਚ ਉਸ ਨੇ ਪਰਵਾਸੀ ਲੋਕਾਂ ਨੂੰ ਵਿਦੇਸ਼ ਦੀ ਧਰਤੀ 'ਤੇ ਉਥੋਂ ਦੇ ਚੱਕਰਵਿਊ ਵਿੱਚ ਫਸ ਕੇ ਆਪਣੇ ਖ਼ੁਦ ਨਾਲ਼ ਜਾਂ ਆਪਣੇ ਕਰਮਾਂ ਨਾਲ਼ ਜੂਝਦੇ ਵਿਖਾਇਆ ਹੈ। ਉਹ ਇਹਨਾਂ ਲੋਕਾਂ ਦੀ ਕਥਾ ਪਾਠਕਾਂ ਅੱਗੇ ਇੰਞ ਕੁਦਰਤੀ ਤਰੀਕੇ ਨਾਲ਼ ਪਰੋਸਦਾ ਹੈ ਜਿਵੇਂ ਕਿਸੇ ਜਾਣ-ਪਛਾਣ ਵਾਲੇ ਨੂੰ ਕੋਈ ਅੱਖੀਂ ਵੇਖੀ ਘਟਨਾ ਸੁਣਾ ਰਿਹਾ ਹੋਵੇ। ਉਸ ਦੀ ਹਰ ਕਹਾਣੀ ਵਿੱਚ ਮੈਂ ਪਾਤਰ ਹਾਜ਼ਰ ਰਹਿੰਦਾ ਹੈ ਜੋ ਇਹਨਾਂ ਲੋਕਾਂ ਲਈ ਇਕ ਸਲਾਹਕਾਰ ਹੈ। ਉਹ ਹਰ ਇਕ ਦੀ ਹੱਡਬੀਤੀ ਸੁਣਦਾ ਹੈ ਤੇ ਫਿਰ ਮਨੋਵਿਗਿਆਨਕ ਢੰਗ ਨਾਲ਼ ਸੋਚ ਵਿਚਾਰ ਤੋਂ ਬਾਅਦ ਉਹਨਾਂ ਪਾਤਰਾਂ ਨੂੰ ਚੱਕਰਵਿਊ ਵਿੱਚੋਂ ਕੱਢਣ ਦੀ ਕੋਸ਼ਿਸ਼ ਕਰਦਾ ਹੈ। ਪਹਿਲੀ ਕਹਾਣੀ '**ਛੱਲਾਂ ਦਾ ਸੰਗੀਤ**' ਵਿੱਚ ਐਨੀ ਤੇ ਮਾਈਕਲ ਨਾਮੀ ਪਾਤਰਾਂ ਦੇ ਮਾਨਸਿਕ ਸੰਤਾਪ ਦਾ ਕਾਰਨ ਉਹਨਾਂ ਦੀ ਆਪਣੀ ਜ਼ਿੰਦਗੀ, ਉਹਨਾਂ ਦੀ ਪ੍ਰੇਮ ਕਹਾਣੀ, ਵਿਆਹ ਸਮੇਂ ਪਰਿਵਾਰਕ ਬਗ਼ਾਵਤ, ਬਚਪਨ ਵਿੱਚ ਹੰਢਾਏ ਤਜਰਬਿਆਂ ਕਾਰਨ ਉਹਨਾਂ ਦੀ ਬਦਲੀ ਸ਼ਖ਼ਸੀਅਤ, ਵਿਆਹ ਸਮੇਂ ਇਕ ਦੂਜੇ ਤੋਂ ਰੱਖੀਆਂ ਆਸਾਂ ਅਤੇ ਉਹਨਾਂ ਦੇ ਪੂਰੀਆਂ ਨਾ ਹੋਣ 'ਤੇ ਮਨ ਵਿੱਚ ਪੈਦਾ ਹੋਈ ਨਿਰਾਸ਼ਾ ਬਣਦੀ ਹੈ। ਉਸ ਨਿਰਾਸ਼ਾ ਕਾਰਨ ਸਮੁੰਦਰ ਦੀਆਂ ਛੱਲਾਂ ਦਾ ਸੰਗੀਤ ਐਨੀ ਦੇ ਜ਼ਿਹਨ ਵਿੱਚ ਸ਼ੋਰ ਬਣ ਖ਼ਲਲ ਪੈਦਾ ਕਰਦਾ ਹੈ ਅਤੇ ਅੰਤ ਵਿੱਚ ਇਕ ਦੂਜੇ ਨਾਲ਼ ਜ਼ਿੰਦਗੀ ਜਿਉਣ ਲਈ ਕੀਤੀਆਂ ਐਡਜਸਟਮੈਂਟਾਂ ਉਹਨਾਂ ਪਾਤਰਾਂ ਦੇ ਸੰਤਾਪ ਨੂੰ ਝੱਲਣ ਦਾ ਸਬੱਬ ਜ਼ਰੂਰ ਬਣਦੀਆਂ ਹਨ। ਦੂਜੀ ਕਹਾਣੀ '**ਇਕਾਂਤਵਾਸ**' ਵਿੱਚ ਕਹਾਣੀਕਾਰ ਨੇ ਜਿਸ ਮਾਨਸਿਕ ਸੰਤਾਪ ਦੀ ਬਾਤ ਪਾਈ ਹੈ ਉਹ ਕਰੋਨਾ ਸਮੇਂ ਲਗਭਗ ਵਿਸ਼ਵ ਦੇ ਹਰ ਦੇਸ਼ ਵਿੱਚ ਲੋਕਾਂ ਨੇ ਅਨੁਭਵ ਕੀਤਾ ਸੀ। ਇਹ ਹਰ ਪਾਠਕ ਦਾ ਜਾਣਿਆ-ਪਛਾਣਿਆ ਅਤੇ ਆਪਣੇ ਤਨ 'ਤੇ ਹੰਢਾਇਆ ਵਿਸ਼ਾ ਹੈ। ਲਗਭਗ ਹਰ ਪਾਠਕ ਨੇ ਤਿੰਨ ਸਾਲ ਪਹਿਲਾਂ ਆਪ ਜਾਂ ਆਪਣੇ ਕਿਸੇ ਨਜਦੀਕੀ ਨੂੰ ਅਜਿਹੀਆਂ ਹਾਲਤਾਂ ਵਿੱਚੋਂ ਲੰਘਦੇ ਵੇਖਿਆ ਹੀ ਹੋਵੇਗਾ। ਬੀਮਾਰੀ ਦਾ ਡਰ, ਮੈਡੀਕਲ ਸਹੂਲਤਾਂ ਦੀ ਘਾਟ, ਆਪਣੇ ਪਰਿਵਾਰ ਦਾ ਰੁੱਖਾਪਣ, ਇਕਾਂਤਵਾਸ ਦੌਰਾਨ ਇਕੱਲਤਾ ਅਤੇ ਡਿਪਰੇਸ਼ਨ ਆਦਿ ਕਾਰਨ ਇਸ ਕਹਾਣੀ ਦਾ ਮੈਂ

ਪਾਤਰ ਇੰਡੀਆ ਤੋਂ ਕਨੇਡਾ ਪਹੁੰਚਣ ਤੋਂ ਬਾਅਦ ਉਹਨਾਂ ਮਾਨਸਿਕ ਸੰਤਾਪਾਂ ਨੂੰ ਝੱਲਦਾ ਹੈ ਅਤੇ ਜਿਸ ਢੰਗ ਨਾਲ ਕਹਾਣੀਕਾਰ ਇਸ ਦਾ ਕਥਾਨਕ ਸਿਰਜਦਾ ਹੈ ਉਹ ਪਾਠਕ ਨੂੰ ਇਸ ਤਰ੍ਹਾਂ ਮਹਿਸੂਸ ਕਰਵਾਉਂਦਾ ਹੈ ਕਿ ਉਹ ਵਾਰਤਕ ਰੂਪ ਸੰਸਮਰਣ ਪੜ੍ਹ ਰਿਹਾ ਹੈ। ਅਗਲੀ ਕਹਾਣੀ '**ਕਾਲੇ ਕੱਜਣ**' ਇਕ ਮਾਨਸਿਕ ਰੋਗੀ ਮੁਹੰਮਦ ਦੀ ਕਹਾਣੀ ਹੈ ਜੋ ਯਮਨ ਦੇਸ਼ ਤੋਂ ਆਇਆ ਹੈ ਅਤੇ ਜੋ ਸੀਰੀਆ ਦੀ ਲੜਾਈ ਵਿੱਚ ਆਪਣਾ ਸਾਰਾ ਪਰਿਵਾਰ ਗਵਾ ਚੁੱਕਾ ਸੀ। ਜ਼ਿੰਦਗੀ ਦੇ ਕੌੜੇ ਅਨੁਭਵਾਂ ਕਾਰਨ ਉਸ ਦੀ ਧਾਰਮਿਕ ਆਸਥਾ ਮਾਨਸਿਕ ਰੋਗ ਵਿੱਚ ਤਬਦੀਲ ਹੋ ਜਾਂਦਾ ਹੈ। ਉਸ ਨੂੰ ਕੁਰਾਨ ਰੱਬ ਦਾ ਫ਼ੁਰਮਾਨ ਜਾਪਣ ਲੱਗਦਾ ਹੈ ਅਤੇ ਇਸਲਾਮ ਧਰਮ ਨੂੰ ਉਹ ਬਿਹਤਰੀਨ ਧਰਮ ਮੰਨਣ ਲੱਗਦਾ ਹੈ। ਇਸੇ ਕਾਰਨ ਉਹ ਬਾਕੀ ਧਰਮਾਂ ਨੂੰ ਨਿੰਦਦਾ ਵੀ ਹੈ। ਇਸ ਮਾਨਸਿਕ ਅਸੰਤੁਲਤਾ ਨੂੰ ਵਿਸ਼ਾ ਬਣਾ ਕੇ ਕਹਾਣੀਕਾਰ ਨੇ ਇਸ ਕਹਾਣੀ ਦਾ ਬਿਰਤਾਂਤ ਰਚਿਆ ਹੈ। ਇਸ ਸੰਗ੍ਰਹਿ ਦੀ ਚੌਥੀ ਕਹਾਣੀ '**ਲਹੂ ਬਾਹਰੇ ਰਿਸ਼ਤੇ**' ਫਿਰ ਇਕ ਸੰਸਮਰਣ ਵਰਗੀ ਕਹਾਣੀ ਹੈ। ਜਿਸ ਵਿੱਚ ਕਹਾਣੀਕਾਰ ਨੇ ਆਪਣੇ ਕਨੇਡਾ ਤੋਂ ਭਾਰਤ ਤਕ ਦੇ ਸਫ਼ਰ ਨੂੰ ਵਿਸ਼ਾ ਬਣਾਇਆ ਹੈ। ਉਹ ਇਸ ਕਹਾਣੀ ਵਿੱਚ ਮੈਂ ਪਾਤਰ ਦੁਆਰਾ ਝੱਲੀਆਂ ਉਹਨਾਂ ਮਾਨਸਿਕ ਯਾਤਨਾਵਾਂ ਦਾ ਜ਼ਿਕਰ ਕਰਦਾ ਹੈ ਜੋ ਉਹ ਉਸ ਸਫ਼ਰ ਦੌਰਾਨ ਜ਼ਾਤੀ ਵਿਤਕਰੇ ਜਾਂ ਚਮੜੀ ਦੇ ਰੰਗ ਕਾਰਨ ਝੱਲਣੀਆਂ ਪਈਆਂ। ਮਿਸ਼ਰਾ ਅਤੇ ਲਿੰਡਾ ਵਰਗੇ ਲੋਕ ਸਾਰੀ ਕੌਮ ਦੀ ਬਦਨਾਮੀ ਲਈ ਜ਼ਿੰਮੇਵਾਰ ਹੁੰਦੇ ਹਨ ਪਰ ਦੂਜੇ ਪਾਸੇ ਰੋਜ਼ਮੈਰੀ ਅਤੇ ਹਸਮੁੱਖ ਸਫ਼ਾਈ ਸੇਵਕ ਵਰਗੇ ਚੰਗੇ ਕਰਮਚਾਰੀ ਵੀ ਹੁੰਦੇ ਹਨ ਜੋ ਲੋਕਾਂ ਦੀ ਮਦਦ ਲਈ ਹਮੇਸ਼ਾ ਤਿਆਰ ਰਹਿੰਦੇ ਹਨ।

'**ਰੁਕੇ ਹੋਏ ਪਲ**' ਲੂਬਾ ਦੀ ਕਹਾਣੀ ਹੈ ਜੋ ਇਕ ਸੀਰੀਅਨ ਕੁੜੀ ਹੈ ਅਤੇ ਗੂੰਗੀ ਤੇ ਬੋਲੀ ਹੈ ਅਤੇ ਸਾਈਨ ਲੈਂਗੁਏਂਜ ਦੀ ਮਦਦ ਨਾਲ਼ ਹੀ ਗੱਲਬਾਤ ਕਰਦੀ ਹੈ। ਉਸ ਵਰਗੇ ਹੋਰ ਲੋਕ ਓਮਰ ਅਤੇ ਮੀਨਾਜ਼ ਹਨ ਜੋ ਉਸ ਵਾਂਗ ਹੀ ਸੀਰੀਆ ਅਤੇ ਅਫ਼ਗਾਨਿਸਤਾਨ ਤੋਂ ਆਏ ਹਨ। ਇਹ ਲੋਕ ਆਪਣੇ ਦੇਸ਼ਾਂ ਵਿਚਲੇ ਹਾਲਾਤਾਂ ਤੋਂ ਤੰਗ ਹੋ ਕੇ ਸ਼ਰਨ ਲੈਣ ਕਨੇਡਾ ਪੁੱਜੇ ਹਨ। ਉਹਨਾਂ ਨੇ ਆਪਣੇ ਸ਼ਹਿਰਾਂ 'ਤੇ ਬੰਬ ਡਿੱਗਦੇ ਵੇਖੇ ਸਨ ਤੇ ਆਪਣੇ ਪਰਿਵਾਰਾਂ ਨੂੰ ਮਰਦੇ ਵੇਖਿਆ ਸੀ। ਬਚਪਨ ਤੋਂ ਹੀ ਮਾਨਸਿਕ ਸੰਤਾਪ ਭੋਗਦੇ ਉਹ ਅਸਲ ਵਿੱਚ ਸੱਦਾਮ ਅਤੇ ਅਮਰੀਕੀ ਫ਼ੌਜ ਦੋਹਾਂ ਦੇ ਸਤਾਏ ਹੋਏ ਸਨ। ਕਨੇਡਾ ਵਿੱਚ ਉਹ ਸਭ ਰਾਜਨੀਤਕ ਮੰਚਾਂ 'ਤੇ ਜਾ ਕੇ ਇਕ ਅੰਦੋਲਨ ਸ਼ੁਰੂ ਕਰਦੇ ਹਨ ਅਤੇ ਆਪਣੇ ਸਾਂਝੇ ਦੁੱਖ ਨੂੰ ਦੂਰ ਕਰਨ ਲਈ ਉਪਰਾਲੇ ਕਰਦੇ ਹਨ। ਅਗਲੀ ਕਹਾਣੀ '**ਸ਼ਾਂਤੀ ਬਹਾਲ**' ਦੱਖਣੀ ਕੋਰੀਆ ਪਿਛੋਕੜ ਵਾਲੇ ਨੋਲਾ ਦੀ ਕਹਾਣੀ ਹੈ ਜਿਸ ਦੇ ਮਾਨਸਿਕ ਸੰਤਾਪ ਦਾ ਕਾਰਨ ਉਸ ਦਾ ਅਮਰੀਕੀ ਫ਼ੌਜੀ ਹੋਣਾ ਸੀ। ਅਮਰੀਕੀ ਫ਼ੌਜੀ ਹੁੰਦੇ ਹੋਏ ਉਸ ਦੀ ਡਿਊਟੀ ਦੌਰਾਨ ਸੀਰੀਆ, ਅਫ਼ਗਾਨਿਸਤਾਨ, ਕੰਬੋਡੀਆ, ਇਰਾਕ ਅਤੇ ਯਮਨ ਵਰਗੇ ਇਸਲਾਮੀ ਦੇਸ਼ਾਂ ਵਿੱਚ ਅਮਰੀਕਾ ਦੀਆਂ ਕੂਟ ਨੀਤੀਆਂ ਕਾਰਨ ਹੋ ਰਹੇ ਦੰਗਿਆਂ ਕਾਰਨ ਡਿਪਰੇਸ਼ਨ ਦਾ ਸ਼ਿਕਾਰ ਹੋ ਜਾਂਦਾ ਹੈ। ਇਸੇ ਲਈ ਉਹ ਅਮਰੀਕਾ ਤੋਂ ਵਰਕ ਪਰਮਿਟ 'ਤੇ ਕਨੇਡਾ ਆ ਜਾਂਦਾ ਹੈ। ਕਹਾਣੀ '**ਯੁਗ ਅੰਤਰ**' ਗ਼ਦਰ ਲਹਿਰ ਦੇ ਉਸ ਇਤਿਹਾਸ ਨਾਲ਼ ਜੁੜੀ ਕਹਾਣੀ ਹੈ ਜਿਸ ਤੋਂ ਨਵੀਂ ਪੀੜੀ ਅਣਜਾਣ ਹੈ ਤੇ ਕਨੇਡਾ ਜਾ ਵੱਸੇ ਪੰਜਾਬੀ ਪਰਵਾਸੀਆਂ ਦੀ ਅਗਲੀ ਪੀੜੀ ਦੀ ਤਾਂ ਕੋਮਾਗਾਟਾਮਾਰੂ ਅਤੇ ਗ਼ਦਰ ਲਹਿਰ ਵਰਗੀਆਂ ਇਤਿਹਾਸਕ ਘਟਨਾਵਾਂ ਵਿੱਚ ਕੋਈ ਰੁਚੀ ਨਹੀਂ। ਇਸ ਕਹਾਣੀ ਦੀ ਪਾਤਰ ਵਿਨੀ ਜਦੋਂ ਆਪਣੇ ਦੋਸਤਾਂ ਨਾਲ਼ ਕਨੇਡਾ ਦੀਆਂ ਇਤਿਹਾਸਕ ਇਮਾਰਤਾਂ ਵੇਖਣ ਜਾਂਦੀ ਹੈ ਤਾਂ ਯੁਗਾਂਤਰ ਆਸ਼ਰਮ ਵੇਖ ਕੇ ਉਸ ਦਾ ਮਨ ਭਰ ਆਉਂਦਾ ਹੈ। ਭਾਰਤ ਦੀ ਆਜ਼ਾਦੀ ਸਮੇਂ ਦੇ ਇਸ

ਇਤਿਹਾਸ ਤੋਂ ਅਣਜਾਣ ਹੋਣ ਕਾਰਨ ਇਸ ਖੱਪੇ ਦਾ ਅਹਿਸਾਸ ਉਸ ਨੂੰ ਹੁੰਦਾ ਹੈ ਤੇ ਉਹ ਹੋਰ ਭਾਰਤੀ ਮੂਲ ਦੇ ਨੌਜਵਾਨਾਂ ਨਾਲ਼ ਮਿਲ ਕੇ ਇਸ ਇਤਿਹਾਸ ਨੂੰ ਅਗਲੀ ਪੀੜ੍ਹੀ ਤਕ ਪਹੁੰਚਾਉਣ ਦਾ ਅਹਿਦ ਕਰਦੀ ਹੈ।

**'ਮਨ ਅੰਦਰਲੇ ਖ਼ਲਾਅ'** ਕਹਾਣੀ ਵਿਦੇਸ਼ੀ ਧਰਤੀ 'ਤੇ ਭਾਰਤੀ ਮੂਲ ਦੇ ਨੌਜਵਾਨਾਂ 'ਤੇ ਦੇਸੀ ਬੰਦਿਸ਼ਾਂ ਲਾਉਣ ਅਤੇ ਉਹਨਾਂ ਦੀ ਮਨ ਮਰਜ਼ੀ ਨਾਲ ਜ਼ਿੰਦਗੀ ਜਿਉਣ ਦੀ ਆਜ਼ਾਦੀ ਖੋਹਣ ਦੀ ਕਹਾਣੀ ਹੈ। ਨੀਤੀ ਅਤੇ ਦਿਲਰਾਜ ਮਾਪਿਆਂ ਦੀ ਮਰਜ਼ੀ ਕਾਰਨ ਆਪਣੇ ਕਈ ਸ਼ੌਕ ਮਨ ਵਿੱਚ ਹੀ ਮਾਰ ਦਿੰਦੇ ਹਨ ਪਰ ਮਾਪੇ ਫਿਰ ਵੀ ਖ਼ੁਸ਼ ਨਹੀਂ ਹੁੰਦੇ। ਵੱਖ ਵੱਖ ਜਾਤਾਂ ਨਾਲ ਸਬੰਧ ਰੱਖਣ ਕਾਰਨ ਉਹਨਾਂ ਦੇ ਵਿਆਹ ਵਿੱਚ ਵੀ ਮਾਪਿਆਂ ਦੀ ਮਨਜ਼ੂਰੀ ਨਹੀਂ ਮਿਲਦੀ। ਬਚਪਨ ਤੋਂ ਹੀ ਬੰਦਿਸ਼ਾਂ ਵਿੱਚ ਜੀਉਣ ਕਾਰਨ ਉਹ ਊਣੀ ਸ਼ਖ਼ਸੀਅਤ ਦੇ ਮਾਲਕ ਬਣ ਜਾਂਦੇ ਹਨ ਤੇ ਸਾਰੀ ਉਮਰ ਸੰਤਾਪ ਭੋਗਦੇ ਹਨ। ਮੇਜਰ ਮਾਂਗਟ ਇਕ ਥਾਂਈਂ ਲਿਖਦਾ ਹੈ ਅਮਰੀਕਾ ਵਿਚ ਬਹੁਤ ਸਾਰੇ ਮਿਕਸ ਲੋਕ ਹਨ। ਸਪੈਨਿਸ਼, ਸਮੀਕਣ, ਫਰੈਂਚ, ਚੀਨੇ, ਫਿਲਪੀਨੇ, ਗੋਰੇ, ਚਿੱਟੇ, ਭੂਰੇ, ਕਾਲੇ ਸਭ ਆਪਸ ਵਿੱਚ ਸ਼ਾਦੀਆਂ ਕਰ ਰਹੇ ਹਨ ਅਤੇ ਮਿਕਸ ਬੱਚੇ ਪੈਦਾ ਹੋ ਰਹੇ ਹਨ। ਇਸ ਤਰ੍ਹਾਂ ਕਰਨ ਨਾਲ ਇੱਕ ਨਵੀਂ ਨਸਲ ਪੈਦਾ ਹੋ ਰਹੀ ਸੀ। ਜਿਸ ਦਾ ਨਾਂ ਤਾਂ ਕੋਈ ਵਿਸ਼ੇਸ਼ ਧਰਮ ਸੀ, ਨਾਂ ਵਿਸ਼ੇਸ਼ ਸਭਿਆਚਾਰ ਤੇ ਨਾਂ ਹੀ ਕੋਈ ਵਿਸ਼ੇਸ਼ ਬੋਲੀ। ਇਹ ਸਾਰੇ ਗਲੋਬਲ ਸਿਟੀਜਨ ਸਨ। ਅੱਗੇ ਚੱਲ ਇਸ ਕਹਾਣੀ ਵਿੱਚ ਨੀਤੀ ਅਤੇ ਦਿਲਰਾਜ ਆਪਣੀ ਧੀ ਲਈ ਇਹ ਅਹਿਦ ਕਰਦੇ ਹਨ ਕਿ ਉਹ ਉਸਦੀ ਪਾਲਣਾ ਬੰਦਿਸ਼ਾਂ ਤੋਂ ਬਗ਼ੈਰ ਕਰਣਗੇ ਤੇ ਉਸਦੀ ਸ਼ਖ਼ਸੀਅਤ ਨੂੰ ਸੰਤੁਲਿਤ ਰੱਖਣ ਲਈ ਹਰ ਕੋਸ਼ਿਸ਼ ਕਰਣਗੇ। ਅਗਲੀ ਕਹਾਣੀ **'ਕੀ ਜਾਣਾਂ ਮੈਂ ਕੌਣ'** ਸਲੀਨਾ ਦੀ ਕਹਾਣੀ ਹੈ ਜਿਸ ਦੇ ਮਾਨਸਿਕ ਸੰਤਾਪ ਦਾ ਕਾਰਨ ਉਸਦਾ ਸਮਲਿੰਗੀ ਹੋਣਾ ਹੈ। ਕਹਾਣੀਕਾਰ ਨੇ ਸਮਲਿੰਗੀ ਵਿਅਕਤੀਆਂ ਦੇ ਦੁੱਖਾਂ ਨੂੰ ਇਸ ਕਹਾਣੀ ਦਾ ਵਿਸ਼ਾ ਬਣਾਇਆ ਹੈ। ਉਹ ਸਲੀਨਾ ਦੇ ਇਕ ਵਾਰਤਾਲਾਪ ਨੂੰ ਇਹਨਾਂ ਸ਼ਬਦਾਂ ਵਿੱਚ ਲਿਖਦਾ ਹੈ ਜੱਸ ਜਦੋਂ ਮਾਪਿਆਂ ਨੂੰ ਪਤਾ ਲੱਗਦਾ ਹੈ ਕਿ ਉਨ੍ਹਾਂ ਦੇ ਘਰ ਜੰਮਿਆ ਬੱਚਾ, ਨਾ ਮਰਦ ਹੈ ਤੇ ਨਾ ਔਰਤ, ਤਾਂ ਉਨ੍ਹਾਂ ਤੇ ਕੀ ਬੀਤਦੀ ਹੋਊ? ਅਜਿਹਾ ਬੱਚਾ ਕਿਹੜਾ ਵਾਸ਼ਰੂਮ ਵਰਤੇਗਾ? ਆਮ ਲੋਕਾਂ ਲਈ ਤਾਂ ਇਹ ਸ਼ੁਗਲ ਦੀਆਂ ਗੱਲਾਂ ਨੇ। ਪਰ ਉਹ ਇਨਸਾਨ ਕਿੰਨੀ ਵਾਰ ਮਰਦਾ ਹੋਊ ! ਕੀ ਇਹ ਜੈਂਡਰ ਡਿਸਕ੍ਰਿਮੀਨੇਸ਼ਨ ਨਹੀਂ।[4] ਇਹ ਕਹਿੰਦਿਆਂ ਉਸਦਾ ਰੋਣ ਨਿੱਕਲ ਗਿਆ ਸੀ। ਕਹਾਣੀ ਦੇ ਅਗਲੇ ਪਾਸਾਰ ਵਿੱਚ ਉਹ ਆਪਣਾ ਲਿੰਗ ਤਬਦੀਲ ਕਰਵਾ ਕੇ ਮਰਦ ਤੋਂ ਔਰਤ ਬਣ ਜਾਂਦੀ ਹੈ। ਇਸੇ ਹੀ ਬਿਰਤਾਂਤ ਵਿੱਚ ਹੀ ਕਹਾਣੀਕਾਰ ਨੇ ਕੁਝ ਹੋਰ ਸਮਲਿੰਗੀ ਲੋਕਾਂ ਦੀ ਬਾਤ ਵੀ ਸੁਣਾਈ ਹੈ। ਜਿੰਨ੍ਹਾਂ ਨੂੰ ਉਹ ਆਪਣੇ ਪਿੰਡ ਜਾਂ ਆਪਣੇ ਜੀਵਨ ਰਾਹ ਵਿੱਚ ਮਿਲਿਆ ਸੀ। **'ਪੈਂਡੂਲਮ'** ਨਵਰੀਤ ਦੀ ਕਹਾਣੀ ਹੈ। ਜਿਸਦੇ ਮਾਨਸਿਕ ਸੰਤਾਪ ਦਾ ਕਾਰਨ ਸਭਿਆਚਾਰਾਂ ਦਾ ਰਲਾਅ ਹੈ। ਕਨੇਡਾ ਜੰਮੇ-ਪਲੇ ਤੇ ਰਹਿੰਦੇ ਨੌਜਵਾਨਾਂ ਦੇ ਵਿਆਹ ਜਦ ਪੰਜਾਬ ਵੱਸਦੇ ਮੁੰਡੇ ਕੁੜੀਆਂ ਨਾਲ ਕਰ ਦਿੱਤੇ ਜਾਂਦੇ ਹਨ ਤਾਂ ਅਜਿਹਾ ਸਭਿਆਚਾਰਕ ਰਲਾਅ ਸੁਭਾਵਿਕ ਹੈ ਪਰ ਇਸ ਰਲਾਅ ਕਾਰਨ ਉਸ ਸਮੇਂ ਤਣਾਅ ਹੋਰ ਜ਼ਿਆਦਾ ਵੱਧ ਜਾਂਦਾ ਹੈ ਜਦ ਪੰਜਾਬ ਦੇ ਮੁੰਡੇ ਕੁੜੀਆਂ ਇਹ ਵਿਆਹ ਸਿਰਫ ਕਨੇਡਾ ਜਾਣ ਤੇ ਉੱਥੇ ਪੱਕੇ ਹੋਣ ਲਈ ਕਰਵਾਉਂਦੇ ਹਨ। ਕਹਾਣੀਕਾਰ ਲਿਖਦਾ ਹੈ ਨਵਰੀਤ ਇੱਕ ਵਾਰ ਕਹਿਣ ਲੱਗੀ "ਭਾਅ ਜੀ ਵੈਸੇ ਏਥੇ ਜੰਮੇ ਬੱਚਿਆਂ ਦੀ ਕੋਈ ਜੂਨ ਨਹੀਂ, ਸੈਂਡਵਿੱਚ ਬਣਕੇ ਰਹਿ ਜਾਂਦੇ ਨੇ" ਮੈਂ ਪੁੱਛਿਆ "ਉਹ ਕਿਵੇਂ" ਕਹਿੰਦੀ "ਪੱਛਮੀ ਤੇ ਪੂਰਬੀ ਸੱਭਿਆਚਾਰ, ਪਹਿਰਾਵਾ, ਖਾਣ ਪੀਣ

ਤੇ ਰਹਿਣ ਸਹਿਣ ਹਰ ਥਾਂ ਹੀ ਉਨ੍ਹਾਂ ਨੂੰ ਡਰਾਮਾ ਕਰਨਾ ਪੈਂਦਾ। ਉਨ੍ਹਾਂ ਨੂੰ ਤਾਂ ਕੋਈ ਸੁਣਦਾ ਹੀ ਨਹੀਂ ਕਿ ਉਹ ਕੀ ਚਾਹੁੰਦੇ ਨੇ। ਉਹ ਤਾਂ ਹਰ ਥਾਂ ਵਿਚ ਵਿਚਾਲੇ ਈ ਫਸੇ ਹੋਏ ਨੇ... ਮੇਰੇ ਵਾਂਗ।"[5]

ਕਹਾਣੀ **'ਹਵਾ ਵਿੱਚ ਉੱਡਦੀ ਪਤੰਗ'** ਇੱਕ ਵਾਰਤਕ ਰੂਪੀ ਕਹਾਣੀ ਹੈ ਜਿਸ ਵਿੱਚ ਰੇਨੂ ਅਤੇ ਡੈਨੀਅਲ ਦੇ ਵਿਆਹ ਦਾ ਬਿਰਤਾਂਤ ਹੈ। ਇਸ ਕਹਾਣੀ ਦੇ ਸ਼ੁਰੂ ਵਿੱਚ ਰੇਨੂ ਦੇ ਗ਼ੈਰ ਪੰਜਾਬੀ ਨਾਲ ਵਿਆਹ ਕਰਵਾਉਣ ਦੇ ਫ਼ੈਸਲੇ ਕਾਰਨ ਟਕਰਾਅ ਉੱਠਦਾ ਹੈ ਜੋ ਸੰਤਾਪ ਦਾ ਕਾਰਨ ਵੀ ਬਣਦਾ ਹੈ ਪਰੰਤੂ ਉਹਨਾਂ ਦੋਹਾਂ ਦੀ ਸਮਝਦਾਰੀ ਅਤੇ ਮਾਪਿਆਂ ਦੇ ਚਰਿੱਤਰ ਦੀ ਲਚਕਤਾ ਅੰਤ ਵਿੱਚ ਸਭ ਠੀਕ ਕਰ ਦਿੰਦੇ ਹਨ। ਇਸੇ ਤਰ੍ਹਾਂ ਦੀ ਕਹਾਣੀ **'ਪੰਡੋਰਾ'** ਹੈ ਜਿਸ ਵਿੱਚ ਕਨੇਡਾ ਜੰਮੀ ਪਲੀ ਪੰਜਾਬੀ ਕੁੜੀ ਮੈਗੀ ਦੀ ਮਾਂ ਦਾ ਸੰਤਾਪ ਚਿਤਰਤ ਹੋਇਆ ਹੈ। ਉਸ ਦੀ ਸੋਚ ਨੂੰ ਕਹਾਣੀਕਾਰ ਇਹਨਾਂ ਸ਼ਬਦਾਂ 'ਚ ਲਿਖਦਾ ਹੈ, "ਪੰਜਾਬੀ ਪਰਿਵਾਰਾਂ ਵਿੱਚ ਨਿਆਣਿਆਂ ਦੀ ਸੁਣੀ ਹੀ ਕਿੱਥੇ ਜਾਂਦੀ ਹੈ। ਬਲਕਿ ਉਨ੍ਹਾਂ ਨੂੰ ਸੁਣਾਈ ਜਾਂਦੀ ਹੈ, ਹੁਕਮ ਦਿੱਤਾ ਜਾਂਦਾ ਹੈ ਤੇ ਈਨ ਮਨਵਾਈ ਜਾਂਦੀ ਹੈ। ਮੈਗੀ ਕੈਨੇਡੀਅਨ ਬੌਰਨ ਉਨ੍ਹਾਂ ਬੱਚਿਆਂ ਚੋਂ ਇੱਕ ਸੀ ਜੋ ਆਪੋ ਆਪੋ ਆਪਣੀ ਹੋਂਦ ਦੀ ਲੜਾਈ ਲੜ੍ਹਦੇ, ਬਗਾਵਤ ਤੇ ਉੱਤਰ ਆਉਂਦੇ ਨੇ। [6] ਉਹ ਆਪਣੇ ਪਤੀ ਤੇ ਸੱਸ ਤੋਂ ਡਰਦੀ ਆਪਣੀ ਧੀ 'ਤੇ ਬੰਦਿਸ਼ਾਂ ਲਾਉਂਦੀ ਹੈ ਪਰ ਅੰਤ ਵਿੱਚ ਉਹ ਆਪਣੀ ਧੀ ਨਾਲ ਖਲੋਂਦੀ ਹੈ ਤੇ ਪਰਿਵਾਰ ਵਿਚਲੇ ਕਲੇਸ਼ ਨੂੰ ਖ਼ਤਮ ਕਰਨ ਦਾ ਸਬੱਬ ਬਣਦੀ ਹੈ। ਕਹਾਣੀ **'ਮਿੱਟੀ ਨਹੀਂ ਮਰਦੀ'** ਜੜ੍ਹਾਂ ਨਾਲ ਜੁੜੇ ਉਸ ਵਿਅਕਤੀ ਦੀ ਕਹਾਣੀ ਹੈ ਜੋ ਆਰਥਕ ਖ਼ੁਸ਼ਹਾਲੀ ਲਈ ਕਨੇਡਾ ਤਾਂ ਜਾ ਵੱਸਿਆ ਪਰ ਉੱਥੋਂ ਦੀ ਜ਼ਿੰਦਗੀ ਦੇ ਚੱਕਰਵਿਊ 'ਚ ਫਸਕੇ ਸੰਤਾਪ ਝੱਲਦਾ ਹੈ। ਆਪਣੇ ਭਰਾ ਦੀ ਮੌਤ'ਤੇ ਦੁੱਖੀ ਹੋਇਆ ਆਪਣੇ ਪਰਿਵਾਰ ਕੋਲ ਪੰਜਾਬ ਆਉਣ ਕਾਰਨ ਕੰਮ ਤੋਂ ਛੁੱਟੀ ਤੇ ਆਉਣ ਜਾਣ ਦੇ ਖ਼ਰਚੇ ਕਾਰਨ ਉਹ ਦੁੱਖੀ ਹੁੰਦਾ ਹੈ ਅਤੇ ਅੱਗੇ ਆਪਣੇ ਭਰਾ ਦੇ ਭੋਗ ਦਾ ਖ਼ਰਚਾ ਤੇ ਭਤੀਜੇ ਨੂੰ ਸੈਟ ਕਰਨ ਦਾ ਜ਼ਿੰਮਾ ਉਸਦੇ ਸੰਤਾਪ ਨੂੰ ਹੋਰ ਵਧਾ ਦਿੰਦੇ ਹਨ। **'ਬਲੈਕ ਆਈਸ'** ਇਸ ਕਹਾਣੀ-ਸੰਗ੍ਰਹਿ ਦੀ ਅੰਤਿਮ ਕਹਾਣੀ ਹੈ ਜਿਸ ਤੋਂ ਇਸ ਪੁਸਤਕ ਦਾ ਸਿਰਲੇਖ ਲਿਆ ਗਿਆ ਹੈ। ਇਹ ਕਹਾਣੀ ਜ਼ਿੰਦਗੀ ਦੀ ਮਿਹਨਤ, ਬੱਚਿਆਂ ਦੀ ਦੇਖ ਭਾਲ ਅਤੇ ਜੀਵਨ ਸਾਥੀ ਦੀ ਮੌਤ ਤੋਂ ਬਾਅਦ ਇਕੱਲੇ ਰਹਿ ਗਏ ਵਿਅਕਤੀ ਦੇ ਸੰਤਾਪ ਦੀ ਕਹਾਣੀ ਹੈ। ਜਿਸਨੂੰ ਆਪਣਾ ਸੁਪਨਿਆਂ ਦਾ ਘਰ ਵੇਚ ਕੇ ਸੀਨੀਅਰ ਹੋਮ ਜਾਣਾ ਪੈਂਦਾ ਹੈ ਕਿਉਂਕਿ ਉਹ ਹੁਣ ਇਕੱਲਾ ਹੈ।

ਇਸ ਢੰਗ ਨਾਲ਼ ਮੇਜਰ ਮਾਂਗਟ ਦਾ ਇਹ ਕਹਾਣੀ-ਸੰਗ੍ਰਹਿ ਨਾ ਕੇਵਲ ਇਹਨਾਂ ਪਾਤਰਾਂ ਦੇ ਸੰਤਾਪਾਂ ਨੂੰ ਚਿੱਤਰਤ ਕਰਦਾ ਹੈ ਸਗੋਂ ਇਸ ਸੰਤਾਪ ਨੂੰ ਦੂਰ ਕਰਨ ਲਈ ਹੱਲ ਵੀ ਦੱਸਦਾ ਹੈ। ਇਸੇ ਨਵੇਂ ਨੂੰ ਅਪਣਾਉਣ ਦੀ ਆਸ ਵਿੱਚ ਇਸ ਪੁਸਤਕ ਨੂੰ ਪਰਵਾਸੀ ਸਾਹਿਤ ਵਿੱਚ ਬਣਦਾ ਸਥਾਨ ਮਿਲਣ ਦੀ ਆਸ ਕੀਤੀ ਜਾਂਦੀ ਹੈ।

**ਹਵਾਲੇ** 1. punjabipedia.org ਪਰਵਾਸੀ ਸਾਹਿਤ dated 20-05-24

2. ਪ੍ਰਵਚਨ,ਅਪ੍ਰੈਲ-ਜੂਨ, 2018, ਰਜਨੀਸ਼ ਬਹਾਦਰ ਸਿੰਘ, ਪਰਵਾਸੀ ਜੀਵਨ ਦਾ ਪ੍ਰਤਿਮਾਨਕ ਬਿਰਤਾਂਤ, ਪੰਨਾ 45

3. ਮੇਜਰ ਮਾਂਗਟ, ਬਲੈਕ ਆਈਸ, ਗਰੇਸ਼ੀਅਸ ਬੁੱਕਸ, ਪੰਨਾ 102

4. ਉਹੀ, ਪੰਨਾ 112


5. ਉਹੀ, ਪੰਨਾ 126

6. ਉਹੀ, ਪੰਨਾ 160

(**ਸੰਪਰਕ: 98728-87551**)

# ਮਨੁੱਖੀ ਸੰਵੇਦਨਾ ਦਾ ਬਿਰਤਾਂਤ : ਅੰਦਰਲੇ ਯੁੱਧ

**ਡਾ. ਕੁਲਵਿੰਦਰ ਸਿੰਘ**




ਸਮਕਾਲੀ ਪੰਜਾਬੀ ਕਹਾਣੀ ਮਨੁੱਖੀ ਮਨ ਦੀਆਂ ਅੰਤਰੀਵ ਪਰਤਾਂ ਨੂੰ ਬੜੀ ਖ਼ੂਬਸੂਰਤੀ ਨਾਲ ਪਕੜ ਰਹੀ ਹੈ। ਬਲਵੰਤ ਫ਼ਰਵਾਲੀ ਪੰਜਾਬੀ ਸਾਹਿਤ ਦਾ ਨਿਵੇਕਲਾ ਕਥਾਕਾਰ ਹੈ ਜੋ ਸਮਕਾਲੀ ਮਨੁੱਖ ਦੀਆਂ ਅੰਦਰੂਨੀ ਪਰਤਾਂ ਨੂੰ ਆਲੋਚਨਾਤਮਿਕ ਰੂਪ ਵਿਚ ਸਿਰਜਦਾ ਹੈ। **'ਅੰਦਰਲੇ ਯੁੱਧ'** (**ਪ੍ਰਕਾਸ਼ਕ ਕੈਲੀਬਰ ਪਬਲੀਕੇਸ਼ਨ, ਪਟਿਆਲਾ, ਸਾਲ 2023, ਮੁੱਲ 230, ਪੰਨੇ 168**) ਉਸਦਾ ਪਲੇਠਾ ਕਥਾ ਸੰਗ੍ਰਹਿ ਹੈ।

ਕਹਾਣੀ **'ਡੌਂਕੀ'** ਰਾਹੀਂ ਕਥਾਕਾਰ ਸਮਕਾਲੀ ਪੰਜਾਬੀ ਨੌਜਵਾਨਾਂ ਅੰਦਰ ਅੰਨ੍ਹੇਵਾਹ ਪਰਵਾਸ ਦੀ ਹੋੜ ਨੂੰ ਆਲੋਚਨਾਤਮਿਕ ਰੂਪ ਵਿਚ ਚਿਤਰਦਾ ਹੈ। ਪਰਵਾਸ ਧਾਰਨ ਉਪਰੰਤ ਪਰਵਾਸੀ ਮਜ਼ਦੂਰਾਂ ਨਾਲ ਪੰਜਾਬੀਆਂ ਦੀਆਂ ਨੂੰਹਾਂ, ਧੀਆਂ ਦੇ ਕਿੱਸੇ ਜੁੜਨ, ਸਹੁਰਿਆਂ ਨਾਲ ਸੰਬੰਧ, ਡਾਲਰਾਂ ਦੀ ਭੁੱਖ ਕਾਰਨ ਰਿਸ਼ਤਿਆਂ 'ਚ ਪੇਤਲਾਪਣ ਆਉਣਾ ਆਦਿ ਦਰਪੇਸ਼ ਸਮੱਸਿਆਂ ਨੂੰ ਪੇਸ਼ ਕਰਦਾ ਹੈ। ਦੂਸਰੇ ਪਾਸੇ ਨਸ਼ੇੜੀ ਨੌਜਵਾਨਾਂ ਦੁਆਰਾ ਮਾਵਾਂ ਤੇ ਭਰਾਵਾਂ ਦਾ ਕਤਲ ਕਰਕੇ ਸਵੈ ਹਿੱਤਾਂ ਨੂੰ ਪ੍ਰਮੁੱਖਤਾ ਦੇਣਾ ਰਿਸ਼ਤਿਆਂ ਦੇ ਖ਼ਾਤਮੇ ਨੂੰ ਉਭਾਰਦਾ ਹੈ। ਲੇਖਕ ਅਜੋਕੇ ਨੌਜਵਾਨ ਪੀੜ੍ਹੀ ਨੂੰ ਚਾਲੀ-ਪੰਜਾਹ ਲੱਖ ਰੁਪਏ ਖ਼ਰਚ ਕਰਕੇ ਮੈਕਸੀਕੋ ਦੇ ਬਾਡਰ ਦੀ ਡੌਂਕੀ ਲਗਾਉਣ ਨਾਲੋਂ ਪੰਜਾਬ ਵਿਚ ਹੀ ਆਪਣਾ ਕਾਰੋਬਾਰ ਕਰਨ ਲਈ ਪ੍ਰੇਰਦਾ ਹੈ ਤਾਂ ਜੋ ਪੰਜਾਬੀਆਂ ਦੇ ਪਰਵਾਸ ਨੂੰ ਰੋਕਿਆ ਜਾ ਸਕੇ।

ਕਹਾਣੀ **'ਜਵਾਰ ਭਾਟਾ'** ਬੇਔਲਾਦ ਜੋੜਿਆਂ ਦੇ ਮਾਨਸਿਕ ਦਵੰਦ ਨੂੰ ਦਰਸਾਉਂਦੀ ਹੈ। ਕਥਾਕਾਰ ਇਸ ਰਚਨਾ ਰਾਹੀਂ ਔਲਾਦ ਨਾ ਹੋਣ ਕਾਰਨ ਪਤੀ-ਪਤਨੀ ਦੀ ਚਿੰਤਾ, ਸੱਸਾਂ ਦਾ ਨੂੰਹਾਂ ਨੂੰ ਭਲਾ-ਬੁਰਾ ਕਹਿਣਾ, ਨਾਮਰਦੀ ਕਾਰਨ ਤਲਾਕ ਹੋਣਾ ਆਦਿ ਸਮਕਾਲੀ ਸਮੱਸਿਆਵਾਂ ਨਾਲ ਜੂਝਦੇ ਔਰਤ-ਮਰਦ ਦੇ ਅੰਤਰੀਵੀ ਯੁੱਧ ਨੂੰ ਪੇਸ਼ ਕਰਦਾ ਹੈ। ਵਿਚਾਰਧੀਨ ਕਹਾਣੀ ਵਿਚਲੇ ਪਤੀ-ਪਤਨੀ ਆਪਣੇ ਟੈਸਟਾਂ ਦੀਆਂ ਰਿਪੋਰਟਾਂ ਤੋਂ ਪਹਿਲਾਂ ਇਕ-ਦੂਸਰੇ ਦਾ ਸਾਥ ਨਾ ਛੱਢਣ ਲਈ ਬਚਨਵੱਧਤਾ ਦਰਸਾਉਂਦੇ ਹਨ। ਰਿਪੋਰਟਾਂ ਦਰੁਸਤ ਹੋਣ ਉਪਰੰਤ ਦੋਵਾਂ ਦੇ ਮਨਾਂ ਅੰਦਰ ਉੱਠਿਆ ਜਵਾਰਭਾਟਾ ਸ਼ਾਂਤ ਹੁੰਦਾ ਹੈ ਅਤੇ ਉਹ ਪਰਸਪਰ ਪਿਆਰ, ਮੁਹੱਬਤ ਤੇ ਵਿਸ਼ਵਾਸ਼ ਦੁਆਰਾ ਆਪਣੀ ਜ਼ਿੰਦਗੀ ਨੂੰ ਬਿਹਤਰੀਨ ਬਣਾਉਣ ਲਈ ਦ੍ਰਿੜ ਹੁੰਦੇ ਹਨ।

ਕਹਾਣੀ **'ਧੁਆਂਖਿਆ ਜੰਗਲ'** ਵਿਸ਼ਵੀਕਰਨ ਦੇ ਦੌਰ ਵਿਚ ਮੋਬਾਇਲ ਐਪਲੀਕੇਸ਼ਨਜ਼ ਦੁਆਰਾ ਨੌਜਵਾਨ ਪੀੜ੍ਹੀ ਦੇ ਅਹਿਸਾਸਾਂ ਦੇ ਸੰਕੁਚਿਤ ਹੋਣ ਨੂੰ ਉਭਾਰਦੀ ਹੈ। ਔਰਤ ਪਾਤਰ ਪਵਨ ਅਜਿਹੇ ਜੀਵਨ ਸਾਥੀ ਦੀ ਤਲਾਸ਼ ਵਿਚ ਹੈ ਜਿਹੜਾ ਕੁੜੀ ਚਿੜੀ ਦੀ ਹੋਂਦ ਨਾ ਪਰਖਦਾ ਹੋਵੇ ਪਰੰਤੂ ਦਿਲਰਾਜ ਉਸ ਨਾਲ ਵਿਸ਼ਵਾਸ਼ਘਾਤ ਕਰਦਾ ਹੈ। ਤਕਨੀਕੀ ਯੁੱਗ ਵਿਚ ਅਸੀਂ

ਵਿਕਾਸ ਪੱਖੋਂ ਵਧ ਰਹੇ ਹਾਂ ਜਦੋਂ ਕਿ ਰਿਸ਼ਤਿਆਂ, ਅਹਿਸਾਸਾਂ, ਵਿਸ਼ਵਾਸ਼ਾਂ ਅਤੇ ਧਰਵਾਸਾਂ ਪੱਖੋਂ ਪਛੜ ਰਹੇ ਹਾਂ। ਮਰਦ ਔਰਤ ਨਾਲ ਭਾਵਨਾਤਮਿਕ ਸਾਂਝ ਸਦਕਾ ਜਿਸਮਾਨੀ ਸਾਂਝ ਲਈ ਤਤਪਰ ਰਹਿੰਦਾ ਹੈ। ਲੇਖਕ ਮਾਵਾਂ ਨੂੰ ਆਪਣੀਆਂ ਧੀਆਂ ਦੀ ਸੁਚੱਜੀ ਅਗਵਾਈ ਕਰਨ ਅਤੇ ਮੁਟਿਆਰਾਂ ਨੂੰ ਬਾਜ਼ ਬਣਨ ਲਈ ਪ੍ਰੇਰਦਾ ਹੈ।

**'ਯੁੱਧ ਵਰਗੀ ਪੀੜ'** ਕਹਾਣੀ ਰਾਹੀਂ ਔਰਤਾਂ ਦੇ ਸਮੁੱਚੇ ਜੀਵਨ ਦੀ ਯੁੱਧ ਨਾਲ ਤੁਲਨਾ ਕਰਦਾ ਹੈ ਕਿ ਉਹ ਯੁੱਧ ਵਿਚ ਜੰਮਦੀਆਂ, ਜਿਉਂਦੀਆਂ ਤੇ ਮਰਦੀਆਂ ਹਨ। ਜਿਹਨਾਂ ਦੇ ਅੰਦਰ ਯੁੱਧ ਨਾਦ ਵੱਜਦਾ ਹੈ ਉਹ ਜਿੱਤਦੀਆਂ ਅਤੇ ਜਿਹਨਾਂ ਨੂੰ ਉਹ ਨਾਦ ਨਹੀਂ ਸੁਣਦਾ ਉਹ ਹਾਰਦੀਆਂ ਹਨ। ਸੁਰਜੀਤ ਪੁੱਤਰ ਨਾ ਹੋਣ ਕਾਰਨ ਆਪਣੇ ਪਤੀ ਤੇ ਸੱਸ ਦੇ ਤਾਹਨੇ-ਮਿਹਣੇ ਸਹਿੰਦਿਆਂ ਆਪਾ ਕੁਰਬਾਨ ਕਰਦੀ ਹੈ। ਸੁਰਜੀਤ ਦੀ ਧੀ ਬੌਬੀ ਆਪਣੇ ਸਹੁਰਿਆਂ ਦਾ ਵੱਡਾ ਤੇ ਭਰਿਆ ਘਰ ਵੇਖ ਕੇ ਚਾਅ, ਸੁਪਨੇ, ਸੱਧਰਾਂ, ਉਮੀਦਾਂ ਤੇ ਅਹਿਸਾਸਾਂ ਉੱਪਰ ਜਿੱਤ ਮਹਿਸੂਸ ਕਰਦੀ ਹੈ ਜਦੋਂ ਕਿ ਪਤੀ ਦੇ ਨਸ਼ੇੜੀ ਹੋਣ ਕਾਰਨ ਉਹ ਹਾਰ ਮੰਨਦੀ ਹੈ। ਇਸ ਤੋਂ ਇਲਾਵਾ ਲੇਖਕ ਮਤਰੇਏ ਭਰਾ ਤੇ ਭੈਣ ਦੁਆਰਾ ਬਣਾਏ ਸੰਬੰਧਾਂ ਦੁਆਰਾ ਰਿਸ਼ਤਿਆਂ ਵਿਚ ਆਏ ਪੇਤਲੇਪਣ ਨੂੰ ਵੀ ਸਿਰਜਦਾ ਹੈ।

ਕਹਾਣੀ **'ਕੁੜੱਤਣ'** ਦੁਆਰਾ ਲੇਖਕ ਇਕ ਪਾਸੇ ਝੂਠੇ ਪੁਲਿਸ ਮੁਕਾਬਲਿਆਂ ਵਿਚ ਨੌਜਵਾਨ ਸੁਖਦੇਵ ਦੇ ਮਾਰੇ ਜਾਣ ਕਾਰਨ ਉਸਦੇ ਬਜ਼ੁਰਗ ਮਾਪਿਆਂ ਦੀਆਂ ਸਮੱਸਿਆਵਾਂਨ ਨੂੰ ਬਿਆਨ ਕਰਦਾ ਹੈ। ਦੂਸਰੇ ਪਾਸੇ ਦਲਿਤ ਸਮਾਜ ਵਿਚੋਂ ਸਰਕਾਰੀ ਨੌਕਰੀ ਲੱਗਣ ਉਪਰੰਤ ਦੀਪ ਦੀ ਪਤਨੀ ਉਸਨੂੰ ਸ਼ਹਿਰ ਰਹਿਣ ਲਈ ਮਜ਼ਬੂਰ ਕਰਦੀ ਹੈ ਕਿਉਂਕਿ ਪੂੰਜੀਵਾਦੀ ਕਦਰਾਂ-ਕੀਮਤਾਂ ਤੇ ਸ਼ਹਿਰੀ ਸਭਿਆਚਾਰ ਨੌਕਰੀਪੇਸ਼ਾ ਵਰਗ ਨੂੰ ਵਧੇਰੇ ਪ੍ਰਭਾਵਿਤ ਕਰਦਾ ਹੈ। ਜਿਸ ਕਾਰਨ ਅਮਨ ਸੱਸ-ਸਹੁਰੇ ਨਾਲੋਂ ਆਪਣੇ ਸੁਪਨਿਆਂ ਨੂੰ ਵਧੇਰੇ ਤਰਜੀਹ ਦਿੰਦੀ ਹੈ ਜਿਸਦੀ ਬਦੌਲਤ ਦੀਪ ਦੇ ਬਿਰਧ ਮਾਪੇ ਇਕੱਲਤਾ ਦਾ ਸੰਤਾਪ ਹੰਢਾਉਣ ਲਈ ਮਜ਼ਬੂਰ ਹੁੰਦੇ ਹਨ। ਕਥਾਕਾਰ ਗੰਢਿਆਂ ਦੀ ਕੁੜੱਤਣ ਦੁਆਰਾ ਰਿਸ਼ਤਿਆਂ ਵਿਚ ਆਈ ਕੁੜੱਤਣ ਨੂੰ ਆਲੋਚਨਾਤਮਿਕ ਰੂਪ ਵਿਚ ਚਿਤਰਦਾ, ਬਿਰਧ ਮਾਪਿਆਂ ਪ੍ਰਤੀ ਸਕਾਰਾਤਮਿਕ ਦ੍ਰਿਸ਼ਟੀਕੋਣ ਅਪਣਾਉਣ ਲਈ ਪ੍ਰੇਰਦਾ ਹੈ।

**'ਬੰਦਾ ਤਾਂ ਬੰਦਾ ਹੀ ਰਹਿੰਦਾ'** ਕਹਾਣੀ ਰਾਹੀਂ ਕਥਾਕਾਰ ਬੰਦੇ ਅੰਦਰਲੇ ਬੰਦੇ ਦੀਆਂ ਲੁਪਤ ਭਾਵਨਾਵਾਂ ਨੂੰ ਉਜਾਗਰ ਕਰਨ ਦਾ ਯਤਨ ਕਰਦਾ ਹੈ ਕਿ ਕਿਸ ਤਰ੍ਹਾਂ ਜਗਦੇਵ ਆਪਣੀ ਪਤਨੀ ਮਿੰਦਰ ਦੀਆਂ ਗਲਤੀਆਂ ਨੂੰ ਛੁਪਾਈ ਰੱਖਦਾ ਹੈ। ਆਪਣੇ ਪੁੱਤਰ ਪ੍ਰਤਾਪ ਦੁਆਰਾ ਕੈਨੇਡਾ ਭੇਜਣ ਦੀ ਇੱਛਾ ਕਾਰਨ ਉਸ ਵਿਚੋਂ ਰਿੰਪਲ ਦੇ ਗੁਣ ਉਭਰਦੇ ਪ੍ਰਤੀਤ ਹੁੰਦੇ ਹਨ ਜਿਸ ਕਾਰਨ ਉਹ ਆਪਣੀਆਂ ਦਮਿੱਤ ਭਾਵਾਨਾਵਾਂ ਨੂੰ ਤ੍ਰਿਪਤ ਕਰਦਾ ਹੈ। ਪਤਨੀ ਉਸਦੇ ਅਜਿਹੇ ਵਿਵਹਾਰ ਨੂੰ ਸਹਿਣ ਨਹੀਂ ਕਰਦੀ।

**'ਲੈਫਟੀਨੈਂਟ'** ਕਹਾਣੀ ਦੁਆਰਾ ਲੇਖਕ ਪੂੰਜੀਵਾਦੀ ਸਮਾਜ ਵਿਚ ਮਨੁੱਖ ਦੇ ਨਿੱਜਤਵ ਨੂੰ ਉਭਾਰਦਾ ਹੈ। ਪਤੀ-ਪਤਨੀ ਅਧਿਆਪਕ ਹੁੰਦੇ ਹੋਏ ਵੀ ਉਹ ਆਪਣੇ ਨਾਲਾਇਕ ਪੁੱਤਰ ਨੂੰ ਉੱਚ ਅਹੁਦੇ ਤੱਕ ਪਹੁੰਚਾਉਣ ਲਈ ਦਲਿਤ ਵਿਦਿਆਰਥੀ ਤਨਵੀਰ ਦੀ ਜ਼ਿੰਦਗੀ ਤਬਾਹ ਕਰਦੇ ਹਨ ਜਿਹੜਾ ਕਿ ਗਰੀਬ, ਮਿਹਨਤੀ ਤੇ ਲੋੜਵੰਦ ਹੈ ਜਿਸ ਕਾਰਨ ਉਹ ਨਸ਼ਿਆਂ ਦੀ ਦਲਦਲ ਵਿਚ ਧਸਦਾ ਹੈ। ਜਦੋਂ ਸੰਸਾਰ ਨੂੰ ਆਪਣੇ ਮਾਪਿਆਂ ਦੇ ਸਵਾਰਥੀਪਣ ਬਾਰੇ ਪਤਾ ਲਗਦਾ ਹੈ ਤਾਂ ਉਹ ਵੀ ਨਸ਼ਿਆਂ ਨਾਲ ਸਾਂਝ ਪਾਉਂਦਾ ਹੈ। ਕਹਾਣੀ **'ਲਾਲ ਲਕੀਰ'** ਦਲਿਤ ਸਮਾਜ ਦੇ ਘਰਾਂ ਦਾ ਲਾਲ ਲਕੀਰ ਦੇ ਅੰਦਰ ਹੋਣ ਕਾਰਨ ਉਹ ਕਿਸੇ ਕਿਸਮ ਦਾ ਲੋਨ ਵੀ ਨਹੀਂ ਲੈ ਸਕਦੇ

ਕਿਉਂਕਿ ਇਸ ਲਈ ਘਰ ਦੇ ਕਾਗਜ਼ ਲਾਲ ਲਕੀਰ ਦੇ ਬਾਹਰ ਹੋਣੇ ਲਾਜ਼ਮੀ ਹਨ। ਜਿਸ ਕਾਰਨ ਗਰੀਬ ਪਾਤਰ ਗੁਰਮੇਲ ਆਪਣਾ ਗੁਰਦਾ ਵੇਚਣ ਲਈ ਮਜ਼ਬੂਰ ਹੁੰਦਾ ਹੈ ਤਾਂ ਜੋ ਉਹ ਆਪਣੀ ਧੀ ਦੇ ਸੁਪਨਿਆਂ ਨੂੰ ਪੂਰਾ ਕਰ ਸਕੇ। ਕਥਾਕਾਰ ਸਮਕਾਲੀ ਸਰਕਾਰਾਂ ਦੀ ਲੋਕਾਂ ਪ੍ਰਤੀ ਜ਼ਿੰਮੇਵਾਰੀ ਤੇ ਜੁਆਬਦੇਹੀ ਉੱਪਰ ਪ੍ਰਸ਼ਨ ਚਿੰਨ੍ਹ ਲਗਾਉਂਦਾ ਹੈ ਜਿਸਦੀ ਬਦੌਲਤ ਨਿਮਨ ਵਰਗ ਦਾ ਮਨੁੱਖ ਅਜਿਹਾ ਕਦਮ ਚੁੱਕਣ ਲਈ ਲਾਚਾਰ ਤੇ ਬੇਵਸ ਹੁੰਦਾ ਹੈ।


ਕਹਾਣੀ **'ਦਾਅ ਤੇ ਚਾਅ'** ਰਾਹੀਂ ਲੇਖਕ ਇਕ ਪਾਸੇ ਫਿਲਮ 'ਦੰਗਲ' ਦੀਆਂ ਪਹਿਲਵਾਨ ਕੁੜੀਆਂ ਦੀ ਮਿਹਨਤ ਤੇ ਹਿੰਮਤ ਨੂੰ ਉਭਾਰਨਾ, ਦੂਸਰੇ ਪਾਸੇ ਕੁਸ਼ਤੀ ਸੰਗਠਨ ਦੇ ਪ੍ਰਧਾਨ ਉੱਪਰ ਖਿਡਾਰਨਾਂ ਦੇ ਯੌਨ ਸ਼ੋਸ਼ਣ ਦਾ ਮਾਮਲਾ ਅਤੇ ਤੀਸਰਾ ਪਿੱਛਲਝਾਤ ਵਿਧੀ ਰਾਹੀਂ ਔਰਤ ਪਾਤਰ ਕੁਲਦੀਪ ਦੀਆਂ ਕੌੜੀਆਂ ਕੁਸੈਲੀਆਂ ਯਾਦਾਂ, ਕੋਚਾਂ ਤੇ ਪ੍ਰਬੰਧਕਾਂ ਦੀਆਂ ਵਧੀਕੀਆਂ ਨੂੰ ਆਲੋਚਨਾਤਮਿਕ ਰੂਪ ਵਿਚ ਪੇਸ਼ ਕਰਦਾ ਹੈ। ਕੁਲਦੀਪ ਦਾ ਆਪਣੀ ਜ਼ਿਆਦਤੀ ਵਿਰੁੱਧ ਆਵਾਜ਼ ਬੁਲੰਦ ਕਰਨਾ ਹੀ ਇਸ ਕਹਾਣੀ ਦੀ ਪ੍ਰਾਪਤੀ ਹੈ। ਕਥਾਕਾਰ ਖੇਡਾਂ ਨਾਲ ਜੁੜੀਆਂ ਬੱਚੀਆਂ ਨਾਲ ਹੁੰਦੀਆਂ ਵਧੀਕੀਆਂ ਨੂੰ ਸਨਮੁੱਖ ਕਰਕੇ ਵਿਦਿਅਕ ਅਦਾਰਿਆਂ ਅਤੇ ਖੇਡ ਜਗਤ ਨਾਲ ਜੁੜੇ ਅਜਿਹੇ ਭੇੜੀਏ ਰੂਪੀ ਕੋਚਾਂ ਤੇ ਪ੍ਰਬੰਧਕਾਂ ਨੂੰ ਬੇਪਰਦ ਕਰਦਾ ਹੈ ਜਿਹੜੇ ਭੋਲੀਆਂ-ਭਾਲੀਆਂ ਬੱਚੀਆਂ ਨੂੰ ਆਪਣੀ ਹਵਸ਼ ਦਾ ਸ਼ਿਕਾਰ ਬਣਾਉਣ ਲਈ ਤਤਪਰ ਰਹਿੰਦੇ ਹਨ।

ਕਥਾਕਾਰ **'ਬੱਦਲਾਂ ਦੇ ਓਹਲੇ ਦਾ ਸੂਰਜ'** ਰਾਹੀਂ ਪੰਜਾਬੀ ਸਮਾਜ ਨੂੰ ਡੇਰਾਵਾਦ ਸਭਿਆਚਾਰ ਦੀ ਗ੍ਰਿਫ਼ਤ ਵਿਚੋਂ ਕੱਢਣ ਲਈ ਵਿਗਿਆਨਕ ਸੋਚ ਅਪਣਾਉਣ ਲਈ ਪ੍ਰੇਰਦਾ ਹੈ। ਕਾਮਰੇਡ ਗੁਰਮੀਤ ਸਿੰਘ ਮਾਰਕਸਵਾਦੀ ਵਿਚਾਰਧਾਰਾ ਦਾ ਧਾਰਨੀ ਹੋਣ ਦੇ ਬਾਵਜੂਦ ਵੀ ਉਹ ਆਪਣੀ ਧੀ ਨੇਹਾ ਦੇ ਇਲਾਜ ਲਈ ਪਿੰਡ ਦੇ ਡੇਰੇ ਵਿਚ ਪਹੁੰਚਦਾ ਹੈ ਜਿੱਥੇ ਉਹ ਅਜੀਬ ਕਿਸਮ ਦਾ ਵਾਤਾਵਰਨ ਵੇਖ ਕੇ ਡੇਰੇ ਵਿੱਚੋਂ ਬਾਹਰ ਨਿਕਲ ਆਉਂਦਾ ਹੈ। ਕਥਾਕਾਰ ਵਿਗਿਆਨਕ ਸੋਚ ਦੇ ਧਾਰਨੀ ਮਨੁੱਖ ਦੇ ਡੋਲਣ ਉਪਰੰਤ ਉਸ ਨੂੰ ਸਹੀ ਮਾਰਗ ਦਿਖਾਉਂਦਾ ਤੇ ਆਪਣੀ ਧੀ ਦੇ ਇਲਾਜ ਲਈ ਵਿਗਿਆਨਕ ਢੰਗ ਵਰਤਦਾ ਹੈ।

ਕਹਾਣੀ **'ਆਪਣੀਆਂ ਪੈੜਾਂ ਦੀ ਨਿਸ਼ਾਨਦੇਹੀ'** ਦੁਆਰਾ ਲੇਖਕ ਪੰਜਾਬ ਤੇ ਪੰਜਾਬੀਅਤ ਨੂੰ ਜਿੰਦਾ ਰੱਖਣ ਲਈ ਚਿੰਤਤ ਹੈ। ਉਹ ਸਮਕਾਲੀ ਪੰਜਾਬ ਦੀਆਂ ਨਸਲਾਂ ਤੇ ਫ਼ਸਲਾਂ ਨੂੰ ਸੰਭਾਲਣ ਲਈ ਫ਼ਿਕਰਮੰਦ ਹੈ ਉਹ ਕਹਾਣੀ ਦੇ ਪਾਤਰ ਘੋਗੇ ਦੇ ਦਾਦੇ ਦੁਆਰਾ ਅਖਵਾਉਂਦਾ ਹੈ। ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਬਲਵੰਤ ਫ਼ਰਵਾਲ਼ੀ ਆਪਣੇ ਇਸ ਕਥਾ ਸੰਗ੍ਰਹਿ ਦੁਆਰਾ ਆਪਣੇ ਪਾਤਰਾਂ ਦੇ ਵਲਵਲਿਆਂ ਨੂੰ ਬਿਆਨ ਕਰਨ ਦੇ ਨਾਲ-ਨਾਲ ਉਨ੍ਹਾਂ ਦੇ ਅੰਤਰੀਵੀ ਮਨ ਦੀਆਂ ਅਨੇਕਾਂ ਪਰਤਾਂ ਨੂੰ ਵੀ ਚਿਤਰਦਾ ਹੈ। ਆਪਣੀ ਕਥਾ ਨੂੰ ਵਾਸਤਵਿਕ ਬਣਾਉਣ ਲਈ ਉਹ ਅਖਾਣਾਂ, ਮੁਹਾਵਰਿਆਂ, ਗੀਤਾਂ, ਵਿਸਰ ਰਹੇ ਪੰਜਾਬੀ ਸ਼ਬਦਾਂ ਦੀ ਸੁਚੱਜੀ ਵਰਤੋਂ, ਪੰਜਾਬੀ ਭਾਸ਼ਾ ਉੱਪਰ ਮਜ਼ਬੂਤ ਪਕੜ, ਵਿਭਿੰਨ ਕਥਾ-ਜੁਗਤਾਂ ਦੀ ਵਰਤੋਂ ਆਦਿ ਵਿਸ਼ੇਸ਼ਤਾਵਾਂ ਉਸ ਨੂੰ ਸਫ਼ਲ ਬਣਾਉਂਦੀਆਂ ਹਨ।(**ਸੰਪਰਕ-95012-45290**)

## ਜ਼ਿੰਦਰੀ ਦੇ ਨੇੜੇ ਦੀ ਕਥਾ : ਹਸ਼ਮਤ ਚਾਚਾ

### ਡਾ. ਸੁਖਪਾਲ ਕੌਰ ਸਮਰਾਲਾ




ਮੁਹੰਮਦ ਇਮਤਿਆਜ਼ ਆਪਣੀ ਕਹਾਣੀ ਕੁਸ਼ਲਤਾ ਕਾਰਨ ਤੇਜੀ ਨਾਲ ਪੰਜਾਬੀ ਕਹਾਣੀ ਵਿੱਚ ਆਪਣੀ ਸਪੇਸ ਬਣਾ ਰਿਹਾ ਹੈ। **'ਹਸ਼ਮਤ ਚਾਚਾ'** (**ਪ੍ਰਕਾਸ਼ਕ: ਪੀਪਲਜ਼ ਫ਼ੋਰਮ ਬਰਗਾੜੀ**, **ਸਾਲ**: 2023, **ਮੁੱਲ**: 150 **ਰੁਪਏ**, **ਪੰਨੇ**: 112) ਵਿਚਲੀਆਂ ਕਹਾਣੀਆਂ ਵਿੱਚ ਉਹ ਆਪਣੇ ਵਿਸ਼ਿਆਂ ਨੂੰ ਬਾਖੂਬੀ ਨਿਭਾਉਂਦਾ ਨਜ਼ਰ ਆਉਂਦਾ ਹੈ। ਉਸ ਦਾ ਟੈਕਸਟ ਸੰਜਮੀ ਸ਼ੈਲੀ ਨੂੰ ਅਪਣਾਉਂਦਾ ਹੈ ਅਤੇ ਮੱਧਵਰਗੀ ਮਾਨਸਿਕਤਾ, ਬੇਤਰਤੀਬੀ ਅਤੇ ਬੇਗਾਨਗੀ, ਦੋਚਿਤੀ ਅਤੇ ਬਹੁਪਰਤੀ ਆਪੇ ਨਾਲ ਜੁੜੇ ਉਸ ਦੇ ਪਾਤਰ ਬੜੀ ਸ਼ਿੱਦਤ ਨਾਲ ਆਪੋ ਆਪਣੀ ਹੋਂਦ ਜਤਾਉਂਦੇ ਅਤੇ ਸੰਘਰਸ਼ ਕਰਦੇ ਨਜ਼ਰ ਆਉਂਦੇ ਹਨ। ਬੇਤਰਤੀਬੀ ਦਾ ਸਾਹਮਣਾ ਕਰਦੇ ਹੋਏ ਵੀ ਉਹ ਜ਼ਿੰਦਗੀ ਨੂੰ ਤਰਤੀਬਵਾਰ ਬਣਾਉਣ ਲਈ ਯਤਨਸ਼ੀਲ਼ ਰਹਿੰਦੇ ਹਨ। ਇਸ ਦੀ ਖੂਬਸੂਰਤ ਮਿਸਾਲ ਕਹਾਣੀ ਹਸ਼ਮਤ ਚਾਚਾ ਹੈ। ਕਹਾਣੀ ਰੇਡਿਉ ਪ੍ਰੋਡਿਊਸਰ ਹਸ਼ਮਤ ਅਲੀ ਦੇ ਦੁਆਲੇ ਘੁੰਮਦੀ ਹੈ। ਜਿਹੜਾ ਆਪਣੀ ਨਜ਼ਰ ਨਾਲ ਦੁਨੀਆ ਨੂੰ ਦੇਖਣਾ ਪਸੰਦ ਕਰਦਾ ਹੈ ਅਤੇ ਆਪਣੀਆਂ ਸ਼ਰਤਾਂ ਤੇ ਆਪਣੀ ਜ਼ਿੰਦਗੀ ਜਿਉਣਾ ਚਾਹੁੰਦਾ ਹੈ। ਕਹਾਣੀ ਦੀ ਸ਼ੁਰੂਆਤ ਵਿੱਚ ਹੀ ਹਸ਼ਮਤ ਚਾਚੇ ਦਾ ਜ਼ਿੰਦਗੀ ਪ੍ਰਤੀ ਨਜ਼ਰੀਆਂ ਸਪੱਸ਼ਟ ਨਜ਼ਰ ਆਉਂਦਾ ਹੈ ਜਦੋਂ ਕਹਾਣੀਕਾਰ ਉਸ ਦੇ ਕਮਰੇ ਵਿੱਚ ਸਜੀਆਂ ਤਸਵੀਰਾਂ ਦਾ ਜ਼ਿਕਰ ਕਰਦਾ ਹੈ। ਉਸ ਦਾ ਤਕੀਆਂ ਕਲਾਮ ਘਟੀਆਂ ਲੋਕ ਇਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਉਸ ਦੇ ਜ਼ਿੰਦਗੀ ਨੂੰ ਜਾਨਣ ਅਤੇ ਮਾਨਣ ਦੇ ਆਪਣੇ ਰੰਗ ਅਤੇ ਢੰਗ ਹਨ। ਕਹਾਣੀ ਉਸ ਵਕਤ ਆਪਣੇ ਸਿਖਰ ਨੂੰ ਤੁਰਦੀ ਹੈ ਜਦੋਂ ਉਹ ਆਪਣੀ ਕਬਰ ਲਈ ਤਖਤੀ ਵੀ ਆਪਣੀ ਮਰਜ਼ੀ ਨਾਲ ਬਣਾਉਂਦਾ ਹੈ ਅਤੇ ਕਹਾਣੀਕਾਰ ਦੇ ਸਪੁਰਦ ਕਰਦਿਆਂ ਉਸ ਨੂੰ ਆਪਣੀ ਕਬਰ ਤੇ ਲਾਉਣ ਦੀ ਹਿਦਾਇਤ ਕਰਦਾ ਹੈ। ਉਸਦੇ ਆਸ ਪਾਸ ਵਾਲੇ ਲੋਕਾਂ ਲਈ ਉਹ ਸਿਰਫ ਇੱਕ ਅਸਫਲ ਇਨਸਾਨ ਸੀ। ਜਿਸਨੇ ਆਪਣੀ ਜ਼ਿੰਦਗੀ ਵਿੱਚ ਕੁਝ ਵੀ ਹਾਸਿਲ ਨਹੀ ਕੀਤਾ ਸੀ। ਇਸ ਕਰਕੇ ਉਹ ਮਰਨ ਤੋਂ ਬਾਅਦ ਵੀ ਆਪਣੀ ਮਰਜ਼ੀ ਦੀ ਪਹਿਚਾਣ ਛੱਡ ਕੇ ਜਾਣਾ ਚਾਹੁੰਦਾ ਹੈ।

ਜ਼ਿੰਦਗੀ ਵਿੱਚ ਸੰਵੇਦਨਸ਼ੀਲ ਹੋਣਾ ਬਹੁਤ ਜ਼ਰੂਰੀ ਹੈ। ਜੇ ਬੰਦੇ ਦੇ ਅੰਦਰੋਂ ਸੰਵੇਦਨਾ ਹੀ ਖਤਮ ਹੋ ਜਾਵੇ ਤਾਂ ਬੰਦਾ ਬੰਦਾ ਨਹੀ ਰਹਿੰਦਾ। ਹਮਦਰਦੀ ਭਰੇ ਇਨਸਾਨਾਂ ਨੂੰ ਜਦੋਂ ਜ਼ਿੰਦਗੀ ਵਿੱਚ ਕਠੋਰ ਹਾਲਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਹਨਾਂ ਨੂੰ ਅਸਹਿ ਜਾਪਦਾ ਹੈ। ਕਹਾਣੀ **'ਬਾਬੂ ਜੀ'**ਦਾ ਵਿੱਕੀ ਵੀ ਅਜਿਹਾ ਹੀ ਸੰਵੇਦਨਸ਼ੀਲ ਇਨਸਾਨ ਹੈ ਜਿਹੜਾ ਦੁਨਿਆਵੀ ਚੱਕਰਾਂ ਵਿੱਚ ਆਪਣੀ ਸੰਵੇਦਨਸ਼ੀਲਤਾ ਖਤਮ ਨਹੀ ਹੋਣ ਦੇਣੀ ਚਾਹੁੰਦਾ। ਆਪਣੇ ਪਿਤਾ ਦੀ ਫੈਕਟਰੀ ਵਿੱਚ ਕੰਮ ਕਰਨ ਦੀ ਥਾਂ ਉਹ ਫੋਟੋਗ੍ਰਾਫੀ ਦੇ ਕਿੱਤੇ ਰਾਹੀਂ ਜਨਰਲਿਜ਼ਮ ਨਾਲ ਜੁੜਦਾ


ਹੈ ਪਰ ਇਸ ਕਿੱਤੇ ਵਿੱਚ ਵੀ ਮਾਨਵੀ ਸੰਵੇਦਨਾ ਦਾ ਘਾਣ ਉਸ ਨੂੰ ਅੰਦਰੋਂ ਅੰਦਰੀ ਖਾਂਦਾ ਹੈ। ਇਹੀ ਵਜ੍ਹਾ ਉਸ ਨੂੰ ਆਪਣੇ ਪੁਸ਼ਤੈਨੀ ਕਾਰੋਬਾਰ ਤੋਂ ਪਰ੍ਹਾਂ ਲੈ ਜਾਂਦੀ ਹੈ। ਪਰ ਕਹਾਣੀ ਦੇ ਅੰਤ ਵਿੱਚ ਆਪਣੀ ਫੈਕਟਰੀ ਦੇ ਜ਼ਖ਼ਮੀ ਮਜ਼ਦੂਰ ਨੂੰ ਹਸਪਤਾਲ ਲੈ ਜਾਂਦਿਆ ਪਾਠਕ ਉਸਦੀ ਇਸ ਸੰਵੇਦਨਾ ਨੂੰ ਬਹੁਤ ਡੂੰਘਾਈ ਨਾਲ ਮਹਿਸੂਸ ਕਰਦਾ ਹੈ। ਅਧੂਰੀਆਂ ਖਾਹਿਸ਼ਾ ਦੀ ਪੂਰਤੀ ਅਤੇ ਅਪੂਰਤੀ ਦੀ ਕਸ਼ਮਕਸ਼ ਵਿੱਚ ਫਸ ਕੇ ਵਿਅਕਤੀ ਕਿਵੇਂ ਜ਼ਿੰਦਗੀ ਦੇ ਹਰ ਪਲ ਵਿੱਚ ਉਸ ਅਧੂਰੇਪਣ ਨੂੰ ਮਹਿਸੂਸ ਕਰਦਾ ਹੈ। ਇਸ ਅਹਿਸਾਸ ਨੂੰ '**ਆਈਸਕ੍ਰੀਮ**' ਦੀ ਨਾਇਕ ਰਾਹੀ ਕਹਾਣੀਕਾਰ ਬਾਖੂਬੀ ਦਰਸਾਉਂਦਾ ਹੈ। ਕਹਾਣੀ ਸਿਰਫ ਆਈਸਕ੍ਰੀਮ ਦੀ ਨਹੀ ਨਾਇਕਾ ਦਾ ਅਧੂਰੇ ਰਹਿ ਗਏ ਸੁਪਨਿਆਂ ਦੀ ਬਾਤ ਪਾਉਂਦੀ ਹੈ।

ਰਿਸ਼ਤਿਆਂ ਦੀ ਅਹਿਮੀਅਤ ਸਭ ਤੋਂ ਉੱਪਰ ਮੰਨੀ ਗਈ ਹੈ ਪਰ ਕਈ ਵਾਰ ਇਨਸਾਨ ਆਪਣੀ ਦੁਨੀਆ ਵਿੱਚ ਇੰਨਾ ਗੁਆਚ ਜਾਂਦਾ ਹੈ ਕਿ ਉਹ ਆਪਣੇ ਉਹਨਾ ਰਿਸ਼ਤਿਆਂ ਲਈ ਵੀ ਵਕਤ ਨਹੀ ਦੇ ਪਾਓਂਦਾ ਜਿੰਨਾ ਲਈ ਉਹ ਦਿਨ ਰਾਤ ਇੱਕ ਕਰ ਕਮਾਉਣਾ ਚਾਹੁੰਦਾ ਹੈ। '**ਰਿਟਰਨ ਗਿਫਟ**' ਅਜਿਹੀ ਹੀ ਕਹਾਣੀ ਹੈ ਜਿਹੜੀ ਪਿਤਾ ਅਤੇ ਬੱਚਿਆਂ ਦੇ ਵਿਚਕਾਰ ਪੈ ਰਹੇ ਫਾਸਲੇ ਨੂੰ ਬਿਆਨ ਕਰਦੀ ਹੈ। ਕੰਮਾਕਾਰਾਂ ਵਿੱਚ ਰੁਝੇ ਪਿਤਾ ਕੋਲ ਆਪਣੇ ਬੱਚਿਆਂ ਨਾਲ ਮਿਲ ਬੈਠਣ ਅਤੇ ਉਹਨਾਂ ਦੀਆਂ ਖੁਸ਼ੀਆਂ ਸਾਂਝੀਆਂ ਕਰਨ ਦਾ ਵਕਤ ਨਹੀ ਮਿਲਦਾ ਤਾਂ ਉਹ ਰਿਟਰਨ ਗਿਫਟ ਵਿੱਚ ਪੈਸੇ ਦੇ ਕੇ ਪਿਤਾ ਦਾ ਵਕਤ ਖਰੀਦਣ ਦੀ ਚਾਹਨਾ ਰੱਖਦੇ ਹਨ। ਆਧੁਨਿਕ ਸਮੇਂ ਵਿੱਚ ਪੈਸਾ ਕਿਸ ਕਦਰ ਭਾਵਨਾਵਾਂ ਤੇ ਭਾਰੀ ਪੈ ਰਿਹਾ ਹੈ, ਕਹਾਣੀ ਇਸ ਵਿਸ਼ੇ ਨੂੰ ਥੋੜੇ ਲਫ਼ਜ਼ਾਂ ਵਿੱਚ ਬਾਖੂਬੀ ਬਿਆਨ ਕਰਦੀ ਹੈ। ਹੱਜ ਵੇਲੇ ਇਨਸਾਨ ਆਪਣੇ ਜਾਣੇ ਅਣਜਾਣੇ ਕੀਤੇ ਸਾਰੇ ਗੁਨਾਹਾਂ ਦੀ ਅੱਲਾ ਤੋਂ ਮੁਆਫੀ ਦੀ ਉਮੀਦ ਕਰਦਾ ਹੈ। ਕਹਾਣੀ '**ਤਹਿਸੀਲਦਾਰ ਦਾ ਹੱਜ**' ਵਿੱਚ ਤਹਿਸੀਲਦਾਰ ਉਸ ਵੇਲੇ ਆਪਣਾ ਹੱਜ ਤੇ ਜਾਣਾ ਸਾਰਥਕ ਹੋਇਆ ਮਹਿਸੂਸ ਕਰਦਾ ਹੈ ਜਦੋਂ ਉਹ ਆਪਣੀ ਭੂਆ ਅਤੇ ਉਸ ਦੀ ਬੇਟੀ ਨੂੰ ਮਿਲਦਿਆਂ ਅਤੀਤ ਵਿਚ ਉਹਨਾਂ ਨਾਲ ਕੀਤੇ ਆਪਣੇ ਵਿਵਹਾਰ ਲਈ ਆਪਣੇ ਮਨ ਵਿੱਚ ਸ਼ਰਮਿੰਦਗੀ ਮਹਿਸੂਸ ਕਰਦਾ ਹੈ। **ਪ੍ਰਸਨਲ ਰਿਲੇਸ਼ਨ**, **ਉੱਚਾ ਜਨਮ**, **ਸਨਕੀ**, **ਫਿਲਾਸਫਰ**, **ਛੁਰੀ**, **ਕੌਣ ਢਾਹੂ ਦਿੱਲੀ ਦੇ ਕਿੰਗਰੇ** ਆਦਿ ਕਹਾਣੀਆਂ ਪਾਠਕ ਨੂੰ ਆਪਣੇ ਵੱਲ ਖਿੱਚਦੀਆਂ ਹਨ।

'**ਕਾਲਾ**','**ਤਿੰਨ ਚਿਹਰੇ**' ਅਤੇ '**ਫਿਲਾਸਫਰ**' ਕਹਾਣੀਆਂ ਬੰਦੇ ਦੇ ਅੰਦਰਲੇ ਬੰਦਿਆਂ ਦੀ ਕਹਾਣੀ ਪਾਉਂਦੀਆਂ ਹਨ ਜਿੱਥੇ ਉਹ ਆਪਣੀਆਂ ਮਾਨਸਕ ਗੰਢਾਂ ਕਾਰਨ ਆਪਣੇ ਹਾਲਤਾਂ ਵਿੱਚ ਉਲਝਦਾ ਹੈ ਅਤੇ ਕਈ ਵਾਰ ਇਹਨਾਂ ਨੂੰ ਡੀਫੈਂਸ ਮੈਕਨਿਜ਼ਮ ਵਜੋਂ ਵੀ ਵਰਤ ਲੈਂਦਾ ਹੈ। ਇਹਨਾਂ ਤਿੰਨਾਂ ਕਹਾਣੀਆਂ ਦੇ ਪਾਤਰ ਆਪੋ ਆਪਣੀ ਜ਼ਿੰਦਗੀ ਵਿੱਚ ਸੰਘਰਸ਼ ਕਰਦੇ ਹਨ ਅਤੇ ਉਸੇ ਸੰਘਰਸ਼ ਵਿੱਚੋਂ ਜੀਵਨ ਲੋਅ ਵੀ ਤਲਾਸ਼ ਕਰਦੇ ਹਨ। ਮਾਨਵਤਾ ਦਾ ਧਰਮ ਸਭ ਤੋਂ ਉੱਪਰ ਹੈ ਅਤੇ ਇਹ ਵਿਸ਼ਾਂ '**ਪ੍ਰਾਣ-ਵਾਯੂ**' ਕਹਾਣੀ ਵਿੱਚ ਕਹਾਣੀਕਾਰ ਨੇ ਬਹੁਤ ਖੂਬਸੂਰਤੀ ਨਾਲ ਨਿਭਾਇਆਂ ਹੈ। ਮਾਨਸਿਕ ਦਵੰਦ ਅਤੇ ਸਮਾਜਕ ਕਸ਼ਮਕਸ਼ ਨੂੰ ਪੇਸ਼ ਕਰਦੀਆਂ ਇਹਨਾਂ ਕਹਾਣੀਆਂ ਦਾ ਸੁਹਜਾਤਮਕ ਪੱਖ ਗੌਲਣਯੋਗ ਹੈ। ਕੁਝ ਕਹਾਣੀਆਂ ਦਾ ਬਿਰਤਾਂਤ ਇਕ ਪਰਤੀ ਰਹਿ ਗਿਆ ਹੈ। ਮੁਹੰਮਦ ਇਮਤਿਆਜ਼ ਕੋਲ ਬਿਰਤਾਂਤ ਹੈ ਅਤੇ ਪਾਤਰਾਂ ਦੀ ਮਨੋਵਿਗਿਆਨਕ ਸਮਝ ਵੀ। ਬਹੁਤ ਪਰਤੀ ਤੇ ਸੰਘਣੇ ਬਿਰਤਾਂਤ ਦੀ ਕਲਾ ਅਜੇ ਆਉਣੀ ਬਾਕੀ ਹੈ। ਜੋ ਵਿਸ਼ਾਲ ਕਲਪਨਾ ਸ਼ਕਤੀ ਤੇ ਸਮਾਜਿਕ ਸੂਝ ਨਾਲ ਆਉਂਦੀ ਹੈ। (**ਸੰਪਰਕ-97797-18007**)

# 'ਗੱਲਾਂ ਕਰਨ ਕਹਾਣੀਆਂ' ਦੀ ਮਾਨਵੀ ਸੁਰ

## ਡਾ. ਸੁਖਪਾਲ ਕੌਰ ਸਮਰਾਲਾ





ਬੀਤੇ ਸਾਲ ਦੀ ਕਹਾਣੀਆਂ ਦੀ ਚੋਣ ਕਰਕੇ ਸੰਪਾਦਤ ਕਰਨ ਦੀ ਪ੍ਰੰਪਰਾ ਕਈ ਸਾਲਾਂ ਤੋਂ ਚੱਲੀ ਆ ਰਹੀ ਹੈ। ਇਸ ਨਾਲ ਪਾਠਕਾਂ ਨੂੰ ਬੀਤੇ ਸਾਲ ਦੀਆਂ ਚੰਗੀਆਂ ਕਹਾਣੀਆਂ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਉੱਘੇ ਲੇਖਕ ਅਤੇ ਅਰਥ ਸ਼ਾਸ਼ਤਰੀ ਪ੍ਰੇਮ ਮਾਨ ਨੇ 2023 ਦੀਆਂ ਚੰਗੀਆਂ 11 ਕਹਾਣੀਆਂ ਦੀ ਚੋਣ ਕਰਕੇ ਸੰਪਾਦਤ ਕੀਤੀਆਂ ਹਨ। ਸੰਪਾਦਕ ਕਹਿੰਦਾ ਹੈ ਕਿ ਇਹ ਮੇਰੀ ਨਿੱਜੀ ਪਸੰਦ ਦੀਆਂ ਕਹਾਣੀਆਂ ਹਨ। ਕਹਾਣੀਆਂ ਦੀ ਚੋਣ ਸੰਬੰਧੀ ਆਪਣੀ ਸੰਪਾਦਕੀ ਵਿੱਚ ਉਸ ਨੇ ਆਪਣੀ ਧਾਰਨਾ ਸਪੱਸ਼ਟ ਪੇਸ਼ ਕੀਤੀ ਹੈ ਕਿ ਉਸ ਨੂੰ ਕਿਸਮ ਕਿਸਮ ਦੀ ਕਹਾਣੀ ਪਸੰਦ ਹੈ। ਤਕਰੀਬਨ ਅੱਧੇ ਲੇਖਕ ਬਿਲਕੁਲ ਨਵੇਂ ਹਨ, ਜਿਨ੍ਹਾਂ ਦੀਆਂ ਕਹਾਣੀਆਂ ਦੀ ਚੋਣ ਕੀਤੀ ਗਈ ਹੈ। ਸਮੁੱਚੀਆਂ ਕਹਾਣੀਆਂ ਦੀ ਮੁੱਖ ਸੁਰ ਮਾਨਵੀ ਸੰਵੇਦਨਾ ਰਹੀ ਹੈ। ਪਰੰਪਰਕ ਰਿਸ਼ਤਿਆਂ ਦੀ ਟੁੱਟ ਭੱਜ ਤੋਂ ਉਪਜੇ ਦੁਖਾਂਤ ਨੂੰ ਤਕਰੀਬਨ ਹਰ ਕਹਾਣੀ ਪੇਸ਼ ਕਰਦੀ ਹੈ।

ਜਗਜੀਤ ਬਰਾੜ ਦੀ ਬਹੁਤ ਖ਼ੂਬਸੂਰਤ ਕਹਾਣੀ 'ਚਿੱਟੀ ਤਿਤਲੀ ਦਾ ਸਿਰਨਾਵਾਂ' ਹੈ ਜਿਹਦੇ ਵਿੱਚ ਮਨੁੱਖ ਦੀ ਲਾਲਸਾ ਤੇ ਸੰਵੇਦਨਾ ਦੀਆਂ ਬਰੀਕ ਤੰਦਾਂ ਨੂੰ ਪੇਸ਼ ਕੀਤਾ ਹੈ। ਆਗ਼ਾਜ਼ਬੀਰ 'ਚੈਪਟਰ ਕਲੋਜ਼' 'ਚ ਸਰਕਾਰੀ ਨੌਕਰੀ ਪੱਕੀ ਕਾਰਨ ਪੈਦਾ ਹੋਈ ਬੇਚੈਨੀ ਨੂੰ ਉਭਾਰਦਾ ਹੈ। ਅਨੇਮਨ ਸਿੰਘ ਦੀ ਕਹਾਣੀ 'ਮਾਰੂਥਲ' ਤੇ ਪ੍ਰੇਮ ਮਾਨ ਦੀ ਕਹਾਣੀ 'ਹਕੀਕਤ' ਵਿੱਚ ਮਾਂ-ਪੁੱਤ ਤੇ ਪ੍ਰੇਮੀ ਦੀ ਤਿਕੋਣ ਹੈ। ਤਿਕੋਣ 'ਚ ਮਾਂ ਦੀ ਦੈਹਿਕ ਤੇ ਮਾਨਸਿਕ ਲੋੜ ਹੈ। ਪਰ ਦੋਵੇਂ ਕਹਾਣੀਆਂ ਵੱਖਰੇ ਵੱਖਰੇ ਧਰਾਤਲ ਤੇ ਵਿਚਰਦੀਆਂ ਹਨ। ਸਿਮਰਨ ਧਾਲੀਵਾਲ ਆਪਣੀ ਕਹਾਣੀ 'ਝਾਂਜਰਾਂ ਦਾ ਜੋੜਾ' ਰਾਹੀ ਘਰ 'ਚ ਬੱਝੀ ਔਰਤ ਦੀ ਜ਼ਿੰਦਗੀ ਦੀ ਪਤੀ ਵੱਲੋਂ ਕੀਤੀ ਖਾਲੀ ਸਪੇਸ ਦਾ ਬਿਰਤਾਂਤ ਸਿਰਜਦਾ ਹੈ। ਕਿ ਕਿਵੇਂ ਉਹ ਸਪੇਸ ਭਰਨ ਲਈ ਦੈਹਿਕ ਲੋੜਾਂ ਲਈ ਬਾਹਰ ਵੱਲ ਉਲਾਰ ਹੋ ਜਾਂਦੀ ਹੈ। ਸੁਰਿੰਦਰ ਨੀਰ ਆਪਣੀ ਕਹਾਣੀ 'ਟੌਫ਼ੀਆਂ ਦਾ ਹਾਰ' 'ਚ ਮਨੁੱਖ ਦੀ ਉਲਾਰ ਬਿਰਤੀ ਪੇਸ਼ ਕਰਦੀ ਹੈ। ਧੀ-ਪੁੱਤਰ ਪ੍ਰਤੀ ਸਮਤੋਲ ਬਣਾਉਣਾ ਜ਼ਰੂਰੀ ਹੁੰਦਾ ਹੈ। ਜਸਪਾਲ ਕੌਰ ਆਪਣੀ ਕਹਾਣੀ 'ਓਹਲਿਆਂ ਦੇ ਆਰ-ਪਾਰ' 'ਚ ਪਤੀ ਪਤਨੀ 'ਚ ਤਣਾਓ ਨੂੰ ਪੇਸ਼ ਕਰਦੀ ਹੈ। ਦੋਹਾਂ ਦੀਆਂ ਦੈਹਿਕ ਲੋੜ ਤੋਂ ਉਪਜਿਆ ਸੰਕਟ ਕਹਾਣੀ ਦੇ ਕੇਂਦਰ ਵਿੱਚ ਹੈ। ਜਤਿੰਦਰ ਹਾਂਸ ਨੇ ਆਪਣੀ ਕਹਾਣੀ 'ਉਹਦੀਆਂ ਅੱਖਾਂ 'ਚ ਸੂਰਜ ਦਾ ਵਾਸ ਹੈ' ਮਾਨਵੀ ਸੰਵੇਦਨਾ ਨੂੰ ਪੇਸ਼ ਦਰਦਿਆਂ, ਔਰਤ ਪਾਤਰ ਦੀ ਮਨੋਦਸ਼ਾ ਦੀ ਉਥਲ ਪੁੱਥਲ ਨੂੰ ਉਭਾਰਿਆ ਗਿਆ ਹੈ। ਜਿਹਦੇ ਕਾਰਨ ਕਹਾਣੀ ਦੇ ਬਿਰਤਾਂਤ ਵਿੱਚ ਪਏ ਹਨ। ਬਲਵੰਤ ਫ਼ਰਵਾਲ਼ੀ ਆਪਣੀ ਕਹਾਣੀ 'ਡੌਂਕੀ' ਵਿੱਚ ਪਰਵਾਸ ਦੀ ਉਲਾਰ ਬਿਰਤੀ ਨੂੰ ਪੇਸ਼ ਕਰਦਾ ਹੈ। ਰਮਨਦੀਪ ਵਿਰਕੀ ਆਪਣੀ ਕਹਾਣੀ 'ਐਨ ਅਫ਼ੇਅਰ' 'ਚ ਵਿਆਹ ਬਾਹਰੇ ਸੰਬੰਧ ਦੇ ਸੰਕਟ ਉਭਾਰਦੀ ਹੈ। ਨਿਰੰਜਨ ਬੋਹਾ 'ਨਰ ਬੰਦਾ' ਵਿੱਚ ਪੇਂਡੂ ਬੰਦੇ ਦੀਆਂ ਸੱਭਿਆਚਾਰਕ ਰੂੜੀਆਂ ਨੂੰ ਤਰਕ ਨਾਲ ਪੇਸ਼ ਕਰਦਾ ਹੈ।

# ਕਹਾਣੀ ਧਾਰਾ-73 ਦੀਆਂ ਕਹਾਣੀਆਂ ਦੀ ਪੜ੍ਹਤ

## ਡਾ. ਬਲਵੀਰ ਕੌਰ ਰੀਹਲ



'ਕਹਾਣੀ ਧਾਰਾ' ਦਾ ਅੰਕ ਨੰਬਰ 73 ਭਗਵੰਤ ਰਸੂਲਪੁਰੀ ਦੀ ਸੰਪਾਦਕੀ ਨਾਲ ਆਰੰਭ ਹੁੰਦਾ ਹੈ। ਸੰਪਾਦਕੀ ਦਾ ਵਿਸ਼ਾ ਬਹੁਤ ਵਧੀਆ ਚੁਣਿਆ ਗਿਆ ਹੈ ਕਿ ਚੰਗੀ ਕਹਾਣੀ ਲੱਭਣ ਵਾਲੀ ਕਸੌਟੀ ਦਾ ਸੰਕਟ। ਸੰਪਾਦਕ ਨੇ ਚੰਗੀ ਕਹਾਣੀ ਦੀ ਚੋਣ ਨੂੰ ਅੱਗੇ ਵਧਾਉਂਦਿਆਂ ਬਲਦੇਵ ਸਿੰਘ ਧਾਲੀਵਾਲ ਦੇ 'ਨਵਾਂ ਜ਼ਮਾਨਾਂ' ਵਿੱਚ ਛਪੇ ਲੇਖ ਨੂੰ ਅਧਾਰ ਬਣਾਇਆ ਹੈ। ਦੂਜੀ ਪ੍ਰੇਮ ਮਾਨ ਦੀ ਸੰਪਾਦਤ ਕਿਤਾਬ 'ਗੱਲਾਂ ਕਰਨ ਕਹਾਣੀਆਂ' ਤੇ ਤੀਜੀ ਸੁਕੀਰਤ ਵੱਲੋਂ ਸੰਪਾਦਤ ਕਿਤਾਬ '2023 ਦੀਆਂ ਪ੍ਰਤੀਨਿੱਧ ਕਹਾਣੀਆਂ' ਹਨ। ਮੈਂ ਇਸ ਸੰਪਾਦਕੀ ਨੂੰ ਅਧਾਰ ਬਣਾ ਕੇ ਗੱਲ ਅਗਾਂਹ ਤੋਰਨਾ ਚਾਹੁੰਦੀ ਹਾਂ। ਅੱਜ ਆਲੋਚਕ ਤੇ ਕਿਤਾਬਾਂ ਸੰਪਾਦਤ ਕਰਨ ਵਾਲੇ ਬਹੁਤੇ ਲੋਕ ਆਪਣੀ ਪਸੰਦਾਂ ਨੂੰ ਵੱਧ ਤਰਜੀਹ ਦਿੰਦੇ ਹਨ। ਸਾਹਿਤਕ ਭਾਈ-ਭਤੀਜਾਵਾਦ ਭਾਰੂ ਹੈ, ਇਸੇ ਨੂੰ ਅਧਾਰ ਬਣਾ ਕੇ ਚੰਗੀ ਮਾੜੀ ਕਹਾਣੀ ਦਾ ਪੈਮਾਨਾ ਮਾਪ ਹੋ ਰਿਹਾ ਹੈ। ਵੱਡੇ ਆਲੋਚਕ ਭਾਈ ਭਤੀਜਾਵਾਦ ਤੋਂ ਮੁਕਤ ਨਹੀਂ ਹਨ।

ਮੁੱਕਦੀ ਗੱਲ ਇਹ ਹੈ ਕਿ ਭਗਵੰਤ ਰਸੂਲਪੁਰੀ ਪਹਿਲਾਂ ਵਾਂਗ ਹੀ ਵਧੀਆ ਮੁੱਦੇ ਨੂੰ ਉਭਾਰ ਕੇ ਆਪਣੀ ਗੱਲ ਪਾਠਕਾਂ ਤੱਕ ਪਹੁੰਚਾਉਣ ਵਿਚ ਸਫ਼ਲ ਹੋਇਆ ਹੈ। ਸੰਪਾਦਕੀ ਤੋਂ ਬਾਅਦ ਗੋਸ਼ਟੀ ਨੰਬਰ-6 ਪ੍ਰਕਾਸ਼ਿਤ ਹੋਈ ਹੈ। ਇਸ ਅੰਕ ਵਿੱਚ ਪੋਲਿਸ਼ ਕਹਾਣੀ 'ਬੂਜਨਾ' ਛਪੀ ਹੈ। ਮੂਲ ਲੇਖਕ ਆਈਜ਼ਾਕ ਬਸੇਵਿਸ ਸਿੰਗਰ ਤੇ ਲਿੱਪੀਅੰਤਰ ਜੋਗਿੰਦਰ ਪਾਲ ਮਾਨ ਹੈ।

ਸੁਰਜੀਤ ਕਲਸੀ ਦੀ ਕਹਾਣੀ 'ਸੁਪਨੇ ਕੱਚ-ਕਿਰਚਾਂ-2' ਦਾ ਭਾਗ ਦੂਜਾ ਛਪਿਆ ਹੈ। ਕੈਲੇ ਨੇ ਪੱਕਾ ਹੋਣ ਵਾਸਤੇ ਅੰਗਰੇਜ਼ਣ ਲੀਸਾ ਨਾਲ ਵਿਆਹ ਕੀਤਾ ਹੈ ਤੇ ਪੰਜਾਬ ਆ ਕੇ ਉਹ ਧੋਖੇ ਨਾਲ ਹੋਰ ਕੁੜੀ ਨਾਲ ਵਿਆਹ ਕਰਵਾ ਕੇ ਉਸ ਨੂੰ ਆਪਣੇ ਨਾਲ ਪ੍ਰਦੇਸ਼ ਲੈ ਜਾਂਦਾ ਹੈ। ਪਰਮੀਤ ਕੈਲੇ ਦੀ ਨਵੀਂ ਪਤਨੀ ਗਰਭਵਤੀ ਹੋ ਜਾਂਦੀ ਹੈ। ਪਰ ਲੀਸਾ ਅੰਗਰੇਜ਼ਣ ਕੈਲੇ ਤੋਂ ਪਹਿਲਾਂ ਵਾਲਾ ਹੀ ਪਿਆਰ ਭਾਲਦੀ ਹੈ। ਇਕ ਦਿਨ ਕੈਲਾ ਸ਼ਰਾਬੀ ਹੁੰਦਾ ਹੈ ਘਰ ਵਿਚ ਬਹੁਤ ਕਲਾ-ਕਲੇਸ਼ ਹੁੰਦਾ ਹੈ ਤੇ ਪਰਮੀਤ ਨੂੰ ਹਸਪਤਾਲ ਵਾਲੇ ਆਪਣੇ ਨਾਲ ਲੈ ਜਾਂਦੇ ਹਨ।

ਕੈਲੇ ਦੇ ਘਰ ਵਿਚ ਪਰਮੀਤ ਲਈ ਕੋਈ ਜਗ੍ਹਾ ਨਹੀਂ ਉਸਨੂੰ ਸ਼ੋਸ਼ਲ ਵਰਕਰ ਰਾਜਵੀਰ ਆਪਣੇ ਘਰ ਲੈ ਜਾਂਦਾ ਹੈ। ਜਦੋਂ ਪਰਮੀਤ ਦੇ ਘਰ ਹੋਏ ਮੁੰਡੇ ਦੀ ਕਨਸੋਅ ਕੈਲੇ ਅਤੇ ਉਸਦੀ ਮਾਂ ਗੁਰਮੇਜ ਕੌਰ ਨੂੰ ਪੈਂਦੀ ਹੈ ਉਹ ਪਰਮੀਤ ਦੀ ਭਾਲ ਕਰਦੇ ਹਨ ਤੇ ਪਰਮੀਤ ਤੱਕ ਪਹੁੰਚ ਵੀ ਕਰ ਲੈਂਦੇ ਹਨ। ਲੇਖਕਾਂ ਨੇ ਪੰਜਾਬੀਆਂ ਦੀ ਦੋਹਰੀ ਮਾਨਸਿਕਤਾ ਨੂੰ ਕਹਾਣੀ ਵਿੱਚ ਪੇਸ਼ ਕੀਤਾ ਹੈ। ਕੈਲਾ ਦੋ ਕੁੜੀਆਂ ਦਾ ਬਾਪ ਹੋ ਕੇ ਪਹਿਲੀ ਪਤਨੀ ਲੀਸਾ ਨਾਲ ਵੀ ਰਹੀ ਜਾ ਰਿਹਾ ਹੈ। ਜਦੋਂ

ਪਰਮੀਤ ਬਾਰੇ ਰਾਜਬੀਰ ਆਖਦਾ ਹੈ ਇਹ ਮੇਰੀ ਦੋਸਤ ਹੈ ਤਾਂ ਇਹ ਸ਼ਬਦ ਕੈਲਾ ਬਰਦਾਸ਼ਤ ਨਹੀਂ ਕਰ ਸਕਦਾ। ਮੈਂ ਪਾਤਰ ਆਪਣੇ ਲਈ ਦੋ ਪਤਨੀਆਂ ਰੱਖਣ ਦਾ ਰੱਕਦਾਰ ਹੈ ਪਰ ਪਰਮੀਤ ਠੁਕਰਾਏ ਜਾਣ ਤੋਂ ਬਾਅਦ ਜੇ ਰਾਜਬੀਰ ਦਾ ਸਹਾਰਾ ਲੈਂਦੀ ਹੈ ਤਾਂ ਮਰਦ ਮਾਨਸਿਕਤਾ ਨਾਲ ਉਤਪੋਤ ਕੈਲਾ ਇਸ ਨੂੰ ਬਰਦਾਸ਼ਤ ਨਹੀਂ ਕਰ ਰਿਹਾ।

'ਮਿਰਗ ਛੱਲ' ਕਹਾਣੀ ਵਿਪਨ ਗਿੱਲ ਦੀ ਪ੍ਰਵਾਸੀ ਚਕਾਚੌਂਧ ਵਿੱਚ ਗੁਆਚ ਚੁੱਕੀਆਂ ਸੱਧਰਾਂ ਦੀ ਕਹਾਣੀ ਹੈ। ਕਹਾਣੀ ਦਾ ਮੈਂ ਪਾਤਰ 16 ਵਰ੍ਹਿਆ ਮਗਰੋਂ ਆਪਣੀ ਪ੍ਰੇਮਿਕਾ ਨੂੰ ਅਚਾਨਿਕ ਮਿਲ ਪੈਂਦਾ ਹੈ ਤੇ ਪਿਛਲਝਾਤ ਵਿਧੀ ਰਾਹੀਂ ਲੇਖਕਾ ਨੇ ਕਹਾਣੀ ਦੀ ਬੁਣਤੀ ਬੁਣੀ ਹੈ।

'ਮੈਂ' ਪਾਤਰ ਦੀ ਪ੍ਰੇਮਿਕਾ ਅਮਰੀਕਾ ਜਾਣ ਦੇ ਲਾਲਚ ਵਿਚ ਪ੍ਰੇਮੀ ਨੂੰ ਤਿਆਗ ਕੇ ਅਮਰੀਕਨ ਬੁੱਢੇ ਨਾਲ ਵਿਆਹ ਕਰਵਾ ਲੈਂਦੀ ਹੈ। 'ਮੈਂ' ਪਾਤਰ ਉਹਦੇ ਪਿਆਰ ਵਿਚ ਮਾਯੂਸ ਰਹਿੰਦਾ ਹੈ ਤੇ ਕਰਮ ਸਿੰਘ ਦੋਸਤ ਦੇ ਹੌਸਲੇ ਨਾਲ ਜ਼ਿੰਦਗੀ ਜਿਊਣ ਲੱਗਦਾ ਹੈ।

ਅਚਾਨਕ 'ਮੈਂ' ਪਾਤਰ ਨੂੰ ਉਹਦੀ ਪ੍ਰੇਮਿਕਾ ਚਾਹ ਪੀਣ ਲਈ ਨੰਜੀ ਦੀ ਦੁਕਾਨ ਤੇ ਲੈ ਜਾਂਦੀ ਹੈ, ਮੈਂ ਪਾਤਰ ਨੂੰ ਪਤਾ ਲੱਗਦਾ ਹੈ ਕਿ ਉਹਦੇ ਕੋਲ ਪੈਸਾ ਹੈ, ਦੌਲਤ ਹੈ, ਪਰ ਮਨ ਦਾ ਸਕੂਨ ਨਹੀਂ। ਪ੍ਰੇਮਿਕਾ ਦੇ ਭੈਣ, ਭਰਾ ਦੋਵੇਂ ਕੈਨੇਡਾ ਪਹੁੰਚ ਜਾਂਦੇ ਹਨ। ਪ੍ਰੇਮਿਕਾ ਦੇ ਮਨ ਵਿੱਚ ਪ੍ਰਵਾਸ ਜਾਣ ਦੀ ਇੱਛਾ ਅਜੇ ਵੀ ਖਤਮ ਨਹੀਂ ਹੋਈ ਤੇ ਉਹ ਆਖਦੀ ਹੈ 'ਬਾਰਵੀਂ ਤੋਂ ਬਾਅਦ ਆਈਲਟਸ ਕਰਵਾ ਕੇ ਦੋਵਾਂ ਨੂੰ ਕੈਨੇਡਾ ਭੇਜ ਦੇਣਾ ਤੇ ਜੇ ਕਿਸਮਤ 'ਚ ਹੋਇਆ ਤਾਂ ਮੈਂ ਵੀ ਬਾਹਰਲੇ ਮੁਲਕ ਦਾ ਦਾਣਾ ਪਾਣੀ ਚੁਗ ਆਊਂਗੀ।''

ਵਿਪਨ ਗਿੱਲ ਨੇ ਕਹਾਣੀ ਰਾਹੀਂ ਸਪੱਸ਼ਟ ਕੀਤਾ ਹੈ ਕਿ ਅੱਜ ਕਿਵੇਂ ਪ੍ਰਦੇਸ਼ ਪਹੁੰਚਣ ਲਈ ਲੋਕਾਂ ਨੇ ਆਪਣਾ ਸਭ ਕੁੱਝ ਦਾਅ ਤੇ ਲਾਇਆ ਹੋਇਆ ਹੈ, ਪ੍ਰਵਾਸ ਦੀ ਚਕਾਚੌਂਧ ਮਿਰਗ ਛਲ ਵਾਂਗ ਹੈ ਤੇ ਕਹਾਣੀ ਵਿਚਲਾ ਮੋਚੀ ਪਾਤਰ ਆਪਣੇ ਜੁੱਤੀਆਂ ਗੰਢਣ ਦੇ ਕਿੱਤੇ ਵਿੱਚ ਵੀ ਬੁੱਧ ਵਾਂਗ ਸ਼ਾਂਤ ਜੀਵਨ ਜੀਅ ਰਿਹਾ ਹੈ।

ਗੁਰਪ੍ਰੀਤ ਡੈਨੀ ਦੀ ਕਹਾਣੀ 'ਆਇਤ' 'ਕਹਾਣੀ ਧਾਰਾ' ਦਾ ਸਿਖ਼ਰ ਕਹੀ ਜਾ ਸਕਦੀ ਹੈ। 'ਬਾਬਲ ਹੋਇਆ ਬੇਗਾਨੜਾ' ਕਹਾਣੀ ਦਾ ਲੇਖਕ ਸਵਾਮੀ ਸਰਬਜੀਤ ਹੈ। ਲੇਖਕ ਨੇ ਕਹਾਣੀ ਦਾ ਵਿਸ਼ਾ ਪੀਐੱਚ. ਡੀ. ਕਰ ਰਹੀ ਤ੍ਰਿਸ਼ਨਜੀਤ ਤੇ ਡਾ. ਵਿਦਵਾਨ ਜੋ ਉਸ ਦਾ ਗਾਈਡ ਹੈ ਨੂੰ ਲਿਆ ਹੈ। ਭਾਵੇਂ ਇਸ ਵਿਸ਼ੇ ਤੇ ਪਹਿਲਾਂ ਵੀ ਕੁੱਝ ਕਹਾਣੀਆਂ ਲਿਖੀਆਂ ਗਈਆਂ ਹਨ। ਇਹ ਕਹਾਣੀ ਵਿੱਚ ਅਹੁਦਿਆਂ 'ਤੇ ਬੈਠੇ ਕੁੱਝ ਅਖੌਤੀ ਵਿਦਵਾਨਾਂ ਦੇ ਪਾਜ ਉਘੇੜਦੀ ਹੈ। ਕਿਵੇਂ ਡਾ. ਵਿਦਵਾਨ ਵਰਗੇ ਖੋਜਾਰਥੀਆਂ ਨੂੰ ਤੰਗ ਕਰਦੇ ਹਨ ਤੇ ਉਹਨਾਂ ਦਾ ਸਰੀਰਕ ਤੇ ਮਾਨਸਿਕ ਸ਼ੋਸ਼ਣ ਕਰਦੇ ਹਨ। ਭਾਵੇਂ ਸਾਰੇ ਗਾਈਡ ਇਕੋ ਜਿਹੇ ਨਹੀਂ ਹੁੰਦੇ ਪਰ ਡਾ. ਵਿਦਵਾਨ ਵਰਗੇ ਲੋਕਾਂ ਨੇ ਗੁਰੂ ਅਤੇ ਸ਼ਿਸ਼ ਦੇ ਰਿਸ਼ਤੇ ਵਿੱਚ ਬਹੁਤ ਵੱਡਾ ਨਿਘਾਰ ਪੈਦਾ ਕਰ ਦਿੱਤਾ ਹੈ। ਸਵਾਮੀ ਸਰਬਜੀਤ ਯਥਾਰਥਵਾਦੀ ਧਰਾਤਲ ਤੋਂ ਕਹਾਣੀ ਦਾ ਵਿਸ਼ਾ ਲੈ ਕੇ ਪਾਠਕਾਂ ਤੱਕ ਆਪਣੀ ਗੱਲ ਕਹਿਣ ਵਿੱਚ ਸਫ਼ਲ ਹੋਇਆ ਹੈ।

'ਹੈਪੀ ਐਂਡਿੰਗ' ਕਹਾਣੀ ਦਾ ਲੇਖਕ ਭੁਪਿੰਦਰ ਸਿੰਘ ਮਾਨ ਹੈ। ਕਹਾਣੀ ਦਾ ਪਾਤਰ ਕ੍ਰਿਸ਼ਨਾ ਆਪਣੀ ਪਤਨੀ ਤੋਂ ਇਲਾਵਾ ਕਿਸੇ ਹੋਰ ਨਾਲ ਪ੍ਰੇਮ ਲੀਲੀ ਖੇਡਦਾ ਹੈ, ਕ੍ਰਿਸ਼ਨਾ ਨੂੰ ਜੀਵਨ ਬਹੁਤ ਵਧੀਆ ਲੱਗਦਾ ਹੈ। ਜਦੋਂ ਕ੍ਰਿਸ਼ਨਾ ਦੀ ਪਤਨੀ ਆਪਣੀ ਸਰੀਰਕ ਭੁੱਖ ਮਿਟਾਉਣ ਲਈ ਹਮੇਸ਼ਾ ਦਾ ਸਾਥ ਮਾਣਦੀ ਹੈ। ਜਦੋਂ ਕ੍ਰਿਸ਼ਨਾ ਨੂੰ ਆਪਣੀ ਪਤਨੀ ਦੇ ਅਵੈਧ ਸੰਬੰਧਾਂ ਬਾਰੇ ਪਤਾ ਲੱਗਦਾ

ਹੈ ਤਾਂ ਉਹ ਅੰਦਰੋਂ ਟੁੱਟ ਜਾਂਦਾ ਹੈ।

ਲੇਖਕ ਨੇ ਮਰਦ ਦੇ ਦੋਗਲੇ ਕਿਰਦਾਰ ਨੂੰ ਕਹਾਣੀ ਵਿੱਚ ਪੇਸ਼ ਕੀਤਾ ਹੈ।

ਘਰ ਕਹਾਣੀ ਦੀ ਲੇਖਿਕਾ ਮਨਦੀਪ ਰਿੰਪੀ ਹੈ। ਮਾਲਤੀ ਤੇ ਸੁਧੀਰ ਦੇ ਵਿਆਹ ਹੋਏ ਨੂੰ ਤਿੰਨ ਵਰ੍ਹੇ ਹੋਏ ਹਨ ਪਰ ਉਨ੍ਹਾਂ ਦੇ ਘਰ ਔਲਾਦ ਨਹੀਂ ਹੈ। ਸੁਧੀਰ ਮਾਲਤੀ ਦਾ ਸਿਰਫ਼ ਤੇ ਸਿਰਫ਼ ਆਪਣੀ ਖੁਸ਼ੀ ਲਈ ਸਰੀਰਕ ਸ਼ੋਸ਼ਣ ਕਰਦਾ ਹੈ। ਮਾਲਤੀ ਚਾਹੁੰਦੀ ਹੈ ਸੁਧੀਰ ਸਰੀਰਕ ਭੁੱਖ ਤੋਂ ਅਗਾਂਹ ਉਸ ਨਾਲ ਪਿਆਰ ਕਰੇ।

ਹੌਲੀ ਹੌਲੀ ਦੋਹਾਂ ਦਾ ਰਿਸ਼ਤਾ ਏਨਾ ਬਦਲ ਜਾਂਦਾ ਹੈ ਹੁਣ ਮਾਲਤੀ ਨੂੰ ਵੀ ਸੁਧੀਰ ਦੀ ਜ਼ਰੂਰਤ ਨਹੀਂ ਰਹਿੰਦੀ। ਲੇਖਕਾ ਕਹਾਣੀ ਵਿੱਚ ਦੱਸਦੀ ਹੈ ਕਿ ਔਰਤ ਮਰਦ ਕੋਲੋਂ ਪਿਆਰ ਦੀ ਭਾਲ ਕਰਦੀ ਹੈ ਜੇ ਮਰਦ ਨਹੀਂ ਸਮਝਦਾ ਤਾਂ ਆਖੀਰ ਔਰਤ ਵੀ ਮਰਦ ਨੂੰ ਤਿਆਗ ਕੇ ਆਪਣੀ ਪਸੰਦ ਦੀ ਜ਼ਿੰਦਗੀ ਜਿਉਣੀ ਆਰੰਭ ਕਰ ਦਿੰਦੀ ਹੈ।

'ਆਇਤ' ਕਹਾਣੀ ਦਾ ਲੇਖਕ ਗੁਰਪ੍ਰੀਤ ਡੈਨੀ ਹੈ। ਲੇਖਕ ਦੀ ਇਹ ਪਹਿਲੀ ਕਹਾਣੀ ਹੈ ਪਰ ਪ੍ਰਪੱਕ ਲੇਖਕ ਵਾਂਗ ਕਹਾਣੀ ਲਿਖੀ ਹੈ। ਲਿਵ-ਇਨ ਰਿਲੇਸ਼ਨ ਦੁਆਲੇ ਇਹ ਕਹਾਣੀ ਘੁੰਮ ਰਹੀ ਹੈ। ਭਾਵੇਂ ਸੁਪਰੀਮ ਕੋਰਟ ਨੇ ਅਣਵਿਆਹੇ ਜੋੜਿਆਂ ਨੂੰ ਇਕੱਠੇ ਰਹਿਣ ਦੀ ਇਜਾਜ਼ਤ ਦੇ ਦਿੱਤੀ ਹੈ ਪਰ ਸਾਡੇ ਸਮਾਜ ਨੇ ਅਜਿਹੇ ਜੋੜਿਆਂ ਨੂੰ ਪ੍ਰਵਾਨ ਨਹੀਂ ਕੀਤਾ। ਵੱਡੇ ਨਗਰਾਂ ਵਿੱਚ ਮੁੰਡੇ ਕੁੜੀਆਂ ਬਗੈਰ ਵਿਆਹ ਤੋਂ ਇਕੱਠੇ ਰਹਿ ਰਹੇ ਹਨ ਪਰ ਪਿੰਡਾਂ ਵਿੱਚ ਅਜਿਹੇ ਰਿਸ਼ਤਿਆਂ ਨੂੰ ਅਜੇ ਪ੍ਰਵਾਨਗੀ ਨਹੀਂ ਮਿਲੀ।

ਕਹਾਣੀ ਦਾ ਪਾਤਰ ਆਪਣੇ ਨਾਲ ਪੜ੍ਹਦੀ ਆਇਤ ਨੂੰ ਆਪਣੇ ਪਿੰਡ ਲੈ ਆਉਂਦਾ ਹੈ, ਗੌਰੀ ਨੂੰ ਕਈ ਗੱਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਅਖੀਰ ਉਸ ਦੇ ਮਾਂ ਬਾਪ ਬਿਨ ਵਿਆਹੀ ਆਇਤ ਨੂੰ ਘਰੋਂ ਜਾਣ ਦਾ ਫਤਵਾ ਦੇ ਦਿੰਦੇ ਹਨ। ਗੌਰੀ ਵੀ ਆਇਤ ਦੇ ਨਾਲ ਹੀ ਘਰ ਛੱਡ ਕੇ ਚਲਿਆ ਜਾਂਦਾ ਹੈ ਕਿਉਂਕਿ ਆਇਤ ਮਾਂ ਬਣਨ ਵਾਲੀ ਹੁੰਦੀ ਹੈ। ਪੰਜਾਬੀ ਕਹਾਣੀ ਸਾਹਿਤ ਵਿੱਚ ਸ਼ਾਇਦ ਲਿਵ-ਇਨ-ਰਿਲੇਸ਼ਨ ਵਿੱਚ ਬਹੁਤ ਘੱਟ ਕਹਾਣੀਆਂ ਲਿਖੀਆਂ ਗਈਆਂ ਹਨ। ਬੇਸ਼ੱਕ 'ਕਹਾਣੀ ਧਾਰਾ' ਵਿੱਚ ਇਸ ਕਹਾਣੀ ਨੂੰ ਅਖੀਰ 'ਤੇ ਰੱਖਿਆ ਗਿਆ ਹੈ ਮੇਰੇ ਮੁਤਾਬਕ ਇਹ ਕਹਾਣੀ ਇਸ ਅੰਕ ਦਾ ਹਾਸਲ ਆਖੀ ਜਾ ਸਕਦੀ ਹੈ। ਗੁਰਪ੍ਰੀਤ ਡੈਨੀ ਤੋਂ ਭਵਿੱਖ ਵਿੱਚ ਵਧੀਆਂ ਕਹਾਣੀਕਾਰ ਬਣਨ ਦੀ ਆਸ ਬੱਝਦੀ ਹੈ। ਕਹਾਣੀਆਂ ਤੋਂ ਇਲਾਵਾ ਇਸ ਅੰਕ ਵਿਚ 9 ਕਿਤਾਬਾਂ ਦੀ ਵੱਖ ਵੱਖ ਆਲੋਚਕਾਂ ਵੱਲੋਂ ਸਮੀਖਿਆ ਕੀਤੀ ਗਈ ਹੈ।

ਗੋਸ਼ਟੀ-6, ਸ਼ਬਦ ਚਿੱਤਰ, ਸਵੈ-ਕਥਨ, ਮੇਰਾ ਸਟੱਡੀ ਟੇਬਲ ਅਤੇ ਸੰਵਾਦ ਕਾਲਮਾਂ ਵਿੱਚ ਮਿਆਰੀ ਮੈਟਰ ਛਾਪਿਆ ਗਿਆ ਹੈ।

ਹਮੇਸ਼ਾਂ ਵਾਂਗ ਹੀ ਇਸ ਵਾਰ ਵੀ ਕਹਾਣੀ ਧਾਰਾ ਵਧੀਆ ਕਹਾਣੀਆਂ ਨਾਲ ਪਾਠਕਾਂ ਦੀ ਸਾਂਝ ਪਾ ਰਿਹਾ ਹੈ। ਆਇਤ ਨੰਬਰ ਇਕ, ਹੈਪੀ ਐਂਡਿੰਗ ਦੋ, ਬਾਬਲ ਹੋਇਆ ਬੇਗਾਨੜਾ ਤਿੰਨ, ਮਿਰਗ ਛਲ ਚਾਰ, ਘਰ ਤੇ ਸੁਪਨੇ ਕੱਚ ਕਿਰਚਾਂ ਮੇਰੀ ਕਸੌਟੀ ਤੇ ਪੰਜਵੇਂ ਨੰਬਰ ਤੇ ਰੱਖੀਆਂ ਜਾ ਸਕਦੀਆਂ ਹਨ। ਹਰ ਪਾਠਕ ਦਾ ਕਹਾਣੀ ਪੜ੍ਹਨ ਦਾ ਆਪਣਾ ਨਜ਼ਰੀਆ ਹੁੰਦਾ ਹੈ। ਉਮੀਦ ਹੈ ਭਗਵੰਤ ਰਸੂਲਪੁਰੀ ਕਹਾਣੀ ਧਾਰਾ' ਦਾ ਸਫ਼ਰ ਪਾਠਕਾਂ ਨਾਲ ਇੰਝ ਹੀ ਤੈਅ ਕਰਕੇ ਨਵੀਆਂ ਕਹਾਣੀਆਂ ਪਾਠਕਾਂ ਨਾਲ ਸਾਂਝ ਪੁਆਉਂਦੇ ਰਹਿਣਗੇ।

(**ਸੰਪਰਕ-94643-30803**)

ਨਵਕਿਰਨ (1996), ਹੱਥੀਂ ਤੋਰੇ ਸੱਜਣਾਂ ਨੂੰ (2001), ਕੰਡਿਆਲੇ ਸਾਕ (2021) ਤੋਂ ਬਾਅਦ ਜਸਵਿੰਦਰ ਰੱਤੀਆਂ ਦਾ 2024 'ਚ ਛਪਿਆ ਨਵਾਂ ਨਾਵਲ 'ਕੂੰਜਾਂ'





ਇਹ ਨਾਵਲ ਉਸ ਵਿਸ਼ੇ ਵਸਤੂ ਨੂੰ ਛੂੰਹਦਾ ਹੈ, ਜਿਸ ਵਿੱਚ ਪੰਜਾਬੀਆਂ ਦੇ ਆਪਣੀ ਧਰਤੀ ਤੋਂ ਪਰਦੇਸੀ ਹੋ ਕੇ ਵਿਦੇਸ਼ਾਂ ਵਿੱਚ ਪੈਰ ਜਮਾਉਣ ਪਰ ਮਾਨਸਿਕ ਰੂਪ ਵਿੱਚ ਉਥੋਂ ਦੀ ਜ਼ਿੰਦਗੀ ਨੂੰ ਸਵੀਕਾਰ ਨਾ ਕਰਨ ਦੇ ਸੰਦਰਭ ਸ਼ਾਮਲ ਹਨ। ਇਹ ਨਾਵਲ ਪਰਦੇਸ ਨੂੰ ਆਪਣਾ ਦੇਸ਼ ਬਣਾਉਣ ਦੀਆਂ ਔਖਿਆਈਆਂ ਵਿਚੋਂ ਤਨ ਅਤੇ ਮਨ 'ਤੇ ਹੰਢਾਏ ਤਜਰਬਿਆਂ ਵਿਚੋਂ ਉੱਭਰਦੀਆਂ ਦਿਲਚਸਪ ਕਹਾਣੀਆਂ ਦਾ ਬਿਰਤਾਂਤ ਹੈ ।ਦੇਸ਼ੋਂ ਪਰਦੇਸੀ ਹੋਣ ਵਾਲੇ ਪਾਤਰ ਇੰਗਲੈਂਡ ਵਿਚ ਆਪਣੀਆਂ ਜੜਾਂ ਲਾਉਂਦੇ ਲਾਉਂਦੇ ਬਹੁਤ ਕੁਝ ਪਾਉਂਦੇ ਤੇ ਗਵਾਉਂਦੇ ਹਨ ਤੇ ਜਸਵਿੰਦਰ ਰੱਤੀਆਂ ਬੜੇ ਮਨਮੋਹਕ ਢੰਗ ਨਾਲ ਪਾਠਕਾਂ ਨੂੰ ਪਾਤਰਾਂ ਦੀ ਕਹਾਣੀ ਦੇ ਵਹਿਣ ਸੰਗ ਤੋਰਦਾ ਹੈ। ਅਜੋਕੇ ਨਾਵਲ ਸਿਰਜਣਾ ਢੰਗਾਂ ਦੇ ਨਵੇਕਲੇ ਤਜਰਬੇ ਇਸ ਨਾਵਲ ਦੀ ਸਿਰਜਣਾ ਵਿੱਚ ਵੀ ਨਜ਼ਰੀਂ ਪੈਂਦੇ ਹਨ। ਨਾਵਲਕਾਰ ਨੇ ਨਾਵਲ ਦੋ ਭਾਗਾਂ ਵਿੱਚ ਲਿਖਿਆ ਹੈ।ਪਹਿਲਾ ਭਾਗ ਪ੍ਰਧਾਨ ਕਥਾਨਕ ਬਣ ਉਭਰਦਾ ਹੈ ਜਿਸ ਨਾਲ਼ ਜੁੜ ਉਪ ਕਥਾਨਕ ਗਾਲਪਨਿਕ ਸੰਸਾਰ ਦੀ ਰਚਨਾ ਕਰਦੇ ਹਨ। ਇਸ ਪ੍ਰਧਾਨ ਕਥਾਨਕ ਦੇ ਮੋਟਿਫ਼ ਦੂਜੇ ਭਾਗ ਦੇ ਉਪ ਕਥਾਨਕ ਨਾਲ਼ ਉਭਰਦੇ ਹਨ। – ਡਾ. ਸੰਦੀਪ ਰਾਣਾ

ਕੂੰਜਾਂ (ਨਾਵਲ)
ਜਸਵਿੰਦਰ ਰੱਤੀਆਂ

ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ, ਲੁਧਿਆਣਾ
ਮੁੱਲ : 495, ਪੰਨੇ : 376

Year: 19 issue:74 ISSN: 2321-4445
'Kahani Dhara' (Punjabi Quarterly) July. to Sep.,2024, R.N.I.Regd. No. PUN2006/19971

ਚਾਨਣ ਦੀ ਲੀਕ (1992), ਕੁਵੇਲੇ ਤੁਰਿਆ ਪਾਂਧੀ (2013), ਮੈਂ, ਸ਼ੈਤਾਨ ਤੇ ਇੰਦੂਮਣੀ (1997),ਤੀਜਾ ਨੇਤਰ (2005), ਮਰਨ ਰੁੱਤ (2010), ਕੁੰਭੀ ਨਰਕ (2017) ਤੋਂ ਬਾਅਦ ਭਗਵੰਤ ਰਸੂਲਪੁਰੀ ਦਾ ਛੇਵਾਂ ਨਵਾਂ ਕਹਾਣੀ ਸੰਗ੍ਰਹਿ...




'ਡਲਿਵਰੀ ਮੈਨ' ਵਿਚਲੀਆਂ ਇਨ੍ਹਾਂ ਅੱਠ ਕਹਾਣੀਆਂ ਦੇ ਪਾਤਰਾਂ, ਘਟਨਾਵਾਂ ਅਤੇ ਚਿਹਨਾਂ ਦਾ ਆਪਣਾ ਇਕ ਸੁਤੰਤਰ ਅਸਤਿੱਤਵ ਏ। ਸਮਾਜ ਵਿੱਚ ਥਾਂ-ਥਾਂ ਵਿਚਰਦੇ ਇਨ੍ਹਾਂ ਦੁਰਲੱਭ ਪਾਤਰਾਂ ਨੂੰ ਚੁੱਕ ਕੇ ਜਦੋਂ ਮੈਂ ਆਪਣੇ ਲਿਖਣ ਕਮਰੇ ਵਿੱਚ ਲੈ ਗਿਆ... ਮੇਰੀ ਸਮਾਜਿਕ ਸੂਝ, ਕਲਪਨਾ ਸ਼ਕਤੀ ਨਾਲ ਇਹ ਜਦੋਂ ਆਪੇ ਹੀ ਉਸਰਨ ਲੱਗੇ ਤਾਂ ਇਨ੍ਹਾਂ ਦੇ ਕਹਾਣੀ ਵਿਚਲੇ ਰੂਪ ਨੂੰ ਵੇਖ ਕੇ ਮੈਂ ਵੀ ਹੈਰਾਨ ਰਹਿ ਗਿਆ। ਇਹ ਪਾਤਰ ਕੋਰੀ ਕਲਪਨਾ ਨਹੀਂ ਬਲਕਿ ਸਮਾਜ ਦਾ ਕਰੂਰ ਯਥਾਰਥ ਏ। ਮੇਰੇ ਅੰਦਰ ਬੈਠੇ ਕਹਾਣੀਕਾਰ ਨੇ ਉਸ ਕਰੂਰ ਯਥਾਰਥ ਦੀ ਵਿੰਗੀ, ਉਲਝੀ ਮਾਨਸਿਕਤਾ ਵਾਲੀ ਜਟਿਲਤਾ ਨੂੰ 'ਆਰਟੀਫ਼ੀਸ਼ੀਅਲ ਇੰਟੈਲੀਜੈਂਸ' ਯੁੱਗ ਦੀਆਂ ਕਥਾ-ਜੁਗਤਾਂ ਨਾਲ ਪੇਸ਼ ਕੀਤਾ ਏ। ਹੱਡ-ਮਾਸ ਦੇ ਊਰਜਾ ਭਰਪੂਰ ਪਾਤਰ ਮੈਂ ਸਮਾਜ ਵਿੱਚੋਂ ਹੀ ਲਏ ਨੇ। ਆਪਣੀ ਸ਼ੈਲੀ, ਚਿਹਨ ਸੰਸਾਰ ਅਤੇ ਕਥਾ-ਜੁਗਤਾਂ ਨਾਲ ਮੈਂ ਕੇਵਲ ਨੈਰੇਟਿਵ ਦੀ ਸਿਰਜਣਾ ਕੀਤੀ ਏ। ਇਹ ਕਹਾਣੀਆਂ ਅੰਤਰਮੁੱਖੀ ਨੇ ਜਿਹੜੀਆਂ ਪਾਤਰਾਂ ਦੇ ਮਨ ਵਿੱਚ ਫੈਲਦੀਆਂ ਨੇ।

-ਭਗਵੰਤ ਰਸੂਲਪੁਰੀ

Page:192; ₹:295

Published by
White Crow Publishers
Ranjitgarh Bandra, Mansa - 151506
Contact : 97809-09077
WWW.WHITECROWPUBLISHERS.COM

ਕੁਲਵਿੰਦਰ ਸਿੰਘ ਕਿੰਦ ਨਾਹਲ ਨੂੰ 97809-09077 ਤੇ Google Pay ਕਰਕੇ ਆਪਣਾ ਐਡਰਸ ਭੇਜੋ, ਤਿੰਨ ਦਿਨ੍ਹਾਂ 'ਚ ਕਿਤਾਬ ਤੁਹਾਡੇ ਘਰ ਪੁੱਜ ਜਾਵੇਗੀ।